੧ਓ ਸਤਿਗੁਰ ਪ੍ਰਸਾਦਿ ॥

ਪੁਰਾਤਨ

ਜਨਮ ਸਾਖੀ
ਸ੍ਰੀ ਗੁਰੂ ਨਾਨਕ ਦੇਵ ਜੀ

ਰਚਿਤ:

ਅਮਰ ਸ਼ਹੀਦ ਭਾਈ ਮਨੀ ਸਿੰਘ ਜੀ

ਭਾ: ਚਤਰ ਸਿੰਘ ਜੀਵਨ ਸਿੰਘ

ਅੰਮ੍ਰਿਤਸਰ।

ISBN : 81-7601-195-9

ਤੀਜੀ ਵਾਰ 1999

ਚੌਥੀ ਵਾਰ ਜੁਲਾਈ 2013

ਭੇਟਾ : 400-00

ਪ੍ਰਕਾਸ਼ਕ :-

ਭਾ: ਚਤਰ ਸਿੰਘ ਜੀਵਨ ਸਿੰਘ

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ (ਇੰਡੀਆ)।

ਫੋਨ : (0183) 2542346, 2547974, ਫੈਕਸ : 5017488

E-mail : csjssales@hotmail.com

: csjspurchase@yahoo.com

Visit our Website : www.csjs.com

(Printed in India)

ਪ੍ਰਿੰਟਰ : ਜੀਵਨ ਪ੍ਰਿੰਟਰਜ਼, ਅੰਮ੍ਰਿਤਸਰ। ਫੋਨ : 2705003, 5095774

ੴ ਸਤਿਗੁਰ ਪ੍ਰਸਾਦਿ ॥

ਪੁਰਾਤਨ

ਜਨਮ ਸਾਖੀ

ਸ੍ਰੀ ਗੁਰੂ ਨਾਨਕ ਦੇਵ ਜੀ

ਰਚਿਤ : ਅਮਰ ਸ਼ਹੀਦ ਭਾਈ ਮਨੀ ਸਿੰਘ ਜੀ

ਇਸ ਵਿਚ ਭਾਈ ਗੁਰਦਾਸ ਜੀ ਦੀਆਂ ਵਾਰਾਂ ਅਰਥਾਤ ਗਿਆਨ ਰਤਨਾਵਲੀ,
ਸਾਖੀ ਆਸਾ ਜੀ ਦੀ ਵਾਰ, ਸਿਧ ਗੋਸਟ, ਜਪੁ ਜੀ ਗੋਸਟ, ਕਰਨੀ ਨਾਮਾ,
ਹਾਜਰ ਨਾਮਾ, ਨਸੀਹਤ ਨਾਮਾ ਆਦਿ ਨਾਲ ਸਬੰਧਤ ਸਾਖੀਆਂ
ਦਰਜ ਕੀਤੀਆਂ ਗਈਆਂ ਹਨ ਜੋ ਕਿ ਪਹਿਲਾਂ ਕਿਸੇ
ਵੀ ਜਨਮ ਸਾਖੀ ਵਿਚ ਪ੍ਰਾਪਤ ਨਹੀਂ ਹਨ।

ਸੰਪਾਦਕ :

ਭਾਈ ਗੁਰਪ੍ਰਤਾਪ ਸਿੰਘ ਜੀ


ਪਿੰਡ ਘੁੰਮਣ ਕਲਾਂ (ਗੁਰਦਾਸਪੁਰ)

ਪ੍ਰਕਾਸ਼ਕ :

ਭਾ: ਚਤਰ ਸਿੰਘ ਜੀਵਨ ਸਿੰਘ

ਅੰਮ੍ਰਿਤਸਰ

ਧੰਨਵਾਦ



ਸੰਤ ਬਾਬਾ ਹਜ਼ਾਰਾ ਸਿੰਘ ਜੀ ਪੂਰਨ ਬ੍ਰਹਮ ਗਿਆਨੀ

ਨਿੱਕੇ ਘੁੰਮਣਾ ਵਾਲੇ, ਜ਼ਿਲਾ ਗੁਰਦਾਸਪੁਰ ।

ਜਿੰਨਾ ਪਾਸੋਂ ਇਹ ਪੁਰਾਤਨ ਜਨਮ ਸਾਖੀ (ਭਾਈ ਮਨੀ ਸਿੰਘ ਜੀ ਵਾਲੀ)
ਜੋ ਪਹਿਲੀ ਵਾਰ ਸੰਮਤ ਨਾਨਕਸ਼ਾਹੀ ੪੧੮ ਬਿਕ੍ਰਮੀ ਸੰਮਤ ੧੯੪੪
ਨੂੰ ਪੱਥਰ ਛਾਪੇ ਵਿਚ ਛਪੀ ਸੀ, ਨੂੰ ਬਾਬਾ ਜੀ ਦੀ ਮਿਹਰ
ਸਦਕਾ ਭਾਈ ਗੁਰਪ੍ਰਤਾਪ ਸਿੰਘ (ਥਾਨੇਦਾਰ) ਨੇ ਸੰਮਤ
੨੦੫੦ ਸੰਨ ਈ: ਜੁਲਾਈ ੧੯੯੩ ਨੂੰ ਸੰਗਤਾਂ
ਦੇ ਲਾਭ ਹਿਤ ਦੁਬਾਰਾ ਲਿਖ ਕੇ ਪ੍ਰਕਾਸ਼ਿਤ
ਕਰਵਾਨ ਵਿਚ ਸਹਾਇਤਾ ਦਿੱਤੀ ।

-ਪ੍ਰਕਾਸ਼ਕ

ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ

--ਦਾ--

ਤਤਕਰਾ

ਗੁਰੂ ਦੀ ਕਲਾ

ਸੰਤਰੇਣ ਗਿ: ਸੁਖਬੀਰ ਸਿੰਘ

ਸੰਤਰੇਣ ਜੀ ਨੇ ਆਪਣੀ ਪਹਿਲੀ ਪੁਸਤਕ ਕੁਦਰਤ ਦੀ ਕਲਾ (ਦੋ ਭਾਗ) ਵਿਚ ਇਹ ਦਰਸਾਇਆ ਸੀ ਕਿ ਇਹ ਵਿਗੁਣ ਕੁਦਰਤ ਦੀ ਕਲਾ ਹੀ ਹੈ। ਪਰ ਇਸ ਪੁਸਤਕ ਵਿਚ ਉਹ ਹੋਰ ਅੱਗੇ ਵਧ ਗਏ ਹਨ ਕਿ ਕੁਦਰਤ ਦੇ ਇਸ ਪਸਾਰੇ ਨੂੰ ਵੀ ਕੋਈ ਚਲਾ ਰਿਹਾ ਹੈ ਅਤੇ ਉਹ ਹੈ ਗੁਰੂ। ਗੁਰੂ ਦੀ ਕਲਾ ਬਾਰੇ ਅਨੇਕਾਂ ਪ੍ਰਮਾਣ ਦੇ ਕੇ ਇਹ ਸਿੱਧ ਕੀਤਾ ਗਿਆ ਹੈ ਕਿ ਜੋ ਕੁਝ ਵੀ ਹੋ ਰਿਹਾ ਹੈ ਗੁਰੂ ਦੀ ਕਲਾ ਅਨੁਸਾਰ ਹੀ ਹੋ ਰਿਹਾ ਹੈ। ਗੁਰੂ ਦੇ ਨਿਰਗੁਣ ਅਤੇ ਸਰਗੁਣ ਸਰੂਪ ਨੂੰ ਸਮਝਣ ਲਈ ਇਹ ਇਕ ਅਲੌਕਿਕ ਰਚਨਾ ਹੈ। **85-00**

ਕੁਦਰਤ ਦੀ ਕਲਾ (ਦੋ ਭਾਗ)

ਸੰਤਰੇਣ ਗਿ: ਸੁਖਬੀਰ ਸਿੰਘ

ਸਾਡਾ ਵਿਸ਼ਵ ਕੁਦਰਤ ਦੀ ਕਲਾ ਦਾ ਹੀ ਇਕ ਸੁੰਦਰ ਨਮੂਨਾ ਹੈ। ਇਸ ਸੰਸਾਰ ਵਿਚ ਜੋ ਵਾਪਰਿਆ ਹੈ ਜਾਂ ਵਾਪਰੇਗਾ ਉਹ ਕੁਦਰਤ ਦੇ ਰਹੱਸਮਈ ਸਿਧਾਂਤਾਂ ਅਨੁਸਾਰ ਹੀ ਹੋ ਰਿਹਾ ਹੈ। ਇਸ ਪੁਸਤਕ ਦੇ ਲੇਖਕ ਨੇ ਰੌਚਕ ਸਾਖੀਆਂ ਅਤੇ ਪ੍ਰਮਾਣਾਂ ਨਾਲ ਕੁਦਰਤ ਦੀ ਇਸ ਕਲਾ ਨੂੰ ਦੋ ਭਾਗਾਂ ਵਿਚ ਉਜਾਗਰ ਕਰਨ ਦਾ ਯਤਨ ਕੀਤਾ ਹੈ। **135-00**

ਗੋਸਾਈਂ ਦਾ ਪਹਿਲਵਾਨੜਾ

ਡਾ: ਗਿਆਨੀ ਭਜਨ ਸਿੰਘ

ਇਹ ਇਕ ਇਤਿਹਾਸਿਕ ਨਾਵਲ ਹੈ। ਜਿਸ ਵਿਚ ਸੱਚੀ ਕਹਾਣੀ ਬਿਆਨ ਕੀਤੀ ਗਈ ਹੈ ਕਿ ਜਿਸ ਤਰ੍ਹਾਂ ਸਿੰਘ ਸੂਰਮੇ ਆਪਣੀ ਜਾਨ ਦੀ ਪ੍ਰਵਾਹ ਨਾ ਕਰਦੇ ਹੋਏ ਵੀ ਨਵਾਬ ਵਜ਼ੀਰ ਖਾਂ ਨੂੰ ਮਾਰਨ ਲਈ ਉਸ ਦੇ ਮਹੱਲਾਂ ਤਕ ਪੁੱਜ ਜਾਂਦੇ ਹਨ। ਬੇਸ਼ਕ ਉਹ ਉਸ ਨੂੰ ਮਾਰਨ ਵਿਚ ਸਫਲ ਨਹੀਂ ਹੁੰਦੇ ਪਰ ਉਸਦੇ ਮਹੱਲਾਂ ਵਿਚ ਪੁੱਜ ਕੇ ਉਹ ਅਜਿਹੇ ਦਲੇਰਾਨਾ ਕਰਤਬ ਕਰਦੇ ਹਨ, ਜਿਨ੍ਹਾਂ ਨੂੰ ਸੁਣ ਕੇ ਹੀ ਰੌਂਗਟੇ ਖੜੇ ਹੋ ਜਾਂਦੇ ਹਨ। **90-00**

ਪੁਰਾਤਨ ਸਾਖੀ ਪ੍ਰਮਾਣ

ਗਿ: ਆਤਮਾ ਸਿੰਘ

ਇਸ ਵਿਚ ਗੁਰੂ ਸਾਹਿਬਾਂ ਦੀਆਂ ਅਤੇ ਭਗਤਾਂ ਦੀਆਂ ੧੩੮ ਸਾਖੀਆਂ ਦਰਜ ਹਨ। ਗੁਰਬਾਣੀ ਦੀਆਂ ਤੁੱਕਾਂ ਦੇ ਆਧਾਰ 'ਤੇ ਸਾਖੀਆਂ ਲਿਖੀਆਂ ਗਈਆਂ ਹਨ। ਇਹ ਪੁਸਤਕ ਵਿਦਵਾਨਾਂ ਲਈ ਵਿਦਵਤਾ ਭਰਪੂਰ ਹੈ। ਰਾਜਿਆਂ ਮਹਾਰਾਜਿਆਂ ਦੀਆਂ ਕਥਾਵਾਂ ਵੀ ਦਰਜ ਹਨ। ਇਸ ਨੂੰ ਪੜ੍ਹਨ ਨਾਲ ਆਤਮਿਕ ਗਿਆਨ ਦੀ ਸੋਝੀ ਹੁੰਦੀ ਹੈ। **200-00**

ਤੇਰੀ ਓਟ ਪੂਰਨ ਗੋਪਾਲਾ

ਗੁਰਦਰਸ਼ਨ ਸਿੰਘ ਸੋਢੀ

ਗੁਰਬਾਣੀ ਇਕ ਅਥਾਹ ਸਮੁੰਦਰ ਹੈ। ਇਸ ਪੁਸਤਕ ਵਿਚ, ਗੁਰਬਾਣੀ ਵਿਚੋਂ ਅਮੋਲਕ ਰਤਨ ਲੱਭ ਕੇ ਉਨ੍ਹਾਂ ਦੀ ਵਿਸਥਾਰ ਪੂਰਵਕ ਵਿਆਖਿਆ ਦਿੱਤੀ ਹੈ। ਲੇਖਕ ਵਲੋਂ ਗੁਰਮਤਿ ਫਲਾਸਫੀ ਬਾਰੇ ਜੋ ਕੁਝ ਵੀ ਲਿਖਿਆ ਗਿਆ ਹੈ ਉਸ ਨੂੰ ਗੁਰਬਾਣੀ ਦੀਆਂ ਤੁਕਾਂ ਲੈ ਕੇ ਪ੍ਰਮਾਣਿਤ ਕੀਤਾ ਗਿਆ ਹੈ। **80-00**

ਈਸ਼ਰ ਸੰਗੀਤ ਸਾਗਰ

ਉਸਤਾਦ ਸ਼ਾਮ ਸਿੰਘ

ਗੁਰੂ ਸਾਹਿਬ ਦੀ ਸਾਰੀ ਬਾਣੀ ਪੱਕੇ ਰਾਗਾਂ ਵਿਚ ਉਜਾਗਰ ਕੀਤੀ ਗਈ ਹੈ। ਇਨ੍ਹਾਂ ਰਾਗਾਂ ਦੇ ਨਾਲ ਸ਼ਬਦ 'ਘਰ' ਵੀ ਆਉਂਦਾ ਹੈ ਜਿਸ ਨੂੰ ਬਹੁਤ ਘੱਟ ਰਾਗੀ ਸਮਝਦੇ ਹਨ। ਉਸਤਾਦ ਜੀ ਨੇ ਇਨ੍ਹਾਂ 'ਘਰਾਂ' ਬਾਰੇ ਬੜੀ ਡੂੰਘੀ ਖੋਜ ਕੀਤੀ ਹੈ ਅਤੇ ਇਹ ਸਿੱਧ ਕੀਤਾ ਹੈ ਕਿ ਘਰ ਜੋੜੀ ਦੇ ਤਾਲ ਨੂੰ ਹੀ ਕਹਿੰਦੇ ਹਨ। ਇਸ ਪੁਸਤਕ ਵਿਚ ਸਾਰੇ ਰਾਗਾਂ ਨੂੰ ਰਾਗੁ ਵਿਧੀ ਅਨੁਸਾਰ ਗਾਇਨ ਕਰਨ ਦਾ ਢੰਗ ਦੱਸਿਆ ਗਿਆ ਹੈ। ਉਸਤਾਦ ਜੀ ਪਾਸੋਂ ਜਿਹੜੇ ਨਾਨਕਸਰ ਵਿਖੇ ਮੁੱਖ ਰਾਗੀ ਰਹੇ ਹਨ, ਸੈਂਕੜੇ ਵਿਅਕਤੀ ਰਾਗੁ ਵਿਦਿਆ ਸਿਖ ਕੇ ਅੱਜ ਪ੍ਰਮੁੱਖ ਰਾਗੀ ਬਣ ਗਏ ਹਨ। **125-00**

ਸਿੱਖ ਮੱਤ ਦਰਸ਼ਨ

ਸਿੰਘ ਸਾਹਿਬ ਗਿ: ਕਿਰਪਾਲ ਸਿੰਘ ਜੀ

ਸਿੰਘ ਸਾਹਿਬ ਦੀ ਆਪਣੀ ਸਾਰੀ ਜ਼ਿੰਦਗੀ ਸਿੱਖ ਫਲਸਫੇ ਅਤੇ ਗੁਰਬਾਣੀ ਅਧਿਐਨ ਨਾਲ ਹੀ ਜੁੜੀ ਰਹੀ ਹੈ। ਇਸ ਪੁਸਤਕ ਵਿਚ ਸਿੱਖ ਮੱਤ ਸਬੰਧਤ ਭਿੰਨ-ਭਿੰਨ ਪਹਿਲੂਆਂ ਬਾਰੇ ਦਰਸ਼ਨ ਕਰਵਾਏ ਹਨ। ਇਸ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਮੌਜੂਦ ਸ਼ਸਤਰਾਂ ਨਾਲ ਜਾਣ-ਪਹਿਚਾਣ ਕਰਵਾਈ ਹੈ। **80-00**

ਦ੍ਰਿਸ਼ਟਾਂਤ ਸਾਗਰ ਅਥਵਾ ਸਾਖੀ ਪ੍ਰਮਾਣ

ਭਗਤ ਰਾਮ ਦਿੱਤਾ ਜੀ

ਇਸ ਪੁਸਤਕ ਵਿਚ ਭਗਤ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਚੋਣਵੇਂ ਸ਼ਬਦ ਲੈ ਕੇ ਉਨ੍ਹਾਂ ਦੀ ਵਿਆਖਿਆ, ੧੧੦ ਸਾਖੀਆਂ ਸਮੇਤ ਕੀਤੀ ਹੈ। **80-00**

ਗੁਰ ਕਿਰਪਾ ਤੇ ਬੁਝੀਏ

(ਡਾ: ਗੁਰਚਰਨ ਸਿੰਘ ਸੇਕ ਪੀ.ਐਚ.ਡੀ.)

ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕੁਝ ਅਜਿਹੇ ਸ਼ਬਦ ਵੀ ਆਉਂਦੇ ਹਨ ਜਿਹੜੇ ਕਿ ਡੂੰਘੇ ਗੁਹਜ ਭਾਵ ਨਾਲ ਭਰਪੂਰ ਹੁੰਦੇ ਹਨ ਅਤੇ ਉਹਨਾਂ ਵਿਚਲੇ ਰਹੱਸ ਨੂੰ ਸਮਝਣਾ ਆਸਾਨ ਨਹੀਂ ਹੁੰਦਾ। ਲੇਖਕ ਨੇ ਕੁਝ ਅਜਿਹੇ ਸ਼ਬਦ ਲੈ ਕੇ ਉਨ੍ਹਾਂ ਦੇ ਗੁਹਜ ਭਾਵ ਨੂੰ ਖੋਲ੍ਹ ਕੇ ਸਮਝਾਇਆ ਹੈ। **80-00**

ਤੁਕ ਤਤਕਰਾ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਇਹ ਤਤਕਰਾ ਅਕਾਲੀ ਕੌਰ ਸਿੰਘ ਦੀ ਵਿਉਂਤ ਅਨੁਸਾਰ ਤਿਆਰ ਕੀਤਾ ਗਿਆ ਹੈ, ਇਸ ਵਿਚ ਅਨੇਕਾਂ ਵਾਧੇ ਕੀਤੇ ਗਏ ਹਨ। ਅੱਖਰ ਕ੍ਰਮ ਅੰਕ ਸੂਚੀ ਅਨੁਸਾਰ ਲਿਖ ਕੇ ਉਸ ਦਾ ਪੰਨਾ ਅਤੇ ਲਾਈਨ ਵੀ ਦਿੱਤੀ ਗਈ ਹੈ। ਗੁਰਬਾਣੀ ਪ੍ਰੇਮੀਆਂ ਲਈ ਇਕ ਅਮੋਲਕ ਸੁਗਾਤ ਹੈ। ਕਮਪਿਊਟਰ ਕੰਪੋਜ਼ਿੰਗ ਅਤੇ ਸੁੰਦਰ ਕਾਗਜ਼ ਵਾਲੀ ਡੀਲਕਸ ਜਿਲਦ। **400-00**

ਸ੍ਰੀ ਗੁਰਮਤ ਸਾਖੀ ਪ੍ਰਮਾਣ

ਗਿ: ਜੋਧ ਸਿੰਘ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੀਆਂ ਅਲੱਗ ਅਲੱਗ ਤੁਕਾਂ ਲੈ ਕੇ ਉਨ੍ਹਾਂ ਦੇ ਅਰਥ ਤੇ ਨਾਲ ਕਥਾ ਕਰਨ ਲਈ ਸਾਖੀਆਂ ਦਿੱਤੀਆਂ ਹਨ। **300-00**

ਮੇਰਾ ਮੁਝ ਮੇਂ ਕੁਝ ਨਹੀਂ

ਓਸ਼ੋ

ਅਚਾਰੀਆ ਰਜਨੀਸ਼ ਜਿਹੜੇ ਬਾਅਦ ਵਿਚ ਓਸ਼ੋ ਦੇ ਨਾਂ ਨਾਲ ਪ੍ਰਸਿੱਧ ਹੋਏ, ਅਧਿਆਤਮਕ ਗਿਆਨ ਦੇ ਭੰਡਾਰ ਸਨ। ਇਸ ਪੁਸਤਕ ਵਿਚ ਉਨ੍ਹਾਂ ਪ੍ਰਮਾਣ ਦੇ ਕੇ ਸ੍ਰੀ ਕਬੀਰ ਜੀ ਦੇ ਸਲੋਕਾਂ 'ਤੇ ਆਪਣੇ ਵਿਚਾਰ ਪ੍ਰਗਟ ਕੀਤੇ ਹਨ। **130-00**



ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ
ਗੁਰਪ੍ਰਸਾਦਿ ॥

ਨਾਮ ਸਭ ਦੇਵਾਂ ਦਾ ਦੇਵ ਹੈ॥ ਕੋਈ ਦੇਵੀ ਨੂੰ ਮਨਾਂਵਦਾ ਹੈ ॥ ਕੋਈ ਸਿਵ ਨੂੰ ਕੋਈ ਗਣੇਸ਼ ਨੂੰ ਕੋਈ ਹੋਰ ਦੇਵਤਿਆਂ ਨੂੰ ॥ ਗੁਰੂ ਕੇ ਸਿਖ ਸਤਿਨਾਮ ਨੂੰ ਅਰਾਧਤੇ ਹੈਂ ਜਿਸ ਕਰਕੇ ਸਭ ਵਿਘਨ ਨਾਸ ਹੋਂਦੇ ਹਨ ॥ ਭਾਂਤੇ ਸਤਿਨਾਮ ਕਾ ਮੰਗਲਚਾਰ ਆਦ ਰਖਾ ਗਿਆ ਹੈ ॥

ਇਕ ਸਮੈਂ ਭਾਈ ਮਨੀ ਸਿੰਘ ਥੀਂ ਸਿਖਾਂ ਪ੍ਰਸਨ ਕੀਤਾ ਕਿ ਗੋਸਟ ਜਨਮ ਸਾਖੀ ਪਹਿਲੀ ਪਾਤਸਾਹੀ ਦੀ ਅਰ ਉਸ ਦੇ ਵਿਚ ਛੋਟੇ ਮੇਲਿ ਵਾਲਿਆਂ ਨੇ ਕਈ ਜੁਗਤਾਂ ਅਣ ਬਨਦੀਆਂ ਪਾਇ ਦਿਤੀਆਂ ਹੈਂਨ ਜਿਸਨੋ ਸੁਣ ਕੇ ਸਿਖ ਦਾ ਸਿਦਕ ਗੁਰੂ ਵਲੋਂ ਘਟ ਜਾਂਦਾ ਹੈ ॥ ਜੈਸੇ ਦੂਧ ਮੇਂ ਪਾਨੀ ਰਲਾਇ ਦਿਚੇ ॥ ਤੇ ਹੰਸ ਓਸ ਨੂੰ ਭਿੰਨ ਭਿੰਨ ਕਰ ਲੈਂਦਾ ਹੈ ॥ ਤੈਸੇ ਤੁਸੀ ਮਹਾਂ ਹੰਸ ਹੋ ਕ੍ਰਿਪਾ ਕਰ ਕੇ ਗੁਰੂ ਕੇ ਬਚਨ ਤੇ ਮੀਣਿਆਂ ਕੇ ਬਚਨ ਭਿੰਨ ਭਿੰਨ ਕਰ ਦੇਵੋ ॥ ਤਾਂ ਭਾਈ ਮਨੀ ਸਿੰਘ ਜੀ ਬਚਨ ਕੀਤਾ ਕਿ ਜਿਸ ਸਮੇਂ ਪੰਜਵੇਂ ਪਾਤਸਾਹ ਸ੍ਰੀ ਗ੍ਰੰਥ ਸਾਹਿਬ ਜੀ ਦੀ ਮ੍ਰਿਜਾਦਾ ਕੀਤੀ ਹੈ ਤਿਸ ਸਮੇ ਸਿਖਾਂ ਅਰਦਾਸ ਕੀਤੀ ਜੋ ਗੋਸਟਾਂ ਦੀ ਮ੍ਰਿਜਾਦਾ ਕੋਈ ਹੋਈ ਨਹੀਂ ਮਤਿ ਪੰਜਾਂ ਮੇਲਾਂ ਵਾਲੇ ਜਨਮ ਸਾਖੀ ਵਿਚ ਅਜੁਗਤਾਂ ਪਾਇਕੇ ਸਿਖਾਂ ਨੂੰ ਭਰਮਾਇ ਦੇਂਦੇ ਹੋਵਨ ਤਾਂ ਭਾਈ ਗੁਰਦਾਸ ਜੀ ਨੂੰ ਬਚਨ ਹੋਇਆ ਕਿ ਤੁਸਾਂ ਜਨਮ ਸਾਖੀ ਦੀ ਇਕ ਵਾਰ ਕਰਨੀ ਜੋ ਗੁਰੂ ਦੇ ਸਿਖ ਉਸ ਵਾਰ ਦੇ ਅਨੁਸਾਰੀ ਸਾਖੀ ਨੂੰ ਪੜਨ ਸੁਣਨਗੇ ਤਾਹੀਂ ਤੇ ਭਾਈ ਗੁਰਦਾਸ ਜੀ ਦੀ ਜੋ ਵਾਰ ਹੈ ।

ਗਿਆਨ ਰਤਨਾਵਲੀ ਸੋਈ ਜਨਮ ਸਾਖੀ ਹੈ ॥ ਫੇਰ ਸਿਖਾਂ ਕਹਿਆ ਓਹ ਤਾਂ ਸਾਖੀ ਸੂਚਨਾ ਕੀਤੀ ਹੋਈ ਹੈ ਤੁਸੀਂ ਕਿਰਪਾ ਕਰਕੇ ਉਸਦੀ ਟੀਕਾ ਵਿਸਥਾਰ ਨਾਲ ਕਰ ਦੇਵੋ ਜੋ ਸਿਖਾਂ ਨੂੰ ਸੁਣ ਕੇ ਸਰਧਾ ਉਪਜੇ ਤਾਂ ਭਾਈ ਮਨੀ ਸਿੰਘ ਕਹਿਆ ਜੈਸੇ ਚੀਟੀ ਸੇ ਹਸਤੀ ਕਾ ਭਾਰ ਉਠਾਇਆ ਨਹੀਂ ਜਾਤਾ ਅਰ ਤਲਾਉ ਕੇ ਕਛੂ ਸੇ ਮੰਦ੍ਰਾਚਲ ਪਰਬਤ ਚੁਕਿਆ ਨਹੀਂ ਜਾਂਦਾ ਤੈਸੇ ਮੁਝ ਸੇ ਸ੍ਰੀ ਬਾਬੇ ਜੀ ਦੀ ਗੋਸਟ ਦੀ ਟੀਕਾ ਕੀਤੀ ਨਹੀਂ ਜਾਂਦੀ ॥ ਪਰ ਜੈਸੇ ਤਾਰੂ ਪੁਰਖ ਨਦੀ ਦੇ ਬੀਚ ਕਾਂਨੇ ਟੰਗ ਜਾਤੇ ਹੈਂ ਤਾਂ ਉਸ ਰਾਹੁ ਅਣ ਜਾਨੂ ਭੀ ਪਾਰ ਲੰਘ ਜਾਤੇ ਹੈਨ ॥ ਤੈਸੇ ਮੈਂ ਭਾਈ ਗੁਰਦਾਸ ਜੀ ਦੀ ਵਾਰ ਕੋ ਮੁਖ ਰਖ ਕੇ ਉਸ ਦੇ ਅਨੁਸਾਰ ਅਤੇ ਜੋ ਦਸਵੀਂ ਪਾਤਸਾਹੀ ਦੇ ਦਰਬਾਰ ਥੀਂ ਸਾਖੀਆਂ ਸੁਣੀਆਂ ਹੈਨ ਉਨਾਂ ਦੇ ਅਨੁਸਾਰ ਜੋ ਕੁਛ ਮੇਰੀ ਤੁਛ ਬੁਧ ਮੈਂ ਆਵੰਦਾ ਹੈ ਸੋ ਮੈਂ ਤੁਹਾਡੇ ਅਗੇ ਟੀਕਾ ਕਰ ਸੁਣਾਂਵਦਾ ਹਾਂ ॥

ਪਹਿਲੀ ਪਉੜੀ

ਭਾਈ ਗੁਰਦਾਸ ਜੀ ਦੀ ਵਾਰ ਗਿਆਨ ਰਤਨਾਵਲੀ ਦੀ

ਨਮਸਕਾਰ ਗੁਰਦੇਵ ਕਉ ਸਤਿਨਾਮ ਜਿਸ ਮੰਤ੍ਰ ਸੁਣਾਇਆ ॥ ਭਵਜਲ ਵਿਚੋਂ ਕਢਿ ਕੈ ਮੁਕਤਿ ਪਦਾਰਥ ਮਾਹਿ ਸਮਾਇਆ ॥ ਜਨਮ ਮਰਨ ਭਉ ਕਟਿਆ ਸੰਸਾ ਰੋਗੁ ਵਿਜੋਗੁ ਮਿਟਾਇਆ ॥ ਸੰਸਾ ਇਹੁ ਸੰਸਾਰ ਹੈ ਜਨਮ ਮਰਨ ਵਿਚ ਦੁਖ ਸਬਾਇਆ ॥ ਜਮ ਡੰਡ ਸਿਰਹੁ ਨ ਉਤਰੈ ਸਾਕਤ ਦੁਰਜਨ ਜਨਮੁ ਗਵਾਇਆ ॥ ਚਰਣ ਗਹੇ ਗੁਰਦੇਵ ਕੇ ਸਤਿ ਸਬਦ ਦੇ ਮੁਕਤਿ ਕਰਾਇਆ ॥ ਭਾਇ ਭਗਤਿ ਗੁਰ ਪੁਰਬ ਕਰ ਨਾਮ ਦਾਨੁ ਇਸਨਾਨੁ ਦ੍ਰਿੜਾਇਆ ॥ ਜੇਹਾ ਬੀਉ ਤੇਹਾ ਫਲੁ ਪਾਇਆ ॥ ੧ ॥

ਭਾਈ ਜੀ ਦਾ ਬਚਨ ਹੈ ਜੋ ਨਮਸਕਾਰ ਕਰਤਾ ਹੋਂ ਸੋ ਸਤਿਗੁਰ ਕਉਂ ਕਰਤਾ ਹੋਂ ਜੋ ਸਤਿਗੁਰ ਦੇਵ ਰੂਪ ਹੈ ਦੇਵ ਕਹੀਏ ਚੈਤੰਨ ਸਰਬ ਕਾ ਅੰਤਰਜਾਮੀ ਜਿਨਾਂ ਨੇ ਕ੍ਰਿਪਾ ਕਰਕੇ ਸਤਿਨਾਮ ਕਾ ਮੰਤ੍ਰ ਸਿਖਾਂ ਕਉ ਦ੍ਰਿੜਾਇਆ ਹੈ ਤੇ ਅਗਿਆਨ ਰੂਪੀ ਭੌਜਲ ਸੇ ਸਬਦ ਰੂਪੀ ਜਹਾਜ ਪਰ ਚੜਾਇ ਕੇ ਸਿਖਾਂ ਕੋ ਅਰ ਗਿਆਨ ਰੂਪੀ ਚਪਾ ਦੇ ਕੇ ਉਧਾਰ ਕੀਤਾ ਅਤੇ ਜਨਮ ਮਰਨ ਦੇ ਜੋ ਦੁਖ ਥੇ ਅਰ ਹਰਖ ਸੋਗ ਅਗਿਆਨ ਕਰ ਆਪ ਵਿਚ ਮੰਨੀਦੇ ਸਨ ਸੋ ਸਤਿਨਾਮ ਦਾ ਮੰਤ੍ਰ ਦੇ ਕਰ ਅਰ ਨਿਤ ਪ੍ਰਤਿ ਦਾ ਨੇਮ ਕਰਾਇ ਕਰ ਅਤੇ ਅੰਤਹ ਕਰਨ ਸੁਧ ਕਰ ਕੈ ਆਤਮ ਗਿਆਨ ਦੀ ਸੋਝੀ ਪਾਇ ਦਿਤੀ ਹੈ ਜੋ ਤਾਹੀਂਤੇ ਗੁਰੂ ਕੇ ਸਿਖ ਆਪ ਨੂੰ ਅਸਥੂਲ ਸਰੀਰ ਅਤੇ ਲਿੰਗ ਸਰੀਰ

ਦਾ ਸਾਖੀ ਜਾਣਦੇ ਹਨ ਅਰ ਜੋ ਜਨਮ ਮਰਨ ਦਾ ਸੰਸਾ ਅਤੇ ਭਉ ਸੀ ਸੋ ਸਬ ਸਤਿਗੁਰ ਦੇਵ ਨੇ ਕਟ ਦਿਤਾ ਹੈ ॥ ਅਤੇ ਜੇਹੜੇ ਅਗਿਆਨੀ ਜੀਵ ਸਬਦ ਨੂੰ ਪੜ ਸੁਣ ਕੇ ਪ੍ਰਤੀਤ ਨ ਕਰਨਗੇ ਸੋਈ ਪਛਤਾਵਨਗੇ ਅਰ ਜਮ ਡੰਡ ਉਨ ਕੇ ਸਿਰਹੁ ਨਾ ਉਤਰੇਗਾ ਅਤੇ ਓਹ ਜੂਏ ਜਨਮ ਹਾਰ ਜਾਵਹਿਗੇ ਅਰ ਜੇਹੜੇ ਗੁਰਾਂ ਦੇ ਚਰਨ ਜੋ ਸਾਧ ਸੰਗਤ ਹੈ ਤਹਾਂ ਨੇਮ ਨਾਲ ਟੁਰ ਕੇ ਜਾਵਣਗੇ ਅਤੇ ਗੁਰੂ ਕੇ ਸਬਦ ਨੂੰ ਸੁਣ ਪੜਕੇ ਮਨ ਵਿਚ ਵਸਾਵਨਗੇ ਅਰ ਸੁਆਸ ਸੁਆਸ ਵਾਹਿਗੁਰੂ ਦਾ ਨਾਮ ਜਪ ਕੇ ਅਰ ਆਤਮ ਗਿਆਨ ਨੂੰ ਪ੍ਰਾਪਤ ਹੋ ਕੇ ਮੁਕਤ ਦੇ ਅਧਕਾਰੀ ਹੋਣਗੇ ਓਹ ਨਿਤਾਪ੍ਰਤ ਭਾਉ ਭਗਤ ਸਿਖਾਂ ਨਾਲ ਕਰਨਗੇ ਅਰ ਅੰਮ੍ਰਿਤ ਵੇਲੇ ਉਠ ਕਰ ਇਸਨਾਨ ਕਰਨਗੇ ਅਰ ਨਾਮ ਜਪਨਗੇ ਅਰ ਵੰਡ ਖਾਵਣਗੇ ਸੋ ਜੈਸੇ ਬੀਜ ਫਲਾਂ ਵਿਚ ਪ੍ਰਤਖ ਦ੍ਰਿਸਟ ਆਂਵਦਾ ਹੈ ਤੈਸੇ ਉਨਕੇ ਮਿਲਣੇ ਕਰ ਵਾਹਗੁਰੂ ਚਿਤ ਆਵੇਗਾ ਅਤੇ ਆਤਮ ਗਿਆਨ ਹੋਵੈਗਾ ॥ ਤਾਂ ਸਿਖਾਂ ਪ੍ਰਸ਼ਨ ਕੀਤਾ ॥ ਤੁਸਾਂ ਬਚਨ ਕੀਤਾ ਹੈ ਕਿ ਵਾਹਗੁਰੂ ਸਰਬ ਵਿਚ ਵਿਆਪਿਆ ਹੋਇਆ ਹੈ ਸੋ ਹੋਰਨਾਂ ਦੇ ਮਿਲਣ ਕਰ ਦ੍ਰਿਸਟ ਕਿਉਂ ਨਹੀਂ ਆਂਵਦਾ ਤਾਂ ਭਾਈ ਮਨੀ ਸਿੰਘ ਕਹਿਆ ਕਿ ਜੈਸੇ ਬੀਜ ਕਾਠ ਵਿਚ ਭੀ ਅਰ ਫੁਲਾਂ ਵਿਚ ਭੀ ਅਤੇ ਪਤ੍ਰਾਂ ਵਿਚ ਭੀ ਬਿਆਪਿਆ ਹੋਇਆ ਹੈ ਪਰ ਫਲਾਂ ਵਿਚੋਂ ਹੀ ਦ੍ਰਿਸਟ ਆਂਵਦਾ ਹੈ। ਤੈਸੇ ਵਾਹਗੁਰੂ ਤਾਮਸੀ ਸਾਂਤਕੀ ਰਾਜਸੀ ਸਰਬਤ੍ਰ ਵਿਚ ਹੀ ਬਿਰਾਜਿਆ ਹੂਆ ਹੈ ਪਰ ਗੁਰਮੁਖਾਂ ਵਿਚ ਪ੍ਰਤਖ ਦ੍ਰਿਸਟ ਆਂਵਦਾ ਹੈ ਅਰ ਜੈਸੇ ਸਾਰੀ ਪ੍ਰਿਥਮੀ ਮੇਂ ਜਲ ਹੈ ਪਰ ਜਿਥੇ ਖੂਹ ਕਢੀਦਾ ਹੈ ਓਥੇ ਨਿਰਾਵਰਨ ਹੋ ਕਿ ਜਲ ਸਭਸੇ ਦਾ ਕਾਰਜ ਕਰਦਾ ਹੈ ਤੈਸੇ ਜਿਨਾਂ ਦਾ ਅਗਿਆਨ ਦਾ ਅਵਰਨ ਦੂਰ ਹੋ ਗਿਆ ਹੈ ਤਿਨਾਂ ਨੂੰ ਮਿਲਕੇ ਵਾਹਗੁਰੂ ਪ੍ਰਾਪਤਿ ਹੋਂਦਾ ਹੈ ॥ ੨ ਪਉੜੀ :- ॥ ਪ੍ਰਿਥਮੇ ਸਾਸ ਨ ਮਾਸ ਸੁੰਨਿ ਅੰਧ ਧੁੰਧ ਕਛੁ ਖਬਰ ਨ ਪਾਈ ॥ ਰਕਤ ਬਿੰਦ ਕੀ ਦੇਹ ਰਚ ਪੰਚ ਤਤ ਕੀ ਜੜਤ ਜੜਾਈ ॥ ਪਉਣ ਪਾਣੀ ਬੈਸੰਤਰੋ ਚਉਥੀ ਧਰਤੀ ਸੰਗਿ ਮਿਲਾਈ ॥ ਪੰਚਮ ਵਿਚ ਆਕਾਸ ਕਰ ਕਰਤਾ ਛਠਮ ਅਦਿਸਟ ਸਮਾਈ ॥ ਪੰਚ ਤਤ ਪੰਚੀਸ ਗੁਨ ਸਤ੍ਰ ਮਿਤ੍ਰ ਮਿਲ ਦੇਹ ਬਣਾਈ ॥ ਖਾਣੀ ਬਾਣੀ ਚਲਤ ਕਰ ਆਵਾਗਉਣ ਚਲਿਤ ਦਿਖਾਈ ॥ ਚੌਰਾਸੀ ਲਖ ਜੋਨ ਉਪਾਈ ॥

(੨) ਪ੍ਰਿਥਮੇ ਮਹਾਰਾਜ ਨੇ ਚਾਹਿਆ ਜੋ ਮੈਂ ਮਾਇਆ ਦੇ ਆਸਰੇ ਕਰਕੈ ਸ੍ਰਿਸਟ ਉਤਪਤਿ ਕਰਾਂ ਤਦੋਂ ਨਾ ਸਾਸ ਨਾ ਮਾਸ ਨਾ ਸੂਰਜ ਨਾ ਚੰਦ੍ਰਮਾ ਸੀ ਅਰ ਅੰਧ ਧੁੰਧ ਸੀ ਤਾਂ ਮਹਾਰਾਜ ਨੇ ਆਪਣੀ ਕਲਾ ਕਰਕੇ ਮਾਇਆ ਸੇ ਅਹੰਕਾਰ ਉਤਪਤ ਕੀਤਾ ਸੋ ਅਹੰਕਾਰ ਤੀਨ ਰੂਪ ਭਇਆ ਸੋ ਕੌਨ ਰੂਪ ਰਾਂਜਸੀ ਤਾਂਮਸੀ ਸਾਂਕਤੀ ਰਾਜਸੀ ਅਹੰਕਾਰ

ਸੇ ਬ੍ਰਹਮਾਂ ਹੂਆ ਉਸਨੂੰ ਜਗਤ ਦੇ ਉਤਪਤ ਕਰਨੇ ਤੇ ਲਾਇਆ ॥ ਸਾਂਤਕੀ ਅਹੰਕਾਰ ਸੇ ਬਿਸਨ ਉਤਪਤ ਭਇਆ ਤਿਸ ਕੋ ਜਗਤ ਕੀ ਪਾਲਨਾ ਸਉਂਪੀ ॥ ਅਰ ਤਾਂਮਸੀ ਅਹੰਕਾਰ ਸੇ ਸਿਵ ਉਤਪਤਿ ਭਇਆ ਤਿਸ ਨੂੰ ਜਗਤ ਦੇ ਸੰਘਾਰ ਦੇ ਕਾਰਜ ਤੇ ਲਾਇਆ ॥ ਅਰ ਬ੍ਰਹਮੇ ਨੇ ਵੀਚਾਰ ਕਰਕੇ ਤੀਨ ਗੁਣਾਂ ਕੀ ਸ੍ਰਿਸਟ ਉਤਪਤ ਕੀਤੀ ਜੋ ਤਾਂਮਸੀ ਗੁਣ ਸੇ ਪੰਚ ਤਤ ਉਤਪਤ ਕੀਤੇ ਅਰ ਪੰਜਾਂ ਤਤਾਂ ਦੀ ਦੇਹ ਰਚੀ ਅਰ ਰਾਜਸੀ ਗੁਣ ਥੀ ਇੰਦ੍ਰੀਆਂ ਉਤਪਤ ਕੀਤੀਆਂ ਸੋ ਉਹਨਾਂ ਨੂੰ ਦੇਹ ਨਾਲ ਰਲਾਇਆ ॥ ਅਰ ਸਾਤਕੀ ਗੁਣ ਤੇ ਚਾਰੇ ਅੰਤਹ ਕਰਨ ਅਤੇ ਇੰਦ੍ਰਿਅਹੁ ਕੇ ਦੇਵਤੇ ਰਚੇ ਅਰ ਰਕਤ ਬੀਰਜ ਸੇ ਇਸਤ੍ਰੀ ਪੁਰਖ ਕੀ ਉਤਪਤ ਰਚੀ ॥ ਸੋ ਜੇ ਕਦੀ ਮਾਤਾ ਕੀ ਰਕਤ ਵਿਸੇਸ ਹੋਵੇ ਤਾਂ ਇਸਤ੍ਰੀ ਉਤਪਤਿ ਹੋਤੀ ਹੈ ॥ ਅਰ ਜੇ ਕਦੀ ਪਿਤਾ ਦਾ ਬੀਰਜ ਵਿਸੇਸ ਹੋਵੇ ਤਾਂ ਪੁਰਖ ਉਤਪਤਿ ਹੋਤਾ ਹੈ ॥ ਅਰ ਜੇ ਦੋਨੋਂ ਸਮਾਨ ਹੋਣ ਤਾਂ ਨਿਪੁੰਸਕ ਜਨਮਤ ਹੈ ॥ ਤਾਂ ਸਿਖਾਂ ਪ੍ਰਸਨ ਕੀਤਾ ਜੀ ਇਸਤ੍ਰੀ ਸੰਢ ਅਨਸੂਤਾ ਕਿਸ ਪ੍ਰਕਾਰ ਹੋਂਦੀ ਹੈ ਅਰ ਪੁਰਖ ਨਿਪੁੰਸਕ ਕਿਉਂ ਕਰ ਹੋਂਦਾ ਹੈ ॥ ਤਾਂ ਭਾਈ ਜੀ ਕਹਿਆ ਜੇ ਪੁਰਖ ਕਾ ਬੀਰਜ ਗਾੜਾ ਹੋਵੈ ਅਰ ਇਸਤ੍ਰੀ ਕੀ ਰਕਤ ਪਤਲੀ ਹੋਵੈ ਤਾਂ ਇਸਤ੍ਰੀ ਸੰਢ ਉਤਪਤ ਹੋਤੀ ਹੈ ਅਰ ਜੇ ਇਸਤ੍ਰੀ ਕੀ ਰਕਤ ਸੰਘਣੀ ਹੋਵੈ ਅਰ ਪੁਰਖ ਕਾ ਬੀਰਜ ਪਤਲਾ ਹੋਵੈ ਪਰ ਸਮਾਨ ਹੋਵੈ ਤਾਂ ਪੁਰਖ ਨਿਪੁੰਸਕ ਹੋਤਾ ਹੈ ॥ ਸੋ ਬ੍ਰਹਮਾਂ ਨੇ ਪਉਣ ਪਾਨੀ ਬੈਸੰਤਰ ਧਰਤੀ ਆਕਾਸ ਇਹਨਾਂ ਪੰਜਾਂ ਤਤਾਂ ਦਾ ਸਰੀਰ ਰਚਿਆ ਅਰ ਆਪ ਕਰਤਾ ਇਸਦੇ ਬੀਚ ਅਦ੍ਰਿਸਟ ਹੋ ਬੈਠਾ ਅਰ ਪੰਜ ਤਤ ਭੀ ਪਚੀਸ ਗੁਣਾਂ ਕੀਤੇ ਤਾਂ ਇਹ ਦੇਹ ਰਚੀ ਹੈ ਤਾਂ ਸਿਖਾਂ ਪ੍ਰਸਨ ਕੀਤਾ ਕਿ ਪੰਜ ਤਤਾਂ ਨੂੰ ਪਚੀਸ ਭਾਗ ਬ੍ਰਹਮੇ ਨੇ ਕਿਸ ਪ੍ਰਕਾਰ ਕੀਤੇ ਹੈਨ॥ ਅਰ ਪੰਜ ਤਤ ਤਾਂ ਪਰਸਪਰ ਵਿਰੋਧੀ ਸੇ ਏਹੁ ਕਿਉਂਕਰ ਇਕਠੇ ਟਿਕੇ ਹੈਂ ਤਾਂ ਭਾਈ ਜੀ ਨੇ ਕਹਿਆ ਕਿ ਪ੍ਰਿਥਮੇ ਬ੍ਰਹਮੇ ਨੇ ਪੰਜ ਮਾਸੇ ਪੰਜੇ ਤਤ ਉਤਪਤ ਕੀਤੇ ॥ ਅਰ ਜੇ ਆਪਸ ਵਿਚ ਭਿੰਨ ਭਿੰਨ ਰਹਿਣ ਤਾਂ ਸਰੀਰ ਨਾ ਬਣੇ ਅਰ ਆਪਸ ਵਿਚ ਰਲਣ ਭੀ ਨਾਹੀਂ ਜੋ ਇਕ ਦੂਸਰੇ ਦਾ ਵਿਰੋਧੀ ਤਾਂ ਬ੍ਰਹਮੇ ਨੇ ਅਕਾਸ ਵਿਚੋਂ (ਚਾਰ ਰਤੀਆਂ) ਕਢਕੇ ਬਾਕੀ ਦੇ ਚਵਾਂ ਤਤਾਂ ਨੂੰ ਦੇ ਦਿਤੀਆਂ ਇਕ ਇਕ ਕਰਕੇ ॥ ਅਰ ਫੇਰ ਦੂਸਰੇ ਤਤ ਵਿਚੋਂ ਚਾਰ ਰਤੀਆਂ ਕਢ ਕੇ ਇਕ ਰਤੀ ਅਕਾਸ ਨੂੰ ਦਿਤੀ ਤੇ ਬਾਕੀ ਤਿੰਨ ਰਤੀਆਂ ਬਾਕੀ ਦੇ ਤਿੰਨਾਂ ਤਤਾਂ ਨੂੰ ਵੰਡ ਦਿਤੀਆਂ ਫੇਰ ਤੀਸਰੇ ਤਤ ਵਿਚੋਂ ਚਾਰ ਰਤੀਆਂ ਕਢ ਕੇ ਇਕ ਇਕ ਰਤੀ ਵੰਡ ਦਿਤੀ ਫੇਰ ਚੌਥੇ ਤਤ ਨੂੰ ਭੀ ਇਸੇ ਤਰ੍ਹਾਂ ਅਰ ਪੰਜਵੇਂ ਤਤ ਨੂੰ ਭੀ ਵੰਡਿਆ ਤਾਂ ਫਿਰ ਸਭ ਤਤ ਮਾਸਾ ਮਾਸਾ ਹੋ ਗਏ ਅਰ ਆਪਸ ਵਿਚ ਮਿਲ ਗਏ ॥ ਤਾਂ ਫਿਰ ਪੰਜਾਂ ਤਤਾਂ ਦੀ ਦੇਹ ਰਚੀ ॥ ਫੇਰ

ਸਿਖਾਂ ਪ੍ਰਸਨ ਕੀਤਾ ਕਿ ਪੰਜੇ ਤਤ ਦੇਹੀ ਵਿਚ ਦਿਖਾਲ ਦੇਹੋ ਤਾਂ ਅਸੀਂ ਜਾਣੀਐਂਗੇ ॥ ਤਾਂ ਭਾਈ ਕਹਿਆ :--ਪੋਲ ਜੋ ਦੇਹ ਕੇ ਬੀਚ ਹੈ ਸੋ ਅਕਾਸ ਕਾ ਤਤ ਹੈ ਪ੍ਰਾਣ ਜੋ ਹੈਨ ਸੋ ਪਉਣ ਕਾ ਤਤ ਹੈ ਅਰ ਜਠਰ ਅਗਨਿ ਜੋ ਅਹਾਰ ਕੋ ਪਚਾਵਤੀ ਹੈ ਸੋ ਬੈਸੰਤਰ ਕਾ ਤਤ ਹੈ ਰੁਧਰ ਅਰ ਮੁੜਕਾ ਅਰ ਲਾਲਾਂ ਜੋ ਸਰੀਰ ਕੇ ਬੀਚ ਹੈ ਸੋ ਜਲ ਕਾ ਤਤ ਹੈ ॥ ਅਰ ਸਰੀਰ ਅਰ ਅਸਥ ਜੋ ਹੈਨ ਸੋ ਪ੍ਰਿਥਮੀ ਕਾ ਤਤ ਹੈ ਇਨ ਪੰਜ ਤਤਾਂ ਹੀ ਕੇ ਪਚੀਸ ਗੁਣ ਕਰਕੇ ਦੇਹ ਰਚੀ ਅਰ ਆਪ ਮਹਾਰਾਜ ਅੰਤਰਜਾਮੀ ਹੋ ਕੇ ਬਿਰਾਜਿਆ ਹੈ ਤਾਂ ਵਿਰੋਧੀ ਤਤ ਠਹਿਰ ਖਲੋਤੇ ਹਨ ਅਰ ਤਿਸਤੇ ਹੀ ਚਾਰ ਖਾਣੀਆਂ ਕੀਤੀਆਂ ਹਨ ਅਰ ਚਾਰ ਬਾਣੀਆਂ ਕੀਤੀਆਂ ਹਨ ਅਰ ਜਗਤ ਜਨਮ ਮਰਣ ਦਾ ਚਲਤ ਬਣਾਇਆ ਹੈ ਤਾਂ ਸਿਖਾਂ ਪ੍ਰਸਨ ਕੀਤਾ ਜੀ ਚਾਰ ਖਾਣੀਆਂ ਕੌਣ ਹੈਨ ਅਤੇ ਚਾਰ ਬਾਣੀਆਂ ਕਉਣ ਹਨ ॥ ਤਾਂ ਭਾਈ ਮਨੀ ਸਿੰਘ ਜੀ ਕਹਿਆ ਕਿ ਖਾਣੀਆਂ ਅੰਡਜ, ਜੇਰਜ, ਸੇਤਜ, ਉਤਭੁਜ ਏ ਹਨ, ਔਰ ਅੰਡੇ ਸੇ ਜੋ ਜਨਾਵਰ ਆਦਿਕ ਉਤਪਤ ਹੋਤੇ ਹੈਂ ਸੋ ਅੰਡਜ ਖਾਣੀ ਹੈ ਅਰ ਜੇਰਜ ਸੇ ਜੋ ਮਨੁਖ ਪਛੂ ਆਦਿਕ ਹੋਤੇ ਹੈਂ ਸੋ ਜੇਰਜ ਖਾਣੀ ਹੈ ॥ ਸੇਤਜ, ਜੋ ਮੁੜਕੇ ਸੇ ਸ੍ਰਿਸਟੀ ਉਤਪਤ ਹੋਤੀ ਹੈ ਸੋ ਸੇਤਜ ਖਾਣੀ ਹੈ ਉਤਭੁਜ ਖਾਣੀ ਜੋ ਹੈ ਸੋ ਜੋ ਪ੍ਰਿਥਮੀ ਸੇ ਜੋ ਬਨਾਸਪਤੀ ਉਪਜੀ ਹੈ ॥

ਜੈਸੇ ਪਰਬਤਾਂ ਕੇ ਮੁੜਕੇ ਸੇ ਧਾਤਾਂ ਹੋਤੀਆਂ ਹਨ ਅਰ ਪ੍ਰਿਥਮੀ ਕੇ ਮੁੜਕੇ ਸੇ ਖੁੰਬਾਂ ਅਤੇ ਡਡੂ ਆਦਿਕ ਹੋਤੇ ਹੈਂ ਪਛੂਆਂ ਕੇ ਮੁੜਕੇ ਸੇ ਚਿਚੜ ਆਦਿਕ ਹੋਤੇ ਹੈਂ ਮਨੁਖਾਂ ਕੇ ਮੁੜਕੇ ਸੇ ਜੂਆਂ ਆਦਿਕ ਹੋਤੇ ਹੈਂ ਅਰ ਬ੍ਰਿਛਾਂ ਕੇ ਮੁੜਕੇ ਸੇ ਚੀੜ ਤੇ ਲਾਖ ਆਦਕ ਹੋਤੀਆਂ ਹਨ ਸੋ ਇਹ ਸੇਤਜ ਭਾਵ ਭਾਫ ਖਾਣੀ ਹੈ ॥

ਤਾਂ ਸਿਖਾਂ ਪ੍ਰਸਨ ਕੀਤਾ ਜੀ ਚਾਰ ਬਾਣੀਆਂ ਕਉਣ ਹਨ ॥ ਤਾਂ ਭਾਈ ਜੀ ਕਹਾ ਹੈ ਕਿ ਪ੍ਰਿਥਮੇ ਬ੍ਰਹਮੇ ਨੇ ਸ੍ਰਿਸਟੀ ਉਤਪਤ ਕੀਤੀ ਅਰ ਧਿਆਨ ਕੀਤਾ ਜੋ ਇਨਾਂ ਦਾ ਵਿਵਹਾਰ ਤੇ ਪ੍ਰਮਾਰਥ ਕਿਉਂ ਕਰਿ ਸਿਧ ਹੋਵੇਗਾ ॥ ਤਾਂ ਉਸ ਦੇ ਧਿਆਨ ਸੇ ਬਾਣੀ ਉਤਪਤ ਹੋਈ ਅਰ ਬ੍ਰਹਮੇ ਨੇ ਕਹਾ ਬਾਣੀ ਤੈਨੂੰ ਜਗਤ ਦੇ ਉਧਾਰ ਵਾਸਤੇ ਕੀਤਾ ਹੈ ਤੂੰ ਚਾਰ ਪ੍ਰਕਾਰ ਕੀ ਹੋਇ ਜੋ ਪਰਾ ਹੋਇ ਕੇ ਨਾਭ ਮੇਂ ਨਿਵਾਸ ਕਰ ਅਰ ਪਸੰਤੀ ਹੋਇਕੇ ਰਿਧੇ ਮੈ ਬਸ ਅਰ ਮਧਮਾਂ ਹੋਇਕੇ ਕੰਠ ਮੇਂ ਨਿਵਾਸ ਕਰ ਅਰ ਬੈਖਰੀ ਹੋਇਕੈ ਰਸਨਾਂ ਊਪਰ ਬਾਸਾ ਕਰ ਜੋ ਬੈਖਰੀ ਦੁਆਰਾ ਸਭ ਵਿਵਹਾਰ ਸਿਧ ਹੋਵੈ ਅਤੇ ਪਰਮਾਰਥ ਨੂੰ ਚਾਰੇ ਬਾਣੀਆਂ ਸਵਾਰਨ ॥ ਤਾਂ ਬਾਣੀ ਅਰਦਾਸ ਕੀਤੀ ਕਿ ਮੈਂ ਹਰਿ ਨਾਮ ਬਿਨਾਂ ਪਰਮਾਰਥ ਸਿਧ ਨਹੀਂ ਕਰ ਸਕਦੀ ਅਰ ਵਿਵਹਾਰ ਦੀ ਕ੍ਰਿਆ ਅਧਿਕਾਰ ਬਿਨਾਂ ਸਿਧ ਨਹੀਂ ਕਰ ਸਕਦੀ ਤਾਂ ਤੇ ਤੁਸਾਂ ਵੇਦਾਂ ਮੈ ਉਪਦੇਸ਼ ਕਰਨਾ

ਜੋ ਪਰਮਾਰਥ ਵਾਲੇ ਮੈਨੂੰ ਨਾਮ ਸੰਜੁਗਤ ਧਿਆਵਨੰ ਅਰ ਵਿਵਹਾਰ ਵਾਲੇ ਜੈਸਾ ਅਧਿਕਾਰ ਦੇਖਨ ਜੋ ਰਾਜਸੀ ਸਾਂਤਕੀ ਤਾਂਮਸੀ ਤੈਸਾ ਹੀ ਧਿਆਵਨ ਅਰ ਤੈਸੀ ਹੀ ਬਾਨੀ ਉਚਾਰਨ ਕਰਨ ਤਾਂ ਕਾਰਜ ਸਿਧ ਹੋਵਨਗੇ ॥ ਫੇਰ ਸਿਖਾਂ ਪ੍ਰਸਨ ਕੀਤਾ ਜੀ ਪੰਜ ਤਤ ਪਚੀਸ ਪ੍ਰਕਾਰ ਕਿਉਂਕਰ ਹੋਏ ਹੈਨ ਤਾਂ ਭਾਈ ਜੀ ਕਹਿਆ ਕਿ ਇਕ ਇਕ ਤਤ ਦੀਆਂ ਪੰਜ ਪੰਜ ਪ੍ਰਕਿਰਤਾਂ ਸਰੀਰ ਵਿਚ ਵਸਦੀਆਂ ਹਨ ॥ ਪਰ ਜੈਸੇ ਮਨੁਖ ਆਪਸ ਮੈਂ ਭਾਜੀ ਵੰਡਦੇ ਹੈਨ ਅਰ ਸੁਖੀ ਵਸਦੇ ਹਨ ॥ ਤੈਸੇ ਪੰਜਾਂ ਤਤਾਂ ਨੇ ਭੀ ਇਕ ਇਕ ਪ੍ਰਕਿਰਤ ਆਪਣੀ ਚੌਹਾਂ ਤਤਾਂ ਮੈਂ ਪਾਈ ਹੈ ਅਰ ਚੌਹਾਂ ਤਤਾਂ ਸੇ ਲੈਕਰ ਆਪਣੇ ਵਿਚ ਪੂਰੀਆਂ ਕੀਤੀਆਂ ਹਨ ਤਾਂ ਦੇਹ ਸੁਖੀ ਵਸਣੇ ਲਗੀ ਹੈ ਤਾਂ ਸਿਖਾਂ ਪ੍ਰਸਨ ਕੀਤਾ ਜੋ ਇਨ ਤਤਾਂ ਵਿਚ ਆਪਣੀ ਅੰਸ ਕੌਣ ਹੈ ਅਤੇ ਵੰਡੇ ਕਿਉਂਕਰ ਹੈਨ ॥ ਤਾਂ ਭਾਈ ਜੀ ਕਹਾ :--

੧. ਅਕਾਸ :--ਦੇ ਪੰਜ ਅੰਸ ਹਨ :--੧. ਲੋਭ, ੨. ਕਾਮ, ੩. ਕ੍ਰੋਧ, ੪. ਮੋਹ, ੫. ਮਤਸਰ ਇਹ ਪੰਜ ਅਕਾਸ ਦੇ ਅੰਸ ਹਨ ॥

੨. ਪੌਣ :--ਦੇ ਪੰਜ ਅੰਸ ਹਨ :--੧. ਧਾਵਣਾਂ, ੨. ਪਸਰਨਾਂ, ੩. ਉਛਲਨਾਂ ੪. ਚੰਚਲਤਾਈ, ੫. ਸੰਕੋਚਨਾਂ ਹਨ ॥

੩. ਤੇਜ :--ਦੇ ਪੰਜ ਅੰਸ ਹਨ :--੧. ਖੁਧਿਆ, ੨. ਤ੍ਰਿਖਾ, ੩. ਨਿੰਦ੍ਰਾ, ੪. ਆਲਸ, ੫. ਕ੍ਰਾਂਤੀ ਹਨ ॥

੪. ਜਲ :--ਦੇ ਪੰਜ ਅੰਸ ਜੋ ਹਨ :--੧. ਰੇਤ, ੨. ਸ੍ਵੇਦ, ੩. ਪਿਤ, ੪. ਲਾਲਾਂ, ੫. ਰਕਤ ਏ ਹਨ ॥

੫. ਪ੍ਰਿਥਵੀ:--ਦੇ ਪੰਜ ਅੰਸ ਹਨ :--੧.ਅਰਥ, ੨.ਮਾਸ, ੩. ਨਾੜੀ ੪. ਤੁਚਾ, ੫. ਰੋਮ ॥ ਸੋ ਇਹ ਪੰਜਾਂ ਤਤਾਂ ਦੇ ਪਚੀਸ ਅੰਸ ਇਸ ਪ੍ਰਕਾਰ ਹੈਨ ॥

ਤਾਂ ਸਿਖਾਂ ਨੇ ਪੁਛਿਆ ਵੰਡੇ ਕਿਉਂ ਕਰਿ ਹੈਨ ॥ ਤਾਂ ਭਾਈ ਜੀ ਕਹਾ ਕਿ ਜਿਹੜੇ ਪੰਜ ਅੰਸ ਅਕਾਸ ਨੂੰ ਮਿਲੇ ਹੈਨ ਸੋ ਲੋਭ ਉਸਦਾ ਆਪਣਾ ਅੰਸ ਹੈ ਅਰ ਰੋਮ ਪ੍ਰਿਥੀ ਕੀ ਅੰਸ ਹੈਨ ਅਤੇ ਲਾਲਾਂ ਜਲ ਕਾ ਅੰਸ ਹੈ ਅਰ ਨਿੰਦ੍ਰਾ ਤੇਜ ਕਾ ਅੰਸ ਹੈ ਅਤੇ ਪਸਰਨਾਂ ਪਉਣ ਕਾ ਅੰਸ ਹੈ ਏ ਪੰਜ ਅਕਾਸ ਨੂੰ ਮਿਲੇ ਹੈਨ ਅਤੇ ਪੌਣ ਨੂੰ ਪੰਜ ਏਹ ਮਿਲੇ ਹੈਨ ਜੋ ਧਾਵਣਾਂ ਉਸਕਾ ਆਪਣਾ ਅੰਸ ਹੈ ਅਰ ਤੁਚਾ ਪ੍ਰਿਥਵੀ ਕਾ ਅੰਸ ਹੈ ਅਤੇ ਸ੍ਵੇਦ ਜਲ ਕਾ ਅੰਸ ਹੈ ਅਰ ਕਾਮ ਅਕਾਸ ਕਾ ਅੰਸ ਹੈ ਅਰ ਤ੍ਰਿਖਾ ਤੇਜ ਕਾ ਅੰਸ ਹੈ ਸੋ ਇਹ ਪੰਜ ਪੌਣ ਕੋ ਮਿਲੇ ॥ ਅਰ ਤੇਜ ਕਉ ਏਹ ਪੰਜ ਮਿਲੇ ਹੈਨ ਜੋ ਖੁਧਿਆ ਉਸਦਾ ਆਪਣਾ ਅੰਸ ਹੈ ਅਰ ਨਾੜੀ ਪ੍ਰਿਥਵੀ ਕਾ ਅੰਸ ਹੈ ਅਰ ਪਿਤ ਜਲ ਕਾ ਅੰਸ

ਹੈ ਅਤੇ ਉਛਲਨਾਂ ਪਉਣ ਕਾ ਅੰਸ ਹੈ ਅਰ ਕ੍ਰੋਧ ਅਕਾਸ ਕਾ ਅੰਸ ਹੈ ਸੋ ਇਹ ਪੰਜ ਤੇਜ ਕਉ ਮਿਲੇ ਅਰ ਜਲ ਕੋ ਏਹ ਪੰਜ ਮਿਲੇ ਜੋ ਰੇਤ ਉਸਕਾ ਆਪਣਾ ਅੰਸ ਹੈ ਅਰ ਮਾਸ ਪ੍ਰਿਥਵੀ ਕਾ ਅੰਸ ਹੈ ਅਰ ਕ੍ਰਾਂਤ ਤੇਜ ਕਾ ਅੰਸ ਹੈ ਅਰ ਚੰਚਲਤਾ ਪਉਣ ਕਾ ਅੰਸ ਹੈ ਅਰ ਮੋਹ ਅਕਾਸ ਕਾ ਅੰਸ ਹੈ ਸੋ ਏਹ ਪੰਜ ਜਲ ਕੋ ਮਿਲੇ ਅਰ ਪ੍ਰਿਥਵੀ ਕਉ ਪੰਜ ਏਹ ਮਿਲੇ ਹੈਨ ਜੋ ਅਰਥ ਉਸਕਾ ਆਪਣਾ ਅੰਸ ਹੈ ਅਰ ਰਕਤ ਜਲ ਕਾ ਅੰਸ ਹੈ ਅਰ ਆਲਸ ਤੇਜ ਕਾ ਅੰਸ ਹੈ ਅਰ ਸੰਕੋਚਨਾਂ ਪਉਣ ਕਾ ਅੰਸ ਹੈ ਅਰ ਬਖੀਲੀ ਅਕਾਸ ਕਾ ਅੰਸ ਹੈ ਸੋ ਇਹ ਪੰਜ ਪ੍ਰਿਥਮੀ ਕੋ ਮਿਲੇ ਤਾਂ ਤੇ ਸਤ੍ਰਾਂ ਅਰ ਮਿਤ੍ਰਾਂ ਨੇ ਦੇਹੀ ਮੈਂ ਏਕਠਾ ਨਿਵਾਸ ਕੀਤਾ ਹੈ॥ ਸੋ ਇਸ ਕਰਕੇ ਚਉਰਾਸੀ ਲਖ ਜੀਅ ਜੋਨਿ ਉਤਪਤਿ ਹੋਈ ਹੈ ਤਾਂ ਫਿਰ ਸਿਖਾਂ ਪ੍ਰਸਨ ਕੀਤਾ ਕਿ ਅਸੀਂ ਮਨੁਖਾਂ ਦੀ ਵਾਰਤਾ ਪੁਛਦੇ ਹਾਂ ਅਰ ਚੌਰਾਸੀ ਨਾਲ ਸਾਨੂੰ ਕੁਛ ਪਰਜੋਜਨ ਨਹੀਂ ਤਾਂ ਭਾਈ ਜੀ ਤੀਜੀ ਪਉੜੀ ਕੀਤੀ :--

ਚਉਰਾਸੀਹ ਲਖ ਜੋਨਿ ਵਿਚ ਉਤਮ ਜਨਮ ਸੁਮਾਣਸ ਦੇਹੀ॥ ਅਖੀ ਵੇਖਣ ਕਰਨ ਸੁਣ ਮੁਖ ਸੁਭ ਬੋਲਨ ਬਚਨ ਸਨੇਹੀ॥ ਹਥੀਂ ਕਾਰ ਕਮਾਵਣੀ ਪੈਰੀ ਚਲ ਸਤਸੰਗ ਮਿਲੇਹੀ॥ ਕਿਰਤ ਵਿਰਤ ਕਰ ਧਰਮ ਦੀ ਖਟ ਖਵਾਲਣ ਕਾਰ ਕਰੇਹੀ॥ ਗੁਰਮੁਖਿ ਜਨਮ ਸਕਾਰਥਾ ਗੁਰਬਾਣੀ ਪੜ ਸਮਝ ਸੁਣੇਹੀ॥ ਗੁਰਭਾਈ ਸੰਤੁਸਟ ਕਰ ਚਰਣਾਮਤ ਲੈ ਮੁਖ ਪਿਵੇਹੀ॥ ਪੈਰੀ ਪਵਨ ਨ ਛੋਡੀਐ ਕਲੀ ਕਾਲ ਰਹੁਰਾਸ ਕਰੇਹੀ॥ ਆਪ ਤਰੇ ਗੁਰ ਸਿਖ ਤਰੇਹੀ॥੩॥

ਵਾਹੇਗੁਰੂ ਦੀ ਫਤਹਿ ਦਾ ਮਹਾਤਮ

ਇਥੇ ਦਸਿਆ ਹੈ ਹੇਠਲੇ ਅੰਗ ੧੨ ਉਤੇ ਦਰਜ ਹੈ॥

ਤਿਸ ਦਾ ਪਰਮਾਰਥ ਭਾਈ ਜੀ ਕਹਿਤੇ ਹੈਂ:--ਚਉਰਾਸੀ ਲਖ ਜੋਨਿ ਦਾ ਰਾਜਾ ਮਨੁਖ ਕੀਤਾ ਹੈ ਕਜੋਂ ਕਿ ਹੋਰ ਸਭ ਜੂਨਾਂ ਪਰਾਧੀਨ ਹੈ ਅਰ ਮਨੁਖ ਸੁਆਧੀਨ ਹੈ ਤਾਂ ਤੇ ਮਨੁਖ ਕੋ ਏਹ ਸਮਝਣਾਂ ਚਾਹੀਦਾ ਹੈ ਕਿ ਮੈਨੂੰ ਭਗਵੰਤ ਨੇ

੧. ਅਖੀਆਂ ਜੋ ਦਿਤੀਆਂ ਹੈਨ :--ਸੋ ਗੁਰਾਂ, ਸੰਤਾਂ, ਪੋਥੀਆਂ, ਗ੍ਰੰਥਾਂ ਦੇ ਦਰਸਨ ਵਾਸਤੇ ਦਿਤੀਆਂ ਹਨ॥

੨. ਕਰਨ ਜੋ ਦਿਤੇ ਹੈਨ :--ਸੋ ਈਸੂਰ ਉਸਤਤ, ਗੁਰੂ ਉਸਤਿਤ, ਸੰਤਾਂ ਦੀਆਂ ਬਾਣੀਆਂ ਦੇ ਸੁਣਨ ਵਾਸਤੇ॥

੩. ਰਸਨਾ ਜੋ ਦਿਤੀ ਹੈ:--ਸੋ ਭਗਵੰਤ ਦਾ ਨਾਮ ਅਰ ਬਾਣੀ ਦੇ ਪਾਠ ਵਾਸਤੇ

ਰਸਨਾ ਦਿਤੀ ਹੈ ਅਰ ਮਿਠਾ ਬੋਲਣ ਵਾਸਤੇ ਦਿਤੀ ਹੈ।

੪. ਹਥ ਜੋ ਦਿਤੇ ਹੈਂਨ :--ਸੋ ਦਾਨ ਅਰ ਗੁਰਾਂ ਅਰ ਸੰਤਾਂ ਦੀ ਟਹਿਲ ਵਾਸਤੇ ਦਿਤੇ ਹੈਂਨ ॥

੫. ਪੈਰ ਜੋ ਦਿਤੇ ਹੈਂਨ :--ਸੋ ਪਰਉਪਕਾਰ ਅਰ ਸਤਸੰਗ ਦੇ ਮਾਰਗ ਦੇ ਟੁਰਨ ਵਾਸਤੇ ਦਿਤੇ ਹੈਨ ॥

੬. ਵਿਵਹਾਰ ਜੋ ਦਸਿਆ :--ਸੋ ਧਰਮ ਦੀ ਕਿਰਤ ਕਰਕੇ ਵੰਡ ਖਾਣ ਵਾਸਤੇ ਵਿਵਹਾਰ ਕਰਨਾ ਹੈ ॥

੭. ਮੰਨ ਜੋ ਦਿਤਾ ਹੈ :--ਸੋ ਗੁਰਬਾਣੀ ਦੀ ਗੰਮਤਾ ਵਾਸਤੇ ਦਿਤਾ ਹੈ ॥ ਸੋ ਜੋ ਇਸ ਪ੍ਰਕਾਰ ਜੋ ਸਮਝਤੇ ਹੈਂਨ ਤਿਨਾਂ ਗੁਰਮੁਖਾਂ ਦਾ ਜਨਮ ਸਕਾਰਥਾ ਹੈ ॥

ਅਰ ਜੋ ਗੁਰਾਂ ਕੀਆਂ ਬਾਣੀਆਂ ਪੜਦੇ ਹੈ ॥ ਅਰ ਸੁਣਦੇ ਭੀ ਹੈਨ ਸਮਝਦੇ ਹਨ ਅਰ ਹੋਰਨਾਂ ਨੂੰ ਭੀ ਉਪਦੇਸ ਕਰਦੇ ਹਨ ਅਰ ਲਿਖਦੇ ਭੀ ਹਨ ਅਰ ਗੁਰੂ ਕੇ ਸਿਖਾਂ ਦੇ ਚਰਨ ਧੋਇ ਕਰ ਪੀਂਦੇ ਹਨ ਅਰ ਜੇ ਆਪਣੇ ਪਾਸ ਪਦਾਰਥ ਹੈ ਤਾਂ ਭੋਜਨ ਬਸਤ੍ਰ ਆਦਕ ਦਰਬ ਕਰਕੇ ਸਿਖਾਂ ਦੀ ਟਹਿਲ ਸੇਵਾ ਕਰਦੇ ਹਨ ਅਰ ਜੇ ਆਪਣੇ ਪਾਸ ਗਿਆਨ ਧਿਆਨ ਅਰ ਕੀਰਤਨ ਹੈ ਤੋ ਇਸ ਵਸਤ ਦੇ ਜੋ ਗਾਹਕ ਹਨ ਤਿਨਾਂ ਨੂੰ ਐਸੇ ਪਦਾਰਥ ਦੇ ਕਰ ਸੰਤੁਸਟ ਕਰਦੇ ਹਨ ਅਰ ਸਰਧਾ ਨਾਲ ਗੁਰੂ ਕੇ ਸਿਖਾਂ ਨੂੰ ਵਾਹਗੁਰੂ ਜੀ ਕੀ ਫਤੇ ਬੁਲਾਵਦੇ ਹਨ ਅਰ ਮਨ ਨੀਵਾਂ ਕਰਕੇ ਸਿਖਾਂ ਦੇ ਚਰਨਾਂ ਵਲ ਧਿਆਨ ਰਖਦੇ ਹਨ ਸੋ ਤਿਨਾਂ ਦੀ ਮਹਿਮਾਂ ਕੁਛ ਕਹੀ ਨਹੀਂ ਜਾਂਦੀ ਪਰ ਐਸੇ ਵਰ ਤਾਂ ਸਾਹਿਬ ਦਸਵੇਂ ਪਾਤਸਾਹ ਜੀ ਨੇ ਮੁਖਾਰ ਬਿੰਦ ਥੀਂ ਭੀ ਉਚਰੇ ਹਨ ਸੋ ਸੁਣੋਂ ॥ ਜੋ ਇਕ ਦਿਨ ਸਾਹਿਬ ਦਸਵੇਂ ਪਾਤਸਾਹ ਜੀ ਨੇ ਬਚਨ ਕੀਤਾ ਕਿ ਜੋ ਕੋਈ ਅਗੋਂਦੇ ਸਿਖਾਂ ਨੂੰ ਵਾਹਗੁਰੂ ਜੀ ਕੀ ਫਤਹ ਬੁਲਾਵਦਾ ਹੈ (ਉਸ ਵਲ ਮੇਰਾ ਮੁਖ) ਹੁੰਦਾ ਹੈ ਅਰ ਜੋ ਪਿਛੋਂ ਬੁਲਾਵਦਾ ਹੈ ਉਸ ਵਲ (ਮੇਰਾ ਸਜਾ ਮੋਢਾ) ਹੁੰਦਾ ਹੈ। ਅਰ ਜੋ ਪਿਛੋਂ ਹੌਲੀ ਭੀ ਬੁਲਾਵਦਾ ਹੈ ਉਸ ਵਲ ਭੀ ਮੇਰਾ ਬਾਵਾਂ ਮੋਢਾ ਹੁੰਦਾ ਹੈ ॥ ਅਰ ਜੋ ਪਿਛੋਂ ਭੀ ਨਹੀਂ ਬੁਲਾਵਦਾ ਉਸ ਵਲ ਮੇਰੀ ਪਿਠ ਹੁੰਦੀ ਹੈ ॥ ਸੋ ਇਹ ਕਲੀਕਾਲ ਦੀ ਰਹਰਾਸ ਹੈ ॥ ਅਰ ਜੋ ਗੁਰੂ ਕੇ ਸਿਖਾਂ ਅਗੇ ਨਿਵ ਚਲਦੇ ਹਨ ਸੋ ਆਪ ਭੀ ਤਰਦੇ ਹਨ ਅਤੇ ਹੋਰਨਾਂ ਦਾ ਭੀ ਉਧਾਰ ਕਰਦੇ ਹਨ ॥ ਫੇਰ ਸਿਖਾਂ ਪ੍ਰਸਨ ਕੀਤਾ ਕਿ ਸ੍ਰਿਸਟੀ ਜੋ ਆਦਿ ਉਤਪਤਿ ਹੋਈ ਹੈ ਸੋ ਕਿਸ ਪ੍ਰਕਾਰ ਹੋਈ ਹੈ ਅਰ ਬ੍ਰਹਮਾਂ ਬਿਸਨ ਸਿਵ ਏਹ ਤੀਨੋਂ ਹੀ ਹੈਂ ਕਿ ਹੋਰ ਭੀ ਹਨ ਅਰ ਅਵਤਾਰ ਦਸ ਹੀ ਹੈਂ ਕਿ ਬਹੁਤੇ ਹੈਨ ਤਾਂ ਭਾਈ ਮਨੀ ਸਿੰਘ ਜੀ ਕਹਾ ਕਿ ਵਾਹਗੁਰੂ ਕੀ ਲੀਲਾ ਕਾ ਅੰਤ ਨਹੀਂ ਪਾਇਆ

ਜਾਂਦਾ ॥ ਤਾਂ ਫਿਰ ਚਉਥੀ ਪਉੜੀ ਭਾਈ ਜੀ ਨੇ ਕਹੀ ॥ ਓਅੰਕਾਰ ਆਕਾਰ ਕਰ ਏਕ ਕਵਾਉ ਪਸਾਉ ਪਸਾਰਾ ॥ ਪੰਚ ਤਤ ਪਰਵਾਣ ਕਰਿ ਘਟਿ ਘਟਿ ਅੰਦਰਿ ਤ੍ਰਿਭਵਣ ਸਾਰਾ ॥ ਕਾਦਰ ਕਿਨੈ ਨ ਲਖਿਆ ਕੁਦਰਤ ਸਾਜ ਕੀਆ ਅਵਤਾਰਾ ॥ ਇਕ ਦੂ ਕੁਦਰਤ ਲਖ ਕਰ ਲਖ ਬਿਅੰਤ ਅਸੰਖ ਅਪਾਰਾ ॥ ਰੋਮ ਰੋਮ ਵਿਚ ਰਖਿਓਨ ਕਰ ਬ੍ਰਹਮੰਡ ਕਰੋੜ ਸੁਮਾਰਾ ॥ ਇਕਸ ਇਕਸ ਬ੍ਰਹਮੰਡ ਵਿਚ ਦਸ ਦਸ ਕਰਿ ਅਉਤਾਰ ਉਤਾਰਾ ॥ ਕੇਤੇ ਵੇਦ ਵਿਆਸ ਕਰ ਕਈ ਕਤੇਬ ਮਹੰਮਦ ਯਾਰਾ ॥ ਕੁਦਰਤ ਇਕ ਏਤਾ ਪਾਸਾਰਾ ॥ ੪ ॥

ਵਾਹਗੁਰੂ ਨੇ ਚਾਹਿਆ ਮੈਂ ਏਕ ਦਾ ਅਨੇਕ ਹੋਵਾਂ

੭ ਅਕਾਸ ੭ ਪਤਾਲ :--ਤਿਸਕਾ ਵਿਚਾਰ ॥ ਤਾਂ ਭਾਈ ਜੀ ਬਚਨ ਕੀਤਾ ਕਿ ਪ੍ਰਿਥਮੇ ਵਾਹਿਗੁਰੂ ਨੇ ਚਾਹਿਆ ਕਿ ਜੋ ਮੈਂ ਏਕ ਦਾ ਅਨੇਕ ਹੋਵਾਂ ਤਾਂ ਓਅੰਕਾਰ ਦੀ ਧੁਨ ਉਪਜੀ ਅਰ ਉਸ ਧੁਨ ਥੀਂ ਮਾਇਆ ਹੋਈ ਅਰ ਮਾਇਆ ਥੀਂ ਬ੍ਰਹਮੰਡ ਰਚੇ ਪਰ ਜੈਸੇ ਗੂਲਰ ਕੇ ਬ੍ਰਿਛ ਸਾਥ ਅਨੇਕ ਫਲ ਹੋਤੇ ਹੈਂ ਤੈਸੇ ਮਾਇਆ ਕੇ ਰੋਮ ਰੋਮ ਸੇ ਕਈ ਬ੍ਰਹਮੰਡ ਉਤਪਤ ਭਏ ਅਰ ਪੰਜਾਂ ਤਤਾਂ ਕੀ ਰਚਨਾ ਰਚੀ ॥ ਅਰ ਜਿਸਤਰ੍ਹਾਂ ਏਕ ਏਕ ਗੂਲਰ ਮੈਂ ਚੌਦਾਂ ਚੌਦਾਂ ਘਰ ਹੋਤੇ ਹੈਂ ਅਰ ਏਕ ਏਕ ਘਰ ਮੋਂ ਕਈ ਜੀਵ ਹੋਤੇ ਹਨ ਅਰ ਕਈ ਸੂਖਮ ਅਰ ਕਈ ਅਸਥੂਲ ਹੋਤੇ ਹਨ ਤਿਸੀ ਤਰਾਂ ਏਹ ਬ੍ਰਹਮੰਡ ਰਚੇ ਅਰ ਚਉਦਾਂ ਘਰਾਂ ਕੇ ਸਮਾਨ ਚਉਦਾਂ ਪੁਰੀਆਂ ਰਚੀਆਂ ਅਰ ਸੂਖਮ ਕੇ ਅਸਥਾਨ ਜੀਅ ਜੰਤ ਰਚੇ ਅਰ ਅਸਥੂਲ ਜੀਆਂ ਕੇ ਅਸਥਾਨ ਰਿਖੀਸਰ ਮੁਨੀਸਰ ਅਰ ਦੇਵਤੇ ਅਰ ਅਵਤਾਰ ਰਚੇ ॥ ਪਰ ਸ੍ਰੀ ਕਾਦਰ ਅੰਤਰਜਾਮੀ ਹੋ ਕੇ ਸਭਨਾਂ ਮੈਂ ਅਲਖ ਹੋ ਰਹਾ ਹੈ ਅਰ ਦ੍ਰਿਸਟਿ ਜੋ ਆਂਵਦਾ ਹੈ ਸੋ ਕੁਦਰਤ ਹੀ ਦ੍ਰਿਸਟ ਆਂਵਦਾ ਹੈ ॥ ਅਰ ਇਕਸ ਇਕਸ ਬ੍ਰਹਮੰਡ ਵਿਚ ਦਸ ਦਸ ਅਵਤਾਰ ਉਤਪਤਿ ਕੀਤੇ ਅਰ ਕਈ ਵੇਦ ਵਿਆਸ ਕਲਪ ਕਲਪ ਮੈਂ ਉਪਾਏ ਅਰ ਖਪਾਏ ਅਰ ਮੁਹੰਮਦ ਅਰ ਕਈ ਕਤੇਬਾਂ ਉਤਪਤ ਕੀਤੀਆਂ ਜੋ ਚੌਧਾਂ ਪੁਰੀਆਂ ਇਸ ਬ੍ਰਹਮੰਡ ਮੈਂ ਕਉਨ ਹੈਨ ਤਾਂ ਭਾਈ ਜੀ ਕਹਾ ਹੈ :-- ਸਤ ਅਕਾਸ ਅਰ ਸਤ ਪਤਾਲ ਏਹ ਹੈਂਨ ॥ ਦੋਹਰਾ ॥ ਅਤਲ ਪਤਲ ਪਨ ਬਿਤਲ ਭਨ ਸੁਤਲ ਰਸਾਤਲ ਜਾਨ ॥ ਤਲਾਤਲ ਮਾਤਲ ਕਵਿ ਕਹਿਤ ਸਪਤ ਪਤਾਲ ਬਖਾਨ ॥ ਅਰ ਸਪਤ ਅਕਾਸ ਏਹ ਹਨ ॥ ਦੋਹਰਾ ॥ ਪ੍ਰਿਥਵੀ ਅੰਤਰਿਖ ਸੁਰਭਨੋ ਬਹੁਰੋ ਮਹਤ ਬਤਾਇ ॥ ਜਨ ਤਪ ਸਤ ਆਕਾਸ ਏਹੁ ਬੁਧਿ ਜਨ ਦੇਹੁ ਬਤਾਇ ॥ ਬਹੁਰੋ ਏਕ ਏਕ ਸਰੀਰ ਵਿਚ ਤੀਨ ਤੀਨ ਲੋਕ ਰਖੇ ਹਨ ॥

ਕਟ ਜੋ ਹੈ ਸੋ ਪ੍ਰਿਥਵੀ ਲੋਕ ਹੈ ਅਰ ਕਟ ਸੇ ਉਪਰ। ਜੋ ਸੀਸ ਪ੍ਰਯੰਤ ਹੈ ਸੋ ਅਕਾਸ ਹੈ ਅਰ ਕਟ ਸੇ ਨੀਚੇ ਚਰਨ ਪ੍ਰਯੰਤ ਸਪਤ ਪਾਤਾਲ ਹੈਂ।

ਤਾਂ ਸਿਖਾਂ ਪ੍ਰਸਨ ਕੀਤਾ ਚਾਰ ਜੁਗ ਕਿਸ ਪ੍ਰਕਾਰ ਉਪਜੇ ਹਨ ਅਤੇ ਅਉਤਾਰ ਕੇਹੜੇ ਕੇਹੜੇ ਹੋਏ ਹਨ ਅਰ ਰਾਜੇ ਜੁਗਾਂ ਦੇ ਕਉਣ ਕਉਣ ਹੋਏ ਹਨ ਤਾਂ ਪਉੜੀ ਚਲੀ

ਚਾਰ ਜੁਗ ਕਰ ਥਾਪਨਾ ਸਤਿਜੁਗ ਤ੍ਰੇਤਾ ਦੁਆਪੁਰ ਸਾਜੇ ॥
ਚੌਥਾ ਕਲਜੁਗ ਥਾਪਿਆ ਚਾਰ ਵਰਨ ਚਾਰੋਂ ਕੇ ਰਾਜੇ ॥
ਬ੍ਰਹਮਣ ਛਤ੍ਰੀ ਵੈਸ ਸੂਦ੍ਰ ਜੁਗ ਜੁਗ ਏਕੋ ਵਰਨ ਬਿਰਾਜੇ ॥
ਸਤਿਜੁਗ ਹੰਸ ਅਵਤਾਰ ਧਰ ਸੋਹੰ ਬ੍ਰਹਮ ਨ ਦੂਜਾ ਪਾਜੇ ॥
ਏਕੋ ਬ੍ਰਹਮ ਵਖਾਣੀਐ ਮੋਹ ਮਾਇਆ ਤੇ ਬੇ ਮੁਹਤਾਜੇ ॥
ਕਰਨ ਤਪਸਿਆ ਬਨ ਬਿਖੇ ਵਖਤ ਗੁਜਾਰਨ ਪਿੰਨੀ ਸਾਗੇ ॥
ਲਖ ਵਰਿਆਂ ਦੀ ਆਰਜਾ ਕੋਠੇ ਕੋਟ ਨ ਮੰਦਰ ਸਾਜੇ ॥
ਇਕ ਬਿਨਸੈ ਇਕ ਅਸਥਿਰ ਗਾਜੇ ॥ ੫ ॥

ਬਹੁੜੋ ਮਹਾਰਾਜ ਨੇ ਚਹੁੰ ਜੁਗਾਂ ਦਾ ਚਕਰ ਕੀਤਾ ਸੋ ਜੈਸੇ ਚਕਰ ਭਰਮਤਾ ਹੈ ਤੈਸੇ ਚਾਰੋਂ ਜੁਗਾਂ ਕੇ ਆਵਣ ਜਾਵਣ ਕਰ ਸਭਨਾਂ ਦੀ ਆਰਜਾ ਖੀਣ ਹੋਤੀ ਜਾਤੀ ਹੈ ॥

ਸੋ ਪ੍ਰਿਥਮੇ ਸਤਿਜੁਗ ਕੀਤਾ ਅਤੇ ਬਹੁੜੋਂ ਤ੍ਰੇਤਾ ਕੀਤਾ ਅਰ ਫੇਰ ਦੁਆਪਰ ਕੀਤਾ ਫੇਰ ਕਲਜੁਗ ਸਾਜਿਆ ਹੈ ਅਰ ਬ੍ਰਹਮਣ ਸਤਜੁਗ ਕੇ ਰਾਜੇ ਕੀਤੇ ਛਤ੍ਰੀ ਤ੍ਰੇਤੇ ਕੇ ਰਾਜੇ ਕੀਤੇ ਵੈਸ ਦੁਆਪਰ ਕੇ ਰਾਜੇ ਕੀਤੇ ਅਰ ਸੂਦ੍ਰ ਕਲਜੁਗ ਕੇ ਰਾਜੇ ਕੀਤੇ ॥

ਸੋ ਸਤਿਜੁਗ ਵਿਖੇ ਸਨਕਾਦਿਕੋ ਨੇ ਬ੍ਰਹਮੇ ਸੇ ਪ੍ਰਸਨ ਕੀਤਾ ਕਿ ਮਨ ਵਿਖਿਓ ਮੇ ਲੀਨ ਹੋ ਰਹਾ ਹੈ ਅਰ ਵਿਖੇ ਮਨ ਮੇ ਲੀਨ ਹੋ ਰਹੇ ਹਨ ਸੋ ਆਪਸ ਮੇਂ ਭਿੰਨ ਭਿੰਨ ਕਿਸ ਪ੍ਰਕਾਰ ਹੋਵੈਂ ਜੋ ਮਨ ਨਿਰਮਲ ਹੋ ਕੇ ਬ੍ਰਹਮ ਨੂੰ ਪਛਾਨੇ ?

ਨੋਟ--ਹੰਸ ਅਵਤਾਰ ਸੇ ਸਨਕਾਦਿਕਾਂ ਨੇ ਸਵਾਲ ਪੁਛਾ ਮੰਨ ਵਿਖਿਆਂ ਮੇਂ ਅਰ ਵਿਖੇ ਮੰਨ ਮੇਂ ਲੀਨ ਹੋ ਰਹੇ ਹੈਂ ਕਿਸ ਪ੍ਰਕਾਰ ਭਿੰਨ ਭਿੰਨ ਹੋਵੈਂ ॥ ਮੰਨ ਕੀ ਹੰਗਤਾ ਕੋ ਜੋ ਮੰਨ ਅਰ ਜਗਤ ਕਾ ਬੀਜ ਹੈ ਨਿਰ ਅਭਿਮਾਨ ਦੀ ਅਗਨ ਕਰ ਦਗਦ ਕਰੇ ॥

ਤੋ ਉਸ ਸਮੈ ਬ੍ਰਹਮਾ ਸ੍ਰਿਸਟੀ ਕੇ ਸਾਜਨਮੋਂ ਲਗਾ ਹੋਇਆ ਸੀ ਅਰ ਉਤਰ ਇਸਕਾ ਬ੍ਰਹਮਾਂ ਸੇ ਨਾ ਆਇਆ ਤਾਂ ਬ੍ਰਹਮਾਂ ਨੇ ਨਰਾਇਨ ਕਾ ਧਿਆਨ ਕੀਤਾ ਤੋ ਮਹਾਰਾਜ ਹੰਸ ਅਵਤਾਰ ਧਾਰ ਕੇ ਪ੍ਰਗਟ ਆਨ ਹੋਏ ਅਰ ਬ੍ਰਹਮਾਂ ਨੇ ਉਠ ਕਰ ਪ੍ਰਦਖਣਾ ਕੀਤੀ ਬਹੁੜੋਂ ਬ੍ਰਹਮੇ ਦੇ ਕਹੇ ਸੇ ਸਨਕਾਦਿਕਾਂ ਹੰਸ ਅਵਤਾਰ ਸੇ ਪ੍ਰਸਨ ਕੀਤਾ

ਕਿ ਤੂੰ ਕੌਣ ਹੈਂ ਅਰ ਕਹਾਂ ਸੇ ਆਇਆ ਹੈਂ ਤਾਂ ਹੰਸ ਨੇ ਕਹਿਆ ਏਹ ਸਰੀਰ ਤੋ ਪੰਜਾਂ ਤਤਾਂ ਕਾ ਹੈ ਤੁਮ ਕੌਨਸੇ ਤਤ ਕੋ ਪੂਛਤੇ ਹੋ ਅਰ ਜੇ ਆਤਮਾਂ ਕੋ ਪੂਛਤੇ ਹੋ ਤੋ ਆਤਮਾਂ ਤੁਮਾਰੇ ਅਰ ਹਮਾਰੇ ਮੇਂ ਏਕ ਹੀ ਹੈ ਅਰ ਆਤਮੇਂ ਮੇਂ ਤੋਂ ਆਵਣਾਂ ਜਾਵਣਾਂ ਹੈ ਹੀ ਨਹੀਂ ਅਰ ਪੰਜ ਤਤ ਜੜ ਹੈਂ ਅਰ ਇਨ ਮੈ ਆਵਣ ਜਾਵਣ ਕੀ ਸਕਤ ਕਹਾਂ ਹੈ ॥ ਤਾਂ ਸਨਕਾਦਿਕਾਂ ਨੇ ਕਹਿਆ ਜੇ ਆਤਮਾਂ ਵਿਆਪਕ ਏਕ ਹੀ ਹੈ ਤਾਂ ਦ੍ਰਿਸਟ ਕਿਉਂ ਨਹੀਂ ਆਂਵਦਾ ॥ ਤਾਂ ਹੰਸ ਕਹਿਆ ਮਨ ਵਿਖਿਆਂ ਦੀ ਵਾਸਨਾਂ ਕਰਕੇ ਮੈਲਾ ਹੋਇਆ ਹੂਆ ਹੈ ਅਰ ਜੈਸੇ ਮੈਲੇ ਜਲ ਮੇਂ ਮੁਖ ਦ੍ਰਿਸਟ ਨਹੀਂ ਆਂਵਦਾ ਤੈਸੇ ਮੈਲੇ ਮੰਨ ਮੇਂ ਆਤਮਾਂ ਦ੍ਰਿਸਟ ਨਹੀਂ ਆਂਵਦਾ ॥ ਤਾਂ ਫਿਰ ਸਨਕਾਦਿਕਾਂ ਨੇ ਪੁਛਿਆ ਕਿ ਮੰਨ ਵਿਖਿਆਂ ਸੇ ਕਿਸ ਪ੍ਰਕਾਰ ਨਿਰਮਲ ਹੋਵੈ ਤਾਂ ਬਚਨ ਹੋਇਆ ਜੋ ਨਾਮ ਕੀ ਉਪਾਸਨਾ ਨਿਹਕਾਮ ਹੋਇਕਰ ਕੀਜੈ ਅਰ ਗਿਆਨ ਕਰ ਜਗਤ ਕੋ ਮਿਥਿਆ ਜਾਣੇ ਅਰ ਦੂਸਰਾ ਉਪਾਉ ਇਹ ਹੈ ਕਿ ਮੰਨ ਕੀ ਹੰਗਤਾ ਕੋ ਜੋ ਮਨ ਅਰ ਜਗਤ ਕਾ ਬੀਜ ਹੈ ਤਿਸਕੋ ਨਿਰ ਅਭਮਾਨ ਕੀ ਅਗਨ ਕਰ ਦਗਧ ਕਰੇ ਅਰ ਏ ਸਮਝੇ ਕਿ ਮਨ ਅਰ ਵਿਖੇ ਸਭ ਝੂਠੇ ਹੈਂ ਅਰ ਮੈਂ ਇਨਕਾ ਸਾਖੀ ਹੋਂ ਕਜੋਂਕਿ ਸੋਹੰ ਬ੍ਰਹਮ ਵੇਦ ਕਾ ਵਾਕ ਹੈ ਸੋ ਏਹ ਜਾਣੇ ਕਿ ਮੈਂ ਹੀ ਬ੍ਰਹਮ ਹੋਂ ॥ ਅਰ ਏਹ ਪਾਜ ਜੋ ਹੈ ਸੋ ਮਨ ਬੀਚ ਆਨ ਪੜਾ ਹੈ ॥ ਸੋ ਜਬ ਇਸ ਪ੍ਰਕਾਰ ਹੰਸ ਨੇ ਉਤਰ ਕਹਾ ਤੋ ਸਨਕਾਦਕੋਂ ਸਮੇਤ ਜੋ ਤਪਸੀ ਥੇ ਸਭ ਮਾਇਆ ਕੇ ਮੋਹ ਕੋ ਤਿਆਗ ਕਰ ਬਨ ਮੇਂ ਤਪਸਿਆ ਅਰ ਜੋਗ ਸਾਧਨਾ ਕਰਤੇ ਭਏ ॥ ਅਰ ਸਾਗ ਕੀ ਪਿੰਨੀ ਸੇ ਗੁਜਰਾਨ ਕਰਤੇ ਭਏ ਅਰ ਸਚ ਕੋ ਬੋਲਣ ਅਰ ਕੋਠੇ ਅਰ ਮੰਦਰਾਂ ਨੂੰ ਨਾ ਬਣਾਉਣ ॥ ਜੋ ਜਿਨ ਜਿਨ ਗੋਬਿੰਦ ਕਾ ਭਜਨ ਕੀਤਾ ਸੋ ਅਸਥਿਰ ਰਹੇ ਅਰ ਜਿਨੋਂ ਨੇ ਭਜਨ ਨਾ ਕੀਤਾ ਸੋ ਬਿਨਸ ਗਏ ਪਉੜੀ ਛੇਵੀਂ ਚਲੀ ॥

ਤ੍ਰੇਤੇ ਛਤ੍ਰੀ ਰੂਪ ਧਰ ਸੂਰਜ ਬੰਸੀ ਬਡ ਅਵਤਾਰਾ ॥
ਨਉ ਹਿਸੇ ਗਈ ਆਰਜਾ ਮਾਇਆ ਮੋਹ ਅਹੰਕਾਰ ਪਸਾਰਾ ॥
ਦੁਆਪਰ ਜਾਦਵ ਵੈਸ ਕਰ ਜੁਗ ਜੁਗ ਅਉਧ ਘਟੈ ਆਚਾਰਾ ॥
ਰਿਗ ਵੇਦ ਮਹਿ ਬ੍ਰਹਮ ਕਿਰਤ ਪੂਰਬ ਮੁਖ ਸੁਭ ਕਰਮ ਬਿਚਾਰਾ ॥
ਖਤ੍ਰੀ ਥਾਪੇ ਜੁਜਰ ਵੇਦ ਦਖਣ ਮੁਖ ਬਹੁ ਦਾਨ ਦਾਤਾਰਾ ॥
ਵੈਸੋਂ ਥਾਪਿਆ ਸਿਆਮ ਵੇਦ ਪਛਮ ਮੁਖ ਕਰ ਸੀਸ ਨਿਵਾਰਾ ॥
ਰਿਗ ਨੀਲੰਬਰ ਜੁਜਰ ਪੀਤਸ੍ਵੇਤੰਬਰ ਕਰ ਸਿਆਮ ਸੁਧਾਰਾ ॥
ਤ੍ਰਿਹੁ ਜੁਗੀ ਤ੍ਰੈ ਧਰਮ ਉਚਾਰਾ ॥ ੬ ॥

ਤ੍ਰੇਤੇ ਮੈਂ ਮਹਾਰਾਜ ਜੀ ਨੇ ਸੂਰਜ ਕੀ ਕੁਲ ਵਿਖੇ ਅਰ ਰਘੁਵੰਸੀਆਂ ਕੇ ਗ੍ਰਿਹਿ ਵਿਖੇ ਸ੍ਰੀ ਰਾਮ ਜੀ ਕਾ ਸਰੂਪ ਧਾਰਿਆ ਸੋ ਕਿਸ ਕਾਰਨ ਜੋ ਏਕ ਪਗ ਧਰਮ ਕਾ ਖਿਸਕ ਗਿਆ ਸੀ ਅਰ ਲੋਕਾਂ ਵਿਖੇ ਬਹੁਤ ਗਿਲਾਨ ਉਤਪਤਿ ਹੋ ਗਈ ਸੀ ਅਤੇ ਮਾਇਆ ਕਾ ਮੋਹ ਅਰ ਅਹੰਕਾਰ ਉਪਜ ਆਇਆ ਸੀ ਅਰ ਮੋਹ ਸੇ ਮਨੁਖੋਂ ਕੀ ਆਰਬਲਾ ਘਟ ਗਈ ਸੀ ॥ ਤਾਂਤੇ ਧਰਮ ਕੇ ਥੰਭਣ ਵਾਸਤੇ ਮਹਾਰਾਜ ਨੇ ਅਵਤਾਰ ਧਾਰਿਆ ॥

ਅਰ ਦੁਆਪਰ ਵਿਖੇ ਦੋ ਪੈਰ ਧਰਮ ਦੇ ਖਿਸਕ ਗਏ ॥ ਅਰ ਜੋ ਸਤਜੁਗ ਵਿਖੇ ਜੀਵਾਂ ਦੀ ਲਖ ਬਰਸ ਦੀ ਆਰਜਾ ਸੀ ਅਰ ਬ੍ਰਹਮਣ ਰਾਜੇ ਸੇ ॥ ਤ੍ਰੇਤੇ ਵਿਖੇ ਦਸ ਹਜਾਰ ਬਰਸ ਦੀ ਆਰਜਾ ਅਰ ਖ੍ਰਤੀ ਰਾਜੇ ॥ ਸੋ ਦੁਆਪਰ ਵਿਖੇ ਹਜਾਰ ਬਰਸ ਦੀ ਆਰਜਾ ਹੂਈ ਅਰ ਵੈਸ ਰਾਜੇ ਭਏ ॥ ਤੌ ਮਹਾਰਾਜ ਜੀ ਨੇ ਯਾਦਵਾਂ ਕੇ ਘਰ ਅਵਤਾਰ ਧਾਰਿਆ ॥ ਅਰ ਅਹੀਰੋਂ ਕੇ ਘਰ ਮੈਂ ਜਾਇ ਪਲੇ ॥ ਅਰ ਤ੍ਰੇਤੇ ਵਿਖੇ ਜੋ ਸ੍ਰੀ ਰਾਮ ਚੰਦਰ ਜੀ ਨੇ ਅਵਤਾਰ ਧਾਰਿਆ ਸੀ ਸੋ ਰਾਜਾ ਦਸਰਥ ਪਿਤਾ ਅਰ ਕੁਸਲਿਆ ਮਾਤਾ ਸੀ ਅਰ ਚਤਰਬਯੂਹ ਅਵਤਾਰ ਧਾਰਨ ਕੀਆ ਸੀ ਜੋ ਰਾਮ ਲਖਮਣ ਭਰਤ ਸਤ੍ਰਘਨ ਚਾਰੋਂ ਭਾਈ ॥ ਅਰ ਜਬ ਦੁਆਪਰ ਮੈਂ ਭਗਵਾਨ ਨੇ ਅਵਤਾਰ ਧਾਰਿਆ ਤੌ ਵਾਸਦੇਵ ਪਿਤਾ ਅਰ ਮਾਤਾ ਦੇਵਕੀ ॥ ਔਰ ਨੰਦ ਅਤੇ ਜਸੋਧਾਂ ਦੇ ਗ੍ਰਿਹ ਵਿਖੇ ਕ੍ਰੀੜਾ ਕਰਤੇ ਭਏ ਅਰ ਚਤਰਬਯੂਹ ਅਵਤਾਰ ਏਹ ਜੋ ਕ੍ਰਿਸਨ ਬਲਭੱਦ੍ਰ ਪਰਦੁਮਨ ਅਤੇ ਅਨੁਰੁਦ ਧਾਰਿਆ ਸੀ ॥

ਅਰ ਸਤਿਜੁਗ ਕੇ ਸਮੈਂ ਵਿਖੇ ਰਿਗਵੇਦ ਬ੍ਰਹਮੇ ਕੇ ਪੂਰਬ ਮੁਖ ਕੇ ਅਗਰ ਹੈਸੀ ਅਰ ਪੂਰਬ ਪਖ ਵਿਖੇ ਸੁਭ ਕਰਮ ਕਹੇ ਸਨ ਅਰ ਉਤਰ ਪਖ ਵਿਖੇ ਬ੍ਰਹਮ ਕਾ ਪਛਾਨਣਾ ਸੋ ਏਹ ਸਤਿਜੁਗ ਕਾ ਵੀਚਾਰ ਕਰਿਆ ਸੀ

ਤ੍ਰੇਤੇ ਜੁਗ ਵਿਚ ਜੁਜਰ ਵੇਦ ਬ੍ਰਹਮ ਕੇ ਦਖਣ ਮੁਖ ਅਗਰ ਹੈਸੀ ਅਰ ਖ੍ਰਤੀ ਰਾਜੇ ਸੇ ਅਰ ਸੂਰਮਤ ਅਤੇ ਦਾਨ ਧਰਮ ਥਾਪਿਆ ਸੀ ॥

ਅਰ ਦੁਆਪਰ ਜੁਗ ਵਿਖੇ (ਸਿਆਮ ਵੇਦ) ਬ੍ਰਹਮਾਂ ਕੇ ਪਛਮ ਮੁਖ ਅਗਰ ਸੀ ਅਰ ਧਰਮ ਦੀ ਕਿਰਤ ਕਰਕੇ ਵੰਡ ਖਾਣਾਂ ਵੈਸਾਂ ਦਾ ਧਰਮ ਥਾਪਿਆ ਸੀ ॥

ਪੁਨਾ ਰਿਗਵੇਦ ਕਾ ਨੀਲ ਵਸਤਰ ਹੈ ॥ ਜੁਜਰ ਵੇਦ ਕਾ ਪੀਤ ਵਸਤਰ ਹੈ ਅਰ ਸਾਮ ਵੇਦ ਕਾ ਸ੍ਵੇਤ ਵਸਤ੍ਰ ਹੈ ਕਿਆ ਰੋਮਾਲ ਹੈਸਨ ਸੋ ਇਹ ਦੁਆਪਰ ਕਾ ਸਾਮ ਵੇਦ ਸੀ ॥ ਜਬ ਏਹ ਤੀਨੋਂ ਜੁਗੋਂ ਕੇ ਤੀਨੋ ਧਰਮ ਕਹੇ ਤਾਂ ਸਿਖਾਂ ਪ੍ਰਸਨ ਕੀਤਾ ਕਿ ਆਸਾ ਦੀ ਵਾਰ ਵਿਚ ਸ੍ਰੀ ਗੁਰੂ ਨਾਨਕ ਜੀ ਕਹਿਆ ਸਾਮ ਵੇਦ ਸਤਜੁਗ ਕਾ ਕਹਿਆ

ਹੈ ਅਰ ਰਿਗ ਵੇਦ ਤ੍ਰੇਤੇ ਕਾ ਕਹਿਆ ਹੈ ਅਰ ਜੁਜਰ ਵੇਦ ਦੁਆਪਰ ਕਾ ਕਹਿਆ ਹੈ॥ ਭਾਈ ਮਨੀ ਸਿੰਘ ਜੀ ਨੇ ਕਹਿਆ ਜੋ ਕਲਪਾਂ ਕਲਪਾ ਦੀ ਮ੍ਰਿਜਾਦਾ ਭਿੰਨ ਭਿੰਨ ਹੁੰਦੀ ਹੈ॥ ਓਹ ਅਵਰ ਕਲਪ ਕੀ ਮ੍ਰਿਜਾਦ ਹੈ ਅਰ ਇਹ ਔਰ ਕਲਪ ਕੀ ਮ੍ਰਿਜਾਦਾ ਹੈ ਸੋ ਇਸ ਸਮੇਂ ਸੰਸਾ ਨਹੀਂ ਕਰਨਾਂ॥ ਫੇਰ ਸਿਖਾਂ ਪ੍ਰਸਨ ਕੀਤਾ ਜੋ ਕਲਜੁਗ ਦਾ ਕਉਨ ਧਰਮ ਹੈ ਅਰ ਕਉਨ ਵੇਦ ਹੈ ਅਰ ਕਿਆ ਉਪਦੇਸ ਹੈ ਤਾਂ ਭਾਈ ਜੀ ਸਤਵੀਂ ਪਉੜੀ ਕਹੀ

ਕਲਜੁਗ ਚਉਥਾ ਥਾਪਿਆ ਸੂਦਰ ਬਿਰਤ ਜਗ ਮਹਿ ਵਰਿਤਾਈ॥
ਕਰਮ ਸੁ ਰਿਗ ਜੁਜਰ ਸਿਆਮ ਦੇ ਕਰੇ ਜਗਤਰਿਦ ਬਹੁ ਸੁਕਚਾਈ॥
ਮਾਇਆ ਮੋਹੀ ਮੇਦਨੀ ਕਲ ਕਲਵਾਲੀ ਸਭ ਭਰਮਾਈ॥
ਉਠੀ ਗਿਲਾਨ ਜਗਤ ਵਿਚ ਹਉਮੈ ਅੰਦਰ ਜਲੈ ਲੁਕਾਈ॥
ਕੋਇ ਨ, ਕਿਸੈ ਪੂਜਦਾ ਊਚ ਨੀਚ ਸਭ ਗਤ ਬਿਸਰਾਈ॥
ਭਏ ਬਿਆਦਲੀ ਪਾਤਿਸਾਹੁ ਕਲਕਾਤੀ ਉਮਰਾਵ ਕਸਾਈ॥
ਰਹਿਆ ਤਪਾਵਸ ਤ੍ਰਿਹੁ ਜੁਗੀ ਚੌਥੇ ਜੁਗ ਜੋ ਦੇਇ ਸੋ ਪਾਈ॥
ਕਰਮ ਭ੍ਰਿਸਟ ਸਭ ਭਈ ਲੋਕਾਈ॥ ੭॥

ਕਲਜੁਗ ਕਾ ਧਰਮ, ਵੇਦ, ਉਪਦੇਸ ਕਿਆ ਹੈ

ਕਲਜੁਗ ਕਾ ਵਰਨਨ :--ਤਾਂ ਭਾਈ ਜੀ ਨੇ ਕਹਿਆ ਚਉਥਾ ਕਲਜੁਗ ਥਾਪਿਆ ਤੇ ਤਿਸਕਾ ਏਹ ਧਰਮ ਰਖਿਆ ਜੋ ਅਥਰਬਣ ਵੇਦ ਅਰ ਸੂਦਰ ਰਾਜੇ ਅਰ ਪਰਮੇਸਰ ਦੇ ਨਾਮ ਕੀ ਉਪਾਸਨਾਂ॥ ਸੋ ਸੂਦਰਾਂ ਮੇਂ ਪਰਸਪਰ ਵਿਰੋਧ ਉਤਪਤਿ ਹੋਇ ਆਇਆ ਤਾਂ ਤੇ ਅਥਰਬਣ ਕਾ ਕਹਿਆ ਕੋਉ ਮੰਨੇ ਨਹੀਂ॥ ਅਰ ਜੋ ਰਿਗ ਕਾ ਧਰਮ ਬ੍ਰਹਮ ਕਾ ਪਛਾਨਣਾਂ ਸੀ ਅਰ ਜੁਜਰ ਕਾ ਕਰਮ ਜਗੋਂ ਕਾ ਕਰਨਾ ਅਰ ਸਾਮਵੇਦ ਕਾ ਕਰਮ ਤਪ ਕਰਨਾ ਅਰ ਦਾਨ ਕਰਨਾਂ ਸੀ ਸੋ ਭੀ ਜੀਵਾਂ ਸੇ ਹੋਇ ਨ ਸਕਿਆ ਅਰ ਮਾਇਆ ਕਾ ਮੋਹ ਸਭ ਧਰਤੀ ਮੈਂ ਵਰਤ ਗਇਆ ਅਰ ਪਾਪਾਂ ਨੇ ਜਗਤ ਕੋ ਭਰਮਾਇ ਦੀਆ ਅਰ ਅਹੰਕਾਰ ਆਨ ਪਰਗਟ ਹੋਇਆ ਅਰ ਜਗਤ ਮੈਂ ਗਿਲਾਨ ਅਰ ਈਰਖਾ ਉਠੀ ਜੋ ਪਿਤਾ ਸੇ ਪੂਤ ਅਰ ਭਾਈ ਸੇ ਭਾਈ ਈਰਖਾ ਕਰੇ ਅਰ ਕੋਈ ਕਿਸੇ ਕੀ ਪੂਜਾ ਭੀ ਨਾ ਕਰੇ ਅਰ ਜੋ ਊਚ ਕਰਮ ਵਾਲਿਆ ਕੀ ਪਹਿਚਾਨ ਥੀ ਸੋ ਰਹਿ ਗਈ॥ ਅਰ ਨੀਚ ਸਾਸਤਰ ਪੜਹਿੰ ਅਰ ਆਪ ਕਮਾਵਹਿ ਨਹੀਂ ਸਗੋਂ ਲੋਕਹੁ ਕੋਂ ਚਤਰਾਈਆਂ ਦਸਣ ਸੋ ਐਸੇ ਪੁਰਸ ਕਲਜੁਗ ਮੈਂ ਸਾਧ ਕਹਾਵਹਿ ਅਰ ਜੋ

ਮਸਖਰੇ ਅਰ ਬਦ ਕਰਮਾਂ ਵਾਲੇ ਤਿਨ ਕੀ ਪੂਜਾ ਹੋਵੈ ਅਰ ਪਾਤਿਸਾਹੁ ਅਤੇ ਰਾਜੇ ਬਿਅਦਲੀ ਹੋਇ ਬੈਠੇਂ ਸਗੋਂ ਉਲਟੀ ਵਾੜ ਖੇਤ ਕਉ ਖਾਣ ਲਗੀ ਅਰ ਉਮਰਾਵ ਅਤੇ ਕਾਜੀ ਵਢੀ ਲੈਕਰ ਹੱਕ ਨੂੰ ਦੂਰ ਕਰ ਦੇਣ ਲਗ ਪਏ ॥

ਅਰ ਜੋ ਸਤਿਜੁਗ ਅਤੇ ਤ੍ਰੇਤੇ ਅਰ ਦੁਆਪਰ ਕਾ ਤਪਾਵਸ ਥਾ ਕਿ ਸਤਜੁਗ ਮੈਂ ਜੋ ਏਕ ਖੋਟਾ ਕਰਮ ਕਰੇ ਤੋ ਸਾਰੇ ਦੇਸ ਕਉ ਦੁਖ ਹੋਵੈ ਅਰ ਤ੍ਰੇਤੇ ਮੇਂ ਜੋ ਏਕ ਖੋਟਾ ਕਰਮ ਕਰੈ ਤੋ ਨਗਰ ਕੋ ਦੁਖ ਹੋਵੈ ਅਰ ਦੁਆਪਰ ਮੈ ਕਰੇ ਤੋ ਨਾਨਕੇ ਅਰ ਦਾਦਕੇ ਬੰਸ ਕੋ ਦੁਖ ਹੋਵੈ ਸੋ ਇਹ ਤਪਾਵਸ ਜਾਂਦਾ ਰਿਹਾ ॥ ਕਲਜੁਗ ਮੈਂ ਜੋ ਕਰੇ ਸੋਈ ਪਾਵੈ ॥ ਪਰ ਕਰਮ ਧਰਮ ਸੇ ਲੋਕ ਸਭ ਭ੍ਰਸਟ ਹੋ ਗਏ ॥ ਤਾਂ ਫਿਰ ਸਿਖਾਂ ਪ੍ਰਸਨ ਕੀਤਾ ਜੀ ਚਹੁੰ ਬੇਦਾ ਅਰ ਖਟ ਸਾਸਤ੍ਰਾਂ ਕੇ ਕਰਮ ਕਉਣ ਹੈਨ ਤਾਂ ਫਿਰ ਅਠਵੀਂ ਪਉੜੀ ਚਲੀ :--

ਚਹੁੰ ਬੇਦਾ ਕੇ ਧਰਮ ਮਥ ਖਟ ਸਾਸਤਰ ਮਥਿ ਰਿਖ ਸੁਣਾਵੈ ॥
ਬ੍ਰਹਮਾਦਿਕ ਸਨਕਾਦਿਕਾ ਜਿਉ ਤਿਹ ਕਹਾ ਤਿਵੈਂ ਜਗ ਗਾਵੈ ॥
ਗਾਵਨ ਪੜਨ ਬਿਚਾਰ ਬਹੁ ਕੋਟ ਮਧੀ ਵਿਰਲਾ ਗਤਿ ਪਾਵੈ ॥
ਇਹ ਅਚਰਜ ਮਨ ਆਂਵਦੀ ਪੜਨ ਗੁੜਨ ਕਿਛ ਭੇਦ ਨਾ ਆਵੈ ॥
ਜੁਗ ਜੁਗ ਏਕੋ ਵਰਨ ਹੈ ਕਲਿਜੁਗ ਕਿਉਂ ਬਹੁਤੇ ਦਿਖਲਾਵੈ ॥
ਜੰਦ੍ਰੇ ਵਗੇ ਤ੍ਰਿਹੁ ਜੁਗੀ ਕਥਿ ਪੜ ਰਹੇ ਭਰਮ ਨਹੀ ਜਾਵੈ ॥
ਜਿਉ ਕਰ ਕਥਿਆ ਚਾਰ ਵੇਦ ਖਟ ਸਾਸਤਰ ਸੰਗ ਸਾਖ ਸੁਲਾਵੈ ॥
ਆਪੋਂ ਆਪਨੇ ਮਤ ਸਭ ਗਾਵੈ ॥ ੮ ॥

ਸੋ ਭਾਈ ਜੀ ਕਹੈਂ :--ਜਬ ਸਤਜੁਗ ਥੀ ਤ੍ਰੇਤਾ ਆਇਆ ਅਰ ਮਹਾਰਾਜ ਨੇ ਆਪਨੀ ਕਲਾ ਛੀਆਂ ਰਿਖੀਆਂ ਮੈ ਪਾਇਦਈ ਅਰ ਖਟਰਿਖੋਂ ਨੇ ਬੀਚਾਰਿਆ ਜੋ ਚਹੁੰਬੇਦਾਂ ਕਾ ਤਾਤਪਰਜ ਤ੍ਰੇਤੇ ਅਰ ਦੁਆਪਰ ਕੇ ਜੀਵ ਸਮਝ ਨਹੀਂ ਸਕਹਿੰਗੇ ਕਯੋਂ ਕਿ ਦੁਆਦਸ ਮਹਾਵਾਕ ਚਹੁੰ ਬੇਦਾਂ ਕੇ ਹੈਨ ਜੈਸੇ ਰਿਗਵੇਦ ਨੇ ਪ੍ਰਗਿਆਨੰਦ ਬ੍ਰਹਮ ਕਹਾ ਸੋ ਪ੍ਰਗ ਕਹੀਏ ਬੁਧ ਅਰ ਅਨੰਦ ਕਹੀਏ ਅਨੰਦ ਅਰ ਬ੍ਰਹਮ ਕਹੀਏ ਵਿਆਪਕ ਸੋ ਜੈਸੇ ਸਰਬ ਜਲੋਂ ਮੈਂ ਏਕ ਸੂਰਜ ਕਾ ਪ੍ਰਤਿਬਿੰਬ ਦ੍ਰਿਸਟਿ ਆਂਵਦਾ ਹੈ ਤੈਸੇ ਸਰਬ ਬੁਧੋਂ ਮੈ ਏਕ ਬ੍ਰਹਮ ਦ੍ਰਿਸਟਿ ਆਂਵਦਾਂ ਹੈ ॥ ਅਰ ਜੁਜਰਵੇਦ ਨੇ ਅਹੰਬ੍ਰਹਮ ਅਸਮਿ ਕਹਾ ਹੈ ਅਹੰ ਕਹੀਏ ਜੀਵ ਅਰ ਬ੍ਰਹਮ ਕਹੀਏ ਈਸਰ ਅਰ ਅਸਮਿ ਕਹੀਏ ਵਾਹਗੁਰੂ ਕੀ ਸਤਿਆ ॥

ਸਿਆਮ ਵੇਦ ਨੇ ਤਤ੍ਵੰ ਅਸ ਕਹਾ ਹੈ :--ਸੋ ਤਤ ਜੋ ਈਸਰ ਹੈ ਅਰ ਤ੍ਵੰ ਜੋ

ਜੀਵ ਹੈ ਅਸ ਕਹੀਏ ਸੋਈ ਬ੍ਰਹਮ ਹੈ ॥

ਨਿਆਇ ਸਾਸਤ੍ਰ ਕਾ ਵਰਨਨ

ਅਥਰਬਣ ਬੇਦ ਨੇ ਆਯੰ ਆਤਮਾ ਬ੍ਰਹਮ ਕਹਾ ਹੈ ਕਿਆ ਏਹੀ ਆਤਮਾ ਬ੍ਰਹਮ ਹੈ ਸੋ ਖਟਰਿਖੋਂ ਨੇ ਚਹੁ ਬੇਦਾ ਕੇ ਧਰਮ ਮਥ ਕਰ ਖਟ ਸਾਸਤਰ ਕੀਤੇ ॥ ਅਰ ਜੈਸੇ ਬ੍ਰਹਮਾਦਿਕਾਂ ਨੇ ਅਰ ਸਨਕਾਦਿਕਾ ਨੇ ਵੇਦਾਂ ਕੀਆਂ ਕਾਂਡੀਆਂ ਮੈ ਕਹਾ ਥਾ ਸੋਈ ਖਟਸਾਸਤ੍ਰਾਂ ਨੇ ਪਰਗਟ ਕੀਆ ਹੈ ॥ ਗਾਉਦੇ ਅਰ ਪੜਦੇ ਅਤੇ ਵਿਚਾਰ ਦੇ ਬਹੁਤੇ ਹੈਂ ਪਰ ਮੰਨ ਕੇ ਕੋਈ ਵਿਰਲਾ ਗਤਿ ਕੋ ਪ੍ਰਾਪਤਿ ਹੋਤਾ ਹੈ ਸੋ ਏਹ ਬੜਾ ਅਸਚਰਜ ਹੈ ਕਿ ਸ੍ਰਵਣ ਪੜਣ ਤੇ ਰਿਦੇ ਕੀ ਮੈਲ ਨਹੀਂ ਉਤਰ ਦੀ ॥

ਅਰ ਕਲਜੁਗ ਮੈ ਤ੍ਰਿਹੁ ਜੁਗੋਂ ਕੇ ਕਰਮ ਗੁਪਤ ਹੋ ਗਏ ਜੋ ਉਨਸੇ ਲੋਕਾ ਕਾ ਭਰਮ ਨਹੀਂ ਜਾਂਦਾ ॥ ਅਰ ਜਿਉਂਕਰ ਚਾਰ ਬੇਦਾਂ ਕਾ ਰਿਦਾ ਹੈਸੀ ਸੋਈ ਖਟਸਾਸਤ੍ਰੋਂ ਨੇ ਕਹਿ ਸੁਣਾਇਆ ॥ ਤਾਂ ਸਿਖਾਂ ਪ੍ਰਸ਼ਨ ਕੀਤਾ ਜੀ ਖਟਸਾਸਤ੍ਰੋ ਨੇ ਕਿਆ ਕਹਿਆ ਹੈ ॥

ਪਉੜੀ ਨਾਵੀ ਚਲੀ

ਗੋਤਮ ਤਪੇ ਵਿਚਾਰਕੈ ਰਿਗ ਵੇਦ ਦੀ ਕਥਾ ਸੁਣਾਈ ॥
ਨਿਆਇ ਸਾਸਤ੍ਰ ਕਉ ਮਥ ਕਰ ਸਭ ਬਿਧਿ ਕਰਤੇ ਹਥ ਜਣਾਈ ॥
ਸਭ ਕਿਛ ਕਰਤੇ ਵਸ ਹੈ ਹੋਰ ਬਾਤ ਵਿਚ ਚਲੈ ਨ ਕਾਈ ॥
ਦੁਹੀ ਸਿਰੀ ਕਰਤਾਰ ਹੈ ਆਪ ਨਿਆਰਾ ਕਰਿ ਦਿਖਲਾਈ ॥
ਕਰਤਾ ਕਿਨੈ ਨ ਦੇਖਿਆ ਕੁਦਰਤ ਅੰਦਰ ਭਰਮ ਭੁਲਾਈ ॥
ਸੋਹੰ ਬ੍ਰਹਮ ਛਪਾਇ ਕੈ ਪੜਦਾ ਭਰਮ ਕਰਤਾਰ ਸੁਣਾਈ ॥
ਰਿਗ ਕਹੈ ਸੁਣ ਗੁਰਮੁਖੋ ਆਪੇ ਆਪ ਨ ਦੂਜੀ ਰਾਈ ॥
ਸਤਿਗੁਰ ਬਿਨਾ ਨ ਸੋਝੀ ਪਾਈ ॥ ੯ ॥

ਭਾਈ ਮਨੀ ਸਿੰਘ ਜੀ ਨੇ ਕਹਿਆ ॥ ਰਿਗ ਵੇਦ ਕੋ ਮਥਕਰ ਗੋਤਮ ਤਪੇ ਨੇ ਨਿਆਇ ਸਾਸਤ੍ਰ ਉਤਪਤਿ ਕੀਤਾ ਅਰ ਐਉ ਕਹਾ ਜੋ ਈਸਰ ਸੂਤਰਧਾਰ ਹੈ ਅਰ ਜੀਵ ਪੁਤਲੀਆ ਹੈਂ ਸੋ ਜੈਸੇ ਸੂਤਰਧਾਰ ਪ੍ਰੇਰਨਾਂ ਕਰ ਰਹਾ ਹੈ ਅਰ ਏ ਜੀਵ ਪਏ ਭਰਮਤੇ ਹੈ ਪਰ ਕਰਤਾ ਕਿਨੇ ਦੇਖਿਆ ਨਹੀਂ ਸਭ ਕੁਦਰਤ ਕੇ ਹੀ ਭਰਮ ਮੈਂ ਭੂਲੇ ਹੂਏ ਹੈ ॥ ਅਰ ਜੋ ਪੂਰਿਗਆਨੰਦ ਬ੍ਰਹਮ ਰਿਗਵੇਦ ਨੇ ਕਹਾ ਥਾ ਸੋ ਜਗਤ ਤੇ ਛਪ ਗਿਆ ਹੈ ਅਰ ਨਿਆਇ ਸਾਸਤ੍ਰ ਕਹਿੰਦਾ ਹੈ ਕਿ ਸੁਣੋ ਗੁਰਮੁਖੋ ਆਪੇ ਆਪ ਸੋਹੰ ਬ੍ਰਹਮ ਹੈ ਅਰ ਦੂਜਾ ਰਾਈ ਮਾਤਰ ਭੀ ਨਹੀਂ ਹੂਆ ॥ ਪਰ ਸਤਿਗੁਰਾਂ ਕੇ ਮਿਲੇ ਬਿਨਾ

ਸੋਝੀ ਨਹੀਂ ਹੁੰਦੀ ਤਾਂਤੇ ਤੁਮ ਸਤਿਗੁਰ ਕੀ ਸਰਨ ਜਾਵੋ ॥

ਪਉੜੀ ਦਸਵੀਂ ਚਲੀ ॥ (ਮੀਮਾਸਾ ਸਾਸਤ੍ਰ ਕਾ ਵਰਨਨ)

ਫਿਰ ਜੈਮਨ ਰਿਖ ਬੋਲਿਆ ਜੁਜਰ ਵੇਦ ਮਥ ਕਥਾ ਸੁਣਾਵੈ ॥
ਕਰਮਾਂ ਉਤੇ ਨਿਬੜੈ ਦੇਹੀ ਮਧਿ ਕਰੇਂ ਸੋ ਪਾਵੈ ॥
ਥਾਪਸ ਕਰਮ ਸੰਸਾਰ ਵਿਚ ਕਰਮ ਵਾਸ ਕਰ ਆਵੈ ਜਾਵੈ ॥
ਸਹਸਾ ਮਨਹੁ ਨ ਚੁਕਈ ਕਰਮਾ ਅੰਦਰ ਭਰਮ ਭੁਲਾਵੈ ॥
ਕਰਮ ਵਰਤਣਿ ਜਗਤ੍ਰ ਕੀਏ ਇਕੋ ਮਾਇਆ ਬ੍ਰਹਮ ਕਹਾਵੈ ॥
ਜੁਜਰਵੇਦ ਕਉ ਮਥਨ ਕਰਿ ਤਤ ਬ੍ਰਹਮ ਵਿਚਿ ਭਰਮਿ ਮਿਲਾਵੈ ॥
ਕਰਮ ਦ੍ਰਿੜਾਇ ਜਗਤ੍ਰ ਵਿਚ ਕਰਮ ਬੰਧ ਕਰਿ ਆਵੈ ਜਾਵੈ ॥
ਸਤਿਗੁਰ ਬਿਨਾ ਨ ਸੋਝੀ ਪਾਵੈ ॥ ੧੦ ॥

ਭਾਈ ਜੀ ਕਹੈ ਹੈਂ ਫਿਰ ਜੈਮਨ ਰਿਖ ਨੇ ਜੁਜਰ ਵੇਦ ਕਉਂ ਮਥ ਕਰ ਮੀਮਾਂਸਾ ਸਾਸਤ੍ਰ ਨਿਕਾਲਿਆ ਅਰ ਕਰਮਾ ਕਾ ਬੰਧਨ ਕਹਾ ਜੋ ਕਰਮ ਹੀ ਜਗਤ ਕੋ ਉਤਪਤਿ ਕਰਦੇ ਹਨ ਜੈਸੇ ਜੋ ਪਿਛੇ ਕਰਮ ਕੀਏ ਹਨ ਸੋ ਅਬ ਭੋਗੇ ਹਨ ਅਰ ਜੋ ਇਸ ਸਰੀਰ ਮੈ ਕੀਏ ਹੈਂ ਸੋ ਆਗੇ ਭੋਗਹਿੰਗੇ ਅਰ ਕਰਮਾਂ ਕਾ ਬੰਧ ਹੀ ਜੀਉ ਹੈ ॥ ਪਰ ਇਸਕੇ ਮਨ ਸੇ ਸੰਸਾ ਨਿਵਰਤ ਨਹੀਂ ਹੋਤਾ ਅਰ ਜੇ ਸਤਿਗੁਰ ਕਉ ਮਿਲੇ ਅਰ ਨਿਹਕਾਮ ਕਰਮ ਕਰੇ ਅਰਨਾਮ ਕੀ ਉਪਾਸਨਾ ਦ੍ਰਿੜ ਰਖੇ ਤਾਂ ਇਸਕਾ ਸੰਸਾ ਕਟੀਐਗਾ॥

ਵਿਦਾਂਤ ਸਾਸਤ੍ਰ ਕਾ ਵਰਨਨ

ਪਉੜੀ ਯਾਰਵੀ :--

ਸਿਆਮ ਵੇਦ ਕਉ ਸੋਧਿ ਕਰ ਮਥਿ ਵਿਦਾਂਤ ਬਿਆਸ ਸੁਣਾਇਆ ॥
ਕਥਨੀ ਬਦਨੀ ਬਾਹਰਾ ਆਪੇ ਆਪਣਾ ਬ੍ਰਹਮ ਜਣਾਇਆ ॥
ਨਦਰੀ ਕਿਸੇ ਨ ਲਿਆਵਈ ਹਉਮੈ ਅੰਦਰ ਭਰਮ ਭੁਲਾਇਆ ॥
ਆਪੁ ਪੁਜਾਇ ਜਗਤ ਵਿਚ ਭਾਉ ਭਗਤ ਦਾ ਮਰਮੁ ਨ ਪਾਇਆ ॥
ਤ੍ਰਿਪਤਿ ਨ ਆਵੀ ਵੇਦ ਮਥਿ ਅਗਨੀ ਅੰਦਰਿ ਤਪਤ ਤਪਾਇਆ ॥
ਮਾਇਆ ਡੰਡ ਨ ਉਤਰੇ ਜਮ ਡੰਡੇ ਬਹੁ ਦੁਖ ਰੂਆਇਆ ॥
ਨਾਰਦ ਮੁਨ ਉਪਦੇਸਿਆ ਮਥਿ ਭਾਗਵਤ ਗੁਨ ਗੀਤ ਕਰਾਇਆ ॥
ਬਿਨ ਸਰਨੀ ਨ ਕੋਇ ਤਰਾਇਆ ॥

ਭਾਈ ਜੀ ਕਹੇ ਹੈ :--ਬਹੁੜੋ ਮਹਾਰਾਜ ਨੇ ਅਪਨੀ ਕਲਾ ਪਾਇ ਕਰ ਅਰ

ਬਤੀਸ ਸੁਭ ਲਖਣ ਦੇ ਕਰ ਬਿਆਸ ਜੀ ਨੂੰ ਵੇਦਾਂ ਦੇ ਵਿਭਾਗ ਵਾਸਤੇ ਉਤਪਤਿ ਕੀਤਾ ਸੋ ਤਿਸ ਨੇ ਵੇਦਾਂਤ ਸਾਸਤ੍ਰ ਪ੍ਰਗਟ ਕੀਤਾ ਅਰ ਵੇਦਾਂਤ ਕਾ ਏਹ ਧਰਮ ਕਹਾ ਕਿ ਜੈਸੇ ਸੂਰਨ ਆਪ ਕੋ ਜਾਣੈ ਭਉ ਭੀ ਸੂਰਨ ਹੈ ਐਸੇ ਗਿਆਨ ਅਰ ਅਗਿਆਨ ਇਨ ਦੋਨੋ ਕਾ ਸਾਖੀ ਯਹੀਜੀਉ ਬ੍ਰਹਮ ਹੈ ॥ ਅਰ ਜੋ ਅਵਿਦਿਆ ਕੋ ਅੰਗੀਕਾਰ ਕਰ ਕੈ ਕਹਤਾ ਹੈ ਕਿ ਮੈਂ ਆਪ ਕੋ ਨਹੀਂ ਜਾਣਤਾ ਤਾਂਤੇ ਬ੍ਰਹਮ ਭਾਉ ਮੈਂ ਭੇਦ ਕੁਛ ਨਹੀਂ ਅਰ ਜੋ ਕਰਮ ਹੈ ਸਭ ਮਿਥਿਆ ਹੈ ਅਰ ਬ੍ਰਹਮ ਕੇਹੀ ਜਾਣਨੇ ਤੇ ਮੁਕਤਿ ਹੈ ਪਰ ਵਕਤਿਓਂ ਅਰ ਸ੍ਰੋਤਿਓਂ ਮੈਂ ਹਉਂ ਅਰ ਮੈਂ ਬੁਧ ਆਨ ਪਰਗਟ ਹੋਈ ਸੋ ਅਪ ਕਰਮ ਕਰੈਂ ਅਰ ਮੁਖ ਸੇ ਕਹੈਂ ਹਮ ਬ੍ਰਹਮ ਹੈਂ ਅਰ ਹੋਰ ਕਿਸੀ ਕੋ ਨਦਰ ਮੈ ਨ ਲਿਆਵਹਿ ਅਰ ਆਪਣੀ ਹੀ ਪੂਜਾ ਕਰਾਵੈਂ ਅਰ ਭਾਉ ਭਗਤਿ ਜੋ ਥੀ ਸੋ ਜਗਤ ਤੋਂ ਘਟ ਗਈ ਤਾਂ ਸਾਰਾ ਵੇਦ ਮਥਨ ਕਰਕੇ ਵੇਦਾਂਤ ਸਾਸਤ੍ਰ ਕੀਆ ਅਰ ਚਾਰੋਂ ਵੇਦੋਂ ਕੋ ਮਥ ਕਰ ਮਹਾ ਭਾਰਤ ਕੀਆ ਤਉ ਭੀ ਜੋ ਹਉਮੈ ਕੀ ਤਪਤਿ ਸੀ ਸੋ ਨਾ ਮਿਟੀ ਤਾਂ ਫਿਰ ਵਿਆਸ ਜੀ ਨੇ ਵਿਚਾਰਿਆ ਕਿ ਜੈਸੇ ਮੇਰੀ ਹਉਮੈ ਕੀ ਤਪਤ ਨਹੀਂ ਮਿਟੀ ਤੈਸੇ ਮਾਇਆ ਕਾ ਡੰਡ ਭੀ ਨਹੀਂ ਮਿਟਿਆ ਹੋਵੇਗਾ ਅਰ ਜਮ ਕਾ ਡੰਡ ਭੀ ਨਹੀਂ ਮਿਟਿਆ ਹੋਵੇਗਾ ਤਾਂ ਨਾਰਦ ਮੁਨੀ ਪਾਸ ਆਪਣੀ ਬਿਰਥਾ ਕਹੀ ਅਰ ਕਹਾ ਕਿ ਮੇਰੇ ਮਨ ਕੀ ਤਪਤ ਨਹੀਂ ਮਿਟੀ ਅਰ ਸਾਂਤ ਨਹੀਂ ਆਈ ॥ ਤਾਂ ਨਾਰਦ ਮੁਨਿ ਨੇ ਬਚਨ ਕੀਤਾ ਕਿ ਤੁਮ ਨੇ ਮਹਾਰਾਜ ਕੇ ਅਵਤਾਰੋਂ ਕੇ ਗੁਣ ਨਹੀਂ ਗਾਏ ਤਾਂਹੀਤੇ ਤੁਝੇ ਸਾਂਤ ਨਹੀਂ ਆਈ ॥ ਫਿਰ ਵਿਆਸ ਜੀ ਕਹਾ ਕਿ ਮੈਨੇ ਮਹਾਭਾਰਤ ਮੈ ਸ੍ਰੀ ਕ੍ਰਿਸਨ ਭਗਵਾਨ ਕੇ ਗੁਣ ਗਾਏ ਹਨ॥ ਅਰ ਹਰਿਵੰਸ ਮੈਂ ਸਭਨਾ ਅਵਤਾਰਾਂ ਕੇ ਗੁਣ ਗਾਏ ਹੈਨ ਤਾਂ ਨਾਰਦ ਜੀ ਕਹਾ ਜੋ ਮਹਾਭਰਤ ਮੈ ਗੁਨ ਕਹੇ ਹੈਂ ਸੋ ਤੋ ਕੇਵਲ ਪਾਂਡਵਾਂ ਕੀ ਕਥਾ ਕੇ ਸਾਂਗੇ ਕਹੇ ਹੈਂ ਅਰ ਮੁੱਖ ਕਰਕੇ ਭੀ ਨਹੀਂ ਗਾਏ ਗਵਨ ਕਰਕੇ ਗਾਏ ਹੈਂ ਸੋ ਅਬ ਜੈਸੇ ਮੈਂ ਕਹਤਾ ਹੋਂ ਸੋ ਕਰੋ ਫਿਰ ਆਪ ਕਾ ਮਨ ਸਾਂਤ ਹੋ ਜਾਵੇਗਾ ॥ ਤੋ ਨਾਰਦ ਜੀ ਕਹਾ ਪ੍ਰਥਮੇ ਬ੍ਰਹਮਾ ਜੋ ਜਗਤ ਕੋ ਉਤਪਤਿ ਕਰਨ ਲਗਾ ਤੋ ਚਾਰੋ ਵੇਦ ਭੀ ਪੜੇ ਪਰ ਉਸਕੋ ਸਾਂਤ ਨ ਆਈ ਤਾਂ ਬਿਸਨ ਮਹਾਰਾਜ ਅਗੇ ਬ੍ਰਹਮੇ ਨੇ ਬੇਨਤੀ ਕੀਤੀ ॥ ਤਬ ਮਹਾਰਾਜ ਨੇ ਬ੍ਰਹਮੇ ਕੋ ਚਤਰ ਸਲੋਕੀ ਭਾਗਵਤ ਕਾ ਉਪਦੇਸ ਕੀਤਾ ਤਾਂ ਫਿਰ ਬ੍ਰਹਮਾ ਕੋ ਸਾਂਤ ਆ ਗਈ ॥ ਬਹੁੜੋ ਮੈ ਭੀ ਦਛਪ੍ਰਜਾਪਤਿ ਕੇ ਸਰਾਪ ਕਰ ਭਰਮਤਾ ਫਿਰਤਾ ਥਾ ਅਰ ਮੁਝੇ ਭੀ ਸਾਂਤ ਨਹੀਂ ਸੀ ਆਵਤੀ ਅਰ ਗਿਆਨ ਧਿਆਨ ਭੀ ਬਹੁਤ ਕੀਆ ਤੋਂ ਭੀ ਮਨ ਕੋ ਸਾਂਤ ਨਾ ਆਈ ਤਬ ਮੈਂ ਬ੍ਰਹਮਾ ਜੀ ਕੇ ਪਾਸ ਜਾਇਕਰ ਬੇਨਤੀ ਕੀਤੀ ਅਰ ਬ੍ਰਹਮਾ ਜੀ ਨੇ ਉਸੀ ਚਤਰ ਸਲੋਕੀ ਭਾਗਵਤ ਕਾ ਉਪਦੇਸ ਕੀਤਾ ਤਬ ਫਿਰ

ਮੁਝ ਕੋ ਭੀ ਸਾਂਤਿ ਆਈ ਸੋ ਅਬ ਮੈ ਉਸੀ ਚਤਰ ਸਲੋਕੀ ਭਾਗਵਤ ਕਾ ਉਪਦੇਸ ਕਰਤਾ ਹੂੰ ਤੁਮ ਸੁਨੋ ਅਰ ਇਸੀ ਭਾਗਵਤ ਕਾ ਬਿਸਥਾਰ ਕਰਕੇ ਸ੍ਰੀ ਭਗਵਾਨ ਕੇ ਗੁਣ ਗਾਵੋ ਤਬ ਤੁਝਕੋਂ ਭੀ ਸਾਂਤ ਆ ਜਾਵੇਗੀ॥ ਤਾਂ ਵਿਆਸ ਜੀ ਨੇ ਬੇਨਤੀ ਕੀਤੀ ਕਿ ਜੌਨਸੇ ਸਲੋਕ ਮਹਾਰਾਜ ਨੇ ਬ੍ਰਹਮਾ ਜੀ ਕੋ ਉਪਦੇਸ ਕੀਏ ਹਨ ਸੋ ਮੁਝਕੋ ਭੀ ਕ੍ਰਿਪਾ ਕਰਕੇ ਸੁਣਾਈਏ ਤਾਂ ਨਾਰਦ ਜੀ ਕਹਣੇ ਲਗੇ ॥ ਅਥ ਸ੍ਰੀ ਚਤਰ ਸਲੋਕੀ ਭਾਗਵਤ ਲਿਖਯਤੇ ॥ ਗਜਾਨੰ ਪਰਮ ਗੁਹਯੰ ਮੇ ਯਦਿ ਵਿਗਜਾਨ ਸਮਨ੍ਰਿਤੰ ॥ ਸਰਹਸ ਞੰਤਦੰਗ੍ਰੰਚ ਗ੍ਰਹਾਣ ਗਦਿਤੰ ਮਯਾ ॥ ੧ ॥ ਯਾਵਾਨਿਹੰਜ ਥਾ ਭਾਵੋ ਯਦਿ ਰੂਪ ਗੁਣ ਕਰਮਕ: ਤਥੈਵੱ ਤੱਤ੍ਰ ਵਿਗਜਾਨ ਮਸਤੇ ਮਦਨੁੱ ਗ੍ਰਹਾਤ ॥੨॥ ਅਹਮੇਵਾ ਸਮੇਵਾ ਗ੍ਰੇ ਨਾ ਨਦ ਜਦ ਜਤ ਸਦ ਸਤਪਰੰ ॥ ਪਸਚਾਦਹੰਯਦੇ ਤੱਜਜੋ ਵਸਜ ਤੇਸੋ ਸਮਜਹੰ ॥ ੩ ॥ ਰਿਤੇ ਰਿਥੇਯਤ ਪ੍ਰਤੀਯੇਤਨ ਪ੍ਰਤੀਯੇਤ ਚਾਤਮਨਿ ॥ ਤਤਬਿਦਜਾ ਦਾਤ ਮਨੋ ਮਾਯਾ ਯਥਾ ਭਾਸੋ ਯਥਾਤਮਾ: ॥ ੪ ॥ ਯਥਾ ਮਹਾਂਤਿ ਭੂਤਾਨਿ ਭੂਤੇਖੂ ਚਾਵ ਚੇਖੂਨ ॥ ਪ੍ਰਵਿਸ੍ਟਾਨਿ ਨ ਪ੍ਰਵਿਸਟਾਨਿ ਤਥਾ ਤੇਖੂ ਨ ਤੇਖੁਹੰ ॥ ੫ ॥ ਏਤਾਵ ਦੇਵ ਜਿਗਜਾਸੰ ਜਤ ਤਤ੍ਰ ਜਿਗਜਾਸੁ ਨਾਤਮਨ : ॥ ਅੱਨ੍ਵੈਵਿ ਜਤ੍ਰੇਕਾ ਭਯੰ ਯਤ੍ਰਸ ਜਾਤਿ ਸਰਬਤ ਸਰਬਦਾ ॥ ਏਤਤਮਤੰ ਸਮਾਤਿ ਸੂਪਰਮੇਣ ਸਮਾਧਿਨ : ॥ ਭਵਾਨ ਕਲਪ ਵਿਕਲਪੇਖੁਨ ਵਿਹਜਤਿ ॥੬॥ ਏ ਤਤ ਮਤੇਸਮਾ ਤਿ ਸੂਪਰਗੇਣ ਸਮਾਧਿਨ: ॥ ਭਵਾਨ ਕਲਪ ਵਿਕਲ ਪੇਖੁਨਵਿ ਮੂਹਜਾਤਿ ਕੁਤ੍ਰਚਿਤਾ ॥ ੭ ॥ ਜਾਂ ਏਹ ਚਤਰ ਸਲੋਕੀ ਮੂਲ ਅਰ ਤੀਨ ਸਲੋਕ ਉਪਦੇਸ ਕੇ ਨਾਰਦ ਜੀ ਨੇ ਵਿਆਸ ਜੀ ਪ੍ਰਤ ਕਹੇ ॥

ਭਾਗਵਤ ਕਾ ਵਿਚਾਰ

ਬਹੁੜੋਂ ਕਹਾ ਇਨੀ ਸਲੋਕਾਂ ਕਾ ਤੂੰ ਸ੍ਰੀ ਭਾਗਵਤ ਵਿਸਥਾਰ ਸਹਿਤ ਕਰ ਜੈਸੇ ਬੀਜ ਸੇ ਬ੍ਰਿਛ ਉਤਪਤਿ ਹੂਆ ਕਰਤਾ ਹੈ ਤੈਸੇ ਇਸ ਚਤੁਰ ਸਲੋਕੀ ਸੇ ਸ੍ਰੀ ਭਾਗਵਤ ਮਹਾਂ ਪੁਰਾਨ ਉਤਪਤਿ ਹੋਵੇਗਾ ਤਬ ਤੁਝ ਕੋ ਸਾਂਤਿ ਪ੍ਰਾਪਤਿ ਹੋਵੇਗੀ ਤਾਂ ਫਿਰ ਵਿਆਸ ਜੀ ਨੇ ਪ੍ਰਸਨ ਕੀਆ ਕਿ ਇਨ ਸਲੋਕਾਂ ਕਾ ਅਰਥ ਭੀ ਕ੍ਰਿਪਾ ਕਰ ਕੇ ਸੁਨਾਵੋ ਤਾਂ ਨਾਰਦ ਜੀ ਨੇ ਕਹਾ ਕਿ ਤੈਨੇ ਵਿਆਕਰਨ ਬਨਾਏ ਹੈਂ ਤਾਂਤੇ ਤੁਮਕੋ ਅਰਥ ਕੀ ਭੀ ਗੰਮਤਾ ਹੋਵੇਗੀ ਤਾਂ ਵਿਆਸ ਜੀ ਨੇ ਕਹਾ ਜੇਕਰ ਅਨਭੈ ਦੁਆਰਾ ਗੰਮਤਾ ਹੋਵੈ ਭੀ ਪਰ ਤਊ ਭੀ ਗੁਰਾਂ ਕੀ ਜੁਗਤ ਸੁਨੇ ਬਿਨਾ ਸਾਂਤਿ ਨਹੀਂ ਆਵਤੀ ਜੈਸੇ ਏਕ ਪੱਕਾ ਫਲ ਬ੍ਰਿਛ ਸੇ ਗਿਰੇ ਅਰ ਪ੍ਰਿਥੀ ਪਰ ਗਿਰ ਕਰ ਫੂਟ ਜਾਵੈ ਅਰ ਧੂੜ ਉਸ ਮੈਂ ਮਿਲ ਜਾਵੈ ਤੋ ਰਸ ਉਸਕਾ ਘਟ ਜਾਤਾ ਹੈ ॥ ਅਰ ਦੂਸਰਾ ਫਲ ਬ੍ਰਿਛ ਸੇ ਡਿਗੇ ਅਰ ਟਾਣੀਆਂ ਉਪਰੋਂ

ਹੋਇਕਰ ਆਵੇ ਅਰ ਅਗੇ ਪੁਰਸ ਝੋਲੀ ਪਸਾਰ ਕਰ ਖੜਾ ਹੋਵੇ ਅਰ ਝੱਟ ਆਉਂਦਿਆਂ ਹੀ ਬੋਚ ਲਵੇ ਸੋ ਤਿਸ ਫਲ ਕਾ ਰਸ ਜਯੋਂਕਾ ਤਯੋਂ ਬਣਿਆ ਰਹਿਤਾ ਹੈ ॥ ਤਿਸੀ ਤਰਾਂ ਅਨਭੈ ਕੇ ਜਾਣਨੇ ਸੇ ਸਾਤ ਨਹੀਂ ਆਵਤੀ ਅਰ ਭਗਵਾਨ ਸੇ ਬ੍ਰਹਮਾ ਨੇ ਜੈਸੇ ਸੁਣਾ ਹੈ ਅਰ ਬ੍ਰਹਮਾ ਸੇ ਤੁਮਨੇ ਅਰ ਤੁਮਾਰੀ ਰਸਨਾ ਸੇ ਮੈ ਸੁਣੋਂਗਾ ਤਾਂ ਮੁਝਕੋ ਸਾਂਤ ਆਵੇਗੀ ॥ ਤਾਂ ਨਾਰਦ ਨੇ ਕਹਾ ਜੋ ਭਗਵਾਨ ਕਾ ਰਿਦਾ ਯੇਹ ਹੈ ਕਿ ਮੇਰੇ ਨਾਮ ਕੀ ਸਰਨ ਬਿਨਾ ਉਧਾਰ ਕਿਸੀ ਕਾ ਨਹੀਂ ਹੋਤਾ ਸੋ ਪ੍ਰਿਥਮੇ ਭਗਵਾਨ ਜੀ ਨੇ ਬ੍ਰਹਮਾ ਜੀ ਕੋ ਦੋ ਸਲੋਕ ਉਪਦੇਸ ਕੇ ਕਹੇ ਹੈਂ ਕਿ ਜੇੜਾ ਗਿਆਨ ਮੈਨੇ ਪਰਮ ਗੁਹਜ ਰਖਾਥਾ ਅਰ ਵਿਗਯਾਨ ਤੇ ਭਗਤਿ ਰੂਪੀ ਰਸ ਸਮੇਤ ਅਰ ਨਾਮ ਦਾਨ ਅਤੇ ਇਸਨਾਨ ਅੰਗਾਂ ਸਮੇਤ ਸੋ ਤੁਮ ਲੇਹੁ ਮੈਂ ਤੇਰੇ ਕੋ ਦੇਤਾ ਹੋਂ ॥ ਬਹੁੜੋ ਨਾਰਦ ਜੀ ਦੂਸਰੇ ਸਲੋਕ ਕੀ ਟੀਕਾ ਕਰੀ ਕਿ ਜੈਸਾ ਮੈਹੋਂ ਅਰ ਜੈਸਾ ਮੇਰਾ ਭਾਉ ਹੈ ॥ ਅਰ ਜੈਸਾ ਮੇਰਾ ਰੂਪ ਹੈ ਅਰ ਜੈਸੇ ਮੇਰੇ ਗੁਣ ਹੈਂ ਅਰ ਜੈਸੇ ਮੇਰੇ ਕਰਮ ਹੈਂ ਤੈਸੇ ਹੀ ਤੂੰ ਇਨ ਸਲੋਕੋਂ ਮੈ ਮਾਣ ਮੇਰੀ ਕਿਰਪਾ ਕਰਕੇ ॥ ੧ ॥ ਪੁਨਾ ਤੀਸਰੇ ਸਲੋਕ ਕੀ ਟੀਕਾ ਕਹੀ ਕਿ ਮੈਂ ਹੀ ਜਗਤ ਕੀ ਆਦਿ ਹਾਂ ਅਰ ਸਰਬ ਸੂਖਮ ਅਸਥੂਲ ਕਾ ਪਰਾ ਅਰ ਮੇਰੇ ਸੇ ਬਿਨਾ ਨਿਰਗੁਨ ਸਰਗੁਨ ਕੁਛ ਨਹੀਂ ਸੀ ਅਤੇ ਅਬ ਭੀ ਮੈਂਹੀਹੋਂ ਅਰ ਜਬਜਗਤ ਮੁਝ ਮੈ ਲੀਨ ਹੋ ਜਾਵੇਗਾ ਤਬ ਪਾਛੇ ਭੀ ਮੈਂਹੀ ਰਹੋਂਗਾ ਸੋ ਇਹ ਪ੍ਰਿਥਮ ਸਲੋਕ ਚਤੁਰ ਸਲੋਕੀ ਕਾ ਕਹਾਂ ॥ ਬਹੁੜੋਂ ਦੂਜਾ ਸਲੋਕ ਕਹਾ ਤਿਸਕਾ ਬਿਚਾਰ ਕਿ ਜੇਹੜੀ ਮਾਇਆ ਅਸੱਤ ਹੈ ਸੋ ਸਤ ਪਈ ਭਾਸਤੀ ਹੈ ਅਰ ਜੋ ਮੈਂ ਸਤ ਹੋਂ ਤਿਸਕੋਂ ਕੋਈ ਜਾਣ ਨਹੀ ਸਕਤਾ ਸੋ ਏਹੋ ਮੇਰੀ ਮਾਇਆ ਜਾਣ ਅਰ ਜੈਸੇ ਏਕ ਚੰਦ੍ਰਮਾਂ ਕੇ ਦੋਇ ਚੰਦ੍ਰਮਾ ਦੋਖ ਦ੍ਰਿਸਟੀ ਕਰਕੇ ਨਦਰ ਆਵਤੇ ਹੈਂ ਅਰ ਰਾਹੂ ਆਕਾਸ ਮੈਂ ਇਸਥਿਤ ਭੀ ਹੈ ਪਰ ਚੰਦ੍ਰਮਾ ਅਰ ਸੂਰਜ ਕੇ ਸੰਗਮ ਬਿਨਾ ਦ੍ਰਿਸਟ ਨਹੀਂ ਆਵਤਾ ॥ ਤੈਸੇ ਹੀ ਮੇਰੀ ਮਾਇਆ ਹੈ ਨਹੀਂ ਪਰੰਤੂ ਦ੍ਰਿਸ੍ਟ ਆਵਤੀ ਹੈ ਅਰ ਮੈਂ ਸਤ ਹੋਂ ਪਰੰਤੂ ਸੰਤਾਂ ਕੇ ਸੰਗ ਬਿਨਾ ਦ੍ਰਿਸ੍ਟ ਨਹੀਂ ਆਵਤਾ ॥ ਬਹੁੜੋ ਤੀਜੇ ਸਲੋਕ ਕਾ ਪਰਮਾਰਥ ਕਹਾ ਕਿ ਜੈਸੇ ਪੰਜੇ ਭੂਤ ਤੇਜ ਵਾਉ ਪ੍ਰਿਥਵੀ ਆਕਾਸ ਜਲ ਅਪਨੇ ਕਾਰਜਾਂ ਮੈਂ ਭੀ ਹੈਂ ਅਰ ਨਿਆਰੇ ਭੀ ਹੈਂ ॥ ਤੈਸੇ ਮੈਂ ਸਭ ਕੋ ਸਤਾ ਭੀ ਦੇ ਰਹਾ ਹੋਂ ਅਰ ਨਿਆਰਾ ਭੀ ਹੋਂ ਸੋ ਤੈਸੇ ਤੂੰ ਮੁਝੇ ਅਨਵਿਤ੍ਰੇਕ ਕਰ ਦੇਖ ਅਨਵਿਤ੍ਰੇਕ ਕਰ ਸਭ ਵਿਸਥਾਰ ਮੁਝ ਸੇ ਹੀ ਹੂਆ ਹੈ ਅਰ ਵਿਤ੍ਰੇਕ ਕਰ ਮੁਝਸੇ ਬਿਨਾਂ ਕੁਛ ਰਹਤਾ ਨਹੀ ਜਾਂ ਏਹ ਚਾਰ ਸਲੋਕ ਕਹੇ ਤਾਂ ਪੰਜਵਾਂ ਸਲੋਕ ਸਮੋਧਨ ਕਾ ਬ੍ਰਹਮਾ ਕੋ ਕਹਾ ਕਿ ਜਬ ਤੂੰ ਏਹ ਮੇਰਾ ਗਿਆਨ ਚਿਤ ਮੈਂ ਰਖੇਂਗਾ ਤਾਂ ਜਗਤ ਕੀ ਉਤਪਤਿ ਅਰ ਪ੍ਰਲੈਕਾ ਤੁਝਕੋ ਮੋਹ ਨਾ ਵਿਆਪੈਗਾ ॥

ਬਤੀ ਸੁਭ ਲਖਣ

ਅਰ ਸਦਾ ਸਾਂਤਿ ਰਹੇਗੀ ਤਾਂ ਸਿਖਾਂ ਨੇ ਪ੍ਰਸਨ ਕੀਤਾ ਜੋ ਬਤੀਸ ਸੁਭ ਲਖਣ ਕਉਣ ਹਨ ਜੇਹੜੇ ਮਹਾਰਾਜ ਜੀ ਨੇ ਬਿਆਸ ਕੋ ਦੀਏ ਥੇ ਤਾਂ ਭਾਈ ਜੀ ਕਹਾ ॥ ਕਬਿਤ ॥ ਸਕ੍ਰਿਤ ਪ੍ਰਮਾਨ ਕੁਲ ਰੂਪ੍ਰ ਕ੍ਰਿਆਵਤ ਸਦਾਸਜਨ ਸੁਬੁਧਿ ਸਤ ਸੀਲ ਬ੍ਰਤਧਾਰੀ ਹੈ ॥ ਵਿਚਖੱਣ ਵਿਨੈਜਪ ਵਿਸ੍ਵਾਸ ਵਿਦਨੀਕ ਵਪ ਨਿਰਲੋਭ ਦਇਆ ਦਾਨ ਦੈਨ ਉਪਕਾਰੀ ਹੈ ॥ ਤੁਛ ਨਿੰਦ੍ਰਾਇੰਦ੍ਰੀ ਜਿਤ ਸੁਚ ਪਰਕਾਸ ਹਰਿ ਗੁਰਮਾਤ ਪਿਤ ਭਗਤਿ ਪਿਆਰੀ ਹੈ ॥ ਸਾਸਤ੍ਰਗ ਧਰਮਗ ਮਿਤ ਭੂਦਬਸਕਾਮ ਬਤੀ ਸੁਭ ਲਖਣ ਨਰ ਜਗਤ ਮਝਾਰੀ ਹੈ ॥ ਜਬ ਏਹ ਕਬਿਤ ਭਾਈ ਮਨੀ ਸਿੰਘ ਜੀ ਨੇ ਕਹਾ ਤਾਂ ਸਿਖਾਂ ਪ੍ਰਸਨ ਕੀਤਾ ਕਿ ਏਹ ਲਖਣ ਸਾਨੂੰ ਵਿਸਥਾਰ ਨਾਲ ਸੁਨਾਵੋ ਤਾਂ ਭਾਈ ਜੀ ਨੇ ਕਹਿਆ ਜੋ ਪਹਿਲਾ ਸੁਕ੍ਰਿਤ ਨਾਮ ਪੁੰਨਾਂ ਕਾ ਹੈ ਅਤੇ ਜੋ ਜਪੁ ਤਪੁ ਹੋਮ ਆਦਿਕੋਂ ਕੇ ਸਭੀ ਪੁੰਨ ਹੋਵੈਂ ਤਿਸ ਕੋ ਸੁਕ੍ਰਿਤ ਕਹੀਏ ਹੈ ॥ ਅਰ ਦੂਜਾ ਪ੍ਰਮਾਨ ਕਹਾ ਹੈ ਸੋ ਮਹਾਰਾਜ ਕੀ ਮਾਇਆ ਕੋ ਅਸਤ ਜਾਣਨਾ ਏਹ ਪ੍ਰਮਾਨ ਹੈ ॥ ਤੀਸਰਾ ਕੁਲ ਸੋ ਉਤਮ ਖਤ੍ਰੀ ਬ੍ਰਹਮਣ ਹੋਵੇ ॥ ਚੌਥਾ ਰੂਪ ਸੁੰਦਰ ॥ ਪੰਜਵਾਂ ਕ੍ਰਿਆ ਸੋ ਵੇਦੋਂ ਅਰ ਗੁਰੋਂ ਕੇ ਅਨੁਸਾਰ ਛਠਵਾਂ ਸਰਬ ਕਾ ਸ੍ਵਜਨ ਸਾਤਵਾਂ ਉਤਮ ਬੁਧ ਅਸਟਮ ਸੱਤਵਾਦੀ ਨੌਵਾਂ ਸੀਲਵਾਂਨ ਦਸਵਾਂ ਬ੍ਰਤਾਂ ਕੇ ਧਾਰਨਹਾਰਾ ਯਾਰਵਾਂ ਬਿਚਖਣ ਜੋ ਦਿਭਦ੍ਰਿਸ੍ਟ ਦੇਖਣ ਵਾਲਾ ਬਾਰਵਾਂ ਨ੍ਰਿਮਤਾ ਵਾਲਾ ਤੇਰਵਾਂ ਜਪ ਪਾਠ ਧਰਮ ਅਰਥ ਸਦੀਵ ਕਰਨ ਵਾਲਾ ਚੌਧਵਾਂ ਗੁਰਾਂ ਕੇ ਵਚਨ ਪਰ ਪ੍ਰਤੀਤ ਪੰਦ੍ਰਵਾਂ ਸਭਸ ਅਗੇ ਨੀਵਾਂ ਚਲਣਾ ਸੋਲਵਾਂ ਨਿਰਲੋਭ ਜੋ ਕਿਸੀ ਬਾਰਤਾ ਕਾ ਲੋਭ ਨ ਕਰੇ ਸਤਾਰਵਾਂ ਸਭਸ ਪਰ ਦਇਆ ਰਖਣੀ ਅਠਾਰਵਾਂ ਜੋ ਆਪਸ ਪਾਸ ਵਿਦਿਆ ਧਨ ਮਾਇਆ ਹੋਵੇ ਸੋ ਦਾਨ ਕਰਨਾ ਉਨੀਸਵਾਂ ਪਰਉਪਕਾਰੀ ਵੀਹਵਾਂ ਨਿੰਦ੍ਰਾ ਅਲਪ ਕਰਨੀ ਇਕੀਸਵਾਂ ਇੰਦ੍ਰੀਆਂ ਕਾ ਜੀਤ ਰਖਣਾ ਬਾਈਸਵਾਂ ਸਰੀਰ ਨੂੰ ਜਲ ਮ੍ਰਿਤਕਾ ਕਰ ਪਵਿਤਰ ਰਖਣਾ ਅਤੇ ਰਿਦੇ ਕੋਂ ਰਾਗ ਦ੍ਵੈਖ ਕੀ ਮੈਲ ਸੇ ਨਿਆਰਾ ਰਖਣਾ ਤੇਈਸਵਾਂ ਸੁਭ ਪ੍ਰਕਾਸ ਜੋ ਆਪਨੇ ਅਨਭਉ ਕਰ ਸਭ ਕੁਛ ਸਮਝ ਲੈਣਾ ॥ ਚੌਬੀਸਵਾਂ ਮਹਾਰਾਜ ਕੀ ਭਗਤਿ ਪਚੀਸਵਾਂ ਮਾਤਾ ਕੀ ਭਗਤਿ ਛਬੀਸਵਾਂ ਪਿਤਾ ਕੀ ਭਗਤ ਸਤਾਈਸਵਾਂ ਗੁਰਾਂ ਕੀ ਭਗਤਿ ॥ ਅਠਾਈਸਵਾਂ ਵਾਸਨਾਂ ਜੀਤਣ ਕੀ ਬੁਧਿ ਉਨਤੀਸਵਾਂ ਸਾਸਤ੍ਰ ਵਿਦਿਆ ॥ ਤੀਸਵਾਂ ਧਰਮ ਕਾ ਗਿਆਤਾ ॥ ਇਕਤੀਸਵਾਂ ਸੰਜਮ ਕਾ ਅਹਾਰੀ ॥ ਬਤੀਸਵਾਂ ਕਾਮਨਾ ਕੇ ਬਸਕਰਨਹਾਰਾ ਅਤੇ ਸੰਤਾ ਸਾਥ ਪਿਆਰ

ਅਰ ਪ੍ਰੀਤ ਕਰਨੇਹਾਰਾ ਸੋ ਏਹ ਬਤੀਸ ਲਖਣ ਸੁਭ ਮਹਾਰਾਜ ਜੀ ਨੇ ਵਿਆਸ ਮੈਂ ਪਾਏ ॥ ਤਾਂ ਫਿਰ ਸਿਖਾਂ ਪ੍ਰਸ਼ਨ ਕੀਤਾ ਜੀ ॥

ਬਿਆਸ ਜੀ ਕੀ ਉਤਪਤਿ ॥

ਕਈ ਕਹਤੇ ਹੈਂ ਜੋ ਬਿਆਸ ਜੀ ਬ੍ਰਹਮਾ ਕਾ ਅਵਤਾਰ ਹੈ ਅਰ ਕਈ ਕਹਤੇ ਹੈਂ ਬਿਸਨ ਕਾ ਅਵਤਾਰ ਹੈ ਅਰ ਕਈ ਕਹਤੇ ਹੈ ਜੋ ਬਿਆਸ ਕੇ ਖਟ ਅੰਗੋਂ ਸੇ ਖਟ ਰਿਖੀ ਹੋਏ ਹੈਂ ਕਈ ਕਹਤੇ ਹੈ ਜੋ ਪੰਜ ਰਿਖੀ ਭਿੰਨ ਹੈਂ ਅਰ ਬਿਆਸ ਜੀ ਭਿੰਨ ਹੈ ॥ ਤਾਂ ਭਾਈ ਜੀ ਨੇ ਕਹਾ ਕਲਪਾਂ ਕਲਪਾਂ ਮੈਂ ਬਿਆਸ ਹੋਂਦੇ ਆਏ ਹੈਂ ਸੋ ਏਹ ਕਲਪਾ ਕਾ ਭੇਦ ਹੈ ਪ੍ਰੰਤੂ ਇਸ ਕਲਪ ਮੈਂ ਬਿਆਸ ਜੀ ਬ੍ਰਹਮਾ ਕਾ ਅਵਤਾਰ ਹੂਆ ਹੈ ਅਰ ਵੇਦਾਂ ਕਾ ਵਿਭਾਗ ਕੀਆ ਹੈਸ ਅਰ ਬ੍ਰਹਮੇ ਮਨਮੈ ਗਰਬ ਕੀਆ ਤੋ ਮਹਾਰਾਜ ਨੇ ਕਾਲ ਚਕਰ ਸੇ ਤਿਸਕੇ ਖਟ ਅੰਗ ਭਿੰਨ ਭਿੰਨ ਕਰ ਦੀਏ।

ਅਰ ਸਿਰ ਕਾ ਤੋ ਓਹੀ ਬਿਆਸ ਹੂਆ ਅਰ ਦੋਨੋ ਭੁਜ ਸੇ ਗੌਤਮ ਅਰ ਜੈਮਨ ਹੂਏ ਅਰ ਛਾਤੀ ਸੇ ਕਪਲ ਮੁਨਿ ਹੂਆ ਅਰ ਦੋਨੋਂ ਪਾਉ ਸੇ ਸੇਸਨਾਗ ਅਰ ਕੰਨਰਿਖ ਏਹ ਹੂਏ ਹੈਂ ਤਾਂ ਸਿਖਾਂ ਨੇ ਪ੍ਰਸਨ ਕੀਤਾ ਜੀ ਬ੍ਰਹਮੇ ਕੋ ਸਰਾਪ ਕਿਉਂ ਕਰ ਹੂਆ ਬ੍ਰਹਮਾਂ ਤੋ ਜਗਤ ਕਾ ਕਰਤਾ ਸੀ ॥ ਤਾਂ ਭਾਈ ਜੀ ਕਹਾ ਕਿ ਜਿਸ ਸਮੇਂ ਬ੍ਰਹਮਾਂ ਨੇ ਮਹਾਰਾਜ ਕੇ ਦ੍ਵਾਦਸ ਮਹਾਵਾਕੋਂ ਸੇ ਸੰਪੂਰਨ ਜੀਵ ਕੀਏ ਅਰ ਜਗਤ ਕੋ ਉਤਪਤਿ ਕਰਨ ਲਗਾ ਤਾਂ ਬ੍ਰਹਮੇ ਕੇ ਮਨ ਵਿਚ ਗਰਬ ਆਇਆ ਜੋ ਮੇਰੇ ਥੀਂ ਬਿਨਾ ਹੋਰ ਕਰਤਾ ਕੋਈ ਨਹੀਂ ਤਬ ਮਹਾਰਾਜ ਕੇ ਕੋਪ ਸੇ ਬ੍ਰਹਮ ਲੋਕ ਥੀਂ ਪ੍ਰਿਥਵੀ ਪਰ ਗਿਰ ਪੜਾ॥ ਅਰ ਦੀਨ ਹੋ ਕੇ ਅਰ ਤਪ ਕਰਕੇ ਬੇਨਤੀ ਕਰਨ ਲਗਾ ਤਬ ਮਹਾਰਾਜ ਕੀ ਆਗਿਆ ਆਈ ਕਿ ਤੂੰ ਸੱਤ ਜਮਨ ਧਾਰ ਕੈ ਮੇਰੇ ਅਵਤਾਰਾਂ ਦੀ ਉਪਾਸਨਾ ਕਰੇਂਗਾ ਤਾਂ ਫਿਰ ਬ੍ਰਹਮ ਲੋਕ ਕੋ ਪ੍ਰਾਪਤਿ ਹੋਵੇਂਗਾ ਤਾਂ ਬ੍ਰਹਮੇ ਨੇ ਦਸ ਲਖ ਬਰਸ ਤਪ ਕਰਕੇ ਫਿਰ ਪੂਛਾ ਤੋ ਮਹਾਰਾਜ ਕੀ ਆਗਿਆ ਆਈ ਕਿ ਮੁਝ ਨਿਰਗੁਣ ਸਰੂਪ ਕਉ ਤੋ ਉਸਤਤਿ ਨਿੰਦਿਆ ਸਮਾਨ ਹੈ ਪਰ ਮੈਨੇ ਪ੍ਰਥਮੇ ਬਿਸਨ ਕੋ ਵਰ ਦੀਆ ਥਾ ਕਿ ਤੇਰੇ ਮੈ ਅਰ ਮੇਰੇ ਮੈ ਭੇਦ ਕੁਛ ਨਹੀਂ ਅਰ ਜਬ ਜਬ ਮੇਰੇ ਸੰਤਾ ਕੋ ਕੋਈ ਦੁਸਟ ਦੁਖ ਦੇਵੇ ਤਬ ਤਬ ਤੁਮ ਅਵਤਾਰ ਧਾਰ ਕੇ ਸੰਤਾਂ ਦੀ ਰਖਿਆ ਕਰਨੀ ਅਰ ਦੁਸਟਾਂ ਕਾ ਨਾਸ ਕਰਨਾ ਅਰ ਜੋ ਜੋ ਤੇਰੇ ਨਾਮ ਕਾ ਜਾਪ ਜਪੈਂਗੇ ਤਿਨਾਂ ਕਾ ਭੀ ਮੈਂ ਉਧਾਰ ਕਰ ਲੇਵਉਗਾ ਤਾਂ ਤੇ ਤੂੰ ਮਹਾਰਾਜ ਕੇ ਸਪਤ ਜਨਮ ਲਗ ਜਸ ਗਾਉ ॥ ਸੋ ਪ੍ਰਥਮੇ ਬ੍ਰਹਮੇ ਬਾਲਮੀਕ ਕਾ ਅਵਤਾਰ ਧਾਰਿਆ ਅਰ ਰਮਾਇਣ ਕਾ ਜਸ ਗਾਇਆ ਬਹੁੜੋਂ ਬ੍ਰਹਮੇ ਕਸਪ ਕਾ

ਅਵਤਾਰ ਧਾਰਿਆ ਅਰ ਦਛਪ੍ਰਜਾਪਤਿ ਕੀਆ ਚਾਰ ਬੇਟੀਆਂ ਵਰੀਆਂ ਅਰ ਜੋ ਜੋ ਰਿਖੀ ਮਹਾਰਾਜ ਕੇ ਅੰਸ ਅਵਤਾਰ ਹੂਏ ਥੇ ਤਿਨ ਕੀ ਸੋਭਾ ਕਹੀ ॥ ਬਹੁੜੋ ਜਬ ਰਾਜੇ ਬਲ ਕੋ ਗਰਬ ਉਤਪਤਿ ਹੂਆ ਤਬ ਉਸਕੀ ਸਹਾਇਤਾ ਵਾਸਤੇ ਸੁਕਰ ਅਵਤਾਰ ਧਾਰ ਕਰ ਅਰ ਨਿੰਦਿਆ ਕੋ ਸਾਥ ਮਿਲਾਇ ਕਰ ਮਹਾਰਾਜ ਕੀ ਉਪਮਾ ਬਲ ਕੋ ਸੁਣਾਈ ਕਿ ਏਹ ਬੜਾ ਛਲੀਆ ਹੈ ਅਰ ਇਸਨੇ ਮਧ ਕੀਟਭ ਆਦਿ ਬੜੇ ਬੜੇ ਦੁਸਟ ਮਾਰੇ ਹੈਂ ਔਰ ਅਬ ਏਹ ਬਾਵਨ ਰੂਪ ਧਾਰ ਕੇ ਤੇਰੇ ਪਾਸ ਆਇਆ ਹੈ ਸੋ ਤੁਧ ਇਸ ਕਉ ਦਾਨ ਨਹੀਂ ਦੇਣਾ ॥ ਅਰ ਬਹੁੜ ਦੇਵਤਿਆਂ ਮਹਾਰਾਜ ਕੀ ਸੇਵਾ ਕਰੀ ਤਾਂ ਬ੍ਰਹਮਾ ਬ੍ਰਹਸਪਤ ਰੂਪ ਧਾਰ ਕੇ ਦੇਵਤਿਆਂ ਕਾ ਗੁਰੂ ਆਣ ਹੂਆ ਅਰ ਇੰਦਰ ਕੋ ਬਿਸਨ ਕੀ ਉਪਾਸਨਾ ਸੁਣਾਈ ॥ ਪੁਨਾ ਦੁਆਪਰ ਮੈਂ ਜਬ ਕ੍ਰਿਸਨ ਅਵਤਾਰ ਹੂਏ ਤਬ ਬ੍ਰਹਮਾ ਬਿਆਸ ਕਾ ਅਵਤਾਰ ਧਾਰਿਆ ਅਰ ਸ੍ਰੀ ਭਾਗਵਤ ਕਾ ਗ੍ਰੰਥ ਕੀਆ ਅਰ ਸਭ ਅਵਤਾਰੋਂ ਕੀ ਉਪਮਾ ਸੁਣਾਈ ਅਰ ਅਠਾਰਾਂ ਪਰਬ ਮਹਾਂ ਭਾਰਤ ਕੇ ਕੀਏ ਸੋ ਏਹ ਪੰਜਵਾਂ ਅਵਤਾਰ ਬ੍ਰਹਮਾ ਕਾ ਭਇਆ ਅਰ ਜਬ ਵਿਆਸ ਨੇ ਗਰਬ ਕੀਆ ਤਬ ਕਾਲ ਚੱਕਰ ਸੇ ਖਟ ਅੰਗੋਂ ਕੇ ਖਟ ਰਿਖ ਹੋ ਜਾਤੇ ਭਏ ਅਰ ਤਿਨੋਂ ਨੇ ਖਟ ਸਾਸਤ੍ਰ ਕੀਏ ਤਾਂ ਛੇਵਾਂ ਅਵਤਾਰ ਬ੍ਰਹਮਾਂ ਕਾ ਖਟਰਿਖ ਵਿਆਸ ਹੋਤਾ ਭਇਆ॥

ਸੋਲਾਂ ਕਲਾ ਕਾ ਵਰਨਣ


ਬਹੁੜੋ ਕਲਜੁਗ ਭਇਆ ਤਾਂ ਸਤਵਾਂ ਅਵਤਾਰ ਰਾਜਾ ਬਿਕ੍ਰਮਾਜੀਤ ਭਇਆ ਅਰ ਰਘੁਵੰਸੀਆ ਕੀ ਕਥਾ ਸੁਣਾਈ ॥ ਬਹੁੜੋ ਅਠਵਾਂ ਅਵਤਾਰ ਕਾਲ ਦਾਸ ਸੋਲਾਂ ਕਲਾ ਸੰਪੰਨ ਹੋਤਾ ਭਇਆ ॥ ਤਬ ਸਿਖਾਂ ਪ੍ਰਸਨ ਕੀਤਾ ਜੀ ਖੋੜਸ ਕਲਾ ਕੌਣ ਹੈਨ ॥ ਸਲੋਕ ॥ ਖੋੜਸ ਕਲਾ ਬਖਾਨੀਏ ਗਿਆਨ ਧਿਆਨ ਹਠ ਜਾਨਾ ॥ ਸੰਜਮ ਧਰਮ ਬਿਦਿਆ ਕਲਪੁਨ ਅਧਿਆਤਮ ਮਾਨਾ ॥ ਅਸਟਮ ਅਕਲ ਕਲਾ ਕਹੀ ਦਇਆ ਦਾਨ ਪੁੰਨ ਨੇਮ ॥ ਜਤ ਸਤ ਬ੍ਰਹਮ ਪਛਾਨਨਾ ਸਰਬ ਚੜਤਾ ਪ੍ਰੇਮ ॥ ਸੋ ਭਾਈ ਜੀ ਕਹਿਆ ਏਹ ਹੈ ਤਾਂ ਸਿਖਾਂ ਨੇ ਪ੍ਰਸਨ ਕੀਤਾ ਕਿ ਏਹ ਖੋੜਸ ਕਲਾ ਵਿਸਥਾਰ ਕਰਕੇ ਕਹੋ ॥ ਤਾਂ ਭਾਈ ਜੀ ਕਹਾ--੧. ਪ੍ਰਿਥਮੇ ਗਿਆਨ ਕਲਾ ਜੋ ਸਰਬ ਮੈਂ ਵਾਹਗੁਰੂ ਕੋ ਜਾਨਣਾ ਦੂਜੀ ਧਿਆਨ ਕਲਾ ਹੈ ਜੋ ਮਹਾਰਾਜ ਦੇ ਕਿਸੇ ਸਰੂਪ ਵਿਚ ਧਯਾਨ ਠਹਿਰਾਵਣਾ ਕਿਆ ਆਪਣੇ ਅੰਗ ਕੇ ਬੀਚ ਧਿਆਨ ਠਹਿਰਾਵਣਾ ਤੀਜੀ ਹਠ ਕਲਾ ਹੈ ਕਿ ਜੋ ਸੁਭ ਕਰਮ ਕਰਨਾ ਹੋਵੈ ਸੋ ਹਠ ਕਰ ਕੇ ਕਰ ਲੈਣਾ ਅਰ ਆਲਸ ਨਹੀਂ ਕਰਨਾ ॥ ਚੌਥੀ ਸੰਜਮ ਕਲਾ ਹੈ ਜੋ ਸ੍ਵਾਸ ਅਪਨੇ ਮਹਾਰਾਜ ਕੇ ਭਜਨ ਮੇ

ਲਾਵਣੇ ਅਤੇ ਹੋਰ ਗਲ ਜੋ ਕਰਨੀ ਹੋਵੈ ਸੋ ਸੰਜਮ ਨਾਲ ਕਰਨੀ ਅਰ ਪਦਾਰਥ ਭੀ ਧਰਮ ਦੇ ਅਰਥ ਲਾਵਣੇ ਅਰ ਹੋਰ ਜੋ ਕੁਛ ਖਰਚਨਾ ਹੋਵੈ ਸੋ ਭੀ ਸੰਜਮ ਨਾਲ ਖਰਚਨਾ ॥ ਪੰਜਵੀਂ ਧਰਮ ਕਲਾ ਹੈ ਜੋ ਧਰਮ ਕਰਨਾ ਪਾਪ ਨਹੀਂ ਕਰਨਾ ॥ ਛੇਵੀਂ ਵਿਦਿਆ ਕਲਾ ਹੈ ਜੋ ਸਰਬ ਵਿਦਿਆ ਮੈਂ ਪ੍ਰਬੀਨ ॥ ਸਪਤਮੀ ਅਧਿਆਤਮ ਕਲਾ ਜੋ ਸਰੀਰ ਅਰ ਆਤਮਾ ਕੋ ਭਿੰਨ ਭਿੰਨ ਜਾਨਣਾ ॥ ਅਠਵੀਂ ਅਕਲ ਕਲਾ ਹੈ ਜੋ ਆਪਣੀ ਬੁਧ ਕੋ ਉਜਲ ਰਖਣਾ ॥ ਨੌਵੀਂ ਦਇਆ ਕਲਾ ਹੈ ਜੋ ਸਰਬ ਜੀਵਾਂ ਪਰ ਦਇਆ ਰਖਣੀ ॥ ਦਸਵੀਂ ਦਾਨ ਕਲਾ ਹੈ ਕਿ ਜੋ ਪਾਸ ਹੋਵੇ ਸੋ ਗੁਰੂ ਨਮਿਤ ਦੇਣਾ॥ ਯਾਰਵੀਂ ਨੇਮ ਹੈ ਜੋ ਨੇਮ ਬੰਨਣਾ ਸੋ ਨਿਬਾਹੁਣਾ॥ ਬਾਰ੍ਹਵੀਂ ਜਤ ਕਲਾ ਹੈ ਕਿ ਜੇ ਅਤੀਤ ਹੋਵੈ ਤਉ ਬੀਰਜ ਗਿਰਨ ਨਾ ਦੇਣਾ ਅਰ ਜੇ ਗ੍ਰਿਹਸਤੀ ਹੋਵੈ ਤਉ ਆਪਨੀ ਇਸਤ੍ਰੀ ਬਗੈਰ ਹੋਰ ਪਾਸੇ ਧਿਆਨ ਨਾ ਕਰਨਾ ॥ ਤੇਰ੍ਹਵੀਂ ਸਚ ਕਲਾ ਹੈ ਜੋ ਸਚ ਬੋਲਣਾ ਅਰ ਸਚ ਕਮਾਵਣਾ ॥ ਚੌਧਵੀਂ ਬ੍ਰਹਮ ਕਲਾ ਹੈ ਜੋ ਬ੍ਰਹਮ ਕਾ ਪਛਾਨਣਾ ॥ ਪੰਦ੍ਰਵੀਂ ਚਾਤ੍ਰਤਾ ਕਲਾ ਹੈ ਜੋ ਸਰਬ ਚਾਤਰੀਆਂ ਮੈਂ ਸੁਚੇਤ ਹੋਣ ॥ ਸੋਲ੍ਹਵੀਂ ਪ੍ਰੇਮ ਕਲਾ ਹੈ ਜੋ ਪ੍ਰੇਮ ਮਹਾਰਾਜ ਕੇ ਨਾਮ ਕਾ ਹੋਣਾ ॥ ਸੋ ਏਹ ਸੋਲਾਂ ਕਲਾਂ ਸੰਪੰਨ ਕਾਲ ਦਾਸ ਭਯਾ ॥ ਸੋ ਏਹ ਅਠ ਰੂਪ ਧਾਰ ਕਰ ਅਰ ਗੁਣ ਭਗਵੰਤ ਕੇ ਗਾਇ ਕਰ ਬ੍ਰਹਮਾ ਬ੍ਰਹਮ ਲੋਕ ਨੂੰ ਜਾਇ ਪ੍ਰਾਪਤ ਭਯਾ ਸੋ ਏਹ ਇਕ ਕਲਪ ਮੈ ਬਿਆਸ ਜੀ ਬ੍ਰਹਮੇ ਕਾ ਅਵਤਾਰ ਹੂਆ ॥

ਸਾਂਖ ਸਾਸਤ੍ਰ ਕਾ ਬੀਚਾਰ

ਪਉੜੀ ਬਾਰਵੀਂ ਚਲੀ

ਦੁਆਪਰ ਜੁਗ ਬੀਤਤ ਭਏ ਕਲਜੁਗ ਕੇ ਸਿਰ ਛਤ੍ਰ ਫਿਰਾਈ ॥
ਵੇਦ ਅਥਰਬਣ ਥਾਪਿਆ ਉਤਰ ਮੁਖ ਗੁਰਮੁਖ ਗੁਨ ਗਾਈ ॥
ਕਲਪ ਰਿਖੀਸਰ ਸਾਂਖ ਮਥ ਅਥਰਬਣ ਵੇਦ ਕੀ ਰਿਚਾ ਸੁਣਾਈ ॥
ਗਿਆਨ ਮਹਾਰਸ ਪੀਅ ਕੈ ਸਿਮਰੇ ਨਿਤ ਅਨਿਤ ਨਿਆਈ ॥
ਗਿਆਨ ਬਿਨਾ ਨਹੀ ਪਾਈਐ ਜੇ ਕੋਈ ਕੋਟਿ ਜਤਨ ਕਰ ਧਾਈ ॥
ਕਰਮ ਜੋਗ ਦੇਹੀ ਕਰੇ ਸੋ ਅਨਿਤ ਖਿਨ ਟਿਕੈ ਨ ਰਾਈ ॥
ਗਿਆਨ ਮਤੇ ਸੁਖ ਊਪਜੇ ਜਨਮ ਮਰਨ ਕਾ ਭਰਮ ਚੁਕਾਈ ॥
ਗੁਰਮੁਖਿ ਗਿਆਨੀ ਸਹਜਿ ਸਮਾਈ ॥ ੧੨ ॥



ਤਾਂ ਭਾਈ ਜੀ ਕਹਿਆ--ਕਿ ਜਬ ਦੁਆਪਰ ਜੁਗ ਬੀਤ ਗਿਆ ਅਰ ਦੁਆਪਰ

ਜੁਗ ਕਾ ਸਾਮ ਵੇਦ ਬਿਆਸ ਜੀ ਮਥਿ ਲਿਆ ਤਬ ਕਲਜੁਗ ਕੇ ਸਿਰਪਰ ਛੱਤ੍ਰ ਫਿਰਿਆ ਤਾਂ ਅਥਰਬਣ ਵੇਦ ਕਉ ਤੀਨ ਰੀਖੀਆ ਮਥਿਆ ਸੋ ਉਤ੍ਰਮੁਖ ਅੱਗਰ ਜੋ ਬ੍ਰਹਮੇ ਕੇ ਬੇਦ ਥਾ ਤਿਸ ਕੋ ਪ੍ਰਥਮੇ ਕਪਲ ਰਿਖੀਸਰ ਨੇ ਮਥਿਆ ਅਰ ਸਾਂਖ ਸਾਸਤਰ ਪ੍ਰਗਟ ਕੀਤਾ ਅਰ ਕਹਾ ਕਿ ਦੇਹ ਅਨਿਤ ਹੈ ਅਰ ਜੀਉ ਗਿਆਨ ਰੂਪ ਸਤ ਹੈ ਸੋ ਤੁਸੀਂ ਦੇਹ ਅਭਿਮਾਨ ਨਿਵਰਤ ਕਰੋ ਅਤੇ ਅੱਨ੍ਹੈ ਵਿਤ੍ਰੇਕ ਕਰਕੈ ਜੀਉ ਸਭ ਕਾ ਸਾਖੀ ਜਾਣੋ ਅਰ ਨਿਸਚੈ ਕਰੋ ਕਿ ਗਿਆਨ ਬਿਨਾ ਮਹਾਰਾਜ ਪ੍ਰਾਪਤ ਨਹੀਂ ਹੋਤਾ ਅਤੇ ਕਰਮ ਅਰ ਜੋਗ ਅਗਿਆਨ ਕੋ ਮਿਟਾਇ ਨਹੀਂ ਸਕਤੇ ॥ ਜੈਸੇ ਤਾਰਿਆਂ ਕਾ ਪ੍ਰਕਾਸ ਅਰ ਦੀਪਕ ਕਾ ਉਜਿਆਰਾ ਰਾਤ ਕੋ ਮਿਟਾਇ ਨਹੀਂ ਸਕਤਾ ਤੈਸੇ ਅਉਰ ਜਤਨ ਅਗਿਆਨ ਕੋ ਮਿਟਾਇ ਨਹੀਂ ਸਕਤੇ ॥ ਸੋ ਜੈਸੇ ਰਾਤ ਕੇ ਅੰਧੇਰੇ ਕੇ ਮਿਟਾਉਣ ਨੂੰ ਏਕ ਹੀ ਸੂਰਜ ਸਾਮਰਥ ਹੈ ॥ ਤੈਸੇ ਅਗਿਆਨ ਕੇ ਮਿਟਾਉਣ ਕੋ ਏਕ ਗਿਆਨ ਸਾਮਰਥ ਹੈ ॥ ਤਾਂ ਤੇ ਜੋ ਗੁਰਾਂ ਕੋ ਮਿਲਕੇ ਗਿਆਨ ਕੋ ਪ੍ਰਾਪਤਿ ਹੋਤੇ ਹੈਂ ਅਰ ਸਤਿਗੁਰਾਂ ਕੇ ਕਹੇ ਅਨੁਸਾਰ ਸੰਜਮ ਭੀ ਕਰਤੇ ਹੈਂ ਤੋ ਉਨਕਾ ਅਗਿਆਨ ਸਹਜੇ ਹੀ ਮਿਟ ਜਾਤਾ ਹੈ ਜੈਸੇ ਪੁਰਖ ਵੈਦ ਸੇ ਔਖਦੀ ਭੀ ਖਾਵੈ ਔਰ ਸੰਜਮ ਭੀ ਕਰੈ ਤਾਂ ਤਿਸ ਕਾ ਰੋਗ ਸੀਘ੍ਰ ਹੀ ਮਿਟ ਜਾਤਾ ਹੈ ਸੋ ਤੈਸੇ ਹੀ ਜੋ ਸਿਖ ਸਤਿਗੁਰਾਂ ਕਾ ਸਬਦ ਭੀ ਸੁਣੇ ਅਤੇ ਸਿਖੀ ਦੀਆਂ ਰਹਿਤਾਂ ਭੀ ਰਖੇ ਤਿਸਨੂੰ ਗਿਆਨ ਪ੍ਰਾਪਤ ਹੁੰਦਾ ਹੈ ॥

ਬਾਸੇਖਕ ਸਾਸਤ੍ਰ ਕਾ ਬਿਚਾਰ

ਪਉੜੀ ਤੇਰਵੀਂ ਚਲੀ :--

ਬੇਦ ਅਥਰਬਣ ਮਥਨ ਕਰ ਗੁਰਮੁਖ ਬਾਸ਼ੇਸ਼ਕ ਗੁਣ ਗਾਵੈ ॥
ਜੇਹਾ ਬੀਜੈ ਸੋ ਲੁਣੈ ਸਮੇਂ ਬਿਨਾ ਫਲ ਹੱਥਿ ਨ ਆਵੈ ॥
ਹੁਕਮੈ ਅੰਦਰਿ ਸਭ ਕੋ ਮੰਨੈ ਹੁਕਮ ਸੁ ਸਹਜ ਸਮਾਵੈ ॥
ਆਪਹੁ ਕਛੂ ਨ ਹੋਵਈ ਬੁਰਾ ਭਲਾ ਨਹਿ ਮੰਨਿ ਵਸਾਵੈ ॥
ਜੈਸਾ ਕਰੇ ਤੈਸਾ ਲਹੈ ਰਿਖ ਕਣਾਦਿਕ ਭਾਖ ਸੁਣਾਵੈ ॥
ਸਤਿਜੁਗ ਕਾ ਅਨਿਆਇ ਸੁਣ ਫੇੜੇ ਇਕ ਸਭ ਜਗਤ ਮਰਾਵੈ ॥
ਤ੍ਰੇਤੇ ਨਗਰੀ ਪੀੜੀਐ ਦੁਆਪੁਰ ਵੰਸ ਕੁਵੰਸ ਕੁਹਾਵੈ ॥
ਕਲਿਜੁਗ ਜੋ ਫੇੜੇ ਸੋ ਪਾਵੈ ॥ ੧੩ ॥

ਭਾਈ ਮਨੀ ਸਿੰਘ ਜੀ ਕਹੇ ਹੈਂ:-ਬਹੁੜੋ ਕੰਨ ਰਿਖ ਨੇ ਅਥਰਬਣ ਬੇਦ ਮਥਿਆ ਅਰ ਬਾਸੇਖਕ ਸਾਸਤ੍ਰ ਕੀਆ ਅਰ ਉਸਮੇ ਸਮਾ ਪ੍ਰਧਾਨ ਰਖਿਆ ਜੋ ਸਮੇਂ ਸਿਰ ਖੇਤੀ

ਹੋਤੀ ਹੈ ਅਰ ਸਮੇਂ ਬਿਨਾ ਨਹੀਂ ਹੋਤੀ ਸੋ ਤੈਸੇ ਸੁਭ ਸਮੇਂ ਸਭ ਕਰਮ ਹੋਤਾਹੈ ਅਰ ਅਸੁਭ ਸਮੇਂ ਨਹੀਂ ਹੋਤਾ ਸੋ ਤੁਸਾ ਸਮਾ ਵਿਚਾਰ ਕੇ ਕਾਰਜ ਕਰਨਾ ਤਾਂ ਤੇ ਗੁਰਮੁਖਾਂ ਨੇ ਨਿਰਨੇ ਕੀਆ ਕਿ ਕਲਜੁਗ ਜੋ ਹੈ ਮਹਾਰਾਜ ਕੇ ਨਾਮ ਕਾ ਸਮਾ ਹੈ ਸੋ ਤੁਸਾਂ ਮਹਾਰਾਜ ਕੀ ਆਗਿਆ ਮੀਠੀ ਕਰ ਮੰਨਣੀ ਅਰ ਨਾਮ ਜਪਣਾ ਕਿਉਂਕਿ ਅਗਲੇ ਜੁਗਾਂ ਮੈਂ ਬੜੇ ਅਨਿਆਉ ਸੇ ॥ ਜੈਸਾ ਕਿ ਸਤਿਜੁਗ ਮੈ ਏਕ ਕੋਈ ਅਪ ਕਰਮ ਕਰੇ ਤੋ ਸਾਰੇ ਦੇਸ ਕੋ ਡੰਡ ਹੋਵੇ ॥ ਅਰ ਤ੍ਰੇਤੇ ਜੁਗ ਮੈਂ ਏਕ ਕੋਈ ਪਾਪ ਕਰੇ ਤੋ ਸਾਰੀ ਨਗਰੀ ਕੋ ਪੀੜਾ ਹੋਵੈ ਅਰ ਦੁਆਪਰ ਮੈਂ ਜੋ ਕੋਈ ਪਾਪ ਕਰੇ ਤਾਂ ਉਸ ਕੇ ਨਾਨਕੇ ਅਰ ਦਾਦਕੇ ਪਰਵਾਰ ਕੋ ਦੁਖ ਹੋਵੈ ਅਤੇ ਕਲਜੁਗ ਮੈ ਜਿਸ ਹੱਥ ਕਰੇ ਓਸ ਹੀ ਹੱਥ ਪਾ ਲਵੇ ॥ ਬਹੁੜੋ ਔਰ ਜੁਗਾ ਮੈਂ ਹਜਾਰ ਬਰਸ ਤਪ ਕਰੇ ਅਰ ਬ੍ਰਤ ਨੇਮ ਕਰੇ ਤਾਂ ਜੋ ਕੁਛ ਤਿਸ ਕੋ ਫਲ ਹੋਤਾ ਥਾ ਸੋ ਤੈਸਾ ਕਲਜੁਗ ਮੈਂ ਚਾਰ ਘੜੀਆਂ ਕਥਾ ਕੀਰਤਨ ਅਰ ਨਾਮ ਜਪੇ ਤੇ ਤਿਨ ਕੋ ਫਲ ਪ੍ਰਾਪਤ ਹੋਤਾ ਹੈ ॥ ਸੋ ਇਸ ਪ੍ਰਕਾਰ ਹੋਰਨਾਂ ਜੁਗਾਂ ਸੇ ਏਹ ਵਿਸੇਖ ਹੈ ॥

ਪਾਤੰਜਲ ਸਾਸਤ੍ਰ ਕਾ ਬੀਚਾਰ

ਪਾਉੜੀ ਚਉਧਵੀਂ ਚਲੀ :--

ਸੇਖ ਨਾਗ ਪਾਤੰਜਲ ਮਥਿ ਗੁਰਮੁਖਿ ਸ਼ਾਸਤ੍ਰ ਨਾਗ ਸੁਣਾਈ ॥
ਵੇਦ ਅਥਰਬਣ ਬੋਲਿਆ ਜੋਗ ਬਿਨਾ ਨਹਿ ਭਰਮ ਚੁਕਾਈ ॥
ਜਿਉਂਕਰ ਮੈਲੀ ਆਰਸੀ ਸਿਲਕ ਬਿਨਾ ਨਹਿੰ ਮੁਖ ਦਿਖਾਈ ॥
ਜੋਗ ਪਦਾਰਥ ਨਿਰਮਲਾ ਅਨਹਦ ਧੁਨਿ ਅੰਦਰ ਲਿਵਲਾਈ ॥
ਅਸ਼ਟ ਦਸਾ ਸਿਧ ਨਉਨਿਧੀ ਗੁਰਮੁਖ ਜੋਗੀ ਚਰਨ ਲਗਾਈ ॥
ਤ੍ਰਿਹੁ ਜੁਗਾਂ ਕੀ ਵਾਸ਼ਨਾਂ ਕਲਿਜੁਗ ਵਿਚ ਪਾਤੰਜਲ ਪਾਈ ॥
ਹਥੋ ਹਥੀ ਪਾਈਐ ਭਗਤ ਜੋਗ ਦੀ ਪੂਰਿ ਕਮਾਈ ॥
ਨਾਮ ਦਾਨ ਇਸ਼ਨਾਨ ਸੁਭਾਈ ॥ ੧੪ ॥

ਭਾਈ ਜੀ ਕਹੇ ਹੈ--ਕਿ ਬਹੁੜੋ ਸੇਸਨਾਗ ਰਿਖੀਸਰ ਨੇ ਅਥਰਬਣ ਬੇਦ ਕੋ ਮਥ ਕਰ ਪਤੰਜਲ ਸਾਸਤਰ ਕੀਆ ਅਰ ਸਮਝਾਇਆ ਜੋ ਹੇ ਭਾਈ ਓ ਬੇਦ ਅਥਰਬਣ ਇਉਂ ਕਹਤਾ ਹੈ ਕਿ ਜੈਸੇ ਮੈਲੀ ਆਰਸੀ ਸਿਕਲ ਕੀਏ ਬਿਨਾ ਮੁਖ ਨਹੀਂ ਦਿਖਾਵਤੀ ਤੈਸੇ ਅੰਤਹਕਰਣ ਅਸਟਾਂਗ ਜੋਗ ਬਿਨਾ ਸੁਧ ਨਹੀਂ ਹੋਤਾ ਅਰ ਆਤਮਾ ਕਾ ਦਰਸਨ ਪ੍ਰਾਪਤਿ ਨਹੀਂ ਹੋਤਾ ॥ ਅਰ ਜੋ ਜੋਗ ਸਾਧਨਾ ਕਰਤਾ ਹੈ ਅਰ ਉਦਰ ਰੂਪੀ ਅਕਾਸ

ਮੈਂ ਖੁਧਿਆ ਸਹਾਰਤਾ ਹੈ ਤਾਂ ਉਸ ਮੈ ਅਨਹਤ ਰੂਪੀ ਧੁਨਾ ਖੁਲਤੀਆਂ ਹੈਂ ਅਰ ਤਿਸ ਕੀ ਲਿਵ ਧੁਨ ਸਾਥ ਲਗ ਜਾਤੀ ਹੈ ॥ ਅਰ ਜੋਤ ਕਾ ਦਰਸਨ ਕਰਤਾ ਹੈ ਤਬ ਅਠਾਰਾਂ ਸਿਧੀ ਅਰ ਨਉ ਨਿਧਿ ਭੀ ਨਿਹਕਾਮੀ ਜੋਗੀ ਪਿਛੈ ਲਗੀਆਂ ਫਿਰਤੀਆਂ ਹੈਂ ਅਤੇ ਉਹ ਦਿਸਟ ਭੀ ਨਹੀਂ ਕਰ ਕਰਤਾ ਤਾਤੇ ਗੁਰਮੁਖਾਂ ਨੇ ਵੀਚਾਰ ਕਰ ਭਗਤ ਯੋਗ ਪ੍ਰਮਾਨ ਰਖਾ ਹੈ ਜੋ ਇਸਨਾਨ ਕਰਨਾ ਅਰ ਦਾਨ ਦੇਣਾ ਅਰ ਨਾਮ ਜਪਣਾ ਸਤਸੰਗ ਕਰਨਾ ॥

ਪਉੜੀ ਪੰਦ੍ਰਵੀਂ ਚਲੀ :--

ਜੁਗ ਜੁਗ ਮੇਰੁ ਸਰੀਰ ਕਾ ਬਾਸ਼ਨਾ ਬੱਧਾ ਆਵੈ ਜਾਵੈ ॥
ਫਿਰ ਫਿਰ ਫੇਰ ਵਟਾਈਐ ਗਿਆਨੀ ਹੋਇ ਮਰਮ ਕਉ ਪਾਵੈ ॥
ਸਤਿਜੁਗ ਦੂਜਾ ਭਰਮ ਕਰ ਤ੍ਰੇਤੇ ਵਿਚ ਜੋਨੀ ਫਿਰ ਆਵੈ ॥
ਤ੍ਰੇਤੇ ਕਰਮਾਂ ਬਾਂਧਤੇ ਦੁਆਪੁਰ ਫਿਰ ਅਵਤਾਰ ਕਰਾਵੈ ॥
ਦੁਆਪੁਰ ਮਮਤਾ ਅਹੰਕਹਿ ਹਉਮੈ ਅੰਦਰ ਗਰਬ ਗਲਾਵੈ ॥
ਤ੍ਰਿਹੁ ਜੁਗਾਂ ਕੇ ਕਰਮ ਕਰ ਜਨਮ ਮਰਨ ਸੰਸਾ ਨ ਚੁਕਾਵੈ ॥
ਫਿਰ ਕਲਿਜੁਗ ਅੰਦਰ ਦੇਹ ਧਰ ਕਰਮਾਂ ਅੰਦਰ ਫੇਰ ਫਸਾਵੈ ॥
ਅਉਸਰ ਚੁੱਕਾ ਹੱਥ ਨ ਆਵੈ ॥ ੧੫ ॥

ਕਲਜੁਗ ਕਾ ਵਰਤਾਰਾ

ਭਾਈ ਜੀ ਕਹੈ :--ਜੁਗਾਂ ਜੁਗਾਂ ਮੈਂ ਜਿਨ ਕੋ ਆਤਮ ਗਿਆਨ ਹੂਆ ਹੈ ਤਿਨਕਾ ਤੋ ਵਾਸਨਾ ਕਾ ਅੰਗੂਰ ਦਗਧ ਭਇਆ ਅਰ ਜੌਨਸੇ ਅਗਿਆਨੀ ਹੈ ਸੋ ਵਾਸਨਾ ਕੇ ਜਾਲ ਸੇ ਬੰਧੇ ਹੂਏ ਫੇਰ ਫੇਰ ਜੁਗੋਂ ਮੈਂ ਸਰੀਰ ਧਾਰਤੇ ਹੈਂ ॥ ਜੈਸੇ ਸਤਿਜੁਗ ਮੈ ਜਿਨਕਾ ਭਰਮੁ ਰਹਾ ਹੈ ਸੋ ਜੂਨਾ ਮੈਂ ਭਰਮਤੇ ਭਰਮਤੇ ਫੇਰ ਤ੍ਰੇਤੇ ਮੈਂ ਮਨੁਖ ਜਨਮ ਧਾਰਤੇ ਹੈਂ ਅਰ ਤ੍ਰੇਤੇ ਮੈਂ ਭੀ ਜੋ ਅਗਯਾਨ ਕਰ ਕਰਮੋਂ ਕੇ ਜੇਵੜੇ ਸੇ ਬਾਧੇ ਰਹੇ ਸੋ ਬਹੁਤ ਜੂਨਾਂ ਭੋਗ ਕਰ ਫੇਰ ਦੁਆਪੁਰ ਮੈਂ ਮਾਨਸ ਜਨਮ ਧਾਰਤੇ ਹੈਂ ਅਰ ਦੁਆਪੁਰ ਮੈਂ ਭੀ ਮੈਂ ਔਰ ਮੇਰੀ ਜੋ ਹਉਮੈ ਹੈ ਤਿਸਕੇ ਸਾਥ ਬਾਧੇ ਹੂਏ ਗਰਭ ਜੂਨਾ ਮਹਿ ਫਿਰਤੇ ਹੈਂ ਅਰ ਫੇਰ ਕਲਜੁਗ ਅੰਦਰ ਜਨਮ ਲੇਤੇ ਹੈਂ ਅਰ ਕਲਜੁਗ ਮੈਂ ਭੀ ਜੋ ਸਤਿਗੁਰ ਕਉ ਮਿਲੇਂ ਸੋ ਭੀ ਨਾਮ ਕੀ ਉਪਾਸਨਾ ਕਰ ਗਿਆਨ ਕਉਂ ਪ੍ਰਾਪਤਿ ਹੋਤਾ ਹੈ ਅਰ ਜੋ ਅਗਿਆਨੀ ਗੁਰੂ ਕੋ ਮਿਲੈ ਤੋ ਫਿਰ ਕਰਮਾ ਅੰਦਰ ਫਸਾ ਰਹਿਤਾ ਹੈ ॥ ਤਾਂਤੇ ਏਹ ਸਮਾਂ ਬੀਤਿਆ ਫਿਰ ਹੱਥ ਨਹੀਂ ਆਵਤਾ ਅਰ ਪਛਤਾਵਾ ਹੀ ਰਹਿ

ਜਾਤਾ ਹੈ ॥ ਤਾਂ ਸਿਖਾਂ ਪ੍ਰਸਨ ਕੀਤਾ ਜੀ ਕਲਜੁਗ ਕੀ ਸਾਧਨਾ ਭੀ ਕ੍ਰਿਪਾ ਕਰ ਕਹੋ॥

ਪਉੜੀ ਸੋਲ੍ਹਵੀਂ ਚਲੀ :--

ਕਲਿਜੁਗ ਕੀ ਸੁਣ ਸਾਧਨਾ ਕਰਮ ਕਿਰਤ ਕੀ ਚਲੇ ਨ ਕਾਈ ॥
ਬਿਨਾ ਭਜਨ ਭਗਵਾਨ ਕੇ ਭਉ ਭਗਤਿ ਬਿਨ ਠਉਰ ਨ ਪਾਈ ॥
ਲਹੇ ਕਮਾਣਾ ਏਤ ਜੁਗ ਪਿਛਲੀਂ ਜੁੱਗੀਂ ਕਰੀ ਕਮਾਈ ॥
ਪਾਇਆ ਮਾਨਸ ਦੇਹ ਕਉ ਐਥੋਂ ਚੁਕਿਆਂ ਠਉੜ ਨ ਠਾਈ ॥
ਕਲਿਜੁਗ ਕੇ ਉਪਕਾਰ ਸੁਣ ਜੈਸੇ ਬੇਦ ਅਥਰਬਣ ਗਾਈ ॥
ਭਾਉ ਭਗਤਿ ਪਰਵਾਣੁ ਹੈ ਜੱਗ ਹੋਮ ਗੁਰ ਪੁਰਬ ਕਮਾਈ ॥
ਕਰਕੇ ਨੀਚ ਸਦਾਵਣਾ ਤਾਂ ਪ੍ਰਭੁ ਲੇਖੇ ਅੰਦਰ ਪਾਈ ॥
ਕਲਿਜੁਗ ਨਾਵੈ ਕੀ ਵਡਿਆਈ ॥ ੧੬ ॥

ਭਾਈ ਜੀ ਕਹੇ ਹੈਂ :--ਕਲਜੁਗ ਕੀ ਸਾਧਨਾ ਸੁਣੋ ਕਿ ਹੋਰ ਕੋਈ ਕਰਮ ਧਰਮ ਹੋ ਨਹੀਂ ਆਂਵਦਾ ਪਰ ਇਕ ਭਜਨ ਭਗਵਾਨ ਕਾ ਅਰ ਇਕ ਭਾਉ ਭਗਤਿ ਹੋਇ ਆਂਵਦੀ ਹੈ ਅਰ ਸੋਈ ਕਲਜੁਗ ਮੈਂ ਲੇਖੇ ਪੜਤੀ ਹੈ ॥ ਅਰ ਪਿਛਲੇ ਸੁਭ ਕਰਮੋਂ ਕਾ ਫਲ ਕਲਜੁਗ ਮੈਂ ਮਨੁਖ ਜਨਮ ਪਾਇਆ ਹੈ ਸੋ ਇਥੇ ਜੇ ਮਹਾਰਾਜ ਦਾ ਨਾਮ ਜੀਵ ਨਾ ਜਪੇਗਾ ਤਾਂ ਅਗੇ ਠੌਰ ਕਾਈ ਨਹੀਂ ਅਰ ਕਲਜੁਗ ਕੇ ਧਰਮ ਅਥਰਬਣ ਵੇਦ ਨੇ ਐਸੇ ਕਹੇ ਹੈਂ ਭਾਉ ਭਗਤਿ ਕਰਨਾ ਨਾਮ ਜਪਣਾ ਅਰ ਜਗ ਹੋਮ ਸੋ ਜਗ ਹੋਮ ਕਲਜੁਗ ਏਹ ਹੈਂ ਕਿ ਅੰਮ੍ਰਿਤ ਪ੍ਰਸਾਦਿ ਗੁਰ ਭਾਈਆਂ ਸਿਖਾਂ ਕਉਂ ਖਵਾਲਣਾ ਅਰ ਆਪ ਕੋ ਨੀਚ ਸਦਾਵਣਾ ॥ ਤਾਂਤੇ ਕਲਜੁਗ ਮੈਂ ਏਕ ਨਾਮ ਹੀ ਕੀ ਵਡਿਆਈ ਹੈ ਤਾਂ ਫੇਰ ਸਿਖਾਂ ਪ੍ਰਸਨ ਕੀਤਾ ਜਬ ਏਕ ਜੁਗ ਬੀਤਤਾ ਹੈ ਅਰ ਦੂਸਰਾ ਆਵਣੇ ਲਗਤਾ ਹੈ ਤੋ ਕਯਾ ਵਰਤਾਰਾ ਵਰਤੇ ਹੈ ॥

ਜੁਗ ਗਰਦੀ ਕਾ ਬ੍ਰਿਤਾਂਤ

ਪਉੜੀ ਸਤਾਰਵੀਂ ਚਲੀ :--

ਜੁਗ ਗਰਦੀ ਜਬ ਹੋਵਹੇ ਉਲਟੇ ਜੁਗ ਕਿਆ ਹੋਇ ਵਰਤਾਰਾ ॥
ਉਠੇ ਗਿਲਾਨ ਜਗਤ ਵਿਚ ਵਰਤੇ ਪਾਪ ਭ੍ਰਸ਼ਟ ਸੰਸਾਰਾ ॥
ਵਰਨਾਵਰਨ ਨ ਭਾਵਨੀ ਖਹਿ ਖਹਿ ਜਲਨ ਬਾਂਸ ਅੰਗਯਾਰਾ ॥
ਨਿੰਦਯਾ ਚਾਲੇ ਵੇਦ ਕੀ ਸਮਝਣ ਨਹਿ ਅਗਿਆਨ ਗੁਬਾਰਾ ॥
ਬੇਦ ਗ੍ਰੰਥ ਗੁਰ ਹੱਟ ਹੈ ਜਿਸ ਲਗ ਭਵਜਲ ਪਾਪਿ ਉਤਾਰਾ ॥

ਸਤਿਗੁਰ ਬਾਝ ਨ ਬੁੱਝੀਐ ਜਿੱਚਰ ਧਰੇ ਨ ਗੁਰ ਅਵਤਾਰਾ ॥
ਗੁਰ ਪਰਮੇਸ਼ਰ ਇੱਕ ਹੈ ਸੱਚਾ ਸ਼ਾਹ ਜਗਤ ਵਣਜਾਰਾ ॥
ਚੜ੍ਹੇ ਸੂਰਜ ਮਿਟ ਜਾਇ ਅੰਧਾਰਾ ॥ ੧੭ ॥

ਤਾਂ ਭਾਈ ਜੀ ਨੇ ਬਚਨ ਕਹਾ--ਜਬ ਜੁਗ ਉਲ੍ਟਨ ਕਾ ਸਮਾਂ ਆਂਵਦਾ ਹੈ ਤਬ ਜਗਤ ਮੈ ਗਿਲਾਨ ਵਰਤ ਜਾਤੀ ਹੈ ਅਰ ਵਰਨ ਵਾਲੇ ਕੋ ਹੋਰ ਵਰਨਾ ਵਾਲੇ ਨਹੀਂ ਭਾਵਤੇ ਅਰ ਭਾਈਆ ਕੋ ਭਾਈ ਨਹੀਂ ਭਾਵਤੇ ਅਰ ਜੈਸੇ ਬਾਂਸ ਆਪਸ ਮੈ ਠਹਿਕ ਕਰ ਬਨ ਕੋ ਦਗਧ ਕਰਤੇ ਹੈਂ ਤੈਸੇ ਆਪਸ ਮੈ ਖਹਿ ਖਹਿ ਕਰ ਜੀਵ ਅਪਨੇ ਧਰਮ ਕਰਮ ਤੇ ਹੀਨ ਹੋਇ ਜਾਤੇ ਹੈਂ ਅਰ ਪਾਪ ਕਰਨ ਮੇਂ ਸਭ ਜਗ ਵਰਤ ਜਾਤਾ ਹੈ ਅਰ ਵੇਦ ਪੁਰਾਣ ਕੀ ਸਮਝ ਜੀਵ ਨਹੀਂ ਰਖਤੇ ਅਰ ਵੇਦੋਂ ਕੇ ਪਾਠ ਕਰਨ ਵਾਲੇ ਭੀ ਪਾਪੋਂ ਮੇਂ ਵਰਤ ਜਾਤੇ ਹੈਂ ਅਰ ਲੋਕ ਵੇਦੋਂ ਕੀ ਨਿੰਦਿਆ ਕਰਤੇ ਹੈਂ ਅਰ ਤੁਛ ਬੁਧਕਰ ਤਾਤਪਰਜ ਸਮਝ ਨਹੀਂ ਸਕਤੇ ਸੋ ਜੈਸੇ ਕਿਸੇ ਹਟੀ ਵਾਲੇ ਕੀ ਹਟ ਪਰ ਸੌਦਾ ਹੋਤਾ ਹੈ ਤੈਸੇ ਚਾਰੋਂ ਵੇਦ ਈਸਰ ਕੀ ਹਟ ਹੈ ਔਰ ਗਜਾਨ ਰੂਪੀ ਸੌਦਾ ਹੈ ਜੌਨਸੇ ਵੇਦੋਂ ਕੋ ਪੜਤੇ ਸੁਨਤੇ ਹੈਂ ਤਿਨਕੇ ਪਾਪ ਕਟੀਤੇ ਹੈਂ ਅਰ ਤਿਨ ਕਉ ਗਜਾਨ ਅਰ ਭਗਤਿ ਅਰ ਸੁਭ ਕਰਮ ਪ੍ਰਾਪਤਿ ਹੋਤੇ ਹੈਂ ॥ ਅਰ ਗ੍ਰੰਥ ਸਾਹਿਬ ਸਤਿਗੁਰੂ ਦਾ ਹਟ ਹੈ ॥ ਅਰ ਜੋ ਇਸ ਕਉ ਸੁਣਤੇ ਪੜਤੇ ਹੈਂ ਤਿਨਕੋ ਸਤਿਗੁਰੂ ਨਾਮ ਕੇ ਜਹਾਜ ਪਰ ਚੜਾਇਕਰ ਅਗਿਆਨ ਕੇ ਭਉਜਲ ਸੇ ਪਾਰ ਉਤਾਰ ਦੇਤਾ ਹੈ ਕਜੋਂਕਿ ਸੋਈ ਮਹਾਰਾਜ ਕਾਇਸ੍ਰੂਰ ਕਾ ਸਰੂਪ ਧਾਰ ਕਰ ਵੇਦਾਂ ਕਉ ਪ੍ਰਗਟ ਕਰਦਾ ਹੈ ॥ ਸੋਈ ਮਹਾਰਾਜ ਸਤਿਗੁਰੂ ਕਾ ਰੂਪ ਧਾਰਕੈ ਵੇਦਾਂ ਕੇ ਧਰਮ ਕੋ ਗ੍ਰੰਥ ਜੀ ਕੀ ਬਾਣੀ ਮੈਂ ਪਰਗਟ ਕੀਆ ਹੈ ॥ ਕਜੋਂਕਿ ਸਤਿਗੁਰੂ ਕੇ ਅਵਤਾਰ ਧਾਰੇ ਬਿਨਾ ਵੇਦੋਂ ਕੇ ਗਿਆਨ ਕੀ ਸਮਝ ਜੀਵਾਂ ਕੋ ਨਹੀਂ ਪ੍ਰਾਪਤਿ ਹੁੰਦੀ ਤਾਂਤੇ ਗੁਰਪਰਮੇਸਰ ਏਕ ਹੀ ਹੈ ਕਜੋਂਕਿ ਜੋ ਈਸਰ ਰਿਜਕ ਦੇਣੇ ਕਾ ਸਾਹ ਹੈ ਅਰ ਸਤਿਗੁਰੂ ਗਿਆਨ ਦੇਣੇ ਕਾ ਸਾਹੁ ਹੈ ਜੈਸੇ ਸੂਰਜ ਕੀਆਂ ਕਿਰਨਾ ਸੇ ਅੰਧੇਰਾ ਮਿਟ ਜਾਤਾ ਹੈ ਤੈਸੇ ਸਤਿਗੁਰ ਕੇ ਸਬਦ ਸੇ ਅਗਿਆਨ ਦੂਰ ਹੋ ਜਾਤਾ ਹੈ ਤਾਂ ਸਿਖਾਂ ਪ੍ਰਸਨ ਕੀਤਾ ਜੈਸੇ ਔਰ ਜੁਗਾਂ ਮੇਂ ਅਵਤਾਰ ਹੋਤੇ ਆਏ ਹੈਂ ਤੈਸੇ ਕਲਜੁਗ ਕਾ ਕੌਨ ਅਉਤਾਰ ਹੈ।

ਫੋਕਟ ਧਰਮੀ ਭਰਮ ਭੁਲਾਵੈ ॥

ਪਉੜੀ ਅਠਾਰ੍ਹਵੀਂ ਚਲੀ :--

ਕਲਜੁਗ ਬੋਧ ਅਵਤਾਰ ਹੈ ਬੋਧ ਅਬੋਧ ਨ ਦ੍ਰਿਸਟੀ ਆਵੈ ॥

ਕੋਇ ਨ ਕਿਸੈ ਵਰਜਈ ਸੋਈ ਕਰੇ ਜੋਈ ਮਨਿ ਭਾਵੈ॥
ਕਿਸੇ ਪੁਜਾਈ ਸਿਲਾ ਸੁੰਨ ਕੋਈ ਗੋਰੀਂ ਮੜ੍ਹੀ ਪੁਜਾਵੈ॥
ਤੰਤ੍ਰ ਮੰਤ੍ਰ ਪਾਖੰਡ ਕਰਿ ਕਲਹ ਕ੍ਰੋਧ ਬਹੁ ਵਾਦ ਵਧਾਵੈ॥
ਆਪੋ ਧਾਪੀ ਹੋਇਕੈ ਨਿਆਰੇ ਨਿਆਰੇ ਧਰਮ ਚਲਾਵੈ॥
ਕੋਈ ਪੂਜੈ ਚੰਦ੍ਰ ਸੂਰ ਕੋਈ ਧਰਤਿ ਅਕਾਸ਼ ਮਨਾਵੈ॥
ਪਉਣ ਪਾਣੀ ਬੈਸੰਤਰੋ ਧਰਮਰਾਜ ਕੋਈ ਤ੍ਰਿਪਤਾਵੈ॥
ਫੋਕਟ ਧਰਮੀ ਭਰਮ ਭੁਲਾਵੈ॥ ੧੮॥

ਤਾਂ ਭਾਈ ਜੀ ਨੇ ਕਹਿਆ--ਕਿ ਸਤਜੁਗ ਮੈ ਚਾਰ ਅਵਤਾਰ ਹੋਏ ਹਨ॥ ਪਹਿਲਾ ਕੁਛ ਦੂਜਾ ਮੁਛ ਤੀਜਾ ਨਰਸਿੰਘ ਚੌਥਾ ਬੈਰਾਹੁ ਚਾਰੇ ਪੈਰ ਧਰਮ ਕੇ ਹੂਏ ਹੈ ਪਹਿਲਾ ਸਤ ਦੂਜਾ ਜਗ ਤੀਜਾ ਤਪ ਚੌਥਾ ਨਾਮ॥ ਤ੍ਰੇਤੇ ਮੈ ਤੀਨ ਅਵਤਾਰ ਪਹਿਲਾ ਬਾਵਨ ਦੂਜਾ ਪਰਸਰਾਮ ਤੀਜਾ ਰਾਮ ਅਰ ਤੀਨੋ ਹੀ ਪੈਰ ਧਰਮ ਕੇ ਹੂਏ ਹੈਂ ਜੋ ਪਹਿਲਾ ਜਗ, ਤਪ, ਨਾਮ ਜੋ ਸਤ ਸੀ ਸੋ ਖੀਣ ਹੋਇ ਗਇਆ॥ ਅਰ ਦੁਆਪਰ ਮੇਂ ਦੋ ਅਵਤਾਰ ਹੂਏ ਪਹਿਲਾ ਕ੍ਰਿਸਨ, ਬੋਧ ਅਰ ਦੋਇ ਹੀ ਪੈਰ ਧਰਮ ਕੇ ਪੈਰ ਜੋ ਪਹਿਲਾ ਤਪ ਦੂਸਰਾ ਨਾਮ॥ ਅਰ ਜੋ ਬੋਧ ਅਵਤਾਰ ਦੁਆਪੁਰ ਕਾ ਹੈ ਸੋਈ ਕਲਜੁਗ ਕੇ ਅੰਤ ਤਕ ਅਰ ਨਿਹਕਲੰਕ ਅਵਤਾਰ ਹੋਏ ਤਕ ਵਰਤਤਾ ਹੈ ਅਰ ਧਰਮ ਕਾ ਪੈਰ ਭੀ ਇਕ ਹੀ ਰਹਿ ਜਾਤਾ ਅਰ ਏਹ ਜੋ ਨਾਮ ਹੈ ਸੋ ਨਿਹਕਲੰਕ ਕੇ ਹੁਏ ਭੀ ਨਿਹਕਲੰਕ ਕਾ ਮਿਤ੍ਰ ਹੋਇ ਵਰਤਤਾ ਹੈ ਅਰ ਬੋਧ ਜੋ ਕਹਤੇ ਹੈਂ ਸੋ ਅਬੋਧ ਕੋ ਕਹਤੇ ਹੈਂ ਅਰ ਜਿਸ ਕਾ ਸਰੂਪ ਮਨ ਕੇ ਸਮਝਨੇ ਮੈਂ ਅਰ ਇੰਦ੍ਰੀਆਂ ਕੇ ਦੇਖਣੇ ਮੈਂ ਨ ਆਵੈ ਜਗਤ ਉਸ ਕੋ ਜਗੰਨਾਥ ਕਾ ਸਰੂਪ ਕਰ ਜਾਣੈ॥ ਅਰ ਕਲਜੁਗ ਮੈਂ ਕੋਈ ਕਿਸੇ ਕੋ ਵਰਜੇ ਨਹੀਂ ਅਰ ਕਿਸੇ ਕਾ ਕੋਈ ਵਰਜਿਆ ਭੀ ਨਾ ਰਹੇ॥ ਅਰ ਜੇ ਪੁਰਖ ਪ੍ਰਿਤਮਾ ਕੋ ਪੂਜੇ ਤਾਂ ਇਸਤ੍ਰੀ ਕਬਰਾਂ ਕੋ ਪੂਜੇ ਪੁਤਰ ਮੜ੍ਹਿਆਂ ਕੋ ਪੂਜੇ॥ ਅਰ ਜੋ ਭਾਈ ਸਤਿਗੁਰੂ ਕਉ ਪੂਜੇ ਤਾਂ ਭੈਣ ਸਰਵਰ ਕਉ ਪੂਜੇ ਅਰ ਕੋਈ ਸੂਰਜ ਕੋ ਅਰ ਕੋਈ ਚੰਦ੍ਰਮਾ ਕੋ ਕੋਈ ਕਿਸੀ ਦੇਵਤਾ ਕੋ ਅਰ ਕੋਈ ਕਿਸੀ ਦੇਵਤਾ ਕੋ ਸੋ ਆਪੋ ਆਪਨਾ ਇਸਟ ਉਪਾਸਨਾ ਕਰਨ ਅਰ ਇਕਸੇ ਘਰ ਮੈਂ ਬਹੁਤ ਮਤੇ ਹੋ ਜਾਣ ਅਰ ਇਸਤ੍ਰੀ ਪੁਰਖ ਕਾ ਕਹਿਆ ਨਾ ਮੰਨੇ ਅਰ ਪੁਰਖ ਇਸਤ੍ਰੀ ਕਾ ਕਹਿਆ ਨਾ ਮੰਨੇ ਅਰ ਪੁਰਖ ਇਸਤ੍ਰੀ ਜਿਤ ਹੋ ਜਾਨ ਅਰ ਨਾਰਾਇਣ ਕੀ ਉਪਾਸਨਾ ਛਪ ਜਾਵੇ ਅਰ ਕੋਈ ਤੰਤ੍ਰ ਕੋਈ ਮੰਤ੍ਰ ਸਾਧੇ ਅਰ ਕੋਈ ਪਾਖੰਡ ਕਰੇ ਅਰ ਕੋਈ ਕਲਹ ਕਰੇ ਅਰ ਕੋਈ ਕ੍ਰੋਧ ਵਧਾਵੈ ਕੋਈ ਵਾਦ ਕਰੇ ਸੋ ਏਕ ਦੂਸਰੇ ਕਾ ਕਹਿਆ ਨ ਭਾਵੈ ਅਰ ਏਕ ਦੂਜੇ ਸਾਥ ਈਰਖਾ ਕਰੈ

ਅਰ ਨਿੰਦਿਆ ਕਰੈ ਅਰ ਜੇ ਦੋ ਪੁਰਖ ਭੀ ਹੋਵੇ ਤਾਂ ਏਕ ਦੂਜੇ ਕਾ ਵਿਸਾਹੁ ਨਾ ਕਰੈ ਅਰ ਏਕ ਦੂਜੇ ਕਾ ਬੁਰਾ ਚਿਤਵੈ ਅਰ ਇਕ ਧਰਮ ਪਰ ਕੋਈ ਨ ਚਲੇ ਅਰ ਕੋਈ ਪੌਣ ਅਰ ਕੋਈ ਪਾਣੀ ਕੋ ਮੰਨੇ ਅਰ ਕੋਈ ਦੇਵੀ ਅਰ ਕੋਈ ਦੇਵਤਿਆ ਕੋ ਅਰ ਕੋਈ ਧਰਮਰਾਇ ਕੇ ਨਮਿਤ ਜਗ ਕਰੇ ਅਰ ਭਗਵੰਤ ਕੇ ਨਾਮ ਕੋ ਅਰ ਸੰਤ ਕੋ ਕੋਈ ਨਾ ਨਾ ਮੰਨੇ ਅਰ ਜੋ ਨਾਮ ਜਪੇ ਉਸਕੋ ਦੋਖ ਲਗਾਵੈ ਸੋ ਜਬ ਏਤੇ ਪਾਪ ਵਰਤਤੇ ਹੈਂ ਤਬ ਜੁਗ ਪਲਟ ਜਾਤਾ ਹੈ ਅਰ ਮਹਾਰਾਜ ਅਵਤਾਰ ਧਾਰਕੇ ਧਰਮ ਦੀ ਰਖਿਆ ਕਰਤਾ ਹੈ ।

ਕਲਜੁਗ ਕਾ ਵਰਨਣ

ਪਉੜੀ ਉਨੀਸਵੀਂ ਚਲੀ :--

ਭਈ ਗਿਲਾਨ ਜਗੱਤ ਵਿੱਚ ਚਾਰ ਵਰਨ ਆਸ੍ਰਮ ਉਪਾਏ ॥
ਦੱਸ ਨਾਮ ਸੰਨਿਆਸੀਆਂ ਜੋਗੀ ਬਾਰਹ ਪੰਥ ਚਲਾਏ ॥
ਜੰਗਮ ਅਤੇ ਸਰੇਵੜੇ ਦਗੇ ਦਿਗੰਬਰ ਵਾਦ ਕਰਾਏ ॥
ਬ੍ਰਾਹਮਣ ਬਹੁ ਪਰਕਾਰ ਕਰ ਸ਼ਾਸਤ੍ਰ ਵੇਦ ਪੁਰਾਣ ਲੜਾਏ ॥
ਖਟ ਦਰਸ਼ਨ ਬਹੁ ਵੈਰ ਕਰ ਨਾਲ ਛਤੀਸ ਪਾਖੰਡ ਚਲਾਏ ॥
ਤੰਤ ਮੰਤ ਰਸਾਇਣਾ ਕਰਾਮਾਤ ਕਾਲਖ ਲਪਟਾਏ ॥
ਏਕਸ ਤੇ ਬਹੁ ਰੂਪ ਕਰ ਰੂਪ ਕਰੂਪੀ ਘਣੇ ਦਿਖਾਏ ॥
ਕਲਿਜੁਗ ਅੰਦਰ ਭਰਮ ਭੁਲਾਏ ॥ ੧੯ ॥

ਕਲਜੁਗ ਮੈ ਕਿਸੇ ਕੋ ਕੋਈ ਵਰਜਣ ਵਾਲਾ ਨਾ ਹੂਆ ਤਾਂ ਚਾਰ ਵਰਨਾ ਕੀ ਆਪਸ ਮੈ ਗਿਲਾਨ ਹੂਈ ਅਰ ਚਾਰ ਆਸ੍ਰਮ ਭੀ ਏਕ ਦੂਸਰੇ ਕੀ ਨਿੰਦਿਆ ਕਰੈਂ ਅਰ ਦਸ ਨਾਮ ਸੰਨਿਆਸੀ ਅਰ ਬਾਰਹ ਪੰਥ ਜੋਗੀ ਆਪਸ ਮੈ ਬਖੀਲੀ ਕਰੈਂ ਅਰ ਜੰਗਮ ਸਾਰੇਵੜੇ ਦਿਗੰਬਰ ਆਪਸ ਮੈ ਦਗਾ ਕਰੈਂ ਅਰ ਵਾਦ ਕਰੈਂ ਅਰ ਪੰਡਤ ਅਰ ਜੋਤਕੀ ਸਾਸਤ੍ਰ ਵੇਦ ਪੁਰਾਣ ਪੜਕੇ ਆਪਸ ਮੈ ਵਾਦ ਕਰੈ ਅਰ ਕੋਈ ਕਿਸੇ ਕਾ ਕਹਿਆ ਨ ਮੰਨੇ ਛਿਅ ਛਿਅ ਪਾਖੰਡ ਅਰ ਏਕ ਏਕ ਦਰਸਨ ਆਪ ਆਪ ਨਾਲ ਰਲਏ ਅਰ ਏਕ ਦੂਜੇ ਸਾਥ ਵਾਦ ਵਰਤਿਆ ਕੋਈ ਤੰਤ੍ਰ ਕੋਈ ਮੰਤ੍ਰ ਸਾਧੇ ਅਰ ਕੋਈ ਰਸਾਇਣ ਅਰ ਕੋਈ ਵੈਦਕ ਸੀਖੇ ਅਰ ਪਰਮੇਸਰ ਕੇ ਨਾਮ ਕਾ ਆਸਰਾ ਭੂਲ ਗਿਆ ਅਰ ਮਨ ਕੋ ਇਕਾਗਰ ਕਰਕੇ ਜੋ ਪਰਮੇਸਰ ਕੇ ਨਾਮ ਸੇ ਜੋੜਨਾ ਥਾ ਸੋ ਮਨ ਬਹੁਤੇ ਕਰੂਪਾਂ ਸਿਉਂ ਰਚ ਰਹਿਆ ਅਰ ਕਲਜੁਗ ਮੈਂ ਭਰਮ ਕਰਕੇ ਸਾਰਾ ਜਗਤ ਭੂਲ ਗਿਆ ਤਾਂ

ਮਹਾਰਾਜ ਨੇ ਆਪਣੀ ਸਕਤ ਕੋ ਮਹੰਮਦ ਮੈਂ ਪਾਇਕਰ ਅਰਬ ਦੇਸ ਕਾ ਪੈਗੰਬਰ ਉਤਪਤ ਕੀਆ ॥

ਮਹੰਮਦ ਸਾਹਿਬ ਦਾ ਵਰਨਣ

ਪਉੜੀ ਬੀਸਵੀਂ ਚਲੀ :--

ਬਹੁ ਵਾਟੀਂ ਜੱਗ ਚਲੀਆਂ ਜਬ ਹੀ ਭਏ ਮੁਹੰਮਦ ਯਾਰਾ ॥
ਕੌਮ ਬਹੱਤਰ ਸੰਗ ਕਰ ਬਹੁ ਬਿਧਿ ਬੈਰ ਬਿਰੋਧ ਪਸਾਰਾ ॥
ਰੋਜ਼ੇ ਈਦ ਨਿਮਾਜ਼ ਕਰ ਕਰਮੀ ਬੰਧ ਕੀਆ ਸੰਸਾਰਾ ॥
ਪੀਰ ਪਕੰਬਰ ਔਲੀਏ ਗੌਸ ਕੁਤਬ ਬਹੁ ਭੇਖ ਸਵਾਰਾ ॥
ਠਾਕੁਰ ਦੁਆਰੇ ਢਾਹਿ ਕੈ ਤਿਹ ਠਉੜੀ ਮਾਸੀਤ ਉਸਾਰਾ ॥
ਮਾਰਨ ਗਊ ਗਰੀਬ ਨੂੰ ਧਰਤੀ ਉੱਪਰ ਪਾਪ ਬਿਥਾਰਾ ॥
ਕਾਫਰ ਮੁਲਹਦ ਇਰਮਨੀ ਰੂੰਮੀ ਜੰਗੀ ਦੁਸ਼ਮਨ ਦਾਰਾ ॥
ਪਾਪੇ ਦਾ ਵਰਤਿਆ ਵਰਤਾਰਾ ॥ ੨੦ ॥

ਭਾਈ ਜੀ ਕਹੈਂ ਜਾਂ ਬਹੁਤੇ ਪੰਥ ਕਲਜੁਗ ਵਿਚ ਵਰਤ ਗਏ ਤਾਂ ਮਹੰਮਦ ਪੈਕੰਬਰ ਕੋ ਪਾਪ ਕੇ ਮਿਟਾਵਣ ਵਾਸਤੇ ਅਰ ਨਾਮ ਕੇ ਜਪਾਵਣ ਵਾਸਤੇ ਅਰ ਉਪਾਸਨਾ ਕੇ ਦ੍ਰਿੜ ਕਰਨ ਵਾਸਤੇ ਉਤਪਤ ਕੀਤਾ ਪਰ ਅਗਿਆਨੀਆਂ ਜੀਆਂ ਨੇ ਤਿਸਕਾ ਉਪਦੇਸ ਨਾ ਮੰਨਿਆਂ ਤਾਂ ਤਿਸਕੇ ਭੀ ਬਹੱਤਰ (੭੨) ਫਿਰਕੇ ਹੋ ਗਏ ਅਰ ਬਹੁਤ ਵਿਰੋਧ ਪਸਰ ਗਿਆ ਅਰ ਹਿੰਦੂਆਂ ਕੇ ਕਰਮ ਪੂਜਾ ਬ੍ਰਿਤਿ ਆਦਿਕ ਘਟ ਗਏ ਅਰ ਨਿਮਾਜ ਅਤੇ ਰੋਜੇ ਈਦਾਂ ਪਸਰ ਗਏ ਅਰ ਜੇ ਕਿਸੇ ਮੈਂ ਕੁਛ ਕਲਾ ਹੋਵੇ ਸੋ ਪੀਰ ਹੋ ਬੈਠੇ ਅਰ ਕੋਈ ਆਪ ਨੋ ਪੈਕੰਬਰ ਕਹਾਵੈ ਅਰ ਕੋਈ ਆਪਨੋ ਔਲੀਆ ਕਹਾਵੇ ਅਰ ਕੋਈ ਗੌਸ ਕੋਈ ਕੁਤਬ ਬਹੁਤੇ ਹੀ ਭੇਖ ਬਣ ਖਲੋਤੇ ਅਰ ਹਿੰਦੂਆਂ ਗਰੀਬਾਂ ਤੇ ਲਾਲਚ ਕਰਨ ਲਗੇ ਅਰ ਠਾਕਰ ਦੁਆਰਿਆਂ ਕੋ ਢਾਹਿ ਕਰ ਮਸੀਤਾਂ ਉਸਾਰਨ ਅਰ ਗਊਆਂ ਬ੍ਰਹਮਣਾਂ ਗਰੀਬਾਂ ਨੂੰ ਮਾਰਨ ਅਰ ਧਰਤੀ ਉਤੇ ਪਾਪ ਪਸਰ ਗਿਆ ਅਰ ਜੋ ਉਨਕਾ ਬਚਨ ਨਾ ਮੰਨੇ ਉਸਕਾ ਨਾਮ ਕਾਫਰ ਧਰਨ ਅਰ ਜੋ ਉਨਸੇ ਬਿਪ੍ਰੀਤ ਹੋ ਕੇ ਵਰਤੇ ਉਨ ਕੋ ਮੁਲ੍ਹਦ ਕਹਨ ਅਰ ਕਈ ਇਰਮਨੀ ਕਈ ਰੂਮੀ ਕਈ ਜੰਗੀ ਕਈ ਦੁਸਮਨਦਾਰ ਕਹਾਵਨ ਸੋ ਮਹਾ ਮੋਹ ਕਾ ਪਸਾਰਾ ਪਸਰ ਗਿਆ ॥

ਚਾਰ ਵਰਨ

ਪਉੜੀ ਇਕੀਸਵੀਂ ਚਲੀ :--

ਚਾਰ ਵਰਨ ਚਾਰ ਮਜ਼ਹਬਾ ਜਗ ਵਿਚ ਹਿੰਦੂ ਮੁਸਲਮਾਣੇ ॥
ਖੁਦੀ ਬਖੀਲ ਤਕੱਬਰੀ ਖਿੰਚੋਤਾਣ ਕਰੇਨਿ ਧਿਙਾਣੇ ॥
ਗੰਗ ਬਨਾਰਸ ਹਿੰਦੂਆਂ ਮੱਕਾ ਕਾਅਬਾ ਮੁਸਲਮਾਣੇ ॥
ਸੁੰਨਤ ਮੁਸਲਮਾਨ ਦੀ ਤਿਲਕ ਜੰਞੂ ਹਿੰਦੂ ਲੋਭਾਣੇ ॥
ਰਾਮ ਰਹੀਮ ਕਹਾਇੰਦੇ ਇੱਕ ਨਾਮੁ ਦੁਇ ਰਾਹ ਭੁਲਾਣੇ ॥
ਬੇਦ ਕਤੇਬ ਭੁਲਾਇਕੈ ਮੋਹੇ ਲਾਲਚ ਦੁਨੀ ਸ਼ੈਤਾਣੇ ॥
ਸੱਚ ਕਿਨਾਰੇ ਰਹਿ ਗਿਆ ਖਹਿ ਮਰਦੇ ਬਾਹਮਣ ਮੌਲਾਣੇ ॥
ਸਿਰੋਂ ਨ ਮਿਟੇ ਆਵਣ ਜਾਣੇ ॥ ੨੧ ॥

ਭਾਈ ਜੀ ਕਹੈਂ :--ਅਗੇ ਚਾਰ ਵਰਨ ਹਿੰਦੂਆਂ ਕੇ ਹੈਸਨ ਫੇਰ ਚਾਰ ਮਜ਼ਬ ਮੁਸਲਮਾਨਾਂ ਕੇ ਭਏ ਅਰ ਏਕ ਦੂਸਰੇ ਸਾਥ ਬਖੀਲੀ ਕਰਨ ਅਰ ਗਰਬ ਕਰਨ ਅਰ ਆਪੋ ਆਪਣਾ ਤਾਣ ਦਿਖਾਵਣ ਅਰ ਜੋ ਅਗੇ ਹਿੰਦੂ ਗੰਗਾ ਅਰ ਕਾਂਸੀ ਕੋ ਪੂਜਦੇ ਮਨ ਲੈ ਮੁਸਲਮਾਨ ਮਕੇ ਅਰ ਮਦੀਨੇ ਕੋ ਪੂਜਣ ਲੱਗੇ ਅਰ ਹਿੰਦੂਆਂ ਕਾ ਧਰਮ ਤਿਲਕ ਜਨੇਊ ਸੀ ਸੋ ਮੁਸਲਮਾਨਾਂ ਕਾ ਧਰਮ ਸੁੰਨਤ ਭਈ ਅਰ ਹਿੰਦੂ ਰਾਮ ਕਹਿਨ ਮੁਸਲਮਾਨ ਰਹੀਮ ਕਹਿਨ ਸੋ ਏਕ ਦੂਸਰੇ ਸਾਥ ਦ੍ਵੈਖ ਰਖਨ ਅਰ ਵੇਦੋਂ ਕਤੇਬੋਂ ਕਾ ਉਪਦੇਸ ਭੂਲ ਗਿਆ ਅਰ ਲਾਲਚ ਮਾਇਆ ਕਾ ਪਸਰ ਪਇਆ ਬ੍ਰਹਮਨ ਅਰ ਮੁਲਾ ਆਪਸ ਵਿਚ ਠਹਕ ਠਹਕ ਮਰਨ ਅਰ ਵੇਦ ਕਤੇਬ ਕੇ ਵਚਨ ਕੋਈ ਕਮਾਵੇ ਨਹੀਂ ਸੋ ਸਾਰੇ ਹੀ ਜਗਤ ਮੈ ਪਾਪ ਵਰਤ ਗਿਆ ॥

ਥੰਮੇ ਕੋਈ ਨਾ ਸਾਧ ਬਿਨ


ਪਾਉੜੀ ਬਾਈਸਵੀਂ ਚਲੀ :--

ਚਾਰੇ ਜਾਗੇ ਚਹੁ ਜੁਗੀ ਪੰਚਾਇਣ ਪ੍ਰਭ ਆਪੇ ਹੋਆ ॥
ਆਪੇ ਪੱਟੀ ਕਲਮ ਆਪ ਆਪੇ ਲਿਖਣਹਾਰਾ ਹੋਆ ॥
ਬਾਝੁ ਗੁਰੂ ਅੰਧੇਰ ਹੈ ਖਹਿ ਖਹਿ ਮਰਦੇ ਬਹੁ ਬਿਧ ਲੋਆ ॥
ਵਰਤਿਆ ਪਾਪ ਜਗੱਤ ਤੇ ਧਉਲ ਉਡੀਣਾ ਨਿਸਦਿਨ ਰੋਆ ॥
ਬਾਝੁ ਦਇਆ ਬਲਹੀਣ ਹੋ ਨਿੱਘਰ ਚਲੋ ਰਸਾਤਲ ਟੋਆ ॥

ਖੜਾ ਇੱਕਤੇ ਪੈਰ ਤੇ ਪਾਪ ਸੰਗ ਬਹੁ ਭਾਰਾ ਹੋਆ ॥
ਥੰਮੇ ਕੋਇ ਨ ਸਾਧ ਬਿਨ ਸਾਧੁ ਨ ਦਿੱਸੈ ਜਗ ਵਿਚ ਕੋਆ ॥
ਧਰਮ ਧੌਲ ਪੁਕਾਰੇ ਤਲੇ ਖੜੋਆ ॥ ੨੨ ॥

ਭਾਈ ਜੀ ਕਹੈਂ :--ਜਬ ਬਹੁਤ ਪਾਪ ਧਰਤੀ ਤੇ ਹੋਣ ਲਗੇ ਤਾਂ ਧੌਲ ਜੋ ਧਰਮ ਰੂਪ ਥਾ ਸੋ ਧਰਤੀ ਕਾ ਭਾਰ ਉਠਾਇ ਨ ਸਕਿਆ ਅਰ ਦਇਆ ਦਾਨ ਪ੍ਰਿਥਵੀ ਤੇ ਹੋਣੋਂ ਰਹਿ ਗਿਆ ਤਾਂ ਧਰਮ ਨੇ ਪੁਕਾਰ ਕੀਤੀ ਜੋ ਮੈਂ ਕਲਜੁਗ ਵਿਚ ਇਕ ਪੈਰ ਤੇ ਖੜਾ ਸਾਂ ਅਰ ਤੀਨ ਪੈਰੋਂ ਕਾ ਬਲ ਘਟ ਗਿਆ ਸੀ ॥ ਸੋ ਅਬ ਪਾਪ ਕਰ ਏਕ ਪੈਰ ਕਾ ਬਲ ਭੀ ਖੀਨ ਹੋ ਗਿਆ ਤਾਂਤੇ ਅਬ ਮੈਂ ਰਸਾਤਲ ਕੋ ਚਲਾ ਜਾਤਾ ਹੋ ਸੋ ਜੈਸੇ ਤੁਮ ਚਾਰ ਜੁਗੋਂ ਮੈ ਈਸਰ ਅਵਤਾਰ ਧਾਰ ਕੇ ਵੇਦ ਕੇ ਧਰਮ ਕੀ ਮ੍ਰਿਜਾਦਾ ਰਖਦੇ ਆਏ ਹੋ ਜੋ ਕਿ ਸਤਜੁਗ ਮੈਂ ਹੰਸ ਅਵਤਾਰ ਧਾਰਿਆ ਹੈ ਅਰ ਤ੍ਰੇਤੇ ਮੈ ਰਾਮ ਅਵਤਾਰ ਧਾਰਿਆ ਹੈ ਅਰ ਦੁਆਪਰ ਮੈਂ ਕ੍ਰਿਸਨ ਅਵਤਾਰ ਧਾਰਿਆ ਹੈ ਅਰ ਕਲਜੁਗ ਮੈਂ ਨਿਹਕਲੰਕ ਅਵਤਾਰ ਅਬ ਤੈਸੇ ਸਾਧ ਅਵਤਾਰ ਧਾਰ ਕਰ ਪੰਜਵਾਂ ਵੇਦ ਆਪਣੀ ਬਾਣੀ ਕਾ ਗ੍ਰਿੰਥ ਜੀ ਬਨਾਓ ਕਯੋਂਕਿ ਜਗਤ ਮੈ ਬਿਮਨ ਭਗਤ ਦ੍ਰਿੜ ਹੋਵੈ ਅਰ ਮਹਾਂ ਮੋਹ ਕਾ ਬਲ ਘਟ ਜਾਵੇ ਤਾਂ ਮੁਝੇ ਭੀ ਥੰਮ ਹੋ ਜਾਵੈ ਸੋ ਜਬ ਧਰਮ ਨੇ ਮਹਾਰਾਜ ਕੇ ਅਗੇ ਐਸੀ ਪੁਕਾਰ ਕੀਤੀ ਅਰ ਮਹਾਰਾਜ ਨੇ ਧਉਲ ਕੀ ਪੁਕਾਰ ਸੁਣੀ ਤਾਂ ਧਿਆਨ ਕੀਤਾ ਜੋ ਇਸ ਕਾ ਮੈਂ ਉਧਾਰ ਕਰੋਂ ਤਾਂ ਮਹਾਰਾਜ ਕੇ ਧਿਆਨ ਸੇ ਗੁਰੂ ਨਾਨਕ ਜੀ ਕਾ ਸਰੂਪ ਪਰਗਟ ਹੂਆ ਤਾਂ ਮਹਾਰਾਜ ਨੇ ਆਗਿਆ ਕਰੀ ਕਿ ਮੈਨੇ ਆਪਨਾ ਸਰੂਪ ਪਰਗਟ ਕੀਆ ਹੈ ਸੋ ਤੂੰ ਜਗਤ ਮੈ ਜਾਇਕਰ ਮੇਰੇ ਨਾਮ ਕਾ ਜਸ ਕਰਵਾਇ ਅਰ ਅਗੇ ਮੈਨੇ ਰਖੀਸਰ ਮੁਨੀਸਰ ਭੇਜੇ ਹਨ ਅਰ ਉਨੋਂ ਨੇ ਆਪਣੇ ਸਾਸਤ੍ਰੋਂ ਅਰ ਪੁਰਾਣੋਂ ਮੈਂ ਧਰਮ ਕਾ ਉਪਦੇਸ ਕੀਆ ਪਰ ਕਲਜੁਗ ਮੈਂ ਜੋ ਮਹਾਂ ਮੋਂਹ ਪਸਰਿਆ ਹੂਆ ਹੈ ਤਾਂਤੇ ਪੜਤੇ ਸੁਣਤੇ ਹੈਂ ਅਰ ਕਮਾਵਤੇ ਨਹੀਂ ਸੋ ਅਬ ਤੂੰ ਜਾਇ ਕੇ ਮੇਰਾ ਨਾਮ ਜਗਤ ਕੋ ਦ੍ਰਿੜਾਇ ਅਰ ਸਤਜੁਗ ਮੈਂ ਮੇਰੀ ਭਗਤ ਕਸਪ ਅਤੇ ਅਦਿਤਿਆ ਕੀਤੀ ਸੀ ਅਰ ਮੁਝ ਸੇ ਏਹ ਵਰ ਮੰਗਿਆ ਸੀ ਕਿ ਮੇਰੇ ਘਰ ਤੁਮ ਸਾਰਖਾ ਬੇਟਾ ਹੋਵੈ ॥ ਸੋ ਤੀਨ ਵਾਰ ਉਸ ਨੇ ਏਹੀ ਵਰ ਮੰਗਿਆ ਤਾਂ ਮੈਨੇ ਕਹਾ ਮੁਝ ਸਾਰਖਾ ਅਵਰ ਨਹੀਂ ਮੈਂ ਹੀ ਤੁਮਾਰੇ ਘਰ ਉਤਪਤ ਹੋਵਉਂਗਾ ਪਰ ਦੋ ਜੁਗ ਮੈਂ ਈਸਰ ਅਵਤਾਰ ਧਾਰੋਂਗਾ ਅਰ ਏਕ ਜੁਗ ਗੁਰ ਅਵਤਾਰ ਧਾਰੋਂਗਾ ਸੋ ਤ੍ਰੇਤੇ ਮੈਂ ਓਹੀ ਰਖੀਸਰ ਕਸਪ ਦਸਰਥ ਪਿਤਾ ਅਰ ਕੁਸਲਿਆ ਮਾਤਾ ਤਾਂ ਮੈਂ ਰਾਮ ਅਵਤਾਰ ਧਾਰ ਕੇ ਰਾਵਣ ਆਦਿਕ ਦੁਸਟਾਂ ਕਾ ਨਾਸ ਕੀਆ ਅਰ ਦੁਆਪਰ ਮੈ ਮਾਤਾ ਦੇਵਕੀ

ਅਰ ਪਿਤਾ ਵਾਸਦੇਵ ਹੂਏ ਤਾਂ ਮੈਨੇ ਸ੍ਰੀ ਕ੍ਰਿਸਨ ਅਵਤਾਰ ਧਾਰ ਕੇ ਦੰਤਵਕ੍ਰ ਅਰ ਕੰਸ ਸਿਸਪਾਲ ਆਦਿਕ ਦੁਸਟਾਂ ਕਾ ਨਾਸ ਕੀਆ ਅਰ ਅਬ ਕਲਜੁਗ ਮੇਂ ਮਾਤਾ ਤ੍ਰਿਪਤਾ ਅਰ ਕਾਲੂ ਪਿਤਾ ਤਿਸ ਕੇ ਘਰ ਮੈ ਜਾ ਕੇ ਸਾਧ ਅਵਤਾਰ ਲੈਣਾ ਹੈ ਸੋ ਮੈ ਤੁਝੇ ਆਪਣਾ ਹੀ ਪ੍ਰਕਾਸ ਕੀਆ ਹੈ ਤਾਂਤੇ ਤੂੰ ਜਾਹੁ ਅਰ ਅਵਤਾਰ ਧਾਰ ਅਰ ਇਕ ਨਾਮ, ਗਰੀਬੀ ਏਹ ਦੋ ਫਲ ਮੈ ਤੁਝੇ ਦੀਏ ਹੈ ਸੋ ਤੂੰ ਜਾਹ ਅਰ ਜਗਤ ਮਹਿ ਵਰਤਾਇ ਅਰ ਮੇਰੀ ਭਗਤੀ ਕੀ ਦ੍ਰਿੜਤਾ ਦੇ ਕਰ ਕਾਮ ਕ੍ਰੋਧ ਆਦਿਕ ਜੋ ਦੁਸ੍ਟ ਹੈਂ ਤਿਨ ਕੋ ਮਿਟਾਇ ਅਰ ਮਲੇਛ ਆਦਿਕ ਜੋ ਪਾਪੀ ਹੈਂ ਤਿਨਕਾ ਬਲ ਖੀਣ ਕਰ ਅਰ ਭਾਉ ਭਗਤਿ ਦ੍ਰਿੜਾਇ ਅਰ ਨਾਨਕ ਅਪਨਾ ਨਾਮ ਰਖਾਇ ॥ ਸੋ ਨਾਨਕ ਕਹੀਏ ਜੋ ਅਨਕ ਰੂਪ ਧਾਰਨ ਕਰੈ ਅਰ ਭੀ ਏਕ ਰੂਪ ਰਹੇ ਹੋ ਤੂੰ ਤੇ ਮੈ ਅਨੇਕ ਭੀ ਹੈਂ ਅਰ ਏਕ ਭੀ ਤਾਂਤੇ ਤੂੰ ਮੇਰਾ ਨਾਮ ਜਾਇਕਰ ਕਲਜੁਗ ਮੈ ਵਰਤਾਇ ॥ ਤਾਂ ਪੌਣ ਕੋ ਆਗਿਆ ਕਰੀ ਕਿ ਕਿ ਤੂੰ ਜਾਇਕੇ ਮਾਤਾ ਕੇ ਉਦਰ ਮੈਂ ਸੋਝੀ ਕਰ ਜੋ ਉਸ ਕੋ ਪੁਤ੍ਰ ਭਾਉ ਮਲੂਮ ਹੋਵੇ ਅਰ ਮੈਂ ਉਸ ਕੋ ਪ੍ਰਸੂਤ ਕੇ ਸਮੇਂ ਅਵਤਾਰ ਆਨ ਧਾਰੋਂਗਾ ਤਾਂ ਗੁਰੂ ਨਾਨਕ ਜੀ ਨੇ ਅਰਦਾਸ ਕੀਤੀ ਜੋ ਜੀ ਆਪਨੇ ਅਗੇ ਵਡੇ ਰਖੀਸਰ ਮੁਨੀਸਰ ਭੇਜੇ ਹੈਂ ਅਰ ਉਨਕੇ ਕਹੇ ਭੀ ਜੀਵ ਧਰਮ ਅਰ ਭਗਤਿ ਕੋ ਨਹੀਂ ਲਗੇ ਤਬ ਮੇਰੇ ਕਹੇ ਕਬ ਲਗੈਂਗੇ ਤਾਂ ਮਹਾਰਾਜ ਬੋਲਿਆ ਤੇਰੇ ਅਰ ਮੇਰੇ ਭੇਦ ਕੁਛ ਨਹੀਂ ਜੋ ਮੈਂ ਓਅੰ ਹਾਂ ਅਰ ਤੂੰ ਸੋਹੰ ਹੈਂ ਸੋ ਤੇਰੀ ਭਗਤੀ ਕੀ ਛਾਇਆ ਜਗਤ ਤੇ ਵਰਤ ਜਾਵੇਗੀ ਅਰ ਜੈਸੇ ਹੀਰੇ ਕਾ ਪ੍ਰਕਾਸ ਸੰਗ ਕੇ ਪਦਾਰਥੋਂ ਪਰ ਵਰਤ ਜਾਤਾ ਹੈ ਅਰ ਫਟਕ ਕਾ ਨਹੀਂ ਵਰਤਤਾ ਤੈਸੇ ਤੇਰੀ ਛਾਇਆ ਸਭਨਾ ਪਰ ਵਰਤ ਜਾਵੇਗੀ ॥ ਕਯੋਂਕਿ ਉਨ ਰਿਖੋਂ ਕੋ ਮੈਨੇ ਚੌਦਾਂ ਵਿਦਿਆ ਦੇ ਕਰ ਭੇਜਿਆ ਹੈ ਤਾਂ ਤੇ ਉਨਕੀ ਬਾਣੀ ਕੀ ਛਾਇਆ ਨਹੀਂ ਵਰਤਦੀ ਅਰ ਨਾਨਕ ਤੁਝੇ ਸਾਂਤ ਦੇ ਕਰ ਭੇਜਿਆ ਹੈ ਸੋ ਤੇਰੀ ਬਾਣੀ ਕੀ ਛਾਇਆ ਵਰਤ ਜਾਵੇਗੀ ਤਾਂ ਗੁਰੂ ਨਾਨਕ ਜੀ ਮਥਾ ਟੇਕਿਆ ਅਰ ਕਹਾ ਜੋ ਮੈਂ ਤੁਝੇ ਗੁਰੂ ਕੀਆ ਹੈ ਤਾ ਬਚਨ ਹੋਇਆ ਮੈਂ ਤੇਰਾ ਗੁਰੂ ਤੂੰ ਜਗਤ ਕਾ ਗੁਰੂ ਸੋ ਤੂੰ ਜਾਇ ਕੇ ਕਲਜੁਗ ਮੈ ਅਵਤਾਰ ਲੈਅਉ ਮੇਰੀ ਭਗਤ ਦ੍ਰਿੜਾਇ ॥ ਤਾਂ ਗੁਰੂ ਨਾਨਕ ਜੀ ਅਵਤਾਰ ਧਾਰਿਆ ॥



ਬਾਬੇ ਜੀ ਕਾ ਜਨਮ

ਸੰਮਤ ੧੫੨੬ ਵੈਸਾਖ ਮਾਸ ਸੁਕਲ ਪਖ ਤ੍ਰਿਤੀਆ ਬਿਤ ਸਵਾ ਪਹਿਰ ਰਾਤ ਰਹਿੰਦੀ ਸੁਭ ਮਾਸ ਸੁਭ ਦਿਨ ਸੁਭ ਨਿਖਤ੍ਰ ਸੁਭ ਵਾਰ ਸੁਭ ਤਿਥ ਸੁਭ ਮਹੂਰਤ ਸੁਭ ਘੜੀ ਮਾਤਾ ਤ੍ਰਿਪਤਾ ਅਰ ਪਿਤਾ ਕਾਲੂ ਕੇ ਗ੍ਰਿਹਿ ਆਨ ਅਵਤਾਰ ਧਾਰਿਆ ਅਰ ਆਪਣਾ ਚਤੁਰ ਭੁਜ ਰੂਪ ਦਿਖਾਇਆ ਤਾਂ ਮਾਤਾ ਪਿਤਾ ਨੇ ਡੰਡਉਤ ਕਰੀ ਅਰ ਤੇਤੀਸ ਕਰੋੜੀ ਦੇਵਤਿਓ ਨੇ ਭੀ ਆਨ ਨਮਸਕਾਰ ਕੀਆ ਅਰ ਚਉਰਾਸੀਹ ਸਿਧ ਨਉਂ ਨਾਥ ਛੇ ਜਤੀ ਬਵੰਜਾ ਬੀਰ ਸਭਨਾ ਨੇ ਆਨ ਨਮਸਕਾਰ ਕੀਆ ਅਰ ਰਾਗ ਰਾਗਨੀਆ ਨਮਸਕਾਰ ਕੀਆ ਅਰ ਦੇਵ ਦੇਵੀਆ ਅਰ ਰਿਖੀਸਰ ਤਪੀਸਰ ਜਿਤਨੇ ਉਤਮ ਪੁਰਖ ਸੇ ਸਭਨੋ ਆਨ ਨਮਸਕਾਰ ਕੀਆ ਕਜੋਂਕਿ ਕਲਜੁਗ ਦੇ ਉਧਾਰ ਵਾਸਤੇ ਆਪ ਨਿਰੰਕਾਰ ਆਨ ਅਵਤਾਰ ਲੀਆ ਹੈ ॥ ਅਰ ਗੁਰੂ ਨਾਨਕ ਜੀ ਨੇ ਰਾਗ ਅਰ ਰਾਗਨੀਆ ਸੇ ਪੂਛਾ ਜੋ ਤੁਮਾਰੇ ਅੰਗ ਪ੍ਰਤਿ ਅੰਗ ਭੰਗ ਕਿਉਂ ਕਰ ਹੂਏ ਹੈਂ ਤਾਂ ਉਨਾਂ ਨੇ ਪੁਕਾਰ ਕਰੀ ਜੋ ਜਗਤ ਕੇ ਲੋਕ ਏਕ ਭੋ ਸਮੇ ਪਾਇ ਨਹੀ ਗਾਵਤੇ ਦੂਸਰਾ ਰਾਗ ਕੋਈ ਹੋਤਾ ਹੈ ਅਰ ਰਾਗਨੀ ਕਿਸੀ ਮੈ ਗਾਵਤੇ ਹੈਂ ॥ ਅਰ ਰਾਗਨੀ ਕੋਈ ਹੋਤੀ ਹੈ ਰਾਗ ਕਿਸੇ ਸਾਥ ਮਿਲਾਵਤੇ ਹੈਂ ਸੋ ਆਪੋ ਆਪਣੇ ਸਰੂਪ ਮੇਂ ਨਹੀਂ ਗਾਵਤੇ ਤਾਹੀਂ ਤੇ ਹਮਾਰੇ ਅੰਗ ਖੀਨ ਹੂਏ ਹੈਂ ਸੋ ਤੁਮਾਰੀ ਕ੍ਰਿਪਾ ਕੀ ਦ੍ਰਿਸਟ ਮੈ ਫੇਰ ਸੁੰਦਰ ਹੋਇ ਆਵਹਿਗੇ ਤਾਂ ਸਤਿਗੁਰਾਂ ਨੇ ਕ੍ਰਿਪਾ ਦ੍ਰਿਸਟ ਕੀਤੀ ਉਨਾਂ ਦੇ ਅੰਗ ਸੁੰਦਰ

ਹੋਇ ਆਏ ਤਾਂ ਉਨਾਂ ਅਰਦਾਸ ਕੀਤੀ ਜੋ ਫੇਰ ਅਸਾਡੇ ਅੰਗ ਕਬਹੂੰ ਭੰਗ ਨਾ ਹੋਵੈਂ ਤਾਂ ਬਚਨ ਹੋਇਆ ਮੈ ਬਾਣੀ ਕਰੋਂਗਾ ਸੋ ਰਾਗ ਪਾਇਕਰ ਕਰੋਂਗਾ ਅਰ ਸਭ ਲੋਕ ਸਮੇ ਅਨੁਸਾਰ ਗਾਵਹਿਗੇ ਤਾਂਤੇ ਤੁਮਾਰੇ ਅੰਗ ਸਦਾ ਸੁੰਦਰ ਰਹੈਂਗੇ ਸੋ ਏਹ ਬਚਨ ਕਹਿ ਕਰ ਸਭ ਦੇਵਤਿਆਂ ਕਉਂ ਵਿਦਾ ਕੀਆ ਅਰ ਮਾਤਾ ਪਿਤਾ ਕਉਂ ਆਗਿਆ ਕਰੀ ਜੋ ਅਬ ਮੈਂ ਬਾਲਕ ਰੂਪ ਧਾਰਤਾ ਹੋਂ ਸੋ ਮਾਤਾ ਪਿਤਾ ਉਪਰ ਮਾਇਆ ਕਾ ਜਾਲ ਡਾਰਕਰ ਬਾਲਕ ਰੂਪ ਧਾਰਤੇ ਭਏ ਤਬ ਬਾਲਕ ਨੇ ਰੁਦਨ ਕੀਆ ਅਰ ਮਾਤਾ ਪਿਤਾ ਨੇ ਜਾਨਿਆ ਕਿ ਮੁਝੇ ਸੁਪਨਾ ਆਇਆ ਥਾ॥

ਕਲਿ ਤਾਰਨ ਗੁਰੂ ਨਾਨਕ ਆਇਆ

ਪਉੜੀ ਤੇਈਸਵੀਂ ਚਲੀ :--

ਸੁਣੀ ਪੁਕਾਰ ਦਾਤਾਰ ਪ੍ਰਭ ਗੁਰ ਨਾਨਕ ਜਗ ਮਾਹਿੰ ਪਠਾਯਾ॥
ਚਰਨ ਧੋਇ ਰਹਰਾਸਿ ਕਰ ਚਰਨਾਮ੍ਰਿਤ ਸਿੱਖਾਂ ਪੀਲਾਯਾ॥
ਪਾਰਬ੍ਰਹਮ ਪੂਰਨ ਬ੍ਰਹਮ ਕਲਿਜੁਗ ਅੰਦਰ ਇਕ ਦਿਖਾਯਾ॥
ਚਾਰੇ ਪੈਰ ਧਰੰਮ ਦੇ ਚਾਰ ਵਰਨ ਇਕ ਵਰਨ ਕਰਾਯਾ॥
ਰਾਣਾ ਰੰਕ ਬਰਾਬਰੀ ਪੈਰੀਂ ਪਵਣਾ ਜਗ ਵਰਤਾਯਾ॥
ਉਲਟਾ ਖੇਲ ਪਿਰੰਮ ਦਾ ਪੈਰਾਂ ਉੱਪਰ ਸੀਸ ਨਿਵਾਯਾ॥
ਕਲਿਜੁਗ ਬਾਬੇ ਤਾਰਿਆ ਸੱਤਿਨਾਮ ਪੜ੍ਹ ਮੰਤ੍ਰ ਸੁਣਾਯਾ॥
ਕਲਿ ਤਾਰਣ ਗੁਰ ਨਾਨਕ ਆਯਾ॥ ੨੩॥

ਭਾਈ ਜੀ ਕਹੇ ਹੈਂ:--ਕਿ ਮਹਾਰਾਜ ਨੇ ਜੋ ਆਗਿਆ ਕਰੀ ਸੀ ਕਿ ਤੁਝ ਕਉ ਸਾਂਤ ਦਿਤੀ ਹੈ ਸੋ ਤਿਸ ਸਮੇ ਚਉਦਹ ਵਿਦਿਆ ਤਿਸ ਕੀਆਂ ਦਾਸੀਆਂ ਨਾਲ ਦਿਤੀਆਂ ਹੈਸਨ ਤਾਂ ਸਿਖਾਂ ਪ੍ਰਸਨ ਕੀਤਾ ਜੋ ਚਉਦਹ ਵਿਦਿਆ ਕਉਨ ਹੈਨ ਤਾਂ ਭਾਈ ਮਨੀ ਸਿੰਘ ਜੀ ਕਹਾ ਛੰਦ॥ (੧) ਸ੍ਰੀ ਅਖਰ (੨) ਜਲ ਤਰਨ (੩) ਚਕਿਤਸਾ ਅਉਰ (੪) ਰਸਾਇਨ॥ ਜੋਤਕ ਜੋੜ ਪ੍ਰਬੀਨ ਰਾਗ ਖਟ ਰਾਗਨ ਗਾਇਨ॥ ਕੋਕਲਾ ਵਿਆਕਰਨ ਔਰ ਬਾਜੰਤ੍ਰ ਬਜਾਇਨ॥ ਤੁਰਾਤੋਰ ਨਟ ਨਿਰਤ ਅਉਰ ਸਰ ਧਨਖ ਚਲਾਇਨ॥ ਗਿਆਨ ਕਰਨ ਅਉ ਚਾਤਰੀ ਏਤ ਨਾਮ ਵਿਦਯਾ ਧਰੇ॥ ਏਹੁ ਚਤਰ ਦਸ ਜਗਤ ਮੈ ਚਤੁਰ ਸਮਝ ਮਨਮੈ ਧਰੇ॥

ਤਾਂ ਸਿਖਾਂ ਪ੍ਰਸਨ ਕੀਤਾ ਜੋ ਏਹ ਵਿਦਯਾ ਵਿਸਥਾਰ ਕਰ ਕਹੋ ਤਾਂ ਭਾਈ ਜੀ ਕਹਾ :--

ਚੌਦਾਂ ਵਿਦਿਆ

ਜਗਤ ਕਉ ਜੌਨਸੀਆਂ ਚਉਦਹ ਮਿਲੀਆਂ ਹੈਨ ਸੋ ਭਿੰਨ ਹਨ ਅਰ ਜੌਨਸੀਆਂ ਵਿਦਿਆ ਸਾਂਤ ਸਮੇਂ ਗੁਰੂ ਨਾਨਕ ਜੀ ਕਉਂ ਬਖਸੀਆਂ ਹੈਨ ਸੋ ਭਿੰਨ ਹਨ॥ਸੋ ਜਗਤ ਕੀ ਵਿਦਿਆ ਪ੍ਰਿਥਮੈਂ ਸ੍ਰੀ ਅਖਰ ਹੈ ਸ੍ਰੀ ਅਖਰ ਕਹੀਐ ਜੋ ਅਖਰਾ ਕਾ ਪਾਠ ਅਰ ਛੰਦ ਬੰਦ ਧਾਰਨਾ ਸੰਜੁਗਤ ਪੜਨਾ ਅਰ ਸਮਝਣਾ ਦੂਸਰੀ ਵਿਦਿਆ ਜਲ ਨਦੀਆਂ ਕਉਂ ਤਰ ਜਾਣਾ ਤੀਜੀ ਚਕਿਤਸਾ ਜੋਗ ਅਰ ਔਖਦ ਕਾ ਸਮਝਣਾ ਚੌਥੀ ਰਸਾਇਣ ਰਸਾਇਣ ਕਹੀਏ ਜੋ ਪਾਰੇ ਆਦਕ ਧਾਤਾਂ ਕਾ ਮਾਰਨਾ ਪੰਜਵੀਂ ਜੋਤਕ ਜੋ ਗ੍ਰਿਹ ਨਿਛਤ੍ਰ ਕੀ ਜੋਤਕਾ ਉਦੇ ਅਸਤ ਜਾਣਨਾ ਛੇਵੀਂ ਵਿਦਿਆ ਰਾਗ ਜੋ ਖਟ ਰਾਗ ਅਰ ਤੀਸ ਰਾਗਨੀਆਂ ਅਰ ਅਠਤਾਲੀਸ ਉਨਕੇ ਬੇਟੇ ਇਤਜਾਦਿਕ ਗਾਵਣੇ ਅਰ ਸਮਝਣੇ ਸਪਤਮ ਕੋਕ ਵਿਦਿਆ ਕੋਕ ਕਹੀਏ ਜੋ ਇਸਤ੍ਰੀ ਪੁਰਖ ਕੇ ਕਾਮ ਬਿਲਾਸ ਆਸਣ ਸਭ ਜਾਣਨੇ ਅਸਟਮ ਵਿਦਿਆ ਵਿਆਕਰਨ ਜੋ ਸੰਧਾ ਧਾਤਾ ਇਤਯਾਦਿਕ ਅਖਰਾਂ ਕੀਆਂ ਪਛਾਨਣੀਆ ਅਰ ਨੌਵੀਂ ਵਿਦਿਆ ਜੋ ਸਭ ਬਜੰਤ੍ਰ ਵਜਾਵਣੇ ਅਰ ਸਮਝਣੇ ਅਰ ਦਸਵੀਂ ਵਿਦਿਆ ਘੋੜੇ ਕਾ ਦਉੜਾਵਣਾ ਅਰ ਠਹਿਰਾਵਣਾ ਅਰ ਵਾਗ ਤੇ ਲਿਆਵਣਾ ॥ ਯਾਰਵੀਂ ਨਟੋਂ ਕੀ ਨਿਰਤ ਕਰਨੀ ਅਰ ਸਮਝਣੀ ਭੀ ਬਾਰਵੀਂ ਵਿਦਿਆ ਧਨਖ ਬਾਣ ਆਦਿਕ ਸਾਸਤ੍ਰਾਂ ਕੋ ਚਲਾਵਣਾ ਭੀ ਤੇਰਵੀਂ ਵਿਦਿਆ ਸਾਸਤ੍ਰ ਅਰ ਵੇਦ ਪੁਰਾਣੋਂ ਕਾ ਗਿਆਨ ਕਰਨਾ ਚੌਦਵੀਂ ਵਿਦਿਆ ਸਭ ਕਲਾ ਮੈ ਚਤਰ ਹੋਵਣਾ ਸੋ ਇਹ ਜਗਤ ਕਉ ਮਿਲੀਆਂ ਹੈਨ ॥

ਅਰ ਗੁਰੂ ਨਾਨਕ ਜੀ ਸੰਤਾਂ ਕੋ ਸਾਂਤ ਦਿਤੀ ਹੈ ਅਰ ਤਿਸਕੇ ਸਾਥ ਚੌਦਾਂ ਦਾਸੀਆਂ ਦਿਤੀਆਂ ਹੈਨ ਸੋ ਪ੍ਰਿਥਮੇ :--ਸ੍ਰੀ ਅਖਰ ਜੋ ਸਭਨਾਂ ਅਖਰਾਂ ਕੇ ਸਿਰ ਪਰ ਹੋਵੇ ਸੋ ਕਹੀਏ ਰਾਰਾ ਅਰ ਮੰਮਾ ॥ ਅਰ ਜਲ ਤਰਨ ਕਹੀਏ ਅਵਿਦਿਆ ਰੂਪੀ ਨਦੀ ਸੇ ਤਰ ਜਾਣਾ ਅਰ ਚਕਿਤਸਾ ਕਹੀਏ ਮਨ ਕੀ ਮੈਲ ਕਾ ਧੋਵਣਾ ਅਰ ਗਾਇਨ ਕਹੀਏ ਗਿਆਨ ਕਾ ਸਮਝਣਾ ਅਰ ਜੋਤਕ ਕਹੀਏ ਸਰਬ ਮੈ ਚੇਤੰਨ ਜਾਣਨਾ ਅਰ ਰਾਗ ਕਹੀਏ ਮਹਾਰਾਜ ਕੀ ਕਥਾ ਅਰ ਕੀਰਤਨ ਕੋ ਪ੍ਰਸੰਨ ਹੋ ਕਰ ਗਾਵਣਾ ਅਰ ਸਮਝਣਾ ਅਰ ਕੋਕ ਕਹੀਏ ਮਾਇਆ ਰੂਪੀ ਨਟਣੀ ਕਾ ਛਲ ਨਾ ਖਾਵਣਾ ਅਰ ਵਿਆਕਰਨ ਕਹੀਏ ਕਰਮਾ ਕੋ ਸਮਝ ਕਰ ਸੁਭ ਕਰਮ ਕਰਣੇ ਅਰ ਅਸੁਭ ਹਟਾਵਣੇ ਅਰ ਬਜੰਤ੍ਰ ਕਹੀਏ ਕਰਮਾਂ ਕੋ ਸਮਝ ਕਰ ਇੰਦ੍ਰੀਆਂ ਰੋਕਣੀਆਂ ਅਰ ਦਸਵੇਂ ਦੁਆਰ ਕੀਆਂ ਧੁਨਾਂ ਸੁਣਨੀਆਂ ਅਰ ਤੁਰਾਤੋਰ ਕਹੀਏ ਕਿ ਮੰਨ ਰੂਪੀ ਘੋੜੇ ਕੀਆਂ ਵਾਗਾਂ ਵਸਿ ਰਖਣੀਆਂ

ਅਰ ਨਟ ਨਿਰਤ ਕਹੀਏ ਕਿ ਈਸਰ ਕੋ ਕਲਾਧਾਰ ਜਗਤ ਕਾ ਪੇਖਣਾ ਅਰ ਸਮਝਣਾ॥ ਅਰ ਧਨਖ ਕਹੀਏ ਬੁਧ ਰੂਪੀ ਧਨੁਖ ਮੇ ਸਰਧਾ ਰੂਪੀ ਬਾਨ ਸੰਧਾਨਣਾ ਅਰ ਗਿਆਨ ਕਹੀਏ ਸਰਬ ਮੈ ਵਾਹਗੁਰੂ ਕਾ ਰੂਪ ਦੇਖਣਾ ਅਰ ਚਾਤਰੀ ਕਹੀਏ ਕਿ ਜੋ ਕੁਝ ਵੇਦਨੇ ਅਰ ਸਤਿਗੁਰਾਂ ਨੇ ਕਹਿਆ ਹੈ ਤਿਸ ਮੈ ਆਪਣੇ ਮਨ ਕੋ ਸਮਝਾਇ ਕੇ ਸੁਚੇਤ ਕਰਨਾ ਸੋ ਏਹ ਚੌਦਾਂ ਵਿਦਿਆ ਸਾਂਤ ਸਮੇਤ ਗੁਰੂ ਨਾਨਕ ਜੀ ਸੰਤਾਂ ਵਾਸਤੇ ਲਿਆਏ ਹਨ ॥

ਵਾਹਿਗੁਰੂ ਕਾ ਜਾਪ

ਅਰ ਜੋ ਚਾਰ ਅਖਰ ਵਾਹਗੁਰੂ ਕੇ ਜਾਪ ਕੇ ਸੋ ਗੁਰੂ ਨਾਨਕ ਜੀ ਕੋ ਚਤੁਰਵਜਹ ਅਵਤਾਰ ਮਿਲਿਆ ਹੈ ਜੋ ਵਵਾ ਵਾਸਦੇਵ ਕਾ ਅਵਤਾਰ ਅਰ ਹਾਹਾ ਹਰਿ ਕਾ ਅਵਤਾਰ ਅਰ ਗਗਾ ਗੁਰੂ ਕਾ ਅਵਤਾਰ ਰਾਰਾ ਰਾਮ ਕਾ ਅਵਤਾਰ ਅਰ ਮਹਾਰਾਜ ਕੀ ਆਗਿਆ ਗੁਰੂ ਨਾਨਕ ਜੀ ਕੋ ਭਈ ਹੈ ਜੋ ਯਹੀ ਅਖਰ ਜਾਪ ਕੀਏ ਹੂਏ ਕਾਮ ਕ੍ਰੋਧ ਦੁਸਟ ਆਦਿਕੋਂ ਕਾ ਨਾਸ ਕਰੈਂਗੇ ਤਉ ਗੁਰੂ ਨਾਨਕ ਜੀ ਚਾਰੋਂ ਅਖਰਾਂ ਕੋ ਰਸਨਾ ਪਰ ਧਾਰ ਕਰ ਬਾਲਕ ਰੂਪ ਧਾਰਤੇ ਭਏ ਤਬ ਸਾਰੇ ਕੁਟੰਬ ਮੈ ਵਧਾਈ ਭਈ ਜੋ ਕਾਲੂ ਕੇ ਘਰ ਵਡਾ ਸੁੰਦਰ ਸੁਭ ਪੁਤ੍ਰ ਜਨਮਿਆ ਹੈ ਤਬ ਕਾਲੂ ਨੇ ਬਹੁਤ ਲੋਕਾਂ ਕਉ ਦਾਨ ਦੀਆ ਅਰ ਮੰਗਤੇ ਗੁਣੀ ਬ੍ਰਹਮਣ ਸਭ ਅਘਾਇਕੇ ਪ੍ਰਸੰਨ ਹੋਏ ਅਰ ਗੁਰੂ ਨਾਨਕ ਕੇ ਪ੍ਰਗਟੇ ਤੇ ਜੋ ਅਗਿਆਨ ਕੀ ਧੁੰਧ ਸੀ ਸੋ ਸਭ ਮਿਟ ਗਈ ਅਰ ਕਬਰੋਂ ਅਰ ਮੜੀਓਂ ਅਰ ਅਗਿਆਨੀਅਹੁ ਕੀ ਜੋ ਪੂਜਾ ਥੀ ਸੋ ਮਿਟ ਗਈ ਕ੍ਯੋਂਕਿ ਜੈਸੇ ਸੂਰਜ ਪ੍ਰਕਾਸਤਾ ਹੈ ਤਾਂ ਤਾਰੇ ਛਪ ਜਾਤੇ ਹੈਂ ਅਰ ਅੰਧੇਰਾ ਭੀ ਦੂਰ ਹੋ ਜਾਤਾ ਹੈ ਤੈਸੇ ਨਾਮ ਕੇ ਪ੍ਰਕਾਸ ਤੇ ਦ੍ਵੈਤ ਅਰ ਅਗਿਆਨ ਕਾ ਅੰਧੇਰਾ ਸਭ ਮਿਟ ਜਾਤਾ ਹੈ ਅਰ ਜੈਸੇ ਸਿੰਘ ਕੇ ਬੋਲਣੇ ਸੇ ਮ੍ਰਿਗਾਵਲੀ ਸਭ ਭਜ ਜਾਤੀ ਹੈ ਤੈਸੇ ਮਹਾਰਾਜ ਕੇ ਨਾਮ ਕਰ ਸਭ ਪਾਪ ਨਸਟ ਹੋ ਗਏ ਤ੍ਾਂ ਆਕਾਸ ਬਾਣੀ ਭਈ ਕਿ ਜਿਥੇ ਬਾਬਾ ਨਾਨਕ ਪੈਰ ਧਰੇਗਾ ਸੋਈ ਪੂਜਾ ਕਾ ਆਸਣ ਹੋਵੈਗਾ ਅਰ ਜਿਸ ਜਿਸ ਨਾਲ ਗੋਸਟ ਕਰੈਗਾ ਸੋ ਮੁਨੀਸਰ ਰਿਖੀਸਰ ਅਰ ਪੀਰ ਪੈਕੰਬਰੋਂ ਕੇ ਆਸਣ ਭੀ ਪੂਜਣ ਜੋਗ ਹੋਵਹਿਗੇ ਅਰ ਜੌਨਸੇ ਕੁਰਾਨੋਂ ਅਰ ਪੁਰਾਨੋਂ ਮੈ ਬਾਬੇ ਕੀ ਬਾਣੀ ਕੀ ਸਾਖ ਲਿਖੀਐਗੀ ਸੋਈ ਗ੍ਰੰਥ ਪਰਵਾਨ ਹੋਵਹਿਗੇ ਕ੍ਯੋਂਕਿ ਇਸ ਨੇ ਨਾਮ ਕੀ ਗੰਗਾ ਜਗਤ ਮੈ ਵਹਾਵਣੀ ਹੈ ਅਰ ਜੋ ਗੰਗਾ ਮੇਰੇ ਚਰਨੋ ਸੇ ਪ੍ਰਗਟ ਹੋਈ ਹੈ ਤੇ ਸਮੁੰਦਰ ਕੇ ਸਨਮੁਖ ਉਸਨੇ ਮੁਖ ਕੀਆ ਹੈ ਸੋ ਉਸ ਗੰਗਾ ਮੈ ਜੋ ਸਨਾਨ ਕਰਤੇ ਹੈਂ ਤਿਨਕੇ ਪਿਛਲੇ ਪਾਪ ਕਟੀਤੇ ਹੈਂ ਅਰ ਆਗੇ ਪਾਪਾਂ ਕੀ ਸਰਧਾ ਨਹੀਂ ਮਿਟਾ ਸਕਤੀ ਪਰ ਇਸਕੀ ਰਸਨਾ

ਸੇ ਜੋ ਬਾਣੀ ਉਚਾਰ ਹੋਵੇਗੀ ਓਹ ਮੇਰੇ ਚਰਨਾਂ ਕੋ ਮੁਖ ਕਰੇਗੀ ਤਾਂਤੇ ਉਸਕਾ ਜੋ ਅਭਿਆਸ ਕਰਹਿਗੇ ਸੋ ਭੀ ਮੇਰੇ ਚਰਨਾਂ ਕੋ ਆਨ ਪ੍ਰਾਪਤ ਹੋਵਹਿਗੇ ਅਰ ਤਿਨਕੇ ਪਿਛਲੇ ਪਾਪ ਭੀ ਕਟੇ ਜਾਵਹਿਗੇ ਅਰ ਅਗੋਂ ਪਾਪਾਂ ਕੀ ਸਰਧਾ ਭੀ ਨ ਹੋਵੈਗੀ ਅਰ ਗੰਗਾ ਏਕ ਹੀ ਸਥਾਨ ਪਰ ਵਗਦੀ ਹੈ ਪਰ ਇਸਨੇ ਪਿੰਡ ਪਿੰਡ ਅਰ ਗਾਉਂ ਗਾਉਂ ਮੈ ਧਰਮਸਾਲਾ ਕਰਨੀਆ ਹੈਂਨ ਅਰ ਘਰ ਘਰ ਮੈਂ ਕਥਾ ਕੀਰਤਨ ਕੀ ਗੰਗਾ ਵਹਾਵਣੀ ਹੈ ਅਰ ਚਾਰੋਂ ਕੁੰਟ ਅਰ ਨਵਾਂ ਖੰਡਾਂ ਕਾ ਉਧਾਰ ਕਰਨਾ ਹੈ ਅਰ ਇਸਨੇ ਮੇਰੇ ਨਾਮ ਕਾ ਸਚਾ ਢੋਆ ਜੋ ਮੇਰੀ ਮਹਿਮਾ ਕਾ ਵਰਤਾਵਣਾ ਹੈ ਕਯੋਂਕਿ ਮੈਂ ਹੀ ਇਸਕਾ ਰੂਪ ਧਾਰ ਕੇ ਗੁਰਮੁਖਿ ਕਲ ਮੈਂ ਪਰਗਟ ਹੂਆ ਹੋਂ ਸੋ ਇਸਕੇ ਅਰ ਮੇਰੇ ਬੀਚ ਭੇਦ ਨਹੀਂ ਜਾਨਣਾ ਜਬ ਏਹ ਬਾਣੀ ਮਾਤਾ ਤ੍ਰਿਪਤਾ ਅਰ ਪਿਤਾ ਕਾਲੂ ਨੇ ਸੁਣੀ ਤੋ ਬਹੁਤ ਪ੍ਰਸੰਨ ਭਏ ਅਰ ਗਦ ਗਦ ਹੋ ਕੇ ਗੁਰੂ ਨਾਨਕ ਜੀ ਕੀ ਸੇਵਾ ਟਹਿਲ ਕਰਨ ਲਗੇ ਅਰ ਜੋ ਕੋਈ ਬਾਲਕੈ ਕੋ ਬੁਲਾਵੇ ਤਾਂ ਬਾਲਕਾ ਹਸ ਕੇ ਮੁਖ ਲਗੇ ਅਰ ਜੋ ਪੰਘੂੜੇ ਮੇਂ ਡਾਲੇ ਤਾਂ ਪ੍ਰਾਣਾਂ ਕੋ ਰੋਕਕੇ ਸਮਾਧ ਲਗ ਰਹੇ ਅਰ ਜੋ ਮਾਤਾ ਦੂਧ ਪੀਆਵੈ ਤੋ ਹਸ ਕਰ ਦੂਧ ਪੀਵੈ ਅਰ ਬਾਲਕ ਪਿਛਲੀ ਰਾਤ ਜਾਗੇ ਤਾਂ ਉਸਕੇ ਮਾਤਾ ਪਿਤਾ ਭੀ ਜਾਗਨ ਅਰ ਬਾਲਕੇ ਕੋ ਭੀ ਇਸਨਾਨ ਕਰਾਵਨ ਅਰ ਆਪ ਭੀ ਕਰਨ॥ਅਰ ਨਾਮ ਭੀ ਜਪਨ ਤਾਂ ਦਿਨ ਦਿਨ ਉਨ ਕੇ ਘਰ ਮਾਇਆ ਵਧਦੀ ਜਾਵੈ ਸੋ ਦਾਨ ਪੁੰਨ ਬਹੁਤ ਕਰਨ ਅਰ ਜਬ ਬਾਬਾ ਬਰਸ ਦਿਨ ਕਾ ਹੂਆ ਤਾਂ ਉਨੋਂ ਨੇ ਬਰਸ ਗੰਢ ਕੀਤੀ ਅਰ ਬੜਾ ਬ੍ਰਹਮ ਭੋਜ ਕੀਆ ਤਾਂ ਬਾਬਾ ਬੈਠਨ ਸੀਖਯਾ ਅਰ ਚਉਕੜੀ ਮਾਰ ਕਰ ਸਿਧ ਆਸਣ ਕਰ ਬੈਠੇ ਅਰ ਪ੍ਰਾਣਾਂ ਕੇ ਬੀਚ ਵਾਹਗੁਰੂ ਕਾ ਜਾਪ ਕਰੇ ਸੋ ਜਬ ਡੇਢ ਬਰਸ ਕਾ ਹੂਆ ਤਾਂ ਬਾਬਾ ਬੋਲਣਾ ਸੀਖਯਾ ਜਾਂ ਬੋਲੇ ਤਾਂ ਵਾਹਗੁਰੂ ਬੋਲੇ ਅਰ ਜਾਂ ਦੋ ਬਰਸਾਂ ਕਾ ਹੂਆ ਤਾਂ ਖਲੋਵਨ ਸੀਖਯਾ ਅਰ ਮੋਤੀਆਂ ਕੇ ਸਮਾਨ ਦੰਦੀਆਂ ਨਿਕਲੀਆਂ ਅਰ ਜੋ ਖੇਡੇ ਤੌ ਦੇਵਤਿਆਂ ਅਰ ਅਵਤਾਰਾਂ ਕੀਆਂ ਪ੍ਰਿਤਮਾਂ ਕੇ ਸਾਥ ਖੇਲਿਆ ਕਰੇ ॥ ਅਰ ਘਰ ਕੀਆਂ ਵਹੀਆਂ ਅਰ ਕਾਗਤਾਂ ਕੀਆਂ ਪੋਥੀਆਂ ਬਣਾਵੇ ਉਪਰ ਹਛੇ ਰੁਮਾਲ ਚੜਾਵੈ ਅਰ ਜਬ ਤੀਨ ਬਰਸ ਕਾ ਹੂਆ ਤਾਂ ਇਕ ਦਿਨ ਮਾਤਾ ਅਰ ਪਿਤਾ ਕੋਲ ਬੈਠੇ ਸੇ ਤਾਂ ਓਨਾਂ ਪੂਛਾ ਤੂੰ ਕੌਨ ਸੀ ਪੋਥੀ ਪੜਦਾ ਹੈਂ ਤਾਂ ਬਾਬੇ ਕਹਾ ਮੈਂ ਸਪਤ ਸਲੋਕੀ ਗੀਤਾ ਪੜਤਾ ਹੂ ਬਾਬੇ ਜੀ ਸਪਤ ਸਲੋਕੀ ਗੀਤਾ ਕਹੀ ਜਬ ਤੀਨ ਸਾਲ ਕੀ ਉਮਰ ਸੀ ਤਾਂ ਉਨਾਂ ਨੇ ਕਹਾ ਅਸਾਨੂੰ ਭੀ ਸੁਣਾਇ ਤਾਂ ਬਾਬਾ ਬੋਲਿਆ ਕਿ ਸੁਣੋਂ ਸਪਤ ਸਲੋਕੀ ਗੀਤਾ ਕੋ। ਸਲੋਕ ॥

ਓਅੰ ਮਿਤੇ ਕਾ ਖਰੰ ਬ੍ਰਹਮ ਵਿਆਹਰਨਮਾਮਨ ਸਿਮਰਨ ॥ ਯਾਪ੍ਰਜਾਤਤ

ਜੰਦੇਹੰ ਸੁਯਾਭ ਪਰਮੰਗਤੰ ॥ ੧ ॥ ਕਵਿ ਪੁਰਾਣੰ ਅਨਸਾਸਤਾਰੰ ਆਣੰ ਅਣੀਅੰਅ ਸਮਇਸਮਰਨ ॥ ਸਰਵਸ ਧਾਤਰੰ ਅਚਿੰਤ ਰੂਪੰਮਦਤ ਵਰਣੰਤ ਮਸਾ ਪ੍ਰਸਤਾਤਾ ॥੨॥ ਅਸਥਾਨੇ ਰਿਖੀਕੇਸਾਤਵ ਪ੍ਰਕੀਰਤਿਜਾ ਜਗਤ ਪ੍ਰਹਰਖੇਤ ਅਨਭਜ ਭੇਦ॥ ਰਾਖ ਸਭੀਤਾਨ ਦਿਸੋ ਦ੍ਰਵੰਤ ਲਮਯੰਤੇਚ ਸਰਵ ਸਿਧ ਸੰਘ: ॥ ੩ ॥ ਸਰਬਿਤਾ ਪ੍ਰਾਣ ਪਦੰਤਚਿ ਸਰਬ ਤੋਖਿ ਸਿਰੋ ਮੁਖੰ ॥ ਸਰਬਿ ਸੁਤਿ ਮਲੋਕੇ ਸ੍ਰਬਿਮਾ ਵਰਤਿ ਸਤਿ ॥੪॥ ਉਰਧਿ ਮੂਲੰ ਮਧ: ਸਾਖੰਮ ਸੁਬੁਯਾ ਯੰਪ੍ਰਾਹੁਰ ਅਬਿਯੰ ॥ ਛੰਦਸਿਅਸ ਪਰਣਾਨਿਯ ਸਤੰਵੇਦ ਸਵੇਦ ਵਿਤਾ ॥ ੫ ॥ ਸਰਵਸਿਚਾਹੰ ਰਿਦਜੰ ਨਿਵਿਸਟੋਮਤਿ ਸਿਰਤਿ ਗਿਆਨਮ ਪੋਹਨੰਚਿ ॥ ਵੇਦੈਯਵ ਸਰਹਿਮੇਵ ਵੇਦਯੋ ਵਿਦਾਂਤ ਕ੍ਰਿਤ ਵੇਦ ਵਿਵੇਦਚਹਿ ॥ ੬ ॥ ਮਨ ਮਨਾਭਵਮਦੰਭਗ ਤਿਜਾਮਦਿਯਾਜੀ ਮਾਨਮਧਕਰ: ॥ ਮਾਮੇਂ ਬ੍ਰਾਂਸ ਮਦਿਯੁਗਤੋ ਮਨਯ ਨਾਮਤਿ ਪਰਾਇਣਾ ॥ ੭ ॥ ਤਬ ਕਾਲੂ ਨੇ ਕਹਿਆ ਕਿ ਇਸਕਾ ਅਰਥ ਸੁਨਾਵੋ ਜੋ ਮੇਰੀ ਸਮਝ ਮੈ ਆਵੈ ਤਾਂ ਗੁਰੂ ਨਾਨਕ ਜੀ ਬਚਨ ਕੀਤਾ ਜੋ ਸ੍ਰੀ ਕ੍ਰਿਸਨ ਅਰਜਨ ਕੋ ਕਹਾ ਹੈ ਕਿ ਓਅੰਕਾਰ ਜੋ ਏਕ ਅਖਰ ਹੈ ਸੋ ਸਬਦ ਬ੍ਰਹਮ ਹੈ ਜੋ ਇਸਕੋ ਉਚਾਰਨ ਕਰਤਾ ਹੈ ਅਰ ਮੇਰਾ ਧਿਆਨ ਕਰਤਾ ਹੈ ਅਰ ਜੋ ਇਸ ਪ੍ਰਕਾਰ ਸਰੀਰ ਕੋ ਤਿਆਗਤਾ ਹੈ ਸੋ ਮੁਝ ਪਾਰਬ੍ਰਹਮ ਕੋ ਪ੍ਰਾਪਤ ਹੋਤਾ ਹੈ ਅਰ ਮੈਂ ਜੋ ਹੋਂ ਸੋ ਚੈਤੰਨ ਹੋਂ ਅਰ ਪੁਰਾਤਨ ਹੋਂ ਸੂਖਮ ਤੇ ਸੂਖਮ ਹੋਂ ਇਸ ਪ੍ਰਕਾਰ ਸੇ ਮੁਝੇ ਸਿਮਰਤੇ ਹੈਂ ਅਰ ਸਰਬ ਕਾ ਆਧਾਰ ਹੋਂ ਅਰ ਨਿਸਚਿੰਤ ਰੂਪ ਹੋਂ ਅਰ ਸੂਰਜ ਕੀ ਨਿਆਈ ਪ੍ਰਕਾਸ ਰੂਪ ਹੋਂ ਅਰ ਅਗਿਆਨ ਕੇ ਅੰਧੇਰੇ ਤੇ ਪਰੇ ਹੋਂ ॥ ੨ ॥ ਜਿਸ ਅਸਥਾਨ ਬਿਖੈ ਮੇਰਾ ਕਥਾ ਕੀਰਤਨ ਹੋਤਾ ਹੈ ਤਿਸਕੀ ਮੈਂ ਰਖਿਆ ਕਰਤਾ ਹੋਂ ਅਰ ਰਾਖਸ ਆਦਿਕ ਉਸ ਸੇ ਭੈ ਮਾਨ ਹੋ ਕੇ ਭਾਗ ਜਾਤੇ ਹੈਂ ਅਰ ਸਿਧ ਆਦਿਕ ਸਭ ਨਮਸਕਾਰ ਕਰਤੇ ਹੈਂ ॥ ੩ ॥ ਸਰਬ ਕੇ ਹਾਥ ਮੇਰੇ ਹਾਥ ਹੈਂ ਸਰਬ ਕੇ ਚਰਨ ਮੇਰੇ ਚਰਨ ਅਰ ਸਰਬ ਮੇਰੇ ਨੇਤ੍ਰ ਹੈਂ ਸਰਬ ਮੇਰੇ ਕਰਨ ਹੈਂ ਅਰ ਸਰਬ ਮੈ ਮੇਰੀ ਚੈਤਨੰਤਾ ਹੈ ॥ ੪ ॥ ਏ ਜੋ ਬੈਰਾਠ ਰੂਪੀ ਬ੍ਰਿਛ ਹੈ ਸੋ ਬੈਕੁੰਠ ਇਸਕਾ ਊਚਾ ਸਿਰ ਹੈ ਅਰ ਤਲੇ ਕੀਆ ਪੁਰੀਆਂ ਇਸਕੇ ਡਾਲ ਅਰ ਵੇਦ ਪੜ ਹੈਂ ਸੋ ਚਲਾਇਮਾਨ ਹੈਂ ਅਰ ਅਗਿਆਨੀ ਇਸਕੋ ਸਤ ਕਹਤੇ ਹੈਂ ਅਰ ਵੇਦਾਂਤ ਜਿਸਕਾ ਫਲ ਹੈ ਜੋ ਇਸਕੋ ਅਸਤ ਜਾਣਤਾ ਹੈ ਸੋਈ ਵੇਦੋਂ ਕਾ ਵੇਤਾ ਹੈ ॥ ੫ ॥ ਸਰਬ ਕੇ ਰਿਦੇ ਵਿਖੇ ਮੈਨੇ ਅੰਤਰਜਾਮੀ ਹੋ ਕੇ ਨਿਵਾਸ ਕੀਆ ਹੈ ਅਰ ਜੋ ਮੁਝਕੋ ਗਿਆਨ ਕਰਕੇ ਸਿਮਰਤੇ ਹੈਂ ਅਰ ਵੇਦ ਭੀ ਸਭੇ ਮੁਝਹੀ ਕਉਂ ਜਨਾਵਤੇ ਹੈਂ ਅਰ ਵੇਦ ਕਾ ਅੰਤ ਮੈਂ ਹੀ ਸਤ ਰੂਪ ਹੋਂ ॥ ੬ ॥ ਸੋ ਤੂੰ ਮੇਰੇ ਹੀ ਮੰਨਣ ਵਾਲਾ ਹੋ ਅਰ ਮੇਰਾ ਹੀ ਭਗਤਿ ਹੋ ਅਰ ਮੇਰਾ ਹੀ ਜਾਚਿਕ ਹੋ ਅਰ ਮੁਝਹੀ

ਕਉ ਨਮਸਕਾਰ ਕਰ ਅਰ ਮੁਝਹੀ ਕਉ ਦੇਖ ਅਰ ਮੁਝਹੀ ਸਾਥ ਜੁੜ ਅਰ ਮੁਝਹੀ ਕੋ ਮੰਨ ਅਰ ਮੇਰੇ ਹੀ ਆਸਰੇ ਹੋ ॥ ੭॥ ਜਬ ਇਹ ਸਪਤ ਸਲੋਕੀ ਕਾ ਅਰਥ ਬਾਬੇ ਮਾਤਾ ਪਿਤਾ ਕੋ ਸੁਣਾਇਆ ਅਰ ਮਾਤਾ ਪਿਤਾ ਪ੍ਰਸੰਨ ਭਏ ਤਾਂ ਉਨੋ ਨੇ ਕਹਾ ਐਸੇ ਤੇਰੇ ਸਲੋਕ ਸੁਣਨੇ ਵਾਲਾ ਕੋਈ ਨਦਰ ਨਹੀਂ ਆਂਵਦਾ ਸੋ ਤੂੰ ਕਿਸਨੂੰ ਸੁਣਾਇੰਦਾ ਹੈ ਤਾਂ ਬਾਬੇ ਜੀ ਕਹਿਆ ਤੁਸੀਂ ਅਖੀਆਂ ਮੀਟੋ ਸੋ ਜਬ ਉਨਹੁ ਨੇ ਨੇਤ੍ਰ ਮੂੰਦੇ ਤਾਂ ਇੰਦ੍ਰ ਤੇ ਆਦਿ ਲੈਕੇ ਸਭ ਦੇਵਤਾ ਅਰ ਰਖੀਸਰ ਮੁਨੀਸਰ ਸਭ ਹਾਥ ਜੋੜੇ ਬੈਠੇ ਸੁਣਦੇ ਹੈਂ ਤਬ ਇੰਦ੍ਰ ਨੇ ਦੇਵਤਿਆਂ ਨੂੰ ਕਹਾ ਜੋ ਬਾਬੇ ਕੇ ਮਾਤਾ ਪਿਤਾ ਆਏ ਹੈਂ ਸੋ ਇਨਕੋ ਬਿਬਾਨਾਂ ਉਪਰ ਚੜਾਇਕਰ ਸੂਰਗ ਲੈ ਜਾਵੋ ਅਰ ਇਨਕੀ ਭਲੀ ਪ੍ਰਕਾਰ ਸੇਵਾ ਕਰੋ ਤਬ ਤਾਤਕਾਲ ਦੇਵਤੇ ਉਨ ਕਉ ਸੂਰਗੋਂ ਮੈ ਲੈ ਗਏ ਅਰ ਭਲੇ ਦਿਭ ਭੋਗ ਉਨ ਕਉ ਭੁਗਾਏ ਸੋ ਬਾਰਾਂ ਬਰਸ ਤਕ ਉਨੋਂ ਨੇ ਭਲੀ ਪ੍ਰਕਾਰ ਭੋਗ ਭੋਗੇ ਤਾਂ ਉਨੋਂ ਨੇ ਕਹਾ ਮੁਝੇ ਮਾਤਲੋਕ ਗੁਰੂ ਨਾਨਕ ਜੀ ਪਾਸ ਲੇ ਚਲੋ ਤਬ ਦੇਵਤੇ ਉਨ ਕਉ ਲੇ ਆਏ ਅਰ ਜਬ ਉਨੋ ਨੇ ਨੇਤ੍ਰ ਖੋਲੇ ਤੋ ਕਿਆ ਦੇਖੇ ਜੋ ਗੁਰੂ ਨਾਨਕ ਜੀ ਉਸੀ ਏਕ ਸਲੋਕ ਕਾ ਅਰਥ ਪਏ ਕਰਤੇ ਹੈਂ ਤਾਂ ਉਨੋ ਨੇ ਕਹਾ ਏਹ ਬੜਾ ਅਸਚਰਜ ਹੈ ਜੋ ਅਸੀਂ ਬਾਰਾਂ ਬਰਸ ਸੂਰਗ ਭੋਗ ਆਏ ਹੈ ਅਤੇ ਤੁਸੀਂ ਉਹੋ ਸਲੋਕ ਪਏ ਪੜਤੇ ਹੋ ਤਾਂ ਬਾਬੇ ਨੇ ਕਹਾ ਮਹਾਰਾਜ ਕੀ ਮਾਇਆ ਕਾ ਕੁਛ ਅਸਚਰਜ ਨਹੀਂ ਕਯੋਂਕਿ ਏਕ ਮਨੁਖ ਏਕ ਘੜੀ ਕੇ ਸੁਪਨੇ ਮੈ ਕਈ ਬਰਸ ਭੋਗ ਭੋਗਤਾ ਹੈ ॥ ਉਨੋਨੇ ਕਹਾ ਅਸਾਂ ਸੁਪਨਾ ਦੇਖਾ ਹੈ ਕਿ ਪ੍ਰਤਖ ਦੇਖਾ ਹੈ ਤਾਂ ਸਤਿਗੁਰ ਨੇ ਕਹਾ ਸਭ ਜਗਤ ਹੀ ਸੁਪਨਾ ਹੈ ਅਰ ਅਸੀਂ ਸੁਪਨੇ ਕੇ ਜੀਵ ਹਾਂ ਸੋ ਗਿਆਨ ਬਿਨਾ ਪ੍ਰਤਖ ਕਹਾਂ ਹੈ ਤਾਂ ਤੇ ਤੁਸੀ ਮਹਾਰਾਜ ਕਾ ਨਾਮ ਜਪੋ ਅਰ ਸੰਤਾਂ ਕਾ ਸੰਗ ਕਰੋ ॥

ਬਾਬੇ ਜੀ ਕੋ ਪਾਂਧੇ ਤੇ ਬਠਾਇਆ ਅਤੇ ਪੰਡਤ ਦਾ ਤੇ ਬਾਬੇ ਦਾ ਸੰਬਾਦ

ਤਬ ਬਾਬਾ ੪ ਸਾਲਾਂ (ਚਹੁੰਕਾ) ਹੋਇਆ ਅਰ ਬਾਲਕਿਆ ਨਾਲ ਭੀ ਖੇਲੇ ਜਬ ਕੋਈ ਸੰਤ ਆਵੈ ਤਾਂ ਉਸਨੂੰ ਘਰ ਲਿਆਇ ਕੇ ਸੇਵਾ ਟਹਲ ਭੀ ਬਹੁਤੇ ਕਰੇ ਅਰ ਦਿਨ ਦਿਨ ਉਨਾਂ ਦੇ ਘਰ ਸੰਪਦਾ ਵਧਦੀ ਜਾਵੇ ॥ ਤਾਂ ਬਾਬਾ ਬਰਸਾਂ ਪੰਜਾਂ ਦਾ ਹੂਆ ਅਰ ਮਾਤਾ ਪਿਤਾ ਨੇ ਕਹਾ ਇਸਨੂੰ ਪਾਂਧੇ ਤੇ ਪੜਨੇ ਪਾਈਏ ਤਾਂ ਭਲੇ ਦਿਨ ਅਰ ਨੌਚੰਦੇ ਆਇਤਵਾਰ ਅਰ ਭਲੀ ਥਿਤ ਥਾਲ ਸਕਰ ਦਾ ਭਰਕੇ ਅਰ ਉਪਰ ਪੰਜ ਰੁਪਏ

ਰਖ ਕੇ ਅਰ ਪਟੀ ਤੇ ਬੁਧਕਾ ਬਾਬੇ ਦੇ ਹਥ ਦੇਕੇ ਪਾਂਧੇ ਪਾਸ ਲੈ ਗਏ ਅਰ ਰੁਪਏ ਪਾਂਧੇ ਦੇ ਅਗੇ ਰਖੇ ਤਾਂ ਬਾਲ ਸਕਰ ਦਾ ਭੁਲ ਪਇਆ ਅਰ ਚਾਟੜੇ ਸਭੇ ਚੁਣਨ ਲਗੇ ਤਾਂ ਪਾਂਧੇ ਕਹਿਆ ਇਸਕੀ ਭਗਤੀ ਤੇ ਸਾਰਾ ਜਗਤ ਵਰਸਾਵੇਗਾ ਤਾਂ ਫਿਰ ਬਾਬੇ ਨੂੰ ਪਾਂਧੇ ਕਹਾ ਤੂੰ ਪੜ ਸਾਰਦ ਓਅੰਸਆਹ ਸੁਅਸਤ ॥ ਤਾਂ ਬਾਬੇ ਕਹਾ ਤੂੰ ਇਸਕਾ ਅਰਥ ਜਾਣਤਾ ਹੈਂ ਪਾਂਧੇ ਕਹਾ ਤੁਸੀਂ ਕਿਰਪਾ ਕਰ ਕਹੋ ਤਾਂ ਬਾਬੇ ਕਹਾ ਸਾਰਦਾ ਦੇਵੀ ਹੈ ਅਰ ਬ੍ਰਹਮ ਲੋਕ ਸੇ ਮਾਤ ਲੋਕ ਮੈ ਆਂਵਦੀ ਹੈ ਅਰ ਜੇ ਉਸਕੋ ਓਅੰਕਾ ਉਚਾਰ ਕਰਈਏ ਤੋ ਆਪ ਭੀ ਪਵਿਤ੍ਰ ਹੋਤੀ ਹੈ ਅਰ ਉਚਾਰ ਕਰਾਉਣ ਵਾਲੇ ਕੋ ਭੀ ਪਵਿਤ੍ਰ ਕਰਤੀ ਹੈ ਅਰ ਸਰੀਰ ਜੇਤੇ ਕਛ ਹੈਂ ਸੋ ਸਭ ਭਸਮ ਰੂਪ ਹੈਂ ਅਰ ਵਾਹਗੁਰੂ ਸਤ ਹੈ ਅਰ ਵਾਹਗੁਰੂ ਕਾ ਨਾਮ ਭੀ ਸਤ ਹੈ ॥ ਤਾਂ ਪਾਂਧੇ ਕਹਾ ਕਾਲੂ ਤੇਰਾ ਪੁਤਰ ਸਾਸਤ੍ਰਾਂ ਨੂੰ ਜਗਤ ਵਿਚ ਪਰਗਟ ਕਰੇਗਾ ਸੋ ਏਹ ਵਡਾ ਮਹਾਂ ਪੁਰਖ ਤੇਰੇ ਘਰ ਪੈਦੇ ਹੋਇਆ ਹੈ ਤਾਂ ਕਾਲੂ ਬਾਬੇ ਨੂੰ ਘਰ ਲਿਆਇਆ ਅਰ ਲੋਕਾਂ ਕਹਿਆ ਤੁਸੀਂ ਇਸਨੋ ਪੰਡਤਾਂ ਪਾਸ ਪੜ੍ਹਨ ਪਾਵੋ ॥ ਤਾਂ ਇਕ ਬ੍ਰਿਜਨਾਥ ਪੰਡਿਤ ਤਿਲਵੰਡੀ ਰਹਿੰਦਾ ਸੀ ਉਸ ਪਾਸ ਕਾਲੂ ਬਾਬੇ ਨੂੰ ਲੈ ਗਿਆ ਤਾਂ ਉਸ ਪਾਂਡੇ ਕਹਿਆ ਤੁਸੀਂ ਕਾਗਤ ਤੇ ਮਸਵਾਣੀ ਅਰ ਕਾਨੀਆਂ ਲੈ ਆਵੋ ਮੈਂ ਇਸ ਨੂੰ ਬੈਆਖੜੀ ਲਿਖ ਦੇਵਾਂ ਤਾਂ ਬਾਬਾ ਬੋਲਿਆ ॥ ਸਿਰੀ ਰਾਗੁ ਮਹਲਾ ੧ ॥ ਜਾਲਿ ਮੋਹੁ ਘਸਿ ਮਸੁ ਕਰਿ ਮਤਿ ਕਾਗਦਿ ਕਰਿ ਸਾਰੁ ॥ ਭਾਉ ਕਲਮ ਕਰਿ ਚਿਤ ਲਿਖਾਰੀ ਗੁਰ ਪੁਛਿ ਲਿਖ ਬੀਚਾਰ ॥ ਲਿਖੁ ਨਾਮੁ ਸਾਲਾਹ ਲਿਖ ਲਿਖ ਅੰਤੁ ਨ ਪਾਰਾਵਾਰੁ ॥੧॥ ਬਾਬਾ ਏਹਿ ਲੇਖਾ ਲਿਖ ਜਾਣੁ ॥ ਜਿਥੈ ਲੇਖਾ ਮੰਗੀਐ ਤਿਥੈ ਹੋਇ ਸਚਾ ਨੀਸਾਣੁ ॥ ੧ ॥ ਰਹਾਉ ॥ ਜਿਥੈ ਮਿਲਹਿ ਵਡਿਆਈਆ ਸਦ ਖੁਸੀਆ ਸਦ ਚਾਉ ॥ ਤਿਨ ਮੁਖ ਟਿਕੇ ਨਿਕਲਹਿ ਜਿਨਿ ਮਨ ਸਚਾ ਨਾਉ ॥ ਕਰਮਿ ਮਿਲੈ ਤਾ ਪਾਈਐ ਨਾਹੀ ਗਲੀ ਵਾਉ ਦੁਆਉ ॥ ੨ ॥ ਇਕਿ ਆਵਹਿੰ ਇਕ ਜਾਹਿ ਉਠਿ ਰਖੀਅਹਿ ਨਾਵ ਸਲਾਰ ॥ ਇਕ ਉਪਾਏ ਮੰਗਤੇ ਇਕਨਾ ਵਡੇ ਦਰਵਾਰ ॥ ਅਗੈ ਗਇਆ ਜਾਣੀਐ ਵਿਣ ਨਾਵੇਂ ਵੇਕਾਰ ॥੩॥ ਭੈ ਤੇਰੈ ਡਰ ਅਗਲਾ ਖਪਿ ਖਪਿ ਛਿਜੈ ਦੇਹ ॥ ਨਾਵ ਜਿਨਾ ਸੁਲਤਾਨ ਖਾਨ ਹੋਦੇ ਡਿਠੇ ਖੇਹ ॥ ਨਾਨਕ ਉਠੀ ਚਲਿਆ ਸਭ ਕੂੜੇ ਤੁਟੈ ਨੇਹ ॥ ੪ ॥

ਤਿਸਕਾ ਪ੍ਰਮਾਰਥ :--ਬਾਬਾ ਬੋਲਿਆ ਕਿ ਜਿਤਨਾ ਮਾਇਆ ਦਾ ਮੋਹ ਹੈ ਸੋਈ ਜਨਮ ਮਰਨ ਨੂੰ ਪ੍ਰਾਪਤ ਕਰਦਾ ਹੈ ॥

ਤਾਂਤੇ ਇਸ ਨੂੰ ਗਿਆਨ ਦੀ ਅਗਨਿ ਨਾਲ ਦਘਦ ਕੀਚੇ ਅਰ ਜੋ ਗੁਰਾਂ ਦੇ ਬਚਨਾਂ ਦਾ ਅਭਯਾਸ ਕਰਨਾ ਹੈ ਸੋਈ ਘਸਾਵਣਾ ਹੈ ਮਸਦਾ ਉਪਦੇਸ ਰੂਪੀ ਡੰਡੇ

ਕੇ ਸਾਥ ਸੋ ਏਹ ਮਸ ਕੀਚੇ ॥ ਅਰ ਸੁਮਤ ਆਪਣੀ ਕਾਗਦ ਕੀਚੈ ਅਰ ਭਾਉ ਜੋ ਸਾਧ ਸੰਗਤ ਨਾਲ ਪ੍ਰੀਤ ਕਰਨੀ ਸੋ ਕਾਨੀ ਕੀਚੈ ਅਰ ਜੋ ਚਿਤ ਮਹਾਰਾਜ ਦੇ ਚਰਨਾਂ ਨਾਲ ਸਾਵਧਾਨ ਰਖਣਾ ਹੈ ਸੋ ਲਿਖਾਰੀ ਕੀਚੇ ਅਰ ਗੁਰਾਂ ਕੇ ਬਚਨ ਪੁਛ ਕੇ ਆਪਣੀ ਮਤ ਉਪਰ ਲਿਖੇ ਸੋ ਕਰਤੇ ਕਾ ਨਾਮ ਲਿਖੇ ਅਰ ਸਲਾਹ ਲਿਖੇ ਜਿਸਦਾ ਅੰਤ ਪਾਰਵਾਰ ਨਹੀਂ ਸੋ ਹੇ ਬਾਬਾ ਪੰਡਿਤ ਜੇ ਏਹ ਲੇਖਾ ਲਿਖ ਜਾਣਦਾ ਹੈਂ ਤਾਂ ਆਪ ਭੀ ਲਿਖ ਅਤੇ ਮੈਨੂੰ ਭੀ ਲਿਖਾਇ ਕਯੋਂਕਿ ਜਿਥੇ ਧਰਮ ਰਾਇ ਦੇ ਲੇਖਾ ਪੁਛੀਐਗਾ ਤਾਂ ਗੁਰਮੁਖਾਂ ਦੇ ਹਥ ਗੁਰਾਂ ਦੇ ਸਬਦ ਦਾ ਨੀਸਾਨ ਹੋਵੇਗਾ ਅਰ ਉਨਾਂ ਦੇ ਅਗੇ ਧਰਮਰਾਇ ਭੀ ਮਥਾ ਟੇਕੇਗਾ ਅਰ ਉਥੇ ਉਨਾਂ ਨੂੰ ਵਡਿਆਈਆਂ ਪ੍ਰਾਪਤ ਹੋਵਨਗੀਆਂ ਕਯੋਂਕਿ ਜਿਨਾਂ ਦੇ ਮਨ ਵਿਚ ਮਹਾਰਾਜ ਦੇ ਭਜਨ ਦਾ ਚਾਉ ਹੈ ਸੋਈ ਇਸ ਲੋਕ ਅਰ ਪਰਲੋਕ ਵਿਚ ਸੁਖੀ ਹਨ ਅਰ ਜਿਨਾਂ ਦੇ ਮਨ ਵਿਚ ਸਚਾ ਨਾਮ ਹੈ ਉਨਾਂ ਦੇ ਹੀ ਮੁਖ ਉਤੇ ਧਰਮ ਦਾ ਤਿਲਕ ਹੋਵੇਗਾ ਸੋ ਜਿਨਾਂ ਦੇ ਪੂਰਬਲੇ ਕਰਮ ਹੋਂਦੇ ਹੈਂ ਸੋਈ ਨਾਮ ਨੂੰ ਪ੍ਰਾਪਤ ਹੋਂਦੇ ਹੈਂ ਅਤੇ ਗਲਾਂ ਵਾਲੇ ਘਨੇਰੇ ਹੈਂ ਸੋ ਜੈਸੇ ਮੁਰਲੀ ਦੇ ਇਕ ਪਾਸੇ ਫੂਕ ਮਾਰੀਦੀ ਹੈ ਅਤੇ ਦੂਸਰੇ ਪਾਸੇ ਨਿਕਲ ਜਾਂਦੀ ਹੈ ਤੈਸੇ ਅਗਿਆਨੀ ਏਕ ਕਾਨ ਮੈ ਸਬਦ ਸੁਣਤੇ ਹੈਂ ਅਰ ਦੂਸਰੇ ਕਾਨ ਨਿਕਲ ਜਾਤਾ ਹੈ ॥ ਅਰ ਇਕ ਆਂਵਦੇ ਹੈਂ ਇਕ ਚਲੇ ਜਾਂਦੇ ਹੈਂ ਅਰ ਮਾਤਾ ਪਿਤਾ ਚੁਣ ਚੁਣ ਕਰ ਅਰ ਚੰਗੇ ਚੰਗੇ ਨਾਮ ਰਖਦੇ ਹੈਂ ਅਰ ਜਿੰਨਾਂ ਦਾਨ ਪੁੰਨ ਨਹੀਂ ਕੀਤਾ ਸੋ ਮੰਗਤੇ ਹੋਂਦੇ ਹਨ ਅਰ ਜਿਨਾਂ ਕੀਤਾ ਹੈ ਸੋ ਸਾਧ ਹੁੰਦੇ ਹਨ ਅਰ ਜਿਨਾਂ ਸਤਸੰਗ ਕੀਤਾ ਹੈ ਸੋ ਸਾਧ ਹੁੰਦੇ ਹਨ ਪਰ ਅਗੈ ਗਇਆ ਜਾਣੀਐਗਾ ਕਯੋਂਕਿ ਜਿਨਾਂ ਨਾਮ ਨਹੀਂ ਜਪਿਆ ਅਤੇ ਵੇਕਾਰ ਕੀਤੇ ਹਨ ਸੋ ਨਰਕਾਂ ਵਿਚ ਪਉਣਗੇ ਅਰ ਮੈਨੂੰ ਵਾਹਗੁਰੂ ਦੇ ਭਉਕਰ ਬਹੁਤਾ ਡਰ ਹੋਇਆ ਹੈ ਅਰ ਮੇਰੀ ਦੇਹ ਖਪ ਖਪ ਪਈ ਛਿਜਦੀ ਹੈ ਕਯੋਂਕਿ ਜਿਨਾਂ ਦੇ ਨਾਮ ਪਾਤਸਾਹ ਅਤੇ ਖਾਨ ਸੇ ਸੋ ਆਪਣੀ ਅਖੀਂ ਖੇਹ ਹੋਂਦੇ ਡਿਠੇ ਹਨ ਅਰ ਇਸ ਸਰੀਰ ਅਤੇ ਪਦਾਰਥਾਂ ਨਾਲ ਝੂਠਾ ਮੋਹ ਹੈ ਕਯੋਂ ਜੋ ਜਿਸ ਵੇਲੇ ਸਦਾ ਆਵੇਗਾ ਉਠ ਜਾਈਐਗਾ ਅਰ ਨਾਲ ਕੁਝ ਨਾ ਨਿਭਸੀ ਸੋ ਜਬ ਏਹ ਵਚਨ ਬਾਬੇ ਨੇ ਕਹਿਆ ਤਾਂ ਪੰਡਤ ਸੁਣ ਕੇ ਹੈਰਾਨ ਹੋ ਗਿਆ ਅਰ ਪੰਡਿਤ ਕਹਿਆ ਤੂੰ ਤਾਂ ਬਾਲਾ ਹੈਂ ਏਹ ਬੁਧਿ ਤੈਨੋਂ ਕਿਥੋ ਪ੍ਰਾਪਤਿ ਹੋਈ ॥ ਤਾਂ ਬਾਬੇ ਕਹਿਆ ਸੰਤਾਂ ਦੀ ਕ੍ਰਿਪਾ ਕਰਕੇ ਹੋਈ ਹੈ ਫਿਰ ਬਾਬੇ ਕਹਿਆ ਬ੍ਰਿਜ ਨਾਥ ਤਾਂ ਭਗਵਾਨ ਦਾ ਨਾਮ ਹੈ ਸੋ ਤੂੰ ਆਪਨਾ ਨਾਮ ਕਿਉਂ ਰਖਾਇਆ ਹੈ ॥ ਤਾਂ ਪੰਡਿਤ ਕਹਿਆ ਕਿ ਗਊਆਂ ਦੇ ਬੈਠਣ ਦੀ ਜਾਗਾ ਨੂੰ ਬ੍ਰਿਜ ਕਹੀਦਾ ਹੈ ਅਰ ਜੋ ਉਸਦਾ ਸੁਆਮੀ ਸੋ ਨਾਥ ਕਹੀਏ ਸੋ ਏਹ ਸਰੀਰ ਰੂਪੀ ਬ੍ਰਿਜ

ਹੈ ਅਰ ਇੰਦ੍ਰੀਆਂ ਰੂਪੀ ਗਊਆਂ ਹੈਨ ਅਰ ਜੋ ਤਿਸਦੇ ਉਠਾਵਣ ਬੈਠਾਵਣ ਦਾ ਪ੍ਰੇਰਕ ਹੋਵੈ ਸੋ ਨਾਥ ਕਹੀਏ ॥ ਤਾਂਤੇ ਮੈ ਜੀਵ ਹੋਂ ਅਰ ਸਰੀਰ ਦਾ ਸਾਖੀ ਹੋਂ ਸੋ ਇਸ ਵਾਸਤੇ ਬ੍ਰਿਜਨਾਥ ਕਹਤੇ ਹੈਂ ॥ ਤਾਂ ਫਿਰ ਪੰਡਤ ਕਹਿਆ ਤੁਸੀਂ ਪਟੀ ਲਿਖੋ ਅਰ ਬਰਾਖੜੀ ਪੜੋ ਤਾਂ ਬਾਬੇ ਕਹਿਆ ਤੂੰ ਪੜਿਆ ਹੈਂ ਜੋ ਅਸਾਨੂੰ ਪੜਾਵਣਾ ਹੈ ਤਾਂ ਪੰਡਤ ਕਹਿਆ ਮੈਂ ਸਭ ਕੁਛ ਪੜਿਆ ਹੋਂ ਤੂੰ ਸਸਾ ਕਹੁ ਤਾਂ ਬਾਬਾ ਬੋਲਿਆ ॥

ਬਾਬੇ ਨੇ ਪਟੀ ਲਿਖੀ

ਆਸਾ ਮਹਲਾ ੧ ॥ ਪਟੀ ਲਿਖੀ

ਪਹਿਲਾ ਸੱਸਾ ਅਖਰ :--ਸਸੈ ਸੋਇ ਸ੍ਰਿਸਟਿ ਜਿਨਿ ਸਾਜੀ ਸਭਨਾ ਸਾਹਿਬੁ ਏਕ ਭਇਆ ॥ ਸੇਵਤ ਰਹੇ ਚਿਤ ਜਿਨਕਾ ਲਾਗਾ ਆਇਆ ਤਿਨਕਾ ਸਫਲ ਭਇਆ ॥ ੧ ॥ ਮਨ ਕਾਹੇ ਭੂਲਹਿ ਮੂੜ ਮਨਾ ॥ ਜਬ ਲੇਖਾ ਦੇਵਹਿ ਬੀਰਾ ਤਉ ਪੜਿਆ ॥

ਤਾਂ ਬਾਬੇ ਕਹਿਆ ਸੋਈ ਕਰਤਾ ਹੈ ਜਿਨ ਸ੍ਰਿਸਟਿ ਸਾਜੀ ਹੈ ਅਰ ਸਬਨਾਂ (ਸਭਨਾ) ਦਾ ਸਾਹਿਬ ਇਕ ਹੈ ਸੋ ਜਿਨਾਂ ਨੇ ਚਿਤ ਲਾਇਕ ਸੇਵਿਆ ਹੈ ਆਇਆ ਤਿਨਾਂ ਦਾ ਹੀ ਸਫਲ ਹੈ ਅਰ ਹੋਰ ਜਿਤਨੇ ਪੜਨ ਵਾਲੇ ਹੈਨ ਤਿਨਾਂ ਸਭਨਾਂ ਧਰਮਰਾਇ ਦਾ ਲੇਖਾ ਦੇਣਾ ਹੈ ਅਰ ਮਨ ਭੁਲਾ ਹੋਇਆ ਮਾਨਸ ਜਨਮ ਖੋਹਦਾ ਹੈ ਅਰ ਬਾਬਾ ਜੀ ਰਹਾਉ ਵਿਚ ਏ ਕਹਿੰਦੇ ਹਨ ਕਿ ਜੇਕਰ ਮਨ ਨਾਮ ਵਿਚ ਠਹਿਰਾਵੇ ਤਾਂ ਇਸਨੂੰ ਲੇਖਾ ਦੇਣਾ ਨਹੀਂ ਪੈਂਦਾ ॥

ਤਾਂ ਫਿਰ ਪੰਡਤ ਕਹਿਆ ਈਵੜੀ ਕਹੁ ਤਾ ਬਾਬੇ ਦੂਜੀ ਪਉੜੀ ਕੀਤੀ ॥ ਈਵੜੀ ਆਦਿ ਪੁਰਖ ਹੈ ਦਾਤਾ ਆਪੇ ਸਚਾ ਸੋਈ ॥ ਏਨਾ ਅਖਰਾਂ ਮੈ ਜੋ ਗੁਰਮੁਖਿ ਬੂਝੈ ਤਿਸ ਸਿਰ ਲੇਖ ਨ ਹੋਈ ॥ ੧ ॥ ਤਾਂ ਬਾਬੇ ਕਹਿਆ ਕਿ ਈਵੜੀ ਆਦਿ ਪੁਰਖ ਦੀ ਸਕਤ ਹੈ ਅਰ ਸਰਬ ਦਾ ਦਾਤਾ ਸਚਾ ਹੈ ਸੋ ਇਨਾਂ ਅਖਰਾਂ ਵਿਚ ਜੋ ਉਸਦੇ ਨਾਮ ਨੂੰ ਬੁਝਦੇ ਹਨ ਤਾਂ ਉਨਾਂ ਦੇ ਸਿਰ ਫੇਰ ਲੇਖ ਨਹੀਂ ਹੁੰਦਾ ॥ ਤਾਂ ਫਿਰ ਪੰਡਿਤ ਕਹਿਆ ਊੜਾ ਕਹੁ ਤਾਂ ਬਾਬੇ ਕਹਿਆ ॥ ਪਉੜੀ ਤੀਜੀ ਊੜੈ ਉਪਮਾ ਤਾਕੀ ਕੀਜੈ ਜਾਕਾ ਅੰਤ ਨ ਪਾਇਆ ॥ ਸੇਵਾ ਕਰਹਿ ਸੋਈ ਫਲ ਪਾਵਹਿ ਜਿਨੀ ਸਚ ਕਮਾਇਆ ॥ ਬਾਬੇ ਕਹਿਆ ਊੜਾ ਨਾਮ ਓਅੰਕਾਰ ਦਾ ਹੈ ਅਰ ਓਅੰਕਾਰਥੀ ਮਹਾਰਾਜ ਨੇ ਸ੍ਰਿਸਟਿ ਉਤਪਤਿ ਕੀਤੀ ਹੈ ਸੋ ਉਸਦਾ ਅੰਤ ਨਹੀਂ ਪਾਇਆ ਜਾਂਦਾ ॥ ਅਰ ਊੜਾ ਅਖਰ ਕਹਿੰਦਾ ਹੈ ਤਿਸਹੀਂ ਦੀ ਉਪਮਾ ਕਰੀਏ ਸੋ ਜਿਨਾਂ ਨੇ ਸਤਿਗਰਾਂ ਦੇ ਸਬਦ ਅਤੇ

ਸੰਤਾਂ ਨੂੰ ਸੇਵਿਆ ਹੈ ਉਨਾਂ ਨੂੰ ਹੀ ਗਿਆਨ ਦਾ ਫਲ ਪ੍ਰਾਪਤਿ ਹੋਇਆ ਅਰ ਜਿਨਾਂ ਸਚਿਆਂ ਹੋ ਕੇ ਕਮਾਈ ਕੀਤੀ ਹੈ ਸੋਈ ਸੁਖੀ ਹੋਏ ਹਨ ॥ ੩ ॥ ਪਉੜੀ ਚੌਥੀ ਙੰਙੈ ਙਿਆਨੁ ਬੂਝੈ ਜੇ ਕੋਈ ਪੜਿਆ ਪੰਡਿਤੁ ਸੋਈ ॥ ਸਰਬ ਜੀਆ ਮਹਿ ਏਕੋ ਜਾਣੈ ਤਾ ਹਉਮੈ ਕਹੈ ਨ ਕੋਈ ॥ ੪ ॥ ਙੰਙਾ ਅਖਰ ਕਹਿੰਦਾ ਹੈ ਕਿ ਜੋ ਗੁਰਾਂ ਦੇ ਗਿਆਨ ਨੂੰ ਬੁਝਦਾ ਹੈ ਪੜਿਆ ਭੀ ਅਰ ਪੰਡਤ ਭੀ ਸੋਈ ਹੈ ॥ ਅਰ ਜੇ ਸਰਬ ਜੀਆਂ ਵਿਚ ਇਕ ਜਾਣੇ ਤਾਂ ਹਉਮੈ ਮਿਟ ਜਾਂਦੀ ਹੈ ॥ ੪ ॥ ਪਉੜੀ ਪੰਜਵੀਂ ਕਕੈ ਕੇਸ ਪੁੰਡਰ ਜਬ ਹੂਏ ਵਿਣੁ ਸਾਬੂਣੈ ਉਜਲਿਆ ॥ ਜਮ ਰਾਜੇ ਕੇ ਹੇਰੂ ਆਏ ਮਾਇਆ ਕੈ ਸੰਗਲਿ ਬੰਧਿ ਲਇਆ ॥ ੫ ॥ ਕਕਾ ਅਖਰ ਕਹਿੰਦਾ ਹੈ ਕਿ ਕਾਲਿਆਂ ਕੇਸਾਂ ਨੂੰ ਜੇ ਸਾਬਣ ਨਾਲ ਮਲ ਮਲ ਧੋਵੀਏ ਤਾਂ ਉਜਲ ਨਹੀਂ ਹੁੰਦੇ ਪਰ ਜਿਸ ਸਮੇ ਚਿਟੇ ਕੇਸ ਆਂਵਦੇ ਹੈਂ ਤਾਂ ਸਾਬਣ ਤੇ ਬਿਨਾਂ ਹੀ ਉਜਲ ਹੋ ਜਾਂਦੇ ਹਨ ਸੋ ਪ੍ਰਿਥਮੇ ਥੋੜੇ ਜਿਹੇ ਕੇਸ ਕੰਨ ਉਤੇ ਚਿਟੇ ਆਂਵਦੇ ਹਨ ਤੋ ਮਾਨੋ ਜਮ ਰਾਜੇ ਦੇ ਹੇਰੂ ਹਨ ਅਰ ਓਹ ਮਨੁਖਾਂ ਦੇ ਕੰਨ ਵਿਚ ਕਹਿੰਦੇ ਹਨ ਕਿ ਜੈਸੇ ਖੇਤੀ ਪਕੀ ਹੋਈ ਚਿਟੀ ਹੋ ਜਾਂਦੀ ਹੈ ਤੈਸੇ ਅਬ ਤੇਰੀ ਜੁਆਨੀ ਬਿਤੀਤ ਹੋ ਗਈ ਹੈ ਤਾਂ ਤੇ ਜੇ ਹੁਣ ਤੂੰ ਨਾਮ ਜਪੇਂਗਾ ਅਰ ਸੰਤਾਂ ਦਾ ਸੰਗ ਕਰੇਂਗਾ ਤਾਂ ਤੇਰਾ ਮੁਖ ਉਜਲਾ ਹੋਵੇਗਾਂ ਅਰ ਪਿਛਲੇ ਪਾਪ ਤੇਰੇ ਧੋਤੇ ਜਾਣਗੇ ॥ ਅਰ ਜੇ ਹੁਣ ਭੀ ਤ੍ਰਿਸਨਾ ਕਰਦਾ ਰਹੇਂਗਾ ਤਾਂ ਜਮ ਤੈਨੂੰ ਸੰਗਲ ਪਾਕੇ ਲੈ ਜਾਵਣਗੇ ॥ ਅਰ ਇਸ ਵੇਲੇ ਨੂੰ ਪਛੋਤਾਵੇਂਗਾ ॥ ਪਉੜੀ ਛੇਵੀਂ ਖਖੈ ਖੁੰਦਕਾਰੁ ਸਾਹੁ ਆਲਮੁ ਕਰਿ ਖਰੀਦ ਜਿਨਿ ਖਰਚੁ ਦੀਆ ॥ ਬੰਧਨਿ ਜਾਕੈ ਸਭੁ ਜਗੁ ਬਾਧਿਆ ਅਵਰੀ ਕਾ ਨਹੀ ਹੁਕਮੁ ਪਾਇਆ ॥੬॥ ਖਖਾ ਅਖਰ ਕਹਿੰਦਾ ਹੈ ਕਿ ਪਾਤਸਾਹ ਸਾਰੇ ਜਗਤ ਦੇ ਸਤਿਗੁਰ ਹੈਨ ਕਯੋਂਕਿ ਜਿਨਾਂ ਨਾਮ ਰੂਪੀ ਧਨ ਦੇ ਕੇ ਸਾਰੇ ਜਗਤ ਨੂੰ ਮੁਲ ਲੀਤਾ ਹੈ ਤਾਂਤੇ ਜੋ ਉਨਾਂ ਦੇ ਗਿਆਨ ਦੇ ਬੰਧਨ ਵਿਚ ਬਧੇ ਹਨ ਉਨਾਂ ਨੂੰ ਧਰਮਰਾਇ ਦੇ ਬੰਧਨ ਨਹੀਂ ਪਾਉਂਦੇ ਅਰ ਉਨਾਂ ਦੇ ਉਪਰ ਹੋਰ ਕਿਸੇ ਦਾ ਹੁਕਮ ਭੀ ਨਹੀਂ ਪਾਉਂਦਾ ॥ ੬ ॥ ਪਉੜੀ ਸਤਵੀਂ ਗਗੈ ਗੋਇ ਗਾਇ ਜਿਨਿ ਛੋਡੀ ਗਲੀ ਗੋਬਿਦੁ ਗਰਬਿ ਭਇਆ ॥ ਘੜਿ ਭਾਂਡੇ ਜਿਨਿ ਆਵੀ ਸਾਜੀ ਚਾੜਨ ਵਾਹੈ ਤਈ ਕੀਆ ॥ ੭ ॥ ਗਗਾ ਕਹਿੰਦਾ ਹੈ ਕਿ ਸ੍ਰੀ ਮਹਾਰਾਜ ਨੇ ਹੀ ਜਿਤਨੀ ਗੋ ਬ੍ਰਿਹਮੰਡ ਹੈ ਸੋ ਰਚੀ ਹੈ ਅਰ ਜੀਵ ਬਣਾਏ ਹੈਂ ਸੋ ਇਹ ਜੀਵ ਗੋਬਿੰਦ ਨਾਲ ਗਰਬ ਕਰਦਾ ਹੈ ਅਰ ਜਿਸਨੇ ਸਰੀਰ ਰੂਪੀ ਭਾਂਡੇ ਘੜੇ ਹੈਂ ਅਰ ਬ੍ਰਹਮੰਡ ਰੂਪੀ ਆਵਾ ਚਾੜਿਆ ਹੈ ਸੋ ਐਸਾ ਬ੍ਰਹਮਾ ਭੀ ਮਹਾਰਾਜ ਨੇ ਹੀ ਉਤਪਤਿ ਕੀਤਾ ਹੈ ॥ ੭ ॥ ਪਉੜੀ ਅਠਵੀਂ ਘਘੈ ਘਾਲ ਸੇਵਕੁ ਜੇ ਘਾਲੈ ਸਬਦਿ ਗੁਰੂ ਕੈ ਲਾਗਿ ਰਹੈ ॥ ਬੁਰਾ ਭਲਾ ਜੇ ਸਮ ਕਰਿ ਜਾਣੈ ਇਨ ਬਿਧਿ ਸਾਹਿਬੁ

ਰਮਤੁ ਰਹੇ ॥ ੮ ॥ ਘਘਾ ਕਹਿੰਦਾ ਹੈ ਕਿ ਜਿਨਾਂ ਨੇ ਗੁਰਾਂ ਦੇ ਸਬਦ ਦਾ ਅਭਿਆਸ ਕੀਤਾ ਹੈ ਅਰ ਸੰਤਾਂ ਦੀ ਸੇਵਾ ਟਹਿਲ ਏਹ ਘਾਲ ਘਾਲੀ ਹੈ ਅਰ ਗੁਰਾਂ ਦੇ ਸਬਦ ਨਾਲ ਲਗੇ ਰਹੇ ਹੈਂ ਅਰ ਦੁਖ ਸੁਖ ਨੂੰ ਸਮਾਨ ਜਾਤਾ ਨੇ ਸੋ ਇਸ ਪ੍ਰਕਾਰ ਸਾਹਿਬ ਨੂੰ ਪ੍ਰਾਪਤਿ ਹੋਏ ਹਨ ॥ ੮ ॥ ਪਉੜੀ ਨਾਵੀਂ ਚਚੈ ਚਾਰਿ ਵੇਦ ਜਿਨਿ ਸਾਜੇ ਚਾਰੇ ਖਾਣੀ ਚਾਰਿ ਜੁਗਾ ॥ ਜੁਗੁ ਜੁਗੁ ਜੋਗੀ ਖਾਣੀ ਭੋਗੀ ਪੜਿਆ ਪੰਡਿਤੁ ਆਪਿ ਥੀਆ ॥ ੯ ॥ ਚਚਾ ਅਖਰ ਕਹਿੰਦਾ ਹੈ ਕਿ ਤਿਸ ਵਾਹਗੁਰੂ ਨੇ ਜੀਆਂ ਦੇ ਗਿਆਨ ਵਾਸਤੇ ਚਾਰ ਵੇਦ ਸਾਜੇ ਹਨ ਅਰ ਚਾਰ ਖਾਣੀਆਂ ਅਤੇ ਚਾਰ ਜੁਗ ਬਣਾਏ ਹਨ ਸੋ ਪ੍ਰਭੂ ਸਭਨਾਂ ਜੁਗਾਂ ਵਿਚ ਨਿਆਰਾ ਭੀ ਹੈ ਅਰ ਸਭਨਾਂ ਖਾਣੀਆਂ ਵਿਚ ਭੋਗਦਾ ਭੀ ਹੈ ਉਹੋ ਅਰ ਪੰਡਿਤ ਹੋ ਕੇ ਉਪਦੇਸ ਭੀ ਉਹੋ ਕਰਦਾ ਹੈ ॥ ੯ ॥ ਪਉੜੀ ਦਸਵੀਂ ਛਛੈ ਛਾਇਆ ਵਰਤੀ ਸਭ ਅੰਤਰਿ ਤੇਰਾ ਕੀਆ ਭਰਮੁ ਹੋਆ ॥ ਭਰਮੁ ਉਪਾਇ ਭੁਲਾਈਅਨ ਆਪੇ ਤੇਰਾ ਕਰਮੁ ਹੋਆ ਤਿਨ੍ ਗੁਰੂ ਮਿਲਿਆ ॥੧੦॥ ਛਛਾ ਅਖਰ ਕਹਿੰਦਾ ਹੈ ਕਿ ਮਹਾਰਾਜ ਦੀ ਮਾਇਆ ਦੀ ਜੋ ਛਾਇਆ ਹੈ ਸੋ ਸਾਰੇ ਜਗਤ ਤੇ ਵਰਤਦੀ ਹੈ ਅਰ ਮਹਾਰਾਜ ਦੀ ਆਗਿਆ ਕਰ ਕੈ ਭਰਮ ਉਤਪਤਿ ਹੋਇਆ ਹੈ ਅਰ ਤਿਸ ਪ੍ਰਭੂ ਨੇ ਭਰਮ ਨੂੰ ਉਤਪਤਿ ਕਰਕੇ ਜਗਤ ਨੂੰ ਭੁਲਾਇਆ ਹੈ ਅਰ ਜਿਨਾਂ ਨੂੰ ਈਸਵਰ ਦੀ ਕ੍ਰਿਪਾ ਹੋਈ ਹੈ ਤਿਨਾਂ ਨੂੰ ਸਤਿਗੁਰੂ ਮਿਲਿਆ ਹੈ ॥ ੧੦ ॥ ਪਉੜੀ ਗਿਆਰਵੀਂ ਜਜੈ ਜਾਨੁ ਮੰਗਤ ਜਨੁ ਜਾਚੈ ਲਖ ਚਉਰਾਸੀ ਭੀਖ ਭਵਿਆ ॥ ਏਕੋ ਲੇਵੈ ਏਕੋ ਦੇਵੈ ਅਵਰੁ ਨ ਦੂਜਾ ਮੈ ਸੁਣਿਆ ॥ ੧੧ ॥ ਜਜਾ ਅਖਰ ਕਹਿੰਦਾ ਹੈ ਕਿ ਅਸੀਂ ਮੰਗਤੇ ਦਾਨ ਮੰਗਤੇ ਹੈਂ ਜੋ ਚਉਰਾਸੀ ਲਖ ਜੂਨ ਵਿਚੋਂ ਅਸਾਡੀ ਰਖਿਆ ਕਰੋ ਕਜੋਂਕਿ ਇਕੋ ਤੂੰ ਦੇਵਣ ਲੇਵਣ ਵਾਲਾ ਹੈਂ ਔਰ ਦੂਜਾ ਕੋਈ ਨਹੀਂ ॥ ੧੧ ॥ ਪਉੜੀ ਬਾਰਵੀਂ ਝਝੈ ਝੂਰਿ ਮਰਹੁ ਕਿਆ ਪ੍ਰਾਣੀ ਜੋ ਕਿਛੁ ਦੇਣਾ ਸੁ ਦੇ ਰਹਿਆ ॥ ਦੇ ਦੇ ਵੇਖੈ ਹੁਕਮੁ ਚਲਾਏ ਜਿਉ ਜੀਆ ਕਾ ਰਿਜਕੁ ਪਇਆ ॥ ੧੨ ॥ ਝਝਾ ਕਹਿੰਦਾ ਹੈ ਕਿ ਪ੍ਰਾਣੀ ਹੋ ਝੂਰਦੇ ਕਿਉਂ ਹੋ ਕਜੋਂਕਿ ਜਿਸ ਵੇਲੇ ਮਹਾਰਾਜ ਧੁਆਨੂੰ ਉਤਪਤਿ ਕੀਆ ਹੈ ਸੋ ਜੋ ਕਿਛ ਤੁਹਾਡਾ ਰਿਜਕ ਹੈ ਸੋ ਤੁਹਾਡੇ ਮਸਤਕ ਤੇ ਲਿਖ ਦਿਤਾ ਹੈ ਅਰ ਓਹ ਵਾਹਗੁਰੂ ਦੇਂਦਾ ਭੀ ਹੈ ਅਤੇ ਵੇਖਦਾ ਭੀ ਹੈ ਆਪਣੇ ਹੁਕਮ ਵਿਚ ਭੀ ਚਲਾਂਵਦਾ ਹੈ ॥ ੧੨ ॥ ਪਉੜੀ ਤੇਰਵੀਂ ਞੰਞੈ ਨਦਰਿ ਕਰੇ ਜਾ ਦੇਖਾ ਦੂਜਾ ਕੋਈ ਨਾਹੀ ॥ ਏਕੋ ਰਵਿ ਰਹਿਆ ਸਭ ਥਾਈ ਏਕੁ ਵਸਿਆ ਮਨ ਮਾਹੀ ॥੧੩॥ ਞਞਾ ਕਹਿੰਦਾ ਹੈ ਕਿ ਜਾਂ ਮੈ ਦ੍ਰਿਸਟ ਕਰ ਦੇਖਦਾ ਹਾਂ ਤਾਂ ਵਾਹਗੁਰੂ ਬਿਨਾ ਦੂਜਾ ਕੋਈ ਨਹੀਂ ਦਿਸਦਾ ਸੋ ਇਕੋ ਵਾਹਗੁਰੂ ਹੀ ਸਭਨਾਂ ਥਾਵਾਂ ਵਿਚ ਰਵਿ ਰਹਿਆ ਹੈ ਅਰ ਸੋਈ ਅਸਾਡੇ ਮਨ ਵਿਚ ਵਸਦਾ ਹੈ ॥

॥੧੩॥ ਪਉੜੀ ਚੌਧਵੀਂ ਟਟੈ ਟੰਚ ਕਰਹੁ ਕਿਆ ਪ੍ਰਾਣੀ ਘੜੀ ਕਿ ਮੁਹਤਿ ਕਿਉਠਿ ਚਲਣਾ॥ ਜੂਐ ਜਨਮੁ ਨ ਹਾਰਹੁ ਅਪਣਾ ਭਾਜਿ ਪੜਹੁ ਤੁਮ ਹਰਿ ਸਰਣਾ॥੧੪॥ ਟੈਂਕਾ ਅਖਰ ਕਹਿੰਦਾ ਹੈ ਕਿ ਪ੍ਰਾਣੀਓਂ ਕਪਟ ਕੀ ਕਰ ਦੇਹੋ ਖਬਰ ਨਹੀਂ ਘੜੀ ਕਿ ਦੋ ਘੜੀਆਂ ਨੂੰ ਪ੍ਰਾਣ ਤਿਆਗ ਜਾਣੇ ਹਨ ਸੋ ਤੁਸੀਂ ਝਗੜਿਆਂ ਅਤੇ ਵਾਦਾਂ ਵਿਚ ਜਨਮ ਨਾ ਗਵਾਵੋ ਤਾਂਤੇ ਕੂੜ ਕੁਸਤ ਨੂੰ ਛੱਡ ਕੇ ਸਾਧ ਸੰਗਤ ਜੋ ਗੁਰਾਂ ਦੀ ਸਰਣ ਹੈ ਤਿਸਨੂੰ ਪ੍ਰਾਪਤਿ ਹੋਵੇ॥੧੪॥ ਪਉੜੀ ਪੰਦਰਵੀਂ ਠਠੈ ਠਾਢਿ ਵਰਤੀ ਤਿਨ ਅੰਤਰਿ ਹਰਿ ਚਰਨੀ ਜਿਨ੍ ਚਿਤੁ ਲਾਗਾ॥ ਚਿਤੁ ਲਾਗਾ ਸੇਈ ਜਨ ਨਿਸਤਰੇ ਤਉ ਪਰਸਾਦੀ ਸੁਖੁ ਪਾਇਆ॥੧੫॥ ਠਠਾ ਕਹਿੰਦਾ ਹੈ ਕਿ ਤਿਨਾਂ ਦੇ ਮਨ ਨੂੰ ਸਾਂਤਿ ਆ ਗਈ ਹੈ ਜਿਨਾਂ ਦਾ ਮਨ ਸਤਿਗੁਰਾਂ ਦੇ ਸਬਦ ਵਿਚ ਲਗਾ ਹੈ ਅਰ ਜੋ ਇਕਾਗਰ ਮਨ ਕਰਕੇ ਗੁਰਾਂ ਦੇ ਸਬਦ ਨਾਲ ਲਗਦਾ ਹੈ ਤਿਸਦਾ ਨਿਸਤਾਰਾ ਹੋਂਦਾ ਹੈ ਅਰ ਸੁਖੀ ਭੀ ਸੋਈ ਹੋਂਦਾ ਹੈ॥੧੫॥ ਪਉੜੀ ਸੋਲਵੀਂ ਡਡੈ ਡੰਫੁ ਕਰਹੁ ਕਿਆ ਪ੍ਰਾਣੀ ਜੋ ਕਿਛੁ ਹੋਆ ਸੁ ਸਭੁ ਚਲਣਾ॥ ਤਿਸੈ ਸਰੇਵਹੁ ਤਾ ਸੁਖੁ ਪਾਵਹੁ ਸਰਬ ਨਿਰੰਤਰਿ ਰਵਿ ਰਹਿਆ॥੧੬॥ ਡਡਾ ਕਹਿੰਦਾ ਹੈ ਕਿ ਵਿਸਤਾਰ ਪ੍ਰਾਣੀਓਂ ਕਿਉਂ ਕਰਦੇ ਹੋ ਜੋ ਕਿਛ ਦ੍ਰਿਸਟ ਆਂਵਦਾ ਹੈ ਸੋ ਤਾਂ ਸਭ ਚਲਾਇਮਾਨ ਹੈ ਤਾਂਤੇ ਵਾਹਗੁਰੂ ਨੋ ਸੇਵੋ ਸੁਖ ਪਾਓਗੇ ਸੋ ਕੈਸਾ ਵਾਹਗੁਰੂ ਹੈ ਜੋ ਸਰਬ ਵਿਚ ਸਤਿਆ ਦੇ ਰਹਿਆ ਹੈ॥੧੬॥ ਪਉੜੀ ਸਤਾਰਵੀਂ ਢਢੈ ਢਾਹਿ ਉਸਾਰੈ ਆਪੇ ਜਿਉ ਤਿਸੁ ਭਾਵੈ ਤਿਵੈ ਕਰੇ॥ ਕਰਿ ਕਰਿ ਵੇਖੈ ਹੁਕਮੁ ਚਲਾਏ ਤਿਸੁ ਨਿਸਤਾਰੇ ਜਾ ਕਉ ਨਦਰਿ ਕਰੇ॥੧੭॥ ਢਢਾ ਕਹਿੰਦਾ ਹੈ ਕਿ ਐਸਾ ਵਾਹਗੁਰੂ ਹੈ ਜੋ ਉਸਾਰਿਆਂ ਨੂੰ ਢਾਹੁੰਦਾ ਹੈ ਅਰ ਢਠਿਆਂ ਨੂੰ ਉਸਾਰਦਾ ਹੈ ਸੋ ਜਿਉ ਤਿਸਦਾ ਭਾਣਾ ਹੈ ਸੋ ਵਰਤਦਾ ਹੈ ਅਰ ਓਹ ਆਪਣੇ ਹੁਕਮ ਵਿਚ ਚਲਾਂਵਦਾ ਭੀ ਹੈ ਅਤੇ ਵੇਖਦਾ ਭੀ ਹੈ ਅਰ ਜਿਸਨੂੰ ਕ੍ਰਿਪਾ ਦੀ ਦ੍ਰਿਸਟ ਅਰ ਗਿਆਨ ਦੇਂਦਾ ਹੈ ਤਿਸਨੂੰ ਨਿਸਤਾਰਦਾ ਹੈ॥੧੭॥ ਪਉੜੀ ਅਠਾਰਵੀਂ ਣਾਣੈ ਰਵਤੁ ਰਹੈ ਘਟ ਅੰਤਰਿ ਹਰਿ ਗੁਣ ਗਾਵੈ ਸੋਈ॥ ਆਪੇ ਆਪਿ ਮਿਲਾਏ ਕਰਤਾ ਪੁਨਰਪਿ ਜਨਮੁ ਨ ਹੋਈ॥੧੮॥ ਣਾਣਾ ਕਹਤਾ ਹੈ ਕਿ ਸਰਬ ਵਿਚ ਵਾਹਗੁਰੂ ਰਵਿਆ ਹੈ ਪਰ ਜੋ ਹਰੀ ਦੇ ਗੁਣ ਗਾਂਵਦਾ ਹੈ ਸੋਈ ਜਾਣਦਾ ਹੈ ਅਰ ਜਿਨਾਂ ਨੂੰ ਵਾਹਗੁਰੂ ਆਪੇ ਸਾਧ ਸੰਗਤਿ ਵਿਚ ਮਿਲਾਇੰਦਾ ਹੈ ਤਾਂ ਫੇਰ ਉਨਾਂ ਨੂੰ ਜਨਮ ਨਹੀਂ ਹੋਂਦਾ॥੧੮॥ ਪਉੜੀ ਉਨੀਵੀਂ ਤਤੈ ਤਾਰੂ ਭਵਜਲੁ ਹੋਆ ਤਾ ਕਾ ਅੰਤੁ ਨ ਪਾਇਆ॥ ਨਾ ਤਰਨਾ ਤੁਲਹਾ ਹਮ ਬੂਡਸਿ ਤਾਰਿ ਲੇਹਿ ਤਾਰਣ ਰਾਇਆ॥੧੯॥ ਤਤਾ ਕਹਿੰਦਾ ਹੈ ਕਿ ਅਗਿਆਨ ਦਾ

ਭਉਜਲ ਬੜਾ ਤਾਰੂ ਹੋਇਆ ਹੈ ਸੋ ਜਿਸ ਦਾ ਅੰਤ ਨਹੀਂ ਪਾਇਆ ਜਾਂਦਾ ਅਰ ਨਾ ਕੋਈ ਬੇੜੀ ਹੈ ਨਾ ਤੁਲਾ ਹੈ ਅਰ ਬਿਨਾ ਸਾਧ ਸੰਗਤ ਸਾਰਾ ਜਗਤ ਡੂਬਦਾ ਚਲਾ ਜਾਂਦਾ ਹੈ ਪਰ ਜਿਸਨੂੰ ਤਾਰਨਾ ਹੁੰਦਾ ਹੈ ਸੋ ਤਿਸਨੂੰ ਸਾਧ ਸੰਗਤ ਮਿਲਾਇ ਕੇ ਤਾਰ ਲੈਂਦਾ ਹੈ ॥ ੧੯ ॥ ਪਉੜੀ ਵੀਹਵੀਂ ਥਥੈ ਥਾਨਿ ਥਨੰਤਰਿ ਸੋਈ ਜਾ ਕਾ ਕੀਆ ਸਭੁ ਹੋਆ ॥ ਕਿਆ ਭਰਮੁ ਕਿਆ ਮਾਇਆ ਕਹੀਐ ਜੋ ਤਿਸ ਭਾਵੈ ਸੋਈ ਭਲਾ ॥ ੨੦ ॥ ਥਥਾ ਕਹਿੰਦਾ ਹੈ ਕਿ ਥਾਨਾ ਵਿਚ ਅਤੇ ਬਾਹਰ ਭੀ ਵਾਹਗੁਰੂ ਹੀ ਬਿਆਪਿਆ ਹੋਇਆ ਹੈ ਸੋ ਕੈਸਾ ਵਾਹਗੁਰੂ ਹੈ ਕਿ ਜਿਸਦਾ ਕੀਤਾ ਸਭ ਹੁੰਦਾ ਹੈ ਅਰ ਮਾਇਆ ਦਾ ਭਰਮ ਜੋ ਹੈ ਸੋ ਝੂਠ ਹੈ ਅਰ ਜੋ ਵਾਹਗੁਰੂ ਦਾ ਭਾਣਾ ਹੈ ਸੋਈ ਭਲਾ ਹੈ ॥ ੨੦ ॥ ਪਉੜੀ ਇਕੀਵੀਂ ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥ ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥ ੨੧ ॥ ਦਦਾ ਅਖਰ ਕਹਿੰਦਾ ਹੈ ਕਿ ਦੋਸ ਕਿਸੇ ਨੂੰ ਨਹੀਂ ਦੇਣਾ ਚਾਹੀਦਾ ਕਯੋਂਕਿ ਜੋ ਜੋ ਜਿਸ ਦੇ ਕਰਮ ਲਿਖੇ ਹੋਏ ਹਨ ਸੋਈ ਸੋਈ ਓਹ ਭੋਗਦਾ ਹੈ ਅਰ ਹੋਰ ਸਭ ਜੀਆ ਜੰਤ ਜੰਤ੍ਰ ਹੈਂ ਅਤੇ ਵਾਹਗੁਰੂ ਜੰਤ੍ਰੀ ਹੈ ਸੋ ਜਿਉਂ ਜਿਉਂ ਸ੍ਰੀ ਵਾਹਗੁਰੂ ਵਜਾਵਦਾ ਹੈ ਤਿਉਂ ਤਿਉਂ ਵਜਦੇ ਹਨ ॥ ੨੧ ॥ ਪਉੜੀ ਬਾਈਵੀਂ ਧਧੈ ਧਾਰਿ ਕਲਾ ਜਿਨਿ ਛੋਡੀ ਹਰਿ ਚੀਜੀ ਜਿਨਿ ਰੰਗ ਕੀਆ ॥ ਤਿਸ ਦਾ ਦੀਆ ਸਭਨੀ ਲੀਆ ਕਰਮੀ ਕਰਮਿ ਹੁਕਮੁ ਪਇਆ॥੨੨॥ਧਧਾ ਕਹਿੰਦਾ ਹੈ ਕਿ ਵਾਹਗੁਰੂ ਨੇ ਪ੍ਰਿਥਵੀ ਅਕਾਸ ਦੀ ਕਲਾ ਧਾਰ ਛਡੀ ਹੈ ਅਰ ਸਭ ਜੀਆ ਕਰਮੀ ਜੰਤ ਦੇ ਰੰਗ ਕੀਤੇ ਹਨ ਅਰ ਜੇਹੇ ਜੇਹੇ ਜੀਵਾਂ ਦੇ ਕਰਮ ਹਨ ਤੇਹਾ ਤੇਹਾ ਵਾਹਗੁਰੂ ਜੀ ਨੇ ਦੇ ਛਡਿਆ ਹੈ ॥ ੨੨ ॥ ਪਉੜੀ ਤੇਈਵੀਂ ਨੰਨੈ ਨਾਹ ਭੋਗ ਨਿਤ ਭੋਗੈ ਨਾ ਡੀਠਾ ਨਾ ਸੰਮ੍ਹਲਿਆ ॥ ਗਲੀ ਹਉ ਸੋਹਾਗਣਿ ਭੈਣੇ ਕੰਤੁ ਨ ਕਬਹੂੰ ਮੈ ਮਿਲਿਆ ॥ ੨੩ ॥ ਨਨਾ ਕਹਿੰਦਾ ਹੈ ਕਿ ਨਾਹ ਜੋ ਵਾਹਗੁਰੂ ਸਰਬ ਦਾ ਭਰਤਾ ਹੈ ਅਰ ਸਰਬ ਬਿਖੇ ਭੋਗਾਂ ਨੂੰ ਭੋਗਦਾ ਹੈ ਅਰ ਸਰਬ ਦਾ ਦ੍ਰਿਸਟਾ ਹੈ ਸੋ ਉਸਨੂੰ ਕੋਈ ਦੇਖ ਨਹੀਂ ਸਕਤਾ ॥੨੩॥ ਪਉੜੀ ਚੌਵੀਵੀਂ ਪਪੈ ਪਾਤਿਸਾਹੁ ਪਰਮੇਸਰੁ ਦੇਵਣ ਕਉ ਪਰਪੰਚੁ ਕੀਆ ॥ ਦੇਖੈ ਬੂਝੈ ਸਭੁ ਕਿਛੁ ਜਾਣੈ ਅੰਤਰਿ ਬਾਹਰਿ ਰਵਿ ਰਹਿਆ ॥੨੪॥ ਪਪਾ ਕਹਿੰਦਾ ਹੈ ਕਿ ਪਾਤਸਾਹੁ ਸਰਬ ਦਾ ਪਰਮੇਸਰ ਹੈ ਅਰ ਜਗਤ ਨੂੰ ਦੇਖਣ ਵਾਸਤੇ ਲੀਲਾ ਰਚੀ ਹੈ ਸੋ ਦੇਖਦਾ ਭੀ ਹੈ ਅਰ ਜਾਣਦਾ ਭੀ ਹੈ ਅਰ ਸਰਬ ਵਿਚ ਰਵਿ ਭੀ ਰਹਿਆ ਹੈ ॥ ੨੪ ॥ ਪਉੜੀ ਪੰਜੀਵੀਂ ਫਫੈ ਫਾਹੀ ਸਭੁ ਜਗੁ ਫਾਸਾ ਜਮ ਕੈ ਸੰਗਲਿ ਬੰਧਿ ਲਇਆ ॥ ਗੁਰਪਰਸਾਦੀ ਸੇ ਨਰ ਉਬਰੇ ਜਿ ਹਰਿ ਸਰਣਾਗਤਿ ਭਜਿ ਪਇਆ ॥ ੨੫ ॥ ਫਫਾ ਅਖਰ ਕਹਿੰਦਾ ਹੈ ਕਿ ਸਾਰਾ ਜਗਤ ਮਾਇਆ ਦੀ ਫਾਹੀ ਵਿਚ

ਫਾਥਾ ਹੋਇਆ ਹੈ ਅਰ ਜਮ ਕੇ ਸੰਗਲ ਸੇ ਬੰਧਾਇਮਾਨ ਹੈ ਪਰ ਜੇਹੜੇ ਸਾਧ ਸੰਗਤ ਦੀ ਸਰਨੀ ਪਏ ਹਨ ਸੋ ਗੁਰਾਂ ਦੀ ਕ੍ਰਿਪਾ ਕਰਕੇ ਸੰਸਿਆਂ ਤੋਂ ਛੁਟ ਗਏ ਹਨ ॥੨੫॥ ਫਫੈ ਫਾਹੀ ਸਭੁ ਜਗੁ ਫਾਸਾ ਜਮ ਕੈ ਸੰਗਲਿ ਬੰਧਿ ਲਇਆ ॥ ਗੁਰਪਸਾਦੀ ਸੇ ਜਨ ਉਬਰੇ ਹਰਿ ਸਰਣਾਗਤਿ ਭਜਿ ਪਇਆ ॥ ੨੫ ॥ ਫਫਾ ਅਖਰ ਕਹਿੰਦਾ ਹੈ ਕਿ ਸਾਰਾ ਜਗਤ ਮਾਇਆ ਦੀ ਫਾਹੀ ਵਿਚ ਫਾਥਾ ਹੋਇਆ ਹੈ ਅਰ ਜਮ ਕੇ ਸੰਗਲ ਸੇ ਬੰਧਾਇਮਾਨ ਹੈ ਪਰ ਜੇਹੜੇ ਸਾਧ ਸੰਗਤ ਦੀ ਸਰਨੀ ਪਏ ਹਨ ਸੋ ਗੁਰਾਂ ਦੀ ਕ੍ਰਿਪਾ ਕਰਕੇ ਸੰਸਿਆਂ ਤੋਂ ਛੁਟ ਗਏ ਹਨ ॥ ੨੫ ॥ ਪਉੜੀ ਛਬੀਵੀਂ ਬਬੈ ਬਾਜੀ ਖੇਲਣ ਲਾਗਾ ਚਉਪੜਿ ਕੀਤੇ ਚਾਰਿ ਜੁਗਾ ॥ ਜੀਅ ਜੰਤ ਸਭ ਸਾਰੀ ਕੀਤੇ ਪਾਸਾ ਢਾਲਣਿ ਆਪਿ ਲਗਾ ॥ ਬਬਾ ਅਖਰ ਕੰਦ ਕਹਿੰਦਾ ਹੈ ਕਿ ਵਾਹਗੁਰੂ ਮਾਇਆ ਨੂੰ ਅੰਗੀਕਾਰ ਕਰਕੈ ਚਾਰ ਜੁਗ ਕਾ ਚੌਪੜ ਕੀਤਾ ਅਰ ਚੌਰਾਸੀ ਲਖ ਜੂਨ ਖਾਨੇ ਕੀਤੇ ਹਨ ਅਤੇ ਚਵਾਂ ਖਾਣੀਆਂ ਦੇ ਜੀਆਂ ਦੀਆਂ ਸਾਰੀਆਂ ਕੀਤੀਆਂ ਹਨ ਅਰ ਤੀਨ ਗੁਣ ਕੇ ਪਾਸੇ ਕੀਤੇ ਹੈਨ ਅਤੇ ਆਪ ਬਾਜੀ ਖੇਲਨ ਲਗਾ ਹੈ ਪਰ ਜੈਸੇ ਪਕੀਆਂ ਗੋਟਾਂ ਜਬ ਘਰ ਆਉਂਦੀਆਂ ਹਨ ਤਾਂ ਉਹਨਾਂ ਦਾ ਸਿਰ ਨੀਵਾਂ ਹੁੰਦਾ ਹੈ ॥ ਅਰ ਜੇੜੀਆਂ ਕਚੀਆਂ ਹੁੰਦੀਆਂ ਹਨ ਉਨਾਂ ਦਾ ਸਿਰ ਉਚਾ ਹੁੰਦਾ ਹੈ ਤੈਸੇ ਗੁਰਮੁਖਾਂ ਦਾ ਮਨ ਨੀਵਾਂ ਕਰ ਜਨਮ ਮਰਨ ਤਿੰਨਾਂ ਦਾ ਕਟ ਦਿਤਾ ਹੈਸੂ ॥ ੨੬ ॥ ਪਉੜੀ ਸਤਾਈਵੀਂ ਭਭੈ ਭਾਲਹਿ ਸੇ ਫਲੁ ਪਾਵਹਿ ਗੁਰਪਰਸਾਦੀ ਜਿਨ੍ ਕਉ ਭਉ ਪਇਆ ॥ ਮਨਮੁਖ ਫਿਰਹਿ ਨ ਚੇਤਹਿ ਮੂੜੇ ਲਖ ਚਉਰਾਸੀਹ ਫੇਰੁ ਪਇਆ ॥ ੨੭ ॥ ਭਭਾ ਅਖਰ ਕਹਿੰਦਾ ਹੈ ਕਿ ਜੋ ਗੁਰੂ ਕਾ ਸਬਦ ਭਾਲਦਾ ਹੈ ਸੋ ਨਾਮ ਅਰ ਗਿਆਨ ਰੂਪੀ ਫਲ ਕੋ ਪ੍ਰਾਪਤਿ ਹੁੰਦਾ ਹੈ ਅਰ ਭਉਜਲ ਕੋ ਗੋ ਪਦ ਵਤ ਤਰ ਜਾਤਾ ਹੈ ॥ ਪਰ ਜੋ ਗੁਰਾਂ ਕਾ ਬਚਨ ਨਹੀਂ ਮਾਨਤੇ ਹੈਂ ॥ ਅਰ ਮਨ ਕਾ ਕਹਿਆ ਵਰਤਤੇ ਹੈਂ ਸੋ ਚਉਰਾਸੀਹ ਲਖ ਜੂਨ ਮੈ ਭਰਮਤੇ ਹੈਂ ॥ ੨੭ ॥ ਪਉੜੀ ਅਠਾਈਵੀਂ ਮੰਮੈ ਮੋਹ ਮਰਣੁ ਮਧੁ ਸੂਦਨੁ ਮਰਣੁ ਭਇਆ ਤਬ ਚੇਤਵਿਆ ॥ ਕਾਇਆ ਭੀਤਰਿ ਅਵਰੋ ਪੜਿਆ ਮੰਮਾ ਅਖਰੁ ਵੀਸਰਿਆ ॥ ੨੮ ॥ ਮਮੈ ਅਖਰ ਕਹਿੰਦਾ ਹੈ ਕਿ ਜੋ ਆਪਣੇ ਮਨ ਕੋ ਮਾਰਤਾ ਹੈ ਸੋਈ ਮਧਸੂਦਨ ਰੂਪ ਹੈ ॥ ਅਰ ਮਾਇਆ ਦਾ ਮੋਹ ਬੜਾ ਅਸਚਰਜ ਹੈ ॥ ਤਾਂਤੇ ਜੋ ਪ੍ਰਾਣਾਂ ਦੇ ਹੁੰਦਿਆਂ ਨਹੀਂ ਸਮਝਦਾ ਸੋ ਅੰਤ ਨੂੰ ਪਛੋਤਾਂਵਦਾ ਹੈ ॥੨੮॥ ਯਯੈ ਜਨਮੁ ਨ ਹੋਵੀ ਕਦ ਹੀ ਜੇ ਕਰਿ ਸਚੁ ਪਛਾਣੈ ॥ ਗੁਰਮੁਖਿ ਆਖੈ ਗੁਰਮੁਖਿ ਬੂਝੈ ਗੁਰਮੁਖਿ ਏਕੋ ਜਾਣੈ ॥੨੯॥ ਯਯਾ ਅਖਰ ਕਹਿੰਦਾ ਹੈ ਕਿ ਜੋ ਕੋਈ ਗੁਰਾਂ ਦਾ ਸਬਦ ਸਚ ਜਾਣ ਕਰ ਕਮਾਂਵਦਾ ਹੈ ਸੋ ਫੇਰ ਜਨਮ ਨਹੀਂ ਆਂਵਦਾ ਪਰ ਸਤਿਗੁਰਾਂ ਦੇ ਮੁਖ

ਦਾ ਕਹਿਆ ਗੁਰਮੁਖਿ ਪਛਾਨਦੇ ਹਨ ਅਰ ਇਕ ਵਾਹਗੁਰੂ ਨੂੰ ਜਾਨਕੇ ਵੈਰ ਵਿਰੋਧ ਛੱਡਦੇ ਹਨ ॥ ੨੯ ॥ ਪਉੜੀ ਤੀਹਵੀਂ ਰਾਰੈ ਰਵਿ ਰਹਿਆ ਸਭ ਅੰਤਰਿ ਜੇਤੇ ਕੀਏ ਜੰਤਾ ॥ ਜੰਤ ਉਪਾਇ ਧੰਧੈ ਸਭ ਲਾਏ ਕਰਮੁ ਹੋਆ ਤਿਨ ਨਾਮੁ ਲਇਆ ॥ ੩੦ ॥ ਰਾਰਾ ਅਖਰ ਕਹਿੰਦਾ ਹੈ ਕਿ ਰਾਮ ਸਭ ਜੀਆ ਜੰਤ ਮੈ ਰਵਿ ਰਹਿਆ ਹੈ ਅਰ ਜੈਸੇ ਸਾਰੀ ਪ੍ਰਿਥਵੀ ਮੈ ਜਲ ਰਮਿਆ ਹੂਆ ਹੈ ਅਰ ਜਹਾਂ ਕੂਪ ਖੋਦੀਤਾ ਹੈ ਤਹਾਂ ਹੀ ਜਲ ਪ੍ਰਕਾਸਤਾ ਹੈ ਅਰ ਸੀਤਲ ਕਰਤਾ ਹੈ ਤੈਸੇ ਗੁਰਮੁਖਾਂ ਕੇ ਸੰਗ ਕਰਕੇ ਹੀ ਸਾਂਤਿ ਆਵਤੀ ਹੈ ਪਰ ਜੋ ਨਾਮ ਜਪਤੇ ਹੈਂ ॥ ੩੦ ॥ ਪਉੜੀ ਇਕਤਵੀਂ ਲਲੈ ਲਾਇ ਧੰਧੈ ਜਿਨਿ ਛੋਡੀ ਮੀਠਾ ਮਾਇਆ ਮੋਹ ਕੀਆ ॥ ਖਾਣਾ ਪੀਣਾ ਸਮਕਿਰ ਹਸਣਾ ਭਾਣੈ ਤਾ ਕੈ ਹੁਕਮੁ ਪਇਆ ॥ ੩੧ ॥ ਲਲਾ ਅਖਰ ਕਹਿੰਦਾ ਹੈ ਕਿ ਸਾਰੇ ਜਗਤ ਨੂੰ ਮਹਾਰਾਜ ਧੰਧੇ ਲਾਇ ਛਡਿਆ ਹੈ ਅਰ ਮਾਇਆ ਕਾ ਮੋਹ ਮੀਠਾ ਲਾਇਆ ਹੈਸੂ ਜੋ ਖਾਂਵਦਾ ਅਰ ਪੀਂਵਦਾ ਹੈ ਅਰ ਹਸਦਾ ਹੈ ਅਰ ਸੌਂਵਦਾ ਹੈ ਅਰ ਪਰਮੇਸਰ ਕਾ ਨਾਮ ਭੁਲ ਗਿਆ ਹੈ ॥ ੩੧ ॥ ਪਉੜੀ ਬਤੀਵੀਂ ਵਵੈ ਵਾਸੁਦੇਉ ਪਰਮੇਸਰ ਵੇਖਣ ਕਉ ਜਿਨਿ ਵੇਸੁ ਕੀਆ ॥ ਵੇਖੈ ਚਾਖੈ ਸਭੁ ਕਿਛੁ ਜਾਣੈ ਅੰਤਰਿ ਬਾਹਰਿ ਰਵਿ ਰਹਿਆ ॥੩੨॥ ਵਵਾ ਅਖਰ ਕਹਿੰਦਾ ਹੈ ਕਿ ਵਾਸਦੇਵ ਪਰਮੇਸਰ ਜਿਸਨੇ ਜਗਤ ਕਾ ਕਉਤਕ ਦੇਖਣ ਵਾਸਤੇ ਸਤਿਗੁਰਾਂ ਦਾ ਰੂਪ ਧਾਰਿਆ ਹੈ ॥ ਸੋ ਸਰਬ ਜੀਆਂ ਮੈ ਸਤਾ ਦੇਕਰ ਦੇਖਤਾ ਹੈ ਤਾਂਤੇ ਜੋ ਉਸਕਾ ਹੁਕਮ ਸਤ ਕਰਕੇ ਮੰਨਦੇ ਹਨ ਸੋਈ ਗੁਰਮੁਖਿ ਹਨ ॥ ੩੨ ॥ ਪਉੜੀ ਤੇਤੀਵੀਂ ੜਾੜਾ ਅਖਰ, ੜਾੜੈ ਰਾੜਿ ਕਰਹਿ ਕਿਆ ਪ੍ਰਾਣੀ ਤਿਸਹਿ ਧਿਆਵਹੁ ਜਿ ਅਮਰੁ ਹੋਆ॥ਤਿਸਹਿ ਧਿਆਵਹੁ ਸਚਿ ਸਮਾਵਹੁ ਓਸੁ ਵਿਟਹੁ ਕੁਰਬਾਣ ਕੀਆ ॥ ੩੩ ॥ ੜਾੜਾ ਅਖਰ ਕਹਿੰਦਾ ਹੈ ਪ੍ਰਾਣੀਓ ਵਾਦ ਝਗੜੇ ਕਿਉਂ ਕਰਦੇ ਹੋ ਕ੍ਯੋਂਕਿ ਜੋ ਕੋਈ ਮਹਾਰਾਜ ਦਾ ਹੁਕਮ ਮੰਨਦਾ ਹੈ ਤਿਸਤੋਂ ਸਤਿਗੁਰ ਕੁਰਬਾਣ ਕੁਰਬਾਣ ਹੋਤੇ ਹੈਂ ॥ ੩੩ ॥ ਪਉੜੀ ਚਉਤੀਵੀਂ ਹਾਹੈ ਹੋਰੁ ਨ ਕੋਈ ਦਾਤਾ ਜੀਅ ਉਪਾਇ ਜਿਨਿ ਰਿਜਕੁ ਦੀਆ ॥ ਹਰਿ ਨਾਮੁ ਧਿਆਵਹੁ ਹਰਿ ਨਾਮਿ ਸਮਾਵਹੁ ਅਨਦਿਨੁ ਲਾਹਾ ਹਰਿ ਨਾਮੁ ਲੀਆ ॥ ੩੪ ॥ ਹਾਹਾ ਅਖਰ ਕਹਿੰਦਾ ਹੈ ਕਿ ਜਿਸ ਈਸੂਰ ਨੇ ਜੀਵ ਉਤਪਤਿ ਕੀਤੇ ਹਨ ਸੋਈ ਸਭਨਾਂ ਦੇ ਰਿਜਕ ਦਾ ਦਾਤਾ ਹੈ ॥ ਅਰ ਜਿਨਾ ਸਤਿਗੁਰਾਂ ਨੇ ਸਬਦ ਉਚਾਰਿਆ ਸੋ ਗਿਆਨ ਕੇ ਦਾਤੇ ਹਨ ਤਾਂਤੇ ਈਸੂਰ ਅਰ ਸਤਿਗੁਰਾਂ ਬਿਨਾਂ ਹੋਰ ਦਾਤਾ ਕੋਈ ਨਹੀਂ ਅਰ ਈਸੂਰ ਓਹ ਹੈ ਜੋ ਸਭਨਾਂ ਜੀਆਂ ਨੂੰ ਕਰਮਾਂ ਦੇ ਅਨੁਸਾਰ ਰਿਜਕ ਪਹੁੰਚਾਂਵਦਾ ਹੈ ॥੩੪॥ ਪਉੜੀ ਪੈਂਤੀਵੀਂ ਆਇੜੈ ਆਪਿ ਕਰੈ ਜਿਨਿ ਛੋਡੀ ਜੋ ਕਿਛੁ ਕਰਣਾ ਸੁ ਕਰਿ ਰਹਿਆ ॥ ਕਰੇ ਕਰਾਏ ਸਭ ਕਿਛੁ

ਜਾਣੈ ਨਾਨਕ ਸਾਇਰ ਇਵ ਕਹਿਆ ॥ ੩੫॥ ਆਇੜਾ ਅਖਰ ਕਹਿੰਦਾ ਹੈ ਕਿ ਜਿਸ ਵਾਹਗੁਰੂ ਨੇ ਆਪ ਸਿਰਠਿ ਕਰਿ ਛੋਡੀ ਹੈ ਅਰ ਜੋ ਕਿਛ ਵਾਹਗੁਰੂ ਨੇ ਕਰਨਾ ਹੈ ਸੋ ਕਰ ਰਹਿਆ ਹੈ ਅਰ ਜੋ ਕਿਛ ਹੋਰ ਕਰੇ ਸੋ ਭੀ ਕਰਨੇ ਕੋ ਸਾਮਰਥ ਹੈ ਗੁਰੂ ਨਾਨਕ ਕੀ ਕਹਤੇ ਹੈ ਕਿ ਮੈਂ ਤਿਸਕਾ ਕਵੀਸਰ ਹੋ ਕੇ ਹੇ ਪੰਡਿਤ ਤੁਝਕੋਂ ਮਹਾਰਾਜ ਕੀ ਮਹਿਮਾ ਕਾ ਵਖਿਆਨ ਸੁਣਾਇਆ ਹੈ ਸੋ ਤੂੰ ਮਹਾਰਾਜ ਕਾ ਧਿਆਨ ਕਰ ਅਰ ਧੰਧੇ ਕੀ ਵਿਦਅਹੁ ਕੋ ਤਿਆਗ ਕਯੋਂਕਿ ਜੇੜੀ ਵਿਦਿਆ ਲੋਕੋਂ ਕੇ ਉਪਦੇਸ ਵਾਸਤੇ ਸਿਖੀਦੀ ਹੈ ਸੋ ਕੁਲਫ ਹੈ ਅਰ ਬੰਧਨ ਕਾ ਮੂਲ ਹੈ ਅਰ ਜੋ ਆਪਣੇ ਕਮਾਵਣ ਵਾਸਤੇ ਸਿਖੀਦੀ ਹੈ ਸੋ ਤਾਲੀ ਹੈ ਅਰ ਬੰਧਨਹੁ ਕੇ ਖੋਲਣਹਾਰੀ ਹੈ ਜੈਸੇ ਉਸੀ ਲੋਹੇ ਕਾ ਕੁਲਫ ਹੋਤਾ ਹੈ ਸੋ ਬੰਧਨ ਕਰਤਾ ਹੈ ਅਰ ਉਸੀ ਲੋਹੇ ਕੀ ਤਾਲੀ ਹੋਤੀ ਹੈ ਸੋ ਬੰਧਨੋਂ ਕੋ ਛਡਾਵਤੀ ਹੈ ॥ ਜਬ ਇਤਨਾ ਬਾਬਾ ਬੋਲਿਆ ਤੋ ਪੰਡਿਤ ਨੇ ਕਹਿਆ ਕਿ ਹੇ ਕਾਲੂ ਚਾਰੋਂ ਵੇਦੋਂ ਕੀ ਵਿਦਿਆ ਜਗਤ ਮੇਂ ਗੁਪਤ ਹੋ ਰਹੀ ਸੀ ਸੋ ਅਬ ਤੇਰਾ ਪੁਤ੍ਰ ਚਹੁੰ ਵੇਦੋਂ ਕੇ ਪ੍ਰਕਾਸ ਵਾਸਤੇ ਪਰਗਟ ਹੋਇਆ ਹੈ ॥ ਫਿਰ ਜਬ ਬਾਬਾ ਅਠਾਂ ਬਰਸਾਂ ਕਾ ਹੋਇਆ ਤਾਂ ਜੇ ਅੰਦਰ ਬੈਠੇ ਤਾਂ ਕਈ ਦਿਨ ਅੰਦਰ ਹੀ ਸਮਾਧੀ ਲਗੀ ਰਹੇ ॥ ਅਰ ਤੇ ਨਦੀ ਤੇ ਬਾਹਰ ਜਾਇ ਬੈਠੇ ਤਾਂ ਉਹਾਂ ਹੀ ਸਮਾਧ ਲਗੀ ਰਹੇ ਅਤੇ ਜੇ ਸਾਧਾ ਮਹਿ ਬੈਠੇ ਤਾਂ ਕਈ ਦਿਨ ਚਰਚਾ ਕਰਦਿਆਂ ਹੀ ਬੀਤ ਜਾਵਨ ਅਰ ਕਾਲੂ ਪਿਛੇ ਪ੍ਰਸਾਦ ਅਰ ਛਤੀਹ ਅੰਮ੍ਰਿਤ ਲਈ ਫਿਰੇ ਸੋ ਬਾਬਾ ਸਾਧਾਂ ਸੰਤਾਂ ਨੂੰ ਖਵਾਲ ਛਡੇ ॥ ਇਕ ਦਿਨ ਮਰਦਾਨਾ ਮਰਾਸੀ ਬਾਬੇ ਨੂੰ ਆਨ ਮਿਲਿਆ ਸੋ ਤਦ ਲੋਕ ਫਰੀਦ ਜੀ ਦੀ ਜਾਰਤ ਜਾਂਦੇ ਸਨ ਤਾਂ ਮਰਦਾਨੇ ਕਹਿਆ ਬਾਬਾ ਜੀ ਜੇ ਤੂੰ ਚਲੈਂ ਤਾਂ ਅਸੀਂ ਭੀ ਜਾਤ੍ਰੀ ਵਾਲਿਆ ਨਾਲ ਜਾਰਤ ਕਰ ਆਈਏ ਤਾਂ ਬਾਬੇ ਆਖਿਆ ਜੇ ਤੂੰ ਅਸਾਡੇ ਨਾਲ ਪਕੀ ਰਿਫਾਕਤ ਕਰੇਂ ਤਾਂ ਅਸੀਂ ਜਾਈਏ ਤਾਂ ਉਸ ਆਖਿਆ ਕਿ ਜੇ ਤੂੰ ਮੇਰੀ ਅਤੇ ਮੇਰੇ ਕੁਟੰਬੀਆਂ ਦੀ ਖਬਰ ਲਵੇਂ ਤਾਂ ਮੈਂ ਕਿਉਂ ਨਹੀਂ ਰਿਫਾਕਤ ਕਰਦਾ ਤਾਂ ਬਾਬੇ ਕਹਿਆ ਰਾਗ ਤੂੰ ਜਾਣਦਾ ਹੈਂ ਸੋ ਜੇ ਏਹੋ ਸਬਦ ਰਾਗ ਪਾਇਕੇ ਨਿਹਕਾਮ ਹੋ ਕੇ ਗਾਵੇਂਗਾ ਤਾਂ ਤੇਰਾ ਪ੍ਰਲੋਕ ਸਿਧ ਹੋਵੇਗਾ ਅਤੇ ਜੇ ਏਹੋ ਸਬਦ ਤੇਰੇ ਵੰਸ ਵਾਲੇ ਗਾਵਣਗੇ ਤਾਂ ਉਨਕਾ ਵਿਵਹਾਰ ਸਿਧ ਹੋਵੇਗਾ ਤਾਂ ਮਰਦਾਨੇ ਆਖਿਆ ਭਲਾ ਜੀ ਤਾਂ ਫਿਰ ਬਾਬੇ ਕਹਿਆ ਤੂੰ ਅਖੀਆਂ ਮੀਟ ਤਾਂ ਉਸ ਅਖੀਆਂ ਮੀਟੀਆਂ ਤਾਂ ਕੀ ਦੇਖੇ ਕਿ :--

ਸਾਖੀ ਪਟਨ ਨਗਰ ਦੀ

ਪਟਣ ਦੇ ਕੋਸ ਭਰ ਬਾਹਰ ਬਾਬਾ ਤੇ ਮੈਂ ਦੋਨੋਂ ਬੈਠੇ ਹੈਂ ਤਾਂ ਬਾਬੇ ਕਹਿਆ ਰਬਾਬ ਵਜਾਉ ॥ ਸਲੋਕ ॥ ਆਪੇ ਪਟੀ ਕਲਮ ਉਪਰ ਲੇਖ ਭੀ ਤੂੰ ॥ ਏਕੋ ਕਹੀਏ ਨਾਨਕਾ ਦੂਜਾ ਕਾਹੇ ਕੂੰ ॥ ੧ ॥ ਦੂਜਾ ਕਾਹੇ ਸਿਮਰੀਐ ਜੰਮੈ ਤੇ ਮਰਿਜਾਇ ॥ ਏਕੋ ਸਿਮਰੋ ਨਾਨਕਾ ਜੋ ਜਲਿ ਥਲਿ ਰਹਿਆ ਸਮਾਇ ॥ ੨ ॥ ਸੋ ਜਾਂ ਏਹ ਸਲੋਕ ਮਰਦਾਨੇ ਕਹਾ ਤਾਂ ਕਮਾਲ ਸੇਖ ਬ੍ਰਹਮ ਦਾ ਮੁਰੀਦ ਲਕੜੀਆਂ ਚੁਗਣ ਆਇਆ ਹੋਇਆ ਸੀ ਸੋ ਉਸਨੇ ਸੁਣ ਕੇ ਆਪਣੇ ਪੀਰ ਨੂੰ ਆਣ ਕਹਜਾ ਕਿ ਤੁਸੀਂ ਤਾਂ ਆਖਦੇ ਹੋ ਜੋ ਇਕ ਖੁਦਾਇ ਹੈ ਅਤੇ ਦੂਜਾ ਪੈਕੰਬਰ ਹੈ ਪਰ ਇਕ ਫਕੀਰ ਬਨ ਵਿਚ ਬੈਠਾ ਹੈ ਉਹ ਕਹਿੰਦਾ ਹੈ ਜੋ ਇਕ ਖੁਦਾਇ ਹੈ ਔਰ ਦੂਜਾ ਕੋਈ ਹੋਆ ਨਹੀਂ ਤਾਂ ਪੀਰ ਪੁਛਿਆ ਕਿ ਉਹ ਫਕੀਰ ਕੇਡੀਕੁ ਆਰਜਾ ਦਾ ਹੈ ਤਾਂ ਉਸ ਆਖਿਆ ਕਿ ਆਰਜਾ ਉਸਦੀ ਅਠਾਂ ਬਰਸਾਂ ਦੀ ਨਜ਼ਰ ਆਂਵਦੀ ਹੈ ਅਰ ਬੁਧ ਉਸਦੀ ਵਡੀ ਹੈ ਪਰ ਫਕੀਰਾਂ ਦਾ ਕੁਛ ਅੰਤ ਭੀ ਨਹੀਂ ਪਾਇਆ ਜਾਂਦਾ ਜੋ ਜੇਡਾ ਸਰੂਪ ਚਾਹਦੇ ਹੈਨ ਤੇਡਾ ਧਾਰ ਲੈਂਦੇ ਹਨ ਅਤੇ ਸਾਡੀਆਂ ਕਿਤਾਬਾਂ ਵਿਚ ਭੀ ਲਿਖਿਆ ਹੈ ਕਿ ਤੂੰ ਗਰੀਬ ਦਿਲਅਸ ਨ ਬਮਾਲ ॥ ਬਜੁਰਗੀ ਬਅਕਲਸਤ ਨ ਬਸਾਲਾ ॥ ੧ ॥ ਕੋਟਿਕੇਕੋ ਬਅਕਲ ਪੀਰ ਬਵਦਿ ॥ ਨਿਜਦਿ ਅਹਲੇ ਖਿਰਦਕਬੀਰ ਬਵਦਾ ॥ ੨ ॥ ਬਡਿਆਂ ਨੇ ਕਹਾ ਹੈ ਕਿ ਦਾਤ ਕਰਨੀ ਰਿਦੇ ਕਾ ਧਰਮ ਹੈ ਅਤੇ ਜੇ ਧਨ ਕਹੋ ਤਾਂ ਧਨ ਤੇ ਸੂਮਾਂ ਪਾਸ ਭੀ ਬਹੁਤ ਹੁੰਦਾ ਹੈ ਅਰ ਉਹ ਦਾਨ ਤੋ ਨਹੀਂ ਕਰਦੇ।

ਅਰ ਬਡਿਆਈ ਬੁਧ ਤੇ ਵੀਚਾਰ ਤੀਕਰ ਹੈ ਅਰ ਬੁਢੇ ਬਾਲੇ ਤੀਕਰ ਨਹੀਂ ਕਜੋਂਕਿ ਏਕ ਬੁਢੇ ਅਗਜਾਨੀ ਹੋਤੇ ਹੈਂ ਅਰ ਬਾਲਕੇ ਗਜਾਨੀ ਹੋਤੇ ਹੈਂ ਸੋ ਜਿਸ ਬਾਲਕੇ ਪਾਸ ਬੁਧ ਬੀਚਾਰ ਭਗਤਾਂ ਕਾ ਹੁੰਦਾ ਹੈ ਸੋਈ ਜਗਿਆਸੀਆਂ ਕੇ ਭਾਣੇ ਬਡਾ ਹੁੰਦਾ ਹੈ ਤਾਂ ਪੀਰ ਨੇ ਕਹਯਾ ਚਲ ਉਸਦਾ ਦਰਸਨ ਕਰੀਏ ਪਰ ਜੇ ਉਸ ਅਸਾਨੂੰ ਇਕ ਸਮਝਾਇ ਦਿਤਾ ਤਾਂ ਅਸੀਂ ਉਸਦੇ ਮੁਰੀਦ ਹੋਵਾਂਗੇ ਅਤੇ ਜੇ ਅਸੀਂ ਉਸਨੂੰ ਦੋ ਸਮਝਾਵਾਂਗੇ ਤਾਂ ਅਸੀਂ ਉਸ ਨੂੰ ਮੁਰੀਦ ਕਰ ਲਵਾਂਗੇ।

ਸਾਖੀ ਸੇਖ ਬ੍ਰਹਮ ਦੀ

ਸੇਖ ਬ੍ਰਹਮ ਤੇ ਕਮਾਲ ਦੋਨੋਂ ਬਾਬੇ ਪਾਸ ਆਏ ਅਰ ਆ ਕੇ ਮਥਾ ਟੇਕਿਆ ਅਤੇ ਕਹਿਆ ਫਕੀਰ ਸਲਾਮਾਲੇਕ ਤਾਂ ਬਾਬੇ ਕਹਿਆ ਅਲੇਖ ਕੋ ਸਲਾਮ ਤਾਂ ਸੇਖ

ਬ੍ਰਹਮ ਪੁਛਿਆ ਫਕੀਰ ਤੂੰ ਹਿੰਦੂ ਹੈਂ ਕਿ ਮੁਸਲਮਾਨ ਤਾਂ ਬਾਬੇ ਕਹਿਆ ਸਲੋਕ :-- ਹਿੰਦੂ ਕਹਾਂ ਤਾਂ ਮਾਰੀਆ ਮੁਸਲਮਾਨ ਭੀ ਨਾਹਿ ॥ ਪੰਜ ਤਕ ਕਾ ਪੁਤਲਾ ਖੇਲੈ ਗੈਬੀ ਮਾਹਿ ॥ ਤਿਸਕਾ ਪਰਮਾਰਥ :--ਏਹ ਸਰੀਰ ਪੰਜਾਂ ਤਤਾਂ ਕਾ ਪੁਤਲਾ ਹੈ ਅਰ ਪਰਮਾਤਮਾਂ ਇਸ ਮੈ ਗੁਪਤ ਵਰਤਤਾ ਹੈ ਸੋ ਪੰਜ ਤਤ ਹਿੰਦੂ ਮੁਸਲਮਾਨ ਮੈ ਏਕ ਹੀ ਹੈਂ ਅਰ ਪਰਮਾਤਮਾਂ ਸਰਬ ਸਰੀਰੋਂ ਮੈਂ ਸਤਾ ਦੇ ਰਹਾ ਹੈ ਤਾਂ ਤੇ ਹਿੰਦੂ ਮੁਸਲਮਾਨ ਕਿਸਨੋ ਕਹੀਏ ਏਕ ਹੀ ਜੈਸੀਆਂ ਸਭਨੋਂ ਕੀਆਂ ਇੰਦ੍ਰੀਆਂ ਹੈਂ ਅਤੇ ਏਕ ਹੀ ਜੈਸਾ ਅਹਾਰ ਵਿਵਹਾਰ ਹੈ ਤਾਂ ਪੀਰ ਕਹਿਆ ਕਿ ਜੋ ਏਕਤਾ ਕੇ ਬੈਤ ਆਪ ਕਹੇ ਹੈ ਸੋ ਅਬ ਮੁਝ ਕੋਉ ਸੁਣਾਵਹੁ ਤਾਂ ਬਾਬੇ ਕਹਿਆ ਕਿ ਪਟੀ ਜੋ ਮਸਤਕ ਹੈ ਸੋ ਭੀ ਆਪ ਹੀ ਭਗਵੰਤ ਹੋਇਆ ਹੈ ਅਰ ਕਲਮ ਜੋ ਲਿਖਣ ਹੈ ਸੋ ਭੀ ਆਪ ਹੀ ਹੋਇਆ ਹੈ ਅਰ ਜੋ ਲੇਖ ਹੈ ਸੋ ਭੀ ਆਪ ਹੀ ਹੈ ਅਰ ਲਿਖਣ ਵਾਲਾ ਭੀ ਆਪ ਹੀ ਹੈ ਪਰ ਏਕ ਕੋ ਜੋ ਦੋਇ ਦੇਖਦਾ ਹੈ ਸੋ ਭਰਮ ਦ੍ਰਿਸਟ ਕਰਕੇ ਦੇਖਦਾ ਹੈ ਜੈਸੇ ਭਰਮ ਦ੍ਰਿਸਟ ਕਰਕੇ ਏਕ ਚੰਦ੍ਰਮੇ ਦੋਇ ਚੰਦ੍ਰਮੇ ਭਾਸਤੇ ਹੈਂ ਅਰ ਜੇ ਏਕ ਅਖੰਡ ਬਿਰਤ ਕਰਕੇ ਦੇਖੈਂ ਤਾਂ ਦੂਸਰਾ ਹੂਆ ਹੀ ਨਹੀਂ ਜੈਸੇ ਸਰਬ ਜਲਹੁ ਮੈਂ ਸੂਰਜ ਕਾ ਪ੍ਰਤਬਿੰਬ ਏਕ ਹੀ ਹੈ ਤੈਸੇ ਵਾਹਗੁਰੂ ਸਰਬ ਸਰੀਰਹੁ ਮੈਂ ਏਕ ਹੀ ਹੈ ॥ ੧ ॥ ਜੇ ਘਟਹੁ ਕੇ ਉਪਜਣੇ ਕਰ ਅਕਾਸ ਭਿੰਨ ਭਿੰਨ ਹੂਆ ਹੋਵੇ ਤਉ ਜਾਣੀਐ ਜੋ ਦੂਜਾ ਹੈ ਅਰ ਜੇ ਘਟਹੁ ਉਪਜਣੇ ਬਿਨਸਣੇ ਕਰ ਅਕਾਸ ਜਿਉਂ ਕਾ ਤਿਉਂ ਰਹੈ ਤਉ ਦੂਜਾ ਕਾਹੇ ਕਉ ਜਾਣੀਐ ॥ ੨ ॥

ਅਰ ਵੇਦਾਂਤ ਮਹਿ ਭੀ ਏਕ ਅਖੰਡ ਬ੍ਰਹਮ ਕਹਿਆ ਹੈ ਤਾਂ ਪੀਰ ਨੇ ਪੁਛਿਆ ਜੋ ਸੇਖ ਫਰੀਦ ਨੇ ਸਲੋਕ ਕਹਿਆ ਹੈ ਕਿ ਫਰੀਦਾ ਜੋ ਤੈਂ ਮਾਰਨ ਮੁਕੀਆਂ ਤਿਨਾਂ ਨ ਮਾਵੇ ਘੁੰਮ ॥ ਆਪਨੜੈ ਘਰ ਜਾਈਐ ਪੈਰ ਤਿਨਾ ਚੁੰਮ ॥ ਸੋ ਕਿਰਪਾ ਕਰਕੇ ਇਸਦਾ ਵੀਚਾਰ ਸਾਨੂੰ ਬਤਾਵਹੁ ਤਾਂ ਬਾਬੇ ਕਹਿਆ ਕਿ ਜੋ ਸਾਂਤ ਕੀ ਰੂਪ ਹੈਨ ਸੋ ਸਭਕਾ ਪ੍ਰਹਾਰ ਅਰ ਦੁਰ ਬਚਨ ਸਹਾਰਤੇ ਹਨ ਅਰ ਸੋਈ ਸਭ ਕਿਸੇ ਥੋਂ ਵਿਸੇਖ ਹੋਤੇ ਹੈਂ ਜੈਸੇ ਪ੍ਰਿਥਵੀ ਸਭਤੇ ਨੀਚੇ ਹੋਇ ਰਹੀ ਹੈ ਤੇ ਸਭ ਕੇ ਉਪਰ ਆਵਤੀ ਹੈ ਤੈਸੇ ਗੁਰਮੁਖ ਆਪ ਸਭ ਤੇ ਨੀਚਾ ਜਾਣਤੇ ਹੈਂ ਅਤੇ ਸਭ ਤੇ ਊਚੇ ਹੋਵਤੇ ਹੈਂ ਤਾਂਤੇ ਫਰੀਦ ਨੇ ਕਹਿਆ ਹੈ ਕਿ ਜੋ ਤੁਝੇ ਦੁਰਬਚਨ ਕਹੇ ਉਸਕਾ ਹੀ ਮੂਹ ਫੀਕਾ ਹੂਆ ਹੈ ਤੇਰਾ ਤੋ ਕੁਛ ਗਇਆ ਨਹੀਂ ਅਰ ਜੇ ਤੁਝੇ ਮੁਸਟ ਕਾ ਪ੍ਰਹਾਰ ਕੀਆ ਹੈ ਤੋ ਜੈਸੇ ਉਸਕੇ ਹਾਥ ਕੋ ਦੁਖ ਹੂਆ ਹੈ ਤੈਸੇ ਤੇਰੇ ਸਰੀਰ ਕੋ ਹੂਆ ਹੈ ਤਾਂਤੇ ਤੂੰ ਉਸਕੇ ਪਾਈਂ ਪਰ ਕੇ ਜਾਣੇ ਮੈਨੂੰ ਕਿਸਨੇ ਦੁਖ ਦੇਣਾ ਥਾ ਅਬ ਤੇਰੇ ਹਾਥ ਸੇ ਜੋ ਮੁਸ੍ਟ ਲਗੀ ਸੋ ਅਬ ਮੇਰੇ ਦੁਖ ਕਾ ਟਾਲਾ ਹੂਆ ਹੈ ਅਰ ਮੇਰਾ ਸਰੀਰ ਬਜਰ ਸਮਾਨ ਹੈ ਅਰ ਤੇਰਾ ਹਾਥ ਕੋਮਲ ਹੈ

ਸੋ ਜੇ ਆਪ ਨੂੰ ਦੁਖ ਪਹੁੰਚਿਆ ਹੈ ਤੋ ਕਿਰਪਾ ਕਰਕੇ ਬਖਸਣਾ ਤਾਂ ਸੇਖ ਬ੍ਰਹਮ ਕਹਿਆ ਕਿ ਅਗੇ ਭੀ ਕਿਸੀ ਨੇ ਐਸਾ ਕੀਆ ਹੈ ਤਾਂ ਬਾਬੇ ਕਹਿਆ ਇਕ ਸਮੈ ਬ੍ਰਹਮਾ, ਵਿਸਨ, ਮਹੇਸ ਸੋ ਤੀਨੋਂ ਕੇ ਮਨ ਮੇਂ ਆਈ ਕਿ ਤੀਨੋ ਹਮ ਸਾਰਖੇ ਹੈਂ ਪਰ ਹਮ ਤੀਨੋਂ ਮੇਂ ਈਸੂਰ ਕੌਣ ਹੈ ਤਾਂ ਬ੍ਰਹਮੇ ਕਹਿਆ ਇਕ ਮੈਂ ਜੋ ਜਗਤ ਕੋ ਉਤਪਤ ਕਰਤਾ ਹੋਂ ਤਾਂਤੇ ਮੈਂ ਹੀ ਈਸੂਰ ਹੋਂ ॥

ਵਿਸਨ ਕਹਿਆ ਮੈਂ ਜੋ ਪਾਲਨਾ ਕਰਤਾ ਹੋਂ ਸੋਂ ਮੈਂ ਹੀ ਈਸੂਰ ਹੋਂ ॥

ਸਿਵ ਕਹਿਆ ਮੈ ਜੋ ਸੰਘਾਰ ਕਰਤਾ ਹੋਂ ਸੋ ਮੈ ਹੀ ਈਸੂਰ ਹੋਂ ਤਬ ਸਿਵ ਨੇ ਆਪਣਾ ਲਿੰਗ ਅਸਥਾਪਨ ਕੀਆ ਅਰ ਕਹਾ ਕਿ ਜੋ ਮੇਰੇ ਲਿੰਗ ਕਾ ਅੰਤ ਦੇਖ ਆਵੈ ਸੋ ਤਿਸਕੋ ਮੈਂ ਈਸੂਰ ਜਾਨੂੰਗਾ ਸੋ ਏਕ ਓਰ ਬ੍ਰਹਮਾ ਗਇਆ ਅਰ ਏਕ ਬਿਸਨ ਗਇਆ ਤਾਂ ਬ੍ਰਹਮਾ ਜਾਤਾ ਜਾਤਾ ਥਕ ਪਰਾ ਅਰ ਫਿਰ ਆਇਆ ਸੋ ਆਇਕੇ ਕਹਿਆ ਕਿ ਮੈਂ ਅੰਤ ਪਾਇ ਆਇਆ ਹਾਂ ਅਰ ਬਿਸਨ ਜਾਤੇ ਜਾਤੇ ਵਿਚਾਰਿਆ ਜੋ ਲਿੰਗ ਪੰਜਾਂ ਭੂਤਾਂ ਕਾ ਹੈ ਅਰ ਭੂਤ ਮਾਇਆ ਕੇ ਕਾਰਜ ਹੈਂ ਤਾਂਤੇ ਇਨਕਾ ਅਸਤ ਜਾਣਨਾ ਇਹੀ ਅੰਤ ਹੈ ਤਾਂ ਬਿਸਨੂੰ ਭੀ ਫਿਰ ਆਇਆ ਤਾਂ ਸਿਵ ਨੇ ਬ੍ਰਹਮੇ ਕੋ ਕਹਿਆ ਕਿ ਤੁਜ ਝੂਠ ਬੋਲਿਆ ਹੈ ਤਾਂਤੇ ਤੇਰੀ ਪ੍ਰਿਤਮਾ ਪ੍ਰਿਥਵੀ ਤੇ ਪੂਜਣੇ ਜੋਗ ਨਾ ਹੋਵੇਗੀ ਤਾਂ ਬ੍ਰਹਮੇ ਕਹਿਆ ਜੋ ਮੇਰੀ ਬਾਣੀ ਹੀ ਪੂਜਣਗੇ ਤਿਨਾਂ ਕੋ ਮੁਕਤਿ ਮਿਲੈਗੀ ਅਰ ਤੇਰੀ ਪ੍ਰਿਤਮਾ ਕੋ ਜੋ ਰੁਧਰ ਅਰ ਮੰਸਕਰ ਪੂਜਨਗੇ ਸੋ ਭੂਤਹੁ ਕੀ ਅਰ ਗਣਹੁ ਕੀ ਗਤਿ ਕਉ ਪ੍ਰਾਪਤਿ ਹੋਵਹਿਗੇ ਤੋ ਵਿਸਨ ਜੋਗ ਮਾਇਆ ਕੋ ਅੰਗੀਕਾਰ ਕਰਕੇ ਸੇਸਨਾਗ ਕੀ ਸਿਹਜਾ ਪਰ ਸੋਇ ਰਹਿਆ ਅਰ ਸਿਵ ਇੰਦ੍ਰੀਅਹੁ ਅਰ ਵਾਸਨਾ ਕੋ ਰੋਕਕੇ ਸਮਾਧ ਬਿਖੇ ਇਸਥਿਤ ਹੋਇ ਰਹਾ ਅਰ ਬ੍ਰਹਮਾ ਵੇਦਾਂ ਕੇ ਪਰਚੇ ਮਹਿ ਲਗ ਰਹਾ ॥ ਅਰ ਫਿਰ ਏਕ ਸਮੈ ਸਪਤ ਰਿਖੋਂ ਨੇ ਵਿਚਾਰਿਆ ਕਿ ਏਹ ਤੀਨੋ ਦੇਵਹੁ ਮੈਂ ਪੂਜਨ ਜੋਗ ਕਉਨ ਬ੍ਰਹਮ ਹੈ ਜੋ ਜਿਸ ਕੀ ਪੂਜਾ ਕਰਕੇ ਜਗਤ ਉਧਰੇ ਤਬ ਭ੍ਰਿਗ ਕਹਾ ਕਿ ਮੈਂ ਇਨਕਾ ਅੰਤ ਲੇ ਆਵਤਾ ਹੋਂ ਤਬ ਪ੍ਰਿਥਮੇ ਭ੍ਰਿਗ ਬ੍ਰਹਮੇ ਕੇ ਪਾਸ ਗਇਆ ਅਰ ਡੰਡਉਤ ਨਾ ਕੀਆ ਤਉ ਬ੍ਰਹਮੇ ਨੇ ਭ੍ਰਿਗ ਅਤਿਥ ਪੂਜਨ ਨਾ ਕੀਆ ਅਰ ਵੇਦਾਂ ਕੇ ਪਰਚੇ ਮੈਂ ਬ੍ਰਹਮਾਂ ਲਗਾ ਰਹਿਆ ਤਾਂ ਫਿਰ ਭ੍ਰਿਗ ਸਿਵ ਕੇ ਪਾਸ ਗਇਆ ਤਾਂ ਸਿਵ ਉਠੇ ਅਰ ਭ੍ਰਿਗ ਕਉ ਕੰਠ ਲਗਾਵਣ ਲਗੇ ਤਾਂ ਭ੍ਰਿਗ ਨੇ ਕਹਾ ਕਿ ਤੇਰੇ ਕੰਠ ਮੇਂ ਮਿਰਤਕਹੁ ਕੇ ਸੀਸ ਹੈਂ ਮੈਂ ਤੁਝੇ ਸਪਰਸ ਨਹੀਂ ਕਰਤਾ ਤਉ ਸਿਵ ਨੇ ਤ੍ਰਿਸੂਲ ਸੰਭਾਲਿਆ ਤਾਂ ਫਿਰ ਵਿਸਨ ਕੇ ਗਇਆ ਅਰ ਜਾਕਰ ਤਿਸ ਕੀ ਵੱਖੀ ਮੈ ਲਤ ਕਾ ਪ੍ਰਹਾਰ ਕੀਆ ਤਾਂ ਵਿਸਨੂੰ ਉਠਕੇ ਉਸਦੇ ਚਰਨ ਮਲਣ ਲਗਾ ਅਰ ਕਹਾ

ਕਿ ਮੇਰਾ ਰਿਦਾ ਕਠੋਰ ਹੈ ਅਰ ਤੁਮਾਰੇ ਚਰਨ ਕੋਮਲ ਹੈਂ ਸੋ ਜੇ ਤੁਮ ਕਉ ਦੁਖ ਪਹੁਚਿਆ ਹੋਵੇ ਤਾਂ ਬਖਸਣਾ ਅਰ ਇਹ ਵਰ ਦਿਓ ਕਿ ਜਦ ਮੈਂ ਅਵਤਾਰ ਧਾਰਾਂ ਤਾਂ ਤੁਮਾਰੇ ਚਰਣ ਕਾ ਚਿੰਨ ਮੇਰੀ ਵੱਖੀ ਮੈ ਹੋਵੇ ਅਰ ਓਹ ਨਾ ਬਦਲੇ ਸੋ ਇਹ ਕ੍ਰਿਪਾ ਕਰਕੇ ਦਾਨ ਦੇਵਣਾ ਸੋ ਇਸੀ ਵਾਸਤੇ ਸਭ ਰਿਖੀਅਹੁ ਮੈ ਵਿਸਨ ਪੂਜਨੀਕ ਹੂਆ ਤਾਂਤੇ ਜੋ ਕੋਈ ਧੀਰਜ ਧਾਰਤੇ ਹੈਂ ਸੋਈ ਪੂਜਨੇ ਜੋਗ ਹੋਤੇ ਹੈਂ ਤਾਂ ਫਿਰ ਸੇਖ ਬ੍ਰਹਮ ਕਹਿਆ ਜੋ ਜੀ ਢਾਢੀ ਰਾਜਿਓਂ ਕੀ ਵਾਰ ਗਾਵਤੇ ਹੈਂ ਸੋ ਰਾਜੇ ਭੀ ਪ੍ਰਸੰਨ ਹੋਤੇ ਹੈਂ ਅਰ ਸੂਰਮੇ ਭੀ ਪ੍ਰਸੰਨ ਹੋਕੇ ਜੁਧ ਕਰਤੇ ਹੈਂ ਅਰ ਕਾਇਰਾਂ ਦੇ ਮਨ ਮੈਂ ਭੀ ਜੁਧ ਕਾ ਉਦਮ ਹੋਇ ਆਵਤਾ ਹੈ ਤੈਸੇ ਹੀ ਜੋ ਮਹਾਰਾਜ ਕੀ ਵਾਰ ਗਾਵਤੇ ਤਾਂ ਮਹਾਰਾਜ ਭੀ ਪ੍ਰਸੰਨ ਹੋਤੇ ਹੈਂ ਅਤੇ ਸੰਤ ਭੀ ਪ੍ਰਸੰਨ ਹੋਤੇ ਹੈਂ ਅਰ ਜੌਨਸੇ ਜਗਯਾਸੀ ਹੈਂ ਤਿਨੋਂ ਕੋ ਭੀ ਮਨ ਅਰ ਇੰਦ੍ਰੀਅਹੁ ਕੇ ਜੀਤਣੇ ਕਾ ਉਦਮ ਹੋਇ ਆਵਤਾ ਹੈ ਤਾਂ ਤੇ ਤੁਸੀਂ ਮੇਰੇ ਤਾਈਂ ਕਾਈ ਪਰਮੇਸਰ ਕੀ ਵਾਰ ਸੁਣਾਵਹੁ ਤਾਂ ਬਾਬੇ ਕਹਿਆ ਮਰਦਾਨਿਆਂ ਕਬੀਰ ਜੀ ਨੇ ਗਉੜੀ ਰਾਗ ਅੰਗੀਕਾਰ ਕੀਆ ਹੈ ਅਰ ਸਿਧਹੁ ਨੇ ਰਾਮਕਲੀ ਕਾ ਰਾਗ ਅੰਗੀਕਾਰ ਕੀਆ ਹੈ ਅਰ ਹਮਾਰੇ ਸਭ ਹੀ ਰਾਗ ਹੈਂ ਪਰ ਏਹ ਪੀਰ ਆਸਾ ਵੰਤ ਆਇਆ ਹੈ ਸੋ ਆਸਾ ਕੇ ਰਾਗ ਵਿਚ ਵਾਰ ਸੁਣਾਵਹੁ ॥

ਸੇਖ ਬ੍ਰਹਮ ਨਾਲ ਗੋਸਟ

ਸਾਖੀ ਆਸਾ ਦੀ ਵਾਰ ਦੀ

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ
ਅਜੂਨੀ ਸੈਭੰ ਗੁਰ ਪ੍ਰਸਾਦਿ ॥
ਆਸਾ ਮਹਲਾ ੧ ॥ ਵਾਰ ਸਲੋਕਾ ਨਾਲਿ
ਸਲੋਕ ਭੀ ਮਹਲੇ ਪਹਿਲੇ ਕੇ ਲਿਖੇ ਟੁੰਡੇ ਅਸ ਰਾਜੈ ਕੀ ਧੁਨ ॥

ਸਲੋਕੁ ਮ: ੧ ॥ ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ ॥ ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ ॥ ੧ ॥ ਮਹਲਾ ੨ ॥ ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥ ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥ ੨ ॥ ਮਹਲਾ ੧ ॥ ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ ॥ ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ ॥ ਖੇਤੈ ਅੰਦਰਿ

ਛੁਟਿਆ ਕਹੁ ਨਾਨਕ ਸਉ ਨਾਹ ॥ ਫਲੀਅਹਿ ਫੁਲੀਅਹਿ ਬਪੁੜੇ ਭੀ ਤਨ ਵਿਚਿ ਸੁਆਹ ॥ ੩ ॥ ਪਉੜੀ ॥ ਆਪੀਨੈ੍ ਆਪੁ ਸਾਜਿਓ ਆਪੀਨੈ੍ ਰਚਿਓ ਨਾਉ ॥ ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥ ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ ॥ ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ ॥ ਕਰਿ ਆਸਣੁ ਡਿਠੋ ਚਾਉ ॥

ਟੂੰਡਾ ਅਸਰਾਜਾ ਦੋਵੇਂ ਭਿਰਾਉ ਸੇ ਅਰ ਉਨਾ ਜੁਧ ਕੀਤਾ ਸੀ ਸੋ ਉਸ ਧੁਨ ਉਪਰ ਵਾਰ ਕੀਤੀ ਤੇ ਗਿਆਨ ਰੂਪੀ ਟੂੰਡਾ ਹੈ ਅਗਯਾਨ ਅਸਰਾਜਾ ਹੈ ਸੋ ਅਗਯਾਨ ਸਾਰੇ ਦੇਸ ਮੈ ਪਰਗਟ ਹੈ ਅਤੇ ਜਿਸ ਸਮੈ ਸਾਧ ਸੰਗਤ ਨੂੰ ਪ੍ਰਾਣੀ ਮਿਲਦਾ ਹੈ ਤਾਂ ਗਿਆਨ ਪ੍ਰਬਲ ਹੋ ਜਾਂਦਾ ਹੈ ਅਰ ਅਗਯਾਨ ਅਸਰਾਜੇ ਨੂੰ ਕਢ ਦੇਂਦਾ ਹੈ ॥ ਬਾਬੇ ਜੀ ਬਚਨ ਕੀਤਾ ਕਿ ਆਪਨੇ ਸਤਿਗੁਰਾਂ ਤੋਂ ਮੈਂ ਬਲਹਾਰੀ ਹਾਂ ਪਰ ਇਕ ਇਕ ਦਿਨ ਵਿਚ ਸੌ ਸੌ ਵਾਰੀ ਕਯੋਂਕਿ ਜਿਸਨੇ ਮਨੁਖਾ ਜਨਮ ਦੇ ਕੇ ਅਰ ਗਿਆਨ ਧਿਆਨ ਸਮਝਾ ਕੇ ਦੇਵਤਿਆਂ ਕਾ ਸਰੂਪ ਕਰ ਦੀਆ ਹੈ ਅਤੇ ਕਰਦਿਆਂ ਢਿਲ ਨਹੀਂ ਲਗਦੀ ਅਰ ਜੋ ਕੋਈ ਜਗੋਂ ਅਰ ਤਪੋਂ ਕਰ ਦੇਵਤੇ ਹੋਏ ਹਨ ਸੋ ਮਨੁਖਾ ਜਨਮ ਛੋਡਕੇ ਦੇਵਤਿਆਂ ਦਾ ਸਰੂਪ ਧਾਰਤੇ ਹੈਂ ਅਤੇ ਸਤਿਗੁਰਾਂ ਨੇ ਨਾਮ ਦਾਨ ਇਸਨਾਨ ਆਦਿ ਦੇਕਰ ਮਨੁਖਾ ਜਨਮ ਦੇ ਵਿਚ ਹੀ ਦੇਵਤਿਆਂ ਦੀਆਂ ਪ੍ਰਕਿਰਤਾਂ ਪਾ ਦਿਤੀਆਂ ਹਨ ਅਰ ਜੈਸੇ ਅੰਧੇਰੀ ਰਾਤ ਕੋ ਚੰਦ੍ਰਮਾਂ ਪ੍ਰਕਾਸ ਕਰਤਾ ਹੈ ਤੇ ਅੰਧੇਰਾ ਦੂਰ ਹੋ ਜਾਤਾ ਹੈ ਅਰ ਜੋ ਸੂਰਜ ਦੀਆਂ ਕਿਰਨਾਂ ਪਰਕਾਸਦੀਆਂ ਹੈਂ ਤਾਂ ਅੰਧੇਰਾ ਰਾਤ ਸਮੇਤ ਦੂਰ ਹੋ ਜਾਂਦਾ ਹੈ ਤੈਸੇ ਗੁਰਾਂ ਦੇ ਬਚਨਾਂ ਕਰ ਅਗਯਾਨ ਕਾ ਅੰਧੇਰਾ ਦੂਰ ਹੋ ਜਾਂਦਾ ਹੈ ਅਰ ਜੇ ਸੌ ਚੰਦ੍ਰਮਾਂ ਤੇ ਹਜਾਰਾਂ ਸੂਰਜ ਚੜ੍ਹਨ ਤਾਂ ਭੀ ਗੁਰਾਂ ਕੇ ਬਚਨਾਂ ਬਿਨਾ ਅਗਯਾਨ ਕਾ ਅੰਧੇਰਾ ਨਹੀਂ ਮਿਟਦਾ ॥ ੧ ॥ ਤਾਂ ਸੇਖ ਬ੍ਰਹਮ ਕਹਯਾ ਜੋ ਗੁਰੂ ਪੀਰ ਨੂੰ ਮੰਨਦੇ ਨਹੀਂ ਅਰ ਆਖਦੇ ਹਨ ਕਿ ਅਸੀਂ ਆਪ ਹੀ ਸਭ ਕੁਛ ਜਾਣਦੇ ਹਾਂ ਜੋ ਅਸਾਨੂੰ ਕਿਸੇ ਦੇਵਤੇ ਦਾ ਵਰ ਹੂਆ ਤਾਂ ਹੀ ਤੇ ਅਸੀਂ ਸੁਚੇਤ ਹੋਏ ਹਾਂ ਸੋ ਓਨਾ ਦਾ ਕੀ ਹਾਲ ਹੋਵੇਗਾ ਤਾਂ ਬਾਬੇ ਕਹਿਆ ਕਿ ਜੈਸੇ ਤਿਲਾ ਕਾ ਕਿਰਸਾਣ ਆਪਣੇ ਘਰ ਝਾੜਕੇ ਤਿਲਾਂ ਕੋ ਲਿਆਵਤਾ ਹੈ ਅਰ ਬੂਆੜ ਕੋ ਖੇਤ ਮੈ ਛੋਡ ਆਵਤਾ ਹੈ ਸੋ ਫੁਲ ਅਰ ਫਲ ਬੂਆੜੋਂ ਕੇ ਭੀ ਤਿਲਹੁ ਜੈਸੇ ਹੋਤੇ ਹੈਂ ਪਰ ਬੂਆੜ ਮੈ ਕਣ ਨਹੀਂ ਹੋਤਾ ਸੋ ਇਸੀ ਵਾਸਤੇ ਸੁੰਞ ਖੇਤ ਵਿਚ ਛੋਡ ਆਵਤੇ ਹਨ ॥ ਤੈਸੇ ਹੀ ਜੋ ਨਿਗੁਰੇ ਪੁਰਸ ਹੈਨ ਓਹ ਓਨਾਂ ਨੂੰ ਨਹੀਂ ਜਾਣਦੇ ਜੋ ਜਿਨਾਂ ਗੁਰਾਂ ਨੂੰ ਮਿਲ ਕੇ ਗਿਆਨ ਧਿਆਨ ਵਿਦਿਆ ਪ੍ਰਾਪਤਿ ਕੀਤੀ ਹੈ ਅਰ ਉਨ ਕਾ ਮਹਾਤਮ ਨਹੀਂ ਜਾਣਦੇ ਅਰ ਉਨਾਂ ਦੀ ਸਗੋਂ

ਨਿੰਦਿਆ ਕਰਤੇ ਸੋ ਜਨਮ ਮਰਨ ਕੇ ਖੇਤ ਮੈ ਛੋਡ ਦਈਤੇ ਹੈਂ ਅਰ ਜੋ ਗੁਰਾਂ ਕੀ ਵਡਿਆਈ ਜਾਣਤੇ ਹੈਨ ਸੋ ਪਰਮੇਸਰ ਕਾ ਘਰ ਜੋ ਹੈ ਬੈਕੁੰਠਧਾਮ ਤਹਾਂ ਜਾਇ ਪ੍ਰਾਪਤ ਹੋਤੇ ਹਨ ॥ ੨ ॥ ਤਾਂ ਸੇਖ ਬ੍ਰਹਮ ਕਹਾ ਜੀ ਅਸਾਂ ਤੁਹਾਡੇ ਪਾਸ ਵਾਰ ਦਾ ਪ੍ਰਸਨ ਕੀਤਾ ਸੀ ਜੋ ਦੁਹ ਸੂਰਮਿਆਂ ਬਿਨਾਂ ਵਾਰ ਨਹੀਂ ਹੁੰਦੀ ਅਰ ਖੁਦਾਇ ਜੋ ਜਗਤ ਕੀਤਾ ਹੈ ਸੋ ਉਸ ਨਾਲ ਦੂਜਾ ਕੌਣ ਹੈ ਤੁਸਾਂ ਉਸਦਾ ਉਤਰ ਕੋਈ ਦਿਤਾ ਨਾਹੀਂ ਤਾਂ ਬਾਬੇ ਕਹਿਆ ਜੋ ਕੋਈ ਬਾਣੀ ਕਾ ਆਰੰਭ ਕਰਤਾ ਹੈ ਸੋ ਪ੍ਰਥਮੇ ਮੰਗਲਾਚਾਰ ਦੇਵਤੇ ਕਾ ਕਰ ਲੇਤਾ ਤੈਸੇ ਅਸਾਂ ਗੁਰਾਂ ਕਾ ਮੰਗਲਾਚਾਰ ਕੀਆ ਹੈ ਕਯੋਂਕਿ ਜਿਨਾਂ ਨੂੰ ਮਿਲ ਕੇ ਦੇਹ ਅਰ ਆਤਮਾ ਨਿਆਰੇ ਨਿਆਰੇ ਭਾਸਤੇ ਹੈਂ ਅਰ ਦੇਹ ਜੋ ਨਾਮ ਰੂਪ ਹੈ ਸੋਈ ਮਾਇਆ ਕਾ ਕਾਰਜ ਹੈ ਅਤੇ ਆਤਮਾ ਜੋ ਸਤ ਚਿਤ ਅਨੰਦ ਹੈ ॥

ਸ਼ੋ ਬ੍ਰਹਮ ਕਾ ਪ੍ਰਕਾਸ ਹੈ ਸੋ ਬ੍ਰਹਮੇ ਨੇ ਮਾਇਆ ਨੂੰ ਅੰਗੀਕਾਰ ਕਰਕੇ ਜਗਤ ਨੂੰ ਉਤਪਤਿ ਕੀਤਾ ਹੈ ਆਗੇ ਪਉੜੀ ਕਹਿੰਦੀ ਹੈ ਕਿ ਮਹਾਰਾਜ ਨੇ ਆਪਣੀ ਸਕਤ ਕਰ ਜਗਤ ਉਤਪਤਿ ਕੀਤਾ ਹੈ ਅਰ ਨਾਨਾ ਪ੍ਰਕਾਰ ਦੀਆਂ ਜੂਨਾਂ ਰਚੀਆਂ ਹਨ ਅਰ ਇਕ ਆਪਣਾ ਹੀ ਨਾਮ ਜੀਆਂ ਕੇ ਉਧਾਰ ਵਾਸਤੇ ਰਚਿਆ ਹੈ ਅਰ ਦੂਜੀ ਆਪਣੇ ਪਾਸ ਮਾਇਆ ਕੁਦਰਤ ਰਚੀ ਹੈ ਸੋ ਤਿਸ ਮਾਇਆ ਮੈ ਆਪਣੀ ਦ੍ਰਿਸਟ ਕੀਤੀ ਹੈ ਅਰ ਉਸ ਮੈ ਮਹਿਤਤ ਗਰਭ ਹੂਆ ਹੈ ਸੋ ਤਿਸ ਮੈ ਆਪਣੀ ਸਤਿਆ ਡਾਲੀ ਹੈ ਅਰ ਤਿਸ ਮੋਂ ਹੰਕਾਰ ਰੂਪ ਪੁਤਰ ਉਤਪਤਿ ਹੂਆ ਹੈ ਸੋ ਤਿਸ ਕੇ ਤੀਨ ਰੂਪ ਹੁਏ ਹੈਂ ਸੋ ਤਾਮਸੀ ਹੰਕਾਰ ਸੇ ਪੰਜ ਭੂਤ ਹੂਏ ਤਿਸਕਰ ਦੇਹ ਰਚੀ ਅਰ ਰਾਜਸੀ ਹੰਕਾਰ ਸੇ ਇੰਦ੍ਰੀਆਂ ਹੂਈਆਂ ਅਰ ਸਾਂਤਕੀ ਹੰਕਾਰ ਸੇ ਅੰਤਹਕਰਨ ਅਰ ਇੰਦ੍ਰੀਆਂ ਕੇ ਦੇਵਤੇ ਹੁਏ ਸੋ ਤਿਨੋਂ ਕਰ ਜੀਆ ਜੰਤ ਰਚੇ ਹੈਂ ਅਰ ਤਿਨਕੇ ਬੀਚ ਆਪਣੀ ਚੈਤੰਨ ਕਲਾ ਰਖੀ ਹੈ ਅਰ ਆਪ ਤਿਸ ਦੁਆਰਾ ਸਾਰੇ ਜਗਤ ਕੋ ਦੇਖਤਾ ਹੈ ਅਰ ਪਛਾਨਤਾ ਹੈ ਅਰ ਸਾਰੇ ਜਗਤ ਕਾ ਕਰਨਹਾਰਾ ਭੀ ਆਪ ਹੈ ਅਰ ਦਾਤਾ ਦੇਨੇਹਾਰਾ ਭੀ ਆਪ ਹੈ ਪਰ ਜਿਸ ਪਰ ਕ੍ਰਿਪਾ ਕੀ ਦ੍ਰਿਸਟ ਕਰਤਾ ਹੈ ਤਿਸ ਕੋ ਨਾਮ ਕੀ ਦਾਤ ਦੇਤਾ ਹੈ ਅਰ ਸਭਨੋਂ ਕੇ ਰਿਦਿਓਂ ਕਾ ਜਾਣੋਓਂ ਹੈ ॥ ਅਰ ਜਿਨਕੇ ਸਾਂਤਕੀ ਰਿਦੇ ਹੋਤੇ ਹੈਂ ਤਿਨ ਕੋ ਦੇਵਤਿਓਂ ਕਾ ਜਨਮ ਦੇਤਾ ਹੈ ਅਰ ਜਿਸ ਮੈ ਰਾਜਸੀ ਲਖਣ ਹੈ ਤਿਸ ਕੋ ਮਾਨੁਖ ਕੀ ਦੇਹ ਦੇਤਾ ਹੈ ਅਰ ਜਿਨ ਮੈ ਤਾਮਸੀ ਗੁਣ ਹੈਂ ਤਿਨ ਕੋ ਰਾਖਸਾਂ ਅਰ ਪਸੂਆਂ ਕੀ ਦੇਹ ਦੇਤਾ ਹੈ ਅਰ ਆਪ ਅੰਤਰਜਾਮੀ ਹੋਕੇ ਸਭਸ ਮੈ ਦੇਖਤਾ ਹੈ ਤਾਂ ਸੇਖ ਬ੍ਰਹਮ ਕਹਿਆ ਜੋ ਜੀ ਸਾਨੂੰ ਮੁਰਸਦ ਕਹਾ ਹੈ ਕਿ ਏਕ ਖੁਦਾ ਹੈ ਅਰ ਦੂਸਰਾ ਪੈਕੰਬਰ ਖੁਦਾ ਦਾ ਦੋਸਤ ਹੈ ਸੋ ਖੁਦਾਇ ਪੈਦਾਇਸ ਕਰਤਾ ਹੈ ਅਰ ਪੈਕੰਬਰ ਸਫਾਇਤ ਕਰਦਾ ਹੈ ਤਾਂ ਬਾਬੇ ਕਹਿਆ

ਮਰਦਾਨਿਆਂ ਰਬਾਬ ਵਜਾਇ ॥

ਰਾਗੁ ਆਸਾ ਮਹਲਾ ੧ ॥ ਜਿਤ ਦਰਿ ਲਖ ਮਹੰਮਦਾ ਲਖ ਬ੍ਰਹਮੇ ਬਿਸਨ ਮਹੇਸ ॥ ਲਖ ਲਖ ਰਾਮ ਵਡੀਰੀਅਹਿ ਲਖ ਰਾਹੀ ਲਖ ਵੇਸ ॥ ਲਖ ਲਖ ਓਥੇ ਜਤੀ ਹੈਂ ਸਤੀ ਤੇ ਸੰਨਿਆਸ ॥ ਲਖ ਲਖ ਅਥੈ ਗੋਰਖਾ ਲਖ ਲਖ ਨਾਥਾ ਨਾਥ ॥ ੨ ॥ ਲਖ ਲਖ ਓਥੈ ਆਸਨਾ ਗੁਰ ਚੇਲੇ ਰਹਿਰਾਸ ॥ ਸਾਧਕ ਸਿਧ ਅਗਣਤ ਹੈ ਕੇਤੇ ਲਖ ਨਿਵਾਸ ॥ ੩ ॥ ਲਖ ਪੀਰ ਪੈਕੰਬਰ ਅਉਲੀਏ ਲਖ ਕਾਜੀ ਮੁਲਾਂ ਸੇਖ ॥ ਕਿਸੇ ਸਾਂਤਿ ਨ ਆਇਆ ਬਿਨ ਸਤਿਗੁਰ ਕੈ ਉਪਦੇਸ ॥ ੪ ॥ ਸਾਧਕ ਸਿਧ ਅਗਣਤ ਹੈ ਕੇਤੇ ਲਖ ਅਪਾਰ ॥ ਏਤੜਿਆ ਅਪਵਿਤ੍ਰ ਹੈਂ ਬਿਨ ਸਤਿਗੁਰ ਸਬਦ ਬੀਚਾਰ ॥ ੫ ॥ ਸਿਰਨਾਥਾਂ ਕੇ ਏਕ ਨਾਥ ਸਤਿਨਾਮ ਕਰਤਾਰ ॥ ਨਾਨਕ ਤਾਕੀ ਕੀਮਤ ਨਾ ਪਵੈ ਬੇਅੰਤ ਬੇਸੁਮਾਰ ॥ ੬ ॥

ਤਾਂ ਬਾਬੇ ਕਹਿਆ ਸਾਹਿਬ ਬਿਅੰਤ ਹੈ ਸੋ ਕੈਸਾ ਹੈ ਕਿ ਜਿਸਦੇ ਦੁਆਰੇ ਤੇ ਲਖਾਂ ਮੁਹੰਮਦ ਹੈ ਅਰ ਕਈ ਲਖ ਬ੍ਰਹਮੇ ਹੈਂ ਅਰ ਕਈ ਲਖ ਸਿਵ ਹੈ ਅਰ ਕਈ ਲਖ ਬਿਸਨ ਹੈਂ ਅਰ ਕਈ ਰਾਮ ਅਵਤਾਰ ਹੈਂ ਅਰ ਕਈ ਲਖ ਰਾਹਿ ਪੰਥ ਹੈਂ ਅਰ ਕਈ ਲਖ ਭੇਖ ਹੈਂ ਅਰ ਕਈ ਜਤੀ ਹੈਂ ਅਰ ਕਈ ਸਤੀ ਹੈਂ ਅਰ ਕਈ ਸੰਨਿਆਸੀ ਹੈਂ ਅਰ ਕਈ ਗੋਰਖ ਹੈਂ ਅਰ ਕਈ ਨਾਥ ਹੈਂ ਅਰ ਕਈ ਨਾਥਾਂ ਦੇ ਭੀ ਨਾਥ ਹੈਂ ਅਰ ਲਖਾਂ ਹੀ ਓਥੇ ਨਾਥਾਂ ਦੇ ਆਸਣ ਹੈਨ ਅਰ ਕਈ ਗੁਰੂ ਹੈਨ ਅਰ ਕਈ ਚੇਲੇ ਹੈਨ ਅਰ ਕਈ ਸਾਧਨਾਂ ਕਰਨ ਵਾਲੇ ਹਨ ਅਰ ਕਈ ਸਿਧਤਾ ਕਰਨ ਵਾਲੇ ਹਨ ਅਰ ਕਈ ਅਪਾਰ ਹਨ ਅਰ ਕਈ ਪੀਰ ਹੈਨ ਅਰ ਕਈ ਪੈਕੰਬਰ ਹਨ ਅਰ ਕਈ ਔਲੀਏ ਹਨ ਅਰ ਕਈ ਕਾਜੀ ਕਾਜੀ ਹਨ ਅਰ ਕਈ ਮੁਲਾਂ ਹਨ ਅਰ ਕਈ ਸੇਖ ਹਨ ਸੋ ਬਿਨਾਂ ਸਤਿਗੁਰਾਂ ਦੇ ਉਪਦੇਸ ਦੇ ਕੋਈ ਸਾਂਤ੍ਰ ਨੂੰ ਨਹੀਂ ਪ੍ਰਾਪਤ ਭਇਆ ॥ ਅਰ ਜਿਸ ਜਿਸ ਕੇ ਤਾਈਂ ਸਤਿਗੁਰ ਮਿਲੇ ਹਨ ਉਸ ਕਉ ਸ਼ਤਿਗੁਰਾਂ ਨੇ ਈਸ੍ਵਰ ਜੀਵ ਕਾ ਵਾਚ ਅਰ ਲੱਖ ਜੀਵ ਈਸ੍ਵਰ ਕਾ ਲਖਾਇਆ ਹੈ ਅਰ ਸੋਈ ਸਾਂਤਿ ਕਉ ਪ੍ਰਾਪਤਿ ਭਏ ਹੈਂ ਅਰ ਕਈ ਸਾਧਕ ਅਰ ਸਿਧ ਬਿਨਾਂ ਸਤਿਗੁਰਾਂ ਦੇ ਸਬਦ ਦੇ ਵਿਚਾਰ ਤੋਂ ਸਭੇ ਅਪਵਿਤ੍ਰ ਹੈ ਅਰ ਸਭਨਾਂ ਦੇ ਜੋ ਸਿਰਨਾਥ ਹੈ ਸੋ ਸਤਿਨਾਮ ਕਰਤਾ ਪੁਰਖ ਹੈ ਅਰ ਜੋ ਇਸਕੀ ਮਤਿ ਪਾਵਤਾ ਹੈ ਸੋ ਵਾਹਗੁਰੂ ਕੋ ਪ੍ਰਾਪਤਿ ਹੋਤਾ ਹੈ ॥ ੧ ॥ ਤਾਂ ਸੇਖ ਬ੍ਰਹਮ ਪ੍ਰਸਨ ਕੀਤਾ ਕਿ ਜੀਵ ਅਰ ਈਸ੍ਵਰ ਕਾ ਵਾਚ ਕਵਣ ਹੈ ਅਰ ਲਖ ਕਵਣ ਹੈ ਤਾਂ ਬਾਬੇ ਜੀ ਕਹਿਆ ਜੀਵ ਕਾ ਵਾਚ ਤੀਨ ਸਰੀਰ ਹੈਂ ਅਰ ਕਾਰਨ ਸਰੀਰ

ਅਗਯਾਨ ਹੈ ਅਰ ਅਸਥੂਲ ਸਰੀਰ ਪੰਜ ਭੂਤਾਂ ਕਾ ਹੈ ਸੋ ਭੂਤ ਪੰਚੀ ਕ੍ਰਿਤ ਹੂਏ ਅਰ ਲਿੰਗ ਸਰੀਰ ਸਤਾਰਹੁ ਤਤਹੁ ਕਾ ਹੈ ਤਾਂ ਉਸ ਨੇ ਕਹਾ ਪੰਜ ਭੂਤ ਸਰੀਰ ਮੈ ਕਿਉਂ ਕਰ ਹੈ ਤਾਂ ਬਾਬੇ ਕਹਿਆ ਪੋਲ ਜੋ ਇਸਕੇ ਬੀਚ ਹੈ ਸੋ ਅਕਾਸ ਹੈ ਅਰ ਪ੍ਰਾਣ ਜੋ ਇਸਕੇ ਬੀਚ ਸੋ ਪਉਨ ਹੈ ਜਠਰ ਅਗਨ ਜੋ ਅਹਾਰ ਕਉ ਪਹੁਚਾਵਤੀ ਹੈ ਸੋ ਅਗਨਿ ਹੈ ॥ ਅਰ ਲਾਲਾਂ ਅਤੇ ਰੁਧਰ ਹੈ ਸੋ ਜਲ ਹੈ ਅਰ ਅਸਥ ਜੋ ਹੈ ਸੋ ਪ੍ਰਿਥਵੀ ਹੈ ॥

ਤਾਂ ਸੇਖ ਬ੍ਰਹਮ ਕਹਿਆ ਸਰੀਰ ਤਾਂ ਇੰਦ੍ਰੀਆਂ ਕਰਕੇ ਚੈਤੰਨ ਹੈ ਤਾਂ ਬਾਬੇ ਕਹਿਆ ਇੰਦ੍ਰੀਆਂ ਭੀ ਭੂਤਾਂ ਦਾ ਕਾਰਜ ਹੈਂਨ ਕਯੋਂਕਿ ਪੰਜ ਗਯਾਨ ਇੰਦ੍ਰੀਆਂ ਹੈਂ ਅਰ ਪੰਜ ਕਰਮ ਇੰਦ੍ਰੀਆਂ ਹੈ ਜੋ ਸ੍ਰੋਤ ਅਰ ਵਾਕ ਨਭ ਕਾ ਕਾਰਜ ਹੈ ॥ ਅਰ ਤੁਚਾ ਅਤੇ ਪ੍ਰਾਣ ਦੋਨੋਂ ਵਾਇਕਾ ਕਾਰਜ ਹੈਨ ਅਤੇ ਨੇਤ੍ਰ ਅਰ ਰੂਪ ਦੋਨੋਂ ਤੇਜ ਕਾ ਕਾਰਜ ਹੈ ਅਤੇ ਰਸਨਾ ਅਰ ਲਿੰਙ ਇੰਦ੍ਰੀ ਦੋਨੋਂ ਜਲ ਕਾ ਕਾਰਜ ਹੈਂ ॥ ਤੇ ਗੁਦਾ ਅਰ ਨਾਸਕਾ ਦੋਨੋਂ ਪ੍ਰਿਥਵੀ ਕਾ ਕਾਰਜ ਹਨ ਸੋ ਸਾਂਤਕ ਰਾਜਸ ਤਾਂਮਸ ਤੀਨੋ ਗੁਣੋਂ ਤੇ ਉਤਪਤਿ ਹੂਈਆਂ ਹੈਂ ਅਰ ਰਾਜਸ ਗੁਣ ਤੇ ਅਧਿਆਤਮਕ ਹੂਈਆਂ ਹੈਂ ਅਰ ਤਾਮਸ ਗੁਣਤੇ ਇਨਕੇ ਵਿਖੇ ਅਧਭੂਤਕ ਹੂਏ ਹੈਂ ਅਰ ਸਾਂਤਕ ਅੰਸ ਤੇ ਅਧਦੇਵਕ ਦੇਵਤਾ ਹੂਏ ਹੈਂ ਅਰ ਸ੍ਰੋਤ ਜੋ ਇੰਦ੍ਰੀ ਹੈ ਸੋ ਅਧਯਾਤਮਕ ਹੈ ਸ੍ਰਵਣ ਕਰਨਾ ਇਨਕਾ ਵਿਖਾ ਹੈ ਸੋ ਅਧ ਭੂਤਕ ਹੈ ਅਰ ਦਿਸਾ ਜੋ ਇਨਕਾ ਦੇਵਤਾ ਹੈ ਸੋ ਅਧਦਈਵਕ ਹੈ ਸੋ ਤੀਨੋ ਤੀਨੋ ਗੁਣ ਏਕ ਏਕ ਇੰਦ੍ਰੀ ਮੈ ਜੈਸੇ ਤ੍ਵਚਾ ਜੋ ਇੰਦ੍ਰੀ ਹੈ ਸੋ ਅਧਯਾਤਮਕ ਹੈ ਅਰ ਸਪਰਸ ਜੋ ਤਿਸਕਾ ਵਿਸਾ ਹੈ ਸੋ ਅਧਭੂਤਕ ਹੈ ਅਰ ਪਵਨ ਜੋ ਤਿਸਕਾ ਦੇਵਤਾ ਹੈ ਸੋ ਅਧਦਈਵਕ ਹੈ ਅਰ ਚਖ ਜੋ ਇੰਦ੍ਰੀ ਹੈ ਸੋ ਅਧਯਾਤਮਕ ਹੈ ਅਰ ਰੂਪ ਜੋ ਇਸਕਾ ਵਿਸਾ ਹੈਂ ਸੋ ਅਧਭੂਤਕ ਹੈ ਅਰ ਸੂਰਜ ਜੋ ਤਿਸਕਾ ਦੇਵਤ ਹੈ ਸੋ ਅਧਦਈਵਕ ਹੈ ਅਰ ਰਸਨਾ ਜੋ ਇੰਦ੍ਰੀ ਹੈ ਸੋ ਅਧਯਾਤਮਕ ਹੈ ਅਰ ਰਸ ਜੋ ਇਸ ਕਾ ਵਿਸਾ ਹੈ ਸੋ ਅਧਭੂਤਕ ਅਰ ਵਰਨ ਜੋ ਇਸਕਾ ਦੇਵਤਾ ਹੈ ਸੋ ਅਧਦਈਵਕ ਹੈ ਅਰ ਸ੍ਰੋਤ ਤਿਸਕਾ ਰੂਪ ਹੈ ਅਰ ਨਾਸਕਾ ਜੋ ਇੰਦ੍ਰੀ ਹੈ ਸੋ ਅਧਯਾਤਮਕ ਹੈ ਅਰ ਗੰਧ ਜੋ ਇਸਕਾ ਵਿਖਾ ਹੈ ਸੋ ਅਧਭੂਤਕ ਹੈ ਅਰ ਭੂਮ ਜੋ ਇਸਕਾ ਦੇਵਤਾ ਹੈ ਸੋ ਅਧਦੀਵਕ ਹੈ ਅਰ ਵਾਕ ਜੋ ਇੰਦ੍ਰੀ ਹੈ ਸੋ ਅਧਯਾਤਮਕ ਹੈ ਅਰ ਵਚਨ ਜੋ ਇਸਕਾ ਵਿਖਾ ਹੈ ਸੋ ਅਧਭੂਤਕ ਹੈ ਅਰ ਅਗਨ ਜੋ ਇਸਕਾ ਦੇਵਤਾ ਹੈ ਸੋ ਅਧਦੀਵਕ ਹੈ ਅਰ ਕਰ ਜੋ ਕਰਮ ਇੰਦ੍ਰੀ ਹੈ ਸੋ ਅਧਯਾਤਮਕ ਹੈ ਅਰ ਗ੍ਰਹਣ ਜੋ ਇਸਕਾ ਵਿਖਾ ਹੈ ਸੋ ਅਧਭੂਤਕ ਹੈ ਅਰ ਇੰਦ੍ਰ ਜੋ ਇਸਕਾ ਦੇਵਤਾ ਹੈ ਸੋ ਅਧਦਈਵਕ ਹੈ ਅਰ ਚਰਨ ਜੋ ਇੰਦ੍ਰੀ ਸੋ ਅਦਯਾਤਮਕ ਹੈ ਅਰ ਚਲਨਾ ਜੋ ਇਸਕਾ ਵਿਖਾ ਹੈ ਸੋ ਅਧਭੂਤਕ ਹੈ ਅਰ ਵਿਸਨ

ਜੋ ਇਸਕਾ ਦੇਵਤਾ ਹੈ ਸੋ ਅਧਦਈਵਕ ਹੈ ਅਰ ਲਿੰਗ ਜੋ ਇੰਦ੍ਰੀ ਹੈ ਸੋ ਅਧਜਾਤਮਕ ਹੈ ਅਰ ਅਨੰਦ ਜੋ ਇਸਕਾ ਵਿਸਾ ਹੈ ਸੋ ਅਧਭੂਤਕ ਹੈ ਅਰ ਪ੍ਰਜਾਪਤਿ ਜੋ ਇਸਕਾ ਦੇਵਤਾ ਹੈ ਸੋ ਅਧਦਈਵਕ ਹੈ ਅਰ ਗੁਦਾ ਜੋ ਇੰਦ੍ਰੀ ਹੈ ਸੋ ਅਧਜਾਤਮਕ ਹੈ ਅਰ ਮਲਕਾ ਜੋ ਤਜਾਗਣਾ ਹੈ ਸੋ ਇਸਕਾ ਵਿਸਾ ਹੈ ਅਰ ਸੋਈ ਅਧਭੂਤਕ ਹੈ ਅਰ ਮ੍ਰਿਤ ਜੋ ਇਸਕਾ ਦੇਵਤਾ ਹੈ ਸੋ ਅਧਦਈਵਕ ਹੈ ॥

ਸੋ ਤੀਨਹੁ ਗੁਣੋਂ ਕਰਕੇ ਇੰਦ੍ਰੀਅਹੁ ਕੇ ਵਿਵਹਾਰ ਸਿਧ ਹੋਤੇ ਹੈਂ ਅਰ ਪੰਝੀ ਕ੍ਰਿਤ ਕੇ ਜੋ ਸਾਂਤ ਕੀ ਅੰਸ ਹੈਂ ਤਿਸਤੇ ਗਿਆਨ ਇੰਦ੍ਰੀਆਂ ਹੂਈਆਂ ਹੈਂ ਅਰ ਰਾਜਸੀ ਅੰਸਤੇ ਕਰਮ ਇੰਦ੍ਰੀਆਂ ਹੂਈਆਂ ਹੈਂ ਅਰ ਭੂਤਹੁ ਤੇ ਅਰ ਪੰਝੀ ਕ੍ਰਿਤ ਕੇ ਅੰਸ ਤੇ ਅੰਤਹਕਰਣ ਹੂਏ ਹੈ ਅਰ ਰਾਜਸੀ ਅੰਸਤੇ ਪ੍ਰਾਣ ਹੂਏ ਹੈਂ ਅਰ ਸਪਤਦਸ ਇੰਦ੍ਰੀ ਕਾ ਲਿੰਗ ਸਰੀਰ ਹੂਆ ਹੈ ਅਰ ਦਸ ਇੰਦ੍ਰੀ ਅਰ ਪੰਜ ਪ੍ਰਾਣ ਜੋ ਪ੍ਰਾਨ, ਅਪਾਨ, ਸਮਾਨ, ਉਦਯਾਨ ਬਿਆਨ ਅਰ ਮਨ ਤੇ ਬੁਧ ਇਹ ਜੀਵ ਕਾ ਵਾਚ ਹੈ ਸੋ ਜੜ ਹੈ ਅਰ ਅਨਿਤ ਹੈ ਅਰ ਈਸ੍ਵਰ ਕਾ ਵਾਚ ਹੈ ਵਿਰਾਟ ਸਰੀਰ ਹੈ ਸੋ ਜੋ ਅਸਾਡੇ ਇੰਦ੍ਰੀਅਹੁ ਕੇ ਦੇਵਤੇ ਹੈ ਸੋ ਈਸ੍ਵਰ ਕੀਆਂ ਇੰਦ੍ਰੀਆਂ ਹੈ ਸੋ ਈਸ੍ਵਰ ਕਾ ਵਾਚ ਹੈ ਅਰ ਲਖ ਜੀਵ ਤੇ ਈਸ੍ਵਰ ਕਾ ਏਕ ਹੀ ਹੈ ਅਰ ਜੋ ਸਤ ਚਿਤ ਅਨੰਦ ਤੀਨਹੁ ਕਾਲੋਂ ਮਹਿ ਸਤ ਰਹੈ ਸੋ ਸਤ ਹੈ ਅਰ ਸਭਕਾ ਜੋ ਜਾਤਣਾ ਹੋਵੇ ਸੋ ਚੈਤੰਨ ਹੈ ਅਰ ਅਨੰਦ ਉਸਕਾ ਰੂਪ ਹੈ ਤਾਂ ਸੇਖ ਬ੍ਰਹਮ ਕਹਾ ਈਸ੍ਵਰ ਵਿਚ ਤਾਂ ਤੀਨ ਗੁਣ ਪਾਏ ਜਾਂਦੇ ਹਨ ॥ ਜੋ ਜਗਤ ਦਾ ਉਤਪਤਿ ਇਸਥਿਤ ਪਰਲੈ ਅਰ ਜੀਆਂ ਮੇਂ ਤੋ ਪਾਏ ਨਹੀਂ ਜਾਤੇ ਤਾਂ ਬਾਬੇ ਕਹਿਆ ਜੀਵ ਕਾ ਜੋ ਵਾਚ ਹੈ ਸੋ ਅਸਤ ਹੈ ਅਰ ਜੜ ਹੈ ਦੂਖ ਰੂਪ ਹੈ ਅਰ ਜੀਅ ਕਾ ਲਖ ਸਤ ਹੈ ਅਰ ਚੈਤੰਨ ਹੈ ਆਨੰਦ ਰੂਪ ਹੈ ਸੋ ਸਤ ਇਸ ਪ੍ਰਕਾਰ ਹੈ ਕਿ ਪਿਛਲੇ ਕਰਮ ਹੁਣ ਭੋਗਤਾ ਹੈ ਅਰ ਹੁਣ ਦੇ ਅਗੇ ਭੋਗੇਗਾ ਤੋ ਤੀਨੋ ਕਾਲ ਸਤ ਹੂਆ ॥ ਪੁਨਾ ਏਹੀ ਜਗਤ ਕੋ ਜਾਨਤਾ ਹੈ ਅਰ ਏਹੀ ਮਾਇਆ ਕੋ ਜਾਣਤਾ ਹੈ ਅਰ ਏਹੀ ਪਰਮੇਸਰ ਕੋ ਜਾਣਤਾ ਹੈ ਤਉ ਚੈਤੰਨ ਹੂਆ ਪੁਨਾ ਛਡੀਓਂ ਅੰਮ੍ਰਿਤੋਂ ਕਰ ਭਾਜਨੋ ਕਉ ਅਨੰਦ ਨਹੀਂ ਪਰ ਏਹੀ ਖਾਵਤਾ ਹੈ ਤੋ ਇਸਕੋ ਆਨੰਦ ਹੋਤਾ ਹੈ ਅਰ ਨਾਨਾ ਪ੍ਰਕਾਰ ਕੇ ਬਸਤ੍ਰੋ ਕਰ ਤੋ ਬੁਚਕੇ ਕੋ ਅਨੰਦ ਨਹੀਂ ਪਰ ਇਹੀ ਪਹਰਤਾ ਹੈ ਤੋ ਇਸਕੋ ਆਨੰਦ ਹੋਤਾ ਹੈ ॥ ਅਰ ਨਾਨਾ ਵੇਦੋਂ ਅਰ ਸਾਸਤ੍ਰੋ ਅਰ ਗ੍ਰੰਥੋਂ ਕਰ ਕਾਗਤੋਂ ਕੋ ਤੇ ਅਨੰਦ ਨਹੀਂ ਪਰ ਏਹੀ ਪੜਤਾ ਸੁਣਤਾ ਹੈ ਤੋ ਇਸਕੋ ਅਨੰਦ ਹੋਤਾ ਹੈ ॥ ਜੈਸੇ ਕੋਈ ਪੁਰਖ ਕਿਸੀ ਨੇ ਰਾਜ ਕਰਤਾ ਦੇਖਾ ਅਰ ਸੋਈ ਫਿਰ ਤੀਰਥੋਂ ਪਰ ਅਤੀਤ ਹੂਆ ਦੇਖਾ ਤਬ ਓਹ ਕਹੇ ਜਲੂਸ ਇਸਕਾ ਤਬ ਕਾ ਅਰ ਅਬ ਕਾ ਨਹੀਂ ਮਿਲਤਾ ਅਰ ਅਵਸਥਾ ਭੀ ਨਹੀਂ

ਮਿਲਤੀ ਪਰ ਸਰੀਰ ਉਹੀ ਹੈ ॥ ਤੈਸੇ ਈਸੁਰ ਕਾ ਵਾਚ ਛੇ ਗੁਣ ਸੰਪੰਨ ਹੈ ਜੋ (ਧਰਮ, ਜਸ, ਗਯਾਨ, ਵੈਰਾਗ, ਸ੍ਰਿਆ ਸਮਤਾ ॥) ਅਰ ਜੀਵ ਕਾ ਵਾਚ ਖਟ ਵਿਕਾਰ ਸੰਜੁਗਤ ਹੈ ॥ (ਜੋ ਜਨਮ ਮਰਣ ਛੁਧਾ ਪਿਪਾਸਾ ਹਰਖ ਸੋਗ ॥) ਅਰ ਗੁਰ ਲਖ ਕੀ ਏਕਤਾ ਕਰਤੇ ਹੈਂ ਕਿ ਜਨਮ ਮਰਨ ਦੇਹ ਕਾ ਧਰਮ ਹੈ ਅਰ ਛੁਧਾ ਪਿਪਾਸਾ ਪ੍ਰਾਣਾ ਕਾ ਧਰਮ ਹੈ ਅਰ ਹਰਖ ਸੋਗ ਮਨ ਕਾ ਧਰਮ ਹੈ ਤਾਂਤੇ ਜੀਵ ਸਰਬ ਕਾ ਸਾਖੀ ਹੈ ਅਨੰਦ ਰੂਪ ਹੈ ਅਰ ਲਖ ਜੀਅ ਕਾ ਅਰ ਈਸੁਰ ਕਾ ਏਕ ਹੀ ਹੈ ਸੋ ਇਸ ਵਾਸਤੇ ਜੋ ਜਾਣਤਾ ਹੈ ਸੋਈ ਜੀਵਨ ਮੁਕਤ ਹੋਤਾ ਹੈ ॥ ਤਾਂ ਪੀਰ ਕਹਾ ਜਗਤ ਸਚ ਹੈ ਕਿ ਕੂੜ ਤਾਂ ਬਾਬੇ ਕਹਯਾ ॥ ਸਲੋਕ ਮਹਲਾ ੧ ॥

ਸਚੇ ਤੇਰੇ ਖੰਡ ਸਚੇ ਬ੍ਰਹਮੰਡ ॥ ਸਚੇ ਤੇਰੇ ਲੋਅ ਸਚੇ ਆਕਾਰ॥ਸਚੇ ਤੇਰੇ ਕਰਣੇ ਸਰਬ ਬੀਚਾਰ ॥ ਸਚਾ ਤੇਰਾ ਅਮਰੁ ਸਚਾ ਦੀਬਾਣੁ ॥ ਸਚਾ ਤੇਰਾ ਹੁਕਮੁ ਸਚਾ ਫੁਰਮਾਣੁ ॥ ਸਚਾ ਤੇਰਾ ਕਰਮੁ ਸਚਾ ਨੀਸਾਣੁ ॥ ਸਚੇ ਤੁਧੁ ਆਖਹਿ ਲਖ ਕਰੋੜਿ ॥ ਸਚੈ ਸਭਿ ਤਾਣਿ ਸਚੈ ਸਭਿ ਜੋਰਿ ॥ ਸਚੀ ਤੇਰੀ ਸਿਫਤਿ ਸਚੀ ਸਾਲਾਹ ॥ ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ ॥ ਨਾਨਕ ਸਚੁ ਧਿਆਇਨਿ ਸਚੁ ॥ ਜੋ ਮਰਿ ਜੰਮੇ ਸੁ ਕਚੁ ਨਿਕਚੁ ॥੧॥ ਮ: ੧ ॥ ਵਡੀ ਵਡਿਆਈ ਜਾ ਵਡਾ ਨਾਉ ॥ ਵਡੀ ਵਡਿਆਈ ਜਾ ਸਚੁ ਨਿਆਉ ॥ ਵਡੀ ਵਡਿਆਈ ਜਾ ਨਿਹਚਲ ਥਾਉ ॥ ਵਡੀ ਵਡਿਆਈ ਜਾਣੈ ਆਲਾਉ ॥ ਵਡੀ ਵਡਿਆਈ ਬੁਝੈ ਸਭਿ ਭਾਉ ॥ ਵਡੀ ਵਡਿਆਈ ਜਾ ਪੁਛਿ ਨ ਦਾਤਿ ॥ ਵਡੀ ਵਡਿਆਈ ਜਾ ਆਪੇ ਆਪਿ ॥ ਨਾਨਕ ਕਾਰ ਨ ਕਥਨੀ ਜਾਇ ॥ ਕੀਤਾ ਕਰਣਾ ਸਰਬ ਰਜਾਇ ॥੨॥ ਮਹਲਾ ੨ ॥ ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ ॥ ਇਕਨ੍ਹਾ ਹੁਕਮਿ ਸਮਾਇ ਲਏ ਇਕਨ੍ਹਾ ਹੁਕਮੇ ਕਰੇ ਵਿਣਾਸੁ ॥ ਇਕਨ੍ਹਾ ਭਾਣੈ ਕਢਿ ਲਏ ਇਕਨ੍ਹਾ ਮਾਇਆ ਵਿਚਿ ਨਿਵਾਸੁ ॥ ਏਵ ਭਿ ਆਖਿ ਨ ਜਾਪਈ ਜਿ ਕਿਸੈ ਆਣੇ ਰਾਸਿ ॥ ਨਾਨਕ ਗੁਰਮੁਖਿ ਜਾਣੀਐ ਜਾਕਉ ਆਪਿ ਕਰੇ ਪਰਗਾਸੁ ॥੩॥ ਪਉੜੀ ॥ ਨਾਨਕ ਜੀਅ ਉਪਾਇਕੈ ਲਿਖਿ ਨਾਵੈ ਧਰਮੁ ਬਹਾਲਿਆ ॥ ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ ॥ ਥਾਉ ਨ ਪਾਇਨਿ ਕੂੜਿਆਰ ਮੁਹ ਕਾਲ੍ਹੈ ਦੋਜਕਿ ਚਾਲਿਆ ॥ ਤੇਰੈ ਨਾਇ ਰਤੇ ਸੇ ਜਿਣਿ ਗਏ ਹਾਰਿ ਗਏ ਸਿ ਠਗਣ ਵਾਲਿਆ ॥ ਲਿਖਿ ਨਾਵੈ ਧਰਮੁ ਬਹਾਲਿਆ ॥੨॥

ਤਾਂ ਬਾਬਾ ਜੀ ਕਹਿਆ ਜੇ ਜਗਤ ਕਾ ਵਾਚ ਪੁਛਦੇ ਹੋ ਤਾਂ ਤ੍ਰੈਕਾਲ ਹੋਇਆ ਹੀ

ਨਹੀਂ ਅਰ ਜੈਸੇ ਗੰਧ੍ਰਬ ਨਗਰ ਮਿਥਿਆ ਹੈ ਤੈਸੇ ਜਗਤ ਮਿਥਿਆ ਹੈ ਅਰ ਜਗਤ ਕਾਲਖ ਸਤ ਹੀ ਹੈ ਜੋ ਬ੍ਰਹਮ ਕੇ ਪ੍ਰਕਾਸ ਕਰ ਪ੍ਰਕਾਸਤਾ ਹੈ ਤਾਂਤੇ ਨਵ ਖੰਡ ਭੀ ਸਚ ਹੈਨ ਅਰ ਤੀਨ ਲੋਕ ਭੀ ਸਚ ਹੈਨ ਅਰ ਆਕਾਰ ਭੀ ਸਚ ਹੈ ਅਰ ਜੋ ਬੀਚਾਰ ਕੇ ਕੀਆ ਹੈ ਸੋ ਭੀ ਸਚ ਹੈ ਅਰ ਜੋ ਕਿਛ ਹੁਕਮ ਭਜਨ ਕਾ ਜਗਤ ਕੌ ਕੀਆ ਹੈ ਸੋ ਭੀ ਸਚ ਹੈ ਅਰ ਜੋ ਦੀਬਾਨ ਕਿਆ ਸਾਧ ਸੰਗਤ ਹੈ ਸੋ ਭੀ ਸਤ ਹੈ ਅਰ ਜੋ ਆਪਣੇ ਫੁਰਮਾਣ ਰੂਪੀ ਬਾਣੀ ਵਿਚ ਹੁਕਮ ਕੀਆ ਸੋ ਭੀ ਸਚ ਅਰ ਨਾਮ ਰੂਪੀ ਨੀਸਾਨ ਭੀ ਸਚ ਅਰ ਜੇਤੇ ਜੀਅ ਮਹਾਰਾਜ ਕੋ ਸਤ ਜਾਣਤੇ ਹੈਂ ਸੋ ਭੀ ਸਤਿ ਹੈਂ ਅਰ ਉਨਕਾ ਤਾਨ ਜੋਰ ਭੀ ਸਤ ਹੈ ਅਰ ਉਸਕੀ ਸਿਫਤ ਕਰਨੀ ਭੀ ਸਤ ਹੈ ਅਰ ਸਲਾਹ ਭੀ ਸਤ ਹੈ ਅਰ ਉਸਕੀ ਕੁਦਰਤ ਭੀ ਸਚੀ ਹੈ ਅਰ ਪਾਤਸਾਹ ਭੀ ਸਚਾ ਹੈ। ਸੋ ਗੁਰੂ ਨਾਨਕ ਜੀ ਕਹਿੰਦੇ ਹੈਨ ਕਿ ਓਹ ਆਪ ਭੀ ਸਤ ਹੈ ਅਰ ਜੋ ਉਸਕੋ ਧਿਆਂਵਦੇ ਸੋ ਭੀ ਸਤ ਹੈਨ ਪਰ ਦੇਹ ਅਭਿਮਾਨੀ ਜੀਵ ਜਨਮਤੇ ਮਰਤੇ ਹੈਨ ਸੋ ਕਚੇ ਹੈਨ ਅਰ ਕਚਿਆ ਸੇ ਭੀ ਕਚੇ ਹੈਨ ॥੧॥ ਵਡੀ ਉਸਕੀ ਵਡਿਆਈ ਹੈ ਜੋ ਵਡਾ ਨਾਉਂ ਜੀਆ ਕੋ ਦਿਤਾ ਹੈ ਅਰ ਵਡੀ ਉਸਦੀ ਵਡਿਆਈ ਹੈ ਸੋ ਸਚਾ ਨਿਆਉ ਕਰਦਾਹੈ ਵਡੀ ਉਸਕੀ ਵਡਿਆਈ ਹੈ ਜੋ ਨਿਹਚਲ ਉਸਕਾ ਥਾਨ ਹੈ ਅਰ ਵਡੀ ਉਸਦੀ ਵਡਿਆਈ ਹੈ ਜੋ ਸਭਣਾਂ ਦੀ ਬੋਲੀ ਜਾਣਦਾ ਹੈ ਅਰ ਵਡੀ ਉਸਕੀ ਵਡਿਆਈ ਹੈ ਜੋ ਸਭਣਾਂ ਕਾ ਭਾਉ ਰਖਦਾ ਹੈ ਅਰ ਵਡੀ ਉਸਕੀ ਵਡਿਆਈ ਹੈ ਜੋ ਪੁਛ ਕੇ ਦਾਤ ਨਹੀਂ ਕਰਦਾ ਅਰ ਵਡੀ ਉਸ ਕੀ ਵਡਿਆਈ ਹੈ ਜੋ ਸਭਸ ਕਾ ਆਪਣਾ ਆਪ ਹੈ। ਗੁਰੂ ਨਾਨਕ ਜੀ ਕਹਿੰਦੇ ਹੈਨ ਕਿ ਉਸ ਕੀ ਕਾਰ ਕਥੀ ਨਹੀਂ ਜਾਂਦੀ ਅਰ ਜੋ ਕੁਛ ਕੀਤਾ ਹੈਸ ਅਰ ਕਰਨਾ ਹੈਸ ਸੋ ਸਭ ਕੁਛ ਉਸਦੀ ਰਜਾਇ ਮੈ ਹੈ ॥੨॥ ਭਾਈ ਜੀ ਕਹੈਂ ਕਿ ਸਾਹਿਬ ਦੂਸਰੀ ਪਾਤਸਾਹੀ ਕਾ ਏਹ ਕਥਨ ਹੈ ਕਿ ਏਹ ਜਗ ਜੋ ਹੈ ਸਚੇ ਕੀ ਕੋਠੜੀ ਹੈ ਅਰ ਸਚੇ ਹੀ ਕਾ ਇਸ ਜਗ ਮੈ ਨਿਵਾਸ ਹੈ ॥ ਜੈਸੇ ਈਸੂਰ ਕਾ ਜਗਤ ਮਹਿ ਨਿਵਾਸ ਹੈ ਤੈਸੇ ਜੀਵ ਕਾ ਦੇਹ ਮਹਿ ਨਿਵਾਸ ਹੈ ਪਰ ਜਿਸਕੋ ਆਪਣਾ ਹੁਕਮ ਮਨਾਵਦਾ ਹੈ ਤਾਂ ਸਤਿਗੁਰਾਂ ਦੀ ਸਰਨ ਅਰ ਉਸ ਕੋ ਗਿਆਨ ਦੇ ਕਰ ਆਪਿ ਮੈ ਮਿਲਾਇ ਲੈਂਦਾ ਹੈ ਅਰ ਜਿਸਕੋ ਕੁਸੰਗ ਦੇਤਾ ਹੈ ਸੋ ਹੁਕਮ ਨਹੀਂ ਮੰਨਤੇ ॥

ਅਰ ਸੋਈ ਜਨਮ ਮਰਨ ਮੈ ਭਰਮ ਤੇਫਿਰਤੇ ਹੈਂ ਅਰ ਇਕਨਾਂ ਕੋ ਮਾਇਆ ਮੈ ਡਾਲਿਆ ਹੈ ਅਰ ਇਕਨਾਂ ਕੋ ਮਾਇਆ ਤੋਂ ਨਿਰਲੇਪ ਰਖਤਾ ਹੈ ਅਰ ਇਉਂ ਭੀ ਨਹੀਂ ਆਖ ਸਕੀਦਾ ਜੋ ਕਿਸੇ ਨੂੰ ਮਾਇਆ ਮੈਂ ਭੀ ਗਿਆਨ ਦੇਕੇ ਉਧਾਰ ਕਰ ਦੇਵੇ ਸਾਹਿਬ ਬਚਨ ਕਰੇ ਹੈਂ ਕਿ ਗੁਰਮੁਖ ਸੋਈ ਹੈਂ ਜਿਨ ਕੋ ਗਿਆਨ ਦੇ ਕੇ ਪ੍ਰਕਾਸ

ਕਰਤਾ ਹੈ ॥ ੩ ॥ ਪਉੜੀ ਕਹਤੀ ਹੈ ਕਿ ਜਬ ਮਹਾਰਾਜ ਨੇ ਜੀਅ ਜੰਤ ਉਤਪਤਿ ਕੀਏ ਹੈਂ ਅਰ ਉਨ ਕੇ ਨਾਵੇਂ ਲਿਖ ਕੇ ਧਰਮਰਾਇ ਕੋ ਪੁੰਨ ਪਾਪ ਕੇ ਨਿਆਇ ਕਰਨ ਤੇ ਬੈਠਾਇਆ ਹੈ ਤਬ ਕਾ ਧਰਮਰਾਇ ਸਚੁ ਨਿਆਇ ਕਰਤਾ ਹੈ ਅਰ ਨਿੰਦਕਹੁ ਕੋ ਵਖਰਾ ਕਰਕੇ ਨਰਕਮੋਂ ਡਾਲ ਦੇਤਾ ਹੈ ਅਰ ਜੌਨਸੇ ਪ੍ਰਮੇਸੁਰ ਕੇ ਨਾਮ ਸੇ ਰਤੇ ਹੈਂ ਸੋ ਮਨੁਖਾ ਜਨਮ ਜਿਣ ਜਾਤੇ ਹੈਂ ਅਰ ਜੋ ਨਹੀਂ ਰਾਤੇ ਸੋ ਹਾਰ ਜਾਤੇ ਹੈਂ ਸੋ ਧਰਮਰਾਇ ਕੋ ਲੇਖੇ ਪਰ ਬਹਾਲਿਆ ਹੈ ॥ ੨ ॥

ਸਲੋਕ ਮ: ੧ ॥ ਵਿਸਮਾਦੁ ਨਾਦ ਵਿਸਮਾਦੁ ਵੇਦ ॥ ਵਿਸਮਾਦੁ ਜੀਅ ਵਿਸਮਾਦੁ ਭੇਦ ॥ ਵਿਸਮਾਦੁ ਰੂਪ ਵਿਸਮਾਦੁ ਰੰਗ ॥ ਵਿਸਮਾਦੁ ਨਾਗੇ ਫਿਰਹਿ ਜੰਤ ॥ ਵਿਸਮਾਦੁ ਪਉਣ ਵਿਸਮਾਦੁ ਪਾਣੀ ॥ ਵਿਸਮਾਦੁ ਅਗਨੀ ਖੇਡਹਿ ਵਿਡਾਣੀ ॥ ਵਿਸਮਾਦੁ ਧਰਤੀ ਵਿਸਮਾਦੁ ਖਾਣੀ ॥ ਵਿਸਮਾਦੁ ਸਾਦਿ ਲਗਹਿ ਪਰਾਣੀ ॥ ਵਿਸਮਾਦੁ ਸੰਜੋਗੁ ਵਿਸਮਾਦੁ ਵਿਜੋਗੁ ॥ ਵਿਸਮਾਦੁ ਭੁਖ ਵਿਸਮਾਦੁ ਭੋਗੁ ॥ ਵਿਸਮਾਦੁ ਸਿਫਤਿ ਵਿਸਮਾਦੁ ਸਾਲਾਹ ॥ ਵਿਸਮਾਦੁ ਉਝੜ ਵਿਸਮਾਦੁ ਰਾਹ ॥ ਵਿਸਮਾਦੁ ਨੇੜੈ ਵਿਸਮਾਦੁ ਦੂਰਿ ॥ ਵਿਸਮਾਦੁ ਦੇਖੈ ਹਾਜਰਾ ਹਜੂਰਿ ॥ ਵੇਖਿ ਵਿਡਾਣੁ ਰਹਿਆ ਵਿਸਮਾਦੁ ॥ ਨਾਨਕ ਬੁਝਣੁ ਪੂਰੈ ਭਾਗਿ ॥ ੧ ॥ ਮ: ੧ ॥ ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖਸਾਰੁ ॥ ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ ॥ ਕੁਦਰਤਿ ਵੇਦ ਪੁਰਾਣ ਕਤੇਬਾ ਕੁਦਰਤਿ ਸਰਬ ਵੀਚਾਰੁ ॥ ਕੁਦਰਤਿ ਖਾਣਾ ਪੀਣਾ ਪੈਨ੍ਣੁ ਕੁਦਰਤਿ ਸਰਬ ਪਿਆਰੁ ॥ ਕੁਦਰਤਿ ਜਾਤੀ ਜਿਨਸੀ ਰੰਗੀ ਕੁਦਰਤਿ ਜੀਅ ਜਹਾਨ ਕੁਦਰਤਿ ਨੇਕੀਆ ਕੁਦਰਤਿ ਬਦੀਆ ਕੁਦਰਤਿ ਮਾਨ ਅਭਿਮਾਨੁ ॥ ਕੁਦਰਤਿ ਪਉਣੁ ਪਾਣੀ ਬੈਸੰਤਰੁ ਕੁਦਰਤਿ ਧਰਤੀ ਖਾਕੁ ॥ ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ ॥ ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ ॥ ੨ ॥ ਪਉੜੀ ॥ ਆਪੀਨੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ ॥ ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ ॥ ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ ॥ ਥਾਉ ਨ ਹੋਵੀ ਪਉਦੀਈ ਹੁਣਿ ਸੁਣੀਐ ਕਿਆ ਰੂਆਇਆ ॥ ਮਨਿ ਅੰਧੈ ਜਨਮੁ ਗਵਾਇਆ ॥ ੩ ॥

ਸਾਹਿਬ ਬਚਨ ਕਰੈਂ ਕਿ ਮਹਾਰਾਜ ਨੇ ਮਾਇਆ ਕੋ ਧਾਰਕੈ ਨਾਦ ਜੋ ਓਅੰਕਾਰ ਕੀ ਧੁਨਿ ਹੈ ਅਰ ਉਸਤੇ ਜੋ ਚਾਰੇ ਵੇਦ ਹੂਏ ਹੈਂ ਸੋ ਬਡਾ ਅਸਚਰਜ ਹੈ ਕਿ ਉਸਤੇ

ਹੀ ਜੀਵ ਹੂਏ ਹੈਂ ਅਰ ਉਸ ਹੀ ਤੇ ਜੀਵ ਈਸੁਰ ਕਾ ਭੇਦ ਹੂਆ ਹੈ ਸੋ ਜਿਸ ਨੇ ਓਅੰਕਾਰ ਕੋ ਪਛਾਤਾ ਹੈ ਸੋ ਈਸੁਰ ਹੂਆ ਹੈ ਅਰ ਜਿਸਨੇ ਨਹੀਂ ਪਛਾਤਾ ਸੋ ਜੀਵ ਹੂਆ ਹੈ ਅਰ ਉਸਤੇ ਹੀ ਰੂਪ ਰੰਗ ਹੂਏ ਹੈਂ ਅਰ ਉਸ ਹੀ ਕੇ ਹੀ ਪਛਾਣਨੇ ਵਾਸਤੇ ਨਾਗੇ ਹੂਏ ਹੈਂ ਅਰ ਉਸ ਤੇ ਹੀ ਜੀਵ ਅਰ ਪਉਣ ਅਰ ਪਾਣੀ ਅਰ ਅਗਨਿ ਹੂਏ ਹਨ ਅਰ ਉਸਤੇ ਹੀ ਧਰਤੀ ਅਰ ਖਾਣੀਆਂ ਹੂਏ ਹੈਂ ਪਰ ਉਸ ਤੋਂ ਜੋ ਭੁਲਤੇ ਹੈਂ ਸੋ ਨਾਨਾ ਸੁਾਦਾ ਕੇ ਲਗ ਪੜਤੇ ਹੈਂ ਅਰ ਜਿਸ ਨੇ ਓਅੰਕਾਰ ਕੋ ਜਪਿਆ ਹੈ ਉਸਕਾ ਮਹਾਰਾਜ ਸਾਥ ਸੰਜੋਗ ਹੂਆ ਹੈ ਅਰ ਜਿਸਨੇ ਨਹੀਂ ਜਪਿਆ ਤਿਸ ਸਾਥ ਵਿਜੋਗ ਹੂਆ ਹੈ ਅਰ ਉਸ ਕੇ ਭੁਲਿਆਂ ਦੁਖ ਅਰ ਰੋਗ ਹੋਤੇ ਹੈਂ ਅਰ ਉਸਦੀ ਸਿਫਤ ਅਰ ਸਲਾਹ ਕਰਨ ਵਾਲੇ ਮਹਾਰਾਜ ਦੀ ਭਗਤ ਕਉ ਪ੍ਰਾਪਤ ਹੋਤੇ ਹੈਂ ਅਰ ਉਸ ਤੋਂ ਭੁਲੇ ਹੋਏ ਉਝੜ ਕੋ ਪੈਤੇ ਹੈਂ ਅਰ ਉਸ ਕੇ ਪਛਾਣਨੇ ਵਾਲੇ ਸਤਸੰਗ ਰੂਪੀ ਰਾਹ ਕਉ ਪ੍ਰਾਪਤ ਹੋਤੇ ਹੈਂ ਅਰ ਜਿਸਨੇ ਓਅੰਕਾਰ ਕੋ ਪਛਾਤਾ ਹੈ ਤਿਸ ਕਉ ਮਹਾਰਾਜ ਨੇੜੇ ਹੈ ਅਰ ਜਿਨ ਨਹੀਂ ਪਛਾਤਾ ਉਸ ਕਉ ਦੂਰ ਹੈ ਅਰ ਜਿਨਾਂ ਨੇ ਓਅੰਕਾਰ ਕਾ ਤਾਤਪਰਜ ਸਮਝਿਆ ਹੈ ਸੋ ਹਾਜਰ ਹਜੂਰ ਵੇਖਤੇ ਹੈਂ ਅਰ ਵੇਖਕੇ ਅਸਚਰਜ ਕੋ ਮੈ ਵਿਸਮਾਦ ਹੋਇ ਰਹਿਆ ਹੋਂ ਅਰ ਜਿਨ ਕੇ ਪੂਰਣ ਭਾਗ ਹੈਂ ਸੋ ਬੂਝਤੇ ਹੈਂ ਕਿ ਜੋ ਦ੍ਰਿਸਟ ਆਵਤਾ ਹੈ ਸੋ ਮਾਇਆ ਹੈ ਅਤੇ ਮਹਾਰਾਜ ਦ੍ਰਿਸਟਾ ਹੈ॥ ੧ ॥ ਕੁਦਰਤ ਹੀ ਦਿਸਦੀ ਹੈ ਅਰ ਕੁਦਰਤ ਹੀ ਸੁਣੀਦੀ ਹੈ ਅਰ ਕੁਦਰਤ ਹੀ ਕਰਕੇ ਸੁਖ ਰੂਪੀ ਸਾਧ ਸੰਗਤ ਹੈ ਅਰ ਕੁਦਰਤ ਹੀ ਕਰਕੇ ਦੁਖ ਰੂਪੀ ਸੰਸਾਰ ਭਉਜਲ ਹੈ ਅਰ ਮਾਇਆ ਕਰਕੇ ਹੀ ਪਤਾਲ ਅਰ ਅਕਾਸ ਅਰ ਸਰਬ ਸਰੀਰ ਰਚੇ ਹੈਂ ਅਰ ਮਾਇਆ ਹੀ ਕਰਕੇ ਵੇਦ ਅਰ ਪੁਰਾਨ ਅਰ ਕਤੇਬ ਸਰਬ ਵੀਚਾਰ ਰਹੇ ਹਨ ਅਰ ਮਾਇਆ ਹੀ ਕਰਕੇ ਖਾਣਾ ਅਰ ਪੀਣਾ ਅਰ ਪੈਨਣਾ ਸਰਬ ਪਿਆਰ ਰਚੇ ਹੈਂ ਅਰ ਮਾਇਆ ਹੀ ਕਰਕੇ ਨੇਕੀਆਂ ਅਰ ਬਦੀਆਂ ਅਰ ਮਾਨ ਅਭਿਮਾਨ ਰਚੇ ਹੈਂ॥

ਅਰ ਮਾਇਆ ਹੀ ਕਰਕੇ ਪਉਣ ਅਰ ਪਾਣੀ ਅਰ ਬੈਸੰਤਰ ਅਰ ਧਰਤੀ ਖਾਕ ਰਚੇ ਹੈਂ ਸੋ ਸਭ ਮਹਾਰਾਜਾ ਕੀ ਮਾਇਆ ਹੈ ਅਤੇ ਮਹਾਰਾਜ ਸੂਤ੍ਰਧਾਰ ਹੈ ਅਰ ਤਿਸਦਾ ਨਾਉਂ ਭੀ ਪਵਿੱਤਰ ਹੈ ਅਰ ਆਪ ਭੀ ਪਵਿੱਤਰ ਹੈ ਗੁਰੂ ਨਾਨਕ ਕਹਤੇ ਹੈਂ ਕਿ ਆਪਨੇ ਹੁਕਮ ਮੰਨਣ ਵਾਲਿਓਂ ਕੇ ਤਾਈਂ ਦੇਖਤਾ ਹੈ ਅਰ ਏਕਹੀ ਸਭ ਮਹਿ ਵਰਤਤਾ ਹੈ॥ ਪਉੜੀ ਕਹਤੀ ਹੈ ਕਿ ਜਬ ਇਸ ਜੀਵ ਦਾ ਅਤੇ ਦੇਹਦਾ ਸੰਜੋਗ ਹੋਤਾ ਹੈ ਤੋ ਪਿਛਲੇ ਪਾਪੋਂ ਅਰ ਪੁੰਨੋ ਦੇ ਸੁਖ ਦੁਖ ਭੋਗਤਾ ਹੈ ਅਰ ਆਗੇ ਪਾਪ ਪੁੰਨ ਬੀਜਦਾ ਹੈ ਅਤੇ ਸਰੀਰ ਭਸਮ ਹੋ ਜਾਤਾ ਹੈ ਅਰ ਲਿੰਗ ਸਰੀਰ ਧਰਮਰਾਇ ਕਉ ਚਲਾ ਜਾਤਾ ਹੈ ਅਰ ਊਹਾਂ ਇਸਦੇ

ਕਰਮਾਂ ਦਾ ਸਰੀਰ ਬਹੁੜੋ ਬਣਾਵਤੇ ਹੈਂ ਸੋ ਜੇ ਬਡਾ ਮਾਇਆ ਕੇ ਧੰਧਿਆਂ ਵਾਲਾ ਹੋਤਾ ਹੈ ਤਾਂ ਗਲ ਮਹਿ ਸੰਗਲ ਪਾਇਕੈ ਦੂਤ ਗਣ ਲੈ ਜਾਤੇ ਹੈਂ ਅਰ ਅਗੇ ਇਸਕੇ ਕਰਮਾਂ ਕਾ ਲੇਖਾ ਸਮਝਾਵਤੇ ਹੈਂ ॥ ਅਰ ਜੇ ਪਾਪ ਕੀਏ ਹੋਤੇ ਹੈਂ ਤਾਂ ਇਸ ਕੋ ਮਾਰੀਦਿਆਂ ਥਾਉਂ ਨਹੀਂ ਲਭਦੀ ਅਰ ਇਨ ਕੀ ਪੁਕਾਰ ਕੋਈ ਗੁਰੂ ਪੀਰ ਭੀ ਸੁਣਤਾ ਨਹੀਂ ਸੋ ਗੁਰੂ ਪੀਰ ਕਹਤੇ ਹੈਂ ਕਿ ਤੁਸਾਂ ਕਹਿਆ ਹਮਾਰਾ ਨਹੀਂ ਮੰਨਿਆ ਸੋ ਹੁਣ ਤੁਸੀਂ ਆਪਣੇ ਕਰਮਾਂ ਦੇ ਫਲ ਭੋਗਹੁ ॥ ਕਯੋਂਕਿ ਸਭ ਕੋਈ ਭਉ ਭਗਵਾਨ ਦਾ ਕਰਦਾ ਹੈ ਅਤੇ ਤੁਸਾਂ ਭਉ ਨਹੀਂ ਕੀਤਾ ਤਾਂਤੇ ਤੁਸੀਂ ਆਪਣੇ ਕਰਮਾਂ ਦਾ ਫਲ ਭੋਗਹੁ ਤਾਂ ਪੀਰ ਕਹਯਾ ਕਉਣ ਕਉਣ ਪ੍ਰਮੇਸੁਰ ਦਾ ਭਉ ਕਰਦੇ ਹਨ ॥ ੩ ॥

ਸਲੋਕ ਮ: ੧ ॥ ਭੈ ਵਿਚਿ ਪਵਣੁ ਵਹੈ ਸਦ ਵਾਉ ॥ ਭੈ ਵਿਚਿ ਚਲਹਿ ਲਖ ਦਰੀਆਉ ॥ ਭੈ ਵਿਚਿ ਅਗਨਿ ਕਢੈ ਵੇਗਾਰਿ ॥ ਭੈ ਵਿਚਿ ਧਰਤੀ ਦਬੀ ਭਾਰਿ ॥ ਭੈ ਵਿਚਿ ਇੰਦੁ ਫਿਰੈ ਸਿਰ ਭਾਰਿ ॥ ਭੈ ਵਿਚਿ ਰਾਜਾ ਧਰਮ ਦੁਆਰੁ ॥ ਭੈ ਵਿਚਿ ਸੂਰਜ ਭੈ ਵਿਚਿ ਚੰਦੁ ॥ ਕੋਹ ਕਰੋੜੀ ਚਲਤ ਨ ਅੰਤੁ ॥ ਭੈ ਵਿਚਿ ਸਿਧ ਬੁਧ ਸੁਰ ਨਾਥ ॥ ਭੈ ਵਿਚਿ ਆਡਾਣੇ ਆਕਾਸ ॥ ਭੈ ਵਿਚਿ ਜੋਧ ਮਹਾਬਲ ਸੂਰ ॥ ਭੈ ਵਿਚਿ ਆਵਹਿ ਜਾਵਹਿ ਪੂਰ ॥ ਸਗਲਿਆ ਭਉ ਲਿਖਿਆ ਸਿਰਿ ਲੇਖੁ ॥ ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ ॥ ੧ ॥ ਮ: ੧ ॥ ਨਾਨਕ ਨਿਰਭਉ ਨਿਰੰਕਾਰੁ ਹੋਰਿ ਕੇਤੇ ਰਾਮ ਰਵਾਲ ॥ ਕੇਤੀਆ ਕੰਨ੍ਹ ਕਹਾਣੀਆ ਕੇਤੇ ਬੇਦ ਬੀਚਾਰ ॥ ਕੇਤੇ ਨਚਹਿ ਮੰਗਤੇ ਗਿੜਿ ਮੁੜਿ ਪੂਰਹਿ ਤਾਲ ॥ ਬਾਜਾਰੀ ਬਾਜਾਰ ਮਹਿ ਆਇ ਕਢਹਿ ਬਾਜਾਰ ॥ ਗਾਵਹਿ ਰਾਜੇ ਰਾਣੀਆ ਬੋਲਹਿ ਆਲ ਪਤਾਲ ॥ ਲਖ ਟਕਿਆ ਕੇ ਮੁੰਦੜੇ ਲਖ ਟਕਿਆ ਕੇ ਹਾਰ ॥ ਜਿਤੁ ਤਨਿ ਪਾਈਅਹਿ ਨਾਨਕਾ ਸੇ ਤਨ ਹੋਵਹਿ ਛਾਰ ॥ ਗਿਆਨੁ ਨ ਗਲੀਈ ਢੂਢੀਐ ਕਥਨਾ ਕਰੜਾ ਸਾਰੁ ॥ ਕਰਮਿ ਮਿਲੈ ਤਾ ਪਾਈਐ ਹੋਰ ਹਿਕਮਤਿ ਹੁਕਮੁ ਖੁਆਰੁ ॥ ੨ ॥ ਪਉੜੀ ॥ ਨਦਰਿ ਕਰਹਿ ਜੇ ਆਪਣੀ ਤਾ ਨਦਰੀ ਸਤਿਗੁਰੁ ਪਾਇਆ ॥ ਏਹੁ ਜੀਉ ਬਹੁਤੇ ਜਨਮ ਭਰੰਮਿਆ ਤਾ ਸਤਿਗੁਰਿ ਸਬਦੁ ਸੁਣਾਇਆ ॥ ਸਤਿਗੁਰ ਜੇਵਡੁ ਦਾਤਾ ਕੋ ਨਹੀ ਸਭਿ ਸੁਣਿਅਹੁ ਲੋਕ ਸਬਾਇਆ ॥ ਸਤਿਗੁਰਿ ਮਿਲਿਐ ਸਚੁ ਪਾਇਆ ਜਿਨੀ ਵਿਚਹੁ ਆਪੁ ਗਵਾਇਆ ॥ ਜਿਨਿ ਸਚੋ ਸਚੁ ਬੁਝਾਇਆ ॥ ੪ ॥

ਤਾਂ ਬਾਬੇ ਜੀ ਕਹਿਆ ਉਨਵੰਜਾ ਪੌਣ ਜੋ ਹੈਨ ਸੋ ਏਕ ਹੀ ਪਰਲੈ ਕੀ ਪੌਣ ਸਭ ਪਰਬਤਹੁ ਕਉ ਉਡਾਇ ਲੈ ਜਾਵੇਗੀ ਸੋ ਭੀ ਮਹਾਰਾਜ ਦੇ ਭੈ ਵਿਚ ਚਲਦੇ ਹਨ

ਅਰ ਏਕ ਏਕ ਦਰੀਅਉ ਜਬ ਉਛਲਤਾ ਹੈ ਸੋ ਪਿੰਡਹੁ ਕੇ ਡੋਬਣੇ ਕਉ ਸਾਮਰਥ ਹੋਤਾ ਹੈ ਅਰ ਚਾਰ ਜੋਜਨ ਸਮੁੰਦ੍ਰ ਪ੍ਰਿਥਵੀ ਸੇ ਉਚਾ ਹੈ ਅਰ ਜੇ ਚਾਹੇ ਤਾਂ ਏਕ ਲਹਰ ਸੇ ਪ੍ਰਿਥਵੀ ਕੋ ਡੁਬਾਇ ਦੇਵੈ ਪਰ ਸੋ ਭੀ ਭੈ ਵਿਚ ਚਲਤਾ ਹੈ ॥ ਅਰ ਅਗਨ ਜੋ ਹੈ ਸੋ ਜਲਾਂ ਤੇ ਦਸ ਗੁਣਾਂ ਵਧੀਕ ਹੈ ਅਰ ਜੇ ਚਾਹੇ ਤਾਂ ਜਲਾਂ ਕੋ ਪ੍ਰਿਥਵੀ ਸਮੇਤ ਸੁਕਾਇ ਲੇਵੈ ਪਰ ਮਹਾਰਾਜ ਦੇ ਭਉ ਕਰ ਕੇ ਦੀਪਕ ਰੂਪ ਹੋ ਕੇ ਪ੍ਰਕਾਸ ਕਰਤਾ ਹੈ ਅਰ ਬੈਸੰਤਰ ਹੋ ਕੇ ਸਾਰੇ ਜਗਤ ਦੇ ਘਰਾਂ ਮੋ ਪ੍ਰਸਾਦ ਪਕਾਵਦਾ ਫਿਰਦਾ ਹੈ ਅਰ ਉਜਾਲਾ ਕਰਦਾ ਫਿਰਦਾ ਹੈ ਅਰ ਭੈ ਵਿਚ ਧਰਤੀ ਸਭ ਭਾਰ ਚਾਈ ਖਲੋਤੀ ਹੈ ਅਰ ਭੈ ਵਿਚ ਬਦਲ ਸਿਰ ਪਰਨੇ ਬਰਖਾ ਕੀਏ ਫਿਰਤਾ ਹੈ ਅਰ ਰਾਜ ਧਰਮ ਜੋ ਹੈ ਸੋ ਮਹਾਰਾਜ ਦੇ ਭੈ ਵਿਚ ਧਰਮ ਨਿਆਈ ਕਰਤਾ ਹੈ ਅਰ ਸੂਰਜ ਚੰਦ੍ਰਮਾ ਉਸਦੇ ਭੈ ਵਿਚ ਭਰਮਦੇ ਫਿਰਦੇ ਹਨ ਅਰ ਠਹਰਦੇ ਨਹੀਂ ਅਰ ਭੈ ਵਿਚ ਸਿਧ ਬੁਧ ਅਰ ਸੁਰ ਨਾਥ ਕਿਸੀ ਕੋ ਵਰ ਸਰਾਪ ਨਹੀਂ ਦੇ ਸਕਦੇ ਅਰ ਅਕਾਸ ਭੀ ਭੈ ਵਿਚ ਇਸਥਿਤ ਖੜਾ ਹੈ ਅਰ ਜੋਧੇ ਮਹਾਂ ਬਲੀ ਅਰ ਸੂਰਮੇ ਜੋ ਅਰਜਨ ਅਰ ਕਰਨ ਆਦਿਕ ਅਰ ਜਿਨ ਕੇ ਪਾਸ ਕਈ ਹਸਤੀਆਂ ਕਾ ਬਲ ਸੀ ਅਰ ਅਸਤ੍ਰ ਵਿਦਜਾ ਸੰਪੰਨ ਸੇ ਸੋ ਭੀ ਵਿਚ ਸੇ ਅਰ ਚੌਰਾਸੀ ਲਖ ਜੀਅ ਜੋਨਿ ਸਭ ਭੈ ਵਿਚ ਹੈ ਅਰ ਸਭਨਾਂ ਕੇ ਅੰਦਰ ਜੋ ਪੋਲ ਹੈ ਸੋ ਸਭਨਾਂ ਕੇ ਸਿਰ ਭੈ ਕਾ ਲੇਖ ਲਿਖਿਆ ਹੈ ਪਰ ਨਿਰਭੈ ਜੋ ਹੈ ਸੋ ਇਕ ਆਪ ਨਿਰੰਕਾਰ ਹੈ ਤਾਂ ਪੀਰ ਕਹਿਆ ਕਿ ਰਾਮ ਕ੍ਰਿਸਨ ਆਦਿਕੋਂ ਕੋ ਭੀ ਵੈਰੀਆਂ ਕਾ ਭੈ ਹੂਆ ਹੈ ਤਾਂ ਬਾਬੇ ਕਹਿਆ ਜੈਸੇ ਜਲ ਸੇ ਕਈ ਤਰੰਗ ਉਪਜਤੇ ਹੈਂ ਅਰ ਪ੍ਰਿਥਵੀ ਸੇ ਕਈ ਰਵਾਲ ਕੇ ਕਿਣ ਕੇ ਉਡਤੇ ਹੈਂ ਅਰ ਫੇਰ ਸਮਾਇ ਜਾਤੇ ਹੈਂ ਤੈਸੇ ਨਿਰੰਕਾਰ ਸੇ ਕਈ ਅਵਤਾਰ ਹੋਤੇ ਹੈਂ ਅਰ ਫੇਰ ਸਮਾਇ ਜਾਤੇ ਹੈਂ ਸੋ ਤੈਸੇ ਹੀ ਰਾਮ ਕ੍ਰਿਸਨ ਆਦਿਕ ਭੀ ਕਲਪ ਕਲਪ ਮੈਂ ਅਵਤਾਰ ਹੋਤੇ ਹੈਂ ਫੇਰ ਸਮਾਇ ਜਾਤੇ ਹੈਂ ਅਰ ਕਈ ਉਨ ਕੀਆਂ ਕਹਾਣੀਆਂ ਕਰਤੇ ਹੈਂ ਅਰ ਕਈ ਵੇਦਾਂ ਕਾ ਵੀਚਾਰ ਕਰਤੇ ਹੈਂ ਸੋ ਗਿਆਨ ਕੋ ਪ੍ਰਾਪਤਿ ਹੋਤੇ ਹੈਂ ਅਰ ਕਈ ਮੰਗਤੇ ਉਨਕੇ ਸੁਆਂਗ ਕਰਕੇ ਮੰਗ ਮੰਗ ਖਾਤੇ ਹੈਂ ਔਰ ਨਿਰਤਕਾਰੀ ਕਰਤੇ ਹੈਂ ਅਰ ਤਾਲ ਪੂਰਤੇ ਹੈਂ ਅਰ ਜੈਸੇ ਬਾਜਾਰੀ ਬਾਜਾਰ ਮੈਂ ਵਿਵਹਾਰ ਕਰਕੈ ਗੁਜਰਾਨ ਕਰਤੇ ਹੈਂ ਤੈਸੇ ਓਹ ਸੁਆਗ ਧਾਰ ਕੇ ਗੁਜਰਾਨ ਕਰਤੇ ਹੈਂ ਅਰ ਲਖ ਟਕਿਆਂ ਕੇ ਭੂਖਣ ਉਨਕੇ ਹੋਤੇ ਹੈਂ ਪਰ ਜਿਸ ਤਨ ਪਰ ਪਹਿਰਤੇ ਹੈਂ ਸੋ ਤਨ ਅਨਿਤ ਹੈ ॥ ਅਰ ਜੇ ਗਿਆਨ ਕੀਆਂ ਗਲਾਂ ਕਰੀਏ ਤੇ ਕਮਾਈਏ ਨਹੀਂ ਤੋ ਗਿਆਨ ਨਹੀਂ ਹੋਤਾ ਅਰ ਗਿਆਨ ਤਬ ਹੋਤਾ ਹੈ ਜੋ ਗਿਆਨੀਆਂ ਕੇ ਕਰਮ ਕਰੀਕੇ ਅਰ ਚਤੁਰਾਈ ਅਰ ਹਿਕਮਤ ਨਾ ਸਿਖੀਏ ਤਾਂ ਗਿਆਨ ਪ੍ਰਾਪਤਿ ਹੋਤਾ ਹੈ॥੨॥

ਪਉੜੀ ਕਹਤੀ ਹੈ ਕਿ ਜੇ ਪਰਮੇਸ਼ਰ ਦੀ ਕ੍ਰਿਪਾ ਦ੍ਰਿਸਟ ਹੋਤੀ ਹੈ ਤਾਂ ਇਸਕੋ ਸਤਿਗੁਰੂ ਪ੍ਰਾਪਤਿ ਹੋਤੇ ਹੈਂ ਅਰ ਜੇ ਸਤਿਗੁਰਾਂ ਕੀ ਨਜਰਿ ਹੋਤੀ ਹੈ ਤਾਂ ਪਰਮੇਸਰ ਕੋ ਪਛਾਣਤਾ ਹੈ ਅਰ ਏਹ ਜੀਅ ਜੋ ਬਹੁਤੇ ਜਨਮ ਭਰਮਤਾ ਫਿਰਤਾ ਹੈ ਤਾਹੀਤੇ ਸਤਿਗੁਰੂ ਨੇ ਕ੍ਰਿਪਾ ਕਰਕੇ ਇਸ ਨੂੰ ਸਬਦ ਦਾ ਦਾਨ ਦਿਤਾ ਹੈ ਕਜੋਂਕਿ ਸਬਦ ਕਰਕੇ ਇਸ ਜੀਵ ਕੋ ਨਾਮ ਅਰ ਗਜਾਨ ਦੀ ਪ੍ਰਾਪਤੀ ਹੋਈ ਹੈ ਅਰ ਹੋਰ ਜੋ ਦਾਦਿ ਕਰਤੇ ਹੈਂ ਸੋ ਦਾਤ ਨਿਖੁਟ ਜਾਤੀ ਹੈ ਤਾਹੀਤੇ ਸਤਿਗੁਰਾਂ ਸਬਦ ਦਾਤ ਦਿਤੀ ਹੈ ਅਰ ਏਹ ਨਿਖੁਟ ਦੀ ਨਹੀਂ ਅਰ ਅਗੇ ਭੀ ਜਿਨ੍ਹਾਂ ਭੋਗੀ ਹੈ ਸੋ ਸਚ ਕੋ ਪ੍ਰਾਪਤਿ ਹੋਏ ਹੈਨ ॥ ਅਰ ਅਬ ਭੀ ਜੋ ਭੋਗਤੇ ਹੈਂ ਅਰ ਆਗੇ ਭੀ ਭੋਗਹਿਗੇ ਤਿਨਕੇ ਹਿਰਦੇ ਮੈਂ ਭੀ ਨਾਮ ਕਾ ਨਿਵਾਸ ਹੋਵੈਗਾ ਅਰ ਸੋਈ ਸਚ ਕਮਾਵੈਗੇ ॥ ੪ ॥ ਤਾਂ ਸੇਖ ਕਹਾ ਉਹ ਸਚੀ ਨਿਰਤਕਾਰੀ ਕੌਣ ਸੀ ਹੈ ਜਿਸ ਦੇ ਦੇਖਣ ਕਰ ਮਹਾਰਾਜ ਦੀ ਭਗਤਿ ਪ੍ਰਾਪਤਿ ਹੋਵੈ ॥

ਤਾਂ ਬਾਬੇ ਕਹਿਆ ॥ ਸਲੋਕ ਮ: ੧ ॥

ਘੜੀਆ ਸਭੇ ਗੋਪੀਆ ਪਹਰ ਕੰਨ੍ ਗੋਪਾਲ ॥ ਗਹਣੇ ਪਉਣੁ ਪਾਣੀ ਬੈਸੰਤਰੁ ਚੰਦੁ ਸੂਰਜੁ ਅਵਤਾਰ ॥ ਸਗਲੀ ਧਰਤੀ ਮਾਲੁ ਧਨੁ ਵਰਤਣਿ ਸਰਬ ਜੰਜਾਲ ॥ ਨਾਨਕ ਮੁਸੈ ਗਿਆਨ ਵਿਹੂਣੀ ਖਾਇ ਗਇਆ ਜਮਕਾਲੁ ॥੧॥ ਮ: ੧ ॥ ਵਾਇਨਿ ਚੇਲੇ ਨਚਨਿ ਗੁਰ ॥ ਪੈਰ ਹਲਾਇਨਿ ਫੇਰਨ੍ਹਿ ਸਿਰ ॥ ਉਡਿ ਉਡਿ ਰਾਵਾ ਝਾਟੈ ਪਾਇ ॥ ਵੇਖੈ ਲੋਕੁ ਹਸੈ ਘਰਿ ਜਾਇ ॥ ਰੋਟੀਆ ਕਾਰਣਿ ਪੂਰਹਿ ਤਾਲ ॥ ਆਪੁ ਪਛਾੜਹਿ ਧਰਤੀ ਨਾਲਿ ॥ ਗਾਵਨਿ ਗੋਪੀਆ ਗਾਵਨਿ ਕਾਨ ॥ ਗਾਵਨਿ ਸੀਤਾ ਰਾਜੇ ਰਾਮ ॥ ਨਿਰਭਉ ਨਿਰੰਕਾਰੁ ਸਚੁ ਨਾਮੁ ॥ ਜਾ ਕਾ ਕੀਆ ਸਗਲ ਜਹਾਨੁ ॥ ਸੇਵਕ ਸੇਵਹਿ ਕਰਮਿ ਚੜਾਉ ॥ ਭਿੰਨੀ ਰੈਣਿ ਜਿਨ੍ਹਾ ਮਹਿ ਚਾਉ ॥ ਸ਼ਿਖੀ ਸ਼ਿਖਿਆ ਗੁਰ ਵੀਚਾਰਿ ॥ ਨਦਰੀ ਕਰਮਿ ਲਘਾਏ ਪਾਰਿ ॥ ਕੋਲੂ ਚਰਖਾ ਚਕੀ ਚਕੁ ॥ ਥਲ ਵਾਰੋਲੇ ਬਹੁਤੁ ਅਨੰਤੁ ॥ ਲਾਟੂ ਮਾਧਾਣੀਆ ਅਨਗਾਹ ॥ ਪੰਖੀ ਭਉਦੀਆ ਲੈਨਿ ਨ ਸ਼ਾਹ ॥ ਸੂਐ ਚਾੜਿ ਭਵਾਈਅਹਿ ਜੰਤ ॥ ਨਾਨਕ ਭਉਦਿਆ ਗਣਤ ਨ ਅੰਤ ॥ ਬੰਧਨ ਬੰਧਿ ਭਵਾਏ ਸੋਇ ॥ ਪਇਐ ਕਿਰਤਿ ਨਚੈ ਸਭੁ ਕੋਇ ॥ ਨਚਿ ਨਚਿ ਹਸ਼ਹਿ ਚਲਹਿ ਸੇ ਰੋਇ ॥ ਉਡਿ ਨ ਜਾਹੀ ਸਿਧ ਨ ਹੋਹਿ ॥ ਨਚਣੁ ਕੁਦਣੁ ਮਨ ਕਾ ਚਾਉ ॥ ਨਾਨਕ ਜਿਨ੍ ਮਨਿ ਭਉ ਤਿਨ੍ਹਾ ਮਨਿ ਭਾਉ ॥ ੨ ॥ ਪਉੜੀ ॥ ਨਾਉ ਤੇਰਾ ਨਿਰੰਕਾਰੁ ਹੈ ਨਾਇ ਲਇਐ ਨਰਕਿ ਨ ਜਾਈਐ ॥ ਜੀਉ ਪਿੰਡੁ ਸਭੁ ਤਿਸ ਦਾ ਦੇ ਖਾਜੇ ਆਖਿ ਗਵਾਈਐ ॥ ਜੇ ਲੋੜਹਿ ਚੰਗਾ

ਆਪਣਾ ਕਰਿ ਪੁੰਨਹੁ ਨੀਚ ਸਦਾਈਐ ॥ ਜੇ ਜਰਵਾਣਾ ਪਰਹਰੈ ਜਰੁ ਵੇਸ ਕਰੇਦੀ ਆਈਐ ॥ ਕੋ ਰਹੈ ਨ ਭਰੀਐ ਪਾਈਐ ॥੫॥

ਤਾਂ ਬਾਬੇ ਕਹਿਆ ਕਿ ਕਾਲ ਭਗਵਾਨ ਨੇ ਨਿਰਤਕਾਰੀ ਪਾਈ ਹੈ ਤਿਸ਼ਕੋ ਜੋ ਸਰਦਾ ਕਰ ਦੇਖਤੇ ਹੈਂ ਸੋ ਗਿਆਨ ਕੋ ਪ੍ਰਾਪਤਿ ਹੋਤੇ ਹੈਂ ਅਰ ਏਹ ਜੇਤੀਆਂ ਘੜੀਆਂ ਬੀਤਤੀਆਂ ਹੈਂ ਸੋ ਗੋਪੀਆਂ ਕੇ ਸ਼ਮਾਨ ਹੈ ਸੋ ਇਨ ਮੈ ਭਗਵਾਨ ਕਾ ਭਜਨ ਕਰੀਏ ਅਰ ਆਠ ਪਹਿਰ ਜੋ ਹੈ ਸੋ ਆਠ ਨੰਦ ਗੋਪਾਲ ਕੇ ਸ਼ਾਥੀ ਹੈਂ ਅਰ ਗੈਣੇ ਜੋ ਹੈ ਸੋ ਪੰਜੋ ਤਤ ਹੈਂ ਅਰ ਸੂਰਜ ਚੰਦ੍ਰਮਾ ਕਾਨ ਅਰ ਬਲਭੱਦ੍ਰ ਕੇ ਅਵਤਾਰ ਹੈ ॥ ਅਰ ਧਰਤੀ ਮੇਂ ਜੋ ਪਦਾਰਥ ਹੈ ਸੋ ਮਹਾਰਾਜ ਕੇ ਹੈਂ ਅਰ ਜੋ ਵਰਤਣ ਮੇਂ ਆਪਣੇ ਜਾਣਤਾ ਹੈ ਤਿਸੀ ਕੋ ਜੰਜਾਲ ਹੈ ਅਰ ਜਿਨਕੋ ਆਪਣੀ ਅਰਬਲਾ ਬੀਤਣ ਕਾ ਵੀਚਾਰ ਨਹੀਂ ਅਰ ਸੁਆਸਾਂ ਕੀ ਸਮਝ ਨਹੀਂ ਰਖਦੇ ਸੋ ਆਪਣੇ ਆਪ ਕੋ ਮੁਹਾਇ ਜਾਤੇ ਹੈਂ ਅਰ ਜੋ ਸਭ ਕਾਲ ਭਗਵਾਨ ਕੀ ਨਿਰਤਕਾਰੀ ਕਰ ਦੇਖਤੇ ਹੈਂ ਸੋ ਜੀਤ ਜਾਤੇ ਹੈਂ ॥੧॥ ਅਰ ਜੋ ਪਾਖੰਡ ਕੀ ਨਿਰਤਕਾਰੀ ਦੇਖਤੇ ਹੈਂ ਸੋ ਜਮਕਾਲ ਕੇ ਹਵਾਲੇ ਹੋਤੇ ਹੈਂ ਅਰ ਤਿਨ ਕੇ ਸਾਂਗ ਮੈ ਜੋ ਵਾਜੇ ਵਜਾਵਤੇ ਹੈਂ ਸੋ ਚੇਲੇ ਵਜਾਵਤੇ ਹੈਂ ਅਰ ਜਿਸਕੋ ਕਾਂਨ ਕਾ ਰੂਪ ਬਣਾਵਤੇ ਹੈਂ ਸੋ ਉਸ ਪਾਸੋਂ ਨਿਰਤ ਕਰਾਵਤੇ ਹੈਂ ਸੋ ਜਯੋਂ ਜਯੋਂ ਗੁਰੂ ਪੈਰ ਹਲਾਵਤੇ ਹੈਂ ਅਰ ਸਿਰ ਫੇਰਤੇ ਹੈਂ ਤਿਉਂ ਤਿਉਂ ਚੇਲੇ ਉਨਕਾ ਰੂਪ ਦੇਖ ਕੇ ਕਾਮ ਭਾਵਨਾ ਕਰਤੇ ਹੈਂ ਅਰ ਤਯੋਂ ਤਯੋਂ ਧੂੜ ਉਡਕੇ ਉਨਾਂ ਦੇ ਸਿਰ ਪੜਤੀ ਹੈ ਕਯੋਂਕਿ ਤੁਸਾਂ ਤਾਂ ਨਾਰਾਯਣ ਭਾਵਣਾ ਕਰਕੇ ਕਾਨ ਦਾ ਸਾਂਗ ਦੇਖਣਾ ਸੀ ਅਰ ਤੁਸੀਂ ਲੜਕਿਆਂ ਕੋ ਦੇਖਕੇ ਘਰ ਜਾਕੇ ਹਸਦੇ ਹੋ ਤਾਂਤੇ ਧੂੜ ਤੁਮਾਰੇ ਸਿਰ ਪੜਤੀ ਹੈ ਅਰ ਉਨ ਕੇ ਸਿਰ ਭੀ ਧਰਿ ਹੈ ਜੋ ਐਸੇ ਸਾਂਗ ਕੋ ਰੋਟੀਆਂ ਕੀ ਕਾਮਨਾਂ ਕਰਤੇ ਹੈਂ ਅਰ ਗੋਪੀਆਂ ਅਰ ਕਾਨੋ ਕੇ ਗਾਵਣ ਗਾਵਤੇ ਹੈਂ ਅਰ ਰਾਮ ਕਾ ਸੀਤਾ ਕਾ ਸ੍ਵਾਂਗ ਲਿਆਵਤੇ ਹੈਂ ਅਤੇ ਜੋ ਸਰਬ ਜਗਤ ਕੋ ਦੇਣੇ ਹਾਰਾ ਹੈ ਉਸਕੀ ਕਾਮਨਾਂ ਛਡਿਕੇ ਜਗਤ ਕੀ ਕਾਮਨਾ ਕਰਤੇ ਹੈਂ ਸੋ ਉਨਕੋ ਧ੍ਰਿਗ ਹੈ ਅਰ ਜੋ ਮਹਾਰਾਜ ਕੇ ਸੇਵਕ ਹੈਂ ਸੋ ਵਿਸੇਖ ਕਰਕੇ ਮਹਾਰਾਜ ਕੋ ਪੂਜਤੇ ਹੈਂ ਅਰ ਜਗਤ ਕੀਆਂ ਉਪਾਧਾਂ ਸੇ ਨਿਰਾਲਾ ਹੋ ਕੇ ਨਾਮ ਜਪਦੇ ਹੈਂ । ਪਿਛਲੀ ਰਾਤ ਉਠਕਰ ਇਸਨਾਨ ਕਰਤੇ ਹੈਂ ਅਰ ਸਬਦ ਗਾਵਤੇ ਹੈਂ ਅਰ ਸਬਦ ਦਾ ਵੀਚਾਰ ਕਰਤੇ ਹੈਂ ਸੋ ਗੁਰਾਂ ਕੀ ਨਦਰ ਉਨਕੋ ਆਤਮ ਗਿਆਨ ਹੋਤਾ ਹੈ ਅਰ ਭਵਜਲ ਸੇ ਪਾਰ ਹੋਤੇ ਹੈਂ ॥ ਅਰ ਜੇ ਤੁਸੀਂ ਕਹੋ ਕਿ ਧਰਮ ਸਾਸਤ੍ਰ ਮੈ ਨਿਰਤਕਾਰੀ ਕਰਨੀ ਅਰ ਫੇਰੀਆਂ ਲੈਣੀਆਂ ਏਹੀ ਭਗਤ ਹੈ ਸੋ ਜੇ ਨਾਮ ਅਰ ਗਯਾਨ ਬਿਨਾ ਮੁਕਤਿ ਹੋਂਦੀ ਹੋਵੈ ਤਾਂ ਕੋਲੂ ਅਰ ਚਰਖੇ ਅਰ ਚਕੀਆਂ ਅਰ ਚਕ ਫੇਰੀਆਂ ਤਾਂ

ਏਹ ਭੀ ਪਏ ਲੇਤੇ ਹੈਂਨ ਸੋ ਇਨਾਂ ਦੀ ਮੁਕਤਿ ਕਜੋਂ ਨਹੀਂ ਹੁੰਦੀ ਅਰ ਥਲ ਵਿਚ ਅਨੇਕ ਵਿਰੋਲੇ ਫਿਰਦੇ ਹਨ ਅਰ ਲੜਕਿਆਂ ਕੇ ਲਾਟੂ ਅਰ ਮਧਾਣੀਆਂ ਭੀ ਅਨੇਕ ਹੀ ਵਿਰਦੀਆਂ ਹਨ ਅਰ ਅਨੇਕ ਗਾਹ ਅਰ ਪੰਖੀ ਅਰ ਸੂਏ ਚੜਕੇ ਜੰਤ ਫਿਰਦੇ ਹਨ ਅਰ ਅਉਰ ਭੀ ਭਉਣੇ ਵਾਲਿਆਂ ਕਾ ਕੁਛ ਅੰਤ ਨਹੀਂ ਸੋ ਜੋ ਨਾਮ ਅਰ ਗਯਾਨ ਬਿਨਾ ਮੁਕਤਿ ਹੋਂਦੀ ਹੋਵੇ ਤਾਂ ਸਭ ਮੁਕਤਿ ਨੂੰ ਪ੍ਰਾਪਤਿ ਹੋਤੇ ਸੋ ਏਹ ਤਾਂ ਕਰਮਾਂ ਕੇ ਬੰਧਨ ਬੰਧੇ ਸਭ ਪਏ ਫਿਰਦੇ ਹਨ ।

ਅਰ ਨਚ ਨਚ ਜੋ ਹਸਤੇ ਹੈਂ ਸੋ ਅੰਤ ਕੋ ਰੋਇ ਚਲਤੇ ਹੈਂ ਅਰ ਇਸਤੇ ਕੋਈ ਸਿਧਤਾ ਨਹੀਂ ਪ੍ਰਾਪਤਿ ਹੋਤੀ ਅਰ ਜੋ ਨਚਣਾ ਕੁਦਣਾ ਹੈ ਸੋ ਮਨ ਕਾ ਚਾਉ ਹੈ ਅਰ ਜਿਨਕੇ ਮੰਨ ਮੈਂ ਭਉ ਪੜਤਾ ਹੈ ਸੋਈ ਮਹਾਰਾਜ ਕੇ ਸਾਥ ਭਾਉ ਕਰਤਾ ਹੈ ॥ ੨ ॥ ਪਉੜੀ ਕਹਤੀ ਹੈ ਕਿ ਨਾਉਂ ਜੋ ਤੇਰਾ ਨਿਰੰਕਾਰ ਹੈ ਤਾਹੀਂ ਤੇ ਤੇਰਾ ਨਾਇ ਲੈਣੇ ਵਾਲੇ ਨਰਕ ਕੋ ਨਹੀਂ ਜਾਤੇ ਅਰ ਜੀਅ ਤੇ ਪਿੰਡ ਜੋ ਹੈ ਸੋ ਸਭ ਮਹਾਰਾਜ ਦਾ ਹੈ ਸੋ ਮਹਾਰਾਜ ਦੇ ਦਿਤੇ ਵਿਚੋਂ ਵੰਡ ਖਾਵੀਐ ਅਤੇ ਆਖੀਐ ਨਾਹੀ ਅਰ ਜੇ ਆਪਣਾ ਚੰਗਾ ਚਾਹੀਐ ਤਾਂ ਧਰਮ ਕਰੀਏ ਅਤੇ ਨੀਚ ਸਦਾਈਐ ਅਰ ਜੇ ਕੋਈ ਕਹੇ ਕਿ ਜਮ ਮੈਨੂੰ ਛੱਡ ਜਾਇਗਾ ਤਾਂ ਬੁਢੇਪਾ ਜੋ ਆਂਵਦਾ ਹੈ ਸੋ ਮੌਤ ਕਾ ਦੂਤ ਆਂਵਤਾ ਹੈ ਸੋ ਜੈਸੇ ਘੜੀਆਲ ਕੀ ਕਟੋਰੀ ਭਰੀਤੀ ਹੈ ਤੇ ਡੁਬ ਜਾਤੀ ਹੈ ਤੈਸੇ ਜੋ ਸਰੀਰ ਆਪਣੀ ਪਗਲ ਬੁਧ ਖਾਇ ਚੁਕਤਾ ਹੈ ਤਉ ਪ੍ਰਾਣ ਨਿਕਸ ਜਾਤੇ ਹੈਂ ॥੫॥ ਤਾਂ ਪੀਰ ਕਹਿਆ ਕਿ ਅਸਾਂ ਸੁਣਿਆ ਹੈ ਜੋ ਮੁਸਲਮਾਨ ਭਿਸਤੀ ਹੁੰਦੇ ਹਨ ਅਤੇ ਹਿੰਦੂ ਦਗਾਦ ਹੁੰਦੇ ਹੈਨ ਸੋ ਦੋਜਕ ਜਾਤੇ ਹਨ ਤਾਂ ਬਾਬੇ ਕਹਿਆ ਜੋ ਪਰਮੇਸਰ ਕਾ ਨਾਮ ਜਪਦੇ ਹਨ ਅਰ ਸਭ ਕਰਮ ਕਰਤੇ ਹਨ ਸੋਈ ਭਿਸਤ ਕਉ ਜਾਤੇ ਹਨ ॥

ਸਲੋਕ ਮ: ੧ ॥ ਮੁਸਲਮਾਨਾ ਸਿਫਤਿ ਸਰੀਅਤਿ ਪੜਿ ਪੜਿ ਕਰਹਿ ਬੀਚਾਰੁ॥ ਬੰਦੇ ਸੇ ਜਿ ਪਵਹਿ ਵਿਚਿ ਬੰਦੀ ਵੇਖਣ ਕਉ ਦੀਦਾਰੁ ॥ ਹਿੰਦੂ ਸਾਲਾਹੀ ਸਾਲਾਹਨਿ ਦਰਸਨਿ ਰੂਪਿ ਅਪਾਰੁ ॥ ਤੀਰਥਿ ਨਾਵਹਿ ਅਰਚਾ ਪੂਜਾ ਅਗਰ ਵਾਸੁ ਬਹਕਾਰੁ ॥ ਜੋਗੀ ਸੁੰਨਿ ਧਿਆਵਨ੍ਹਿ ਜੇਤੇ ਅਲਖ ਨਾਮੁ ਕਰਤਾਰੁ ॥ ਸੂਖਮ ਮੂਰਤਿ ਨਾਮੁ ਨਿਰੰਜਨ ਕਾਇਆ ਕਾ ਆਕਾਰੁ ॥ ਸਤੀਆ ਮਨਿ ਸੰਤੋਖੁ ਉਪਜੈ ਦੇਣੈ ਕੈ ਵੀਚਾਰਿ ॥ ਦੇ ਦੇ ਮੰਗਹਿ ਸਹਸਾ ਗੂਣਾ ਸੋਭ ਕਰੇ ਸੰਸਾਰੁ ॥ ਚੋਰਾ ਜਾਰਾ ਤੈ ਕੂੜਿਆਰਾ ਖਾਰਾਬਾ ਵੇਕਾਰ ॥ ਇਕਿ ਹੋਦਾ ਖਾਇ ਚਲਹਿ ਐਥਾਊ ਤਿਨਾ ਭਿ ਕਾਈ ਕਾਰ ॥ ਜਲਿ ਥਲਿ ਜੀਆ ਪੁਰੀਆ ਲੋਆ ਆਕਾਰਾ ਆਕਾਰ ॥ ਓਇ ਜਿ ਆਖਹਿ ਸੁ ਤੂੰਹੈ ਜਾਣਹਿ ਤਿਨਾ ਭਿ ਤੇਰੀ

ਸਾਰ ॥ ਨਾਨਕ ਭਗਤਾ ਭੁਖ ਸਾਲਾਹਣੁ ਸਚੁ ਨਾਮੁ ਅਧਾਰੁ ॥ ਸਦਾ ਅਨੰਦਿ ਰਹਹਿ ਦਿਨੁ ਰਾਤੀ ਗੁਣਵੰਤਿਆ ਪਾ ਛਾਰੁ ॥੧॥ ਮ: ੧ ॥ ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ ॥ ਘੜਿ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ ॥ ਜਲਿ ਜਲਿ ਰੋਵੈ ਬਪੁੜੀ ਝੜਿ ਝੜਿ ਪਵਹਿ ਅੰਗਿਆਰ ॥ ਨਾਨਕ ਜਿਨਿ ਕਰਤੈ ਕਾਰਣੁ ਕੀਆ ਸੋ ਜਾਣੈ ਕਰਤਾਰੁ ॥ ੨ ॥ ਪਉੜੀ ॥ ਬਿਨੁ ਸਤਿਗੁਰ ਕਿਨੈ ਨ ਪਾਇਓ ਬਿਨੁ ਸਤਿਗੁਰ ਕਿਨੈ ਨ ਪਾਇਆ ॥ ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ ॥ ਸਤਿਗੁਰ ਮਿਲਿਐ ਸਦਾ ਮੁਕਤੁ ਹੈ ਜਿਨਿ ਵਿਚਹੁ ਮੋਹੁ ਚੁਕਾਇਆ ॥ ਉਤਮੁ ਏਹੁ ਬੀਚਾਰੁ ਹੈ ਜਿਨਿ ਸਚੇ ਸਿਉ ਚਿਤੁ ਲਾਇਆ ॥ ਜਗਜੀਵਨੁ ਦਾਤਾ ਪਾਇਆ ॥ ੬ ॥

ਮੁਸਲਮਾਨ ਜੋ ਹੈ ਸੋ ਸਰੀਅਤ ਦੀ ਸਿਫਤ ਕਰਦੇ ਹਨ ਜੋ ਸਰੀਅਤ ਦੁਆਰਾ ਭਿਸਤ ਜਾਂਦੇ ਹਨ ਪਰ ਬੰਦੇ ਸੋਈ ਹਨ ਜੋ ਵਾਹਗੁਰੂ ਦੀ ਬੰਦਗੀ ਕਰਦੇ ਹਨ ॥ ਅਤੇ ਹਿੰਦੂ ਮਹਾਰਾਜ ਕੇ ਅਵਤਾਰਾਂ ਦੀ ਸਿਫਤ ਕਰਦੇ ਹਨ ਅਰ ਪ੍ਰਿਤਮਾਂ ਕੋ ਪੂਜਤੇ ਹਨ ਅਰ ਤੀਰਥ ਨਾਵਤੇ ਹੈਂ ਅਰ ਪੂਜਾ ਕਰਤੇ ਹੈਂ ਅਰ ਅਗਰ ਵਾਸ ਕਾ ਧੂਪ ਦੇਤੇ ਹੈਂ ਅਰ ਜੋਗੀ ਪ੍ਰਾਣਾਯਾਮ ਕਰਕੇ ਅਰ ਪੌਣ ਦਸਵੇਂ ਦੁਆਰ ਕੋ ਚੜਾਇ ਕੇ ਸੋਹੰ ਕਾ ਜਾਪ ਕਰਤੇ ਹੈਂ ਅਰ ਸੂਖਮ ਮੂਰਤਿ ਜੋ ਨਿਰੰਜਨ ਕੀ ਮੂਰਤਿ ਕਾ ਦਰਸਨ ਕਰਤੇ ਹੈਂ ਅਰ ਸਤੀ ਜੋ ਹੈਂਨ ਸੰਤੋਖ ਕਰਤੇ ਹੈਂ ਅਰ ਦਾਨ ਦੇਵਣੇ ਕਾ ਵਿਚਾਰ ਕਰਤੇ ਹੈਂ ਸੋ ਸਾਂਤ ਕੀ ਸਭ ਸ੍ਵਰਗ ਕਉ ਪ੍ਰਾਪਤਿ ਹੋਤੇ ਹੈਂ ਅਰ ਏਕ ਦਾਨ ਕਰਕੇ ਸਹੰਸ ਗੁਣਾ ਪਦਾਰਥ ਮੰਗਤੇ ਹੈਂ ਅਤੇ ਰਾਜਸੀ ਪਦਾਰਥਹੁ ਕੋ ਪ੍ਰਾਪਤਿ ਹੋਤੇ ਹੈਂ ॥ ਅਰ ਇਕ ਚੋਰੀ ਕਰਤੇ ਹੈਂ ਅਰ ਜਾਰੀ ਕਰਤੇ ਹੈਂ ਅਰ ਵਿਕਾਰ ਕਰਤੇ ਹੈਂ ਸੋ ਰਾਜਸੀ ਜਮ ਕੇ ਡੰਡ ਕਉ ਪ੍ਰਾਪਤਿ ਹੋਤੇ ਹੈਂ ਅਰ ਇਕ ਹੋਂਦੇ ਪਦਾਰਥ ਦਾਨ ਪੁੰਨ ਨਹੀਂ ਕਰਤੇ ਸੋ ਅਗੇ ਪਦਾਰਥ ਹੀਣ ਹੋਤੇ ਹੈਂ ਅਰ ਜੋ ਕਹਤੇ ਹੈਂ ਕਿ ਜਲਾਂ ਵਿਖੇ ਅਰ ਥਲਾਂ ਵਿਖੇ ਅਰ ਪੁਰੀਆਂ ਵਿਖੇ ਮਹਾਰਾਜ ਵਿਆਪਿਆ ਹੈ ਅਰ ਜੋ ਕੁਛ ਹਮ ਕਰਤੇ ਹੈਂ ਸੋ ਜਾਣਤਾ ਹੈ ਅਰ ਅਲਪ ਅਹਾਰ ਕਰਤੇ ਹੈਂ ਅਰ ਮਹਾਰਾਜ ਦੇ ਸਲਾਹ ਦੀ ਭੁਖ ਕਰਤੇ ਹੈਂ ਅਰ ਨਾਮ ਦਾ ਅਧਾਰ ਕਰਤੇ ਹੈਂ ਅਰ ਵਾਹਗੁਰੂ ਦੇ ਦਿਤੇ ਪਰ ਅਨੰਦੀ ਰਹਤੇ ਹੈਂ ਅਰ ਹਉਮੈਂ ਜਿਨਾ ਤਿਆਗ ਦਿਤੀ ਹੈ ਸੋ ਐਸੇ ਮਹਾਰਾਜ ਦੇ ਭਗਤ ਸੰਸਾਰ ਭਉਜਲ ਥੋ ਤਰ ਜਾਤੇ ਹੈਂ ॥ ੧ ॥

ਅਰ ਹਿੰਦੂ ਸਾੜੀਤੇ ਹੈਂ ਅਰ ਮੁਸਲਮਾਨੋਂ ਕੀ ਮਿਟੀ ਕੋ ਕੁੰਭਿਆਰ ਭਾਂਡੇ ਅਰ ਇਟਾਂ ਘੜਤੇ ਹੈਂ ਅਰ ਆਵੀ ਪਰ ਚਾੜਤੇ ਹੈਂ ਅਰ ਮਿਟੀ ਰੋਤੀ ਹੈ ਅਰ ਪੁਕਾਰ

ਕਰਤੀ ਹੈ ਅਰ ਉਨਕੇ ਅੰਗਿਆਰ ਝੜ ਝੜ ਪੜਤੇ ਹੈਂ ਸੋ ਆਪਣਿਆਂ ਕਰਮਾਂ ਕਾ ਫਲ ਭੋਗਤੀ ਹੈ ਪਰ ਕਰਤਾਰ ਜਾਣਤਾ ਹੈ ਜਿਸਨੇ ਇਹ ਕਾਰਣ ਕੀਆ ਹੈ ॥ ੨ ॥ ਪਉੜੀ ਕਹਤੀ ਹੈ ਕਿ ਬਿਨਾਂ ਸਤਿਗੁਰਾਂ ਦੇ ਗਿਆਨ ਦੇ ਪਰਮੇਸਰ ਕੌ ਕੋਈ ਨਹੀਂ ਪ੍ਰਾਪਤਿ ਹੋਤਾ ਕਯੋਂਕਿ ਸਤਿਗੁਰਾਂ ਦੇ ਵਿਚਿ ਵਾਹਗੁਰੂ ਆਪਨੀ ਜੋਤਿ ਰਖ ਕੇ ਪਰਗਟ ਆਖ ਸੁਣਾਇਆ ਹੈ ਤਾਂਤੇ ਸਤਿਗੁਰਾਂ ਦੇ ਮਿਲਿਆਂ ਸਦਾ ਮੁਕਤਿ ਹੁੰਦੀ ਆਈ ਹੈ ਅਰ ਤਿਨਕੇ ਮਿਲਣੇ ਕਰਕੇ ਮੋਹ ਚੁਕ ਜਾਤਾ ਹੈ ਅਰ ਹਉਮੈ ਨਿਵਰਤ ਹੋ ਜਾਤੀ ਹੈ ਅਰ ਸਚ ਪ੍ਰਾਪਤਿ ਹੋਤਾ ਹੈ ॥ ੬ ॥

ਸਲੋਕ ਮ: ੧ ॥ ਹਉ ਵਿਚਿ ਆਇਆ ਹਉ ਵਿਚਿ ਗਇਆ ॥ ਹਉ ਵਿਚਿ ਜੰਮਿਆ ਹਉ ਵਿਚਿ ਮੁਆ ॥ ਹਉ ਵਿਚਿ ਦਿਤਾ ਹਉ ਵਿਚਿ ਲਇਆ ॥ ਹਉ ਵਿਚਿ ਖਟਿਆ ਹਉ ਵਿਚਿ ਗਇਆ ॥ ਹਉ ਵਿਚਿ ਸਚਿਆਰੁ ਕੂੜਿਆਰ ॥ ਹਉ ਵਿਚਿ ਪਾਪ ਪੁੰਨ ਵੀਚਾਰੁ ॥ ਹਉ ਵਿਚਿ ਨਰਕਿ ਸੁਰਗਿ ਅਵਤਾਰੁ ॥ ਹਉ ਵਿਚਿ ਹਸੈ ਹਉ ਵਿਚਿ ਰੋਵੈ ॥ ਹਉ ਵਿਚਿ ਭਰੀਐ ਹਉ ਵਿਚਿ ਧੋਵੈ ॥ ਹਉ ਵਿਚਿ ਜਾਤੀ ਜਿਨਸੀ ਖੋਵੈ ॥ ਹਉ ਵਿਚਿ ਮੂਰਖੁ ਹਉ ਵਿਚਿ ਸਿਆਣਾ ॥ ਮੋਖ ਮੁਕਤਿ ਕੀ ਸਾਰ ਨ ਜਾਣਾ ॥ ਹਉ ਵਿਚਿ ਮਾਇਆ ਹਉ ਵਿਚਿ ਛਾਇਆ ॥ ਹਉਮੈ ਕਰਿ ਕਰਿ ਜੰਤ ਉਪਾਇਆ ॥ ਹਉਮੈ ਬੂਝੈ ਤਾ ਦਰੁ ਸੂਝੈ ॥ ਗਿਆਨ ਵਿਹੂਣਾ ਕਥਿ ਕਥਿ ਲੂਝੈ ॥ ਨਾਨਕ ਹੁਕਮੀ ਲਿਖੀਐ ਲੇਖੁ ॥ ਜੇਹਾ ਵੇਖਹਿ ਤੇਹਾ ਵੇਖੁ ॥ ੧ ॥ ਮਹਲਾ ੨ ॥ ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥ ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥ ਹਉਮੈ ਕਿਥਹੁ ਊਪਜੈ ਕਿਤੁ ਸੰਜਮਿ ਇਹ ਜਾਇ ॥ ਹਉਮੈ ਏਹੋ ਹੁਕਮੁ ਹੈ ਪਇਐ ਕਿਰਤਿ ਫਿਰਾਹਿ ॥ ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥ ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥ ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ ॥ ੨ ॥ ਪਉੜੀ ॥ ਸੇਵ ਕੀਤੀ ਸੰਤੋਖੀਂਈ ਜਿਨੀ ਸਚੋ ਸਚੁ ਧਿਆਇਆ ॥ ਓਨੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ ॥ ਓਨੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ ॥ ਤੂੰ ਬਖਸੀਸੀ ਅਗਲਾ ਨਿਤ ਦੇਵਹਿ ਚੜਹਿ ਸਵਾਇਆ ॥ ਵਡਿਆਈ ਵਡਾ ਪਾਇਆ ॥ ੭ ॥

ਹਉਂ ਵਿਚ ਆਵਦਾ ਹੈ ਹਉਂ ਵਿਚ ਹੀ ਜਾਂਦਾ ਹੈ ਅਰ ਹਉਂ ਵਿਚ ਜੰਮਦਾ ਅਤੇ ਹਉਂ ਵਿਚ ਹੀ ਮਰਦਾ ਹੈ ਅਤੇ ਹਉਂ ਵਿਚ ਹੀ ਦੇਂਦਾ ਹੈ ਅਤੇ ਲੈਂਦਾ ਹੈ ਅਰ

ਖਟਦਾ ਹੈ ਤੇ ਜਾਂਦਾ ਹੈ ਅਰ ਸਚਿਆਰ ਹੈ ਅਤੇ ਕੂੜਿਆਰ ਹੈ ਅਰ ਪਾਪ ਭੋਗਦਾ ਹੈ ਅਤੇ ਪੁੰਨ ਭੋਗਦਾ ਹੈ ਅਰ ਨਰਕ ਸੁਰਗ ਭੋਗਦਾ ਹੈ ਅਰ ਹੱਸਦਾ ਹੈ ਅਤੇ ਰੋਂਦਾ ਹੈ ਅਰ ਭਰੀਦਾ ਹੈ ਅਤੇ ਧੋਂਦਾ ਹੈ ਅਰ ਜਾਤ ਦਾ ਅਭਿਮਾਨ ਅਰ ਜਿਨਸ ਦਾ ਅਭਿਮਾਨ ਹੈ ਅਰ ਮੂਰਖ ਭੀ ਹਉਮੈ ਕਰਦਾ ਹੈ ਅਤੇ ਸਿਆਣਾ ਭੀ ਹਉਮੈ ਕਰਦਾ ਹੈ ਅਰ ਹਉਮੈ ਨੂੰ ਤੋੜਦਾ ਨਹੀਂ ਜੋ ਮੁਕਤਿ ਹੋਵੈ ਅਰ ਕਈ ਮਾਇਆ ਦੀ ਹਉਮੈ ਵਿਚ ਬਧੇ ਹਨ ਅਰ ਕਿਨਾਂ ਪਰ ਛਾਇਆ ਪਈ ਹੈ ਸੋ ਹਉਮੈ ਵਿਚ ਹੀ ਸਭ ਜੰਤ ਹੈ ਅਰ ਜੇ ਹਉਮੈਂ ਬੁਝਿ ਜਾਵੈ ਤਾਂ ਪਰਮੇਸੂਰ ਨੂੰ ਸੁਝੇ ਪਰ ਗਯਾਨ ਤੋਂ ਬਿਨਾਂ ਲੁਝਦਾ ਹੈ ਗੁਰੂ ਨਾਨਕ ਜੀ ਕਹਤੈ ਹੈਂ ਕਿ ਜੇਹਾ ਮਸਤਕਿ ਲਿਖਿਆ ਹੈ ਸੋ ਤੇਹੀ ਭਾਵਨਾ ਕਰ ਵੇਖਦੇ ਹੈਂ ਅਰ ਤੇਹਾ ਫਲ ਪਾਵਤੇ ਹੈਂ ॥ ੧ ॥ ਭਾਈ ਜੀ ਕਹੈ ਕਿ ਸਾਹਿਬ ਬਚਨ ਕਰਦੇ ਹਨ ਜੋ ਸਰੀਰ ਹਉਮੈ ਕਰ ਉਤਪਤਿ ਹੈ ਅਰ ਹਉਮੈ ਕਰ ਕਰਮ ਕਰਦਾ ਹੈ ਸੋ ਇਹ ਹਉਮੈ ਦਾ ਬਧਾ ਹੋਇਆ ਫਿਰ ਫਿਰ ਜੂਨਾਂ ਦੇ ਵਿਚ ਭਰਮਦਾ ਫਿਰਦਾ ਹੈ ਜੇ ਕੋਈ ਕਹੈ ਕਿ ਕੇਹੜੇ ਸੰਜਮ ਕਰ ਹਉਮੈ ਉਪਜੀ ਹੈ ਅਰ ਕੇਹੜੇ ਸੰਜਮ ਕਰ ਜਾਂਦੀ ਹੈ ਤਾਂ ਸਾਹਿਬ ਕਹੈਂ ਕਿ ਹਉਮੈ ਕੋ ਹੁਕਮ ਹੈ ਸੋ ਜਨਮ ਮਰਨ ਮੈ ਪਈ ਫਿਰਾਵਤੀ ਹੈ ਸੋ ਹਉਮੈ ਵਡਾ ਰੋਗ ਹੈ ਪਰ ਦਾਰੂ ਇਸਦਾ ਏਹੁ ਹੈ ਜੋ ਵਾਹਗੁਰੂ ਦਾ ਨਾਮ ਸੋ ਜੇ ਸਬਦ ਸੁਣਤਾ ਹੈ ਤਾਂ ਇਸਕੀ ਹਉਮੈ ਦੂਰ ਹੋ ਜਾਤੀ ਹੈ ॥ ੨ ॥ ਪਉੜੀ ਕਹਿਤੀ ਹੈ ਕਿ ਹਉਮੈ ਉਨ ਕੀ ਮਿਟੀ ਹੈ ਜੋ ਜਿਨਾਂ ਸੇਵਾ ਕੀਤੀ ਹੈ ਅਰ ਸੰਤੋਖ ਕੀਤਾ ਹੈ ਅਰ ਜਿਨਾਂ ਸਚ ਧਿਆਇਆ ਹੈ ਸੋ ਓਨਾਂ ਨੇ ਮੰਦਿਆਂ ਕਰਮਾਂ ਦੇ ਉਤੇ ਪੈਰ ਨਹੀਂ ਰਖਿਆ ਅਰ ਸੁਕ੍ਰਿਤ ਧਰਮ ਕਮਾਏ ਹਨ ਅਰ ਉਨਾਂ ਦੁਨੀਆਂ ਦੇ ਬੰਧਨ ਤੋੜੇ ਹਨ ਅਰ ਅਲਪ ਅਹਾਰ ਕੀਤਾ ਹੈ ਅਤੇ ਥੋੜਾ ਹੀ ਸੁਤੇ ਹਨ ਅਰ ਵਾਹਗੁਰੂ ਨੂੰ ਬਖਸੀਸੀ ਜਾਤਾ ਨੇ ਕਯੋਂ ਜੋ ਨਿਤ ਵਾਹਗੁਰੂ ਰਿਜਕ ਦੇਂਦਾ ਹੈ ਅਰ ਸਦਾ ਸਵਾਇਆ ਹੈ ਤਾਂਤੇ ਜਿਨਾਂ ਵਡਿਆਈ ਗਾਈ ਹੈ ਸੋ ਵਡੇ ਨੂੰ ਪ੍ਰਾਪਤਿ ਹੋਏ ਹਨ ॥ ੭ ॥

ਸਲੋਕ ਮ: ੧ ॥ ਪੁਰਖਾਂ ਬਿਰਖਾਂ ਤੀਰਥਾਂ ਤਟਾਂ ਮੇਘਾਂ ਖੇਤਾਂਹ ॥ ਦੀਪਾਂ ਲੋਆਂ ਮੰਡਲਾਂ ਖੰਡਾਂ ਵਰਭੰਡਾਂਹ ॥ ਅੰਡਜ ਜੇਰਜ ਉਤਭੁਜਾਂ ਖਾਣੀ ਸੇਤਜਾਂਹ ॥ ਸੋ ਮਿਤਿ ਜਾਣੈ ਨਾਨਕਾ ਸਰਾਂ ਮੇਰਾਂ ਜੰਤਾਹ ॥ ਨਾਨਕ ਜੰਤ ਉਪਾਇ ਕੈ ਸੰਮਾਲੇ ਸਭਨਾਹ ॥ ਜਿਨਿ ਕਰਤੈ ਕਰਣਾ ਕੀਆ ਚਿੰਤਾ ਭਿ ਕਰਣੀ ਤਾਹ ॥ ਸੋ ਕਰਤਾ ਚਿੰਤਾ ਕਰੇ ਜਿਨਿ ਉਪਾਇਆ ਜਗੁ ॥ ਤਿਸੁ ਜੋਹਾਰੀ ਸੁਅਸਤਿ ਤਿਸੁ ਤਿਸੁ ਦੀਬਾਣੁ ਅਭਗੁ ॥ ਨਾਨਕ ਸਚੇ ਨਾਮ ਬਿਨੁ ਕਿਆ ਟਿਕਾ ਕਿਆ ਤਗੁ ॥ ੧ ॥ ਮ: ੧ ॥ ਲਖ ਨੇਕੀਆ ਚੰਗਿਆਈਆ ਲਖ ਪੁੰਨਾ ਪਰਵਾਣੁ ॥

ਲਖ ਤਪ ਉਪਰਿ ਤੀਰਥਾਂ ਸਹਜ ਜੋਗ ਬੇਬਾਣ ਲਖ ਸੂਰਤਣ ਸੰਗਰਾਮ ਰਣ ਮਹਿ ਛੁਟਹਿ ਪਰਾਣ ॥ ਲਖ ਸੁਰਤੀ ਲਖ ਗਿਆਨ ਧਿਆਨ ਪੜੀਅਹਿ ਪਾਠ ਪੁਰਾਣ ॥ ਜਿਨਿ ਕਰਤੈ ਕਰਣਾ ਕੀਆ ਲਿਖਿਆ ਆਵਣ ਜਾਣੁ ॥ ਨਾਨਕ ਮਤੀ ਮਿਥਿਆ ਕਰਮੁ ਸਚਾ ਨੀਸਾਣੁ ॥੨॥ ਪਉੜੀ ॥ ਸਚਾ ਸਾਹਿਬੁ ਏਕੁ ਤੂੰ ਜਿਨਿ ਸਚੋ ਸਚੁ ਵਰਤਾਇਆ ॥ ਜਿਸੁ ਤੂੰ ਦੇਹਿ ਤਿਸੁ ਮਿਲੈ ਸਚੁ ਤਾ ਤਿਨ੍ਹੀ ਸਚੁ ਕਮਾਇਆ ॥ ਸਤਿਗੁਰਿ ਮਿਲਿਐ ਸਚੁ ਪਾਇਆ ਜਿਨ੍ਹ ਕੈ ਹਿਰਦੈ ਸਚੁ ਵਸਾਇਆ ॥ ਮੂਰਖ ਸਚੁ ਨ ਜਾਣਨ੍ਹੀ ਮਨਮੁਖੀ ਜਨਮੁ ਗਵਾਇਆ ॥ ਵਿਚਿ ਦੁਨੀਆ ਕਾਹੇ ਆਇਆ ॥੮॥

ਤਾਂ ਬਾਬੇ ਕਹਿਆ ਕਿ ਈਸ੍ਰੁਰ ਸਭ ਕੋ ਰਿਜਕ ਪਹੁਚਾਵਤਾ ਹੈ ਪੁਰਖਾਂ ਨੂੰ ਅਨਾਜ ਬਿਰਖਾਂ ਕੋ ਜਲ ਤੀਰਥਾਂ ਕੋ ਜਾਤ੍ਰੀ ਅਰ ਤਟਾਂ ਅਰ ਮੇਘਾਂ ਅਰ ਖੇਤਾਂ ਕੋ ਜਲ ਪਹੁੰਚਾਂਵਦਾ ਹੈ ਅਰ ਦੀਪਾਂ ਅਰ ਲੋਆਂ ਅਰ ਮੰਡਲਾਂ ਅਰ ਖੰਡਾਂ ਅਰ ਬ੍ਰਹਮੰਡਾਂ ਹੋਰ ਭੀ ਸਭਸ ਕੋ ਪਹੁੰਚਾਂਵਦਾ ਹੈ ਅਰ ਚਾਰੋਂ ਹੀ ਖਾਣੀਆਂ ਕੋ ਪਹੁੰਚਾਵਤਾ ਹੈ ਗੁਰੂ ਨਾਨਕ ਜੀ ਕਹਿਤੇ ਹੈਂ ਕਿ ਜੋ ਸਮੁੰਦ੍ਰਾਂ ਅਰ ਪਰਬਤਾਂ ਅਰ ਜੀਅ ਜੰਤ ਸਭਨਾਂ ਕੋ ਸਭਾਲਤਾ ਹੈ ਸੋ ਜਿਸ ਕਰਤੇ ਜਗਤ ਉਤਪਤਿ ਕੀਤਾ ਹੈ ਚਿੰਤਾ ਭੀ ਤਿਸੀ ਕੋ ਹੈ ਤਾਂਤੇ ਚਾਹੀਦਾ ਹੈ ਕਿ ਉਸ ਕੋ ਨਮਸਕਾਰ ਕਰੀਏ ਅਰ ਤਿਸਕਾ ਨਾਮ ਜਪੀਐ ਕਯੋਂ ਜੋ ਨਾਮ ਬਿਨਾਂ ਟਿਕਾ ਅਤੇ ਤੱਗ ਕਿਸੇ ਲੇਖੇ ਨਹੀਂ ॥੧॥

ਸੋ ਬਾਬਾ ਕਹਿਤਾ ਹੈ ਕਿ ਲਖ ਨੇਕੀਆਂ ਅਰ ਚੰਗਿਆਈਆਂ ਕਰੀਐ ਅਰ ਲਖਾਂ ਤਪ ਤੇ ਪੁੰਨ ਤੀਰਥਾਂ ਤੇ ਕਰੀਏ ਅਰ ਉਦਿਆਨ ਮਹਿ ਬੈਠ ਕੇ ਜੋਗ ਸਾਧੀਐ ਅਰ ਸੰਗ੍ਰਾਮ ਮੈ ਸਨਮੁਖ ਹੋ ਕੇ ਪ੍ਰਾਣ ਛੋਡੀਐ ਅਰ ਵੇਦ ਕੀਆਂ ਸੁਤਾਂ ਪੜਕੇ ਗਯਾਨ ਧਯਾਨ ਸੀਖੀਏ ਅਰ ਪੁਰਾਣਾਂ ਕਾ ਪਾਠ ਕਰੀਏ ਅਰ ਜੇ ਮਨ ਵਿਚ ਕਾਮਨਾਂ ਧਾਰੀਐ ਤਾਂ ਸਭ ਮਤੀ ਮਿਥਿਆ ਹੈ ਕਯੋਂਕਿ ਸਚਾ ਕਰਮ ਜੋ ਹੈ ਸੋ ਪਰਮੇਸਰ ਦਾ ਨਾਮ ਹੈ ਅਰ ਸੋਈ ਹਥ ਨਿਸਾਨ ਦਿਤਾ ਹੈ ਪਉੜੀ ਕਹਿੰਦੀ ਹੈ ਕਿ ਸਚਾ ਸਾਹਿਬ ਜੋ ਹੈ ਸੋ ਵਾਹਿਗੁਰੂ ਹੈ ਕਯੋਂਕਿ ਜਿਸਨੇ ਸਚ ਹੀ ਵਰਤਾਇਆ ਹੈ ਅਰ ਜਿਸ ਨੂੰ ਸਚ ਪ੍ਰਾਪਤ ਕਰਨਾ ਹੁੰਦਾ ਹੈਸ ਸੋ ਸਤਿਗੁਰਾਂ ਨੂੰ ਮਿਲਕੇ ਸਚ ਕਮਾਂਵਦਾ ਹੈ ਅਰ ਸਚ ਹਿਰਦੇ ਵਸਾਂਵਦਾ ਹੈ ਪਰ ਜੋ ਮੂਰਖ ਹੈਂ ਸੋ ਸਚ ਕੀ ਸਾਰ ਨਹੀਂ ਜਾਣਦੇ ਅਰ ਕੂੜ ਕਪਟ ਕਮਾਂਵਦੇ ਹਨ ਸੋ ਉਨਕਾ ਦੁਨੀਆਂ ਮੈਂ ਆਇਆ ਨਿਹਫਲ ਹੈ ਤਾਂ ਪੀਰ ਕਹਿਆ ਕਿ ਇਕ ਪੜੇ ਹੋਏ ਪਾਪ ਕਰਤੇ ਹੈਂ ਅਰ ਕਹਤੇ ਹੈਨ ਕਿ ਹਮਾਰੇ ਤਾਂਈ ਸਾਂਈ ਬਖਸ ਲੇਵੈਗਾ ਤਾਂ ਬਾਬੇ ਕਹਿਆ ॥

ਸਲੋਕੁ ਮ: ੧ ॥ ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ ॥ ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ॥ ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ॥ ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ ॥ ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥ ੧ ॥ ਮ: ੧ ॥ ਲਿਖਿ ਲਿਖਿ ਪੜਿਆ ॥ ਤੇਤਾ ਕੜਿਆ ॥ ਬਹੁ ਤੀਰਥ ਭਵਿਆ ॥ ਤੇਤੋ ਲਵਿਆ ॥ ਬਹੁ ਭੇਖ ਕੀਆ ॥ ਦੇਹੀ ਦੁਖੁ ਦੀਆ ॥ ਸਹੁ ਵੇ ਜੀਆ ਅਪਣਾ ਕੀਆ ॥ ਅੰਨੁ ਨ ਖਾਇਆ ਸਾਦੁ ਗਵਾਇਆ ॥ ਬਹੁ ਦੁਖੁ ਪਾਇਆ ਦੂਜਾ ਭਾਇਆ ॥ ਬਸਤ੍ਰ ਨ ਪਹਿਰੈ ॥ ਅਹਿਨਿਸਿ ਕਹਰੈ ॥ ਮੋਨਿ ਵਿਗੂਤਾ ॥ ਕਿਉ ਜਾਗੈ ਗੁਰ ਬਿਨੁ ਸੂਤਾ ॥ ਪਗ ਉਪੇਤਾਣਾ ॥ ਅਪਣਾ ਕੀਆ ਕਮਾਣਾ ॥ ਅਲੁ ਮਲੁ ਖਾਈ ਸਿਰਿ ਛਾਈ ਪਾਈ ॥ ਮੂਰਖਿ ਅੰਧੈ ਪਤਿ ਗਵਾਈ ॥ ਵਿਣੁ ਨਾਵੈ ਕਿਛੁ ਥਾਇ ਨ ਪਾਈ ॥ ਰਹੈ ਬੇਬਾਣੀ ਮੜੀ ਮਸਾਣੀ ॥ ਅੰਧੁ ਨ ਜਾਣੈ ਫਿਰਿ ਪਛੁਤਾਣੀ ॥ ਸਤਿਗੁਰੁ ਭੇਟੇ ਸੋ ਸੁਖੁ ਪਾਏ ॥ ਹਰਿ ਕਾ ਨਾਮੁ ਮੰਨਿ ਵਸਾਏ ॥ ਨਾਨਕ ਨਦਰਿ ਕਰੇ ਸੋ ਪਾਏ ॥ ਆਸ ਅੰਦੇਸੇ ਤੇ ਨਿਹਕੇਵਲੁ ਹਉਮੈ ਸਬਦਿ ਜਲਾਏ ॥ ੨ ॥ ਪਉੜੀ ॥ ਭਗਤ ਤੇਰੈ ਮਨਿ ਭਾਵਦੇ ਦਰਿ ਸੋਹਨਿ ਕੀਰਤਿ ਗਾਵਦੇ ॥ ਨਾਨਕ ਕਰਮਾ ਬਾਹਰੇ ਦਰਿ ਢੋਅ ਨ ਲਹਨੀ ਧਾਵਦੇ ॥ ਇਕਿ ਮੂਲੁ ਨ ਬੁਝਨਿ ਆਪਣਾ ਅਣਹੋਦਾ ਆਪੁ ਗਣਾਇਦੇ ॥ ਹਉ ਢਾਢੀ ਕਾ ਨੀਚ ਜਾਤਿ ਹੋਰਿ ਉਤਮ ਜਾਤਿ ਸਦਾਇਦੇ ॥ ਤਿੰਨ ਮੰਗਾ ਜਿ ਤੁਝੈ ਧਿਆਇਦੇ ॥੯॥

ਬਾਬੇ ਕਹਿਆ ਕਿ ਪੜਨਾ ਤਦ ਪਰਵਾਨ ਹੈ ਜੇ ਮਨ ਨੀਵਾਂ ਕਰੇ ਅਤੇ ਸਚ ਕਮਾਵੇ ॥ ਅਤੇ ਜੋ ਪੜ ਕੇ ਅਹੰਕਾਰ ਕਰਤਾ ਹੈ ਤਾਂ ਓਹ ਪੜਨਾ ਝਖਣੇ ਸਮਾਨ ਹੈ ਅਰ ਜੇ ਇਤਨੀਆਂ ਪੋਥੀਆਂ ਭੀ ਪੜੇ ਜੋ ਗਡੀਆਂ ਕੇ ਸਾਥ ਲੱਦੇ ਜਾਵਨ ਅਰ ਇਤਨੀਆਂ ਪੋਥੀਆਂ ਹੋਵਨ ਜੋ ਬੇੜੀਆਂ ਤੇ ਜਹਾਜ ਲੱਦ ਚਲਾਵੇ ਅਰ ਕਿਤੇਬਾਂ ਕੇ ਖਾਤੇ ਅਰ ਕੋਠੇ ਭਰਪੂਰ ਕਰ ਛਡੇ ਅਰ ਸਾਰੀ ਆਰਜਾ ਕਈ ਬਰਸਾਂ ਤਕ ਪੜਦਾ ਰਹੇ ਪਰ ਜੇ ਸਚੀ ਭਾਵਨੀ ਨਾ ਹੋਵੇ ਅਤੇ ਵਿਚੋਂ ਹਉਮੈਂ ਨ ਜਾਵੇ ਤਾਂ ਲੇਖੇ ਨਹੀਂ ਪਵਦੇ ॥ ੧ ॥ ਅਰ ਜੋ ਲਿਖ ਲਿਖ ਕੇ ਲੋਕਾਂ ਕੇ ਸੁਣਾਵਣੇ ਵਾਸਤੇ ਕਰਦਾ ਹੈ ਸੋ ਸਗੋਂ ਕੜੀਦਾ ਜਾਂਦਾ ਹੈ ਅਰ ਜੋ ਬਹੁਤੇ ਤੀਰਥ ਭਵਦਾ ਹੈ ਸੋ ਸਗੋਂ ਚਤੁਰਾਈ ਸਿਖਦਾ ਹੈ ਅਰ ਜੋ ਬਹੁਤੇ ਭੇਖ ਕਰਦਾ ਹੈ ਅਰ ਸਰੀਰ ਕੋ ਦੁਖ ਦੇਤਾ ਹੈ ਸੋ ਆਪਣੇ ਕਰਮਾ ਕੋ ਭੋਗਤਾ ਹੈ ਅਰ ਜੋ ਬਸਤ੍ਰ ਨਹੀਂ ਪਹਿਰਤਾ ਅਰ ਲਕੜੀਆਂ ਆਦਕ ਕੇ ਵਾਸਤੇ ਦਿਨੇ ਰਾਤੀ ਕਰੋਧ ਕਰਤਾ ਹੈ ਅਰ ਗਯਾਨ ਕੇ ਸਮਝੇ ਬਿਨਾ ਮੋਨ ਹੋਇ ਬੈਠਤਾ ਹੈ ਅਰ

ਵਾਸਨਾ ਨਹੀਂ ਮਿਟਦੀਆਂ ਅਰ ਪੈਰੀ ਨੰਗਾ ਫਿਰਦਾ ਹੈ ਅਰ ਮੈਲਾਦਕ ਖਾਵਤਾ ਹੈ ਸੋ ਸਿਰ ਛਾਈ ਪਾਵਤਾ ਹੈ ਕਯੋਂਕਿ ਪਰਮੇਸਰ ਕੇ ਨਾਮ ਬਿਨਾ ਮੂਰਖ ਹੈ ਅਰ ਆਪਣੀ ਪਤ ਗਵਾਵਤਾ ਹੈ ਅਰ ਬਿਬਾਣ ਮੈਂ ਰਹਿਤਾ ਹੈ ਅਰ ਮੜੀਆਂ ਮਸਾਣਾਂ ਮੈਂ ਬਸਤਾ ਹੈ ਸੋ ਅੰਧਾ ਪਛੋਤਾਵਤਾ ਹੈ ਕਯੋਂ ਜੋ ਸਤਿਗੁਰਾਂ ਨੂੰ ਮਿਲਕੇ ਗਯਾਨ ਕੋ ਪ੍ਰਾਪਤ ਨਹੀਂ ਕਰਤਾ ਅਰ ਸਤਿਗੁਰਾਂ ਦੇ ਸੇਵੇ ਬਿਨਾ ਗਤਿ ਨਹੀਂ ਹੁੰਦੀ ਤਾਂਤੇ ਜੋ ਸਤਿਗੁਰਾਂ ਨੂੰ ਮਿਲਕੇ ਨਾਮ ਜਪਤੇ ਹੈਂ ਤੋ ਤਿਨਕੀ ਹਉਮੈ ਭੀ ਅਰ ਆਸ ਅੰਦੇਸਾ ਭੀ ਦੂਰ ਹੋ ਜਾਤਾ ਹੈ ॥ ੨ ॥ ਪਉੜੀ ਕਹਿਤੀ ਹੈ ਕਿ ਸੋਈ ਭਗਤਿ ਤੇਰੇ ਮਨ ਭਾਵਦੇ ਹਨ ॥

ਅਰ ਤੇਰੇ ਦੁਆਰੇ ਪਰ ਕੀਰਤਨ ਕਰਤੇ ਹਨ ਅਰ ਜੇਹੜੇ ਸੁਭ ਕਰਮ ਨਹੀਂ ਕਰਤੇ ਅਰ ਧਾਵਨੀਆਂ ਪਰੇ ਕਰਤੇ ਹੈਂ ਸੋ ਸਾਧ ਸੰਗਤ ਦੇ ਦਰ ਵਾਹਗੁਰੂ ਦੇ ਦੁਆਰੇ ਢੋਈ ਨਹੀਂ ਲਹਤੇ ਅਰ ਇਕ ਆਪਣਾ ਮੂਲ ਜੋ ਹੈ ਪ੍ਰਮਾਤਮਾ ਤਿਸਕੋ ਨਹੀਂ ਬੂਝਤੇ ਅਰ ਦੇਹ ਅਭਮਾਨ ਕਰਕੇ ਹਉਮੈਂ ਪੜੇ ਕਰਤੇ ਹੈਂ ਅਰ ਮੈਂ ਜੋ ਹਉ ਸੋ ਪ੍ਰਮੇਸਰ ਕਾ ਢਾਢੀ ਹੌਂ ਅਰ ਮੇਰੀ ਜਾਤ ਭੀ ਨੀਚ ਹੈ ਅਰ ਹੋਰ ਆਪ ਕਉ ਜਾਤ ਸਦਾਇਦੇ ਹਨ ਅਰ ਮੈਂ ਤਿਨਾਂ ਦੀ ਸੰਗਤ ਮੰਗਦਾ ਹਾਂ ਜੋ ਜੇਹੜੇ ਤੇਰਾ ਭਜਨ ਕਰਤੇ ਹਨ ॥ ੯ ॥ ਜਾਂ ਇਤਨੇ ਵਚਨ ਬਾਬੇ ਕਹੇ ਤਾਂ ਪੀਰ ਕਹੇ ਜੀ ਤੁਸਾਂ ਜੋ ਟੁੰਡੇ ਅਸਰਾਜੇ ਕੀ ਧੁਨ ਪਰ ਵਾਰ ਕਹੀ ਹੈ ਸੋ ਟੁੰਡਾ ਅਸਰਾਜ ਕਵਨ ਹੈ ਤਾਂ ਬਾਬੇ ਕਹਿਆ ਇਕ ਭੂਮੀਏ ਕੇ ਦੋਨੋਂ ਪੁਤਰ ਹੋਏ ਹੈਂ ਅਰ ਉਨਾਂ ਨੇ ਆਪਸ ਵਿਚ ਜੁਧ ਕੀਤਾ ਹੈ ਅਰ ਉਨਕਾ ਪਿਤਾ ਭੀ ਵਿਖਈ ਹੂਆ ਹੈ ਅਤੇ ਅਸਰਾਜਾ ਭੀ ਵਿਖਈ ਹੂਆ ਹੈ ਅਰ ਟੁੰਡਾ ਸੁਭ ਕਰਮੀ ਹੂਆ ਹੈ ਸੋ ਉਸ ਪਾਤਿਸਾਹ ਨੂੰ ਮਿਲ ਕੇ ਅਰ ਪਾਤਿਸਾਹ ਕੀਆਂ ਫੌਜਾਂ ਲੈ ਕੇ ਅਸਰਾਜੇ ਦਾ ਮੁਲਕ ਜੀਤ ਲੀਆ ਹੈ ਸੋ ਤੈਸੇ ਬਿਬੇਕ ਅਰ ਮੋਹ ਦੋਨੋਂ ਮਨ ਕੇ ਪੁਤ੍ਰ ਹੈਂ ਅਰ ਬਿਬੇਕ ਸਾਧ ਸੰਗਤ ਨੂੰ ਮਿਲ ਕੇ ਮੋਹ ਨੂੰ ਜਿੱਤ ਲੇਤਾ ਹੈ ॥ ਤਾਂ ਫਿਰ ਬਾਬੇ ਕਹਿਆ ਕਿ ਫਰੀਦ ਦਾ ਪੀਰ ਕਉਨ ਹੂਆ ਹੈ ਤਾਂ ਸੇਖ ਬ੍ਰਹਮ ਕਹਿਆ ਕਿ ਫਰੀਦ ਨੂੰ ਉਪਦੇਸ ਮਾਤਾ ਕਾ ਹੂਆ ਹੈ ਅਰ ਪਹਿਲੇ ਬਾਰਾਂ ਬਰਸ ਕੰਦ ਮੂਲ ਖਾਤਾ ਫਿਰਿਆ ਹੈ ਅਰ ਫੇਰ ਬਾਰਾਂ ਬਰਸ ਕਾਠ ਦੀ ਰੋਟੀ ਲੀਏ ਫਿਰਿਆ ਹੈ ਅਰ ਫੇਰੁ ਖੂਹ ਮੈਂ ਉਲਟਾ ਹੋ ਲਟਕਯਾ ਹੈ ਤਾਂ ਖੁਦਾ ਨੇ ਉਸਕੋ ਦੀਦਾਰ ਦੀਆ ਹੈ ਅਰ ਫਰੀਦ ਨੇ ਕਹਿਆ ਹੈ ਕਿ ਫਿਰ ਸਦੀਵਕਾਲ ਮੈ ਤੇਰਾ ਦੀਦਾਰ ਕਿਥੇ ਕਰਾਂ ਤਾਂ ਖੁਦਾਇ ਨੇ ਕਹਿਆ ਕਿ ਸੰਤੋਂ ਮੈ ਮੇਰਾ ਦੀਦਾਰ ਕੀਆ ਕਰ ਤਾਂ ਫਰੀਦ ਕੰਦ ਮੂਲ ਖਾਂਦਾ ਸੀ ਅਤੇ ਏਕ ਹੀ ਕਮਲੀ ਰਖਦਾ ਸੀ ਅਰ ਜਹਾਂ ਤੁਮ ਬੈਠੇ ਹੋ ਤਹਾਂ ਤਹਾਂ ਇਕ ਸਾਧ ਆਇ ਰਹੇ ਸੇ ਅਰ ਫਰੀਦ ਦਿਨ ਨੂੰ ਘਰ ਰਹੇ ਅਰ ਰਾਤ ਸਾਰੀ ਉਨਕੇ

ਸਾਥ ਚਰਚਾ ਕਰਤਾ ਰਹੇ ਸੋ ਇਕ ਦਿਨ ਬਹੁਤ ਵਰਖਾ ਹੋਈ ਅਰ ਤਿਸ ਵਰਖਾ ਮੇ ਭੀ ਸੰਤ ਸਾਧਾਂ ਮੇਂ ਜਾਇ ਪ੍ਰਾਪਤ ਹੂਆ ਅਰ ਉਨਾਂ ਨੇ ਖੁਸੀ ਹੋਇ ਕਰ ਗਿਆਨ ਦੀਆ ਅਰ ਨਾਉਂ ਉਨਾਂ ਬਤਾਇਆ ਤਾਂ ਫਰੀਦ ਕਹਿਆ ਕਿ ਜੋ ਇਨਾਂ ਸਲੋਕਾਂ ਦਾ ਅਰਥ ਸਮਝਾਏਗਾ ਸੋ ਮੇਰਾ ਪੀਰ ਜਾਨਣ ॥

ਸਲੋਕ ॥ ਫਰੀਦਾ ਗਲੀਏ ਚਿਕੜੁ ਦੂਰਿ ਘਰਿ ਨਾਲਿ ਪਿਆਰੇ ਨੇਹੁ ॥
ਚਲਾ ਤ ਭਿਜੈ ਕੰਮਲੀ ਰਹਾ ਤਾ ਤੁਟੈ ਨੇਹੁ ॥ ਭਿਜਉ ਸਿਜਉ ਕੰਮਲੀ
ਅਲਹੁ ਬਰਸਉ ਮੇਹੁ ॥ ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ ॥ ੧ ॥

ਤਾਂ ਬਾਬੇ ਕਹਿਆ ਗਲੀਆ ਜੋ ਹੈਨ ਸੋ ਸਰੀਰ ਦੀਆਂ ਇੰਦ੍ਰੀਆਂ ਹੈਨ ਅਰ ਚਿਕੜ ਜੋ ਹੈ ਸੋ ਵਿਖਅਹੁ ਕੀਆਂ ਵਾਸਨਾ ਹੈਨ ਅਰ ਪਿਆਰਾ ਜੋ ਪ੍ਰਾਪਤਿ ਹੋਤਾ ਹੈ ਸੋ ਵੈਰਾਗ ਕਰ ਹੋਤਾ ਹੈ ਅਰ ਵੈਰਾਗ ਕਰੀਤਾ ਹੈ ਤਾਂ ਮਨ ਵਿਖਅਹੁ ਕੋ ਚਾਹਤਾ ਹੈ ਅਰ ਜੇ ਵੈਰਾਗ ਨਹੀਂ ਕਰੀਤਾ ਤਾਂ ਪ੍ਰਮੇਸੁਰ ਨਹੀਂ ਪ੍ਰਾਪਤਿ ਹੋਤਾ ਤਾਂਤੇ ਜਬ ਪਦਾਰਥ ਮਨ ਕੋ ਮਿਥਿਆ ਦਿਖਾਈਅਨਗੇ ਤੇ ਸੰਤਾਂ ਦਾ ਸੰਗ ਕਰੀਏਗਾ ਤਬ ਪ੍ਰਮੇਸੁਰ ਪ੍ਰਾਪਤਿ ਹੋਵੈਗਾ ਤਾਂ ਪੀਰ ਕਹਿਆ ਮੈਂ ਵਿਦਾ ਹੋਤਾ ਹੋਂ ਅਰ ਮੁਝ ਕੋ ਆਪਣਾ ਸਿਖ ਜਾਣਕੇ ਫੇਰ ਵੀ ਦਰਸਨ ਦੇਵਣਾ ਤਾਂ ਬਾਬੇ ਕਹਿਆ ਮਰਦਾਨਿਆ ਅਖੀਂ ਮੀਟ ਤਾਂ ਮਰਦਾਨੇ ਅਖੀਆਂ ਮੀਟ ਕੇ ਖੋਲੀਆਂ ਤੋ ਕਿਆ ਵੇਖੇ

ਰਾਇਬੁਲਾਰ ਨਾਲ ਗੋਸਟ

ਤਲਵੰਡੀ ਕੇ ਬਾਗ ਮੇ ਆਇ ਬੈਠੇ ਤਾਂ ਫਿਰ ਬਾਬਾ ਸਾਦਾ ਸੰਤਾਂ ਨਾਲ ਸੰਗਤ ਕਰੇ ਸੋ ਜਬ ਬਾਬਾ ਬਰਸਾਂ ਨਵਾਂ ਕਾ ਹੋਇਆ ਤਾਂ ਲੋਕਾਂ ਕਹਿਆ ਕਾਲੂ ਤੂੰ ਪੁਤ੍ਰ ਨੂੰ ਜਗਜੋਪਵੀਤ ਪਵਾਇ ॥ ਅਰ ਕੁਛ ਕਰਮ ਧਰਮ ਮਤਿ ਸਿਖੇ ਜੋ ਇਸਕਾ ਮਨ ਠਹਿਰੇ ਤਾਂ ਇਕ ਦਿਨ ਰਾਇ ਬੁਲਾਰ ਜੋ ਰਾਇ ਭੋਇ ਦਾ ਪੁਤ੍ਰ ਸੀ ਸੋ ਤਿਸਨੇ ਬਾਬੇ ਨੂੰ ਸਦਿਆ ਅਰ ਕਹਿਆ ਕਿ ਤੂੰ ਅਸਾਡੀ ਕੰਮਦਾਰੀ ਲੈ ਤਾਂ ਬਾਬੇ ਕਹਿਆ ਅਸੀਂ ਸਚੇ ਸਾਈਂ ਦੀ ਕੰਮਦਾਰੀ ਲਗੇ ਹੋਏ ਹਾਂ ਅਸਾਂਥੋਂ ਕੂੜਿਆਂ ਰਾਜਿਆਂ ਦੀ ਕੰਮਦਾਰੀ ਨਹੀਂ ਹੁੰਦੀ ਤਾਂ ਫਿਰ ਬਾਬੇ ਸਲੋਕ ਕਹਿਆ ॥

ਸਲੋਕੁ ਮ: ੧ ॥ ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ ॥ ਕੂੜੁ ਮੰਡਪ ਕੂੜੁ
ਮਾੜੀ ਕੂੜੁ ਬੈਸਣਹਾਰੁ ॥ ਕੂੜੁ ਸੁਇਨਾ ਕੂੜੁ ਰੁਪਾ ਕੂੜੁ ਪੈਨ੍ਹਣਹਾਰੁ ॥ ਕੂੜੁ
ਕਾਇਆ ਕੂੜੁ ਕਪੜੁ ਕੂੜੁ ਰੂਪੁ ਅਪਾਰੁ ॥ ਕੂੜੁ ਮੀਆ ਕੂੜੁ ਬੀਬੀ ਖਪਿ ਹੋਏ

ਖਾਰੁ ॥ ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰੁ ॥ ਕਿਸੁ ਨਾਲਿ ਕੀਚੈ ਦੋਸਤੀ ਸਭੁ ਜਗੁ ਚਲਣਹਾਰੁ ॥ ਕੂੜੁ ਮਿਠਾ ਕੂੜੁ ਮਾਖਿਉ ਕੂੜੁ ਡੋਬੇ ਪੂਰੁ ॥ ਨਾਨਕੁ ਵਖਾਣੈ ਬੇਨਤੀ ਤੁਧੁ ਬਾਝੁ ਕੂੜੋ ਕੂੜੁ ॥ ੧ ॥ ਮ: ੧ ॥ ਸਚੁ ਤਾਂ ਪਰੁ ਜਾਣੀਐ ਜਾ ਰਿਦੈ ਸਚਾ ਹੋਇ ॥ ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ ॥ ਸਚੁ ਤਾ ਪਰੁ ਜਾਣੀਐ ਜਾ ਸਚਿ ਧਰੇ ਪਿਆਰੁ ॥ ਨਾਉ ਸੁਣਿ ਮਨੁ ਰਹਸੀਐ ਤਾ ਪਾਏ ਮੋਖ ਦੁਆਰੁ ॥ ਸਚੁ ਤਾ ਪਰੁ ਜਾਣੀਐ ਜਾ ਜੁਗਤਿ ਜਾਣੈ ਜੀਉ ॥ ਧਰਤਿ ਕਾਇਆ ਸਾਧਿ ਕੈ ਵਿਚਿ ਦੇਇ ਕਰਤਾ ਬੀਉ ॥ ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ ॥ ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ ॥ ਸਚੁ ਤਾਂ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ ॥ ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸੁ ॥ ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ ॥ ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ ॥੨॥ ਪਉੜੀ ॥ ਦਾਨੁ ਮਹਿੰਡਾ ਤਲੀ ਖਾਕੁ ਜੇ ਮਿਲੈ ਤ ਮਸਤਕਿ ਲਾਈਐ ॥ ਕੂੜਾ ਲਾਲਚੁ ਛਡੀਐ ਹੋਇ ਇਕ ਮਨਿ ਅਲਖੁ ਧਿਆਈਐ ॥ ਫਲੁ ਤੇਵੇਹੋ ਪਾਈਐ ਜੇਵੇਹੀ ਕਾਰ ਕਮਾਈਐ ॥ ਜੇ ਹੋਵੈ ਪੂਰਬਿ ਲਿਖਿਆ ਤਾ ਧੂੜਿ ਤਿਨ੍ਹਾ ਦੀ ਪਾਈਐ ॥ ਮਤਿ ਥੋੜੀ ਸੇਵ ਗਵਾਈਐ ॥ ੧੦ ॥

ਤਾਂ ਬਾਬੇ ਕਹਿਆ ਕਿ ਰਾਜਾ ਭੀ ਕੂੜ ਹੈ ਅਤੇ ਪਰਜਾ ਭੀ ਕੂੜ ਹੈ ਅਰ ਸੰਸਾਰ ਭੀ ਕੂੜ ਹੈ ਅਰ ਮੰਡਪ ਅਤੇ ਮਹੱਲ ਤੇ ਬੈਸਣ ਵਾਲੇ ਸਭ ਕੂੜ ਹੀ ਹੈਂ ਅਰ ਸੁਇਨਾਂ ਰੂਪਾ ਅਰ ਪੈਨਣ ਵਾਲੇ ਸਭ ਕੂੜ ਹੀ ਹੈਂ ॥ ਅਰ ਕਾਂਇਆਂ ਅਤੇ ਕਪੜ ਅਰ ਰੂਪ ਸਭ ਕੂੜਾ ਹੈ ਅਰ ਮੀਆਂ ਅਤੇ ਬੀਬੀਆਂ ਖਪਿ ਖਪਿ ਰਹੇ ਹੈਂ ਅਰ ਖੁਆਰ ਹੋਤੇ ਹੈਂ ਅਰ ਕਿਸਕੇ ਨਾਲ ਦੋਸਤੀ ਹੈ ਸੋ ਸਭ ਜਗ ਚਲ ਜਾਣਾ ਹੈ ਅਰ ਜੈਸੇ ਮਖੀਆਂ ਮਾਖਿਓਂ ਕੋ ਛੋਡ ਨਹੀਂ ਸਕਤੀਆਂ ਹੈਂ ਤੈਸੇ ਮਨੁਖ ਪਦਾਰਥੋਂ ਮੈਂ ਪਏ ਪੂਰਾਂ ਦੇ ਪੂਰ ਡੁਬਦੇ ਹੈਂ ਗੁਰੂ ਨਾਨਕ ਜੀ ਕਹਿੰਦੇ ਹੈਨ ਕਿ ਵਾਹਗੁਰੂ ਕੇ ਨਾਮ ਤੋਂ ਬਿਨਾਂ ਸਭ ਕੂੜ ਹੈਂ ਤਾਂ ਰਾਇਬੁਲਾਰ ਕਹਿਆ ਕਿ ਸਚਾ ਕਿਉਂ ਕਰ ਹੋਵੀਤਾ ਹੈ ॥ ੧ ॥ ਤਾਂ ਬਾਬੇ ਕਹਿਆ ਸਚਾ ਤਦਿ ਹੋਂਦਾ ਹੈ ਜੇ ਇਸਦਾ ਰਿਦਾ ਸਚਾ ਹੋਵੈ ਅਰ ਮਾਇਆ ਨੂੰ ਆਪਣੀ ਨਾ ਕਰਕੇ ਜਾਣੈ ਖੁਦਾਇ ਦੀ ਕਰਿ ਜਾਣੈ ਅਤੇ ਖੁਦਾਇ ਦੇ ਨਾਇ ਦੇਵੈ ਅਰ ਪਰਮੇਸਰ ਕਾ ਨਾਮ ਸੁਣੇ ਅਰ ਸੁਣ ਕੇ ਪ੍ਰਸੰਨ ਹੋਵੈ ਅਰ ਜੀਅ ਕੀ ਜੁਗਤਿ ਜਾਣੈ ਅਰ ਧਰਤੀ ਰੂਪੀ ਕਾਇਆਂ ਕਉ ਸੇਵਾ ਟਹਿਲ ਕਰ ਸਾਧੇ ਅਰ ਕਰਤੇ ਕਾ ਨਾਮ ਬੀਜ ਪਾਵੈ ਅਰ ਸਚੀ ਸਿਖਿਆ ਦੇਵੈ ਅਰ ਜੀਆਂ ਪਰ ਦਾਨ ਕਰੇ ਅਰ ਆਤਮ ਗਿਆਨ

ਮੈ ਨਿਵਾਸ ਕਰੈ ਸੋ ਐਸਾ ਸਚ ਜੋ ਹੈ ਸੋ ਸਭਨਾਂ ਦਾ ਦਾਰੂ ਹੈ ਅਰ ਪਾਪਾਂ ਨੂੰ ਧੋਵਣ ਵਾਲਾ ਹੈ ਅਤੇ ਸ੍ਰੀ ਗੁਰੂ ਨਾਨਕ ਜੀ ਬੇਨਤੀ ਕਰਦੇ ਹਨ ਕਿ ਜਿਨਾ ਦੇ ਪਲੇ ਸਚ ਹੁੰਦਾ ਹੈ ਉਨਾਂ ਦੇ ਸੰਸਕਰ ਹੋਰਨਾਂ ਦਾ ਭੀ ਉਧਾਰ ਹੁੰਦਾ ਹੈ ਤਾਂਤੇ ਉਨ੍ਹਾਂ ਦਾ ਸੰਗ ਮੰਗੀਏ ॥ ੨ ॥ ਪਉੜੀ ਕਹਤੀ ਹੈ ਕਿ ਦਾਨ ਜੋ ਮੇਰਾ ਹੈ ਸੋ ਸੰਤਾਂ ਦੀ ਧੂੜ ਹੈ ਸੋ ਜੇ ਮਹਾਰਾਜ ਦੀ ਕ੍ਰਿਪਾ ਕਰਕੇ ਮਿਲੇ ਤਾਂ ਮੈ ਮਸਤਕ ਪਰ ਲਾਵਾਂ ਅਰ ਝੂਠੇ ਲਾਲਚ ਛਡ ਕੇ ਅਰ ਇਕ ਮਨ ਹੋਇਕੇ ਅਲਖ ਨੂੰ ਧਿਆਵਾਂ ਕਯੋਂਕਿ ਜੇਹੀ ਕਾਰ ਕਰੀਤੀ ਹੈ ਤੇਹੋ ਫਲ ਪਾਈਤਾ ਹੈ ਤਾਹੀਤੇ ਸੰਤਾਂ ਦੀ ਧੂੜ ਮੰਗੀਏ ਜੋ ਥੋੜੀ ਸੇਵਦੀ ਬਹੁਤੀ ਸੇਵ ਹੋਇ ਜਾਵੇ ਤਾਂ ਬਾਬੇ ਕਹਿਆ ਕਲਜੁਗ ਮੈ ਸਚ ਛਪਿ ਗਇਆ ਹੈ ਅਰ ਕੂੜ ਪ੍ਰਗਟ ਹੋਇ ਖਲਾ ਹੈ ॥

ਸਲੋਕੁ ਮ: ੧ ॥ ਸਚਿ ਕਾਲੁ ਕੂੜੁ ਵਰਤਿਆ ਕਲਿ ਕਾਲਖ ਬੇਤਾਲ ॥ ਬੀਉ ਬੀਜਿ ਪਤਿ ਲੈ ਗਏ ਅਬ ਕਿਉ ਉਗਵੈ ਦਾਲਿ ॥ ਜੇ ਇਕੁ ਹੋਇ ਤ ਉਗਵੈ ਰੁਤੀ ਹੂ ਰੁਤਿ ਹੋਇ ॥ ਨਾਨਕ ਪਾਹੈ ਬਾਹਰਾ ਕੋਰੈ ਰੰਗੁ ਨ ਸੋਇ ॥ ਭੈ ਵਿਚਿ ਖੁੰਬਿ ਚੜਾਈਐ ਸਰਮੁ ਪਾਹੁ ਤਨਿ ਹੋਇ ॥ ਨਾਨਕ ਭਗਤੀ ਜੇ ਰਪੈ ਕੂੜੈ ਸੋਇ ਨ ਕੋਇ ॥ ੧ ॥ ਮ: ੧ ॥ ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ ॥ ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ ॥ ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ ॥ ਗਿਆਨੀ ਨਚਹਿ ਵਾਜੇ ਵਾਵਹਿ ਰੂਪ ਕਰਹਿ ਸੀਗਾਰੁ ॥ ਉਚੇ ਕੂਕਹਿ ਵਾਦਾ ਗਾਵਹਿ ਜੋਧਾ ਕਾ ਵੀਚਾਰੁ ॥ ਮੂਰਖ ਪੰਡਿਤ ਹਿਕਮਤਿ ਹੁਜਤਿ ਸੰਜੈ ਕਰਹਿ ਪਿਆਰੁ ॥ ਧਰਮੀ ਧਰਮੁ ਕਰਹਿ ਗਾਵਾਵਹਿ ਮੰਗਹਿ ਮੋਖ ਦੁਆਰੁ ॥ ਜਤੀ ਸਦਾਵਹਿ ਜੁਗਤਿ ਨ ਜਾਣਹਿ ਛਡਿ ਬਹਹਿ ਘਰ ਬਾਰੁ ॥ ਸਭੁ ਕੋ ਪੂਰਾ ਆਪੇ ਹੋਵੈ ਘਟਿ ਨ ਕੋਈ ਆਖੈ ॥ ਪਤਿ ਪਰਵਾਣਾ ਪਿਛੈ ਪਾਈਐ ਤਾ ਨਾਨਕ ਤੋਲਿਆ ਜਾਪੈ ॥ ੨ ॥ ਮ: ੧ ॥ ਵਦੀ ਸੁ ਵਜਗਿ ਨਾਨਕਾ ਸਚਾ ਵੇਖੈ ਸੋਇ ॥ ਸਭਨੀ ਛਾਲਾ ਮਾਰੀਆ ਕਰਤਾ ਕਰੇ ਸੁ ਹੋਇ ॥ ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ ॥ ਜਿਨ ਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ ॥੩॥ ਪਉੜੀ ॥ ਧੁਰਿ ਕਰਮੁ ਜਿਨਾ ਕਉ ਤੁਧੁ ਪਾਇਆ ਤਾ ਤਿਨੀ ਖਸਮੁ ਧਿਆਇਆ॥ ਏਨਾ ਜੰਤਾ ਕੈ ਵਸਿ ਕਿਛੁ ਨਾਹੀ ਤੁਧੁ ਵੇਕੀ ਜਗਤੁ ਉਪਾਇਆ ॥ ਇਕਨਾ ਨੋ ਤੂੰ ਮੇਲਿ ਲੈਹਿ ਇਕਿ ਆਪਹੁ ਤੁਧੁ ਖੁਆਇਆ ॥ ਗੁਰ ਕਿਰਪਾ ਤੇ ਜਾਣਿਆ ਜਿਥੈ ਤੁਧੁ ਆਪੁ ਬੁਝਾਇਆ ॥ ਸਹਜੇ ਹੀ ਸਚਿ ਸਮਾਇਆ ॥ ੧੧ ॥

ਇਸ ਕਲਜੁਗ ਮਹਿ ਸਚ ਛਪ ਗਇਆ ਹੈ ਅਰ ਪਾਪਾਂ ਕੇ ਬੈਤਾਲੀ ਆਇ ਫਿਰੇ ਹੈਨ ਅਰ ਅਗਲਿਆਂ ਸਮਿਆਂ ਮੈਂ ਜੋ ਯਗ ਹੋਤੇ ਥੇ ਅਬ ਯਗਾਂ ਕਾ ਬੀਜ ਦੂਰ ਹੋਇ ਗਇਆ ਹੈ ਤਾਹੀ ਤੇ ਬਿਨਾ ਨਾਮ ਦੇ ਹੋਰ ਤਪਸਿਆ ਤਪਿ ਯੋਗ ਸਭ ਚਲੇ ਗਏ ਹਨ ਅਰ ਜੇ ਪਰਮੇਸਰ ਦੇ ਨਾਮ ਦਾ ਅਰ ਮਨ ਨੀਵੇਂ ਦੀ ਪਾਹਿ ਹੋਵੈ ਤਦ ਫਲ ਦੇਤਾ ਹੈ ਅਤੇ ਕੋਰੇ ਕਪੜੇ ਦੀ ਨਿਆਈ ਜੋ ਮਨ ਹੈ ਸੋ ਭੈ ਕੀ ਖੁੰਬ ਸਾਥ ਖੁੰਬ ਚੜਾਈਐ ਅਰ ਸਰਮ ਕੀ ਪਾਹਿ ਹੋਵੇ ਅਰ ਮਹਾਰਾਜ ਕੀ ਭਗਤੀ ਕੀ ਮਜੀਠ ਸਾਥ ਰੰਗ ਚੜਾਈਐ ਤਾਂ ਫੇਰ ਇਸਕਾ ਰੰਗ ਉਤਰਤਾ ਨਹੀਂ ॥ ੧ ॥ ਕਯੋਂਕਿ ਕਲਜੁਗ ਦਾ ਸਿਕਦਾਰ ਜੋ ਹੈ ਸੋ ਕੂੜ ਹੈ ਅਰ ਲਬ ਪਾਪ ਏਹ ਦੋਨੋਂ ਜੋ ਹੈਂ ਸੋ ਰਾਜਾ ਮਹਤਾ ਹੈ ਅਰ ਕਾਮਾਦਿਕ ਜੋ ਹੈਂ ਸੋ ਰਾਜੇ ਕੇ ਨਿਕਟ ਵਰਤੀ ਹੈ ਸੋ ਰਾਜਾ ਉਨਸੇ ਵਿਚਾਰ ਕਰਤਾ ਹੈ ਅਰ ਅੰਧੇ ਜੋ ਅਗਯਾਨੀ ਲੋਕ ਹੈਂ ਸੋ ਤਿਨ ਕੀ ਰਯਤ ਹੈ ਅਰ ਜੈਸੇ ਮਿਰਤਕ ਕੀ ਭਾਹ ਕੰਮ ਨਹੀਂ ਆਵਤੀ ਤੈਸੇ ਵਾਹਗੁਰੂ ਦੇ ਭਜਨ ਬਗੈਰ ਸੁਆਸ ਕੰਮ ਨਹੀਂ ਆਵਤੇ ਅਰ ਜੋ ਜਗਤ ਮੈਂ ਗਯਾਨੀ ਕਹਾਵਤੇ ਹੈਂ ਸੋ ਆਪ ਨਚਤੇ ਹੈਂ ਅਰ ਠਾਕਰਹੁ ਕੇ ਸਾਂਗ ਬਣਾਵਤੇ ਹੈਂ ਅਰ ਵਾਜੇ ਵਜਾਵਤੇ ਹੈ ਅਰ ਊਚਾ ਕੂਕਤੇ ਹੈਂ ਅਰ ਵਾਦਾਂ ਸਹਿਤ ਗਾਵਤੇ ਹੈਂ ਅਰ ਜੋਧਿਆਂ ਕਾ ਵੀਚਾਰ ਗਾਵਤੇ ਹੈ ਅਰ ਧਰਮੀ ਜਉਨ ਸੇ ਹੈਂ ਉਨ ਕਉ ਗਾਵਤੇ ਹੈਂ ਅਰ ਮੁਕਤ ਮਾਂਗਤੇ ਹੈਂ ਅਰ ਜਤੀ ਅਤੀਤ ਕਹਾਵਤੇ ਹੈਂ ਅਰ ਘਰ ਬਾਰ ਛਡ ਬੈਠਤੇ ਹੈਂ ਅਰ ਪਰਾਈਆਂ ਇਸਤਰੀਆਂ ਵਲ ਵੇਖਤੇ ਹੈਂ ਅਰ ਜਗਤ ਜਾਣਤੇ ਨਹੀਂ ਅਰ ਸਭ ਕੋਈ ਆਪੋ ਆਪਣੀ ਜਗਾਂ ਪੂਰਾ ਕਹਾਵਤਾ ਹੈ ਅਰ ਘਟ ਕੋਈ ਨਹੀਂ ਕਹਾਵਤਾ ਪਰ ਜਿਸਕੀ ਪਰਮੇਸਰ ਨਾਲ ਪਤਿ ਰਹੇ ਸੋਈ ਪੂਰਾ ਹੈ ॥੨॥ ਅਰ ਜੇਹੜੀ ਮਹਾਰਾਜ ਨੇ ਕਰ ਛਡੀ ਹੈ ਸੋਈ ਹੂੰਦੀ ਹੈ ਅਰ ਕਿਸੇ ਨੇ ਕਰਮਾਂ ਕੀ ਛਾਲ ਮਾਰੀ ਹੈ ਅਰ ਕਿਸੇ ਨੇ ਤਪਸਿਆ ਕੀ ਅਰ ਕਿਸੇ ਨੇ ਵਿਖਿਆ ਕੀ ਪਰ ਊਹਾਂ ਓਹ ਹੋਵੇਗੀ ਜੋ ਸਾਹਿਬ ਨੂੰ ਭਾਵੇਗੀ ਅਰ ਸਰੀਰ ਅਤੇ ਜਾਤ ਅਰ ਜੋਰ ਈਹਾਂ ਹੀ ਰਹਿ ਜਾਵੇਗਾ ਅਰ ਜਮਗਣਾ ਨਾਲ ਕਿਛ ਨ ਚਲੈਗਾ ॥ ਕਯੋਂਕਿ ਇਨਾਂ ਸਨਬੰਧੀਆਂ ਨੇ ਈਹਾਂ ਹੀ ਰਹਿ ਜਾਣਾ ਹੈ ਅਰ ਅਗੇ ਹੋਰਨਾਂ ਨਾਲ ਵਾਹ ਪਉਣਾ ਹੈ ਜੋ ਨਵੇਂ ਜੀਵ ਹਨ ਤਾਂਤੇ ਜਿਨ ਕੀ ਪਤਿ ਰਹੇਗੀ ਸੇਈ ਚੰਗੇ ਹੋਵਨਗੇ ॥ ੩ ॥ ਪਉੜੀ ਕਹਤੀ ਹੈ ਧੁਰ ਕਰਮ ਜਿਨਾਂ ਦੇ ਮਹਾਰਾਜ ਪਾਇਆ ਹੈ ਸੋਈ ਨਾਮ ਜਪਤੇ ਹੈਂ ਅਰ ਏਨਾਂ ਜੰਤਾਂ ਦੇ ਵਸ ਕਿਛ ਨਹੀਂ ਕਯੋਂਕਿ ਮਹਾਰਾਜ ਤੀਨ ਗੁਣਾਂ ਕਰ ਸ੍ਰਿਸਟ ਉਤਪਤਿ ਕੀਤੀ ਹੈ ਜੋ ਸਾਂਤਕੀਆਂ ਕੋ ਆਪਸ਼ ਮੈਂ ਮੇਲ ਲੇਤਾ ਹੈ ਅਰ ਜੌਨ ਸੇ ਰਾਜਸੀ ਤਾਮਸੀ ਵਿਛੜੇ ਫਿਰਤੇ ਹੈਂ ਪਰ ਜਿਨਕੋ ਸਤਿਗੁਰਾਂ ਦੀ ਕ੍ਰਿਪਾ ਹੋਂਦੀ ਹੈ ਸੋ ਉਨਕੋ ਸਮਝ ਪੜਤੀ ਹੈ

ਅਰ ਸਹਜੇ ਹੀ ਸਚ ਮੈਂ ਸਮਾਇ ਜਾਤੇ ਹੈਂ ॥ ੧ ॥

ਸਲੋਕੁ ਮ: ੧ ॥ ਦੁਖੁ ਦਾਰੂ ਸੁਖੁ ਰੋਗੁ ਭਇਆ ਜਾ ਸੁਖੁ ਤਾਮਿ ਨ ਹੋਈ ॥ ਤੂੰ ਕਰਤਾ ਕਰਣਾ ਮੈ ਨਾਹੀ ਜਾ ਹਉ ਕਰੀ ਨ ਹੋਈ ॥ ੧ ॥ ਬਲਿਹਾਰੀ ਕੁਦਰਤਿ ਵਸਿਆ ॥ ਤੇਰਾ ਅੰਤੁ ਨ ਜਾਈ ਲਖਿਆ ॥ ੧ ॥ ਰਹਾਉ ॥ ਜਾਤਿ ਮਹਿ ਜੋਤਿ ਜੋਤਿ ਮਹਿ ਜਾਤਾ ਅਕਲ ਕਲਾ ਭਰਪੂਰਿ ਰਹਿਆ ॥ ਤੂੰ ਸਚਾ ਸਾਹਿਬੁ ਸਿਫਤਿ ਸੁਆਲਿ੍ਉ ਜਿਨਿ ਕੀਤੀ ਸੋ ਪਾਰਿ ਪਇਆ ॥ ਕਹੁ ਨਾਨਕ ਕਰਤੇ ਕੀਆ ਬਾਤਾ ਜੋ ਕਿਛੁ ਕਰਣਾ ਸੁ ਕਰਿ ਰਹਿਆ ॥ ੨ ॥ ਮ: ੨ ॥ ਜੋਗ ਸਬਦੰ ਗਿਆਨ ਸਬਦੰ ਬੇਦ ਸਬਦੰ ਬ੍ਰਹਮਣਹ ॥ ਖਤ੍ਰੀ ਸਬਦੰ ਸੂਰ ਸਬਦੰ ਸੂਦ੍ਰ ਸਬਦੰ ਪਰਾਕ੍ਰਿਤਹ ॥ ਸਰਬ ਸਬਦੰ ਏਕ ਸਬਦੰ ਜੇ ਕੋ ਜਾਣੈ ਭੇਉ ॥ ਨਾਨਕੁ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ ॥ ੩ ॥ ਮ: ੨ ॥ ਏਕ ਕ੍ਰਿਸਨੰ ਸਰਬ ਦੇਵਾ ਦੇਵ ਦੇਵਾ ਤ ਆਤਮਾ ॥ ਆਤਮਾ ਬਾਸੁਦੇਵਸਿ੍ ਜੇ ਕੋ ਜਾਣੈ ਭੇਉ ॥ ਨਾਨਕੁ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ ॥ ੪ ॥ ਮ: ੧ ॥ ਕੁੰਭੇ ਬਧਾ ਜਲੁ ਰਹੈ ਜਲ ਬਿਨੁ ਕੁੰਭੁ ਨ ਹੋਇ ॥ ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ ॥ ੫ ॥ ਪਉੜੀ ॥ ਪੜਿਆ ਹੋਵੈ ਗੁਨਹਗਾਰੁ ਤਾ ਓਮੀ ਸਾਧੁ ਨ ਮਾਰੀਐ ॥ ਜੇਹਾ ਘਾਲੇ ਘਾਲਣਾ ਤੇਵੇਹੋ ਨਾਉ ਪਚਾਰੀਐ ॥ ਐਸੀ ਕਲਾ ਨ ਖੇਡੀਐ ਜਿਤੁ ਦਰਗਹ ਗਇਆ ਹਾਰੀਐ ॥ ਪੜਿਆ ਅਤੈ ਓਮੀਆ ਵੀਚਾਰੁ ਅਗੈ ਵੀਚਾਰੀਐ ॥ ਮੁਹਿ ਚਲੈ ਸੁ ਅਗੈ ਮਾਰੀਐ ॥੧੨॥

ਤਿਸ ਕਾ ਵਿਚਾਰ ਦੁਖ ਜੋ ਤਪਸਿਆ ਆਦਿਕਾਂ ਵਿਖੇ ਸਹਾਰਣੇ ਹੈਨ ਸੋ ਪਾਪਾ ਕਟਣ ਦਾ ਦਾਰੂ ਹੈਨ ਅਰ ਸੁਖ ਜੋ ਹਨ ਪਰਮੇਸਰ ਦੇ ਭਜਨ ਥੀ ਬਿਨਾਂ ਵਿਖਿਆ ਦੇ ਸੋ ਉਨਾਂ ਥੋਂ ਰੋਗ ਉਤਪਤ ਹੋਂਦੇ ਹੈਨ ਸੋ ਜਿਨਾਂ ਨੂੰ ਆਤਮ ਸੁਖ ਪ੍ਰਾਪਤਿ ਹੋਇਆ ਹੈ ਉਨਾਂ ਨੂੰ ਆਮਨਾ ਅਰੋਗਕਾ ਅਰ ਹੋਰ ਰੋਗ ਨਹੀਂ ਹੋਂਦੇ ਸੋ ਹੇ ਵਾਹਗੁਰੂ ਜੀ ਜੋ ਪਿਛੇ ਕੀਤਾ ਹੈ ਸੋ ਤੁਧੇ ਕੀਤਾ ਹੈ ਅਰ ਅਗੋਂ ਭੀ ਤੁਧੇ ਕਰਨਾ ਹੈ ਕਜੋਂਕਿ ਜਿਨਾਂ ਕੰਮਾਂ ਵਿਚ ਹੌ ਕਰੀਏ ਸੋ ਨਹੀਂ ਹੋਂਦੇ ਤਾਂਤੇ ਮੈਂ ਬਲਿਹਾਰੇ ਹਾਂ ਜੋ ਤੂੰ ਮਾਇਆ ਵਿਚ ਸ਼ਤਾ ਦੇ ਰਹਿਆ ਹੈਂ ਅਰ ਤੇਰਾ ਅੰਤ ਨਹੀਂ ਲਖਿਆ ਜਾਂਦਾ ਅਰ ਜੈਸੇ ਸੂਰਜ ਵਿਖੇ ਜੋਤਿ ਅਰ ਜੋਤਿ ਵਿਖੇ ਸੂਰਜ ਹੈ ਤੈਸੇ ਸ੍ਰਬ ਬੁਧਾਂ ਵਿਖੇ ਤੇਰੀ ਜੋਤਿ ਹੈ ਅਰ ਤੇਰੀ ਜੋਤਿ ਵਿਖੇ ਸਰਬ ਬੁਧਿ ਕਲਪਤ ਹੈਂ ਅਰ ਤੂੰ ਕਲਪਨਾ ਤੋਂ ਰਹਿਤ ਹੈਂ ਅਰ ਸਰਬ ਕਲਾ ਭਰਪੂਰ ਹੈ ਅਰ ਤੂ ਸਚਾ ਸਾਹਿਬ ਹੈਂ ਅਰ ਜਿਨਾਂ ਤੇਰੀ ਸਿਫਤ ਦਾ ਸਲਾਹਣ ਕੀਤਾ ਹੈ ਸੋ ਪਾਰ ਪਏ ਹਨ ਸ੍ਰੀ ਗੁਰੂ ਨਾਨਕ ਜੀ ਕਹਿੰਦੇ ਹਨ ਕਿ ਕਰਤੇ ਦੀਆਂ ਬਾਤਾਂ

ਹਨ ਅਰ ਜੋ ਕੁਛ ਕਰਣਾ ਸੀ ਕਰ ਰਹਿਆ ਹੈ ॥ ੧ ॥ ਅਬ ਸਾਹਿਬ ਸਰਬ ਦੇ ਧਰਮ ਵਰਨਣ ਕਰਦੇ ਹਨ :- ਜੋਗੀਸਰਾਂ ਦਾ ਜੋ ਧਰਮ ਹੈ ਸੋ ਆਪਣੇ ਆਪ ਨੂੰ ਜਾਨਣਾ ਬ੍ਰਾਹਮਣਾਂ ਦਾ ਧਰਮ ਜੋ ਹੈ ਵੇਦ ਪੜਨਾ ਖਤਰੀਆਂ ਦਾਂ ਜੋ ਧਰਮ ਹੈ ਜੋ ਦਾਨ ਦੇਣਾ ਅਰ ਕ੍ਰਿਪਾਨ ਜੋ ਸੂਰ ਹੋਣਾ ਹੈ ਅਰ ਸੂਦਰਾਂ ਤੇ ਵੈਸਾਂ ਦਾ ਜੋ ਧਰਮ ਹੈ ਸੋ ਪਰਾਈ ਟਹਿਲ ਕਰਣੀ ਅਤੇ ਵਣਜ ਕਰਨਾ ਪਰ ਸਰਬ ਧਰਮਾਂ ਦਾ ਏਹ ਧਰਮ ਹੈ ਕਿ ਜੋ ਪਰਮੇਸਰ ਦੇ ਨਾਮ ਦਾ ਭੇਵ ਜਾਨਣਾ ਸੋ ਗੁਰੂ ਨਾਨਕ ਸਾਹਿਬ ਜੀ ਕਹਤੇ ਹੈਨ ਕਿ ਜਿਨਾਂ ਭੇਤ ਜਾਤਾ ਹੈ ਮੈਂ ਉਨਾਂ ਦਾ ਦਾਸ ਹਾਂ ਅਰ ਓਹ ਵਾਹਗੁਰੂ ਕਾ ਰੂਪ ਹੈਨ ਤਾਂਤੇ ਜਿਨਾਂ ਇਕ ਵਾਹਗੁਰੂ ਜੀ ਦੀ ਪੂਜਾ ਕੀਤੀ ਓਨਾ ਸਰਬ ਦੇਵਤਿਆਂ ਦੀ ਪੂਜਾ ਕੀਤੀ ਕਜੋਂ ਜੋ ਸਰਬ ਦੇਵਤਿਆਂ ਦਾ ਪਰਕਾਸਕ ਆਤਮਾ ਹੈ ਅਤੇ ਓਹ ਆਤਮਾ ਕੈਸਾ ਹੈ ਜੋ ਜਿਸਨੇ ਭਗਤਾਂ ਕੇ ਵਾਸਤੇ ਕ੍ਰਿਸਨ ਰੂਪ ਧਾਰਿਆ ਹੈ ਸੋ ਉਸਦਾ ਭੇਵ ਜਾਨਣਾ ਇਹ ਹੈ ਤਾਂਤੇ ਨਿਰਗੁਣ ਸਰਗੁਣ ਦੀ ਅਭੇਦਤਾ ਜਿਨਾ ਜਾਤੀ ਹੈ ਗੁਰੂ ਨਾਨਕ ਜੀ ਕਹਤੇ ਹੈਂ ਕਿ ਮੈਂ ਉਨਾਂ ਦਾ ਦਾਸ ਹੋਂ ਅਰ ਓਹ ਵਾਹਗੁਰੂ ਕਾ ਰੂਪ ਹੈਨ ॥ ਅਤੇ ਜੈਸੇ ਘੜੇ ਵਿਖੇ ਜਲ ਠਹਰਦਾ ਹੈ ਸੋ ਘੜਾ ਜਲ ਤੇ ਮ੍ਰਿਤਕਾ ਬਿਨਾ ਨਹੀਂ ਬਣਦਾ ਤੈਸੇ ਮਨ ਗੁਰਾਂ ਦੇ ਗਿਆਨ ਕਰ ਵਸ ਆਂਵਦਾ ਹੈ ਸੋ ਗਿਆਨ ਗੁਰਾਂ ਬਿਨਾਂ ਨਹੀਂ ਪ੍ਰਾਪਤ ਹੁੰਦਾ ਹੈ ॥ ਪਉੜੀ ਕਹਤੀ ਹੈ ਕਿ ਪੜਿਆ ਜੇ ਪਾਪ ਕਰੇ ਤਾਂ ਉਸ ਬਦਲੇ ਅਣਪੜਿਆ ਜੇ ਭਲਾ ਹੋਵੇ ਓਹ ਨਹੀਂ ਮਾਰੀਦਾ ਕਜੋਂਕਿ ਜੇਹੇ ਕਰਮ ਕਰਦਾ ਹੈ ਤੇਹਾ ਨਾਉਂ ਕਹੀਦਾ ਹੈ ਤਾਂਤੇ ਐਸੇ ਕਰਮ ਨ ਕਰੀਏ ਜਿਸਕਰ ਵਾਹਗੁਰੂ ਕੀ ਦਰਗਾਹ ਵਿਚ ਸ਼ਰਮਿੰਦ ਹੋਵੀਏ ਅਰ ਜੇ ਇਥੇ ਕਿਸੇ ਨੇ ਮੁਲਾਜ਼ਾ ਕਿਸੇ ਦਾ ਕੀਤਾ ਤਾਂ ਕੀ ਹੋਇਆ ਪਰ ਵਾਹਗੁਰੂ ਦੀ ਦਰਗਾਹ ਵਿਚ ਪੜਿਆਂ ਹੋਇਆਂ ਦਿਆਂ ਅਤੇ ਓਮੀਆਂ ਦਿਆਂ ਕਰਮਾਂ ਦਾ ਵਿਚਾਰ ਹੋਣਾ ਹੈ ਅਰ ਜੇੜੇ ਲੋਕਾਂ ਨੂੰ ਠੱਗਣ ਵਾਸਤੇ ਪੜਦੇ ਹੈਨ ਸੋ ਅਗੇ ਮਾਰੀਦੇ ਹੈਨ ਅਥਵਾ ਜਿਨਾਂ ਦੇ ਗੁਰਾਂ ਵਲੋਂ ਮੂੰਹ ਫਿਰੇ ਹਨ ਸੋ ਮਾਰੀਦੇ ਹਨ ਕਜੋਂ ਜੋ ਵਾਹਗੁਰੂ ਸਰਬ ਦਾ ਜਾਤਵਾ ਹੈ ਤਾਂ ਰਾਇ ਬੁਲਾਰ ਆਖਿਆ ਨਾਨਕ ਤੂੰ ਵਲੀ ਹੈਂ ਅਰ ਸੇਵਕਾਂ ਨੂੰ ਕਹਿਆ ਤੁਸੀਂ ਕਾਲੂ ਨੂੰ ਬੁਲਾਇ ਲਿਆਵੋ ਤਾਂ ਓਹ ਕਾਲੂ ਨੂੰ ਬੁਲਾਵਣ ਗਏ ਤਾਂ ਅਗੋਂ ਉਨਾ ਕਹਯਾ ਕਾਲੂ ਬ੍ਰਿਜਨਾਥ ਪਰੋਹਤ ਦੇ ਘਰ ਗਇਆ ਹੋਇਆ ਹੈ ਤਾਂ ਓਹ ਓਥੋਂ ਹੀ ਬੁਲਾਇ ਲਿਆਏ ਤਾਂ ਰਾਇ ਬੁਲਾਰ ਕਹਿਆ ਤੂੰ ਬ੍ਰਿਜਨਾਥ ਦੇ ਘਰ ਕਿਉਂ ਗਿਆ ਸੀ ਤਾਂ ਕਾਲੂ ਕਹਿਆ ਮੈਂ ਪੁਤ੍ਰ ਕੇ ਜਨੇਊ ਕੇ ਪਾਵਣੇ ਵਾਸਤੇ ਲਗਨ ਗਿਣਨ ਗਇਆ ਅਤੇ ਉਸਨੇ ਆਖਿਆ ਹੈ ਕਿ ਸਵਾ ਸਉ ਮਣਾਂ ਲੁਚੀਆਂ ਅਰ ਖੀਰ ਬ੍ਰਹਮਣਾ ਵਾਸਤੇ ਤਯਾਰ ਕਰੋ ਅਰ ਦਸ ਬੱਕਰੇ ਅਰ ਪੰਜ

ਸੈ ਮਣਾ ਔਰ ਪਦਾਰਥ ਖਤ੍ਰੀਆਂ ਵਾਸਤੇ ਤਯਾਰ ਕਰੋ ਅਰ ਇਕ ਮਿਰਗ ਹੋਵੈ ਜੋ ਸਿਕਾਰ ਕਾ ਮਾਰਿਆ ਹੂਆ ਸੋ ਹੋਰ ਤਾਂ ਸਮਿਗ੍ਰੀ ਮੈਂ ਸਭ ਤਿਆਰ ਕਰ ਆਇਆਂ ਹੋਂ ਪਰ ਇਕ ਮਿਰਗ ਦੀ ਤੁਚਾ ਹਥ ਨਹੀਂ ਲਗਤੀ ਤਾਂ ਰਾਇਬੁਲਾਰ ਕਹਿਆ ਮੈਂ ਭਲਕੇ ਸਿਕਾਰ ਚੜੋਂਗਾ ਅਰ ਮਿਰਗ ਮਾਰ ਲਿਆਵੇਂਗਾ ਤਾਂ ਕਾਲੂ ਕਹਿਆ ਕਿ ਭਲਕੇ ਨਉਚੰਦਾ ਆਇਤ ਵਾਰ ਹੈ ਅਰ ਥਿਤ ਪੰਚਮੀ ਹੈ ਸੋ ਮੈਂ ਭਲਕੇ ਨਾਨਕ ਕੋ ਜਨੇਊ ਪਾਵਾਂਗਾ ਤੁਸਾਂ ਮਿਰਗ ਜਰੂਰ ਲਿਆਵਣਾ ਤਾਂ ਬਾਬੇ ਕਹਿਆ ਕਿ ਪੰਜ ਸੈ ਮਣਾ ਲੁਚੀ ਕਚਉੜੀ ਕੜਾਹ ਸਾਧਾਂ ਸੰਤਾਂ ਵਾਸਤੇ ਹੋਰ ਤਿਆਰ ਕਰਨਾ ਜੋ ਸਾਰੇ ਚਉਫੇਰੇ ਤਿਲਵੰਡੀ ਦੇ ਸਾਧ ਉਤਰੇ ਹੋਏ ਹਨ ਤਾਂ ਕਾਲੂ ਗੁਰੂ ਨਾਨਕ ਜੀ ਨੂੰ ਲੈਕਰ ਘਰ ਆਇਆ ਅਰ ਜਗ ਕੀ ਤਿਆਰੀ ਲਗਾ ਕਰਣ ਸੋ ਸਭ ਤਿਆਰੀ ਕਰਕੇ ਬ੍ਰਿਜਨਾਥ ਪੰਡਤ ਦੇ ਘਰ ਗਏ ਅਰ ਸਭ ਬ੍ਰਹਮ ਪੁਰੀ ਅਰ ਸਭ ਸੰਤ ਸਾਧ ਇਕਠੇ ਹੋਏ ਤਾਂ ਕਾਲੂ ਆਖਿਆ ਕਿ ਹੇ ਪਰੋਹਤ ਗੁਰੂ ਨਾਨਕ ਜੀ ਨੂੰ ਗਾਇਤ੍ਰੀ ਮੰਤ੍ਰ ਵੀ ਦੇਹੋ ਅਤੇ ਜਨੇਊ ਭੀ ਪਾਓ ਤਾਂ ਪਰੋਹਤ ਲਗਾ ਗੁਰੂ ਨਾਨਕ ਜੀ ਦੇ ਕੰਨ ਵਿਚ ਗਾਇਤ੍ਰੀ ਮੰਤ੍ਰ ਫੂਕਣ ਤਾਂ ਬਾਬੇ ਪੰਡਿਤ ਨੂੰ ਕਹਿਆ ਕਿ ਤੂੰ ਆਪ ਮੰਤ੍ਰ ਸਿਖਿਆ ਹੋਇਆ ਹੈਂ ਜੋ ਸਾਨੂੰ ਸਿਖਾਵਤਾ ਹੈਂ ਤਾਂ ਉਸ ਆਖਿਆ ਮੈਂ ਸਭ ਕੁਛ ਪੜਿਆ ਹੋਇਆ ਹੈਂ ਪੁਰਾਨ ਸਾਸਤ੍ਰ ਤਾਂ ਬਾਬੇ ਕਹਿਆ ਚਹੁੰ ਵੇਦਾਂ ਦਾ ਮਤ ਕਿਆ ਤਾਂ ਉਸ ਕਹਿਆ ਕਿ ਜੇ ਤੂੰ ਜਾਨਣਾ ਹੈਂ ਤਾਂ ਤੂੰ ਕਹੁ ਤਾਂ ਬਾਬੇ ਸਲੋਕ ਕਹਿਆ ॥

ਸਲੋਕੁ ਮ: ੧ ॥ ਨਾਨਕ ਮੇਰੁ ਸਰੀਰ ਕਾ ਇਕੁ ਰਥੁ ਇਕੁ ਰਥਵਾਹੁ ॥ ਜੁਗੁ ਜੁਗੁ ਫੇਰਿ ਵਟਾਈਅਹਿ ਗਿਆਨੀ ਬੁਝਹਿ ਤਾਹਿ ॥ ਸਤਜੁਗਿ ਰਥੁ ਸੰਤੋਖ ਕਾ ਧਰਮੁ ਅਗੈ ਰਥਵਾਹੁ ॥ ਤ੍ਰੇਤੈ ਰਥੁ ਜਤੈ ਕਾ ਜੋਰੁ ਅਗੈ ਰਥਵਾਹੁ ॥ ਦੁਆਪੁਰਿ ਰਥੁ ਤਪੈ ਕਾ ਸਤੁ ਆਗੈ ਰਥਵਾਹੁ ॥ ਕਲਜੁਗਿ ਰਥੁ ਅਗਨਿ ਕਾ ਕੂੜੁ ਅਗੈ ਰਥਵਾਹੁ ॥ ੧ ॥ ਮ: ੧ ॥ ਸਾਮ ਕਹੈ ਸੇਤੰਬਰੁ ਸੁਆਮੀ ਸਚ ਮਹਿ ਆਛੈ ਸਾਚਿ ਰਹੇ ॥ ਸਭੁ ਕੋ ਸਚਿ ਸਮਾਵੈ ॥ ਰਿਗੁ ਕਹੈ ਰਹਿਆ ਭਰਪੂਰਿ ॥ ਰਾਮ ਨਾਮੁ ਦੇਵਾ ਮਹਿ ਸੂਰੁ ॥ ਨਾਇ ਲਇਐ ਪਰਾਛਤ ਜਾਹਿ ॥ ਨਾਨਕ ਤਉ ਮੋਖੰਤਰੁ ਪਾਹਿ ॥ ਜੁਜ ਮਹਿ ਜੋਰਿ ਛਲੀ ਚੰਦ੍ਰਾਵਲਿ ਕਾਨ੍ਹ ਕ੍ਰਿਸਨੁ ਜਾਦਮੁ ਭਇਆ ॥ ਪਾਰਜਾਤੁ ਗੋਪੀ ਲੈ ਆਇਆ ਬਿੰਦ੍ਰਾਬਨ ਮਹਿ ਰੰਗੁ ਕੀਆ ॥ ਕਲਿ ਮਹਿ ਬੇਦੁ ਅਥਰਬਣੁ ਹੂਆ ਨਾਉ ਖੁਦਾਈ ਅਲਹੁ ਭਇਆ ॥ ਨੀਲ ਬਸਤ੍ਰ ਲੇ ਕਪੜੇ ਪਹਿਰੇ ਤੁਰਕ ਪਠਾਣੀ ਅਮਲੁ ਕੀਆ ॥ ਚਾਰੇ ਵੇਦ ਹੋਏ ਸਚਿਆਰ ॥ ਪੜਹਿ ਗੁਣਹਿ ਤਿਨ੍ਹ ਚਾਰ ਵੀਚਾਰ ॥ ਭਾਉ ਭਗਤਿ ਕਰਿ

ਨੀਚੁ ਸਦਾਏ ॥ ਤਉ ਨਾਨਕ ਮੋਖੰਤਰੁ ਪਾਏ ॥ ੨ ॥ ਪਉੜੀ ॥ ਸਤਿਗੁਰ ਵਿਟਹੁ ਵਾਰਿਆ ਜਿਤੁ ਮਿਲਿਐ ਖਸਮੁ ਸਮਾਲਿਆ ॥ ਜਿਨਿ ਕਰਿ ਉਪਦੇਸੁ ਗਿਆਨ ਅੰਜਨੁ ਦੀਆ ਇਨ੍ਹੀ ਨੇਤ੍ਰੀ ਜਗਤੁ ਨਿਹਾਲਿਆ ॥ ਖਸਮੁ ਛੋਡਿ ਦੂਜੈ ਲਗੇ ਡੁਬੇ ਸੇ ਵਣਜਾਰਿਆ ॥ ਸਤਿਗੁਰੂ ਹੈ ਬੋਹਿਥਾ ਵਿਰਲੈ ਕਿਨੈ ਵੀਚਾਰਿਆ ॥ ਕਰਿ ਕਿਰਪਾ ਪਾਰਿ ਉਤਾਰਿਆ ॥ ੧੩ ॥

ਗੁਰੂ ਨਾਨਕ ਜੀ ਕਹਤੇ ਹੈਂ ਕਿ ਸਰੀਰ ਕਾ ਜੋ ਮੇਰ ਹੈ ਸੋ ਸਰੀਰ ਰਥ ਹੈ ਅਰ ਮਨ ਰਥਵਾਹੀ ਹੈ ਅਰ ਇੰਦ੍ਰੀਆਂ ਘੋੜੇ ਹਨ ਅਰ ਪ੍ਰਾਣਾਂ ਕੇ ਰਸੇ ਅਰ ਵਾਗਾਂ ਹੈਂ ਸੋ ਜੁਗਾਂ ਜੁਗਾਂ ਮੇਂ ਖੇਲ ਵਟਾਈਤਾ ਹੈ ਪਰ ਗਿਆਨਵਾਨ ਇਸਕੋ ਬੁਝਤੇ ਹੈ ਕਯੋਂ ਜੋ ਸਤਜੁਗ ਮੈਂ ਰਥ ਸੰਤੋਖ ਕਾ ਹੈ ਅਰ ਧਰਮ ਰਥਵਾਹੀ ਹੈ ਅਰ ਤ੍ਰੇਤੇ ਮੈ ਰਥ ਜੱਤ ਕਾ ਹੈ ਅਰ ਜੋਰ ਅਗੇ ਰਥਵਾਹੀ ਹੈ ਅਰ ਦੁਆਪਰ ਮੈਂ ਰਥ ਤਪਕਾ ਹੈ ਅਰ ਸਤ ਅਗੇ ਰਥਵਾਈ ਹੈ ਅਰ ਕਲਜੁਗ ਮੈਂ ਰਥ ਅਗਨ ਕਾ ਹੈ ਅਤੇ ਕੂੜ ਅਗੇ ਰਥਵਾਹੀ ਹੈ ॥ ੧ ॥ ਅਰ ਸਾਂਮਵੇਦ ਕਹਤਾ ਹੈ ਕਿ ਹੰਸ ਅਵਤਾਰ ਮਹਾਰਾਜ ਨੇ ਸਤਜੁਗ ਵਿਚ ਧਾਰਿਆ ਹੈ ਅਰ ਸ੍ਵੇਤ ਬਸਤ੍ਰ ਕੀਤੇ ਹੈਂ ਅਰ ਸਭ ਕੋਈ ਸਚ ਬੋਲਤਾ ਥਾਂ ॥ ਰਿਗਵੇਦ ਕਹਤਾ ਹੈ ਕਿ ਤ੍ਰੇਤੇ ਮੈਂ ਸ੍ਰੀ ਰਾਮ ਜੀ ਕਾ ਰੂਪ ਧਾਰਿਆ ਹੈ ਜੋ ਜਿਸਕੇ ਨਾਮ ਲਏ ਤੇ ਪਾਪ ਮਿਟ ਜਾਤੇ ਹੈਂ ਅਰ ਮੁਕਤਿ ਗਤਿ ਪ੍ਰਾਪਤਿ ਹੋਤੀ ਹੈ ਅਰ ਜੁਜਰ ਵੇਦ ਕਹਿਤਾ ਹੈ ਕਿ ਦੁਆਪਰ ਮੈ ਕ੍ਰਿਸਨਾ ਅਵਤਾਰ ਧਾਰਿਆ ਹੈ ਅਰ ਰੁਕਮਣੀ ਕੋ ਜੋਰ ਸੇ ਲੈ ਆਇਆ ਹੈ ਅਰ ਇੰਦ੍ਰ ਸੇ ਪਾਰਜਾਤ ਬ੍ਰਿਛ ਲੈ ਆਇਆ ਹੈ ਅਰ ਗੋਪੀਆਂ ਸਾਥ ਬਿੰਦ੍ਰਾਬਨ ਮੈ ਕਲੋਲ ਕੀਏ ਹੈਂ ਅਰ ਕਲਿਜੁਗ ਮਹਿ ਅਰਥਬਣ ਬੇਦ ਕੀ ਰਿਚਾਸੇ ਕੁਰਾਨ ਹੂਆ ਹੈ ਅਰ ਨੀਲ ਬਸਤ੍ਰ ਕੇ ਕਪੜੇ ਪਹਿਰੇ ਹੈਂ ਅਰ ਖੁਦਾਇ ਅਰ ਅਲਾਕਾ ਉਚਾਰ ਕੀਆ ਹੈ ਜੋਈ ਐਸਾ ਪੁਰਖ ਸਚਿਆਰ ਹੋਵੇ ਜੋ ਸੁਰਮਈ ਪੁਸਾਕ ਪਹਿਰ ਕੇ ਮੱਕੇ ਕੇ ਮਦੀਨੇ ਕੇ ਸਾਥ ਚਰਚਾ ਕਰੇ ਅਰ ਉਨਕੋ ਜੀਤੇ ਤਬ ਹਿੰਦੂ ਕਾ ਧਰਮ ਰਹਨੇ ਦੇਤੇ ਹੈਂ ਨਹੀਂ ਤੋ ਗ੍ਰਾਸ ਲੇਤੇ ਹੈਂ ਅਰ ਕਲਜੁਗ ਮਹਿ ਜੋ ਗੁਰ ਅਰ ਪੰਡਿਤ ਹੈਂ ਸੋ ਬਾਹਰੋਂ ਪਖੰਡ ਜਣਾਵਤੇ ਹੈਂ ਅਰ ਅੰਤਰ ਸਚ ਕਿਸੇ ਨਜਰ ਨਹੀਂ ਆਵਤਾ ॥ ਪਉੜੀ ਕਹਿਤੀ ਹੈ ਕਿ ਸਤਿਗੁਰਾਂ ਥੋਂ ਮੈਂ ਵਾਰਨੇ ਹਾਂ ਕਯੋਂਕਿ ਜਿਨਕੇ ਮਿਲਨੇ ਕਰ ਗੋਬਿੰਦ ਚਿਤ ਆਵਤਾ ਹੈ ਅਰ ਜਿਨਾਂ ਨੇ ਉਪਦੇਸ ਰੂਪੀ ਅੰਜਨ ਬੁਧਕੇ ਨੇਤ੍ਰੋਂ ਕਉ ਦੀਆ ਹੈ ਤੋ ਸਾਰੇ ਜਗਤ ਮੈ ਬ੍ਰਹਮ ਦ੍ਰਿਸਟ ਆਇਆ ਹੈ ਅਰ ਜੋ ਗੁਰਕੋ ਛੋਡ ਕੇ ਦੂਜੇ ਭਾਉ ਮੈਂ ਲਗੇ ਹੈਂ ਸੋ ਜਗਤ ਰੂਪੀ ਸਮੁੰਦਰ ਮੈ ਡੁਬੇ ਹਨ ਅਰ ਸਤਗੁਰ ਜਹਾਜ ਹੈਨ ਪਰ ਕੋਈ ਵਿਰਲੇ ਗੁਰਾਂ ਕੋ ਜਾਣਤੇ ਹਨ ॥ ਅਰ ਜੋ ਗੁਰ ਕੀ ਸਰਨ

ਆਵਤੇ ਹਨ ਤਿਨਕੇ ਜਨਮ ਮਰਨ ਕਟੇ ਜਾਤੇ ਹਨ ॥

ਸਲੋਕੁ ਮ: ੧॥ ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ ॥ ਓਇ ਜਿ ਆਵਹਿ ਆਸ ਕਰਿ ਜਾਹਿ ਨਿਰਾਸੇ ਕਿਤੁ ॥ ਫਲ ਫਿਕੇ ਫੁਲ ਬਕ ਬਕੇ ਕੰਮਿ ਨ ਆਵਹਿ ਪਤ॥ ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆਂ ਤਤੁ ॥ ਸਭੁ ਕੋ ਨਿਵੈ ਆਪ ਕਉ ਪਰ ਕਉ ਨਿਵੈ ਨ ਕੋਇ ॥ ਧਰਿ ਤਾਰਾਜੂ ਤੋਲੀਐ ਨਿਵੈ ਸੁ ਗਉਰਾ ਹੋਇ ॥ ਅਪਰਾਧੀ ਦੂਣਾ ਨਿਵੈ ਜੋ ਹੰਤਾ ਮਿਰਗਾਹਿ ॥ ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ ॥ ੧ ॥ ਮ: ੧ ॥ ਪੜਿ ਪੁਸਤਕ ਸੰਧਿਆ ਬਾਦੰ ॥ ਸਿਲ ਪੂਜਸਿ ਬਗੁਲ ਸਮਾਧੰ ॥ ਮੁਖਿ ਝੂਠ ਬਿਭੂਖਣ ਸਾਰੰ ॥ ਤ੍ਰੈਪਾਲ ਤਿਹਾਲ ਬਿਚਾਰੰ ॥ ਗਲਿ ਮਾਲਾ ਤਿਲਕੁ ਲਿਲਾਟੰ ॥ ਦੁਇ ਧੋਤੀ ਬਸਤ੍ਰ ਕਪਾਟੰ ॥ ਜੇ ਜਾਣਸਿ ਬ੍ਰਹਮੰ ਕਰਮੰ ॥ ਸਭਿ ਫੋਕਟ ਨਿਸਚਉ ਕਰਮੰ ॥ ਕਹੁ ਨਾਨਕ ਨਿਹਚਉ ਧਿਆਵੈ ॥ ਵਿਣੁ ਸਤਿਗੁਰ ਵਾਟ ਨ ਪਾਵੈ ॥ ੨ ॥ ਪਉੜੀ ॥ ਕਪੜੁ ਰੂਪੁ ਸੁਹਾਵਣਾ ਛਡਿ ਦੁਨੀਆ ਅੰਦਰਿ ਜਾਵਣਾ ॥ ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ ॥ ਹੁਕਮ ਕੀਏ ਮਨਿ ਭਾਵਦੇ ਰਾਹਿ ਭੀੜੈ ਅਗੈ ਜਾਵਣਾ ॥ ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ ॥ ਕਰਿ ਅਉਗਣ ਪਛੋਤਾਵਣਾ ॥ ੧੪ ॥

ਸਾਹਿਬ ਬਚਨ ਕਹਤੇ ਹਨ ਕਿ ਸਿੰਮਲ ਰੁਖ ਜੋ ਹੁੰਦਾ ਹੈ ਸੋ ਸਿਧਾ ਹੁੰਦਾ ਹੈ ਅਰ ਬਹੁਤ ਲੰਮਾ ਹੁੰਦਾ ਹੈ ਅਰ ਬਹੁਤ ਮੋਟਾ ਹੁੰਦਾ ਹੈ ਅਰ ਦੂਰੋਂ ਜੋ ਦੇਖਕੇ ਤੋਤੇ ਉਸ ਦੀ ਆਸ ਕਰ ਆਵਤੇ ਹੈਂ ਸੋ ਨਿਰਾਸ ਹੋ ਜਾਤੇ ਹੈਂ ਕਯੋਂਕਿ ਫਲ ਉਸਦੇ ਫਿਕੇ ਹੋਤੇ ਹੈਂ ਅਰ ਫੁਲ ਬਕਬਕੇ ਹੋਤੇ ਹੈਂ ਅਰ ਪਤ੍ਰ ਕੰਮ ਨਹੀਂ ਆਵਤੇ ਅਤੇ ਮਿਠੇ ਰੁਖ ਜੋ ਹੋਤੇ ਹੈਂ ਸੋ ਨੀਵੇਂ ਹੋਤੇ ਹੈਂ ਤੈਸੇ ਕਪਟੀ ਜੋ ਹੋਤੇ ਹੈਂ ਸੋ ਬਾਹਰੋਂ ਭੇਖੀ ਹੋਤੇ ਹੈਂ ਅਰ ਅੰਦਰੋਂ ਪ੍ਰੀਤ ਨਹੀਂ ਹੋਤੀ ਅਤੇ ਜੋ ਗੁਣਵਾਨ ਹੋਤੇ ਹੈਂ ਸੋ ਨੀਵੇਂ ਹੋਤੇ ਹੈਂ ਅਰ ਜੇ ਅੰਦਰੋਂ ਖੋਟਾ ਹੋਵੇ ਤਾਂ ਬਾਹਰੋਂ ਨੀਵਾਂ ਹੋਵਣਾ ਵੀ ਕੰਮ ਨਹੀਂ ਆਵਤਾ ਜੈਸੇ ਬਧਿਕ ਜਿਉਂ ਜਿਉਂ ਨਿਵਤਾ ਹੈ ਤਿਉਂ ਤਿਉਂ ਮ੍ਰਿਗ ਕੋ ਤੀਖਣ ਬਾਣ ਚਲਾਵਤਾ ਹੈ ਅਤੇ ਜੋ ਸਚਾ ਅੰਦਰੋਂ ਹੋਤਾ ਹੈ ਅਰ ਨਿਵਤਾ ਹੈ ਤਾਂ ਤਿਉਂ ਤਿਉਂ ਪਸੰਦ ਆਵਤਾ ਹੈ ਜੈਸੇ ਤਕੜੀ ਕਾ ਛਾਬਾ ਜੇੜਾ ਨਿਵਤਾ ਹੈ ਤਿਸੈ ਕੋ ਸਭ ਕੋਈ ਲੋੜਤਾ ਹੈ ॥ ੧ ॥

ਤਾਂ ਪਰੋਹਤ ਕਹਿਆ ਤੁਸੀਂ ਜਨੇਊ ਪਾਓ ਅਰ ਗਾਇਤ੍ਰੀ ਤਰਪਣ ਸੰਧਿਆ ਸਿਖੋ ਅਰ ਸਾਲ ਗ੍ਰਾਮ ਕੀ ਪੂਜਾ ਕਰੋ ਅਰ ਮਾਲਾ ਤਿਲਕ ਰਖੋ ਜੋ ਖਤ੍ਰੀਆਂ ਦੀ ਪੰਗਤਿ ਬੈਠਣ ਵਾਲੇ ਹੋਵਹੁ ਤਾਂ ਬ੍ਰਹਮਣਾਂ ਨੂੰ ਅਰ ਸਾਧਾਂ ਨੂੰ ਮਦ ਕੇ ਭੋਜਨ ਖਵਾਇਆ

ਅਰ ਖਤ੍ਰੀਆਂ ਨੂੰ ਮਹਾਂ ਪ੍ਰਸਾਦ ਅਤੇ ਪੁਲਾਵ ਖਵਾਇਆ ਤਾਂ ਫਿਰ ਸਭਨਾਂ ਹਥ ਜੋੜ ਕਰ ਅਤੇ ਰੁਪਯਾ ਰੁਪਯਾ ਸਭਨਾਂ ਬ੍ਰਹਮਣਾਂ ਨੂੰ ਦਖਣਾ ਦੇਕਰ ਪੁਸਤਕ ਪਰੋਹਤ ਅਗੇ ਰਖਿਆ ਅਤੇ ਗੋਹੇ ਦਾ ਚਉਂਕਾ ਪਾਇਕੇ ਬਾਬੇ ਨੂੰ ਬਠਾਇਆ ਅਤੇ ਸੂਤਰ ਦਾ ਜਨੇਊ ਪਾਸ ਰਖਿਆ ਤਾਂ ਬਾਬੇ ਕਹਿਆ ਕਿ ਪੁਸਤਕ ਪੜਦੇ ਹੋ ਅਰ ਸੰਧਿਆ ਕਰਦੇ ਹੋ ਅਤੇ ਬਾਦ ਨਹੀਂ ਛਡਦੇ ਅਰ ਸਿਲਾ ਪੂਜਦੇ ਹੋ ਅਰ ਬਗਲੇ ਕੀ ਨਿਆਈ ਸਮਾਧ ਲਗਾਵਤੇ ਹੋ ਪਰ ਝੂਠ ਮੁਖ ਮੈ ਹੋਤਾ ਹੈ ਅਤੇ ਬਾਹਰੋਂ ਬੈਸਨੋ ਹੋ ਰਹਤੇ ਹੋ ਅਰ ਗਾਇਤ੍ਰੀ ਕਾ ਅਰ ਤੀਨ ਸੰਧਿਆ ਕਾ ਬੀਚਾਰ ਕਰਤੇ ਹੋ ਅਰ ਗਲ ਵਿਚ ਮਾਲਾ ਰਖਤੇ ਹੋ ਅਰ ਮਸਤਕ ਪਰ ਤਿਲਕ ਲਗਾਵਤੇ ਹੋ ਅਤੇ ਦੋਇ ਧੋਤੀਆਂ ਰਖਤੇ ਹੋ ਅਰ ਸਿਰ ਪਰ ਰੁਮਾਲ ਵਲੇਟਤੇ ਹੋ ਪਰ ਬ੍ਰਹਮ ਦਾ ਜੋ ਜਾਨਣਾ ਹੈ ਸੋ ਕਰਮਕਰ ਨਹੀਂ ਹੋਤਾ ਅਤੇ ਜਬ ਗਯਾਨ ਪ੍ਰਾਪਤ ਹੋਤਾ ਹੈ ਤਬ ਕਰਮ ਸਭ ਫੋਕਟ ਹੋ ਜਾਤੇ ਹੈਂ ਤਾਂਤੇ ਜੋ ਸਤਿਗੁਰਾਂ ਕਉ ਮਿਲਤੇ ਹੈਂ ਅਰ ਨਾਮ ਕੋ ਨਿਸਚਾ ਕਰ ਧਿਆਵਤੇ ਹੈਂ ਸੋਈ ਗਿਆਨ ਕੀ ਵਾਟ ਕੋ ਪ੍ਰਾਪਤਿ ਹੋਤੇ ਹੈਂ ॥ ੨ ॥ ਪਉੜੀ ਕਹਤੀ ਹੈ ਕਿ ਭੇਖ ਅਰ ਰੂਪ ਜੋ ਹੈ ਸੋ ਸਰੀਰ ਸੰਜੁਗਤ ਹੀ ਇਥੇ ਰਹਿਣਾ ਹੈ ਅਰ ਆਪਣੇ ਮੰਦੇ ਚੰਗੇ ਕਰਮ ਆਪੇ ਹੀ ਭੋਗਣੇ ਹਨ॥ ਹੁਣ ਤਾਂ ਮਨ ਭਾਂਵਦੇ ਹੁਕਮ ਕੀਤੇ ਹਨ ਪਰ ਅਗੇ ਜਮ ਦੇ ਰਾਹ ਭੀੜੇ ਜਾਵਣਾ ਹੈ ਅਰ ਨੰਗਾ ਕਰਕੈ ਦੋਜਕ ਨੂੰ ਚਾਲੀਐਗਾ ਅਰ ਖਰਾ ਡਰਾਵਣਾ ਹੋਵੇਗਾ ਅਰ ਔਗੁਣ ਹੁਣ ਜੋ ਕਰੀਦੇ ਹਨ ਸੋ ਅੰਤ ਨੂੰ ਪਛੋਤਾਉਣਾ ਪਉਸੀ ॥ ੧੪ ॥

ਸਾਖੀ ਜਨੇਊ ਪਾਵਨੇ ਦੀ


ਸਲੋਕੁ ਮ: ੧ ॥ ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥ ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥ ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ ॥ ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ ॥ ਚਉਕੜਿ ਮੁਲਿ ਅਣਾਇਆ ਬਹਿ ਚਉਕੈ ਪਾਇਆ ॥ ਸਿਖਾ ਕੰਨਿ ਚੜਾਈਆ ਗੁਰੁ ਬ੍ਰਾਹਮਣੁ ਥਿਆ ॥ ਓਹੁ ਮੁਆ ਓਹੁ ਝੜਿ ਪਇਆ ਵੇਤਗਾ ਗਇਆ ॥ ੧ ॥ ਮ: ੧ ॥ ਲਖ ਚੋਰੀਆ ਲਖ ਜਾਰੀਆ ਲਖ ਕੂੜੀਆ ਲਖ ਗਾਲਿ ॥ ਲਖ ਠਗੀਆ ਪਹਿਨਾਮੀਆ ਰਾਤਿ ਦਿਨਸੁ ਜੀਅ ਨਾਲਿ ॥ ਤਗੁ ਕਪਾਹਹੁ ਕਤੀਐ ਬਾਮ੍ਹਣੁ ਵਟੇ ਆਇ ॥ ਕੁਹਿ ਬਕਰਾ ਰਿੰਨ੍ਹਿ ਖਾਇਆ ਸਭੁ ਕੋ ਆਖੈ ਪਾਇ ॥ ਹੋਇ ਪੁਰਾਣਾ ਸੁਟੀਐ ਭੀ ਫਿਰਿ ਪਾਈਐ ਹੋਰੁ ॥ ਨਾਨਕ ਤਗੁ ਨ ਤੁਟਈ ਜੇ ਤਗਿ ਹੋਵੈ ਜੋਰੁ ॥ ੨ ॥ ਮ: ੧ ॥ ਨਾਇ ਮੰਨਿਐ ਪਤਿ ਊਪਜੈ

ਸਾਲਾਹੀ ਸਚੁ ਸੂਤੁ ॥ ਦਰਗਹ ਅੰਦਰਿ ਪਾਈਐ ਤਗੁ ਨ ਤੂਟਸਿ ਪੂਤ ॥੩॥ ਮ: ੧ ॥ ਤਗੁ ਨ ਇੰਦ੍ਰੀ ਤਗੁ ਨ ਨਾਰੀ ॥ ਭਲਕੇ ਥੁਕ ਪਵੈ ਨਿਤ ਦਾੜੀ ॥ ਤਗੁ ਨ ਪੈਰੀ ਤਗੁ ਨ ਹਥੀ ॥ ਤਗੁ ਨ ਜਿਹਵਾ ਤਗੁ ਨ ਅਖੀ ॥ ਵੇਤਗਾ ਆਪੇ ਵਤੈ ॥ ਵਟਿ ਧਾਗੇ ਅਵਰਾ ਘਤੈ ॥ ਲੈ ਭਾੜਿ ਕਰੇ ਵੀਆਹੁ ॥ ਕਢਿ ਕਾਗਲੁ ਦਸੇ ਰਾਹੁ ॥ ਸੁਣਿ ਵੇਖਹੁ ਲੋਕਾ ਏਹੁ ਵਿਡਾਣੁ ॥ ਮਨਿ ਅੰਧਾ ਨਾਉ ਸੁਜਾਣੁ ॥ ੪ ॥ ਪਉੜੀ ॥ ਸਾਹਿਬੁ ਹੋਇ ਦਇਆਲੁ ਕਿਰਪਾ ਕਰੇ ਤਾ ਸਾਈ ਕਰਾਇਸੀ ॥ ਸੋ ਸੇਵਕੁ ਸੇਵਾ ਕਰੇ ਜਿਸ ਨੋ ਹੁਕਮੁ ਮਨਾਇਸੀ ॥ ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ ॥ ਖਸਮੈ ਭਾਵੈ ਸੋ ਕਰੇ ਮਨਹੁ ਚਿੰਦਿਆ ਸੋ ਫਲੁ ਪਾਇਸੀ ॥ ਤਾ ਦਰਗਹ ਪੈਧਾ ਜਾਇਸੀ ॥ ੧੫ ॥

ਤਾਂ ਬਾਬੇ ਕਹਿਆ ਪਾਂਧੇ ਸੂਤ੍ਰ ਦਾ ਜਨੇਊ ਮੈਲਾ ਹੋਇ ਜਾਂਦਾ ਹੈ ਅਰ ਤੁਟ ਜਾਂਦਾ ਹੈ ਸੋ ਧਰਮ ਦਾ ਜਨੇਊ ਮੈਨੂੰ ਪਾਓ ਤਾਂ ਪੰਡਤ ਕਹਿਆ ਧਰਮ ਦਾ ਜਨੇਊ ਕੌਣ ਤਾਂ ਬਾਬੇ ਕਹਿਆ ਦਇਆ ਕੀ ਕਪਾਹ ਹੋਵੈ ਅਤੇ ਸੰਤੋਖ ਕਾ ਸੂਤ੍ਰ ਕਤੀਐ ਅਰ ਜਤ ਦੀਆਂ ਗੰਢੀ ਹੋਵਣ ਅਰ ਸਤ ਦਾ ਵੱਟ ਚੜ੍ਹਾਈਐ ਸੋ ਏਹ ਜਨੇਊ ਤੁਟਦਾ ਨਹੀਂ ਜੀਆਂ ਦਾ ਹੈ ਅਤੇ ਜੇ ਤੇਰੇ ਪਾਸ ਤਾਂ ਮੈਨੂੰ ਘਤਿ ਕਯੋਂਕਿ ਏਹ ਜਨੇਊ ਤੁਟਦਾ ਨਹੀਂ ਅਰ ਨ ਇਸਨੂੰ ਮਲ ਲਗਦੀ ਹੈ ਅਰ ਜੇ ਏਹੁ ਸਰੀਰ ਜਲੇ ਭੀ ਤਾਂ ਉਹ ਨਹੀਂ ਜਲਦਾ ਅਤੇ ਧੰਨ ਉਹ ਮਨੁਖ ਹੈਨ ਜਿਨਾਂ ਏ ਜਨੇਊ ਪਾਇਆ ਹੈ ਅਰ ਜੇ ਸੂਤਰ ਕਾ ਜਨੇਊ ਮੁਲ ਅਣਾਈਦਾ ਹੈ ਅਤੇ ਚੌਕੇ ਤੇ ਬੈਠਕੇ ਪਾਈਤਾ ਹੈ ਅਤੇ ਬ੍ਰਹਮਣ ਗਾਇਤ੍ਰੀ ਕੀ ਸਿਖਿਆ ਕੰਨ ਮੋਂ ਚੜ੍ਹਾਵਤਾ ਹੈ ਤਾਂ ਓਹ ਬ੍ਰਹਮਣ ਅਰ ਪਾਵਣ ਵਾਲਾ ਭੀ ਦੋਨੋਂ ਅੰਤ ਨੂੰ ਮਰ ਜਾਂਦੇ ਹਨ ਅਰ ਤਗ ਤੁਟ ਜਾਂਦਾ ਹੈ ॥ ੧ ॥ ਲਖਾਂ ਚੋਰੀਆਂ ਅਰ ਯਾਰੀਆਂ ਅਰ ਕੂੜੀਆਂ ਗਲਾਂ ਅਰ ਠਗੀਆਂ ਅਰ ਪੈਨਾਮੀਆਂ ਦਿਨੇ ਰਾਤ ਜੀਵ ਦੇ ਨਾਲ ਹੁੰਦੀਆਂ ਹਨ ਅਰ ਤਗ ਕਪਾਹ ਦਾ ਕਤੀਐ ਤੇ ਬ੍ਰਹਮਣ ਤੋਂ ਵਟਾਈਐ ਅਰ ਬਕਰੇ ਕੁਹਿਕੇ ਸਰੀਕਾ ਕੋ ਖੁਆਈਦੇ ਅਰ ਪੁਰਾਣਾ ਹੋਇ ਤਾਂ ਸੁਟ ਪਾਈਐ ਸੋ ਜੇੜਾ ਤਗ ਆਪ ਟੁਟ ਜਾਣ ਵਾਲਾ ਹੋਵੈਗਾ ਤਾਂ ਪਾਵਣ ਵਾਲੇ ਨੂੰ ਨਰਕਾਂ ਤੋਂ ਕੀਕੂੰ ਰਖੇਗਾ ॥ ੨ ॥ ਤਾਂਤੇ ਪਰਮੇਸਰ ਦੇ ਨਾਉ ਮੰਨਣ ਦੀ ਕਪਾਹ ਉਗਵੇ ਅਰ ਸਚੀ ਸਲਾਹ ਕਾ ਸੂਤ ਕਤੇ ਅਰ ਸਤਿਗੁਰਾਂ ਕੇ ਦਰਬਾਰ ਸਚ ਕਾ ਤਗ ਪਾਏ ਸੋ ਤਗ ਤੁਟਦਾ ਨਹੀਂ ॥ ੩ ॥ ਅਰ ਜੇ ਇੰਦ੍ਰੀਆਂ ਨੂੰ ਵਿਕਾਰਾਂ ਵਲੋਂ ਤਗ ਨਾ ਪਾਏ ਅਰ ਲਿੰਗ ਇੰਦ੍ਰੀ ਨੂੰ ਬਗਾਨੀ ਇਸਤ੍ਰੀਆਂ ਵਲੋਂ ਤਗ ਨ ਪਾਏ ਅਰ ਪੈਰਾਂ ਨੂੰ ਕੁਸੰਗ ਵਲੋਂ ਤਗ ਨਾਂ ਪਾਏ ਅਰ ਹਥਾਂ ਨੂੰ ਚੋਰੀ ਵਲੋਂ ਤਗ ਨਾ ਪਾਏ ਅਰ ਜਿਹਬਾ ਨੂੰ ਝੂਠ ਬੋਲਣ ਵਲੋਂ ਤਗ ਨਾ ਪਾਏ ਅਰ ਅਖੀਆਂ

ਨੂੰ ਰੂਪ ਦੇਖਣ ਵਲੋਂ ਤਗ ਨਾ ਪਾਏ ਅਤੇ ਆਪ ਵੇਤਗਾ ਹੋਵੈ ਅਰ ਹੋਰਨਾਂ ਨੂੰ ਧਾਗੇ ਵਟ ਵਟ ਪਾਏ ਤਾਂ ਉਸਕੀ ਦਾੜੀ ਮਹਿ ਥੁਕਾਂ ਪਾਉਂਦੀਆਂ ਹੈਂ ਅਰ ਜੋ ਸੇਵਕਾਂ ਨੂੰ ਕਹਿੰਦਾ ਹੈ ਕਿ ਧੀਆਂ ਦੀ ਭਾੜ ਲੈਣੀ ਨਿੰਦ ਹੈ ਅਤੇ ਆਪ ਭਾੜ ਲੈਕੇ ਅਰ ਲਾਗ ਲੈਕੇ ਵੀਵਾਹ ਕਰਾਂਵਦਾ ਹੈ ਤਾਂ ਤੇ ਸੁਨਹੁ ਲੋਕਹੁ ਏਹ ਅਸਚਰਜ ਹੈ ਕਯੋਂਕਿ ਮੰਨ ਅੰਧਾ ਹੈਸ ਅਤੇ ਆਪ ਨੂੰ ਸੁਜਾਣ ਪੰਡਤ ਕਹਾਵਤਾ ਹੈ ॥ ੪ ॥ ਪਉੜੀ ਕਹਤੀ ਹੈ ਕਿ ਜਿਸ ਪਰ ਸਾਹਿਬ ਦਇਆਲ ਹੁੰਦਾ ਹੈ ਉਸ ਥੀ ਭਗਤਿ ਦੀ ਕਾਰ ਕਰਾਵਤਾ ਹੈ ਅਰ ਸੋਈ ਸੇਵਕ ਸੇਵਾ ਕਰਦਾ ਹੈ ਜਿਸਨੋ ਆਪਨਾ ਹੁਕਮ ਮਨਾਵਦਾ ਹੈ ਅਰ ਜੋ ਸਤਿਗੁਰਾਂ ਦਾ ਹੁਕਮ ਮੰਨਦਾ ਹੈ ਸੋ ਸਾਹਿਬ ਦਾ ਮਹਿਲ ਪਾਂਵਦਾ ਹੈ ਅਰ ਜੋ ਭਾਣੇ ਵਿਚ ਚਲਦਾ ਹੈ ਸੋ ਮਨਹੁ ਚਿੰਦੇ ਫਲ ਪਾਵਤਾ ਹੈ ਅਰ ਦਰਗਹ ਪੈਧਾ ਜਾਂਦਾ ਹੈ ॥ ੧੫ ॥ ਤਾਂ ਪਰੋਹਤ ਕਹਿਆ ਹੇ ਕਾਲੂ ਤੇਰਾ ਪੁਤ੍ਰ ਏਹ ਕੋਈ ਦੇਵਤਾ ਪੈਦੇ ਹੋਇਆ ਹੈ ਪਰ ਜਿਵੇਂ ਹਨੂੰਮਾਨ ਨੂੰ ਰਾਵਣ ਬ੍ਰਹਮ ਫਾਸੀ ਪਾਈ ਸੀ ਤੇ ਉਸ ਆਪੇ ਮੰਨ ਲਈ ਸੀ ਸੋ ਏਹ ਭੀ ਜੇ ਆਪੇ ਮੰਨ ਲਵੇਗਾ ਤਾਂ ਜਨੇਊ ਪਾਵੇਗਾ ਤਾਂ ਕਾਲੂ ਆਖਿਆ ਬਚਾ ਮਹਾਂ ਪੁਰਖ ਭੀ ਜਗਤ ਦੀ ਚਾਲ ਕਰਦੇ ਆਏ ਹਨ ਤਾਂ ਬਾਬੇ ਕਹਿਆ ਜਿਵੇਂ ਤੁਸਾਡੀ ਰਜਾਇ ਬਾਬੇ ਨੂੰ ਜਨੇਊ ਪੁਆਇਕੇ ਕਾਲੂ ਘਰ ਲਿਆਇਆ ਬਾਬਾ ਸਦਾ ਸੰਤਾਂ ਨਾਲ ਸੰਗਤ ਕਰੇ ਸੋ ਜਬ ਬਾਬਾ ਦਸਾਂ ਬਰਸਾਂ ਦਾ ਹੋਇਆ ਤਾਂ ॥

ਸਾਖੀ ਮਕਤਬ ਬੈਠਨ ਦੀ



ਇਕ ਦਿਨ ਰਾਇ ਬੁਲਾਰ ਕਹਿਆ ਕਿ ਕਾਲੂ ਜੇ ਤੂੰ ਪੁਤਰ ਨੂੰ ਫਾਰਸੀ ਪੜ੍ਹਾਵੇਂ ਤੇ ਕੰਮ ਸਿਖੇ ਤਾਂ ਸਾਰਾ ਕੰਮ ਤੇਰੇ ਹਵਾਲੇ ਕਰੀਏ ਤਾਂ ਕੁਤਬਦੀਨ ਕਾਜੀ ਪਾਸ ਅਗੇ ਖਤ੍ਰੀਆਂ ਦੇ ਪੁਤ੍ਰ ਪੜਦੇ ਸੈ ਸੋ ਉਸਦੇ ਪਾਸ ਕਾਲੂ ਬਾਬੇ ਨੂੰ ਲੈ ਗਿਆ ਤਾਂ ਮੁਲਾਂ ਕਹ,

ਨਾਨਕ ਤੂੰ ਫਾਰਸੀ ਪੜ ਅਰ ਮੁਲਾਂ ਨੇ ਕਾਇਦਾ ਫਾਰਸੀ ਜੋ ਅਲਫ ਤੋਂ ਯੇ ਤਕ ਲਿਖ ਦਿਤਾ ਅਰ ਲਗਾ ਬਾਬੇ ਨੂੰ ਪੜਾਵਣ ਤਾਂ ਬਾਬੇ ਆਖਿਆ ਤੂੰ ਇਸਦੇ ਮਾਇਨੇ ਜਾਣਨਾਂ ਹੈਂ ਤਾਂ ਮੁਲਾਂ ਕਹਿਆ ਮੈਂ ਤਾਂ ਨਹੀਂ ਜਾਣਤਾ ਅਰ ਜੇ ਤੂੰ ਜਾਣਤਾ ਹੈਂ ਤਾਂ ਸੁਣਾਇ ਤਾ ਬਾਬਾ ਲਗਾ ਸੁਣਾਵਣ ॥

ਬੈਂਤ ॥ ਅਲਫ ਅਲਾ ਨੂੰ ਯਾਦ ਕਰ ਗਫਲਤ ਮਨਹੁ ਵਿਸਾਰ ॥ ਸਾਸ ਪਲਟੇ ਨਾਮ ਬਿਨ ਧ੍ਰਿਗ ਜੀਵਣ ਸੰਸਾਰ ॥ ੧ ॥ ਬੇ ਬਿਦਾਇਤ ਦੂਰ ਕਰ ਕਦਮ ਤਰੀਕਰ ਰਾਖ ॥ ਸਭ ਕਿਸੇ ਨੂੰ ਨਿਵਚਲ ਮੰਦਾ ਕਿਸੇ ਨ ਆਖ ॥ ੨ ॥ ਤੇ ਤੋਬਾ ਕਰ ਆਜਜੀ ਸਾਂਈ ਬੇਪਰਵਾਹ ॥ ਸਾਥ ਨ ਚਲੇ ਕੁਤਬਦੀਨ ਤਿਸਦਾ ਕੀ ਵਿਸਾਹੁ ॥੩॥ ਸੇ ਸਨਾਇਤ ਬਹੁਤ ਕਰ ਖਾਲ਼ਕ ਨੂੰ ਕਰ ਯਾਦ ॥ ਯਾਦ ਨ ਕੀਤੋ ਕੁਤਬਦੀਨ ਜਨਮ ਗਵਾਇਓ ਬਾਦ ॥ ੪ ॥ ਜੀਮ ਜਮਾਇਤ ਜਮਾ ਕਰ ਪੰਜ ਨਿਮਾਜ ਗੁਜਾਰ ॥ ਬਾਝੋਂ ਯਾਦ ਖ਼ੁਦਾਇਦੇ ਹੋਸੀ ਬਹੁਤ ਖ਼ੁਆਰ ॥ ੫ ॥ ਹੇ ਹਮਾਇਤ ਦੂਰ ਕਰ ਸਾਥ ਨ ਚਲਸੀ ਕੋਇ ॥ ਅਜਰਾਈਲ ਫਰੇਸਤਾ ਮਾਰੇ ਬਹੁਤ ਵਿਗੋਇ ॥ ੬ ॥ ਖੇ ਖਿਆਨਤ ਮਨਹਿ ਕਰ ਕਾਰਦ ਨੂੰ ਕਰ ਚਿਤ ॥ ਏ ਸਭ ਕੁਦਰਤ ਨਾਨਕਾ ਜਾਣੇ ਕਰ ਅਨਿਤ ॥ ੭ ॥ ਦਾਲ ਦਲਾਲਤ ਮੁਰਸ ਦੀ ਆਵੈ ਉਥੈ ਕੰਮ ॥ ਬਦ ਅਮਲਾ ਨੂੰ ਛਡਕੇ ਕਰੇ ਯਾਦ ਹਰ ਦੰਮ ॥ ੮ ॥ ਜਾਲ ਜਲਲ ਨ ਹੋਵਈ ਜੇ ਮਾਨੇ ਹੁਕਮ ਫੁਰਮਾਰ ॥ ਸੋਈ ਸਭ ਪੁਸਤਕ ਕਹੇ ਸੋਈ ਕਹੇ ਕੁਰਾਨ ॥ ੯ ॥ ਰੇ ਰਿਆਜਤ ਜੋ ਕਰੇ ਸੋਈ ਹੋਵੈ ਸਾਦ ॥ ਬਾਝੋਂ ਯਾਦ ਖ਼ੁਦਾਇਦੇ ਜਨਮ ਗਵਾਈਐ ਬਾਦ ॥ ੧੦ ॥ ਜੇ ਜਿਆਨ ਨ ਹੋਵਈ ਜੇ ਹਰਦਮ ਚਿਤ ਕਰੇਇ ॥ ਬਾਝੋਂ ਸਾਈਂ ਆਪਣੇ ਝੂਠੇ ਸਾਸ ਭਰੇ ॥ ੧੧ ॥ ਸੀਨ ਸੀਨੇ ਮੇਂ ਸਿਰਰ ਹਕ ਜੋ ਦਮਿ ਦਮਿ ਹੋਵੀ ਯਾਦ ॥ ਜੋ ਦਮ ਖਾਲੀ ਜਾਸੀਆ ਸੋ ਕਦੇ ਨ ਹੋਸੀ ਸਾਦ ॥ ੧੨ ॥ ਸੀਨ ਸੁਕਰ ਕਰ ਹਕ ਦਾ ਜਿਨ ਸੇਹਤ ਬਦਨੀ ਦੀਨ ॥ ਲਖ ਚੌਰਾਸੀ ਜੂਨ ਕਾ ਰਾਜ ਮਾਨਸ ਕੀਨ ॥ ੧੩ ॥ ਸੁਆਦ ਸਬਰ ਕਰ ਦਿਲ ਮੈ ਪਹੁਚੇ ਰਿਜਕ ਨਸੀਬ ॥ ਭੂਖ ਰੋਗ ਜਿਨ ਲਾਇਆ ਸੋਈ ਹਕ ਤਬੀਬ ॥ ੧੪ ॥ ਜੁਆਦ ਜਲਾਲਤ ਛਡਦੇ ਦੇਖੇ ਰਾਇਤ ਮਾਲ ॥ ਸਭ ਕਿਛ ਰਬ ਦਾ ਜਾਣਕੇ ਹਰਦਮ ਰਬ ਸੰਮਾਲ ॥ ੧੫ ॥ ਤੋਇ ਤਰੀਕਤ ਦ੍ਰਿੜ ਕਰ ਮਾਰਫਤੇ ਪਾਇ ਰਾਖ ॥ ਏ ਤਨ ਤੇਰਾ ਕਬਰ ਮੈ ਹੋਸੀ ਢੇਰੀ ਖਾਕ ॥ ੧੬ ॥ ਜੋਇ ਜਰੀਫ ਸੇ ਜਗਤ ਮੈ ਜਿ ਸੋਹਬਤ ਭਲੀ ਕਰੇਨ ॥ ਗੁਰ ਪੀਰਾਂ ਦੇ ਕਹੇ ਤੇ ਸਾਬਤ ਕਦਮ ਧਰੇਨ ॥ ੧੭ ॥ ਐਨ

ਅਨਾਇਤ ਤਿਨਾ ਕੋ ਜੋ ਖਿਦਮਤ ਕਰਦੇ ਪੀਰ ॥ ਬਾਝਹੁ ਖਿਜਮਤ ਟਹਿਲ ਦੇ ਮਰਸਨ ਹੋਹੁ ਜਹੀਰ ॥ ੧੮ ॥ ਗੈਨ ਗਨੀਮ ਸੇਈ ਭਏ ਜੋ ਹਰਦਮ ਨਾਮ ਸਮਾਲ ॥ ਬਾਝਹੁ ਸਚੇ ਨਾਮ ਦੇ ਮੰਦਾ ਹੋਸੀ ਹਾਲ ॥ ੧੯ ॥ ਫੇ ਫਾਰਕ ਹੋ ਦੁਨੀ ਸੇ ਅਪਣੀ ਨਾ ਕਰ ਜਾਨ ॥ ਜੇ ਜਾਣੇਗਾ ਰਬ ਦੀ ਨਾ ਹੋਵੇਗਾ ਹੈਰਾਨ ॥ ੨੦ ॥ ਕਾਫ ਕਿਨਾਇਤ ਪਕੜ ਤੂੰ ਸਾਸ ਨ ਬਿਰਥਾ ਜਾਇ ॥ ਬਦ ਅਮਲਾਂ ਨੂੰ ਛਡ ਕੇ ਚੰਗੇ ਅਮਲ ਕਮਾਇ ॥ ੨੧ ॥ ਗਾਫ ਗਬਰ ਇਹ ਮੰਨ ਹੈ ਜਿ ਇਸਨੂੰ ਵਸਿ ਕਰੇਇ ॥ ਉਪਰ ਰਾਹ ਹਕੀਕਤੀ ਸਚਾ ਕਦਮ ਧਰੇਇ ॥ ੨੨ ॥ ਲਾਮ ਲਾਨਤ ਹੈ ਤਿਨਾਂ ਜੋ ਜਗਾਤ ਨ ਕਢਦੇ ਮਾਲ ॥ ਧਕਾ ਪਉਂਦਾ ਗੈਬਦਾ ਹੋਂਦਾ ਸਭ ਜਵਾਲ ॥ ੨੩ ॥ ਮੀਮ ਮਨਾਂ ਹੈ ਖੁਦ ਰਵੀ ਕਹੇ ਪੀਰ ਕੇ ਭਲ ॥ ਦਾਨ ਨ ਕੀਤੋ ਨਾਨਕਾ ਮਾਇਆ ਜਾਸੀ ਛਲ ॥ ੨੪ ॥ ਨੂੰਨ ਨਦਰ ਕਰ ਸਚ ਦੀ ਦੁਨੀਆਂ ਝੂਠੀ ਜਾਣ ॥ ਜੋ ਦੁਨੀਆਂ ਸਚ ਜਾਣਦੇ ਸੁ ਹੋ ਮਰਦੇ ਹੈਰਾਨ ॥ ੧੫ ॥ ਵਾਉ ਵਲੀ ਸੇਈ ਭਏ ਜੋ ਕਰਦੇ ਸੰਤਾਂ ਸੰਗ ॥ ਜਿਉਂ ਜਿਉਂ ਚਿਤ ਸਾਹਿਬ ਕਰਨ ਤਿਉਂ ਤਿਉਂ ਚੜ੍ਹਦਾ ਰੰਗ ॥ ੨੬ ॥ ਹੇ ਹਰਦਮ ਨੂੰ ਚਿਤ ਰਖ ਦਮ ਦਾ ਨਹੀਂ ਵਿਸਾਹ ॥ ਆਵੇ ਮੂਲ ਨ ਆਵਈ ਨਾ ਰਹੀਏ ਗੁਮਰਾਹ ॥ ੨੭ ॥ ਯੇ ਯਕੀਨਾ ਪੀਰ ਤੇ ਕਰੇ ਤਾਂ ਪਵੇ ਕਬੂਲ ॥ ਨਾਨਕ ਆਖੇ ਕੁਤਬਦੀਨ ਪਹੁਚੇ ਜਾਇ ਰਸੂਲ ॥ ੨੮ ॥ ਲਾਫਨ ਮਾਰੋ ਬਿਨਾ ਗੁਣ ਆਵੇ ਨਾਹੀਂ ਕਾਮ ॥ ਨਾਨਕ ਦਮ ਦਮ ਯਾਦ ਰਖ ਮੁਰਸਦ ਪਾਸ ਸਲਾਮ ॥ ੨੯ ॥ ਛੋਡ ਤਕਬਰ ਗੁਮਰਹੀ ਡਾਢਾ ਰਬ ਪਛਾਣ ॥ ਲੇਖਾ ਦੇਸੀ ਨਾਨਕਾ ਤਾਂ ਪਉਸੀ ਦਰ ਪਰਵਾਣ ॥ ੩੦ ॥

ਜਾਂ ਏਹ ਬਾਂਤ ਬਾਬੇ ਕਹੇ ਤਾਂ ਮੁਲਾਂ ਕਹਿਆ ਹੇ ਕਾਲੂ ਤੇਰਾ ਪੁਤ੍ਰ ਜੋ ਹੈ ਵਲੀ ਹੋਇਆ ਹੈ ਅਰ ਇਹ ਹਿੰਦੂ ਮੁਸਲਮਾਨ ਦੋਹਾਂ ਨੂੰ ਨਿਵਾਵੇਗਾ ਅਰ ਬਨਾਰਸ ਮੈ ਅਤੇ ਮਕੇ ਮਦੀਨੇ ਵਿਖੇ ਇਸਕੀ ਕਿਰਤੀ ਹੋਵੈਗੀ ਤਾਂ ਬਾਬਾ ਤੇ ਕਾਲੂ ਫੇਰ ਘਰ ਆਏ ਬਹੁੜੇ ॥

ਸਾਖੀ ਮਹੀਆਂ ਚਰਾਵਣ ਦੀ

ਬਾਬਾ ਯਾਰਾਂ ਬਰਸਾਂ ਕਾ ਹੂਆ ਤਾਂ ਏਕ ਦਿਨ ਕਾਲੂ ਕਾ ਜੋ ਵਾਗੀ ਗਾਈਆ ਅਰ ਮਹੀਆਂ ਨੂੰ ਚਰਾਂਵਦਾ ਸੀ ਸੋ ਰੁਸ ਗਇਆ ਤਾਂ ਕਾਲੂ ਕਹਿਆ ਜੀ ਮਹੀਂ ਘਰੇ ਖਲੋਤੀਆਂ ਹਨ ਅਰ ਅਸੀਂ ਤਾਂ ਕਾਲੂ ਨੂੰ ਆਖ ਨਹੀਂ ਸਕਤੇ ਜੋ ਚਰਾਇ ਲਿਆਵੇ

ਤਾਂ ਬਾਬੇ ਕਹਿਆ ਕਿ ਸ੍ਰੀ ਕ੍ਰਿਸਨ ਨੇ ਘਰ ਦੀਆਂ ਗਊਆਂ ਚਰਾਈਆਂ ਹੀ ਹੈਨ ਸੇ ਅਸੀਂ ਵੀ ਚਰਾਇ ਲਿਆਵਾਂਗੇ ਤਾਂ ਬਾਬੇ ਖੂੰਡੀ ਲੈਕੇ ਮਹੀਆਂ ਚਰਾਵਣੇ ਗਇਆ ਸੋ ਇਕ ਠੰਡੇ ਬ੍ਰਿਛ ਤਲੇ ਅਰ ਠੰਡੀ ਛਾਵੇਂ ਸਮਾਧ ਲਗਾਇਕੇ ਬਹਿ ਰਹਿਆ ਅਰ ਮਹੀ ਚਰਨੇ ਛੱਡ ਦਿਤੀਆਂ ਤਾਂ ਮਹੀ ਖੇਤ੍ਰੀ ਨੂੰ ਜਾਇ ਪਈਆਂ ਸੋ ਖੇਤ ਖਾਇ ਖਾਇ ਕੇ ਰਜਕੇ ਬਹਿ ਰਹੀਆਂ ਅਰ ਖਾਵੰਦ ਖੇਤੀ ਦਾ ਕਿਆ ਵੇਖੇ ਜੋ ਖੇਤ੍ਰੀ ਮਹੀ ਉਜਾਣ ਗਈਆਂ ਹੈਂ ਤਾਂ ਉਹ ਮਹੀ ਨੂੰ ਹਕਕੇ ਰਾਇ ਬੁਲਾਰ ਪਾਸ ਲੈ ਗਿਆ ਅਰ ਉਸ ਕਿਸਾਣ ਆਖਿਆ ਜੋ ਮਹੀ ਖੇਤ ਉਜਾੜ ਗਈਆਂ ਹੈਂ ਤਾਂ ਰਾਇ ਬੁਲਾਰ ਆਖਿਆ ਕਾਲੂ ਨੂੰ ਸਦੋ ਤਾਂ ਕਾਲੂ ਆਇਆ ਅਰ ਰਾਇਬੁਲਾਰ ਕਹਿਆ ਕਿ ਤੇਰੇ ਪੁਤ੍ਰ ਖੇਤ ਉਜਾੜਿਆ ਹੈ ਸੋ ਤੂੰ ਜਾਇਕੇ ਉਜਾੜਾ ਭਰ ਦੇਹ। ਤਾਂ ਰਾਇਬੁਲਾਰ ਦੇ ਪਿਆਦੇ ਨਾਲ ਲੈਕਰ ਜਿਮੀਦਾਰ ਅਤੇ ਕਾਲੂ ਦੋਨੋਂ ਬਾਬੇ ਨਾਨਕ ਪਾਸ ਆਏ ਜਿਥੇ ਬਾਬਾ ਬੈਠਾ ਹੈਸੀ ਤਾਂ ਕਾਲੂ ਆਇਕੇ ਕਹਿਆ ਕਿ ਹੇ ਨਾਨਕ ਮਹੀਆਂ ਜਿਮੀਦਾਰ ਦਾ ਖੇਤ ਉਜਾੜਿਆ ਹੈ ਅਰ ਰਾਇ ਦੇ ਪਿਆਦੇ ਨਾਲ ਆਂਦੇ ਹੈਨ ਜੋ ਉਜਾੜਾ ਭਰ ਦੇਹ ਤਾਂ ਬਾਬੇ ਕਹਿਆ ਕਿ ਓਥੈ ਤਾਂ ਇਕ ਤੀਲਾ ਭੀ ਨਹੀਂ ਟੁਕਿਆ ਤਾਂ ਪਿਆਦਿਆਂ ਨੂੰ ਨਾਲ ਲੈਕੇ ਖੇਤੀ ਦਿਖਾਈ ਤਾਂ ਖੇਤੀ ਅਗੇ ਨਾਲੋਂ ਭੀ ਸਵਾਈ ਜੰਮੀ ਹੋਈ ਤਾਂ ਵੇਖ ਕੇ ਸਭ ਲੋਕ ਅਸਚਰਜ ਹੋ ਗਏ ਤਾਂ ਫਿਰ ਕਿਤਨੇਕ ਦਿਨ ਬੀਤੇ ਜੋ ਕਿ ਇਕ ਦਿਨ ਰਾਇਬੁਲਾਰ ਸਿਕਾਰ ਚੜਿਆ ਸੀ ਅਤੇ ਬਾਬਾ ਇਕ ਵਣ ਦੇ ਹੇਠ ਠੰਢੀ ਛਾਵੇਂ ਸੁਤਾ ਪਇਆ ਸੀ ਅਰ ਜਬ ਤੀਸਰਾ ਪਹਿਰ ਬੀਤ ਗਇਆ ਤਾਂ ਰਾਇਬੁਲਾਰ ਸਿਕਾਰ ਖੇਡ ਕੇ ਮੁੜਿਆ ਅਰ ਤਦੋਂ ਸਭਨਾਂ ਦਰਖਤਾਂ ਦੀ ਛਾਇਆ ਢਲ ਗਈ ਸੀ ਪਰ ਜਿਸ ਵਣ ਦੇ ਹੇਠ ਬਾਬਾ ਸੁਤਾ ਸੀ ਉਸਦੀ ਛਾਂਵ ਜਿਉਂ ਕੀ ਤਿਉਂ ਖਲੋਤੀ ਸੀ ਤਾਂ ਰਾਇਬੁਲਾਰ ਆਖਿਆ ਕਿ ਭਾਈ ਅਗੇ ਖੇਤੀ ਦੀ ਗਲ ਭੀ ਡਿਠੀ ਸਾਜੇ ਅਤੇ ਹੁਣ ਬ੍ਰਿਛ ਦੀ ਛਾਇਆ ਵਲ ਭੀ ਦੇਖੋ ਅਤੇ ਏਹ ਜਦ ਦਾ ਮੇਰੇ ਦੇਸ ਵਿਚ ਪੈਦੇ ਹੋਇਆ ਹੈ ਤਦ ਦਾ ਮੇਰੇ ਘਰ ਮਾਲ ਅਤੇ ਧਨ ਬਹੁਤ ਹੋਇਆ ਹੈ ਤਾਂਤੇ ਏਹ ਕੋਈ ਖੁਦਾਇ ਦਾ ਵਲੀ ਹੈ ਤਾਂ ਫਿਰ ਜਬ ਬਾਰਾਂ ਬਰਸਾਂ ਦਾ ਹੋਇਆ ਤਾਂ ਅੰਦਰ ਜਾਇਕੇ ਅਰ ਸਮਾਧ ਲਾਇ ਕੇ ਸਵੇਂ ਤਾਂ ਸੁਤਾ ਹੀ ਰਹੇ ਅਤੇ ਜੇ ਬਾਹਰ ਜਾਇ ਬਹੇ ਤਾਂ ਸਿਧ ਆਸਣ ਮਾਰ ਮਾਰ ਕੇ ਬੈਠਾ ਹੀ ਰਹੇ ਤਾਂ ਲੋਕਾਂ ਆਖਿਆ ਕਾਲੂ ਤੂੰ ਕੋਈ ਪੁਤ੍ਰ ਦਾ ਅਉਖਧ ਕਰ ਤਾਂ ਕਾਲੂ ਵੈਦ ਬੁਲਾਇਆ ਅਰ ਵੈਦ ਲਗਾ ਬਾਬੇ ਦੀ ਬਾਹ ਟਟੋਲਣ ਤਾਂ ਬਾਬਾ ਬੋਲਿਆ ॥ ਵੈਦ ਬੁਲਾਇਆ ਵੈਦਗੀ ਪਕੜ ਢੰਢੋਲੇ ਬਾਹਿ ॥ ਭੋਲਾ ਵੈਦ ਨ ਜਾਣਈ ਕਰਕ ਕਲੇਜੇ ਮਾਹਿ ॥ ੧ ॥ ਵੈਦਾ ਵੈਦ ਸੁਵੈਦ ਤੂੰ ਪਹਲਾ ਰੋਗ ਪਛਾਣ ॥ ਐਸਾ ਦਾਰੂ ਲੋੜਿ ਲਹੁ

ਜਿਤ ਵੰਞੇ ਰੋਗਾ ਘਾਨਿ ॥ ੨ ॥ ਜਾਹ ਵੈਦ ਘਰ ਆਪਣੇ ਹਮਰੀ ਆਹਿ ਲੇਹਿ ॥ ਹਉ ਰਤੇ ਸਹੁ ਆਪਣੇ ਤੂੰ ਕਿਸ ਦਾਰੂ ਦੇਇ ॥ ੩ ॥ ਜਿਤ ਦਾਰੂ ਦੁਖ ਉਠ ਜਾਹਿ ਤਨ ਵਸੈ ਸੁਖਿ ਆਇ ॥ ਰੋਗ ਗਵਾਏ ਆਪਣਾ ਤਾਂ ਨਾਨਕ ਵੈਦ ਸਦਾਇ ॥ ੪ ॥ ਜਾਂ ਏਹ ਸਬਦ ਬਾਬੇ ਕਹਿਆ ਤਾਂ ਵੈਦ ਬੋਲਿਆ ਹੇ ਕਾਲੂ ਤੇਰੇ ਪੁਤ੍ਰ ਨੂੰ ਰੋਗ ਕੋਈ ਨਹੀਂ ਤੂੰ ਸੰਸਾ ਨਾ ਕਰ ਕਜੋਂਕਿ ਏਹ ਸਾਂਈ ਦਾ ਭਗਤ ਪੈਦੇ ਹੋਇਆ ਹੈ ਤਾਂ ਫਿਰ ਵੈਦ ਚਲਦਾ ਰਹਿਆ ॥ ਅਤੇ ਬਾਬਾ ਤੇਰਾਂ ਬਰਸਾਂ ਦਾ ਹੋਇਆ ਤਾਂ ਲੋਕਾਂ ਆਖਿਆ ਹੇ ਕਾਲੂ ਤੂੰ ਪੁਤ੍ਰ ਨੂੰ ਕਿਤੇ ਕਿਰਤ ਲਾਇ ਮਤ ਕਿਰਤ ਵਿਚ ਇਸਦਾ ਮਨ ਪਰਚਦਾ ਹੋਵੇ ਤਾਂ ਕਾਲੂ ਆਖਿਆ ਨਾਨਕ ਜੀ ਸਾਨੂੰ ਲੋਕ ਉਲਾਂਭੇ ਦਿੰਦੇ ਹਨ ਜੋ ਕਾਲੂ ਦਾ ਪੁਤ੍ਰ ਮਖਟੂ ਹੋਇਆ ਹੈ ਤਾਂ ਬਾਬੇ ਆਖਿਆ ਹੇ ਕਾਲੂ ਜੀ ਅਸਾਂ ਏਡੀ ਖਟੀ ਖਟੀ ਹੈ ਜੋ ਸਾਰਾ ਜਗਤ ਵਰਸਾਵੇਗਾ ਤੇ ਤੂੰ ਭੀ ਵਰਸਾਏਗਾ ਤਾਂ ਕਾਲੂ ਆਖਿਆ ਬਚਾ ਤੂੰ ਖੂਹਾਂ ਤੇ ਵਾਹੀ ਕਰਵਾਇ ਜੋ ਦਾਣੇ ਘਰ ਆਇ ਪਵਨ ਤਾਂ ਬਾਬੇ ਆਖਿਆ ਕਿ ਅਸਾਂ ਏਡੀ ਵਾਹੀ ਕਰਵਾਈ ਹੈ ਅਰ ਓਹ ਐਸੀ ਜੰਮੀ ਹੈ ਜੋ ਸਭ ਕੋਈ ਵਰਸਾਵੇਗਾ ਤਾਂ ਕਾਲੂ ਆਖਿਆ ਮੈਂ ਤਾਂ ਤੇਰੀ ਨਾਹੀ ਡਿਠੀ ਤਾਂ ਬਾਬੇ ਸਬਦ ਬੋਲਿਆ ॥ ਮਨ ਹਾਲੀ ਕਿਰਸਾਣੀ ਕਰਣੀ ਸਰਮ ਪਾਣੀ ਤਨ ਖੇਤ ॥ ਨਾਉ ਬੀਜ ਸੰਤੋਖ ਸੁਹਾਗਾ ਰਖ ਗਰੀਬੀ ਵੇਸ ॥ ਭਾਉ ਕਰਮ ਕਰ ਜੰਮਸੀ ਸੇ ਘਰ ਭਾਗਠ ਦੇਖ ॥ ੧ ॥ ਬਾਬਾ ਮਾਇਆ ਸਾਥਿ ਨ ਹੋਇ ॥ ਇਨ ਮਾਇਆ ਜਗ ਮੋਹਿਆ ਵਿਰਲਾ ਬੁਝੈ ਕੋਇ ॥ ੧ ॥ ਰਹਾਉ ॥ ਤਾਂ ਕਾਲੂ ਆਖਿਆ ਖੇਤੀ ਨਹੀਂ ਕਰਦਾ ਤਾਂ ਹਟ ਕਢ ਤਾਂ ਬਾਬੇ ਆਖਿਆ ਅਸਾਂ ਹਟ ਭੀ ਕਢਿਆ ਹੈ ॥ ਹਾਣ ਹਟਿ ਕਰ ਆਰਜਾ ਸਚੁ ਨਾਮ ਕਰਿਵਥੁ ॥ ਸੁਰਤਿ ਸੋਚ ਕਰਿ ਭਾਂਡਸਾਲ ਤਿਸ ਵਿਚ ਤਿਸਨੋ ਰਖੁ ॥ ਵਣਜਾਰਿਆ ਸਿਉ ਵਣਜ ਕਰਿ ਲੈਲਾਹ ਮਨਿ ਹਸੁ ॥ ੨ ॥

ਸਾਖੀ ਸੌਦਾਗਰੀ ਦੀ

ਤਾਂ ਕਾਲੂ ਆਖਿਆ ਜੇ ਹਟ ਨਹੀਂ ਕਰਦਾ ਤਾਂ ਸਉਦਾਗਰੀ ਕਰ ਤਾਂ ਬਾਬੇ ਆਖਿਆ ਅਸਾਂ ਸੌਦਾਗਰੀ ਭੀ ਕੀਤੀ ਹੈ ॥ ਸੁਣ ਸਾਸਤ ਸੌਦਾਗਰੀ ਸਤ ਘੋੜੇ ਲੈ ਚਲੁ ॥ ਖਰਚੁ ਬੰਨਿ ਚੰਗਿਆਈਆਂ ਮਤੁ ਮਨਿ ਜਾਣੈ ਕਲੁ ॥ ਨਿਰੰਕਾਰ ਕੈ ਦੇਸ ਜਾਇ ਤਾ ਸੁਖ ਲਹਹਿ ਮਹਲ ॥ ੩ ॥ ਤਾਂ ਕਾਲੂ ਆਖਿਆ ਜੇ ਸਉਦਾਗਰੀ ਨਹੀਂ ਕਰਦਾ ਤਾਂ ਚਾਕਰੀ ਕਰ ਤਾਂ ਬਾਬੇ ਆਖਿਆ ਅਸਾਂ ਚਾਕਰੀ ਭੀ ਕੀਤੀ ਹੈ ॥ ਲਾਇ ਚਿਤ ਕਰਿ ਚਾਕਰੀ ਮੰਨਿ ਨਾਮ ਕਰਿ ਕੰਮ ॥ ਬੰਨਿ ਬਦੀਆਂ ਕਰ ਧਾਵਣੀ ਤਾਂਕੋ ਆਖੈ ਧੰਨਿ ॥

ਨਾਨਕ ਵੇਖੈ ਨਜਰਿ ਕਰਿ ਚੜੇ ਚਵਗਣ ਵੰਨਿ ॥ ੪ ॥ ਤਾਂ ਕਾਲੂ ਆਖਿਆ ਮੈਨੂੰ ਇਸ ਦਾ ਅਰਥ ਸਮਝਾਇ ਤਾਂ ਬਾਬੇ ਕਹਿਆ ਕਿ ਮਨ ਮੈ ਆਪਣਾ ਸਾਧ ਸੰਗਤ ਦੀ ਟਹਲ ਵਿਚ ਹਾਲੀ ਕੀਤਾ ਹੈ ਅਰ ਤਨ ਰੂਪੀ ਖੇਤ ਵਿਚ ਭਲੀਆਂ ਕਰਨੀਆਂ ਦੀ ਕਿਰਸਾਣੀ ਵਾਹੀ ਹੈ ਅਤੇ ਸਾਧਾਂ ਦਾ ਸਰਮ ਕਰਨਾ ਪਾਣੀ ਦਿਤਾ ਹੈ ਅਰ ਨਾਮ ਰੂਪੀ ਬੀਚ ਪਾਇਆ ਹੈ ਅਰ ਸੰਤੋਖ ਕਾ ਸੁਹਾਗਾ ਦਿਤਾ ਹੈ ਅਰ ਭਲਿਆਂ ਕਰਮਾਂ ਸਾਥ ਭਾਉ ਕਰਨਾ ਏਹ ਪੈਲੀ ਜੰਮੀ ਪਰ ਸੋਈ ਘਰ ਭਾਗਵਾਨ ਹਨ ਜਿਨਾ ਨੂੰ ਏਹ ਦਾਣੇ ਮਿਲੇ ਹਨ ਬਾਬਾ ਹੋਰ ਜੋ ਮਾਇਆ ਦੀ ਰਚਨਾਂ ਹੈ ਸੋ ਧ੍ਰੋਹ ਹੈ ਅਰ ਪਰਮੇਸਰ ਵਲੋਂ ਭੁਲਾਂਵਦੀ ਹੈ ਅਤੇ ਨਾਲ ਭੀ ਨਹੀਂ ਜਾਂਦੀ ॥ ਅਰ ਆਰਜਾ ਜੋ ਮਨੁਖਾ ਦੇਹ ਹੈ ਸੋ ਅਸਾਂ ਹਟ ਕੀਤਾ ਹੈ ॥ ਅਰ ਜੋ ਸੁਰਤਿ ਦੀਆਂ ਬ੍ਰਿਤਾਂ ਪਾਪਾਂ ਵਲੋਂ ਪਵਿਤ੍ਰ ਕਰਨੀਆਂ ਹਨ ਸੋਈ ਮੈ ਭਾਂਡਸਾਲ ਕੀਤੀ ਹੈ ਅਰ ਸਤਨਾਮ ਕੀ ਮੈ ਵਥ ਪਾਈ ਹੈ ਅਰ ਸੰਤਾਂ ਨਾਲ ਵਣਜ ਕਰਕੇ ਗਿਆਨ ਰੂਪੀ ਲਾਹਾ ਖਟਿਆ ਹੈ ਅਰ ਜੋ ਸਾਸਤ੍ਰ ਦਾ ਸ੍ਰਵਣ ਕਰਨਾ ਅਰ ਮਨ ਵਿਚ ਧਾਰਨਾ ਏਹ ਸਉਦਾਗਰੀ ਕੀਤੀ ਹੈ ਅਰ ਸਚ ਬੋਲਣਾ ਏਹ ਘੋੜੇ ਕੀਤੇ ਹਨ ਅਰ ਜੋ ਚੰਗੇ ਕਰਮ ਏਹ ਖਰਚ ਬੰਨਿਆ ਹੈ ਤਾਂ ਤੇ ਮੈਨੂੰ ਬਡਾ ਨਫਾ ਪ੍ਰਾਪਤ ਹੋਇਆ ਹੈ ਅਰ ਜੋ ਚਿਤ ਲਾਵਣਾ ਪਰਮੇਸਰ ਨਾਲ ਏਹ ਮੈ ਚਾਕਰੀ ਕੀਤੀ ਅਰ ਪਰਮੇਸਰ ਦਾ ਨਾਮ ਮੰਨਣਾ ਏਹ ਮੈ ਕੰਮ ਕੀਤਾ ਹੈ ਅਰ ਬਦੀਆਂ ਦਾ ਬੰਨਣਾ ਏਹ ਮੈ ਧਾਂਵਣੀ ਕੀਤੀ ਹੈ ਅਤੇ ਸਭ ਕੋਈ ਧੰਨ ਧੰਨ ਕਹਿੰਦਾ ਹੈ ਅਰ ਨਿਰੰਕਾਰ ਕੇ ਦੇਸ ਜਾਇ ਪਹੁਚਿਆ ਹਾਂ ਪਰ ਜਿਨਾਂ ਉਪਰ ਗੁਰਾਂ ਕੀ ਦ੍ਰਿਸਟ ਹੋਈ ਹੈ ਤਿੰਨਾਂ ਦੇ ਰਿਦੇ ਵਿਚ ਗਿਆਨ ਰੂਪੀ ਚੰਦ੍ਰਮਾ ਚੜਿਆ ਹੈ ॥ ੧ ॥ ਤਾਂ ਕਾਲੂ ਚੁਪ ਕਰ ਰਹਿਆ ॥

ਸਾਖੀ ਬਾਬੇ ਦੇ ਵਿਆਹ ਦੀ

ਜਬ ਬਾਬਾ ਚਹੁਦਾਂ ਬਰਸਾਂ ਕਾ ਹੋਇਆ ਤਾਂ ਲੋਕਾਂ ਆਖਿਆ ਕਾਲੂ ਤੂੰ ਪੁਤ੍ਰ ਨੂੰ ਕਿਧੇ ਵਿਆਹੁ ਤਾਂ ਇਕ ਮੂਲਾ ਜਾਤ ਦਾ ਚੁਹਣਾ ਖਤ੍ਰੀ ਅਰ ਵਟਾਲੇ ਵਸਦਾ ਸੀ ਸੋ ਉਸਦੇ ਘਰ ਸਕਾਈ ਕੀਤੀ ਅਤੇ ਵਿਆਹੁ ਦਾ ਆਰੰਭ ਕੀਤਾ ਤਾਂ ਜੈ ਰਾਮ ਨੂੰ ਅਰ ਬੀਬੀ ਨਾਨਕੀ ਨੂੰ ਸਦਵਾਇਆ ਤਾਂ ਬੀਬੀ ਨਾਨਕੀ ਆਈ ਅਤੇ ਜੈ ਰਾਮ ਆਪਣੀ ਚਿਠੀ ਲਿਖੀ ਜੋ ਮੈਂ ਪਰਾਇਆ ਨੌਕਰ ਹਾਂ ਤਾਂ ਬਾਬੇ ਦਾ ਵਿਆਹ ਕਾਲੂ ਕੀਤਾ ਪਰ ਬਾਬਾ ਇਸਤ੍ਰੀ ਨਾਲ ਬਹੁਤਾ ਮੋਹ ਨਾ ਕਰੇ ਅਰ ਫਿਰ ਇਕ ਦਿਨ ਬੀਬੀ ਨਾਨਕੀ ਕਹਿਆ ਕਿ ਮਾਤਾ ਜੀ ਤੁਸੀਂ ਗੁਰੂ ਨਾਨਕ ਜੀ ਨੂੰ ਕਹੋ ਜੋ ਮੇਰੇ ਘਰ ਪੁਤ੍ਰ ਹੋਵੈ ਤਾਂ ਮਾਤਾ ਜੀ ਕਹੇ ਗੁਰੂ ਨਾਨਕ ਜੀ ਨੇ ਬੀਬੀ ਨਾਨਕੀ ਇਕ ਲੌਂਗ ਅਰ ਇਕ ਲਾਚੀ

ਦਿਤੀ ਅਰ ਕਹਿਆ ਕਿ ਇਕ ਪੁਤਰ ਹੋਵੇਗਾ ਅਰ ਇਕ ਧੀ ਹੋਵੇਗੀ ਤਾਂ ਬੀਬੀ ਨਾਨਕੀ ਨੂੰ ਬਹੁਤੇ ਬਸਤ੍ਰ ਅਰ ਮਠਿਆਈ ਦੇ ਕੇ ਵਿਦਾ ਕੀਤਾ ਤਾਂ ਬੀਬੀ ਨਾਨਕੀ ਗੁਰੂ ਨਾਨਕ ਨੂੰ ਕਹਿਆ ਜੋ ਜੀ ਜੈਰਾਮ ਤੁਹਾਡੇ ਦਰਸਨ ਦੀ ਬਹੁਤ ਚਾਹਨਾ ਕਰਦਾ ਹੈ ਤਾਂ ਬਾਬੇ ਆਖਿਆ ਜੋ ਅਸੀਂ ਆਵਾਂਗੇ ਤਾਂ ਬੀਬੀ ਵਿਦਾ ਹੋਈ ਅਤੇ ਫਿਰ ਬਾਬੇ ਨੇ ਇਕ ਦਿਨ ਕਾਲੂ ਨੂੰ ਆਖਿਆ ਜੋ ਅਸਾਡਾ ਰਿਦਾ ਭੀ ਤੀਰਥਾਂ ਦੇ ਇਸਨਾਨ ਨੂੰ ਹੋਇਆ ਹੈ ਤਾਂ ਕਾਲੂ ਆਖਿਆ ਬਚਾ ਤੁਹਿਤਾਂ ਹੁਣੇ ਵਿਆਹੁ ਕੀਆ ਹੈ ਅਰ ਕੋਈ ਪੁਤਰ ਧੀਅ ਤਾਂ ਪਿਛੇ ਪਰਚੇ ਜੋਗਾ ਹੋਵੈ ਤਾਂ ਬਾਬੇ ਇਸਤ੍ਰੀ ਨੂੰ ਦੋਇ ਲੌਂਗ ਦਿਤੇ ਤਾਂ ਸਮਾਂ ਪਾਇ ਕੇ ਪੁਤਰ ਜੰਮਿਆ ਅਤੇ ਬਾਬੇ ਕਹਿਆ ਇਸਦਾ ਨਾਮ ਸਿਰੀਚੰਦ ਰਖੋ ਕਯੋਂਕਿ ਸ੍ਰੀ ਜੋ ਸੋਭਾ ਇਸਕੇ ਮੁਖ ਕੀ ਹੈ ਸੋ ਚੰਦ੍ਰਮੇ ਵਤ ਹੋਵੈਗੀ ਅਰ ਇਸਕਾ ਪੰਥ ਚਲੇਗਾ ਅਰ ਜਤੀ ਪੁਰਖ ਹੋਵੇਗਾ ਤਾਂ ਕਾਲੂ ਕਹਿਆ ਕਿ ਕੋਈ ਇਵੇਹਾ ਪੁਤਰ ਹੋਵੈ ਜੋ ਜਿਸਕਾ ਵੰਸ ਸਾਰੇ ਕਲਜੁਗ ਵਿਚ ਚਲਾ ਜਾਵੇ ਤਾਂ ਅਗਲੇ ਬਰਸ ਹੋਰ ਬੇਟਾ ਜੰਮਿਆ ਤਾਂ ਬਾਬੇ ਕਹਿਆ ਕਿ ਇਸਕਾ ਨਾਮ ਲਖਮੀ ਦਾਸ ਰਖੋ ਕਯੋਂਕਿ ਲਖਮੀ ਇਸਦੀ ਦਾਸ ਹੋਵੈਗੀ ਅਰ ਬਡਾ ਇਸਕਾ ਕੁਲ ਹੋਵੇਗਾ ਅਰ ਇਸਦੇ ਬੰਸ਼ ਮੈਂ ਸਿਧ ਹੋਵਨਗੇ ਅਰ ਧਨੀ ਹੋਵਨਗੇ ਅਰ ਗਿਆਨੀ ਹੋਵਨਗੇ ਅਰ ਇਸਦਾ ਵੰਸ ਦਿਨੋ ਦਿਨ ਵਧਦਾ ਜਾਵੇਗਾ ਤਾਂ ਬਡੀ ਵਧਾਈ ਹੋਈ ਅਰ ਬਹੁਤ ਦਾਨ ਪੁੰਨ ਹੋਏ ਅਰ ਜਬ ਬਾਬਾ ੨੦ ਬਰਸਾਂ ਕਾ ਹੋਇਆ ਤਾਂ ਇਕ ਦਿਨ ਮਰਦਾਨੇ ਨੂੰ ਕਿਹਾ ਜੋ ਅਸੀਂ ਤੀਰਥਾਂ ਨੂੰ ਜਾਵਾਂਗੇ ਸੋ ਤੂੰ ਅਸਾਡੇ ਨਾਲ ਚਲੇਂਗਾ ਤਾਂ ਮਰਦਾਨੇ ਆਖਿਆ ਜਿਵੇਂ ਤੁਸਾਡੀ ਰਜਾਇ ਪਰ ਮੇਰੀ ਕੰਨਿਆ ਵਰ ਪ੍ਰਾਪਤੀ ਹੈ ਸੋ ਉਸਦਾ ਵਿਆਹੁ ਕਰਾਂ ਤਾਂ ਮੈ ਚਲਾਂ ਤਾਂ ਇਕ ਸਿਖ ਨੂੰ ਬਚਨ ਹੋਇਆ ਕਿ ਭਾਈ ਸਿਖਾ ਜੋ ਕੁਛ ਮਰਦਾਨਾ ਕਹੇ ਸੋ ਰੁਜੂ ਆਣ ਕਰ ਤਾਂ ਉਸ ਆਖਿਆ ਜੀ ਮੇਰੇ ਉਤੇ ਦਇਆ ਹੋਈ ਤਾਂ ਬਚਨ ਹੋਇਆ ਮਰਦਾਨਿਆਂ ਤੈਨੂੰ ਕਿਤਨਾਂ ਕੁ ਖਰਚ ਲੋੜੀਂਦਾ ਹੈ ਤਾਂ ਮਰਦਾਨੇ ਆਖਿਆ ਜੀ ਅਸੀਂ ਡੂਮ ਹਾਂ ਸੋ ਰੁਪਯੇ ਸੌ ਸਵਾ ਸੌ ਵਿਚ ਕੰਮ ਹੋ ਜਾਂਦਾ ਹੈ ਤਾਂ ਬਚਨ ਹੋਇਆ ਮਰਦਾਨਿਆ ਦੂਨਾ ਲਓ ਜੋ ਅਛੀ ਤਰਾਂ ਵਿਆਹ ਹੋ ਜਾਵੈ ਅਰ ਜੋ ਕੁਛ ਤੈਨੂੰ ਬਸਤਰ ਭੂਖਨ ਲੋੜੀਂਦੇ ਹਨ ਸੋ ਭਾਈ ਗੁਰਦਿਆਲ ਨੂੰ ਲਿਖ ਦੇਹ ਸੋ ਜਬ ਉਸ ਅਢਾਈ ਸੌ ਰੁਪਯੇ ਦੀ ਜਿਨਸ ਲਿਖ ਦਿਤੀ ਤਾਂ ਬਚਨ ਹੋਇਆ ਭਾਈ ਗੁਰਦਿਆਲ ਤੁਸਾਂ ਭਲਕੇ ਸਾ ਦਿਹਾੜੀ ਲਹੌਰ ਜਾਣਾ ਅਰ ਭਲਕੇ ਸਾ ਦ੍ਰਿਹਾੜੀ ਜਿਨਸ ਖਰੀਦ ਕੈ ਰਾਵੀਓਂ ਉਰਾਰ ਹੋ ਰਹਿਣਾ ਅਰ ਪਰਸੋਂ ਸਾ ਦਿਹਾੜੀ ਇਥੇ ਪਹੁੰਚਣਾ ਤੂੰ ਨਿਹਾਲ ਹੋਵੇਂਗਾ।

ਸਾਖੀ ਮਨਸੁਖ ਬਾਣੀਏ ਦੀ

ਤਾਂ ਉਹ ਸਿਖ ਸਾ ਦਿਹਾੜੀ ਲਹੌਰ ਗਇਆ ਅਰ ਮਨਸੁਖ ਬਾਣੀਏ ਨਾਲ ਉਸਦਾ ਵਪਾਰ ਸੀ ਸੋ ਉਸਦੇ ਹਵਾਲੇ ਕਾਗਤ ਜਾਇ ਕੀਤਾ ਅਰ ਕਹਿਆ ਕਿ ਮੈਨੂੰ ਅਜੋ ਸਉਦਾ ਲੈ ਦੇਹ ਕਜੋਂ ਜੋ ਮੈਂ ਰਾਵੀਓਂ ਪਾਰ ਹੋ ਰਹਿਣਾ ਹੈ ਤਾਂ ਬਾਣੀਏ ਕਹਿਆ ਅੱਜ ਸਾਥ ਆਇਆ ਹੈ ਭਲਕੇ ਤੈਨੂੰ ਰਿਆਇਤ ਨਾਲ ਲੈ ਦੇਸਾਂ ਤਾਂ ਭਾਈ ਗੁਰਦਿਆਲ ਕਹਿਆ ਜੋ ਮੈਨੂੰ ਸੰਤਾਂ ਦਾ ਬਚਨ ਹੈ ਸੋ ਮੈ ਅੱਜ ਰਾਵੀਓਂ ਪਾਰ ਹੋ ਰਹਿਣਾ ਹੈ ਅਰ ਉਨਾਂ ਦਾ ਬਚਨ ਮੋੜ ਨਹੀਂ ਸਕਤਾ ਤਾਂ ਮਨਸੁਖ ਆਖਿਆ ਜੋ ਕਲਜੁਗ ਵਿਚ ਇਜੇਹੇ ਕੇੜੇ ਸੰਤ ਹਨ ਜੋ ਤੂੰ ਉਨਾਂ ਦਾ ਕਹਿਆ ਮੋੜ ਨਹੀਂ ਸ਼ਕਦਾ ਤਾਂ ਉਸਨੇ ਕਹਿਆ ਕਿ ਮੇਰੇ ਜੋ ਗੁਰੂ ਹਨ ਸੋ ਉਨਾਂ ਦਾ ਨਾਉਂ ਗੁਰੂ ਨਾਨਕ ਜੀ ਹੈ ਅਰ ਤਿਲਵੰਡੀ ਵਿਚ ਰਹਿੰਦੇ ਹਨ ਅਰ ਉਨਾਂ ਦੇ ਦਰਸਨ ਦੇਖਿਆਂ ਸਾਂਤ ਆਂਵਦੀ ਹੈ ਅਰ ਉਨਾਂ ਦੇ ਬਚਨ ਸੁਣਿਆਂ ਅਉਗਨ ਘਟ ਜਾਂਦੇ ਹਨ ਅਰ ਗੁਣ ਪਰਗਟ ਹੋਇ ਆਂਵਦੇ ਹਨ ਤਾਂ ਬਾਣੀਏ ਸਾਂਰੇ ਦਿਨ ਵਿਚ ਸਭੋ ਸੌਦੇ ਤਿਆਰ ਕਰ ਦਿਤੇ ਅਤੇ ਆਖਿਆ ਮੈਂ ਭੀ ਤੇਰੇ ਨਾਲ ਚਲਦਾ ਹਾਂ ਸੋ ਜੇ ਤਾਂ ਉਸ ਮੇਰਾ ਮਨ ਸਾਂਤ ਕਰ ਦਿਤਾ ਤਾਂ ਮੈਂ ਸਭੋ ਸਉਦੇ ਆਪਣੇ ਲੇਖੇ ਦੇਆਵਸਾਂ ਨਹੀਂ ਤਾਂ ਤੇਰੇ ਲੇਖੇ ਦੇਸਾਂ ਸੋ ਦੋਨੋਂ ਰਾਵੀ ਦੇ ਉਗਰ ਆ ਰਹੇ ਦੂਜੇ ਦਿਨ ਬਾਬੇ ਦੇ ਦਰਸਨ ਆ ਲਗੇ ਤਾਂ ਮਰਦਾਨੇ ਨੂੰ ਸਭ ਵਸਤ ਪਹੁਚਾਈ ॥ ਤਾਂ ਬਾਬੇ ਪੁਛਿਆ ਭਾਈ ਤੇਰਾ ਨਾਉਂ ਕੀ ਹੈ ਤਾਂ ਉਸ ਕਹਿਆ ਮੇਰਾ ਨਾਉਂ ਮਨਸੁਖ ਹੈ ਤਾਂ ਬਚਨ ਹੋਇਆ ਕਿ ਮਨ ਨੂੰ ਸੁਖ ਤਦੇ ਹੁੰਦਾ ਹੈ ਜੇ ਰਾਗ ਦ੍ਵੈਖ ਦੀ ਮਲ ਦੂਰ ਹੋਵੈ ਤਾਂ ਉਸ ਆਖਿਆ ਜੀ ਰਾਗ ਦ੍ਵੈਖ ਕਿਸਨੋ ਕਹਿੰਦੇ ਹਨ ॥ ਤਾਂ ਬਚਨ ਹੋਇਆ ਕਿ ਜੇੜਾ ਚੰਗੀ ਚੀਜ ਦੇਪ੍ਰਾਪਤਿ ਹੋਇਆ ਮਨ ਪ੍ਰਸੰਨ ਹੋਣਾ ਹੈ ਇਹ ਰਾਗ ਹੈ ਅਰ ਜੇੜਾ ਚੀਜ ਦੇ ਚਲਿਆਂ ਗਿਆਂ ਸੋਕ ਪ੍ਰਗਟ ਹੋਣਾ ਹੈ ਸੋ ਦ੍ਵੈਖ ਹੈ ਅਥਵਾ ਉਸਤਤਿ ਸੁਣ ਪ੍ਰਸੰਨ ਹੋਣਾ ਅਰ ਨਿੰਦਾ ਸੁਣ ਸੋਕ ਹੋਣਾ ਏਹ ਰਾਗ ਦ੍ਵੈਖ ਹੈ ਅਥਵਾ ਚੰਗੀ ਵਸਤ ਮਨ ਚਾਹੇ ਅਤੇ ਮੰਦੀ ਨਾ ਚਾਹੇ ਏਹ ਰਾਗ ਦ੍ਵੈਖ ਹੈ ਤਾਂ ਉਸਨੇ ਕਹਿਆ ਜੀ ਏਹ ਰਾਗ ਦ੍ਵੈਖ ਕੀਕਰ ਦੂਰ ਹੋਂਦੇ ਹਨ ਤਾਂ ਬਾਬੇ ਕਹਿਆ ਬੀਚਾਰ ਕਰਕੇ ਦੂਰ ਭੀ ਹੋ ਜਾਂਦਾ ਹੈਂ ਪਰ ਏਹ ਵਿਚਾਰ ਕਰੇ ਕਿ ਪਦਾਰਥਾਂ ਨੂੰ ਤਾਂ ਨੇਤ੍ਰੂੰ ਦੇਖਾ ਹੈ ਸੋ ਨੇਤ੍ਰੂੰ ਦਾ ਤੇ ਪਦਾਰਥੋਂ ਦਾ ਸਨਬੰਧ ਕੋਈ ਨਹੀਂ ਅਰ ਨੇਤ੍ਰੂੰ ਦੇ ਪ੍ਰੇਰਨੇ ਵਾਲਾ ਮਨ ਹੈ ਸੋ ਮਨ ਨੂੰ ਨੇਤ੍ਰਾਂ ਨਾਲ ਸਨਬੰਧ ਕੋਈ ਨਹੀਂ ਕਜੋਂਕਿ ਮਨ ਦਾ ਹੋਰ ਹੈ ਨੇਤ੍ਰੂੰ ਦਾ ਹੋਰ ਰੂਪ ਹੈ ਅਰ ਆਤਮਾ ਮਨ ਨੂੰ ਸਤਿਆ ਦੇਣ ਵਾਲਾ ਹੈ ਸੋ ਆਤਮਾਂ ਦਾ ਮਨ ਨਾਲ ਸਨਬੰਧ ਕੋਈ ਨਹੀਂ ਤਾਂਤੇ ਮੈਂ ਜੋ

ਪਦਾਰਥਾਂ ਨੂੰ ਚਾਂਹਦਾ ਹਾਂ ਸੋ ਪਦਾਰਥ ਚੰਗੇ ਮੰਦੇ ਦੋਨੋਂ ਅਨਿਤ ਹੈ ਜੋ ਸੰਜੋਗ ਪਾਇਕੇ ਆਵਤੇ ਹਨ ਅਰ ਵਿਜੋਗ ਪਾਇਕੇ ਚਲੇ ਜਾਂਦੇ ਹਨ ਤਾਂਤੇ ਉਨਾਂ ਦੇ ਨਾਲ ਰਾਗ ਦ੍ਵੈਖ ਨਾ ਕਰੇ ਅਰ ਪ੍ਰਮੇਸਰ ਕਾ ਨਾਮ ਜਪੇ ਤਿਸ ਕਰਕੇ ਅੰਤਹਕਰਣ ਸੁਧ ਹੋਵੇ ਅਤੇ ਗਿਆਨ ਪ੍ਰਾਪਤ ਹੋਵੇ ਤਾਂ ਬਾਣੀਏ ਕਹਾ ਮੈਨੂੰ ਕੁਝ ਉਪਦੇਸ ਕਰੋ ਤਾਂ ਬਚਨ ਹੋਇਆ ਕਿ ਪਿਛਲੀ ਰਾਤ ਇਸਨਾਨ ਕਰਕੇ ਨਾਮ ਜਪਿਆ ਕਰ ਚਾਰ ਘੜੀਆਂ ਦਿਨੇ ਅਗਲੇ ਪਹਿਰ ਅਤੇ ਚਾਰ ਘੜੀਆਂ ਪਿਛਲੇ ਪਹਿਰ ਕਥਾ ਕੀਰਤਨ ਸੁਣਿਆ ਕਰ ਅਤੇ ਰਾਤੀਂ ਸਵਾ ਪਹਿਰ ਬੀਤਦੇ ਤੀਕਰ ਕਥਾ ਕੀਰਤਨ ਸੁਣਿਆ ਕਰ ਤਾਂ ਉਸਨੇ ਕਹਿਆ ਜੀ ਮੈਂ ਇਕਾਦਸੀ ਵਰਤ ਕਰਾਂ ਕੇ ਨਾ ਤਾਂ ਬਚਨ ਹੋਇਆ ਇਕਾਦਸੀ ਕਿਤਨੇ ਦਿਨੀਂ ਆਂਵਦੀ ਹੈ ਤਾਂ ਉਸਨੇ ਕਹਿਆ ਪੰਦਰੀਂ ਦਿਨੀਂ ਆਂਵਦੀ ਹੈ ਤਾਂ ਬਚਨ ਹੋਇਆ ਪੰਦ੍ਰਾਂ ਦਿਨ ਕਿਥੇ ਰਹਿੰਦੀ ਹੈ ਤਾਂ ਉਸ ਕਹਿਆ ਜੀ ਮੈਂ ਤਾਂ ਨਹੀਂ ਜਾਣਦਾ ਤਾਂ ਬਚਨ ਹੋਇਆ ਕਿ ਜੋ ਸੰਜਮ ਨਾਲ ਅਹਾਰ ਕਰਦੇ ਹਨ ਅਰ ਮਹਾਰਾਜ ਦਾ ਜਸ ਗਾਂਵਦੇ ਹਨ ਸੋ ਸਦਾ ਇਕਦਾਸੀ ਉਨਾਂ ਦੇ ਘਰ ਰਹਿੰਦੀ ਹੈ ਅਤੇ ਸਭੋ ਬ੍ਰਤ ਅਰ ਸਭ ਹੀ ਤੀਰਥਾਂ ਦੇ ਫਲ ਉਨਾਂ ਦੇ ਘਰ ਰਹਿੰਦੇ ਹਨ ॥ ਤਾਂ ਬਾਣੀਏ ਕਹਿਆ ਜੀ ਮੈਨੂੰ ਆਪਣਾ ਸਿਖ ਕਰੀਏ ਤਾਂ ਬਾਬੇ ਕਹਿਆ ਏਹੀ ਸਿਖਯਾ ਜੇੜੇ ਅੰਗੀਕਾਰ ਕਰਤੇ ਹੈਂ ਸੋਈ ਸਿਖ ਹੈਂ ਤਾਂ ਉਸ ਕਹਿਆ ਜੀ ਏਹ ਸਮਗ੍ਰੀ ਜੋ ਮਰਦਾਨੇ ਵਾਸਤੇ ਲੈ ਆਇਆ ਹੋਂ ਸੋ ਮੈਂ ਆਪ ਥੀਂ ਹੀ ਤੁਸਾਡੀ ਭੇਟ ਕੀਤੀ ਹੈ ਤਾਂ ਭਾਈ ਗੁਰਦਯਾਲ ਕਹਾ ਏ ਤਾਂ ਮੈਨੂੰ ਹੁਕਮ ਹੋਇਆ ਹੈ ਅਰ ਏਸਦੇ ਤਾਂ ਮੈ ਰੁਪਯੇ ਦੇਵਣੇ ਹਨ ਤਾਂ ਬਾਬੇ ਏਹ ਵਸਤ ਮਨਸੁਖ ਦੇ ਹੀ ਲੇਖੇ ਰਹਿਣ ਦੇਹ ਅਤੇ ਅਢਾਈ ਸੌ ਰੁਪਯਾ ਮਰਦਾਨੇ ਦੇ ਉਤਲੇ ਖਰਚ ਨੂੰ ਤੂੰ ਦੇਹ ॥ ਤਾਂ ਦੋਨੋਂ ਨੇ ਮਥਾ ਟੇਕਿਆ ਅਰ ਰਸਦ ਭੀ ਅਤੇ ਢਾਈ ਸੌ ਰੁਪਯਾ ਭੀ ਮਰਦਾਨੇ ਅਗੇ ਰਖਯਾ ਤਾਂ ਬਾਣੀਆਂ ਵਿਦਾ ਹੋਇਕੇ ਲਾਹੌਰ ਨੂੰ ਗਇਆ ਅਰ ਬਾਬੇ ਨੇ ਮਰਦਾਨੇ ਨੂੰ ਕਹਿਆ ਕਿ ਅਸੀਂ ਸੁਲਤਾਨਪੁਰ ਜੈਰਾਮ ਪਾਸ ਜਾਂਦੇ ਹਾਂ ਸੋ ਜਿਸ ਵੇਲੇ ਤੂੰ ਵਿਵਾਹ ਤੋਂ ਵੇਲਾ ਹੋਕੇ ਆਵੇਗਾ ਤਦ ਅਸੀਂ ਤੀਰਥਾਂ ਨੂੰ ਜਾਵਾਂਗੇ ਤਾਂ ਦੂਸਰੇ ਦਿਨ ਚਿਠੀ ਕਾਲੂ ਨੂੰ ਜੈਰਾਮ ਦੀ ਆਇ ਪਹੁਤੀ ਜੋ ਬਾਬੇ ਨਾਨਕ ਦਾ ਦਰਸਨ ਅਸੀਂ ਕੀਤਾ ਚਾਹਨੇ ਹਾਂ ਅਤੇ ਜੇ ਏਥੇ ਆਵੇਗਾ ਤਾਂ ਅਸੀਂ ਕਿਧੇ ਕਿਰਤ ਕਾਰ ਭੀ ਲਾਇ ਦੇਵਾਂਗੇ ਤਾਂ ਕਾਲੂ ਆਖਿਆ ਬੱਚਾ ਨਾਨਕ ਜੀ ਤੈਨੂੰ ਜੈਰਾਮ ਸਦ ਘਲਿਆ ਹੈ ਤਾਂ ਬਾਬੇ ਆਖਿਆ ਭਲਾ ਜੀ ਜੋ ਤੁਸਾਡੀ ਰਜਾਇ ਹੋਵੈ ਤਾਂ ਬਾਬੇ ਸੁਲਤਾਨਪੁਰ ਦੇ ਜਾਵਣੇ ਦੀ ਤਯਾਰੀ ਕੀਤੀ ਤਾਂ ਇਸਤ੍ਰੀ ਕਹਿਆ ਕਿ ਜੇ ਤੁਸੀਂ ਇਥੇ ਰਹਿੰਦੇ ਸੇ ਤਾਂ ਸਾਡੇ ਭਾਣੇ ਰਾਜਸੀ ਸਾਰੇ ਜਗਤ ਦਾ ਅਰ ਜੇ ਤੁਸੀਂ ਚਲਦੇ ਹੋ

ਤਾਂ ਮੈਨੂੰ ਵੀ ਲੈ ਚਲੋ ਤਾਂ ਬਚਨ ਹੋਇਆ ਅਸੀਂ ਝਬਦੇ ਆਵਾਂਗੇ ਅਤੇ ਤੇਰਾ ਰਾਜ ਦਿਨੋ ਦਿਨ ਵਧਦਾ ਜਾਵੇਗਾ ਸੋ ਤੂੰ ਖਾਤਰ ਜਮਾ ਹੋਹੁ ਤਬ ਬਾਬਾ ਉਠ ਤੁਰਿਆ ਸੋ ਕਿਤਨਿਆਂ ਦਿਨਾਂ ਨੂੰ ਸੁਲਤਾਨਪੁਰ ਜਾਇ ਵੜੇ ਤਾਂ ਅਗੋਂ ਜੈਰਾਮ ਆਇ ਮਿਲਿਆ ਅਰ ਗਲ ਲਗ ਕੇ ਮਿਲੇ ਤੇ ਘਰ ਲੈ ਗਿਆ ਤਾਂ ਦੂਜੇ ਦਿਨ ਜੈਰਾਮ ਪ੍ਰਸਾਦ ਲੈਕੇ ਦੌਲਤਖਾਨ ਨੂੰ ਜਾਇ ਮਿਲਿਆ ਤਾਂ ਦੌਲਤਖਾਨ ਬਹੁਤ ਪ੍ਰਸੰਨ ਹੋਇਆ ਅਰ ਕਹਯਾ ਕਿ ਏਹ ਭਲਾ ਦਿਆਨਤਦਾਰ ਨਜ਼ਰ ਆਵਤਾ ਹੈ ਤਾਂਤੇ ਤੁਸੀਂ ਸਾਡਾ ਕੰਮ ਉਠਾਓ ॥ ਤਾਂ ਬਾਬੇ ਕਹਿਆ ਅਸੀਂ ਤੁਸਾਡਾ ਕੰਮ ਨਹੀਂ ਉਠਾਵਤੇ ਕਯੋਂ ਜੋ ਤੁਸੀਂ ਰਾਜੇ ਲੋਕ ਹੋ ਅਰ ਵਿਚਾਰ ਨਹੀਂ ਕਰਦੇ ਅਰ ਲੋਕਾਂ ਦੀਆਂ ਚੁਗਲੀਆਂ ਬਹੁਤ ਸੁਣਦੇ ਹੋ ਤਾਂ ਖਾਨ ਆਖਿਆ ਹੇ ਨਾਨਕ ਤੇਰੇ ਉਤੇ ਅਸੀਂ ਚੁਗਲੀਆਂ ਨਾ ਸੁਣਾਂਗੇ ਤਾਂ ਇਕ ਦੇਵਦਤ ਖਾਨ ਦਾ ਦੀਵਾਨ ਹੈਸੀ ਅਤੇ ਬ੍ਰਾਹਮਣਾਂ ਦਾ ਸਿਖ ਸੀ ਸੋ ਉਸਨੂੰ ਸਦ ਕੇ ਆਖਿਆ ਕਿ ਮੇਰੇ ਘਰ ਦਾ ਕੰਮ ਏਸਨੂੰ ਸੌਂਪਦੇ ਹੋ ਤਾਂ ਬਾਬੇ ਆਖਿਆ ਕਿ ਮੈ ਹੋਰ ਕੰਮ ਨਹੀਂ ਲੈਂਦਾ ਪਰ ਜੇੜਾ ਜੈਰਾਮ ਮੋਦੀਖਾਨਾ ਲਇਆ ਹੈ ਮੈਂ ਉਸੇ ਦੇ ਨਾਲ ਕੰਮ ਕਰਾਂਗਾ ॥

ਸਾਖੀ ਮੋਦੀਖਾਨੇ ਦੀ ਦੀਵਾਨ ਨਾਲ

ਤਾਂ ਜੈਰਾਮ ਬਾਬੇ ਨੂੰ ਘਰ ਲੈ ਗਿਆ ਅਰ ਮੋਦੀਖਾਨੇ ਦਾ ਕਾਗਤ ਲਿਖਵਾਇ ਕੇ ਲੈ ਆਇਆ ਅਰ ਜਿਤਨੀਆਂ ਜਿਨਸਾਂ ਹੈਸਨ ਸੋ ਸਭ ਹਵਾਲੇ ਕੀਤੀਆਂ ਅਤੇ ਵਟੇ ਵੀ ਮਣ ਤੀਕੂੰ ਤੇ ਪਾਉ ਤੀਕਰ ਸਭੇ ਹਵਾਲੇ ਕੀਤੇ ਤਾਂ ਬਾਬਾ ਪਾਉਦੇ ਵਟੇ ਦੀ ਪੈਰੀ ਪਾਇਆ ਕਯੋਂਕਿ ਧੰਨ ਏਹ ਹੈ ਜਿਸਨੇ ਆਪ ਨੂੰ ਘਟ ਕਹਾਇਆ ਹੈ ਤਬ ਬਾਬਾ ਲਗਾ ਮੋਦੀਖਾਨਾ ਕਰਨੇ ਨਾਲੇ ਆਇਆ ਗਇਆਂ ਸਾਧਾਂ ਸੰਤਾਂ ਨੂੰ ਭੀ ਖਵਾਇਆ ਕਰੇ ਅਰ ਬਸਤ੍ਰ ਵਾਲੇ ਨੂੰ ਬਸਤ੍ਰ ਦਿਆ ਕਰੇ ਤਾਂ ਦੀਵਾਨ ਨੂੰ ਖਬਰ ਹੋਈ ਸੋ ਦੀਵਾਨ ਨੇ ਤੋਲਣ ਵਾਲਿਆਂ ਨੂੰ ਅਤੇ ਲਿਖਣ ਵਾਲਿਆਂ ਨੂੰ ਸਦ ਕੇ ਪੁਛਿਆ ਜੋ ਖਰਾਇਤ ਕਿਤਨੀ ਉਠਦੀ ਹੈ ਅਤੇ ਖਾਨ ਦਾ ਖਰਚ ਕਿਤਨਾਕ ਉਠਦਾ ਹੈ ਤਾਂ ਉਨਾਂ ਆਖਿਆ ਕਿ ਖਾਨ ਦੇ ਖਰਚ ਦਾ ਤਾਂ ਸਵਾ ਸੌ ਰੁਪਯਾ ਰੋਜ ਉਠਦਾ ਹੈ ॥ ਅਤੇ ਖਰਾਇਤ ਦਾ ਕਿਸੇ ਦਿਨ ਤ੍ਰੈ ਸੈ ਅਰ ਕਿਸੇ ਦਿਨ ਚਾਰ ਸੈ ਉਠਦਾ ਹੈ ਤਾਂ ਦਿਵਾਨ ਉਹੋ ਕਾਗਤ ਲੈਕੇ ਖਾਨ ਨੂੰ ਜਾਇ ਵਿਖਾ ਲਿਆ ਅਰ ਕਹਯਾ ਕਿ ਜਦ ਨਾਨਕ ਨੂੰ ਮੋਦੀਖਾਨਾ ਸੌਂਪਿਆ ਹੈ ਤਦ ਦੀ ਜੋ ਬਾਹਰ ਦੀ ਆਮਦਣ ਹੈ ਸੋ ਉਹੋ ਸਾਂਭਦੇ ਹੈਨ ਅਰ ਉਪਰ ਦਾ ਜੋ ਤੁਸਾਡਾ ਖਰਚ ਹੈ ਸੋ ਮੈ ਦਾਦੀ ਫਰਿਆਦੀ ਅਰ ਰਾਹਦਾਰੀ ਦਾ ਲੈਕੇ ਕੰਮ ਚਲਾਵਨਾਂ ਹਾਂ ਤੇ

ਨਾਨਕ ਫਕੀਰਾਂ ਫੁਕਰਿਆਂ ਤੋਂ ਸਭੋਮਾਲ ਲੁਟਾਂਵਦਾ ਹੈ ਸੋ ਜੇ ਤੁਸੀ ਆਖੋ ਤਾਂ ਉਸ ਦੇ ਨਾਲ ਲੇਖਾ ਕੀਚੇ ਤਾਂ ਖਾਨ ਆਖਿਆ ਤੁਸੀ ਜੈਰਾਮ ਨੂੰ ਵਿਚ ਬਹਾਇਕੇ ਲੇਖਾ ਕਰੋ ਤਾਂ ॥

ਸਾਖੀ ਦੀਵਾਨ ਨਾਲ ਹੋਈ

ਦੀਵਾਨ ਨੇ ਜੈਰਾਮ ਨੂੰ ਅਤੇ ਬਾਬੇ ਨੂੰ ਸਦ ਭੇਜਿਆ ਤਾਂ ਉਸ ਵੇਲੇ ਦਿਵਾਨ ਦਾ ਰਸੋਈਆ ਚੌਕਾ ਪਾਇਕੇ ਰਸੋਈ ਲਗਾ ਸੀ ਤਾਂ ਬਾਬਾ ਤੇ ਜੈਰਾਮ ਓਸੇ ਰਾਹ ਹੋ ਗਏ ਅਰ ਬਾਬੇ ਦਾ ਬਸਤਰ ਚੌਕੇ ਨਾਲੋਂ ਛੁਹਿ ਗਇਆ ਤਾਂ ਦੀਵਾਨ ਕਹਿਆ ਤੁਸਾਂ ਤਾਂ ਅਸਾਡਾ ਚੌਕਾ ਭੇੜਿਆ ਹੈ ਤਾਂਤੇ ਹੁਣ ਅੰਨ ਅਸਾਡੇ ਖਾਣ ਦੇ ਕੰਮੋ ਗਇਆ ਤਾਂ ਬਾਬੇ ਸਲੋਕ ਕਹਿਆ ॥

ਸਲੋਕ ਮ: ੧ ॥ ਗਊ ਬਿਰਾਹਮਣ ਕਉ ਕਰੁ ਲਾਵਹੁ ਗੋਬਰਿ ਤਰਣੁ ਨ ਜਾਈ ॥ ਧੋਤੀ ਟਿਕਾ ਤੈ ਜਪਮਾਲੀ ਧਾਨੁ ਮਲੇਛਾਂ ਖਾਈ ॥ ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ ॥ ਛੋਡੀਲੇ ਪਾਖੰਡਾ ॥ ਨਾਮਿ ਲਇਐ ਜਾਹਿ ਤਰੰਦਾ ॥ ੧ ॥ ਮ: ੧ ॥ ਮਾਣਸ ਖਾਣੇ ਕਰਹਿ ਨਿਵਾਜ ॥ ਛੁਰੀ ਵਗਾਇਨਿ ਤਿਨ ਗਲਿ ਤਾਗ ॥ ਤਿਨ ਘਰਿ ਬ੍ਰਹਮਣ ਪੂਰਹਿ ਨਾਦ ॥ ਉਨ੍ਹਾ ਭੀ ਆਵਹਿ ਓਈ ਸਾਦ ॥ ਕੂੜੀ ਰਾਸਿ ਕੂੜਾ ਵਾਪਾਰੁ ॥ ਕੂੜੁ ਬੋਲਿ ਕਰਹਿ ਆਹਾਰੁ ॥ ਸਰਮ ਧਰਮ ਕਾ ਡੇਰਾ ਦੂਰਿ ॥ ਨਾਨਕ ਕੂੜੁ ਰਹਿਆ ਭਰਪੂਰਿ ॥ ਮਥੈ ਟਿਕਾ ਤੇੜਿ ਧੋਤੀ ਕਖਾਈ ॥ ਹਥਿ ਛੁਰੀ ਜਗਤ ਕਾਸਾਈ ॥ ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ ॥ ਮਲੇਛ ਧਾਨੁ ਲੇ ਪੂਜਹਿ ਪੁਰਾਣੁ ॥ ਅਭਾਖਿਆ ਕਾ ਕੁਠਾ ਬਕਰਾ ਖਾਣਾ ॥ ਚਉਕੇ ਉਪਰਿ ਕਿਸੈ ਨ ਜਾਣਾ ॥ ਦੇ ਕੈ ਚਉਕਾ ਕਢੀ ਕਾਰ ॥ ਉਪਰਿ ਆਇ ਬੈਠੇ ਕੂੜਿਆਰ ॥ ਮਤੁ ਭਿਟੈ ਵੇ ਮਤੁ ਭਿਟੈ ॥ ਇਹੁ ਅੰਨੁ ਅਸਾਡਾ ਫਿਟੈ ॥ ਤਨਿ ਫਿਟੈ ਫੇੜ ਕਰੇਨਿ ॥ ਮਨਿ ਜੂਠੈ ਚੁਲੀ ਭਰੇਨਿ ॥ ਕਹੁ ਨਾਨਕ ਸਚੁ ਧਿਆਈਐ ॥ ਸੁਚਿ ਹੋਵੈ ਤਾ ਸਚੁ ਪਾਈਐ ॥੨॥ ਪਉੜੀ ॥ ਚਿਤੈ ਅੰਦਰਿ ਸਭੁ ਕੋ ਵੇਖਿ ਨਦਰੀ ਹੇਠਿ ਚਲਾਇਦਾ ॥ ਆਪੇ ਦੇ ਵਡਿਆਈਆ ਆਪੇ ਹੀ ਕਰਮ ਕਰਾਇਦਾ ॥ ਵਡਹੁ ਵਡਾ ਵਡ ਮੇਦਨੀ ਸਿਰੇ ਸਿਰਿ ਧੰਧੈ ਲਾਇਦਾ ॥ ਨਦਰਿ ਉਪਠੀ ਜੇ ਕਰੇ ਸੁਲਤਾਨਾ ਘਾਹੁ ਕਰਾਇਦਾ ॥ ਦਰਿ ਮੰਗਨਿ ਭਿਖ ਨ ਪਾਇਦਾ ॥ ੧੬ ॥

ਤਾਂ ਬਾਬੇ ਕਹਿਆ ਕਿ ਗਊਆਂ ਅਰ ਬ੍ਰਾਹਮਣ ਥੀਂ ਤੁਸੀ ਕਰ ਲੈਂਦੇ ਹੋ ਸੋ

ਗੋਬਰ ਦੇ ਚਉਂਕੇ ਤੁਸਾਡਾ ਉਧਾਰ ਨਹੀਂ ਕਰਨਾ ਅਰ ਧੋਤੀ ਅਰ ਤਿਲਕ ਤੇ ਜਪਮਾਲੀ ਰਖਦੇ ਹੋ ਤੇ ਧਾਨ ਮਲੇਸਾਂ ਦਾ ਖਾਂਦੇ ਹੋ ਅਰ ਅੰਦਰ ਬੈਠਕੇ ਪੂਜਾ ਕਰਦੇ ਹੋ ਤੇ ਬਾਹਰ ਕਤੇਬਾਂ ਪੜਦੇ ਹੋ ਅਰ ਸੰਜਮ ਤੁਰਕਾਂ ਦਾ ਕਰਦੇ ਹੋ ਸੋ ਤੁਸੀ ਇਨਾਂ ਪਖੰਡਾਂ ਨੂੰ ਛਡੋ ਤੇ ਪਰਮੇਸਰ ਦਾ ਨਾਉ ਜਪੋ ਤਾਂ ਤੁਸਾਡਾ ਉਧਾਰ ਹੋਵੇਗਾ ॥ ੧ ॥ ਏਹ ਮਲੇਛ ਜੋ ਮਨੁਖਾਂ ਦੇ ਖਾਵਣ ਵਾਲੇ ਹਨ ਸੋ ਨਿਵਾਜਾਂ ਪੜਦੇ ਹੈਂ ਅਰ ਤੁਸਾਂ ਤਗਾਂ ਵਾਲਿਆਂ ਕੋਲੋਂ ਛੁਰੀ ਵਗਾਇ ਲੈਂਦੇ ਹਨ ਜਿਵੇਂ ਕਸਾਈ ਮੁਲਾਂ ਬਕਰੇ ਕੁਹਾਇ ਲੈਂਦੇ ਹਨ ਤੈਸੇ ਜਿਨਾਂ ਨੂੰ ਇਨਾਂ ਲੁਟਣਾ ਹੋਂਦਾ ਹੈ ਤਾਂ ਤੁਸਾਥੋਂ ਮਸਲਤ ਪੁਛ ਲੈਂਦੇ ਹੈਨ ਅਤੇ ਤੁਸੀ ਭੀ ਵਡੀ ਲੈਕੇ ਬ੍ਰਾਹਮਣਾ ਨੂੰ ਖੁਆਲ ਦੇਹੋ ਅਤੇ ਬ੍ਰਾਹਮਣ ਤੁਸਾਡੇ ਘਰ ਓਅੰਕਾਰ ਦੀ ਧੁਨਿ ਕਰਦੇ ਹਨ ਤਾਂਤੇ ਓਨਾਂ ਦੀ ਭੀ ਮਤ ਭ੍ਰਿਸਟ ਹੋ ਜਾਂਦੀ ਹੈ ਕਯੋਂਕਿ ਓਹ ਜੋ ਮਲੇਛਾਂ ਦਾ ਧਾਨ ਹੈ ਸੋ ਕੂੜ ਦੀ ਰਾਸ ਹੈ ਤੇ ਕੂੜ ਦਾ ਵਾਪਾਰ ਹੈ ਕਯੋ ਜੋ ਤੁਸੀ ਹਾਕਮਾਂ ਨੂੰ ਹੋਰ ਆਖਦੇ ਹੋ ਤੇ ਗਰੀਬਾਂ ਨੂੰ ਹੋਰ ਆਖਦੇ ਹੋ ਅਰ ਉਸ ਵਿਚੋਂ ਵਢੀ ਲੈਕੇ ਅਹਾਰ ਕਰਦੇ ਹੋ ਤਾਂਤੇ ਸਰਮ ਧਰਮ ਦਾ ਡੇਰਾ ਦੂਰ ਰਹਿਆ ਹੈ ਗੁਰੂ ਨਾਨਕ ਸਾਹਿਬ ਜੀ ਕਹਿੰਦੇ ਹਨ ਜੋ ਕੂੜ ਵਿਆਪ ਰਹਯਾ ਹੈ ਅਰ ਤੁਸਾਡੇ ਜੋ ਗੁਰੂ ਹੈਂ ਬ੍ਰਾਹਮਣ ਸੋ ਮਥੇ ਤੇ ਟਿਕਾ ਲਾਂਵਦੇ ਹਨ ਅਰ ਤੇੜ ਧੋਤੀ ਗੇਰੀ ਦੀ ਰੰਗੀ ਹੋਈ ਰਖਦੇ ਹੋ ਅਰ ਅੰਦਰ ਉਸਦੇ ਕਖਾਈ ਜੋ ਲੰਗੋਟਾ ਹੈ ਸੋ ਰਖਦੇ ਹਨ ॥

ਅਰ ਤੁਸੀ ਹਥ ਵਿਚ ਵਡੀ ਦੀ ਛੁਰੀ ਰਖਦੇ ਹੋ ਜੋ ਗਰੀਬਾਂ ਦੇ ਕੁਹਣ ਵਾਸਤੇ ਅਰ ਅਭਾਖਿਆ ਦਾ ਕੁਠਾ ਬਕਰਾ ਖਾਦੇ ਹੋ ਅਤੇ ਚੌਂਕੇ ਤੇ ਆਖਦੇ ਹੋ ਜੋ ਕੋਈ ਜਾਵੇ ਨਹੀਂ ਜੇ ਭਿਟਦਾ ਹੈ ਅਤੇ ਅੰਨ ਅਸਾਡਾ ਫਿਟਦਾ ਹੈ ਅਰ ਜੇਤੇ ਸਰੀਰ ਪਾਪ ਕਰਨ ਵਾਲੇ ਹਨ ਸੋ ਫਿਟਦੇ ਹਨ ਤਾਂਤੇ ਉਨਮੇ ਅੰਨ ਪਾਇਆ ਭੀ ਫਿਟ ਜਾਂਦਾ ਹੈ ਅਰ ਜੋ ਮੁਖੋ ਝੂਠ ਬੋਲਦੇ ਹਨ ਸੋ ਚੁਲੀਆਂ ਭਰਿਆਂ ਸਚੇ ਨਹੀਂ ਹੋਂਦੇ ਅਰ ਜੋ ਸਚ ਕਮਾਵਦੇ ਹੈਨ ਸੋਈ ਸਚ ਨੂੰ ਪਾਇਦੇ ਹਨ ॥ ੨ ॥ ਅਤੇ ਤੁਸੀ ਮਲੇਛ ਦੀ ਭਾਖਿਆ ਦਾ ਕੁਠਾ ਬਕਰਾ ਖਾਂਦੇ ਹੋ ਅਤੇ ਚੌਕਾ ਪਾਇਕੇ ਉਤੇ ਕਾਰਾਂ ਕਢਦੇ ਹੋ ਜੋ ਆਵੈ ਕੋਈ ਨਹੀਂ ਕਯੋ ਜੋ ਅਸਾਡਾ ਚੌਕਾ ਭਿਟਦਾ ਹੈ ਤਾਂਤੇ ਕਾਰਾਂ ਕੱਢਕੇ ਉਤੇ ਬਹਦੇ ਹੋ ਤੇ ਫੇਰ ਅੰਨ ਨੂੰ ਖਾਇਕੇ ਵਿਸਟਾ ਕਰਦੇ ਹੋ ਅਰ ਜੇ ਤੁਸਾਡੇ ਅੰਦਰ ਸਚ ਹੋਵੈ ਤਾਂ ਵਾਹਗੁਰੂ ਨੂੰ ਪ੍ਰਾਪਤਿ ਹੋਵੋ ॥ ੨ ॥ ਪਉੜੀ ਕਹਤੀ ਹੈ ਜੋ ਆਪਨੇ ਚਿਤ ਦੇ ਅੰਦਰ ਸਭ ਕੋਈ ਮਹਾਰਾਜ ਦੀ ਚੈਤੰਨ ਕਲਾ ਕਰਕੇ ਸਭਨਾਂ ਨੂੰ ਵਾਹਗੁਰੂ ਪਇਆ ਦੇਖਦਾ ਹੈ ਅਤੇ ਹੇਠ ਨਜਰ ਦੇ ਚਲਾਇਦਾ ਹੈ ਅਰ ਜੇੜੇ ਨਾਮ ਜਪਦੇ ਹਨ ਤਿਨਾਂ ਨੂੰ ਵਾਹਗੁਰੂ ਵਡਿਆਈ ਦੇਂਦਾ ਹੈ ਅਰ ਤਿਨਾਂ ਥੀ ਸੁਭ ਕਰਮ ਕਰਾਵਦਾ ਹੈ ਸੋ ਵਡਿਆਂ ਤੇ ਵਡਾ ਉਹ ਹੈ

ਜਿਸਨੇ ਪ੍ਰਿਥਵੀ ਸਾਜੀ ਹੈ ਅਰ ਸਾਜ ਕੇ ਜੀਆਂ ਨੂੰ ਸਿਰੇ ਸਿਰ ਧੰਧੇ ਲਾਂਇਦਾ ਹੈ ਅਰ ਜੇ ਕੋਈ ਵਿਕਾਰ ਕਰਨ ਵਾਲਾ ਹੁੰਦਾ ਹੈ ਤਾਂ ਉਸਦੇ ਉਤੇ ਉਪੁਠੀ ਨਦਰ ਹੁੰਦੀ ਹੈ ਤਾਂ ਪਾਤਸਾਹਾਂ ਨੂੰ ਭੀ ਨਾਸ ਚਾਇ ਕਰਦਾ ਹੈ ਤੇ ਦੁਆਰਿਆਂ ਤੇ ਮੰਗਦੇ ਫਿਰਨ ਤਾਂ ਉਨਾਂ ਨੂੰ ਭੀ ਭਿਖਿਆ ਕੋਈ ਨਹੀਂ ਪਾਇਦਾ ਤਾਂਤੇ ਜੋ ਧਨ ਨੂੰ ਮਹਾਰਾਜ ਦਾ ਜਾਣਕਰ ਦਾਨ ਪੁੰਨ ਕਰਦੇ ਹਨ ਸੋਈ ਸੁਖੀ ਹੋਤੇ ਹਨ ॥ ੬ ॥ ਤਾਂ ਫਿਰ ਦਿਵਾਨ ਨੇ ਪਿਤਰਾਂ ਦਾ ਸਰਾਧ ਕੀਤਾ ਅਰ ਪਿੰਡਾਂ ਦੇ ਵਿਚੋਂ ਦੁਧ ਅਤੇ ਦਹੀਂ ਅਣਵਾਇਆ ਅਰ ਪ੍ਰਸਾਦਿ ਕਰਕੇ ਬ੍ਰਾਹਮਣਾਂ ਨੂੰ ਖਵਾਲਣ ਲਗਾ ਤਾਂ ਬਾਬੇ ਨੂੰ ਭੀ ਸਦਿਆ ਜੋ ਤੁਸੀ ਵੀ ਪ੍ਰਸਾਦ ਖਾਵੋ ਤਾਂ ਬਾਬੇ ਸਲੋਕ ਕਹਿਆ ॥

ਸਲੋਕੁ ਮ: ੧ ॥ ਜੇ ਮੋਹਾਕਾ ਘਰੁ ਮੁਹੈ ਘਰੁ ਮੁਹਿ ਪਿਤਰੀ ਦੇਇ ॥ ਅਗੈ ਵਸਤੁ ਸਿਞਾਣੀਐ ਪਿਤਰੀ ਚੋਰ ਕਰੇਇ ॥ ਵਢੀਅਹਿ ਹਥ ਦਲਾਲ ਕੇ ਮੁਸਫੀ ਏਹ ਕਰੇਇ ॥ ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ ॥

ਤਾਂ ਬਾਬੇ ਜੀ ਕਹਿਆ ਕਿ ਜੋ ਚੋਰ ਕਿਸੇ ਦਾ ਘਰ ਮੁਹਿ ਲਿਆਵੇ ਤੇ ਮੁਹਿ ਕੇ ਪਿਤਰਾਂ ਦੇ ਸਿਰਾਧ ਕਰਾਏ ਤਾਂ ਜਿਸਦਾ ਘਰ ਮੁਹਿ ਲਿਆਵੇ ਸੋ ਉਸਦੇ ਪਿਤਰ ਭੀ ਉਥੇ ਹੀ ਹੁੰਦੇ ਹਨ ਤੇ ਉਹ ਆਪਣੀ ਵਸਤ ਨੂੰ ਆਣ ਸਿਞਾਣ ਦੇ ਹਨ ਤਾਂ ਉਸਦੇ ਪਿਤਰ ਭੀ ਚੋਰ ਕਰਕੇ ਕਢ ਦਿੰਦੇ ਹਨ ਅਤੇ ਧਰਮਰਾਇ ਕਹਦਾ ਹੈ ਜੋ ਇਨਕਾ ਬੇਟਾ ਬਲੀ ਹੈ ਅਥਵਾ ਚੋਰ ਹੈ ਸੋ ਜੇਹੜੇ ਬ੍ਰਾਹਮਣ ਉਸ ਲਾਲਚ ਦੀ ਵਸਤ ਦਾ ਸੰਕਲਪ ਕਰਾਇਦੇ ਹਨ ਅਤੇ ਉਨਾਂਦੇ ਜੋ ਪਿਤਰ ਹੁੰਦੇ ਹਨ ਸੋ ਉਨਾਂ ਦੇ ਧਰਮ ਰਾਇ ਹਥ ਵਡਾਇ ਸੁਟਦਾ ਹੈ ਅਤੇ ਅਗੇ ਪਿਤਰਾਂ ਨੂੰ ਸਾਈ ਵਸਤ ਪਰਾਪਤਿ ਹੁੰਦੀ ਹੈ ਜੋ ਧਰਮ ਦੀ ਕਮਾਈ ਵਿਚੋਂ ਦੇਂਦਾ ਹੈ ॥ ੧ ॥

ਮ: ੧ ॥ ਜਿਉ ਜੋਰੂ ਸਿਰਨਾਵਣੀ ਆਵੈ ਵਾਰੋ ਵਾਰ ॥ ਜੂਠੇ ਜੂਠਾ ਮੁਖਿ ਵਸੈ ਨਿਤ ਨਿਤ ਹੋਇ ਖੁਆਰੁ ॥ ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ ॥ ਸੂਚੇ ਸੇਈ ਨਾਨਕਾ ਜਿਨ ਮਨ ਵਸਿਆ ਸੋਇ ॥ ੨ ॥

ਜੈਸੇ ਇਸਤ੍ਰੀਆਂ ਜੋ ਹਨ ਅਰ ਉਨਾਂ ਕੋ ਮਹੀਨੇ ਦੇ ਮਹੀਨੇ ਰਿਤ ਆਂਵਦੀ ਹੈ ਅਤੇ ਫਿਰ ਇਸਨਾਨ ਕਰਕੇ ਕਹਿੰਦੀਆਂ ਹਨ ਜੋ ਅਸੀ ਪਵਿਤਰ ਹੋਈਆਂ ਹਾਂ ਤੇ ਜੇ ਫੇਰ ਰਿਤ ਆਂਵਦੀ ਹੈ ਤਾਂ ਫੇਰ ਅਪਵਿਤ੍ਰ ਹੁੰਦੀਆਂ ਹਨ ਤੈਸੇ ਜੋ ਝੂਠੇ ਪੁਰਖ ਹੈਨ ਸੋ ਚੋਰੀ ਅਰ ਜਾਰੀ ਜੋਰ ਅਰ ਲਾਲਚ ਕਰਕੇ ਅਪਵਿਤ੍ਰ ਹੋ ਜਾਂਦੇ ਹਨ ਅਰ ਫੇਰ ਸਿਰਾਧ ਪੁੰਨ ਅਰ ਦਾਨ ਅਰ ਖਿਆਹ ਕਰਕੇ ਕਹਿੰਦੇ ਹਨ ਜੋ ਅਸੀ ਪਵਿਤ੍ਰ ਹੋਏ ਅਰ ਫੇਰ ਜੋ ਪਾਪ ਕਰਦੇ ਹਨ ਸੋ ਫੇਰ ਅਪਵਿਤ੍ਰ ਹੋ ਜਾਂਦੇ ਹਨ ਅਰ ਜੈਸੇ ਜੁਤੀ ਕਢਕੇ ਚੌਕਾ

ਪਾਈਤਾ ਹੈ ਤਾਂ ਜਗਾ ਪਵਿਤ੍ਰ ਹੋ ਜਾਤੀ ਅਤੇ ਫੇਰ ਜੇ ਜੁਤੀ ਪਾਈਤੀ ਹੈ ਤਾਂ ਜਾਗਾਂ ਫਿਰ ਅਪਵਿਤ੍ਰ ਹੋ ਜਾਤੀ ਹੈ ਤੈਸੇ ਸਚ ਬੋਲਣੇ ਕਰਕੇ ਪਵਿਤ੍ਰ ਹੋਤਾ ਹੈ ਅਤੇ ਝੂਠ ਬੋਲਣੇ ਕਰਕੇ ਅਪਵਿਤ੍ਰ ਹੋਤਾ ਹੈ ਪਰ ਸੁਚੇ ਇਹ ਨਹੀਂ ਆਖੀਦੇ ਜੋ ਪਿੰਡਾ ਧੋਇ ਬਹਦੇ ਹਨ ਸੁਚੇ ਸੇਈ ਹਨ ਜਿਨਾਂ ਦੇ ਮਨ ਵਿਚ ਨਾਮ ਵਸਦਾ ਹੈ ॥ ੨ ॥

ਪਉੜੀ ॥ ਤੁਰੇ ਪਲਾਣੇ ਪਉਣ ਵੇਗ ਹਰ ਰੰਗੀ ਹਰਮ ਸਵਾਰਿਆ ॥ ਕੋਠੇ ਮੰਡਪ ਮਾੜੀਆ ਲਾਇ ਬੈਠੇ ਕਰਿ ਪਾਸਾਰਿਆ ॥ ਚੀਜ ਕਰਨਿ ਮਨਿ ਭਾਵਦੇ ਹਰਿ ਬੁਝਨਿ ਨਾਹੀ ਹਾਰਿਆ ॥ ਕਰਿ ਫੁਰਮਾਇਸਿ ਖਾਇਆ ਵੇਖਿ ਮਹਲਤਿ ਮਰਣੁ ਵਿਸਾਰਿਆ ॥ ਜਰੁ ਆਈ ਜੋਬਨਿ ਹਾਰਿਆ ॥ ੧੭ ॥

ਪਉੜੀ ਕਹਿਤੀ ਹੈ ਕਿ ਘੋੜੇ ਬੜੇ ਤੁਸੀ ਰਖਦੇ ਹੋ ਤੇ ਉਤੇ ਜੀਨ ਸੁਨਹਿਰੀ ਪਾਇਦੇ ਹੋ ਅਤੇ ਸੁੰਦਰ ਇਸਤ੍ਰੀਆਂ ਨੂੰ ਭੁਖਣ ਕਰਕੇ ਸੀਗਾਰਦੇ ਹੋ ਤੇ ਕੋਠੇ ਅਰ ਮਾੜੀਆਂ ਅਰ ਮੰਡਪ ਬਣਾਵਦੇ ਹੋ ਅਰ ਪਸਾਰੇ ਨੂੰ ਲਗ ਕਰ ਪਰਮੇਸਰ ਵਿਸਾਰ ਦਿਤਾ ਹੈ ਅਰ ਫੁਰਮਾਇਸਾਂ ਕਰਕੇ ਖਾਂਦੇ ਹੋ ਸੋ ਜੈਸੇ ਬੁਢੇਪਾ ਆਇਆ ਹੈ ਤੈਸੇ ਮਰਨਾ ਭੀ ਸਿਰ ਤੇ ਖੜਾ ਹੈ ॥ ੧੭ ॥ ਇਕ ਦਿਨ ਫੇਰ ਬ੍ਰਹਮਭੋਜ ਕੀਤਾ ਅਰ ਉਸਦੇ ਘਰ ਪੁਤਰ ਜੰਮਿਆ ਸੀ ਤਾਂ ਬ੍ਰਾਹਮਣਾ ਆਖਿਆ ਸੂਤਕ ਪਾਇਆ ਹੈ ਅਸੀਂ ਨਹੀਂ ਖਾਂਦੇ ॥ ਤਾਂ ਦਿਵਾਨ ਬਾਬੇ ਪਾਸ ਆਇਆ ਅਰ ਕਹਜਾ ਜੋ ਮੇਰਾ ਧਾਮਾ ਪਕਾ ਹੋਇਆ ਐਵੇਂ ਜਾਂਦਾ ਹੈ ਤਾਂ ਬਾਬੇ ਆਖਿਆ ਜੇ ਬ੍ਰਾਹਮਣ ਨਹੀਂ ਖਾਂਦੇ ਤਾਂ ਈਹਾਂ ਹੀ ਲੈ ਆਓ ਅਸੀਂ ਸਾਧਾਂ ਨੂੰ ਖਵਾਲੀਐਗੇ ਸੋ ਜਾਂ ਬਾਬੇ ਸਾਰਾ ਪ੍ਰਸਾਦਿ ਸਾਧਾਂ ਨੂੰ ਖਵਾਲਿਆ ਤਾਂ ਬ੍ਰਾਹਮਣਾਂ ਆਖਿਆ ਤੁਸਾਂ ਸੂਤਕ ਦਾ ਪ੍ਰਸਾਦਿ ਖਾਧਾ ਹੈ ਸੋ ਤੁਸੀਂ ਡੰਡ ਦੇ ਲਾਇਕ ਹੋ ਤਾਂ ਬਾਬੇ ਸਲੋਕ ਬੋਲਿਆ ॥

ਸਲੋਕੁ ਮ: ੧ ॥ ਜੇਕਰਿ ਸੂਤਕੁ ਮੰਨੀਐ ਸਭ ਤੈ ਸੂਤਕੁ ਹੋਇ ॥ ਗੋਹੇ ਅਤੈ ਲਕੜੀ ਅੰਦਰਿ ਕੀੜਾ ਹੋਇ ॥ ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ ॥ ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ ॥ ਸੂਤਕੁ ਕਿਉ ਕਰਿ ਰਖੀਐ ਸੂਤਕੁ ਪਵੈ ਰਸੋਇ ॥ ਨਾਨਕ ਸੂਤਕੁ ਏਵ ਨ ਉਤਰੈ ਗਿਆਨੁ ਉਤਾਰੇ ਧੋਇ ॥ ੧ ॥ ਮ: ੧ ॥ ਮਨ ਕਾ ਸੂਤਕੁ ਲੋਭੁ ਹੈ ਜਿਹਵਾ ਸੂਤਕੁ ਕੂੜੁ ॥ ਅਖੀ ਸੂਤਕੁ ਵੇਖਣਾ ਪਰਤ੍ਰਿਅ ਪਰਧਨ ਰੂਪੁ ॥ ਕੰਨੀ ਸੂਤਕੁ ਕੰਨਿ ਪੈ ਲਾਇਤਬਾਰੀ ਖਾਹਿ ॥ ਨਾਨਕ ਹੰਸਾ ਆਦਮੀ ਬਧੇ ਜਮਪੁਰਿ ਜਾਹਿ ॥ ੨ ॥ ਮ: ੧ ॥ ਸਭੋ ਸੂਤਕੁ ਭਰਮੁ ਹੈ ਦੂਜੈ ਲਗੈ ਜਾਇ ॥ ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ ॥ ਖਾਣਾ ਪੀਣਾ ਪਵਿਤ੍ਰ ਹੈ ਦਿਤੋਨੁ ਰਿਜਕੁ ਸੰਬਾਹਿ ॥ ਨਾਨਕ ਜਿਨ੍ਹੀ

ਗੁਰਮੁਖਿ ਬੁਝਿਆ ਤਿਨ੍ਹਾ ਸੂਤਕੁ ਨਾਹਿ ॥ ੩ ॥ ਪਉੜੀ ॥ ਸਤਿਗੁਰੁ ਵਡਾ ਕਰਿ ਸਾਲਾਹੀਐ ਜਿਸੁ ਵਿਚਿ ਵਡੀਆ ਵਡਿਆਈਆ ॥ ਸਹਿ ਮੇਲੇ ਤਾ ਨਦਰੀ ਆਈਆ ॥ ਜਾ ਤਿਸੁ ਭਾਣਾ ਤਾ ਮਨਿ ਵਸਾਈਆ ॥ ਕਰਿ ਹੁਕਮੁ ਮਸਤਕਿ ਹਥੁ ਧਰਿ ਵਿਚਹੁ ਮਾਰਿ ਕਢੀਆ ਬੁਰਿਆਈਆ ॥ ਸਹਿ ਤੁਠੈ ਨਉਨਿਧਿ ਪਾਈਆ ॥ ੧੮ ॥

ਤਾਂ ਬਾਬੇ ਕਹਿਆ ਕਿ ਜੇ ਸੂਤਕ ਮੰਨਣਾ ਹੋਵੈ ਤਾਂ ਸਭਸੈ ਵਿਚ ਸੂਤਕ ਹੈ ਕਯੋਂਕਿ ਗੋਹੇ ਤੇ ਲਕੜੀਆਂ ਵਿਚ ਭੀ ਜੀਉ ਜੰਮਦੇ ਮਰਦੇ ਹਨ ਅਰ ਅੰਨ ਦੇ ਦਾਨਿਆਂ ਵਿਚ ਭੀ ਜੀਵ ਹੈਂ ਅਰ ਜਲ ਵਿਚ ਭੀ ਜੀਵ ਹੈ ਜੋ ਸਭਸੇ ਨੂੰ ਹਰਿਆ ਕਰਦਾ ਹੈ ਤਾਂਤੇ ਸੂਤਕ ਬਿਨਾਂ ਤਾਂ ਰਸੋਈ ਸਿਧ ਹੀ ਨਹੀਂ ਹੁੰਦੀ ਗੁਰੂ ਨਾਨਕ ਜੀ ਕਹਿੰਦੇ ਹੈਨ ਕਿ ਇਸ ਤਰਾਂ ਸੂਤਕ ਕਾ ਭਰਮ ਨਹੀਂ ਉਤਰਤਾ ਅਰ ਜੇ ਸਤਿਗੁਰ ਗਿਆਨ ਕਰਕੇ ਸੂਤਕ ਉਤਾਰਦੇ ਹਨ ਤਾਂ ਉਤਰਤਾ ਹੈ ॥ ੧ ॥ ਮਨ ਦਾ ਜੋ ਸੂਤਕ ਹੈ ਸੋ ਲੋਭ ਹੈ ਅਰ ਜਿਹਬਾ ਦਾ ਸੂਤਕ ਕੂੜ ਬੋਲਣਾ ਹੈ ਅਰ ਅਖੀਆਂ ਨੂੰ ਜੋ ਸੂਤਕ ਹੈ ਸੋ ਪਰਾਈਆਂ ਇਸਤ੍ਰੀਆਂ ਵੇਖਣ ਦਾ ਹੈ ਅਰ ਪਰਾਇਆ ਧਨ ਵੇਖਣ ਦਾ ਹੈ ਅਰ ਕੰਨਾਂ ਨੂੰ ਜੋ ਸੂਤਕ ਹੈ ਸੋ ਚੁਗਲੀ ਸੁਣਦਾ ਹੈ ॥ ਗੁਰੂ ਨਾਨਕ ਜੀ ਕਹਿੰਦੇ ਹੈਨ ਕਿ ਜੋ ਜੋ ਜੀਆਂ ਦੇ ਮਾਰਨ ਵਾਲੇ ਹਨ ਸੋ ਜਮ ਦੀ ਪੁਰੀ ਬਧੇ ਜਾਂਦੇ ਹਨ ॥ ੨ ॥ ਸਭੋ ਜੋ ਸੂਤਕ ਹੈ ਸੋ ਭਰਮ ਹੈ ਅਰ ਅਗਯਾਨ ਕਰ ਲਗਦਾ ਹੈ ਕਯੋਂਕਿ ਜੰਮਣਾ ਤੇ ਮਰਣਾ ਜੋ ਹੈ ਸੋ ਵਾਹਗੁਰੂ ਦੇ ਹੁਕਮ ਵਿਚ ਹੈ ਅਰ ਉਸਦਾ ਭਾਣਾ ਹੁੰਦਾ ਹੈ ਤਾਂ ਜਮਦਾ ਅਤੇ ਉਸ ਦੇ ਭਾਣੇ ਵਿਚ ਹੀ ਮਰਦਾ ਹੈ ਅਰ ਵਾਹਗੁਰੂ ਨੇ ਜੋ ਰਜਕ ਬਣਾਇ ਦਿਤਾ ਹੈ ਜੀਆਂ ਦਾ ਸੋ ਉਸਦਾ ਖਾਣਾ ਪੀਣਾ ਪਵਿਤਰ ਹੈ ਗੁਰੂ ਨਾਨਕ ਜੀ ਕਹਿੰਦੇ ਹੈਨ ਕਿ ਜਿਨਾਂ ਗੁਰਮੁਖਾਂ ਬੁਝਿਆ ਹੈ ਤਿਨਾਂ ਨੂੰ ਸੂਤਕ ਨਹੀਂ ਲਗਦਾ ॥ ੩ ॥ ਪਉੜੀ ਕਹਿਤੀ ਹੈ ਕਿ ਸਤਿਗੁਰਾਂ ਨੂੰ ਵਡਾ ਕਰ ਸਲਾਹੀਐ ਜਿਸਦੇ ਵਿਚ ਵਡੀਆਂ ਵਡਿਆ-ਈਆਂ ਹੈਨ ਪਰ ਜਿਸ ਨੂੰ ਪਰਮੇਸਰ ਸਾਧ ਸੰਗਤ ਪ੍ਰਾਪਤਿ ਕੀਤਾ ਹੈ ਤਿਸ ਨੂੰ ਨਜ਼ਰ ਆਈਆਂ ਹਨ ਅਰ ਜਾਂ ਵਾਹਗੁਰੂ ਭਾਣਾ ਹੈ ਤਾਂ ਉਸਦੇ ਮਨ ਵਿਚ ਵਸੀਆਂ ਹੈਨ ਅਰ ਵਾਹਗੁਰੂ ਨੇ ਸਬਦ ਰੂਪੀ ਹਥ ਜਿਨਾਂ ਦੇ ਮਸਤਕ ਪਰ ਰਖਿਆ ਹੈ ਤਿਸ ਦੀਆਂ ਬੁਰਿਆਈਆਂ ਵਿਚੋਂ ਮਾਰ ਕਢੀਆਂ ਹਨ ਅਰ ਵਾਹਗੁਰੂ ਤੁਠਾ ਹੈ ਤਾਂ ਨਉਂ ਨਿਧਾਂ ਪਾਈਆਂ ਹੈਨ ॥ ੧੮ ॥

ਸਲੋਕੁ ਮ: ੧ ॥ ਪਹਿਲਾ ਸੁਚਾ ਆਪਿ ਹੋਇ ਸੁਚੈ ਬੈਠਾ ਆਇ ॥ ਸੁਚੇ ਅਗੈ ਰਖਿਓਨੁ ਕੋਇ ਨ ਭਿਟਿਓ ਜਾਇ ॥ ਸੁਚਾ ਹੋਇ ਕੈ ਜੇਵਿਆ ਲਗਾ ਪੜਣਿ

ਸਲੋਕੁ ॥ ਕੁਹਥੀ ਜਾਈ ਸਟਿਆ ਕਿਸੁ ਏਹੁ ਲਗਾ ਦੋਖੁ ॥ ਅੰਨੁ ਦੇਵਤਾ ਪਾਨੀ ਦੇਵਤਾ ਬੈਸੰਤਰੁ ਦੇਵਤਾ ਲੂਣੁ ਪੰਜਵਾ ਪਾਇਆ ਘਿਰਤੁ ॥ ਤਾ ਹੋਆ ਪਾਕੁ ਪਵਿਤੁ ॥ ਪਾਪੀ ਸਿਉ ਤਨੁ ਗਡਿਆ ਥੁਕਾ ਪਈਆ ਤਿਤੁ ॥ ਜਿਤੁ ਮੁਖਿ ਨਾਮੁ ਨ ਊਚਰਹਿ ਬਿਨੁ ਨਾਵੈ ਰਸ ਖਾਹਿ ॥ ਨਾਨਕ ਏਵੈ ਜਾਣੀਐ ਤਿਤੁ ਮੁਖਿ ਥੁਕਾ ਪਾਹਿ ॥ ੧ ॥ ਮ: ੧ ॥ ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥ ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥ ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥ ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥ ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ ॥ ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ ॥ ਜਿਤੁ ਮੁਖਿ ਸਦਾ ਸਾਲਾਹੀਐ ਭਾਗਾ ਰਤੀ ਚਾਰਿ ॥ ਨਾਨਕ ਤੇ ਮੁਖ ਊਜਲੇ ਤਿਤੁ ਸਚੈ ਦਰਬਾਰਿ ॥ ੨ ॥ ਪਉੜੀ ॥ ਸਭੁ ਕੋ ਆਖੈ ਆਪਣਾ ਜਿਸੁ ਨਾਹੀ ਸੋ ਚੁਣਿ ਕਢੀਐ ॥ ਕੀਤਾ ਆਪੋ ਆਪਣਾ ਆਪੇ ਹੀ ਲੇਖਾ ਸੰਢੀਐ ਜਾ ਰਹਣਾ ਨਾਹੀ ਐਤੁ ਜਗਿ ਤਾ ਕਾਇਤੁ ਗਾਰਬਿ ਹੰਢੀਐ ॥ ਮੰਦਾ ਕਿਸੈ ਨ ਆਖੀਐ ਪੜਿ ਅਖਰੁ ਏਹੋ ਬੁਝੀਐ ॥ ਮੂਰਖੈ ਨਾਲਿ ਨ ਲੁਝੀਐ ॥ ੧੯ ॥

ਤਾਂ ਬਾਬੇ ਕਹਿਆ ਕਿ ਪਹਲੇ ਸੁਚਾ ਆਪ ਹੁੰਦਾ ਹੈ ਜੋ ਇਸਨਾਨ ਕਰਕੇ ਅਤੇ ਫੇਰ ਸੁਚੇ ਚੌਕੇ ਤੇ ਜਾਇ ਬਹਦਾ ਹੈ ਅਰ ਸੁਚਾ ਜੋ ਰਸੋਈਆ ਹੁੰਦਾ ਹੈ ਸੋ ਅਗੇ ਆਣ ਰਖਦਾ ਹੈ ਤਾਂ ਸੁਚਾ ਹੋਇਕੇ ਇਹ ਖਾਵਤਾ ਹੈ ਅਰ ਚੁਲਾ ਕਰਕੇ ਏਹ ਸਲੋਕ ਪੜਤਾ ਹੈ ਪਰ ਏਹ ਜੋ ਵਿਸਟਾ ਕਰਕੇ ਬਾਹਰ ਸੁਟ ਆਵਤਾ ਹੈ ਸੋ ਇਹ ਕਿਸਨੋ ਦੋਖ ਲਗਤਾ ਹੈ ਕਜੋਂਕਿ ਅੰਨ ਵੀ ਦੇਵਤਾ ਹੈ ਅਰ ਪਾਨੀ ਵੀ ਦੇਵਤਾ ਹੈ ਅਰ ਬੈਸੰਤਰ ਭੀ ਦੇਵਤਾ ਹੈ ਅਰ ਲੂਣ ਭੀ ਅਤੇ ਪੰਜਵਾਂ ਘ੍ਰਿਤ ਪਾਈਤਾ ਹੈ ਤਾਂ ਪਵਿਤ੍ਰ ਹੁੰਦਾ ਹੈ ਅਤੇ ਸਰੀਰ ਪਾਪੀ ਵਿਚ ਜੋ ਪਾਈਤਾ ਹੈ ਸੋ ਥੁਕਾਂ ਪਉਂਦੀਆਂ ਹਨ ਤਾਂਤੇ ਜਿਸ ਮੁਖ ਪਰਮੇਸਰ ਦਾ ਨਾਉਂ ਨਹੀਂ ਨਿਕਲਦਾ ਸੋ ਮੁਖ ਗੁਰੂ ਨਾਨਕ ਜੀ ਕਹਿੰਦੇ ਹਨ ਥੁਕਾਂ ਪਉਣ ਦੇ ਲਾਇਕ ਹੈ ॥ ੧ ॥ ਏਹ ਮਨੁਖ ਜੋ ਹੈ ਸੋ ਨਾਮ ਕਰਕੇ ਹੀ ਪਵਿਤ੍ਰ ਹੋਤਾ ਹੈ ਨਹੀਂ ਤੋ ਜਬ ਮਾਤਾ ਕੇ ਉਦਰ ਮੈ ਨਿੰਮਤਾ ਹੈ ਤਾਂ ਤਦ ਭੀ ਭੰਡੀ ਹੋਤੀ ਹੈ ਅਰ ਜੰਮਤਾ ਹੈ ਤਦ ਭੀ ਭੰਡੀ ਹੋਤੀ ਹੈ ਅਰ ਜੇ ਇਸਕਾ ਮੰਗਣਾ ਹੋਤਾ ਹੈ ਤਦ ਭੀ ਭੰਡੀ ਹੋਤੀ ਹੈ ਅਰ ਜੇ ਇਸਕਾ ਵਿਆਹੁ ਹੋਤਾ ਹੈ ਤਦ ਭੀ ਭੰਡੀ ਹੋਤੀ ਹੈ ਅਰ ਜੇ ਇਸਕੀ ਇਸਤ੍ਰੀ ਨਾਲ ਦੋਸਤੀ ਤਬ ਭੀ ਭੰਡੀ ਹੋਤੀ ਹੈ ਅਰ ਜੇ ਕਿਧਰੇ ਰਾਹ ਤੁਰਦਾ ਹੈ ਤਦ ਭੀ ਭੰਡੀ ਹੋਤੀ ਹੈ ਅਰ ਜੇ ਮਰਦਾ ਹੈ ਤਦ ਭੀ ਭੰਡੀ ਹੋਤੀ ਹੈ ਤਾਂਤੇ ਭੰਡਦਾ ਹੀ ਸਭੋ ਬੰਧਾਨ ਹੈ ਪਰ

ਜਿਸਕੇ ਮਨ ਵਿਚ ਵਾਹਗੁਰੂ ਕਾ ਨਾਮ ਹੋਤਾ ਹੈ ਸੋ ਕਿਉਂ ਮੰਦਾ ਕਹੀਤਾ ਹੈ ਸੋ ਸਭ ਤੇ ਸ੍ਰੇਸਟ ਹੈ ਅਰ ਭੰਡ ਸੇ ਭੰਡ ਉਪਜਤਾ ਹੈ ਅਰ ਭੰਡਹੁ ਬਿਨਾ ਉਪਜਿਆ ਕੋਈ ਨਹੀਂ ਤਾਂਤੇ ਗੁਰੂ ਨਾਨਕ ਜੀ ਕਹਿੰਦੇ ਹਨ ਕਿ ਭੰਡੀ ਤੋਂ ਬਾਹਰ ਏਕੋ ਸਚਾ ਪੁਰਖ ਹੈ ਅਰ ਜਿਸ ਮੁਖ ਕਰ ਵਾਹਗੁਰੂ ਕਾ ਨਾਮ ਜਪਤੇ ਹਨ ਸੋ ਉਨਾਂ ਹੀ ਦੇ ਭਾਗ ਹਨ ਅਤੇ ਮੁਖ ਭੀ ਉਜਲੇ ਹੋਤੇ ਹਨ ॥ ੨ ॥ ਪਉੜੀ ਕਹਤੀ ਹੈ ਕਿ ਸਭ ਕੋਈ ਪਰਮੇਸਰ ਨੂੰ ਆਪਣਾ ਆਖਦਾ ਹੈ ॥ ਅਤੇ ਜਿਸਦਾ ਨਹੀਂ ਸੋ ਚੁਣ ਕਢੀਐ ਅਰ ਆਪੋ ਆਪਣਾ ਜੋ ਕੀਤਾ ਹੈ ਸੋ ਆਪੇ ਹੀ ਪਾਵਣਾ ਹੈ ਅਰ ਜੇ ਇਸ ਜਗਤ ਵਿਚ ਰਹਿਣਾ ਨਹੀਂ ਤਾਂ ਗਰਬ ਕਿਉਂ ਕਰਨਾ ਹੈ ਤਾਂਤੇ ਮੰਦਾ ਕਿਸੇ ਨੂੰ ਨਹੀਂ ਆਖਣਾ ਅਰ ਪੜ ਕੇ ਏਹੋ ਅਖਰ ਬੁਝਣਾ ਹੈ ਅਰ ਮੂਰਖ ਨਾਲ ਗਲ ਨਹੀਂ ਕੀਤੀ ਚਾਹੀਤੀ ॥ ੧੯ ॥ ਤਾਂ ਬ੍ਰਾਹਮਣ ਜੋ ਦੀਵਾਨ ਦਾ ਗੁਰੂ ਸੀ ਉਸਨੇ ਕਹਿਆ ਅਸੀਂ ਤੈਨੂੰ ਮੂਰਖ ਜਾਣਨੇ ਹਾਂ ਜੋ ਕਰਮਾਂ ਤੋਂ ਭ੍ਰਸਟ ਹੋਇਆ ਫਿਰਦਾ ਹੈ ਤਾਂ ਬਾਬਾ ਬੋਲਿਆ ॥

ਸਲੋਕੁ ਮ: ੧ ॥ ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ ॥ ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ ॥ ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ ॥ ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ ॥ ੧ ॥ ਮ: ੧ ॥ ਅੰਦਰਹੁ ਝੂਠੇ ਪੈਜ ਬਾਹਰਿ ਦੁਨੀਆ ਅੰਦਰਿ ਫੈਲੁ ॥ ਅਠਸਠਿ ਤੀਰਥ ਜੇ ਨਾਵਹਿ ਉਤਰੈ ਨਾਹੀ ਮੈਲੁ ॥ ਜਿਨ੍ ਪਟੁ ਅੰਦਰਿ ਬਾਹਰਿ ਗੁਦੜੁ ਤੇ ਭਲੇ ਸੰਸਾਰਿ ॥ ਤਿਨ੍ ਨੇਹੁ ਲਗਾ ਰਬ ਸੇਤੀ ਦੇਖਨੇ੍ ਵੀਚਾਰਿ ॥ ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ ॥ ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ ॥ ਦਰਿ ਵਾਟ ਉਪਰਿ ਖਰਚੁ ਮੰਗਾ ਜਬੈ ਦੇਇ ਤ ਖਾਹਿ ॥ ਦੀਬਾਨੁ ਏਕੋ ਕਲਮ ਏਕਾ ਹਮਾ ਤੁਮ੍ਾ ਮੇਲੁ ॥ ਦਰਿ ਲਏ ਲੇਖਾ ਪੀੜਿ ਛੁਟੈ ਨਾਨਕਾ ਜਿਉ ਤੇਲੁ ॥ ੨ ॥ ਪਉੜੀ ॥ ਆਪੇ ਹੀ ਕਰਣਾ ਕੀਓ ਕਲ ਆਪੇ ਹੀ ਤੈ ਧਾਰੀਐ ॥ ਦੇਖਹਿ ਕੀਤਾ ਆਪਣਾ ਧਰਿ ਕਚੀ ਪਕੀ ਸਾਰੀਐ ॥ ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ ॥ ਜਿਸ ਕੇ ਜੀਅ ਪਰਾਣ ਹਹਿ ਕਿਉ ਸਾਹਿਬੁ ਮਨਹੁ ਵਿਸਾਰੀਐ ॥ ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ ॥ ੨੦ ॥

ਗੁਰੂ ਨਾਨਕ ਜੀ ਕਹਦੇ ਹਨ ਕਿ ਜੇ ਕੋਈ ਫਿਕਾ ਬੋਲਦਾ ਹੈ ਉਸ ਦਾ ਤਨ ਮਨ ਫਿਕਾ ਹੋਂਦਾ ਹੈ ਜੈਸੇ ਜਿਸ ਘਰ ਅਗ ਲਗਦੀ ਹੈ ਪਹਿਲਾਂ ਉਸ ਘਰ ਨੂੰ ਸਾੜਦੀ ਹੈ ਅਰ ਪਿਛੋਂ ਹੋਰ ਹਮਸਾਏ ਤੇ ਪਉਂਦੀ ਹੈ ਤਾਂ ਉਸਨੂੰ ਭੀ ਸਾੜਦੀ ਹੈ ਅਰ ਜੇ ਪਾਣੀ

ਪਾਇ ਲੈਂਦੇ ਹੈਨ ਤਾਂ ਬਚ ਜਾਂਦੇ ਹਨ ਸੋ ਤੈਸੇ ਜੋ ਕ੍ਰੋਧ ਕਰਦਾ ਹੈ ਤਾਂ ਪਹਿਲੇ ਉਸਦਾ ਤਨ ਮਨ ਜਲ ਜਾਂਦਾ ਹੈ ਅਤੇ ਪਿਛੇ ਜਿਸਤੇ ਕ੍ਰੋਧ ਕਰਦਾ ਹੈ ਸੋ ਜੇ ਤਾਂ ਉਸ ਅਗੇ ਸਾਂਤ ਕੀਤੀ ਤਾਂ ਬਚ ਜਾਂਦਾ ਹੈ ਅਰ ਜੇ ਅਗੋਂ ਓਹ ਭੀ ਕ੍ਰੋਧ ਕਰਤਾ ਹੈ ਤਾਂ ਉਹ ਭੀ ਜਲ ਜਾਂਦਾ ਹੈ ਅਰ ਫਿਕੇ ਦਾ ਨਾਂਉ ਭੀ ਫਿਕਾ ਸਦੀਦਾ ਹੈ ਅਤੇ ਫਿਕੇ ਦੀ ਕੰਨ ਸੋਇ ਭੀ ਫਿਕੀ ਹੁੰਦੀ ਹੈ ਤੇ ਫਿਕਾ ਵਾਹਗੁਰੂ ਦੀ ਦਰਗਾਹ ਵਿਚੋਂ ਸਟ ਘਤੀਦਾ ਹੈ ਅਰ ਫਿਕੇ ਦੇ ਮੂੰਹਿ ਵਿਚ ਥੁਕਾਂ ਪਉਦੀਆਂ ਹਨ ਅਰ ਜੇ ਆਪਣੇ ਥੋਂ ਡਾਡੇ ਨਾਲ ਫਿਕਾ ਬੋਲਦਾ ਹੈ ਤਾਂ ਪਨੀਆਂ ਦੀ ਸਜਾਇ ਪਉਦਾ ਹੈ ਅਤੇ ਜਿਨਾਂ ਦੇ ਅੰਦਰਿ ਝੂਠ ਹੈ ਅਤੇ ਬਾਹਰ ਸਾਧਾਂ ਤੇ ਬ੍ਰਾਹਮਣਾਂ ਦਾ ਸਾਂਗ ਬਣਾਇ ਬੈਠਦੇ ਹਨ ਅਤੇ ਦੁਨੀਆਂ ਵਿਚ ਬਦ ਕਰਮ ਕਰਦੇ ਹਨ ਸੋ ਜਬ ਲਗ ਅੰਦਰੋਂ ਸੁਚੇ ਨ ਹੋਵਨ ਭਾਵੇਂ ਅਠਸਠ ਤੀਰਥ ਨਾਵਣ ਤਾਂ ਭੀ ਅੰਦਰੋਂ ਮੈਲ ਨਹੀਂ ਉਤਰਦੀ ਅਰ ਜਿਨਾਂ ਦੇ ਅੰਦਰ ਸਚ ਹੈ ਸੋ ਬਾਹਰ ਭਾਵੇ ਜੇਹਾ ਭੇਖ ਧਰਨ ਸੋਈ ਭਲੇ ਹੈਨ ਅਰ ਉਨਾਂ ਦਾ ਨੇਹੁ ਪਰਮੇਸਰ ਨਾਲ ਲਗਾ ਹੈ ਅਤੇ ਸਬਦ ਨੂੰ ਵੀਚਾਰਦੇ ਹਨ ਅਰ ਰੰਗ ਕਰਕੇ ਹਸਦੇ ਭੀ ਹੈਨ ਅਰ ਰੋਂਦੇ ਭੀ ਹੈਨ ਅਰ ਚੁਪ ਭੀ ਕਰ ਜਾਂਦੇ ਹਨ ਅਰ ਬਾਝੋਂ ਸਚੇ ਨਾਉਂ ਹੋਰ ਪਰਵਾਹ ਕਿਸੇ ਦੀ ਨਹੀਂ ਰਖਦੇ ਅਰ ਇਕ ਵਾਹਗੁਰੂ ਦੇ ਦੁਆਰਿਓਂ ਮੰਗਦੇ ਹੈਨ ਹੋਰ ਮਨੁਖ ਦੀ ਆਸ ਨਹੀਂ ਰਖਦੇ ਅਰ ਓਹ ਦਿਵਾਨ ਨੂੰ ਭੀ ਇਕ ਜਾਣਦੇ ਹਨ ਅਤੇ ਲੇਖ ਭੀ ਇਕੋ ਜਾਣਦੇ ਹੈਨ ਤਾਂਤੇ ਸੋ ਪਰਮੇਮਰ ਨੂੰ ਪ੍ਰਾਪਤਿ ਹੁੰਦੇ ਹੈਨ ਅਰ ਜੌਨਸੇ ਅਗਯਾਨ ਕਰਕੇ ਮੇਰੀ ਤੇਰੀ ਕਰਦੇ ਹਨ ਸੋ ਧਰਮਰਾਇ ਅਗੇ ਲੇਖਾ ਦੇਣਗੇ ॥

ਅਰ ਜਿਉਂ ਤੇਲੀ ਤਿਲਾਂ ਨੂੰ ਪੀੜਦਾ ਹੈ ਤਿਉਂ ਪੀੜੀਅਨਗੇ ॥ ੨ ॥ ਪਉੜੀ ਕਹਤੀ ਹੈ ਕਿ ਆਪ ਮਹਾਰਾਜ ਕ੍ਰਿਪਾ ਕਰਕੇ ਬਾਣੀ ਰਚੀ ਹੈ ਅਰ ਆਪ ਹੀ ਜੀਆਂ ਮੈ ਕਲਾਧਾਰੀ ਹੈ ਅਰ ਚਾਰ ਜੁਗ ਚੌਪੜ ਰਚੇ ਹੈਂ ॥ ਅਰ ਚੌਰਾਸੀ ਖਾਨੇ ਚੌਰਾਸੀ ਲਖ ਜੀਅ ਜੂਨ ਰਚੇ ਹੈਂ ਅਰ ਚਾਰ ਪ੍ਰਕਾਰ ਦੀਆਂ ਸਾਰੀਆਂ ਚਾਰ ਵਰਨ ਰਚੇ ਹਨ ਅਤੇ ਤੀਨ ਗੁਣਾਂ ਕੇ ਪਾਸੇ ਰਚੇ ਹਨ ਸੋ ਜਗਤ ਆਵਾਗਉਣ ਰਚਿਆ ਹੈ ਅਰ ਪਕੀਆਂ ਸਾਰੀਆਂ ਕਾ ਸਿਰ ਨੀਵਾਂ ਹੋਤਾ ਹੈ ਅਰ ਕਚੀਆਂ ਕਾ ਸਿਰ ਉਚਾ ਹੋਤਾ ਹੈ ॥ ਅਰ ਜਿਸਕਾ ਮਨ ਨਾਮ ਕੇ ਸਾਥ ਜੁੜਿਆ ਹੋਤਾ ਹੈ ਸੋ ਮਰਨ ਤੇ ਰਹਤ ਹੋਤਾ ਹੈ ਅਰ ਆਪਣੇ ਹਥੋਂ ਆਪਣਾ ਆਪੇ ਕਾਰਜ ਸਵਾਰਤਾ ਹੈ ਸੋ ਜਬ ਇਤਨਾਂ ਬਚਨ ਬਾਬੇ ਕਹਿਆ ਤਬ ਬ੍ਰਾਹਮਣ ਭੀ ਅਰ ਦੀਵਾਨ ਭੀ ਆਣ ਚਰਨੀ ਲਗੇ ਤਾਂ ਬਾਬਾ ਉਥੋਂ ਵਿਦਾ ਹੋਕੇ ਘਰਿ ਆਇਆ ਤਾਂ ਦੂਜੇ ਦਿਨ ਬਾਬੇ ਕਹਿਆ ਅਸਾਡੇ ਨਾਲ ਮੋਦੀਖਾਨੇ ਦਾ ਲੇਖਾ ਤੁਸੀਂ ਕਰੋ ਤਾਂ ਦੀਵਾਨ ਦੇ ਨਾਲ ਲੇਖਾ ਕੀਤਾ ਤਾਂ ਪਰਗਣੇ ਦੀ ਆਮਦਨੀ

ਭੀ ਪੂਰੀ ਕਰ ਦਿਤੀ ਅਰ ਪੰਜ ਹਜਾਰ ਰੁਪਜਾ ਭੀ ਦੀਵਾਨ ਵਲਿ ਵਧੀਕ ਕਢਿਆ ਤਾਂ ਫੇਰ ਬਾਬੇ ਨੇ ਜੈਰਾਮ ਨੂੰ ਆਇਕੇ ਹਟੀ ਵਿਖਾਲ ਦਿਤੀ ਜੋ ਸਭ ਪਦਾਰਥਾਂ ਕਰਕੇ ਭਰਪੂਰ ਹੈ ਤਾਂ ਬਾਬੇ ਆਖਿਆ ਹੁਣ ਤੁਸੀਂ ਆਪਣਾ ਕੰਮ ਸੰਭਾਲੋ ਅਰ ਮੈਂ ਤੁਸਾਡਾ ਕੰਮ ਨਹੀਂ ਕਰਦਾ ਤਾਂ ਜੈਰਾਮ ਮਿੰਨਤ ਕੀਤੀ ਜੋ ਜੀ ਮੇਰੇ ਵਿਚ ਤਾਂ ਦੋਸ ਕੋਈ ਨਹੀਂ ਤਾਂ ਫਿਰ ਖਾਨ ਨੂੰ ਖਬਰ ਹੋਈ ਸੋ ਦੂਜੇ ਦਿਨ ਦਿਵਾਨ ਨੂੰ ਲੈਕੇ ਤੜਕੇ ਬਾਬੇ ਦੇ ਡੇਰੇ ਆਇਆ ਅਤੇ ਬਾਬਾ ਝਲਾਘੇ ਹੀ ਨਾਲ ਟਹਿਲੀਏ ਨੂੰ ਲੈਕੇ ਵੇਈ ਤੇ ਇਸਨਾਨ ਕਰਨ ਆਇਆ ॥

ਸਾਖੀ ਵੇਈਂ ਵਿਚ ਟੁਬੀ ਮਾਰਨ ਦੀ

ਅਰ ਬਸਤ੍ਰ ਉਤਾਰ ਕੇ ਟਹਿਲੀਏ ਨੂੰ ਦਿਤੇ ਅਤੇ ਆਪ ਟੁਬੀ ਮਾਰੀ ਤਾਂ ਵਿਚੇ ਹੀ ਨਿਰੰਕਾਰ ਦੇ ਦੇਸ ਨੂੰ ਚਲਿਆ ਗਿਆ ਤਾਂ ਦੁਪਿਹਰ ਤੀਕ ਬੈਠ ਬੈਠ ਕੇ ਟਹਿਲੀਆ ਬਸਤ੍ਰ ਘਰ ਲੇ ਆਇਆ ਤਾਂ ਉਸਨੇ ਆਖਿਆ ਕਿ ਬਾਬਾ ਵਿਚ ਵੇਈਂ ਦੇ ਇਸਨਾਨ ਕਰਨ ਨੂੰ ਵੜਿਆ ਸੀ ਅਰ ਫੇਰ ਨਹੀਂ ਨਿਕਲਿਆ ਤਾਂ ਖਾਨ ਉਥੇ ਮਹਾਜਾਲ ਲੈ ਕੇ ਗਇਆ ਅਰ ਸਾਰੇ ਸੋਧ ਸਾਧ ਕੇ ਰਾਤ ਨੂੰ ਘਰ ਆਇਆ ਤਾਂ ਫਿਰ ਸਭੇ ਲਗੇ ਅਫਸੋਸ ਕਰਨ ਤਾਂ ਅਠਵੇਂ ਦਿਨ ਬਾਬਾ ਫੇਰ ਉਸੇ ਹੀ ਘਾਟੋਂ ਨਿਕਲਿਆ ਅਰ ਵਿਚ ਨਿਰੰਕਾਰ ਮਾਲ ਸੋਦਰ ਦੀ ਗੋਸਟ ਕਰ ਆਇਆ ਅਰ ਨਿਰੰਕਾਰ ਤੋਂ ਪੁਛਿਆ ਕਿ ਸੋ ਤੇਰਾ ਦਰ ਕੇਹੜਾ ਹੈ ਅਰ ਘਰ ਕੇਹੜਾ ਹੈ ਜਿਥੇ ਤੂੰ ਬਹਿਕੇ ਸਭਸੇ ਨੂੰ ਸਮਾਲਨਾ ਹੈ ਤਾਂ ਨਿਰੰਕਾਰ ਕਹਿਆ ਕਿ ਜਹਾਂ ਮੇਰਾ ਕਥਾ ਕੀਰਤਨ ਹੋਤਾ ਹੈ ਤਹਾਂ ਮੇਰਾ ਦਰ ਹੈ ਅਰ ਤਹਾਂ ਹੀ ਮੇਰਾ ਘਰ ਹੈ ਤਾਂ ਬਾਬੇ ਨੂੰ ਆਗਿਆ ਹੋਈ ਤੁਸੀਂ ਜਾਓ ਅਰ ਤੀਰਥਾਂ ਪਰ ਜਾਇਕੇ ਸਤਨਾਮ ਕਾ ਚਕਰ ਫਿਰਾਓ ॥

ਵੇਈਂ ਤੋਂ ਬਾਬਾ ਬਾਹਰ ਆਇਆ

ਤਬ ਬਾਬਾ ਵੇਈਂ ਤੋਂ ਬਾਹਰ ਆਇਆ ਅਰ ਏਹੋ ਕਹਿੰਦਾ ਹੈ ਕਿ ਨਾ ਕੋਈ ਹਿੰਦੂ ਨਾ ਮੁਸਲਮਾਨ ਹੈ ਤਬ ਖਾਨ ਕੋ ਖਬਰ ਹੋਈ ਅਰ ਖਾਨ ਕਾਜੀ ਕੋ ਲੈਕਰ ਆਇਆ ਸੋ ਲੈਕਰ ਬਾਬੇ ਨੂੰ ਆਨ ਮਿਲਿਆ ਤਬ ਕਾਜੀ ਪੁਛਿਆ ਹੇ ਨਾਨਕ ਤੂੰ ਜੋ ਕਹਿਨਾਂ ਹੈਂ ਨਾ ਕੋਈ ਹਿੰਦੂ ਹੈ ਅਰ ਨਾ ਕੋਈ ਮੁਸਲਮਾਨ ਹੈ ਸੋ ਤੁਧ ਨੇ ਕਿਆ ਪਾਇਆ ਹੈ ਤਬ ਬਾਬੇ ਕਹਿਆ ਹਿੰਦੂਆਂ ਕੇ ਕਰਮ ਕਰੇ ਸੋ ਹਿੰਦੂ ਹੋਵੈ ਅਰ ਮੁਸਲਮਾਨਾਂ ਦੇ ਕਰਮ ਕਰੇ ਸੋ ਮੁਸਲਮਾਨ ਹੋਵੈ ਤਾਂ ਕਾਜੀ ਪੁਛਿਆ ਮੁਸਲਮਾਨਾਂ ਦੇ ਕਰਮ ਕੇਹੜੇ

ਹੈਨ ਤਬ ਬਾਬੇ ਸਲੋਕ ਕਹਿਆ ॥

ਮੁਸਲਮਾਨ ਕਹਾਵਣ ਮੁਸਕਲ ਜਾ ਹੋਇਤਾ ਮੁਸਲਮਾਨ ਕਹਾਵੈ ॥ ਅਵਲਿ ਅਉਲ ਦੀਨ ਕਰਿ ਮਿਠਾ ਮੁਸਕਲ ਮਾਨਾ ਮਾਲ ਮੁਸਵੈ ॥ ਹੋਇ ਮੁਸਲਮ ਦੀਨ ਮੁਹਾਣੈ ਮਰਣ ਜੀਵਣ ਕਾ ਭਰਮ ਚੁਕਾਵੈ ॥ ਰਬ ਕੀ ਰਜਾਇ ਮੰਨੇ ਸਿਰ ਉਪਰਿ ਕਰਤਾ ਮੰਨੇ ਆਪ ਗਵਾਵੈ ॥ ਤਉ ਨਾਨਕ ਸਰਬ ਜੀਆਂ ਮਿਹਰੰਮਤ ਹੋਇ ਤ ਮੁਸਲਮਾਣ ਕਹਾਵੈ ॥ ੧ ॥

ਤਬ ਕਾਜੀਆਂ ਕਹਿਆ ਹਿੰਦੂਆਂ ਦੇ ਕਰਮ ਕੇਹੜੇ ਹੈ ਤਾਂ ਬਾਬੇ ਸਲੋਕ ਕਹਿਆ ॥

ਮ: ੧ ॥ ਪਰਹਰਿ ਕਾਮ ਕ੍ਰੋਧ ਝੂਠ ਨਿੰਦਾ ਤਜਿ ਮਾਇਆ ਅਹੰਕਾਰ ਚੁਕਾਵੈ ॥ ਤਜਿ ਕਾਮੁ ਕਾਮਨੀ ਮੋਹ ਤਜੈ ਤਾਂ ਅੰਜਨ ਮਾਹਿ ਨਿਰੰਜਨੁ ਪਾਵੈ ॥ ਤਜਿ ਮਾਨੁ ਅਭਿਮਾਨੁ ਪ੍ਰੀਤ ਸੁਤਿ ਦਾਰਾ ਤਜਿ ਪਿਆਸ ਆਸ ਰਾਸ਼ ਲਿਵਲਾਵੈ ॥ ਨਾਨਕ ਸਾਚਾ ਮਨਿ ਵਸੈ ਸਾਚਿ ਸਬਦਿ ਹਰਿ ਨਾਮ ਸਮਾਵੈ ॥ ੨ ॥

ਤਿਸ ਕਾ ਵੀਚਾਰ :--ਮੁਸਲਮਾਨ ਭੀ ਕਹਾਵਣ ਮੁਸਕਲ ਹੈ ਕਜੋ ਜੋ ਇਤਨੇ ਧਰਮ ਹੋਸ ਤਾਂ ਮੁਸਲਮਾਨ ਕਹਾਵੈ ਜੋ ਪਹਿਲੇ ਦੀਨ ਨੂੰ ਮਿਲ ਕਰਕੇ ਮਾਲ ਧਨ ਮੁਸਲਮਾਨਾਂ ਨੂੰ ਮੁਸਾਵੈ ਅਥਵਾ ਬਖਸੇ ਅਤੇ ਆਪਣਾ ਮਾਨ ਵੀ ਘਟਾਵੈ ਅਰ ਆਪਣੇ ਪੈਕੰਬਰ ਦੇ ਦੀਨ ਤੇ ਮੁਹਕਮ ਹੋਵੈ ਅਤੇ ਮਰਣ ਤੇ ਜੰਮਣ ਦਾ ਭਰਮ ਨਾ ਹੋਵੈ ਅਤੇ ਰਬ ਦੀ ਰਜਾਇ ਸਿਰ ਤੇ ਮੰਨੇ ਅਰ ਪਰਮੇਸਰ ਨੂੰ ਮੰਨੇ ਅਤੇ ਆਪਾ ਵਿਚੋਂ ਦੂਰ ਕਰੇ ਅਤੇ ਸਰਬ ਜੀਆਂ ਵਿਚ ਪਰਮੇਸਰ ਨੂੰ ਰਮਿਆ ਜਾਣੇ ਤਾਂ ਤਦ ਮੁਸਲਮਾਨ ਕਹਾਵੈ ॥ ਅਤੇ ਹਿੰਦੂ ਦੇ ਕਰਮ ਏਹ ਹੈਨ ਕਿ ਕਾਮ ਨੂੰ ਅਰ ਕ੍ਰੋਧ ਤੇ ਜੂਠ ਅਰ ਨਿੰਦਾ ਨੂੰ ਅਰ ਅਹੰਕਾਰ ਨੂੰ ਚੁਕਾਵੈ ਅਰ ਕਾਮਨੀਆਂ ਨਾਲ ਮੋਹ ਭੀ ਤਜੈ ਤਾਂ ਜਗਤ ਵਿਚ ਹੀ ਮਹਾਰਾਜ ਨੂੰ ਪਾਵੈ ਅਰ ਮਾਨ ਭੀ ਤਜੈ ਅਰ ਅਭਮਾਨ ਭੀ ਤਜੈ ਅਰ ਇਸਤ੍ਰੀ ਪੁਤ੍ਰਾਂ ਨਾਲ ਪ੍ਰੀਤ ਤਜੈ ਅਰ ਤ੍ਰਿਸਨਾਂ ਦੀ ਆਸ ਨੂੰ ਛਡ ਕੇ ਰਾਮ ਨਾਮ ਨਾਲ ਲਿਵ ਲਾਵੈ ਗੁਰੂ ਨਾਨਕ ਜੀ ਕਹਿੰਦੇ ਹੈਨ ਕਿ ਜੇਕਰ ਸਚ ਇਸ ਦੇ ਮਨ ਵਸੈ ਤਾਂ ਸਬਦ ਕਰਕੇ ਸਚੇ ਹਰਿ ਨਾਮ ਵਿਚ ਸਮਾਵੈ ਸੋ ਜਦ ਏਹ ਬਚਨ ਬਾਬਾ ਬੋਲਿਆ ਤਾਂ ਕਾਜੀ ਚੁਪ ਕਰ ਰਹਿਆ ਅਰ ਬਾਬਾ ਮਸਤਾਨਾ ਹੀ ਫਿਰੇ ਅਤੇ ਜੇ ਭੁਖ ਲਗੋਸ ਤਾਂ ਰੇਤ ਦੀ ਤਲੀ ਚਾਇ ਮਾਰੇ ਅਰ ਕਦੀ ਅਕ ਦੇ ਪਤਰ ਤੋੜ ਖਾਵੈ ਅਰ ਸਹਰ ਵਿਚ ਵੜੇ ਹੀ ਨਹੀਂ ਅਰ ਜੇ ਸਵੇਂ ਤਾਂ ਰੋੜਾਂ ਦੀ ਵਿਛਾਈ ਚਾਇ ਕਰੇ ਜੋ ਨੀਂਦਰ ਨਾ ਪਵੇ ॥

ਸਾਖੀ ਨਿਮਾਜ ਪੜਨ ਦੀ

ਤਾਂ ਇਕ ਦਿਨ ਫੇਰ ਖਾਨ ਬਾਬੇ ਦੇ ਪਾਸ ਲਗਾ ਜਾਵਣ ਤਾਂ ਕਾਜੀ ਆਖਿਆ ਕਿ ਤੁਸੀਂ ਮੁਸਲਮਾਨ ਹੋਇਕੇ ਹਿੰਦੂ ਦੇ ਪਾਸ ਜਾਂਦੇ ਹੋ ਸੋ ਉਸਨੂੰ ਇਥੇ ਹੀ ਸਦ ਲਵੋ ਤਾਂ ਖਾਨ ਦੇ ਆਦਮੀ ਬਾਬੇ ਨੂੰ ਸਦਣ ਗਏ ਤਾਂ ਬਾਬੇ ਨੇ ਆਖਿਆ ਕਿ ਤੇਰੇ ਖਾਨ ਦੀ ਅਤੇ ਕਾਜੀ ਦੀ ਕੀ ਪਰਵਾਹ ਪਈ ਹੈ ਤਾਂ ਆਦਮੀ ਫੇਰ ਆਏ ਅਰ ਖਾਂਨ ਨੂੰ ਸਭ ਸੁਨਾਇਆ ਤਾਂ ਖਾਂਨ ਆਖਿਆ ਕਿ ਤੁਸੀ ਅਬ ਜਾਇ ਕੇ ਕਹਹੁ ਜੋ ਵਾਸਤੇ ਖੁਦਾਇ ਦੇ ਸਾਨੂੰ ਦੀਦਾਰ ਦੇਹ ਤਾਂ ਬਾਬਾ ਆਇਆ ਅਰ ਅਗੇ ਖਾਂਨ ਤੇ ਕਾਜੀ ਨਿਵਾਜ ਪੜਨ ਲਗੇ ਸੇ ਤਾਂ ਬਾਬਾ ਹਸਿਆ ਅਰ ਕਾਜੀ ਕਹਿਆ ਕਿ ਹੇ ਖਾਂਨ ਜੀ ਏਹੁ ਹਿੰਦੂ ਅਸਾਡੀ ਨਿਵਾਜ ਨੂੰ ਹਸਦਾ ਹੈ ਤਾਂ ਖਾਂਨ ਪੁਛਿਆ ਜੋ ਬਾਬਾ ਤੂੰ ਅਸਾਡੀ ਨਿਵਾਜ ਨੂੰ ਕਿਉਂ ਹਸਦਾ ਹੈ ਤਾਂ ਬਾਬੇ ਕਹਿਆ ਕਿ ਜਦ ਤੁਹਾਡੀ ਨਿਵਾਜ ਕਬੂਲ ਨਹੀਂ ਪਈ ਤਾਂ ਖਾਂਨ ਕਹਿਆ ਕਿਉਂ ਨਹੀਂ ਕਬੂਲ ਪਈ ਤਾਂ ਬਾਬੇ ਕਹਿਆ ਕਿ ਜਦ ਤੁਸੀ ਉਜੂ ਕਰਤੇ ਆਹੇ ਤਾਂ ਤੁਸਾਡਾ ਰਿਦਾ ਖੁਦਾਇ ਵਲ ਹੈਸੀ ਅਰ ਜਦ ਤੁਸੀ ਨਿਮਾਜ ਪੜਨ ਲਗੇ ਤਾਂ ਕਾਜੀ ਦਾ ਰਿਦਾ ਖੁਦਾਇ ਵਲੋਂ ਫਿਰਕੇ ਮਾਇਆ ਵਲ ਚਲਾ ਗਿਆ ਤਾਂਤੇ ਤੁਸਾਡੀ ਨਿਮਾਜ ਕਬੂਲ ਨਾ ਪਈ ਕਜੋਂਕਿ ਜੇ ਵਕਤਿਆਂ ਦਾ ਰਿਦਾ ਠਉੜ ਨਹੀਂ ਹੋਤਾ ਤਾਂ ਸੂਤਿਆਂ ਦਾ ਰਿਦਾ ਕਦ ਠਾਉ ਹੋਤਾ ਹੈ ਕਾਜੀ ਕਹਿਆ ਜੇ ਤੂੰ ਜਾਣਨਾਂ ਹੈਂ ਤਾਂ ਦਸ ਮੇਰਾ ਰਿਦਾ ਕਿਥੇ ਗਇਆ ਸੀ ਤਾਂ ਬਾਬੇ ਆਖਿਆ ਕਿ ਤੇਰੇ ਘਰ ਘੋੜੀ ਸੂਈ ਸੀ ਅਤੇ ਘਰ ਵਿਚ ਖੂਹ ਸੀ ਸੋ ਤੁਧ ਆਖਿਆ ਮਤ ਵਛੇਰਾ ਖੂਹ ਵਿਚ ਪੈ ਮਰਦਾ ਹੋਵੇ ਤਾਂ ਸੁਣ ਕਰ ਕਾਜੀ ਸਰਮਿੰਦਾ ਹੋਇ ਗਇਆ ਅਤੇ ਫਿਰ ਕਾਜੀ ਪੁਛਿਆ ਨਾਨਕ ਜੀ ਤੂੰ ਹਿੰਦੂ ਹੈਂ ਕਿ ਮੁਸਲਮਾਨ ਹੈਂ ਤਾਂ ਬਾਬਾ ਬੋਲਿਆ ॥

ਕੋਈ ਆਖੈ ਭੂਤਨਾ ਕੋਈ ਆਖੈ ਬੇਤਾਲਾ ॥ ਕੋਈ ਆਖ ਆਦਮੀ ਨਾਨਕ ਵੇਚਾਰਾ ॥ ਭਇਆ ਦਿਵਾਨਾ ਸਾਹੁ ਕਾ ਨਾਨਕ ਬਉਰਾਨਾ ॥ ਮੈ ਹਰਿ ਬਿਨ ਅਵਰ ਨ ਜਾਨਾ ॥ ਤਾ ਦਿਵਾਨਾ ਜਾਣੀਐ ਜਾ ਭੈ ਦੀਵਾਨਾ ਹੋਇ ॥ ਏਕੀ ਸਹਿਬ ਬਾਹਰਾ ਦੂਜਾ ਅਵਰ ਨ ਜਾਣੈ ਕੋਇ ॥ ਤਾ ਦਿਵਾਨਾ ਜਾਣੀਐ ਜਾ ਭੈ ਰਚਿ ਕਾਰ ਕੁਮਾਇ ॥ ਏਕੀ ਸਾਹਿਬ ਬਾਹਰਾ ਅਵਰ ਨ ਦੂਜੀ ਜਾਇ ॥ ਤਉ ਦਿਵਾਨਾ ਜਾਣੀਐ ਜਉ ਸਾਹਿਬ ਧਰੇ ਪਿਆਰੁ ॥ ਮੰਦਾ ਜਾਣੈ ਆਪ ਕਉ ਅਵਰ ਭਲਾ ਸੰਸਾਰ ॥

ਜਾਂ ਏਹ ਸਲੋਕ ਬਾਬੇ ਕਹਿਆ ਤਾਂ ਕਾਜੀ ਕਿਹਾ ਇਸਦਾ ਮਾਇਨਾ ਸੁਣਾਵੋ ਜੋ

ਅਸੀ ਸਮਝੀਏ ਤਬ ਬਾਬਾ ਬੋਲਿਆ ਕਿ ਜੋ ਗਿਆਨੀ ਪੁਰਸ਼ ਹੈਨ ਸੋ ਸਭਨਾ ਮੈ ਪਰਮੇਸਰ ਦੀ ਜੋਤ ਹੀ ਜਾਣਦੇ ਹੈਨ ਅਰ ਜੋ ਅਗਯਾਨੀ ਹੈਨ ਸੋ ਇਨਾਂ ਪੰਜਾਂ ਤਤਾਂ ਦੇ ਪੁਤਲੇ ਨੂੰ ਕੋਈ ਭੂਤਨਾ ਕਹਿੰਦਾ ਹੈ ਅਰ ਕੋਈ ਬੈਤਾਲ ਕਹਿੰਦਾ ਹੈ ਅਰ ਕੋਈ ਆਦਮੀ ਕਹਦਾ ਹੈ ਅਰ ਇਸੇ ਤਨ ਨੂੰ ਕੋਈ ਸੁੰਨਤ ਬਹਾਇਕੇ ਮੁਸਲਮਾਨ ਕਹਦਾ ਹੈ ਅਰ ਇਸੇ ਤਨ ਨੂੰ ਕੋਈ ਤਿਲਕ ਜੰਞੂ ਪਾਇਕੇ ਹਿੰਦੂ ਕਹਾਇਦਾ ਹੈ ਤਾਂਤੇ ਮੈ ਵਿਚਾਰ ਕੇ ਦਿਵਾਨਾ ਹੋਇ ਰਹਿਆ ਹੋ ਸੋ ਮੈ ਪਰਮੇਸਰ ਤੋਂ ਬਿਨਾ ਹੋਰ ਨਹੀਂ ਜਾਣਤਾ ਅਰ ਇਕ ਬੁਧ ਹੀਣ ਭੀ ਦਿਵਾਨੇ ਹੁੰਦੇ ਹਨ ਪਰ ਓਹ ਤੋ ਦਿਵਾਨੇ ਨਹੀਂ ਕਹੀਤੇ ਕਯੋਂਕਿ ਦਿਵਾਨੇ ਸੋ ਹੈਨਿ ਜੋ ਸਮਝਣ ਭੀ ਅਰ ਪਰਮੇਸਰ ਦਾ ਭੈ ਕਰਕੇ ਜਗਤ ਵਲੋਂ ਦਿਵਾਨੇ ਭੀ ਹੋ ਰਹਿਣਾ ॥ ਤਾਂਤੇ ਦਿਵਾਨੇ ਸੋ ਹੈਨ ਜੋ ਭੈ ਵਿਚ ਕਾਰ ਕਮਾਵਦੇ ਹਨ ਅਰ ਇਕ ਸਾਹਿਬ ਤੋਂ ਬਿਨਾਂ ਦੂਜਾ ਨਹੀਂ ਜਾਣਤੇ ਸੋਈ ਦਿਵਾਨੇ ਹਨ ਅਰ ਜੋ ਸਾਹਿਬ ਦੇ ਨਾਲ ਪਿਆਰ ਕਰਦੇ ਹਨ ਗੁਰੂ ਨਾਨਕ ਜੀ ਕਹਦੇ ਹੈਨ ਸੋਈ ਦਿਵਾਨੇ ਹਨ ਜੋ ਆਪ ਕੋ ਮੰਦਾ ਜਾਣਤੇ ਹਨ ਅਰ ਹੋਰ ਨਾਮ ਸਭਸ ਨੂੰ ਭਲਾ ਜਾਣਤੇ ਹੈਨ ਜਾਂ ਏਹ ਵਚਨ ਬਾਬੇ ਕਹੇ ਤਾਂ ਖਾਨ ਬੋਲਿਆ ਨਾਨਕ ਜੀ ਤੁਸਾਂ ਖਾਣਾ ਪੀਣਾ ਛਡ ਦਿਤਾ ਹੈ ਅਤੇ ਤੁਸਾਡਾ ਸਰੀਰ ਬਹੁਤ ਨਿਰਬਲ ਹੋਇ ਗਇਆ ਹੈ ਤਾਂ ਬਾਬਾ ਬੋਲਿਆ ॥ ਭੈ ਤੇਰੈ ਡਰ ਅਗਲਾ ਖਪਿ ਖਪਿ ਛਿਜੈ ਦੇਹ ॥ ਨਾਵ ਜਿਨਾ ਸੁਲਤਾਨ ਖਾਂਨ ਹੋਦੇ ਡਿਠੇ ਖੇਹ ॥ ਨਾਨਕ ਉਠੀ ਚਲਿਆ ਸਭ ਕੂੜੇ ਤੁਟੇ ਨੇਹ ॥ ਤਾਂ ਬਾਬੇ ਕਹਿਆ ਕਿ ਪਰਮੇਸਰ ਦੇ ਭੈ ਕਰਕੇ ਮੈਨੂੰ ਵਡਾ ਡਰ ਹੋਇਆ ਹੈ ਅਰ ਮੇਰੀ ਦੇਹ ਪਈ ਖਪਤੀ ਹੈ ਅਤੇ ਪਈ ਛਿਜਦੀ ਹੈ ਸੋ ਜਿਸ ਵੇਲੇ ਸਰੀਰ ਵਿਚੋਂ ਪ੍ਰਾਨ ਨਿਕਲ ਜਾਨਗੇ ਤਾਂ ਕੂੜੇ ਨੇਹ ਸਭੇ ਟੁਟ ਜਾਣਗੇ ਸੋ ਇਹ ਬਚਨ ਕਹਿਕੇ ਬਾਬਾ ਚਲਦਾ ਰਿਹਾ ॥

ਸਾਖੀ ਮਰਦਾਨੇ ਦੇ ਮਿਲਣ ਦੀ

ਅਰ ਬਾਹਰ ਵੇਈਂ ਤੇ ਆਣ ਬੈਠਾ ਤਾਂ ਉਥੇ ਮਰਦਾਨਾ ਰਬਾਬੀ ਆਨ ਮਿਲਿਆ ਤਾਂ ਬਾਬੇ ਆਖਿਆ ਮਰਦਾਨਿਆ ਭਲਾ ਕੀਤਾ ਹਈ ਅਸੀਂ ਤੈਨੂੰ ਉਡੀਕਦੇ ਸਾਂ ਸੋ ਅਸੀਂ ਹੁਣ ਤੀਰਥਾਂ ਨੂੰ ਚਲਦੇ ਹਾਂ ਤੂੰ ਤਯਾਰ ਹੋ ਤਾਂ ਮਰਦਾਨੇ ਕਹਿਆ ਜੀ ਤੁਸੀਂ ਤਾਂ ਪਰਮੇਸਰ ਦੇ ਸੰਤ ਹੋ ਅਰ ਤੁਸੀਂ ਤਾਂ ਖਾਂਦੇ ਪੀਂਦੇ ਕੁਛ ਨਾਹੀਂ ਪਰ ਅਸੀਂ ਅੰਨ ਪਾਣੀ ਦੇ ਜੀਵ ਹਾਂ ਸੋ ਸਾਡੀ ਤੁਸਾਡੇ ਨਾਲ ਕੀਕੂੰ ਨਿਭੇਗੀ ਤਾਂ ਬਾਬੇ ਕਹਿਆ ਮਰਦਾਨਿਆ ਤੂੰ ਸਿਦਕ ਕਰਕੇ ਚਲ ਅਸੀਂ ਤੈਨੂੰ ਨੰਗਾ ਭੁਖਾ ਨਾ ਰਹਿਣ ਦੇਵਾਂਗੇ ਤਾਂ ਮਰਦਾਨੇ ਆਖਿਆ ਭਲਾ ਜੀ ॥

ਸਾਖੀ ਚਹੁੰ ਵਸਤਾਂ ਦੀ

ਪਉੜੀ ਤੇਈਸਵੀਂ ਚਲੀ

ਸੁਣੀ ਪੁਕਾਰ ਦਾਤਾਰ ਪ੍ਰਭ ਗੁਰ ਨਾਨਕ ਜਗ ਮਾਹਿੰ ਪਠਾਯਾ ॥
ਚਰਨ ਧੋਇ ਰਹਰਾਸਿ ਕਰ ਚਰਨਾਮ੍ਰਿਤ ਸਿੱਖਾਂ ਪੀਲਾਯਾ ॥
ਪਾਰਬ੍ਰਹਮ ਪੂਰਨ ਬ੍ਰਹਮ ਕਲਿਜੁਗ ਅੰਦਰ ਇੱਕ ਦਿਖਾਯਾ ॥
ਚਾਰੇ ਪੈਰ ਧਰੰਮ ਦੇ ਚਾਰ ਵਰਨ ਇਕ ਵਰਨ ਕਰਾਯਾ ॥
ਰਾਣਾ ਰੰਕ ਬਰਾਬਰੀ ਪੈਰੀਂ ਪਵਣਾ ਜਗ ਵਰਤਾਯਾ ॥
ਉਲਟਾ ਖੇਲ ਪਿਰੰਮ ਦਾ ਪੈਰਾਂ ਉੱਪਰ ਸੀਸ ਨਿਵਾਯਾ ॥
ਕਲਿਜੁਗ ਬਾਬੇ ਤਾਰਿਆ ਸੱਤਿਨਾਮ ਪੜ੍ਹ ਮੰਤ੍ਰ ਸੁਣਾਯਾ ॥
ਕਲਿ ਤਾਰਣ ਗੁਰ ਨਾਨਕ ਆਯਾ ॥ ੨੩ ॥

ਧਰਮ ਰੂਪ ਧੌਲ ਦੀ ਪੁਕਾਰ ਨਿਰੰਕਾਰ ਨੇ ਸੁਣੀ ਤਾਂ ਗੁਰ ਨਾਨਕ ਜੀ ਕਲਜੁਗ ਮੈ ਅਉਤਾਰ ਧਾਰਕੈ ਚਰਨ ਧੋਇਕੈ ਸਿਖਾਂ ਨੂੰ ਪਿਲਾਇਆ ਸੋ ਇਹੁ ਸਿਖੀ ਦੀ ਰਹਿਰਾਸਿ ਕੀਤੀ ਅਰ ਪਾਰਬ੍ਰਹਮ ਜੋ ਪੂਰਨ ਬ੍ਰਹਮ ਹੈ ਕਲਜੁਗ ਵਿਚ ਇਕ ਦਿਖਾਇਆ ਅਤੇ ਧਰਮ ਦੇ ਚਾਰੇ ਪੈਰ ਫੇਰ ਥਾਪੇ ਅਰ ਸਤਨਾਮ ਦੇ ਚਾਰ ਅਖਰ ਮੂਲ ਮੰਤ੍ਰ ਕੀਤੇ ਵਾਹਗੁਰੂ ਚਾਰ ਅਖਰ ਦਾ ਜਾਪ ਕੀਤਾ ਜੋ ਵਵਾ ਵਾਸਦੇਵ ਹਾਰਾ ਹਰਿ ਗਗਾ ਗੁਬਿੰਦ ਰਾਰਾ ਰਾਮ ਅਰ ਚਾਰੇ ਫਲ ਬਾਣੀ ਨੂੰ ਦਿਤੇ ਜੋ ਧਰਮ ਅਰਥ ਕਾਮ ਮੋਖ ਅਰ ਚਾਰੋਂ ਅਵਸਤਾ ਦਾ ਜਾਪ ਦਸਿਆ ਜੋ ਜਾਗ੍ਰਤ ੧, ਸੁਪਨ ੨, ਸੁਖੋਪਤ ੩, ਤੁਰੀਆ ੪ ॥ ਅਰ ਚਾਰੇ ਕਰਮ ਬਾਣੀ ਮੈਂ ਪਾਏ ਜੋ ਭਗਤਿ ੧, ਗਿਆਨ ੨, ਜੋਗ ੩, ਵੈਰਾਗ ੪, ॥ ਅਰ ਚਹੁ ਅੰਮ੍ਰਿਤਾਂ ਦਾ ਕੜਾਹ ਕੀਤਾ ਜੋ ਖੰਡ ਘਿਉ ਮੈਦਾ ਦੁਧ ਅਥਵਾ ਪਾਣੀ ਤਾਂ ਬਚਨ ਕੀਤਾ ਜੋ ਸਬਦ ਵਿਚੋਂ ਭੀ ਸੁਟਣ ਵਾਲੀ ਵਸਤ ਕੋਈ ਨਹੀਂ ਤੇ ਕੜਾਹ ਵਿਚੋਂ ਵੀ ਸੁਟਣ ਵਾਲੀ ਕੋਈ ਨਹੀਂ ਤੈਸੇ ਤੁਸਾਨੂੰ ਭੀ ਚਹੁੰ ਵਰਨਾ ਦੀ ਇਕ ਸਾਧ ਸੰਗਤ ਕੀਤੀ ਹੈ ਅਰ ਚਹੁ ਵੇਦਾਂ ਦਾ ਮੂਲ ਤੁਹਾਨੂੰ ਗ੍ਰੰਥ ਜੀ ਕਰ ਦਿਆਂਗੇ ਸੋ ਤੁਸਾਂ ਭੀ ਕੋਈ ਖੋਟਾ ਕਰਮ ਸੁਟਣ ਵਾਲਾ ਵਿਚ ਨਹੀਂ ਰਖਣਾ ਤਾਂ ਵਾਹਗੁਰੂ ਨੂੰ ਪ੍ਰਾਪਤਿ ਹੋਵੋਗੇ ਤੇ ਰਾਜੇ ਅਰ ਰੰਕ ਦੀ ਬਰਾਬਰੀ ਕੀਤੀ ਹੈ ਪਰ ਦੋਹਾਂ ਵਿਚੋਂ ਜੇੜਾ ਸਬਦ ਨੂੰ ਮੰਨੇਗਾ ਉਸੇ ਦਾ ਕਲਿਆਣ ਹੋਵੇਗਾ ਤੇ ਦੋਨੋਂ ਪੈਰੀ ਪੈ ਸਤਿਗੁਰੂ ਆਖਨ ਉਲਟਾ ਖੇਲ ਕੀਤਾ ਹੈ ਜੋ ਸਿਰ ਉਚਾ ਹੈ ਤੇ ਪੈਰ ਨੀਵੇਂ ਹਨ ਅਰ ਸਿਰ ਪੈਰਾਂ ਤੇ ਨਿਵਾਇਆ ਹੈ ਸੋ ਕਲਜੁਗ ਦੇ ਜੀਆਂ ਦੇ ਉਧਾਰ ਕਰਨ ਵਾਸਤੇ ਬਾਬੇ ਅਵਤਾਰ ਧਾਰਿਆ ਹੈ ॥

ਬਾਬੇ ਉਦਾਸੀ ਦਾ ਭੇਖ ਧਾਰਿਆ ਅਤੇ ਉਦਾਸੀਆਂ ਸ਼ੁਰੂ ਕੀਤੀਆਂ

ਮਰਦਾਨੇ ਨਾਲ ਬਚਨ ਬਿਲਾਸ ਕਰ ਰਹੇ ਹਨ। ਸਾਖੀ ਕੁਰਖੇਤ੍ਰ ਦੀ ਸ਼ੁਰੂ ਹੋਈ



ਪਹਿਲਾਂ ਬਾਬੇ ਪਾਯਾ ਬਖਸ਼ਦਰ ਪਿਛੋਂ ਦੇ ਫਿਰ ਘਾਲ ਕਮਾਈ ॥
ਰੇਤ ਅੱਕ ਆਹਾਰ ਕਰ ਰੋੜਾਂ ਦੀ ਗੁਰ ਕਰੀ ਵਿਛਾਈ ॥
ਭਾਰੀ ਕਰੀ ਤਪੱਸਿਆ ਬਡੇ ਭਾਗ ਹਰਿ ਸਿਉ ਬਣਿ ਆਈ ॥
ਬਾਬਾ ਪੈਧਾ ਸੱਚਖੰਡ ਨਉ ਨਿਧਿ ਨਾਮ ਗਰੀਬੀ ਪਾਈ ॥
ਬਾਬਾ ਦੇਖੇ ਧਜਾਨ ਧਰਿ ਜਲਤੀ ਸਭ ਪ੍ਰਿਥਮੀ ਦਿਸ ਆਈ ॥
ਬਾਝਹੁ ਗੁਰੂ ਗੁਬਾਰ ਹੈ ਹੈ ਹੈ ਕਰਦੀ ਸੁਣੀ ਲੁਕਾਈ ॥
ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤ ਚਲਾਈ ॥
ਚੜ੍ਹਿਆ ਸੋਧਣ ਧਰਤਿ ਸਬਾਈ ॥ ੨੪ ॥

ਤਾਂ ਬਾਬੇ ਆਖਿਆ ਹੇ ਮਰਦਾਨਿਆ ਅਸਾਂਨੂੰ ਪਾਰਬ੍ਰਹਮ ਥੋਂ ਨਾਮ ਤੇ ਗਰੀਬੀ ਦੀ ਪਹਿਲੇ ਬਖਸ ਹੋਈ ਹੈ ਸੋ ਹੁਣ ਅਸੀ ਤਪ ਕਰਨੇ ਹਾਂ ਜੋ ਇਸੇ ਦੇ ਠਹਰਾਵਣ ਵਾਸਤੇ ਕਰਦੇ ਹਾਂ ਅਰ ਹੁਣ ਅਸਾਂ ਧਿਆਨ ਕਰਕੇ ਡਿਠਾ ਹੈ ਤਾਂ ਸਾਰਾ ਜਗਤ ਤ੍ਰਿਸਨਾ ਵਿਚ ਤੇ ਬਖੀਲੀ ਵਿਚਿ ਪਇਆ ਜਲਦਾ ਹੈ ਅਰ ਜਿਉ ਸੂਰਜ ਬਿਨਾ ਅੰਧੇਰਾ ਹੁੰਦਾ ਹੈ ਤਿਉ ਗੁਰਾ ਬਿਨਾ ਅਗਜਾਨ ਕਾ ਅੰਧੇਰਾ ਵਰਤ ਗਿਆ ਹੈ ਅਰ ਸਭ ਲੋਕ ਹੈ ਹੈ ਪਏ ਕਰਤੇ ਹੈਨ ਸੋ ਇਨਾਂ ਦੇ ਉਪਦੇਸ ਵਾਸਤੇ ਅਸਾਂ ਤੀਰਥਾਂ ਨੂੰ ਜਾਣਾ ਹੈ ਕਿਉ ਜੋ ਤੀਰਥਾਂ ਉਤੇ ਧਰਮ ਦਾ ਉਪਦੇਸ ਹੋਵੇਗਾ ਅਰ ਜੋ ਜਾਤ੍ਰੀ ਆਵਨਗੇ ਤਾਂ ਸਭ ਧਰਮ ਨੂੰ ਦ੍ਰਿੜ ਕਰ ਜਾਣਗੇ ਅਤੇ ਹੁਣ ਤੀਰਥਾਂ ਤੇ ਪਾਖੰਡ ਵਰਤਿਆ ਹੋਇਆ ਹੈ ਅਰ ਜੋ ਜਾਤ੍ਰੀ ਆਂਵਦੇ ਹਨ ਉਨਾਂ ਨੂੰ ਭੀ ਧਰਮ ਨਹੀਂ ਪ੍ਰਾਪਤਿ ਹੁੰਦਾ ਅਰ ਉਹ ਪੁੰਨ

ਵਾਸਤੇ ਆਂਵਦੇ ਹਨ ਅਤੇ ਤੀਰਥ ਵਾਸੀਆਂ ਦੀ ਨਿੰਦਾ ਕਰਦੇ ਜਾਂਦੇ ਤਾਂਤੇ ਉਨਾਂ ਨੂੰ ਪਾਪ ਪ੍ਰਾਪਤਿ ਹੁੰਦਾ ਹੈ ਸੋ ਇਸ ਵਾਸਤੇ ਅਸਾਂ ਤੀਰਥਾਂ ਤੇ ਨਾਮ ਦੀ ਉਪਾਸਨਾ ਦ੍ਰਿੜਾਵਣੀ ਹੈ ਤਾਂ ਫਿਰ ਬਾਬੇ ਆਖਿਆ ਕਿ ਗ੍ਰਹਸਤੀ ਦਾ ਭੇਖ ਤੀਰਥਾਂ ਤੇ ਨਿਭਦਾ ਨਹੀਂ ਸੋ ਤੂੰ ਭੀ ਅਤੇ ਮੈ ਭੀ ਉਦਾਸੀ ਦਾ ਭੇਖ ਕਰ ਲਈਏ ਤਾਂ ਸਿਰ ਤੇ ਟੋਪੀਆਂ ਰਖ ਲਈਆਂ ਅਰ ਗਲ ਵਿਚ ਚੋਲੇ ਪਾ ਲਏ ਅਰ ਤੇੜ ਲੰਗੋਟੇ ਮੁੜਕੇ ਬੰਨ ਲਏ ਅਰ ਪੈਰ ਖੜਾਵਾਂ ਪਾ ਲਈਆਂ ਸੋ ਅਗੈ ਬਾਬਾ ਚਲਿਆ ਜਾਵੇ ਅਰ ਪਿਛੇ ਰਬਾਬ ਮੋਢੇ ਤੇ ਰਖਕੇ ਮਰਦਾਨਾ ਚਲਿਆ ਜਾਵੈ ॥ ਅਰ ਸੂਰਜ ਗ੍ਰਹਣ ਦਾ ਮੇਲਾ ਕੁਲਖੇਤ੍ਰ ਦਾ ਸੁਣ ਕੇ ਉਠ ਤੁਰੇ ਜੋ ਧਰਤੀ ਤੇ ਸਾਧ ਸੰਗਤ ਦਾ ਦਰਸਨ ਕਰੈਂ ॥

ਬਾਬਾ ਆਇਆ ਤੀਰਥੀ ਤੀਰਥ ਪੁਰਬ ਸਭੇ ਕਰ ਦੇਖੈ ॥
ਪੂਰਬ ਧਰਮ ਬਹੁ ਕਰਮ ਕਰਿ ਭਾਉ ਭਗਤਿ ਬਿਨ ਕਿਤੇ ਨ ਲੇਖੈ ॥
ਭਾਉ ਨ ਬ੍ਰਹਮੇ ਲਿਖਿਆ ਚਾਰ ਬੇਦ ਸਿਮ੍ਰਿਤਿ ਪੜ੍ਹ ਦੇਖੈ ॥
ਢੂੰਢੀ ਸਗਲੀ ਪਿਰਥਮੀ ਸਤਿਜੁਗ ਆਦਿ ਦੁਆਪੁਰ ਤ੍ਰੇਤੈ ॥
ਕਲਿਜੁਗ ਧੁੰਧੂਕਾਰ ਹੈ ਭਰਮ ਲੁਕਾਈ ਬਹੁ ਬਿਧਿ ਭੇਖੈ ॥
ਭੇਖੀਂ ਪ੍ਰਭੂ ਨ ਪਾਈਐ ਆਪ ਗਵਾਏ ਰੂਪੁ ਨ ਰੇਖੈ ॥
ਗੁਰਮੁਖ ਵਰਨ ਅਵਰਨ ਹੋਇ ਨਿਵ ਚੱਲੇ ਗੁਰਸਿੱਖ ਵਿਸੇਖੈ ॥
ਤਾਂ ਕੁਛ ਘਾਲ ਪਵੇ ਦਰ ਲੇਖੈ ॥ ੨੫ ॥

ਤਾਂ ਬਾਬਾ ਚਲਿਆ ਤੀਰਥਾਂ ਨੂੰ ਸੋ ਪ੍ਰਿਥਮੇ ਕੁਲਖੇਤ੍ਰ ਪ੍ਰਾਪਤ ਹੋਏ ਅਰ ਉਥੇ ਸਭ ਰਿਖੀਸਰ ਤਪੀਸਰ ਜਤੀ ਸਤੀ ਰਾਜਾ ਪਰਜਾ ਸਭ ਆਨ ਇਕਠੇ ਹੋਏ ਹੈਸਨ ਤਾਂ ਬਾਬੇ ਕਹਿਆ ਜੋ ਕਿਸੇ ਪ੍ਰਕਾਰ ਇਨਕੇ ਸਾਥ ਚਰਚਾ ਕਰੀਏ ਤਾਂ ਬਾਬਾ ਉਥੇ ਆਸਣ ਕਰਕੇ ਬੈਠ ਰਹਿਆ ਅਤੇ ਮਰਦਾਨੇ ਨੂੰ ਕਹਿਆ ਜੋ ਰਬਾਬ ਵਜਾਇ ਤਾਂ ਇਤਨੇ ਚਿਰ ਤਕ ਰਾਜੇ ਕੀ ਰਾਣੀ ਅਰ ਰਾਜੇ ਕਾ ਬੇਟਾ ਆਏ ਅਰ ਇਕ ਮਿਰਗ ਸਿਕਾਰ ਕਾ ਉਨਾਂ ਨੇ ਆਣ ਧਰਿਆ ਤਾਂ ਰਾਣੀ ਨੇ ਅਰਦਾਸ ਕੀਤੀ ਜੋ ਸਾਡੇ ਸਰੀਰ ਪ੍ਰਬਲ ਪਏ ਹੋਏ ਹਨ ਅਰ ਅਸਾਨੂੰ ਦੇਸ ਵਿਚੋਂ ਕਢਿ ਦਿਤਾ ਹੈਨੇ ਸੋ ਜੇ ਤੁਸੀਂ ਕਿਰਪਾ ਕਰੋ ਤਾਂ ਅਸੀਂ ਫੇਰ ਦੇਸ ਵਿਚ ਜਾਇ ਵਸੀਏ ਤਬ ਬਾਬੇ ਕਹਿਆ ਤੁਸੀਂ ਬ੍ਰਹਮ ਭੋਜ ਕਰੋ ਤਾਂ ਉਨਾਂ ਕਹਿਆ ਹੁਣ ਤਾਂ ਸਾਡੇ ਪਾਸ ਬ੍ਰਹਮ ਭੋਜ ਜੋਗਾ ਕੁਝ ਨਹੀਂ ਤਾਂ ਬਾਬੇ ਕਹਿਆ ਇਕ ਕੋਰਾ ਮਟਕਾ ਲੈ ਆਓ ਤਾਂ ਉਹ ਕੋਰਾ ਮਟਕਾ ਲੈ ਆਇਆ ਫਿਰ ਕਹਜਾ ਘੀਉ ਅਰ ਮਿਸਾਲਾ ਲਿਆਇਕੇ ਅਰ ਮ੍ਰਿਗ ਨੂੰ ਕੱਟਕੇ ਪਾਓ ਅਰ ਹੇਠ ਅਗ ਬਾਲਕੇ ਰਿੰਨੋ ਤਾਂ ਸਭ ਬ੍ਰਾਹਮਣਾ ਨੇ ਦੇਖਿਆ ਅਰ ਕਹਿਆ ਕਿ ਸੂਰਜ ਗ੍ਰਿਹਣ ਦੇ

ਦਿਨ ਤੂੰ ਜੋ ਮਾਸ ਖਾਨਾਂ ਹੈਂ ਤੂੰ ਕੇਹਾ ਅਤੀਤ ਹੈ ਤਾਂ ਬਾਬੇ ਕਹਿਆ ਕਿ ਤੁਸੀਂ ਸਭੇ ਪੰਡਿਤ ਕੁਰਖੇਤ੍ਰ ਦੇ ਅਕਠੇ ਹੋਵਹੁ ਤਦ ਮੈਂ ਤੁਸਾਡੇ ਨਾਲ ਚਰਚਾ ਕਰਨਾਂ ਹਾਂ ਤਬ ਸਭ ਪੰਡਿਤ ਕੁਰਖੇਤ੍ਰ ਦੇ ਇਕਠੇ ਹੋਏ ਅਤੇ ਨਾਨੂੰ ਚੰਦ ਜੋ ਬਡਾ ਪੰਡਿਤ ਸੀ ਓਹ ਭੀ ਵਿਚ ਆਇ ਬੈਠਾ ਤਾਂ ਬਾਬੇ ਕਹਿਆ ਤੁਸੀਂ ਮਾਸ ਕਿਸਨੋ ਕਹਿੰਦੇ ਹੋ ਕਯੋਂਕਿ ਬ੍ਰਹਮਣ ਕਾ ਧਰਮ ਹੈ ਜੋ ਵੇਦ ਕਾ ਪਾਠ ਕਰਨਾ ਅਰ ਜਗ ਕਰਾਵਣਾ ਅਰ ਖਤ੍ਰੀ ਕਾ ਧਰਮ ਹੈ ਜੋ ਜੁਧ ਕਰਣੇ ਅਰ ਜਗ ਕਰਣੇ ਤਾਂ ਉਨਾਂ ਕਹਿਆ ਕਿ ਖਤ੍ਰੀ ਕੇ ਪਾਸ ਤੋ ਸਸਤ੍ਰ ਹੋਤੇ ਹੈਂ ਸੋ ਤੇਰੇ ਪਾਸ ਕਿਥੇ ਹੈਨ ਤਾਂ ਬਾਬੇ ਕਹਿਆ ਕਿ ਹਮਾਰੇ ਪਾਸ ਨਾਮ ਕੀ ਤੇਗ ਹੈ ਅਰ ਸਮ ਦਮ ਆਦਿਕਹੁ ਕੇ ਬਾਣ ਹੈਂ ਅਰ ਮਨ ਰੂਪੀ ਮ੍ਰਿਗ ਕਉ ਮਾਰ ਕਰਕੇ ਬ੍ਰਹਮ ਰੂਪੀ ਅਗਨ ਵਿਖੇ ਹੋਮ ਕਰਤੇ ਹਾਂ ਤਾਂ ਪੰਡਿਤਹੁ ਨੇ ਕਹਿਆ ਏਹ ਤਾਂ ਤੂੰ ਮਿਰਗ ਮਾਰਕੇ ਦੇਗੇ ਮੋ ਚੜ੍ਹਾਇਆ ਹੈ ਤਾਂ ਬਾਬੇ ਕਹਿਆ ਕਿ ਚਹੁੰ ਵੇਦਾਂ ਮੋਂ ਰਾਜਿਓਂ ਕਾ ਧਰਮ ਹੈ ਜੋ ਮ੍ਰਿਗਹੁ ਕਉ ਮਾਰਨਾ ਅਰ ਜੋ ਅਹੰਕਾਰੀ ਹੈਂਨ ਉਨਕੋ ਹਿੰਸਾ ਕਾ ਪਾਪ ਲਗਤਾ ਹੈ ਅਤੇ ਜੋ ਗਯਾਨੀ ਹੈਂ ਸੋ ਤੋ ਸਰਬ ਮੈਂ ਆਤਮਾ ਹੀ ਜਾਣਤੇ ਹੈ ਆਤਮਾਂ ਕਾ ਨਾਸ ਹੋਤਾ ਹੀ ਨਹੀਂ ॥ ਅਰ ਜੋ ਦੇਹ ਹੈ ਸੋ ਤ੍ਰੈਕਾਲ ਨਾਸ ਰੂਪ ਹੀ ਹੈ ਤਾਂਤੇ ਉਸਕੀ ਕਯਾ ਚਿੰਤਾ ਹੈ ਸੋ ਇਸ ਵਾਸਤੇ ਆਪਣੇ ਵਰਨ ਆਸ੍ਰਮ ਕਾ ਧਰਮ ਕੀਤਾ ਚਾਹੀਤਾ ਹੈ ਅਰ ਜੋ ਬਾਹਰੋਂ ਹਠ ਕਰਕੇ ਆਪਣੇ ਵਰਨ ਆਸ੍ਰਮ ਕਾ ਧਰਮ ਕਰਤੇ ਹੈਂ ਅਤੇ ਰਿਦਾ ਚਾਹਤਾ ਰਹਤਾ ਹੈ ਸੋ ਜੂਨਾਂ ਕੋ ਪ੍ਰਾਪਤਿ ਹੋਤੇ ਹੈਂ ਤਾਂ ਬਾਬਾ ਬੋਲਿਆ :--

ਸਾਖੀ ਕੁਰਖੇਤਰ ਦੀ

ਸਲੋਕ ਮਹਲਾ ੧ ॥ ਪਹਿਲਾ ਮਾਸ ਨਿੰਮਿਆ ਮਾਸੈ ਅੰਦਰਿ ਵਾਸ ॥ ਜੀਉ ਪਾਇ ਮਾਸ ਮੁਹਿ ਮਿਲਿਆ ਹਡੁ ਚੰਮੁ ਤਨੁ ਮਾਸ ॥ ਮਾਸਹੁ ਬਾਹਰੁ ਕਢਿਆ ਮਮਾ ਮਾਸੁ ਗਿਰਾਸੁ ॥ ਮੁਹਿ ਮਾਸੈ ਕਾ ਜੀਭ ਮਾਸੈ ਕੀ ਮਾਸੈ ਅੰਦਰ ਸਾਸੁ ॥ ਵਡਾ ਹੋਆ ਵੀਆਹਿਆ ਘਰਿ ਲੈ ਆਇਆ ਮਾਸੁ ॥ ਮਾਸਹੁ ਹੀ ਮਾਸ਼ ਉਪਜੈ ਮਾਸਹੁ ਸਭੋ ਸਾਕ ॥ ਸਤਿਗੁਰ ਮਿਲਿਐ ਹੁਕਮੁ ਬੁਝੀਐ ਤਾਕੋ ਆਵੈ ਰਾਸਿ ॥ ਆਪ ਛੁਟੈ ਨਹਿ ਛੁਟੀਐ ਨਾਨਕ ਬਚਨ ਵਿਣਾਸ ॥੧॥

ਪ੍ਰਿਥਮੈ ਮਾਤਾ ਅਰ ਪਿਤਾ ਕਾ ਰਕਤ ਬੀਰਜ ਇਕਠਾ ਹੁੰਦਾ ਹੈ ਸੋ ਭੀ ਮਾਸ ਹੈ ਅਰ ਫੇਰ ਜਬ ਜਿੰਦ ਪੈਂਦੀ ਹੈ ਅਰ ਮਾਸ ਮੂੰਹ ਮਿਲਦਾ ਹੈ ਸੋ ਭੀ ਮਾਸ ਹੀ ਹੈ ਅਰ ਇਸਦਾ ਜੋ ਹਡ ਚੰਮ ਹੈ ਅਰ ਤਨ ਹੈ ਸੋ ਭੀ ਮਾਸ ਹੀ ਹੈ ਅਰ ਫੇਰ ਮਾਸ ਥੀ ਬਾਹਰ

ਨਿਕਲਦਾ ਹੈ ਤਾਂ ਮੰਮਾ ਭੀ ਮਾਸ ਦਾ ਮਿਲਦਾ ਹੈ ਅਰ ਮੁਹਿ ਭੀ ਮਾਸ ਦਾ ਹੁੰਦਾ ਅਰ ਜੀਭ ਭੀ ਮਾਸ ਦੀ ਹੀ ਹੈ ਅਰ ਤਨ ਭੀ ਮਾਸ ਦਾ ਹੈ ਜਿਸਦੇ ਵਿਚ ਪ੍ਰਾਣ ਹਨ ਅਰ ਜੇ ਵਡਾ ਹੁੰਦਾ ਹੈ ਅਰ ਵੀਵਾਹੀ ਦਾ ਹੈ ਤਾਂ ਘਰ ਜੋ ਇਸਤ੍ਰੀ ਲਿਆਂਵਦਾ ਹੈ ਸੋ ਭੀ ਮਾਸ ਦਾ ਪੁਤਲਾ ਹੈ ਅਤੇ ਫੇਰ ਪੁਤ੍ਰ ਧੀਆਂ ਜਨਮਦੇ ਹਨ ਉਹ ਭੀ ਮਾਸ ਦੇ ਪੁਤਲੇ ਹਨ ਅਤੇ ਮਾਸ ਦਾ ਹੀ ਸਭੋ ਸਾਕ ਹੈ ਅਰ ਜੇ ਸਤਿਗੁਰਾਂ ਨੂੰ ਮਿਲਦਾ ਹੈ ਤਾਂ ਚੇਤਨ ਨੂੰ ਭਿੰਨ ਜਾਣਤਾ ਹੈ ਅਰ ਚੇਤਨ ਜੋ ਹੈ ਸੋ ਸਤ ਹੈ ਅਰ ਤਨ ਜੋ ਹੈ ਸੋ ਅਸਤ ਹੈ ਅਰ ਜੋ ਵਰਤਤਾ ਹੈ ਸੋ ਵਾਹਗੁਰੂ ਦੇ ਹੁਕਮ ਵਿਚ ਵਰਤਤਾ ਹੈ ਤਾਂਤੇ ਸਤਿਗੁਰਾਂ ਬਿਨਾਂ ਅਗਯਾਨ ਥੀਂ ਆਪੋਂ ਕੋਈ ਨਹੀਂ ਛੁਟਦਾ ॥ ੧ ॥ ਤਾਂ ਸਭਨਾਂ ਬ੍ਰਹਮਣਾ ਨੇ ਨਾਨੂੰ ਚੰਦ ਨੂੰ ਆਖਿਆ ਜੋ ਤੂਹਿ ਸਾਰੀ ਤ੍ਰਿਲੋਕੀ ਜਿਤੀ ਹੈ ਅਰ ਦਿਗ ਬਿਜੈ ਕਰ ਆਇਆ ਹੈਂ ਸੋ ਇਸ ਅਤੀਤ ਨਾਲ ਤੂੰ ਚਰਚਾ ਕਰ ਤਾਂ ਉਸਨੇ ਕਹਿਆ ਹੇ ਅਤੀਤ ਤੇਰਾ ਨਾਉਂ ਕੀ ਹੈ ਤਾਂ ਬਾਬੇ ਕਹਿਆ ਮੇਰਾ ਨਾਉਂ ਨਾਨਕ ਹੈ ਤਾਂ ਉਸਨੇ ਕਹਿਆ ਵੇਦਾਂ ਮਹਿ ਭਗਵਾਨ ਨੇ ਬਬੇਕ ਨੂੰ ਕਹਿਆ ਸੀ ਜੋ ਤੂੰ ਜਾਇਕੇ ਜੀਆਂ ਨੂੰ ਉਧਾਰ ਅਰ ਮਹਾਂ ਮੋਹ ਥੀਂ ਛਡਾਇ ਤਾਂ ਬਿਬੇਕ ਨੇ ਅਰਦਾਸ ਕੀਤੀ ਸੀ ਕਿ ਕਲਜੁਗ ਆਵੇਗਾ ਤਾਂ ਮਹਾਂ ਮੋਹ ਦੇ ਜੋ ਸੂਰਮੇ ਯਮ ਨੇਮ ਆਦਿਕ ਹੈਂ ਸੋ ਖੀਣ ਹੋ ਜਾਵਨਗੇ ਤਬ ਮਹਾਰਾਜ ਨੇ ਕਹਾ ਕਿ ਮੈ ਕਲਜੁਗ ਮੈਂ ਨਾਨਕ ਅਵਤਾਰ ਧਾਰ ਕੇ ਆਪਣੀ ਭੁਗਤ ਦ੍ਰਿੜਾਵਾਂਗਾ ਅਰ ਜੋ ਮੇਰੀ ਬਾਨੀ ਸੁਣਨਗੇ ਤਿਨਕਾ ਮੋਹ ਸਹਾਇਕੋਂ ਸਮੇਤ ਖੀਣ ਹੋ ਜਾਵੇਗਾ ਨਾਨਕ ਕਹੀਏ ਜੋ ਅਨੇਕ ਭਾਵ ਕੋ ਮਿਟਾਇ ਕਰ ਇਕ ਚੇਤਨ ਕੋ ਜਣਾਵੇ ਅਰ ਪੰਡਤ ਕਹਾ ਕਿ ਪ੍ਰਿਥਮੇ ਮੈਂ ਭੀ ਦਿਗ ਬਿਜੈ ਕਰਿ ਆਇਆ ਤਾਂ ਆਪ ਮੈਂ ਭੀ ਨਾਨਕ ਕਹਾਵਤਾ ਸਾਂ ਪਰ ਮੇਰੇ ਮਨ ਕੋਂ ਸਾਂਤ ਨਾ ਆਈ ਸੀ ਅਰ ਮੇਰੇ ਵਚਨਾਂ ਕਰ ਕਿਸੇ ਅਉਰ ਕਉ ਭੀ ਸਾਂਤ ਨਹੀਂ ਆਵਤੀ ਸੀ ਅਰ ਇਸ ਕੇ ਬਚਨ ਸੁਣ ਕੇ ਮੁਝੇ ਸ਼ਾਂਤ ਆਈ ਹੈ ਸੋ ਮੈਂ ਆਪਣੇ ਨਾਮ ਸੇ ਕਕਾ ਅਖਰ ਦੂਰ ਕਰਾਵਤਾ ਹੋ ਅਤੇ ਨਾਨੂੰ ਨਾਮ ਕਹਾਵਤਾ ਹੋਂ ਅਰ ਨਾਨਕ ਜੋ ਹੈ ਸੋ ਇਹੋ ਮਹਾਂ ਪੁਰਖ ਹੈ ॥ ਤਾਂ ਸਲੋਕ ਕਹਿਆ ਨਾਨੂੰ ਬ੍ਰਹਮਣ :--

ਮਾਸ ਮਾਸ ਕਰ ਮੂਰਖ ਝਗੜੇ ਗਿਆਨ ਧਿਆਨ ਨਹੀਂ ਜਾਣੈ॥ ਕਉਣ ਮਾਸ ਕਉਣ ਸਾਗ ਕਹਾਵੈ ਕਿਸ ਮਹਿ ਪਾਪ ਸਮਾਣੇ॥ ਗੈਡਾ ਮਾਰ ਹੋਮ ਜਗ ਕੀਏ ਦੇਵਤਿਆਂ ਕੀ ਬਾਣੈ ॥ ਮਾਸ ਛੋਡ ਬੈਸ ਨਕ ਪਕੜਹਿ ਰਾਤੀ ਮਾਨਸ ਖਾਣੇ॥ ਫੜ ਕਰ ਲੋਕਾਂ ਨੂੰ ਦਿਖਲਾਵਹਿ ਗਿਆਨ ਧਿਆਨ ਨਹੀਂ ਸੂਝੈ ॥ ਨਾਨਕ ਅੰਧੇ ਸਿਉ ਕਿਆ ਕਹੀਐ ਕਹਹਿ ਨ ਕਹਿਆ ਬੂਝੈ ॥ ਅੰਧਾ ਸੋ ਜੋ ਅੰਧ

ਕਮਾਵੈ ਜਿਸ ਰਿਦੈ ਸਿਲੋਚਨ ਨਾਹੀ ॥ ਮਾਤ ਪਿਤਾ ਕੀ ਰਕਤ ਨਿਪੰਨੇ ਮਛੀ ਮਾਸੁ ਨ ਖਾਹੀ ॥ ਇਸਤ੍ਰੀ ਪੁਰਖੈ ਜਾਨਸ ਮੇਲਾ ਓਥੈ ਮੰਧ ਕਮਾਈ ॥ ਮਾਸਹੁ ਨਿੰਮੇ ਮਾਸਹੁ ਜੰਮੇ ਹਮ ਮਾਸੈ ਕੇ ਭਾਡੇ ॥ ਗਿਆਨ ਧਿਆਨ ਕਿਛ ਸੂਝੈ ਨਾਹੀ ਚਤਰ ਕਹਾਵੈ ਪਾਂਡੇ ॥ ਬਾਹਰ ਕਾ ਮਾਸ ਮੰਦਾ ਸੁਆਮੀ ਘਰਕਾ ਮਾਸ ਚੰਗੇਰਾ॥ ਜੀਅ ਜੰਤ ਸਭ ਮਾਸਹੁ ਹੋਏ ਜੀਅ ਲਇਆ ਵਸੇਰਾ॥ ਅਭਖ ਭਖਹਿ ਭਖ ਤਜਿ ਛੋਡਹਿ ਅੰਧ ਗੁਰੂ ਜਿਨ ਕੇਰਾ ॥ ਮਾਸ ਪੁਰਾਣੀ ਮਾਸ ਕਤੇਬੀ ਚਹੁ ਜੁਗ ਮਾਸ ਕਮਾਣਾ ॥ ਜਜਿ ਕਾਜ ਵੀਆਹ ਸੁਹਾਵੈ ਤਿਥੈ ਮਾਸ ਸਮਾਣਾ ॥ ਇਸਤ੍ਰੀ ਪੁਰਖ ਨਿਪਜਹਿ ਮਾਸੋ ਪਾਤਿਸਾਹ ਸੁਲਤਾਨਾ ॥ ਜੇ ਓਇ ਦਿਸਹਿ ਨਰਕੇ ਜਾਂਦੇ ਤਾਂ ਉਨ ਦਦਾ ਦਾਨ ਨ ਲੈਣਾ॥ ਦੇਂਦਾ ਨਰਕ ਸੂਰਗ ਲੈਂਦੇ ਦੇਖਹੁ ਏਹੁ ਧਿਙਾਣਾ ॥ ਆਪਨ ਬੁਝੈ ਲੋਕ ਬੁਝਾਏ ਪਾਂਡੇ ਖਰਾ ਸਿਆਣਾ ॥ ਪਾਂਡੇ ਤੂੰ ਜਾਣਹਿ ਨਾਹੀਂ ਕਿਥਹੁ ਮਾਸ ਉਪੰਨਾ ॥ ਤੋਇਅਹੁ ਅੰਨ ਕਮਾਦ ਕਪਾਹਾ ਤੋਇਅਹੁ ਤ੍ਰਿਭਵਣ ਗੰਨਾ ॥ ਤੋਆ ਆਖੈ ਹਉਂ ਬਹੁ ਬਿਧਿ ਹਛਾ ਤੋਐ ਬਹੁਤ ਬਿਕਾਰਾ ॥ ਏਤੇ ਰਸ ਛੋਡ ਹੋਵੈ ਸੰਨਿਆਸੀ ਨਾਨਕ ਕਹੈ ਬਿਚਾਰਾ ॥ ੨ ॥

ਤਾਂ ਨਾਨੂੰ ਬ੍ਰਾਹਮਣ ਸਭਨਾ ਪੰਡਤਾਂ ਰਖੀਸਰਾਂ ਤਪੀਸਰਾਂ ਨੂੰ ਸਮਝਾਂਵਦਾ ਹੈ ਕਿ ਮਾਸ ਮਾਸ ਕਰਕੇ ਮੂਰਖ ਅਗਿਆਨੀ ਝਗੜਤੇ ਹਨ ਅਰ ਅਗਜਾਨ ਕੋ ਨਹੀਂ ਸਮਝਤੇ ਜੋ ਆਤਮਾ ਕਾ ਭੁਲਾਵਣਾ ਅਰ ਦੇਹ ਨੂੰ ਸਤ ਜਾਣਨਾ ਸੋਈ ਮਾਸ ਹੈ ਅਰ ਆਤਮਾ ਕੋ ਤੀਨੋਂ ਕਾਲੋਂ ਮੈ ਨਿਰਾਲਾ ਜਾਣਨਾਂ ਅਰ ਦੇਹ ਕੋ ਅਸਤ ਜਾਣ ਕੇ ਪ੍ਰਾਰਬਧ ਕੇ ਅਨੁਸਾਰ ਸਾਸਤ੍ਰ ਦੀ ਵਿਧ ਸੰਜਗਤ ਭੋਗ ਭੋਗਣੇ ਏਹੋ ਸਾਗ ਹੈ ਅਰ ਦੇਵਤੇ ਜੋ ਗਿਆਨਵਾਨ ਹੋਏ ਹੈਂ ਅਰ ਉਨਾਂ ਨੇ ਗੈਂਡੇ ਕਉ ਮਾਰਿਆ ਹੈ ਅਰ ਘੋੜੇ ਅਰ ਔਰ ਪਸ਼ੂ ਮਾਰੇ ਹਨ ਅਰ ਹੋਮ ਅਰ ਜਗ ਕੀਏ ਹੈਂ ਅਰ ਆਤਮਾਂ ਕਉ ਅਕਰਤਾ ਅਰ ਅਭੋਗਤਾ ਜਾਣਤੇ ਹੈਂ ਜੋ ਭੋਗਣਾ ਧਰਮ ਪ੍ਰਾਣਾ ਦਾ ਅਰ ਕਰਨਾਂ ਧਰਮ ਕਰਮ ਇੰਦ੍ਰੀਆਂ ਦਾ ਔਰ ਜਣਨਾਂ ਧਰਮ ਮਨਦਾ ਹੈ ਅਤੇ ਆਤਮਾ ਸਭਨਾ ਦਾ ਸਾਖੀ ਹੈ ਸੋ ਜੋ ਇਸ ਪ੍ਰਕਾਰ ਜਾਣਤੇ ਹੈ ਅਰ ਸਰੀਰ ਦੀ ਪ੍ਰਾਰਬਧ ਭੋਗਤੇ ਭੀ ਹਨ ਪਰ ਪੁੰਨ ਅਰ ਪਾਪ ਕਉ ਪ੍ਰਾਪਤ ਨਹੀਂ ਹੋਤੇ ਅਰ ਜੇੜੇ ਅਗਿਆਨੀ ਬੈਸਨੋਂ ਦੀ ਨਿਆਈ ਦਿਨੇ ਮਾਸ ਨੂੰ ਵੇਖ ਕੇ ਨਕ ਪਕੜਤੇ ਹਨ ਅਰ ਰਾਤ ਨੂੰ ਪਰ ਇਸਤ੍ਰੀ ਨਾਲ ਭੋਗ ਕਰਤੇ ਹਨ ਸੋ ਏਵੇ ਕਪਟ ਕਰਕੇ ਦਿਖਲਾਵਾ ਕਰਤੇ ਹਨ ਅਰ ਅਗਿਆਨ ਕਰਕੇ ਅੰਧੇ ਹਨ ਪਰ ਅੰਧੇ ਸੇਈ ਹੈਂ ਜਿਨਾਂ ਕੇ ਰਿਦੇ ਕੇ ਨੇਤ੍ਰ ਵ੍ਰਿਖਿਆਂ ਕੀ ਵਾਸਨਾ ਕਰਕੇ ਅੰਧੇ ਹਨ ਅਰ ਮਾਤਾ ਅਰ ਪਿਤਾ ਕੀ ਰਕਤ ਸੇ ਦੇਹ ਉਪਜਤੀ ਹੈ ਅਰ ਮਛੀ ਅਰ

ਮਾਸ ਕਉ ਸਪਰਸ ਨਹੀਂ ਕਰਤੇ ਅਰ ਪਰਾਈਆਂ ਇਸਤ੍ਰੀਆਂ ਕਉ ਰਾਤੀ ਭੋਗਤੇ ਹੈਂ ਅਰ ਬਾਹਰ ਕਾ ਮਾਸ ਮੰਦਾ ਜਾਣਤੇ ਹੈਂ ਅਰ ਚੋਰੀ ਕੇ ਜੋ ਰਸ ਖਾਤੇ ਹੈਂ ਸੋ ਚੰਗੇ ਜਾਣਤੇ ਹੈ ਅਰ ਗਯਾਨ ਕਉ ਸਮਝਤੇ ਨਹੀਂ ਅਰ ਚਤੁਰ ਅਰ ਪਾਂਡੇ ਕਹਾਵਤੇ ਹੈਂ ਤਾਂਤੇ ਜਿਨਾਂ ਦੇ ਗੁਰੂ ਅਗਜਾਨੀ ਹੈਨ ਸੋ ਪਾਪਾ ਕਰ ਅਹਾਰ ਕਰਤੇ ਹੈਂ ਅਰ ਜੋ ਗਜਾਨੀ ਹਨ ਸੋ ਜੋ ਸੁਭਾਇਕ ਆਵੇ ਤਿਸਨੂੰ ਲੈਂਦੇ ਹਨ ਅਰ ਮਾਸਾ ਹੀ ਪੁਰਾਣਾਂ ਵਿਚ ਅਰ ਕੁਰਾਣਾਂ ਵਿਚ ਕਤੇਬਾਂ ਵਿਚ ਲਿਖਿਆ ਹੈ ਜੋ ਦੇਵਤਿਆਂ ਦੀ ਪੂਜਾ ਮਾਸ ਕਰਕੇ ਹੁੰਦੀ ਹੈ ਅਰ ਕਾਜ ਵਿਆਹ ਭੀ ਮਾਸ ਬਿਨਾਂ ਸੋਭਾ ਨਹੀਂ ਪਾਵਤੇ ॥ ਅਰ ਜਿਤਨੇ ਰਾਜੇ ਅਰ ਪਾਤਸਾਹ ਹੈਨ ਸੋ ਮਾਸ ਥੋਂ ਹੀ ਜੰਮੇ ਹਨ ਅਰ ਮਾਸ ਹੀ ਅਹਾਰ ਕਰਤੇ ਹੈਂ ਅਰ ਜੇ ਉਨਾਂ ਨੂੰ ਨਰਕ ਜਾਂਦੇ ਵੇਖਦੇ ਹੋ ਤਾਂ ਉਨਾਂ ਦਾ ਧਾਨ ਕਿਉ ਲੈਂਦੇ ਹੋ ਅਰ ਜੇ ਉਹ ਨਰਕ ਵਾਲੇ ਹਨ ਅਤੇ ਤੁਸੀ ਸ੍ਵਰਗ ਵਾਲੇ ਹੋ ਤਾਂ ਓਹ ਤੁਹਾਨੂੰ ਪਕੜਕੇ ਨਰਕ ਨੂੰ ਲੈ ਜਾਵਨਗੇ ਸੋ ਆਪ ਨਹੀਂ ਬੁਝਤੇ ਅਰ ਲੋਕਾਂ ਨੂੰ ਬੁਝਾਵਤੇ ਹੋ ਤੁਸੀਂ ਕਹੋ ਖਾਂ ਜਲ ਵਿਚੋਂ ਹੀ ਅੰਨ ਤੇ ਕਮਾਦ ਪੈਦੇ ਹੋਇਆ ਹੈ ਅਰ ਜਲ ਵਿਚੋਂ ਹੀ ਰਸ ਅਰ ਦੇਹ ਧਾਰੀ ਹੋਏ ਹਨ ਸੋ ਜੇ ਜਲ ਦੇ ਰਸ ਛੋਡਉ ਤਉ ਵੈਸਨਉ ਹੋਵਹੁ ਤਉ ਗੁਰੂ ਨਾਨਕ ਜੀ ਕਹਤੇ ਹੈ ਕਿ ਤਉ ਵੈਸਨਉ ਹੋਵਉ ॥ ੨ ॥ ਜਾਂ ਇਤਨੀ ਵਾਰਤਾ ਨਾਨੂੰ ਪੰਡਤ ਕਹੀ ਤਾਂ ਸਭਨਾਂ ਨੂੰ ਨਾਲ ਲੈਕੇ ਗੁਰੂ ਨਾਨਕ ਜੀ ਦੀ ਚਰਨੀ ਆਇ ਲਗਾ ਅਰ ਉਨਾਂ ਅਰਦਾਸ ਕੀਤੀ ਜੋ ਜੀ ਅਸੀਂ ਇਸ ਵਾਸਤੇ ਕਹਿੰਦੇ ਹਾਂ ਕਿ ਜੇੜੇ ਅਚਾਰਜ ਹੈਨ ਸੇ ਵੇਦਾਂ ਦੇ ਵਿਹਤ ਕਰਮ ਕਰਦੇ ਹਨ ਤਾਂ ਬਾਬੇ ਕਹਿਆ ਤਾਂ ਅਸਾਂ ਭੀ ਕਾਮਧੇਨ ਗਊਆਂ ਦਾ ਦੁਧ ਇਸ ਮਟਕੇ ਵਿਚ ਚੜਾਇਆ ਹੈ ਤਾਂ ਉਸ ਰਾਜੇ ਨੂੰ ਬਾਬੇ ਕਹਿਆ ਕਿ ਤੂੰ ਚਾਉਲ ਤੇ ਖੰਡ ਲਿਆਉ ਅਰ ਇਸ ਮਟਕੇ ਵਿਚ ਪਾਓ ਅਰ ਘਿਉ ਭੀ ਪਾਇਆ ਸੋ ਸਭਨਾ ਬ੍ਰਹਮਣਾ ਨੂੰ ਕਹਾ ਤੁਸੀ ਪ੍ਰਸਾਦ ਇਥੇ ਹੀ ਪਾਓ ਤਾਂ ਸਭਨਾ ਬ੍ਰਾਹਮਣਾ ਨੂੰ ਪ੍ਰਸਾਦ ਵਰਤਾਇਆ ਸੋ ਜਿਨਾਂ ਜਿਨਾਂ ਖਾਧਾ ਤਿੰਨਾਂ ਨੂੰ ਗੁਰਮਤ ਪ੍ਰਾਪਤ ਭਈ ਤਾਂ ਨਾਨੂੰ ਪੰਡਤ ਆਖਿਆ ਜਿਤ ਕਾਲ ਮਹਾਰਾਜ ਨੇ ਜਗਤ ਉਤਪਤ ਕੀਤਾ ਅਰ ਮੋਹ ਤੇ ਬਿਬੇਕ ਭੀ ਉਤਪਤ ਕੀਤਾ ਸੋ ਬਿਬੇਕ ਨੂੰ ਆਪਣਾ ਸੂਰਮਾ ਕੀਤਾ ਅਤੇ ਮੋਹ ਮਾਇਆ ਦੇ ਚਰਨੀ ਲਗ ਕੇ ਵਿਦਾ ਹੋਇਆ ਅਰ ਮਾਇਆ ਅਸੀਰ ਵਚਨ ਕੀਤਾ ਜੋ ਤੇਰੀ ਸਹਾਇਤਾ ਵਾਸਤੇ ਮੈਂ ਕਲਜੁਗ ਨੂੰ ਭੇਜਾਂਗੀ ਤਾਂ ਬਬੇਕ ਭੀ ਭਗਵਾਨ ਥੀ ਵਿਦਿਆ ਹੋਇਆ ਅਰ ਭਗਵਾਨ ਵਚਨ ਕੀਤਾ ਕਿ ਤੇਰੇ ਕਲਜੁਗ ਵਿਖੇ ਆਪਣੀ ਭਗਤੀ ਨਾਲ ਲੈਕੇ ਨਾਨਕ ਅਵਤਾਰ ਧਾਰਾਂਗੇ ਤਾਂ ਸਭਨਾਂ ਬ੍ਰਾਹਮਣਾ ਅਸਟਾਂਗ ਡੰਡਉਤ ਕੀਤੀ ਤਾਂ ਫਿਰ ਪੰਡਤਾਂ ਨੇ ਨਾਨੂੰ ਪਾਸ ਪ੍ਰਸਨ ਕੀਤਾ ਸੋ ਏਹ ਕਥਾ ਕਉਨ ਸੇ

ਗ੍ਰੰਥ ਮੈਂ ਲਿਖੀ ਹੂਈ ਹੈ ਤਾਂ ਨਾਨੂੰ ਕਹਾ ਗਿਆਨ ਪ੍ਰਬੋਦ ਉਦੇ ਚੰਦਨਾਇਕ ਉਸ ਗ੍ਰੰਥ ਦਾ ਨਾਉ ਹੈ ਉਥੇ ਮੋਹ ਤੇ ਬਿਬੇਕ ਦਾ ਜੁਧ ਹੈ ਸੋ ਉਥੇ ਲਿਖਾ ਹੈ ਜੋ ਕਲਜੁਗ ਵਿਚ ਵਿਸਨ ਨੇ ਬਿਬੇਕ ਨੂੰ ਕਹਾ ਹੈ ਜੋ ਮੈ ਭਗਤੀ ਸੰਜੁਗਤ ਕਲਜੁਗ ਵਿਚ ਤੇਰੀ ਸਹਾਇਤਾ ਵਾਸਤੇ ਨਾਨਕ ਅਉਤਾਰ ਧਾਰਾਂਗਾ ਅਰ ਮਹਾਂ ਮੋਹ ਕਾਬਲ ਖੀਣ ਕਰਾਂਗਾ ਅਰ ਸਾਂਤ ਮਈ ਬਾਣੀ ਜਗਤ ਕਿਉਂ ਵਰਤਾਵਾਂਗਾ ਸੋ ਏਹ ਓਹੋ ਨਾਨਕ ਅਉਤਾਰ ਉਤਪਤਿ ਹੋਇਆ ਹੈ ਤਾਂ ਸਭਨਾਂ ਨੇ ਨਮਸਕਾਰ ਕੀਤਾ। ਅਰ ਕਹਾ ਕਿ ਅਸਾਨੂੰ ਇਜੇਹਾ ਉਪਦੇਸ ਦੇਵੋ ਜੋ ਜਨਮ ਮਰਨ ਥੀ ਮੁਕਤ ਹੋਈਏ ਤਾਂ ਬਚਨ ਹੋਇਆ ਤੁਸੀ ਸਚੇ ਹੋਕੇ ਮਹਾਰਾਜ ਦੀ ਭਗਤ ਨੂੰ ਲਗੇ ਰਹੋ ਸੋ ਏਹ ਮਹਾਰਾਜ ਦੀ ਭਗਤੀ ਤੁਸਾਨੂੰ ਕਲਜੁਗ ਦੇ ਵਿਘਨਾਂ ਥੀ ਕਢਿਕੇ ਮਹਾਰਾਜ ਦੇ ਚਰਨਾਂ ਨੂੰ ਪ੍ਰਾਪਤਿ ਕਰਹਿਗੀ ਤਾਂ ਫੇਰ ਪੰਡਤਾਂ ਨੇ ਨਾਨੂੰ ਪੰਡਤ ਨੂੰ ਕਹਿਆ ਕਿ ਓਹ ਗ੍ਰੰਥ ਅਸਾਨੂੰ ਕ੍ਰਿਪਾ ਕਰ ਸਾਰ ਸੁਣਾਈਏ ਤਾਂ ਨਾਨੂੰ ਪੰਡਤ ਲਗਾ ਸੁਣਾਵਣ ॥

ਸਾਖੀ ਮੋਹ ਬਿਬੇਕ ਦੀ

ਜੋ ਕੋਈ ਪ੍ਰਿਥਮੇ ਗਣੇਸ ਦੀ ਪੂਜਾ ਕਰਦਾ ਹੈ ਅਰ ਕੋਈ ਬ੍ਰਹਮੇ ਦੀ ਕੋਈ ਸੁਰਸਤੀ ਦੀ ਅਰ ਮੈ ਵਿਸਨੂੰ ਭਗਤਿ ਦੀ ਉਪਾਸਨਾ ਕਰਤਾ ਹੋਂ ਅਰ ਮੰਗਲਾ ਚਰਨ ਕਰਦਾ ਹੋਂ ਜੋ ਇਸ ਭਗਤਿ ਦੀ ਮਹਿਮਾ ਗ੍ਰੰਥ ਮੈਂ ਆਵਣੀ ਹੈ ਸੋ ਏਕ ਸਰੀਰ ਰੂਪੀ ਦੇਸ ਥਾ ਅਰ ਜੀਅ ਰੂਪੀ ਰਾਜਾ ਥਾ ਸੋ ਓਹ ਆਪ ਤਾਂ ਨਿਹਸੰਗ ਥਾ ਅਰ ਮਨ ਰੂਪੀ ਮੰਤ੍ਰੀ ਸਭ ਕਿਰਿਆ ਸਪੰਨ ਥਾ ਤਾਂ ਰਾਜਾ ਹਿਤ ਕਰਕੇ ਮੰਤ੍ਰੀ ਦੀ ਕਿਆ ਆਪਸ ਮੈ ਮਾਨਤਾ ਥਾ ਅਰ ਮਾਇਆ ਜੋ ਹੈ ਉਸ ਮੰਨ ਕੀ ਮਾਤਾ ਥੀ ਸੋ ਮਾਇਆ ਅਨਰਵਚਨੀ ਹੈਸੀ ਅਰ ਜਬ ਈਸਰ ਦੀ ਮਾਇਆ ਨੇ ਸਮੀ ਪਤਾ ਪਾਈ ਤਬ ਰਚਨਾ ਕੀ ਸਕਤਿ ਉਸ ਮੈ ਹੋ ਆਈ ਤਬ ਮਾਇਆ ਨੇ ਮਨ ਮੈ ਬੀਚਾਰ ਕੀਤਾ ਕਿ ਈਸਰ ਜੋ ਮੇਰਾ ਭਰਤਾ ਹੈ ਸੋ ਅਸੰਗ ਹੈ ਅਰ ਉਹ ਕਿਸੇ ਇਸਤ੍ਰੀ ਦਾ ਸੰਗ ਨਹੀਂ ਕਰਦਾ ਅਤੇ ਮੇਰਾ ਜੋਬਨ ਬਿਤੀਤ ਹੋਇ ਗਿਆ ਹੈ ਅਰ ਭੋਗ ਵਿਅਰਥ ਚਲੇ ਜਾਂਦੇ ਹਨ ਸੋ ਆਪਣੇ ਸੰਕਲਪਾਂ ਕਰ ਕੇ ਉਸ ਮਨ ਰੂਪੀ ਪੁਤ੍ਰ ਉਤਪਤਿ ਕੀਤਾ ਅਰ ਇਸ ਸਰੀਰ ਰੂਪੀ ਦੇਸ ਕਾ ਰਾਜਾ ਕੀਤਾ ਤਬ ਮਨ ਨੇ ਸਰੀਰ ਵਿਚੋਂ ਨਉਂ ਦੁਆਰੇ ਰਚੇ ਭੋਗਣੇ ਵਾਸਤੇ ਅਰ ਹੋਰ ਨਾਨਾ ਪ੍ਰਕਾਰ ਕੇ ਸਰੀਰ ਧਾਰੇ ਅਰ ਜੈਸੀ ਮਾਇਆ ਚੰਚਲ ਹੈ ਤੈਸਾ ਮਨ ਭੀ ਚੰਚਲ ਭਇਆ ਅਰ ਮਨ ਨੇ ਚਾਰ ਸਰੂਪ ਕੀ ਦੇਹ ਰਚੀ ਭਾਵ ਧਾਰੀ ਅਰ ਅੰਤਹਕਰਣ ਉਨਕਾ ਨਾਮ ਹੂਆ ਅਰ ਪ੍ਰਮਾਤਮਾ ਕਾ ਅੰਤਹਕਰਣ ਮੈ ਪ੍ਰਕਾਸ ਹੂਆ ਸੋ ਤਿਸਕਾ ਨਾਮ ਜੀਵ ਪੜਾ

ਅਰ ਮਨ ਨੇ ਰਾਜ ਕਾ ਤਿਲਕ ਉਸ ਜੀਵ ਕਉ ਦੀਆ ਅਰ ਆਪ ਮੰਤ੍ਰੀ ਭਾਵ ਲੈ ਲੀਆ ਅਰ ਫੇਰ ਮਨ ਨੇ ਦੋ ਇਸਤ੍ਰੀਆ ਧਾਰੀਆਂ ॥

ਏਕ ਨਿਰਵਿਰਤੀ ਅਰ ਏਕ ਪਰਵਿਰਤੀ ਪਰੰਤੂ ਪਰਵਿਰਤ ਇਸਤ੍ਰੀ ਸਾਥ ਮਨ ਕਾ ਮੋਹ ਬਹੁਤ ਭਇਆ ਸੋ ਤਿਸਥੀ ਮੋਹਨਾਮਾ ਪੁਤ੍ਰ ਉਤਪਤਿ ਹੋਤਾ ਭਇਆ ਅਰ ਓਹ ਮੋਹ ਭੀ ਪਰਵਿਰਤ ਭਇਆ ਅਤੇ ਮਨ ਭੀ ਪਰਵਿਰਤੀ ਥਾ ਸੋ ਮਨ ਅਰ ਮੋਹ ਕਾ ਪਿਆਰ ਹੂਆ ਅਰ ਨਿਰਵਰਤ ਰੂਪੀ ਇਸਤ੍ਰੀ ਸੇ ਬਿਬੇਕ ਰੂਪੀ ਪੁਤ੍ਰ ਉਤਪਤਿ ਭਇਆ ਸੋ ਵਿਵੇਕ ਭੀ ਨਿਰਵਿਰਤ ਹੂਆ ਸੋ ਮਨ ਕਾ ਵਿਵੇਕ ਸੇ ਪਿਆਰ ਨਾ ਹੂਆ ਤਾਂਤੇ ਮਨ ਨੇ ਮੋਹ ਕੋ ਰਾਜ ਤਿਲਕ ਸਰੀਰ ਕਾ ਦੀਆ ਅਰ ਮੋਹ ਨੇ ਕਾਮ ਕ੍ਰੋਧ ਰੂਪੀ ਸੈਨਾ ਇਕਠੀ ਕਰਕੇ ਸਾਰੇ ਜਗਤ ਨੂੰ ਆਪਣੇ ਵਸਿ ਕਰ ਲੀਆ ਅਰ ਬਿਬੇਕ ਜੋ ਹੈਸੀ ਸੋ ਇਕੰਤ ਕਾਂਸੀ ਆਦਿਕਹੁ ਤੀਰਥਹੁ ਵਿਖੇ ਜਾਇ ਰਹਾ ਅਰ ਮੋਹ ਕੇ ਮਨ ਸੇ ਸਤ੍ਰ ਭਾਵ ਨਾ ਜਾਏ ਤਾਂ ਮੋਹ ਨੇ ਕਹਾ ਕਿ ਮੈਂ ਤੀਰਥਹੁ ਤੇ ਭੀ ਬਬੇਕ ਨੂੰ ਦੇਸ ਨਿਕਾਲਾ ਦੇਵੋ ਅਰ ਫਿਰ ਮੋਹ ਨੇ ਕਹਾ ਕਿ ਮੈ ਇਹ ਨਾ ਹੋਵੇ ਜੋ ਮਨ ਕਿਸੇ ਵੇਲੇ ਫਿਰ ਏਕ ਸਮੇਂ ਉਸ ਜੀਵ ਨੇ ਸਰੀਰ ਕੀ ਸਭਾ ਮੈ ਇਕ ਨਿਰਤਕਾਰੀ ਕਾ ਸਮਾਗਮ ਬਣਾਇਆ ਅਰ ਲੋਭ ਅਰ ਤ੍ਰਿਸਨਾ ਨੇ ਆਣ ਕੇ ਨਿਰਤਕਾਰੀ ਕਾ ਠਾਠ ਰਚਿਆ ਅਰ ਲਾਲਚ ਲਗਾ ਮ੍ਰਿਦੰਗ ਵਜਾਵਣੇ ਅਰ ਨੇਤ੍ਰ ਲਗੇ ਤਾਲ ਵਜਾਵਣੇ ਅਰ ਮੋਹ ਜੋ ਹੈ ਸੋ ਆਪਣੀ ਕੁਮਤ ਰੂਪੀ ਇਸਤ੍ਰੀ ਸਾਥ ਅਰ ਤਿਸਨੂੰ ਗਲਿ ਲਾਇਕੇ ਅਤਿ ਸੁੰਦਰ ਅਖਾੜਾ ਲਗਾ ਦੇਖਣ ਅਰ ਕਾਮ ਕ੍ਰੋਧ ਰੂਪੀ ਸੈਨਾ ਕੋ ਸਦਕੇ ਲਗਾ ਆਖਣ ਜੋ ਤੈਨੂੰ ਮਨ ਕੇ ਸਾਰੇ ਜਗਤ ਦਾ ਰਾਜ ਦਿਤਾ ਸੋ ਜਦ ਕਿਤਨੇ ਕੁ ਦਿਨ ਇਸ ਨੂੰ ਰਾਜ ਕਰਦਿਆਂ ਬੀਤੇ ਤਾਂ ਇਕ ਦਿਨ ਵਸਤ ਵਿਚਾਰ ਨਾਮਾ ਬਬੇਕ ਕਾ ਸੂਰਮਾ ਆਇਆ ਅਰ ਉਸਨੇ ਬਬੇਕ ਕੀ ਉਸਤਤੀ ਕੀਤੀ ਅਤੇ ਮੋਹ ਦੀ ਨਿੰਦਿਆ ਕੀਤੀ ਜੋ ਮੋਹ ਮਹਾ ਅਗਿਆਨ ਹੈ ਅਰ ਜੋ ਇਸ ਕੇ ਸੰਗੀ ਹੋਤੇ ਹੈਂ ਸੋ ਉਨਾਂ ਨੂੰ ਭੀ ਅਨੇਕ ਜਨਮ ਮਰਨਾ ਵਿਖੇ ਡਾਰਤਾ ਹੈ ਅਰ ਬਬੇਕ ਕੇ ਜੋ ਸੰਗੀ ਹੈਂ ਓਹ ਜਨਮ ਮਰਨ ਕੋ ਕਟ ਜਾਤੇ ਹੈਂ ਸੋ ਏਹ ਵਾਰਤਾ ਜਾਂ ਕਾਮ ਨੇ ਸੁਣੀ ਤਾਂ ਮੋਹ ਕੀ ਸਭਾ ਮੈ ਆਣ ਵਖਜਾਨ ਕੀਤਾ ਜੋ ਸਾਡੇ ਜੀਂਵਦਿਆਂ ਵਸਤ ਵਿਚਾਰ ਨੇ ਸਾਡੇ ਮੋਹ ਰਾਜੇ ਕੀ ਨਿੰਦਾ ਕੀਤੀ ਹੈ ਤਾਂਤੇ ਜਿਸ ਸਤ੍ਰ ਕੇ ਐਸੇ ਟਹਿਲੀਏ ਹੈ ਉਸ ਸਤ੍ਰ ਕਾ ਉਪਾਇ ਚਾਹੀਏ ਤਾਂ ਮੋਹ ਨੇ ਕਹਿਆ ਜੋ ਬਬੇਕ ਕਾ ਕਿਲਾ ਕਾਂਸੀ ਬੀਚ ਹੈ ਤਬ ਮਦ ਮਾਨ ਕਉ ਬੁਲਾਇ ਕਰ ਮੋਹ ਨੇ ਸਮਝਾਇਆ ਜੋ ਤੂੰ ਬਬੇਕ ਪਾਸ ਜਾਇ ਰਹੁ ਅਰ ਸਭ ਬ੍ਰਿਤਾਂਤ ਮੁਝੇ ਲਿਖਤਾ ਰਹੋ ਤਾਂ ਓਹ ਕਾਂਸੀ ਮਹਿ ਜਾਇ ਰਹੇ ਤਉ ਵਸਤ ਵਿਚਾਰ ਨੇ ਕਹਿਆ ਕਿ

ਜਿਸ ਬਬੇਕ ਕੇ ਹਮਸਾਰਖੇ ਸੂਰਮੇ ਹਹਿ ਸੋ ਕੋਈ ਦਿਨ ਨੂੰ ਮੋਹ ਕੋ ਜਿਤ ਕੇ ਬਬੇਕ ਕੇ ਤਾਈਂ ਸਾਰੇ ਜਗਤ ਦਾ ਰਾਜ ਲੈ ਦੇਵਾਂਗੇ ਤਾਂਤੇ ਇਹ ਵਿਚਾਰ ਕਰਕੇ ਵਸਤ ਵਿਚਾਰ ਫੇਰ ਬਬੇਕ ਕੇ ਪਾਸ ਆਇਆ ਅਰ ਨਿੰਮ੍ਰ ਭਾਵ ਹੋਇਕੇ ਆਨ ਨਮਸਕਾਰ ਕੀਤਾ ਅਰ ਕਹਾ ਕਿ ਤੁਸੀਂ ਇਕੰਤ ਹੋਇਕੇ ਬੈਠ ਰਹੇ ਹੋ ਅਰ ਮੋਹ ਨੇ ਪਿਤਾ ਕੋ ਵਸਕਰ ਕੇ ਸਾਰੇ ਦੇਸ ਦਾ ਰਾਜ ਮਲ ਲੀਆ ਹੈ ਅਤੇ ਤੁਸੀ ਪਿਤਾ ਨੂੰ ਭੀ ਛਡਾਵੋ ਅਰ ਰਾਜ ਭੀ ਮਲ ਲਵੋ ਤਾਂ ਵਸਤ ਵਿਚਾਰ ਦੇ ਵਚਨ ਸੁਣਕੇ ਸੁਮਤ ਆਪਣੀ ਪਟਰਾਣੀ ਨੂੰ ਬੁਲਾਇਆ ਅਰ ਕਹਯਾ ਕਿ ਕਹੋ ਜੋ ਅਸੀਂ ਪਿਤਾ ਦੇ ਛਡਾਵਣੇ ਦਾ ਕਿਆ ਉਪਾਵ ਕਰੀਏ ਤਾਂ ਵਸਤ ਵਿਚਾਰ ਨੂੰ ਬੁਲਾਇਕੇ ਆਪਣੇ ਪਾਸ ਰਖਿਆ ਅਰ ਸੁਮਤ ਆਪਣੀ ਰਾਣੀ ਸਮੇਤ ਅੰਤਹਕਰਣ ਮੰਦਰ ਮੈਂ ਬੈਠਕੇ ਲਗੇ ਵਿਚਾਰ ਕਰਣ ਤਾਂ ਸੁਮਤ ਨੇ ਕਹਿਆ ਕਿ ਬਡੇ ਕਹਤੇ ਹੈਨ ਕਿ ਜੇ ਕੋਈ ਕਠਨ ਕੰਮ ਆਪੜੇ ਤਾਂ ਬਿਹਬਲ ਨ ਹੋਇ ਜਾਵੀਏ ਅਰ ਧੀਰਜ ਸੇ ਕਾਮ ਸਵਾਰੀਏ ਤਾਂਤੇ ਤੁਸੀਂ ਚਿੰਤਾ ਕੋਈ ਨਾ ਕਰੋ ਅਰ ਸਾਵਧਾਨ ਹੋਇਕੇ ਈਸ੍ਵਰ ਦਾ ਆਸਰਾ ਕਰਕੇ ਵੈਰੀ ਦੇ ਨਿਕਾਲਣੇ ਦਾ ਯਤਨ ਕਰੋ ਅਤੇ ਆਪਣੀ ਸੈਨਾਂ ਸਭ ਬੁਲਾਵੋ ਤਬ ਬਬੇਕ ਨੇ ਸਮਦਮ ਰੂਪੀ ਦੁਆਰਪਾਲ ਬੁਲਾਏ ਤਾਂ ਸਮ ਨੂੰ ਕਹਿਆ ਜੋ ਤੁਸੀ ਜਾਇਕੇ ਸੰਤੋਖ ਨੂੰ ਬੁਲਾਇ ਲਿਆਵੋ ਸੋ ਜਬ ਸਮ ਸੰਤੋਖ ਨੂੰ ਲੈ ਆਇਆ ਤਾਂ ਉਸਨੇ ਆਣ ਨਮਸਕਾਰ ਕਰੀ ਤਾਂ ਬਬੇਕ ਬੋਲਿਆ ਜੋ ਮੋਹ ਨੇ ਬਡਾ ਬਲ ਪਾਇਆ ਹੈ ਸੋ ਤੁਸੀਂ ਐਸਾ ਕੋਈ ਉਪਾਵ ਕਰੋ ਜੋ ਮੋਹ ਕੋ ਜੀਤ ਕੇ ਨਿਹਕੰਟਕ ਰਾਜ ਕਰੀਏ ਤਾ ਸੰਤੋਖ ਨੇ ਕਹਿਆ ਮਹਾਂ ਪੁਰਖਾਂ ਨੇ ਕਹਿਆ ਹੈ ਜੋ ਸਮਾਂ ਪਾਇਕੇ ਵੈਰੀ ਮਰਤੇ ਹੈਂ ਅਰ ਏਹ ਮਨੁਖਾ ਦੇਹ ਵਡਿਆਂ ਪੁੰਨਾਂ ਕਰਕੇ ਹੋਇਆ ਹੈ ਬਾਰੰਬਾਰ ਨਹੀਂ ਹੋਤਾ ਅਰ ਕਾਮ ਕ੍ਰੋਧ ਆਦਿਕ ਜੋ ਮੋਹ ਕੇ ਪਖੀ ਹੈਂ ਸੋ ਜਗਤ ਕਾ ਰਾਜ ਕਰਤੇ ਹੈ ਅਰ ਇੰਦ੍ਰੀਆਂ ਦੁਆਰੇ ਵਿਖੇ ਭੋਗਤੇ ਹੈਂ ਸੋ ਤੁਸੀ ਭੀ ਯਮ ਨੇਮ ਆਦਿਕ ਆਪਣੇ ਮੰਤ੍ਰੀ ਬੁਲਾਵੋ ਤਉ ਇੰਦ੍ਰੀਆਂ ਵਿਖੇ ਪ੍ਰਵੇਸ ਕਰੇ ਅਰ ਮਹਾਂ ਮੋਹ ਕੇ ਸੂਰਮਿਆਂ ਕੋ ਹਟਾਇ ਦੇਵੇ ਤਉ ਬਬੇਕ ਨੇ ਦੁਆਰਪਾਲ ਕਉ ਆਗਿਆ ਕਰੀ ॥

ਤਬ ਯਮਨੇਮਾਦਿਕ ਸੂਰਮਿਆ ਕਉ ਲੇ ਆਇਆ ਤਾਂ ਉਨ੍ਹਾਂ ਨੇ ਆਣ ਨਮਸਕਾਰ ਕਰੀ ਤਾਂ ਰਾਜੇ ਨੇ ਆਦਰ ਦੀਆ ਅਰ ਕਹਾ ਕਿ ਮੈਨੇ ਮੋਹ ਕੇ ਸਾਥ ਜੁਧ ਕੀ ਪ੍ਰਤਿਗਿਆ ਕੀਤੀ ਸੋ ਤੁਸੀਂ ਮੇਰੇ ਮੰਤ੍ਰੀ ਹੋ ਤੁਸੀਂ ਮੈਨੂੰ ਜੀਤ ਕਾ ਉਪਾਵ ਕਹੋ ਤਬ ਯਮਨੇਮ ਆਦਿਕਾਂ ਨੇ ਉਚਾਰਿਆ ਜੋ ਹਮਾਰੇ ਮਨ ਮੈਂ ਏਹ ਮੰਤ੍ਰ ਆਵਦਾ ਹੈ ਕਿ ਸੁਮਤ ਜੋ ਤੇਰੀ ਪਟਰਾਣੀ ਹੈ ਅਰ ਸਾਂਤ ਉਸ ਕੀ ਸਖੀ ਹੈ ਸੋ ਸੁਮਤ ਸਾਂਤ ਕਉ ਕਹੇ ਕਿ ਸਾਂਤ ਕੀ ਮਾਤਾ ਸਰਧਾ ਹੈ ਉਸ ਕਉ ਬਲਾਇ ਲਿਆਵੇ ਅਰ ਉਹ ਸਰਧਾ ਬਡੀ

ਪ੍ਰਬੀਨ ਹੈ ਉਹ ਉਪਨਿਸਦ ਨੂੰ ਤੁਸਾਡੇ ਪਾਸ ਬਲਾਇ ਲਿਆਵੇ ਸੋ ਜਬ ਉਪਨਿਸਦ ਨੂੰ ਤੁਸੀਂ ਪਟਰਾਣੀ ਕਰੋਗੇ ਅਰ ਉਸਦਾ ਸੰਗ ਕਰੋਗੇ ਤਾਂ ਉਸਸੇ ਪ੍ਰਬੋਧ ਚੰਦ ਪੁਤ੍ਰ ਪੈਦੇ ਹੋਵੇਗਾ ਅਰ ਉਹ ਵਡਾ ਧੀਰਜ ਵਾਨ ਹੋਵੇਗਾ ਸੋ ਉਹ ਮੋਹ ਆਦਿਕ ਸੂਰਮਿਓਂ ਕਉ ਜੀਤ ਕੇ ਮਨ ਕਉ ਛਡਾਏਗਾ ਅਰ ਤੇਰੇ ਸਮੇਤ ਸ੍ਰਿਸਟਿ ਕਾ ਰਾਜ ਭੋਗੇਗਾ ਕਯੋਂਕਿ ਬੁਧਵਾਨ ਕਹਤੇ ਹੈਂ ਕਿ ਜੇ ਵੈਰੀ ਛੋਟਾ ਭੀ ਹੋਵੈ ਤਉ ਭੀ ਬਡਾ ਸਮਿਆਲ ਕੀਤਾ ਚਾਹੀਤਾ ਹੈ ਤਾਂ ਬਬੇਕ ਬੋਲਿਆ ਕਿ ਏਹ ਬਾਤ ਕਠਨ ਹੈ ਕਯੋਂਕਿ ਇਸਤ੍ਰੀ ਤਉ ਅਉਰ ਇਸਤ੍ਰੀ ਚਾਹਤੀ ਨਹੀਂ ਸੋ ਸੁਮਤ ਉਪਨਿਖਦ ਕਉ ਕੈਸੇ ਲਿਆਵੇਗੀ ਤਬ ਮੰਤ੍ਰੀ ਕਹਿਆ ਕਿ ਜੋ ਪਤਿਬ੍ਰਤਾ ਇਸਤ੍ਰੀਆਂ ਹੋਨੀਆਂ ਹੈਨ ਸੋ ਜਿਸ ਮੈਂ ਭਰਤੇ ਆਪਣੇ ਕਾ ਕਾਰਜ ਸੁਧ ਹੋਤਾ ਹੈ ਸੋਈ ਓਹ ਕਰਤੀਆਂ ਹੈਨ ਤਾਂ ਇਤਨੀ ਬਾਤ ਕਹਿ ਕੇ ਮੰਤ੍ਰੀ ਆਪਨੇ ਘਰ ਜਾਤਾ ਰਹਿਆ ਅਰ ਬਬੇਕ ਆਪਣੇ ਘਰ ਆਇਆ ਤਾਂ ਸੁਮਤ ਨੇ ਆਣਕੇ ਨਮਸਕਾਰ ਕਰੀ ਤਾਂ ਰਾਜੇ ਉਸਕੋ ਸਿਹਜਾ ਪਰ ਬੈਠਾਇਆ ਜਾਂ ਲੀਆ ਤਬ ਸੁਮਤ ਨੇ ਪੂਛਾ ਜੋ ਮੰਤ੍ਰੀ ਨੇ ਕਿਆ ਕਹਯਾ ਤਾਂ ਬਬੇਕ ਨੇ ਕਹਯਾ ਕਿ ਸਾਂਤ ਜੋ ਤੇਰੀ ਸਖੀ ਹੈ ਸੋ ਜਾਇਕੇ ਸਰਧਾ ਆਪਣੀ ਮਾਤਾ ਕੋ ਬੁਲਾਏ ਅਰ ਓਹ ਸਰਧਾ ਉਪ ਨਿਖਦ ਕਉ ਬੁਲਾਇ ਲਿਆਵੇ ਸੋ ਉਪਨਿਖਦ ਮੇਰੀ ਇਸਤ੍ਰੀ ਹੋਵੇ ਅਰ ਉਸਤੇ ਪ੍ਰਬੋਧ ਚੰਦ੍ਰ ਪੁਤ੍ਰ ਹੋਵੈ ਤਬ ਓਹ ਮੋਹ ਆਦਿ ਕਹੁ ਕੋ ਜੀਤੇ ਸੋ ਹੇ ਪਿਆਰੀ ਹਮਰਾ ਜੋ ਪਿਤਾ ਹੈ ਸੋ ਗਰਬ ਸੰਜੁਗਤ ਹੈ ਅਰ ਕਾਰਜ ਅਰ ਅਕਾਰਜ ਕਉ ਨਹੀਂ ਜਾਣਤਾ ਅਰ ਅਹੰਕਾਰੀ ਅਰ ਇੰਦ੍ਰੀਅਰਾਮੀ ਹੈ ਅਰ ਮੋਹ ਭੀ ਇੰਦ੍ਰੀਅਰਾਮੀ ਹੈ ਸੋ ਮੋਹ ਨੇ ਮਨ ਕਉ ਵਸ ਕਰ ਛਡਿਆ ਹੈ ਅਰ ਆਪ ਕਉ ਸਪੁਤ੍ਰ ਜਾਣਤਾ ਹੈ ਅਰ ਹਮ ਪਿਤਾ ਕੇ ਆਗਿਆ ਕਾਰੀ ਹੈਂ ਸੋ ਹਮ ਕਉ ਕਪੂਤ ਕਹਤਾ ਹੈ ਸੋ ਉਹ ਪਿਤਾ ਕੀ ਆਗਿਆ ਨਹੀਂ ਮੰਨਤੇ ਤਬ ਸੁਮਤ ਨੇ ਕਹਿਆ ਕਿ ਜੋ ਸਤਰੂ ਹੋਤੇ ਹੈ ਸੋ ਅਣ ਬਣਤੀ ਬਾਤ ਕਹਤੇ ਹੈਂ ਅਰ ਆਪਨੇ ਦੋਖ ਔਰੋਂ ਮਹਿ ਗਿਣਤੇ ਹੈਂ ਸੋ ਜੋ ਅਹੰਕਾਰ ਦੇ ਸੰਜੁਗਤ ਹੈ ਅਰ ਪਿਤਾ ਭੀ ਹਮਾਰਾ ਅਹੰਕਾਰੀ ਹੈ ਤਾਂਤੇ ਉਨਾਂ ਨੇ ਮਦ ਆਦਿਕਾਂ ਕਾ ਬੰਧਨ ਡਾਰ ਛੋਡਿਆ ਹੈ ਸੋ ਹਮ ਉਦਮ ਕਰਕੇ ਪਿਤਾ ਕੋ ਬੰਧਨ ਤੇ ਛੁਡਾਵੀਐ ਅਰ ਫਿਰ ਸੁਮਤ ਬੋਲੀ ਕਿ ਪਿਤਾ ਤਾਂ ਤੁਮਾਰਾ ਨਿਤਾਪ੍ਰਤ ਕਾ ਸਰੂਪ ਹੈ ਅਰ ਈਸ੍ਵਰ ਕੀ ਜੋਤਿ ਤਿਸ ਮੈਂ ਹੈ ਸੋ ਉਸਕੋ ਮਹਾਂ ਮੋਹ ਕਿਉਂਕਰ ਬੰਧ ਸਕਤ ਹੈ ਤਾਂ ਬਬੇਕ ਕਹਿਆ ਹੇ ਸੁੰਦਰੇ ਧੀਰਜਵਾਨ ਪੁਰਖ ਅਰ ਬੁਧਵਾਨ ਭੀ ਹੋਤੇ ਹੈਂ ਪਰ ਇਸਤ੍ਰੀਆਂ ਦੇ ਅਧੀਨ ਹੋਏ ਹੋਏ ਧੀਰਜ ਕੋ ਤਿਆਗ ਦੇਤੇ ਹੈਂ ਤੈਸੇ ਈਸ੍ਵਰ ਮਾਇਆ ਕਾ ਅਧੀਨ ਹੋਇਆ ਹੋਇਆ ਬਿਹਬਲ ਹੋਇਕੇ ਜੀਵ ਰੂਪ ਹੋਇਆ ਅਰ ਮਾਇਆ ਵੀ ਅਵਿਚਾਰ ਕਰਕੇ

ਸਿਧ ਪਰ ਆਪਣੀ ਚੰਚਲਤਾਈ ਕਰਕੇ ਜੀਵ ਕੋ ਠਗ ਲੀਆ ਹੈਸ ਜੈਸੇ ਵੇਸਵਾ ਆਪਣੀ ਚੰਚਲਤਾਈ ਕਰਕੇ ਠਗ ਲੇਤੀ ਹੈ ਅਰ ਜੈਸੇ ਰੰਗ ਕੀ ਉਪਧਿ ਫਟਕ ਸੋ ਭਾਸਤੀ ਹੈ ਤੈਸੇ ਝੂਠੀ ਉਪਾਧ ਕਰ ਮਾਇਆ ਸੁਧ ਰੂਪ ਈਸੂਰ ਮੈ ਭਾਸਤੀ ਤਾਂਤੇ ਜੀਵ ਰੂਪ ਅਧੀਰਜ ਨੂੰ ਪ੍ਰਾਪਤਿ ਭਇਆ ਹੈ ਤਾਂ ਸੁਮਤ ਫਿਰ ਕਹਤੀ ਹੈ ਕਿ ਮਾਇਆ ਤੋ ਦਰਬ ਦਗਧ ਹੋਈ ਹੈ ਅਰ ਏਸ ਈਸੂਰ ਕਾ ਰੂਪ ਕਿਉਂਕਰ ਅਧੀਨ ਕਰ ਲੀਤਾ ਹੈ ਤਬ ਬਬੇਕ ਕਹਤਾ ਹੈ ਕਿ ਇਸਤ੍ਰੀ ਜੋ ਪਿਸਾਚੀ ਹੋਤੀ ਹੈ ਸੋ ਕਦੀ ਭਰਤੇ ਕੇ ਸਾਥ ਕ੍ਰੀੜਾ ਕਰਤੀ ਹੈ ਅਰ ਕਬੀ ਈਰਖਾ ਕਰਤੀ ਹੈ ਅਰ ਕਬੀ ਸੁੰਦਰ ਬਸਤ੍ਰ ਬਣਾਇ ਦਿਖਾਵਤੀ ਹੈ ਅਰ ਕਬੀ ਕਟਾਖ ਕਰਕੇ ਦਿਖਾਵਤੀ ਹੈ ਅਤੇ ਵਸੀ ਪੁਰਖ ਜੋ ਹੋਤਾ ਹੈ ਸੋ ਉਸਕਾ ਰਿਦਾ ਬਿਦੀਰਨ ਕਰਤੀ ਹੈ ਅਰ ਸੁੰਦਰ ਜੋ ਨੈਨ ਹਨ ਉਸਕੇ ਤਾਂਤੇ ਕਿਆ ਕਿਆ ਨਹੀਂ ਕਰਤੇ ॥ ਤੈਸੇ ਦੁਰਾਚਾਰਣੀ ਜੋ ਮਾਇਆ ਹੈ ਤਿਸਨੇ ਵਿਚਾਰਿਆ ਜੋ ਮੇਰਾ ਜੋਬਨ ਤੋਂ ਦੂਰ ਹੋਇ ਗਇਆ ਹੈ ਅਰ ਈਸੂਰ ਨਿਹਸੰਗ ਹੈ ਸੋ ਤਿਸਨੇ ਈਸੂਰ ਦੇ ਸੰਗ ਕੀ ਨਿਕਟਤਾ ਕਰ ਮਨ ਰੂਪੀ ਪੁਤ੍ਰ ਉਪਜਾਇਆ ਅਰ ਜੈਸੇ ਚੁੰਮਕ ਪਥਰ ਦੀ ਸਮੀਪਤਾ ਕਰ ਲੋਹਾ ਚੇਸਟਾ ਕਰਦਾ ਹੈ ਤੈਸੇ ਮਨ ਕੋ ਭੀ ਰਚਨੇ ਕੀ ਸਕਤ ਦਈ ਜੋ ਮਨ ਕੋ ਰਚਨੇ ਕਾ ਬਲ ਹੂਆ ਤੋ ਨੌਂ ਦੁਆਰਿਆਂ ਵਾਲਾ ਸਰੀਰ ਮਨ ਨੇ ਕਲਪਿਆ ਅਰ ਕਲਪਨ ਮਾਤ੍ਰ ਸਿਧ ਹੋ ਖਲੋਤਾ ਅਰ ਤਿਸ ਵਿਖੈ ਮਨ ਨਿਵਾਸ ਕਰਕੇ ਭੋਗ ਲਗਾ ਭੋਗਣ ਅਰ ਮਾਇਆ ਕੀ ਸਕਤ ਕਰਕੇ ਇਕੋ ਆਤਮਾ ਭਿੰਨ ਭਿੰਨ ਭਾਸਣ ਲਗਾ ਜੈਸੇ ਮਣੀਆਂ ਕੀ ਉਪਾਧ ਕਰ ਏਕ ਸੂਰਜ ਅਨੇਕ ਹੋ ਭਾਸਤਾ ਹੈ ਤੈਸੇ ਏਕ ਹੀ ਆਤਮਾ ਸਭਨਾਂ ਅੰਤਾ ਕਰਣਾ ਮੈਂ ਅਨੇਕ ਹੋ ਭਾਸਤਾ ਹੈ ॥

ਜੈਸੇ ਪੁਰਖ ਕੀ ਇਸਤ੍ਰੀ ਪੁਤ੍ਰ ਕੀ ਮਾਤਾ ਹੈ ਤੈਸੇ ਮਾਇਆ ਭਗਵਾਨ ਕੀ ਅਰਧੰਗੀ ਜੀਵ ਕੀ ਮਾਤਾ ਹੋਤੀ ਹੈ ਅਰ ਸੋਈ ਮਨ ਅਹੰਕਾਰ ਹੂਆ ਹੈ ਅਰ ਅਹੰਕਾਰ ਮੈ ਜਬ ਆਤਮਾਂ ਪ੍ਰਕਾਸਿਆ ਤਬ ਜੀਵ ਭਇਆ ਅਰ ਜੀਵ ਹੋਕੇ ਜਾਣਿਆ ਜੋ ਇਹ ਮੇਰੀ ਦੇਹ ਹੈ ਅਰ ਏਹ ਮਾਤਾ ਹੈ ਅਰ ਪਿਤਾ ਹੈ ਅਰ ਏਹ ਮੇਰਾ ਖੇਤ੍ਰ ਹੈ ਏਹ ਮੇਰਾ ਧਨ ਹੈ ਅਰ ਏਹ ਕੁਲ ਹੈ ਅਰ ਏਹ ਜਾਤ ਹੈ ਅਰ ਮਿਤ੍ਰ ਹੈ ਅਰ ਸਤ੍ਰ ਹੈ ਸੋ ਬਹੁ ਪ੍ਰਕਾਰ ਦੀ ਕਲਪਨਾ ਹੋਈ ਅਰ ਅਵਿਦਯਾ ਰੂਪੀ ਨੀਂਦ ਮੈ ਅਨੇਕ ਸੁਪਨੇ ਭੋਗੇ ਸੋ ਸਤਿ ਗੁਰਾਂ ਦੇ ਮਿਲਿਆ ਬਿਨਾਂ ਸਾਂਤ ਨਹੀਂ ਆਂਵਦੀ ਤਾਂ ਸੁਮਤ ਕਹਾ ਤੂੰ ਦੀਰਘ ਕਾਲ ਦੀ ਨਿਦ੍ਰਾ ਮੈ ਸੋਇਆ ਹੂਆ ਹੈਂ ਅਰ ਅਨੇਕ ਜਨਮਾਂ ਦੇ ਤੁਝੇ ਸੰਸੇ ਹੈਂ ਸੋ ਜੇ ਤੂੰ ਉਪਨਿਖਤ ਦੇਵੀ ਵਿਚੋਂ ਪ੍ਰਬੋਦ ਉਦੇ ਚੰਦ ਪੁਤ੍ਰ ਉਪਜਾਵੇਂ ਤਬ ਤੂੰ ਸੁਖੀ ਹੋਵੇਗਾ ਸੋ ਜਬ ਸਮਤ ਕੀ ਬਾਤ ਬਬੇਕ ਨੇ ਸੁਣੀ ਤਾਂ ਉਸਨੇ ਜਾਤਾ ਜੁ ਈਰਖਾ ਕਰ ਕਹਤੀ ਹੈ ਤਾਂ

ਮੋਨ ਹੋ ਰਹਾ ਤਾਂ ਸੁਮਤ ਫੇਰ ਬੋਲੀ ਕਿ ਹੇ ਸ੍ਰੇਸਟ ਤੂੰ ਐਸੀ ਸੁਣ ਜੋ ਪਤਬ੍ਰਤਾ ਇਸਤ੍ਰੀ ਹੈ ਸੋ ਭਰਤੇ ਕੀ ਆਗਿਆ ਭਿੰਨ ਨਹੀਂ ਕਰਤੀ ਅਰ ਮੈਂ ਤੇਰਾ ਭਲਾ ਚਾਹਤੀ ਹੋਂ ਕੋਈ ਮਤਸਰ ਨਹੀਂ ਕਰਤੀ ਤਾਂ ਬਬੇਕ ਬੋਲਿਆ ਹੇ ਪਿਆਰੀ ਤੂੰ ਐਸੇ ਚਾਹਤੀ ਹੈ ਜੋ ਰਸਾਂ ਦੇ ਭੋਗ ਤਿਆਗਕਰ ਤੀਨ ਅਵਸਥਾ ਜਾਗ੍ਰਤ ਸੁਪਨ ਸਖੋਪਤ ਥੋਂ ਤੁਸਨੀ ਰਹੁ ॥ ਤਬ ਹਮਾਰਾ ਕਾਰਜ ਸਵੇਰੇ ਤੇ ਪ੍ਰਬੋਧਊਦੇ ਚੰਦ ਪੁਤ੍ਰ ਉਤਪਤਿ ਹੋਵੈ ਤੇ ਮੋਹ ਖੈ ਕੇ ਪ੍ਰਾਪਤ ਹੋਵੈ ਸੁਮਤ ਬੋਲੀ ਹੇ ਸ੍ਰੇਸਟ ਜਬ ਐਸੇ ਤੂੰ ਕਰੇਂਗਾ ਤਾਂ ਤੇਰਾ ਕੁਲ ਬ੍ਰਿਧ ਹੋਵੇਗਾ ਅਰ ਮੇਰੇ ਤਾਈ ਭੀ ਏਹ ਭਲਾ ਭਾਸਤਾ ਹੈ ਅਰ ਪ੍ਰਮਾਤਮਾ ਕੋ ਮੋਹ ਨੇ ਦਿੜ ਗ੍ਰਿੰਥ ਪਾਏ ਹਨ ਸੋ ਪਰਮਾਤਮਾ ਬੰਧਨ ਸੇ ਛੁਟੇ ਤੁਸੀਂ ਬੇਗ ਉਦਮ ਕਰੋ ਅਰ ਬਿਲਮ ਨਹੀਂ ਕਰਨੀ ਤਾਂ ਬਬੇਕ ਕਹਾ ਹੇ ਪਿਆਰੀ ਏਹ ਮੁਝੇ ਵਡਾ ਅਸਚਰਜ ਹੈ ਕਿ ਆਤਮਾ ਜਗਤ ਕਾ ਈਸਰ ਸੋ ਮਾਇਆ ਕੇ ਅਧੀਨ ਕਿਉ ਕਰ ਹੂਆ ਅਰ ਨੌਂ ਦੁਆਰਿਆ ਕੇ ਪੂਰਮੇ ਇਸਕਾ ਡਾਰਾ ਅਰ ਮੋਹ ਆਦਿਕ ਬੰਧਨ ਪਾਏ ਅਰ ਮ੍ਰਿਤ ਆਦਿਕ ਇਸਕੋ ਪਦਮੀ ਭਈ ਯਹਿ ਅਸਚਰਜ ਹੈ ਸੋ ਬਿਨਾ ਬੋਧਕੇ ਉਦੇ ਇਸਕਾ ਉਧਾਰ ਨਹੀ ਹੋਤਾ ਅਬ ਸਮ ਦਮ ਆਦਿਕੋਂ ਕੋ ਤਿਆਰ ਕਰੋ ਜੋ ਤੀਰਥਾਂ ਪਰ ਜਾਇ ਬਸੇ ਅਰ ਸਭ ਤੀਰਥ ਵਾਸੀਆਂ ਕੀ ਮਤ ਸਾਵਧਾਨ ਕਰੇ ਸੋ ਇਤਨਾ ਕਹਿਕੇ ਫੇਰ ਸਾਤ ਕੋ ਕਹਿਤ ਭਈ ਹੇ ਪਿਆਰੀ ਸਰਧਾ ਜੋ ਮੇਰੀ ਮਾਤਾ ਹੈ ਸੋ ਉਸਕੋ ਈਹਾਂ ਤੂੰ ਬੁਲਾਇ ਲਿਆਉ ਤਾਂ ਉਹ ਕਰਣਾਂ ਨਿਕਟ ਬੈਠੀ ਸੀ ਸੋ ਉਸਕੋ ਭੀ ਕਹਯਾ ਕਿ ਤੂੰ ਸਾਂਤ ਕੇ ਸਾਥ ਜਾਇ ॥ ਜੇ ਕਿਸੇ ਮੁਨੀਸਰ ਕੇ ਆਸ੍ਰਮ ਸਰਧਾ ਹੋਵੈ ਉਸਕੋ ਈਹਾ ਲੈ ਆਉ ਅਤੇ ਮੈਂ ਈਹਾਂ ਬੈਠ ਕੇ ਵਿਸਨ ਭਗਵਾਨ ਕੀ ਸੇਵਾ ਕਰਤੀ ਹੋਂ ਜੋ ਭਗਵਾਨ ਕੋ ਪ੍ਰਸੰਨ ਕਰਕੇ ਭਰਤੇ ਕੈ ਬਿਜੈਕਾ ਵਰਪਾਵੋਗੀ ਸੋ ਇਧਰ ਤਾਂ ਸੁਮਤ ਨੇ ਸਾਂਤ ਅਰ ਕੋ ਸ਼ਰਧਾ ਕੇ ਲਿਆਵਨ ਵਾਸਤੇ ਭੇਜਿਆ ਅਰ ਉਧਰ ਤੁਸੀ ਮਹਾ ਮੋਹ ਕੀ ਵਾਰਤਾ ਸੁਣੇ ਕਿ ਮਹਾ ਮੋਹ ਜੋ ਰਾਜਾ ਕਾਮਾਦਿਕ ਸੂਰਮਿਆਂ ਸਹਤ ਈਸ੍ਵਰਜ ਸੰਜੁਗਤ ਸਭਾ ਕੇ ਬੀਚ ਸੰਘਾਸਨ ਪਰ ਬੈਠਾ ਥਾ ਤਾਂ ਮਹਾਂ ਮੋਹ ਬੋਲਤ ਭਯਾ ਕਿ ਬਡਾ ਅਸਚਰਜ ਹੈ ਕਯੋਂਕਿ ਏਹ ਜੋ ਬਬੇਕ ਕੇ ਜੋਧੇ ਹੈਨ ਮਹਾਨ ਰੰਕਸੀ ਹੈ ਨਿਬੁਧੀ ਹੈ ਅਤੇ ਹੋਰ ਏਹ ਬਡਾ ਅਸਚਰਜ ਹੈ ਜੋ ਆਤਮਾ ਕੋ ਦੇਹ ਸੋ ਭਿੰਨ ਜਾਣਤੇ ਹੈਂ ਅਰ ਏਹ ਆਸਾ ਕਰਕੇ ਜਗਤ ਕਰਤੇ ਹੈਂ ਜੋ ਇਥੇ ਅਸੀ ਦੇਵਾਂਗੇ ਅਰ ਪਰਲੋਕ ਜਾ ਲਵਾਂਗੇ ਸੋ ਏਹ ਆਸਾ ਐਸੀ ਹੈ ਜੈਸੇ ਅਕਾਸ ਕੇ ਬ੍ਰਿਖਕੇ ਪੁਹਪ ਹੋਵੈ ਅਰ ਜਿਤਨੇ ਪਦਾਰਥ ਹੈਂ ਸੋ ਕਹਿੰਦੇ ਹਨ ਜੋ ਚਿਤ ਦੇ ਸੰਕਲਪ ਮਾਤ ਹਨ ਅਰ ਜੇਹੜਾ ਜਗਤ ਪ੍ਰਤਖ ਦ੍ਰਿਸ ਆਵਤਾ ਹੈ ਤਿਸਕੋ ਅਸਤ ਕਹਤੇ ਹੈਂ ਅਰ ਜੇਹੜਾ ਪ੍ਰਲੋਕ ਅਸਤ ਹੈ ਜੋ ਕਿਸੇ ਦੇਖਿਆ ਨਹੀਂ ਸੋ ਸਤ ਕਹਤੇ ਹੈਂ ਅਰ

ਆਪਣਾ ਆਸਤਕ ਮਤ ਕਹਤੇ ਹੈਂ ਅਰ ਹਮ ਜੋ ਪ੍ਰਤਖ ਕੋ ਪ੍ਰਮਾਣ ਕਰਤੇ ਹੈਂ ਤਿਸਕੋ ਨਾਸਤਕ ਕਹਤੇ ਹੈਂ ਅਰ ਏਹ ਜੋ ਚਾਰ ਵੇਦ ਕਾ ਵਾਕ ਹੈ ਸੋ ਜਗਤ ਕੇ ਠਗਣੇ ਵਾਸਤੇ ਪਰਲੋਕ ਕਹਿਆ ਸੋ ਤੁਸੀ ਸਰੀਰ ਕਟ ਦੇਖੋ ਜੋ ਆਤਮਾ ਸਰੀਰ ਤੋਂ ਕੋਈ ਭਿੰਨ ਨਿਕਲੇ ਤਾਂਤੇ ਬਡੇ ਜੋ ਮੂਡ ਬੁਧੀ ਹੈਂ ਇਨਕੀਆਂ ਬਾਤਾਂ ਪਰ ਨਿਸਚਾ ਕਰਤੇ ਹੈ ਔਰ ਅਸਚਰਜ ਕਰਤੇ ਹੈਂ ਜੋ ਕਹਤੇ ਹੈਂ ਕਿ ਜਗ ਹੋਮ ਈਹਾਂ ਭੂਮ ਪਰ ਕਰੇ ਅਰ ਫਲ ਉਸਕਾ ਸੁਰਗ ਮੈਂ ਪਾਵੇ ਅਰ ਓਹ ਤੋ ਦਰਬ ਈਹਾਂ ਭਸਮ ਹੋ ਜਾਤੇ ਹੈ ਅਰ ਸਰੀਰ ਭੀ ਈਹਾਂ ਹੀ ਭਸਮ ਹੋ ਜਾਤੇ ਹੈਂ ਸੋ ਫਲ ਉਹਾਂ ਕੌਨ ਦੇਤਾ ਹੈ ਅਰ ਸਰਾਧ ਕਰਤੇ ਹੈਂ ਜੋ ਪਿੰਡ ਤ੍ਰਿਪਤ ਹੋਤੇ ਹੈਂ ਅਰ ਖਾਵਣ ਵਾਲਾ ਭੀ ਈਹਾਂ ਭਸਮ ਹੋ ਜਾਤਾ ਹੈ ਅਰ ਪਦਾਰਥ ਭੀ ਈਹਾਂ ਭਸਮ ਹੋ ਜਾਤੇ ਹੈਂ ਤਾਂਤੇ ਸਭ ਮਿਥਿਆ ਹੈ ਅਰ ਜੇਹੜੇ ਭੋਗ ਪਰਮ ਅਰਥ ਹੈਂ ਤਿਨਕੋ ਤੀਰਥ ਵਾਸੀ ਤਿਆਗ ਕੇ ਚੰਦ੍ਰਾਇਨ ਵਰਤ ਧਾਰਤੇ ਹੈਂ ਤਾਂਤੇ ਸਾਸਤ੍ਰ ਬੜੇ ਅਨਰਥਕ ਹੈਂ ਅਰ ਆਸਾ ਕੇ ਲਡੂ ਸਿਉ ਤ੍ਰਿਪਤ ਹੋਤੇ ਹੈਂ ਸੋ ਤੁਮ ਹੀ ਵਿਚਾਰ ਕਰਕੇ ਦੇਖੋ ਕਿ ਐਸੇ ਜੋ ਅੰਮ੍ਰਿਤ ਰੂਪੀ ਭੋਗ ਹੈ ਸੋ ਉਨਕੋ ਤਿਆਗਤੇ ਹੈਂ ਅਰ ਇਸਤ੍ਰੀਆਂ ਕਾ ਅਲਿੰਗਨ ਰੂਪ ਜੋ ਸੁਖ ਹੈ ਸੋ ਅਨੰਦ ਤਿਆਗਤੇ ਹੈਂ ਅਰ ਹੋਰ ਜੋ ਉਪਵਾਸ ਆਦਿਕ ਕਸ਼ਟ ਹੈ ਸੋ ਕਰਤੇ ਹੈਂ ਅਰ ਤਪ ਜੋ ਮਹਾਂ ਕਸਟ ਹੈ ਸੋ ਕਰਤੇ ਹੈਂ ਐਸੇ ਖੇਦ ਸਹਤੇ ਹੈਂ ਤਾਂ ਸਿਖਾਂ ਨੇ ਪ੍ਰਸਨ ਕੀਤਾ ਕਿ ਹੇ ਗੁਰ ਮਹਾਮੋਹ ਤੀਰਥਵਾਸੀ ਕਹਤੇ ਹੈਂ ਕਿ ਜਗਤ ਕੇ ਜੋ ਸੁਖ ਹੈਂ ਸੋ ਦੁਖ ਸਾਥ ਮਿਲੇ ਹੂਏ ਹੈਂ ਤਾਂ ਮਹਾਂ ਮੋਹ ਬੋਲਿਆ ਰੇ ਮੂੜ ਐਸੀਆਂ ਜੋ ਸੁੰਦਰ ਇਸਤ੍ਰੀਆਂ ਹਨ ਅਰ ਐਸੇ ਜੋ ਸੁੰਦਰ ਭੋਗ ਹਨ ਸੋ ਤਿਨਕਾ ਤਿਆਗ ਮੂੜ ਕਰਤੇ ਹੈ ਕਜੋਕਿ ਤੰਦਲ ਪਰ ਜੋ ਤੁਖ ਹੋਤੇ ਹੈਂ ਸੋ ਤੁਖ ਦੇ ਵਾਸਤੇ ਤੰਦਲ ਕਾ ਤਿਆਗ ਕੀਆ ਨਹੀਂ ਚਾਹੀਤਾ ਜਾਂ ਇਤਨੇ ਚਿਰ ਤਕ ਚਾਰ ਵਾਕ ਆਇ ਨਮਸਕਾਰ ਕੀਆ ਤਾਂ ਮਹਾਮੋਹ ਨੇ ਸਨਮਾਨ ਕਰਕੇ ਆਪਣੇ ਪਾਸ ਆਸਣ ਦੀਆ ਅਰ ਕਹਾ ਤੂੰ ਤਾਂ ਮੇਰਾ ਪਿਆਰਾ ਮਹਾ ਮਿਤ੍ਰ ਹੈਂ ਅਰ ਬਹੁਤਿਆਂ ਦਿਨਾਂ ਪਿਛੇ ਮਿਲਿਆ ਹੈਂ ਤਾਂ ਚਾਰ ਵਾਕ ਨੇ ਕਹਾ ਤੁਮਾਰਾ ਜੈਕਾਰ ਹੋਵੈ ਅਰ ਬਹੁੜੋ ਕਲਜੁਗ ਆਇ ਡੰਡਉਤ ਕੀਆ ਤਾਂ ਮਹਾਂਮੋਹ ਨੇ ਕਹਾ ਕਲਜੁਗ ਤੁਝੇ ਕਲਿਆਨ ਹੈ ਤਾਂ ਕਲਜੁਗ ਕਹਾ ਤੁਸਾਡੇ ਪ੍ਰਸਾਦ ਕਰਕੇ ਅਰ ਕੁਝਕੁ ਸਤ੍ਰ ਤੁਸਾਡੇ ਪ੍ਰਸਾਦ ਕਰਕੇ ਜੀਤੇ ਹਨ ਪਰ ਸੇਖ ਯਮ ਨੇਮ ਆਦਿ ਕਉ ਕੋ ਜਬ ਜੀਤ ਆਵਾਂਗਾ ਤਦ ਆਣ ਮੁਖ ਦਿਖਲਾਵਾਂਗਾ ਤਾਂ ਮੋਹ ਪੂਛਤਾ ਹੈ ਕਿ ਹੇ ਕਲਜੁਗ ਤੁਝੇ ਜੋ ਤੀਰਥਾਂ ਪਰ ਘਲਿਆ ਸਾ ਸੋ ਤੁਧਨੇ ਕਉਣ ਕਉਣ ਕਾਰਜ ਸਵਾਰੇ ਤਾਂ ਕਲਜੁਗ ਕਹਯਾ ਕਿ ਹੇ ਰਾਜਾ ਜੋ ਤੀਰਥਾਂ ਪਰ ਧਰਮ ਅਰਥ ਕ਼ਾਮ ਮੋਖ ਥੇ ਸਭ ਮੈਂ ਗਰਤ ਕਰ ਦਿਤੇ ਹਨ ਅਰ ਲੋਭ ਤੇ

ਪਾਖੰਡ ਕਰਕੇ ਵੇਦਾਂ ਦੇ ਅਰਥ ਜੋ ਹੈਂ ਸਤਿਗੁਰਾਂ ਦੇ ਅਨੁਸਾਰ ਸੋ ਮੈਂ ਅਨਰਥ ਕਰ ਦਿਤੇ ਹੈਂ ਜੋ ਵਯਾਕਰਣ ਦੇ ਬਲਕਰ ਆਪਣੀ ਬੁਧ ਦੇ ਅਨੁਸਾਰ ਅਰਥ ਲਾਇ ਲੈਂਦੇ ਹਨ ਅਰ ਸਾਂਤ ਕਉ ਪ੍ਰਾਪਤ ਨਹੀਂ ਹੋਤੇ ਸੋ ਵਿਪਰਜੈ ਕ੍ਰਿਆ ਤੀਰਥਾਂ ਪਰ ਹੋ ਰਹੀ ਹੈ ਅਰ ਉਤਰ ਪਸਚਮ ਦੇ ਜੋ ਲੋਕ ਹੈਨ ਸੋ ਭੀ ਵਿਪਰਜੇ ਕਿਰਿਆ ਨੂੰ ਲਗੇ ਹੈਂ ਅਰ ਜੀਵਕਾ ਮਾਤ੍ਰ ਉਨਾਂ ਸਾਂਸਤ੍ਰਾਂ ਵਿਆਕਰਣ ਆਦਿਕ ਸਮਝ ਛਡੇ ਅਰ ਜੇੜੇ ਤ੍ਰਿਡੰਡੀ ਸੰਨਿਆਸੀ ਹੈਨਿ ਸੋ ਜੀਵਕਾ ਮਾਤ੍ਰ ਓਹ ਭੇਖ ਬਣਾਵਤੇ ਹਨ ਅਰ ਕੁਰਖੇਤਰ ਆਦਿਕ ਤੀਰਥਾਂ ਤੇ ਜੋ ਜਾਇ ਵਸਤੇ ਹਨ ਸੋ ਭੀ ਬਿਭਚਾਰ ਕਰਤੇ ਹੈਂ ਅਰ ਵਿਦਿਆ ਦੇ ਜੋ ਪ੍ਰਬੋਧਕ ਹੈਨ ਸੋ ਆਪ ਸਮ ਦਮ ਆਦਿਕ ਨਹੀਂ ਕਰਤੇ ਅਤੇ ਅਉਰਨੇ ਕਉ ਉਪਦੇਸ ਕਰਤੇ ਹੈਂ ਸੋ ਏਤਾ ਕਾਰਜ ਤਾਂ ਮੈਂ ਕਰ ਆਇਆਂ ਹੋਂ ਜੋ ਪੁਤ੍ਰ ਪਿਤਾ ਕੀ ਆਗਿਆ ਨਹੀਂ ਮੰਨਤਾ ਅਰ ਭਾਈ ਭਾਈ ਸਾਥ ਵੈਰ ਕਰਦੇ ਹੈਂ ਸੋ ਬਡਿਆਂ ਅਸਥਾਨਾਂ ਮੈਂ ਤੋ ਏਹ ਕਿਰਿਆ ਵਰਤਾਈ ਹੈ ਅਰ ਔਰ ਅਸਥਾਨਾਂ ਮੈ ਭੀ ਕਬ ਧਰਮ ਰਹਣੇ ਦੇਤਾ ਹੋਂ ਪਰ ਤੁਮ ਭੀ ਆਪਣਾ ਦੂਤ ਘਲੋ ਜੋ ਮੇਰੀ ਸਹਾਇਤਾ ਕਰੇ ਤਬ ਮੋਹ ਪ੍ਰਸੰਨ ਹੋ ਕਰ ਚਾਰ ਵਾਕ ਕੋ ਕਹਾ ਕਿ ਹੇ ਚਾਰਵਾਕ ਤੂੰ ਅਰ ਮੈ ਅਰ ਕਲਜੁਗ ਤੀਨੋ ਬੈਠਕੇ ਇਕੰਤ ਬੈਠਕੇ ਵਾਰਤਾ ਕਰੀਏ ਸੋ ਜਬ ਤੀਨੋਂ ਇਕਾਂਤ ਬੈਠੇ ਤਾਂ ਚਾਰਵਾਕ ਨੇ ਕਹਯਾ ਕਿ ਔਰ ਤੋ ਸਭ ਹਮ ਜੀਤਣੇ ਕੋ ਸਨਰਥ ਹੈਂ ਪਰ ਏਕ ਜੋ ਵਿਸਨ ਭਗਤ ਜੋਗਨੀ ਹੈ ਸੋ ਹਮਾਰੇ ਸੇ ਜੀਤੀ ਨਹੀਂ ਜਾਤੀ ਸੋ ਏਹ ਬਾਤ ਸੁਣ ਕੇ ਮਹਾਂ ਮੋਹ ਭਇਆਨਕ ਹੋ ਰਹਾ ਪਰ ਬਾਹਰ ਸੇ ਡਢਿਆਈ ਕਰਕੇ ਕਹਿਆ ਕਿ ਜਹਾਂ ਮੇਰੇ ਕਾਮ ਕ੍ਰੋਧ ਆਦਿਕ ਸੁਭਟ ਹੈਂ ਤਹਾਂ ਵਿਸਨ ਦੀ ਭਗਤ ਕਹਾਂ ਹੋਣੇ ਪਾਵੇਗੀ ਪਰ ਜੇ ਸ਼ੂਤ੍ਰ ਅਲਪ ਭੀ ਹੋਵੇ ਤਾਂ ਉਸਦਾ ਭੀ ਉਪਾਵ ਕੀਤਾ ਚਾਹੀਦਾ ਹੈ ਜੈਸੇ ਅਦਿਸਟ ਕਾਂਟਾ ਜੋ ਪਗ ਮੈਂ ਹੋਤਾ ਹੈ ਸੋ ਭੀ ਸਮਾ ਪਾਇਕੇ ਦੁਖ ਦੇਤਾ ਹੈ ਤਾਂਤੇ ਵਿਸਨ ਭਗਤ ਦਾ ਉਪਾਵ ਕੀਤਾ ਚਾਹੀਤਾ ਹੈ ਤਾਂ ਫਿਰ ਕੁਸੰਗ ਜੋ ਮਹਾਂ ਮੋਹ ਕਾ ਦੁਆਰਪਾਲ ਨੇ ਨਮਸਕਾਰ ਆਨ ਕੀਤੀ ਤਾਂ ਦੁਆਰਪਾਲ ਕੋ ਕਹਾ ਕਿ ਅਰ ਮਤਸਰ ਆਦਿਕ ਜੋ ਸੂਰਮੇ ਹੈ ਉਨਕੋ ਬੁਲਾਇ ਲਿਆਓ ਸੋ ਜਬ ਕਾਮ ਆਦਿਕ ਆਏ ਤਾਂ ਮਹਾਂ ਮੋਹ ਆਗਿਆ ਕੀਨੀ ਕਿ ਭਾਈ ਤੁਸੀ ਤੀਰਥਾਂ ਪਰ ਜਾਓ ਅਰ ਜਿਥੇ ਵਿਸਨ ਭਗਤੀ ਹੋਵੈ ਤਿਥੇ ਤੁਸੀਂ ਜਾਇ ਪ੍ਰਾਖੰਡ ਵਰਤਾਕ ਅਰ ਤੁਸਾਂ ਸਾਵਧਾਨ ਹੋਵਣਾ ਜੋ ਕਹੂੰ ਵਿਸਨ ਭਗਤਿ ਹੋਵਣੀ ਨਾ ਪਾਏ ਤਾਂ ਫੇਰ ਚਾਰਵਾਕ ਅਰ ਮੋਹਨੇ ਇਕੰਤ ਜਾਇ ਵਿਚਾਰ ਕੀਤਾ ਕਿ ਜੋ ਕਾਮ ਹੈ ਸੋ ਹਮਾਰੇ ਘਰ ਕਾ ਬਡਾ ਸੂਰਮਾ ਹੈ ਅਰ ਵਸਤ ਵਿਚਾਰ ਜੋ ਹੈ ਸੋ ਇਸਕਾ ਵੈਰੀ ਹੈ ਅਰ ਓਹ ਈਹਾਂ ਆਇਕੇ ਹਮਾਰੀ ਨਿੰਦਿਆ ਕਰ ਗਿਆ ਹੈ ਅਰ ਕਾਮ ਵਲ ਭੀ ਕੁਦਿਸਦ

ਦੇਖ ਗਿਆ ਹੈ ਅਰ ਬਹੁਰੋਂ ਬਬੇਕ ਪਾਸ ਗਜ਼ਾ ਹੈ ਸੋ ਅਸੀ ਭੀ ਉਨਾਂ ਦੇ ਪਿਛੇ ਮਦ ਅਰ ਮਾਨ ਅਰ ਲੋਭਾਦਿਕ ਘਲੇ ਹਨ ਪਰ ਅਬ ਤੀਕ ਉਨਾਂ ਦਾ ਬ੍ਰਿਤਾਂਤ ਨਹੀ ਆਇਆ ਤਦ ਲਗ ਜੁਲਮਨਾਮਾ ਦੂਤ ਮਾਨ ਅਰ ਮਦ ਸੇ ਆਇਆ ਅਰ ਮਾਨ ਤੇ ਮਦ ਦੀ ਪਤ੍ਰੀ ਆਨ ਪਹੁੰਚਾਈ ਤਾਂ ਮਹਾ ਮੋਹ ਨੇ ਪਤ੍ਰਕਾ ਵਾਚੀ ਅਰ ਮਹਾ ਮੋਹ ਨੂੰ ਲਿਖਿਆ ਸੀ ਜੋ ਰਾਜਾ ਤੇਰਾ ਕਲਿਆਨ ਹੋਵੈ ਅਰ ਸਾਂਤ ਤੇ ਸਰਧਾ ਚਾਹਤੀ ਹੈ ਕਿ ਹਮ ਉਪਨਿਖਦ ਦੇਵੀ ਕਉਂ ਬਿਬੇਕ ਸਾਥ ਮਿਲਾਈਏ ਜੋ ਤਿਸਤੇ ਪ੍ਰਬੋਧਚੰਦ ਸੁਤਉਂਦੇ ਹੋਵੈ ਅਰ ਔਰ ਭੀ ਬਾਤ ਮਾਨ ਅਰ ਮਦ ਨੇ ਲਿਖੀ ਕਿ ਧਰਮ ਦੀ ਜੋ ਸਹਿਚਰੀ ਕਾਮਨਾ ਹੈ ਸੋ ਭੀ ਵੈਰਾਗ ਕਰ ਤਪਤ ਹੈ ਅਰ ਓਹ ਭੀ ਧਰਮ ਕਉ ਲਿਆਇਆ ਚਾਹਤੀ ਹੈ ਤਬ ਮਹਾ ਮੋਹ ਨੇ ਪੜਕਰ ਐਸੇ ਕਹਾ ਕਿ ਜੋ ਮੇਰੇ ਕਾਮ ਕ੍ਰੋਧਾਦਿਕ ਸੂਰਮੇਂ ਹੈ ਸੋ ਸਾਂਤ ਕੋ ਕਹਾਂ ਆਵਣੇ ਦੇਤੇ ਹੈਂ ਅਰ ਜੇਹੜੇ ਬ੍ਰਹਮਾਦਿਕ ਬਡੇ ਬਡੇ ਹੂਏ ਹੈਂ ਤਿਨ ਕਉ ਭੀ ਕਾਮਾਦਿਕਹੁ ਨੇ ਭਰਮਾਇ ਦੀਆ ਹੈ ਜੋ ਆਪਣੀ ਬੇਟੀ ਕੇ ਪਿਛੇ ਬ੍ਰਹਮੇ ਚਾਰ ਸੀਸ ਧਾਰੇ ਅਰ ਮਹਾਦੇਉ ਪਾਰਬਤੀ ਕਉਂ ਅੰਗ ਮੈਂ ਧਾਰਕਰ ਕੈਲਾਸ ਪਰਬਤ ਪਰ ਜਾਇਕੇ ਬੈਠ ਰਹਯਾ ਹੈ ਅਰ ਵਿਸਨ ਜੋ ਹੈ ਆਪਣੀ ਲਖਮੀ ਕੋ ਧਾਰ ਰਹਾ ਹੈ ਸੋ ਜਬ ਐਸੇ ਈਸ੍ਵਰੋਂ ਕਉਂ ਕਾਮ ਨੇ ਨਹੀਂ ਸਾਂਤ ਆਵਣੇ ਦਿਤੀ ਤੋ ਅਉਰੋਂ ਕਉ ਕਿਆ ਅਸਚਰਜ ਹੈ ਤਾਂ ਫਿਰ ਜਾਲਮ ਦੂਤ ਕਉ ਕਾਮ ਪਾਸ ਭੇਜਿਆ ਜੋ ਤੁਸੀਂ ਧਰਮ ਕੀ ਕਾਮਨਾ ਕੋ ਨਿਰਾਰਥ ਕਰੋ ਅਰ ਦੁਇ ਘਟਕਾ ਭੀ ਤੁਸੀਂ ਉਸਕਾ ਵਿਸਾਹੁ ਨਾ ਕਰੋ ਅਰ ਉਸ ਕੋ ਬੰਧਨ ਡਾਰਕੇ ਤੁਸੀਂ ਆਪਣੇ ਅਨੁਸਾਰ ਕਰ ਲਵੋ ਤਬ ਦੂਤ ਨੇ ਜਾਇਕੇ ਕਾਮ ਕਉ ਕਹਾ ਜੇ ਤੁਮ ਮਦ ਅਰ ਮਾਨ ਪਾਸ ਜਾਵੋ ਜੋ ਧਰਮ ਕੀ ਕਾਮਨਾ ਤੀਰਥਾਂ ਪਰ ਹੋਣੀ ਨਾ ਪਾਵੇ ਤਾਂ ਫੇਰ ਮੋਹ ਨੇ ਵਿਚਾਰਿਆ ਜੋ ਸਾਂਤ ਕੇ ਹਤਣ ਵਾਸਤੇ ਕ੍ਰੋਧ ਕੋ ਪਠਾਈਏ ਕਜੋਂ ਜੋ ਕ੍ਰੋਧ ਅਰ ਲੋਭ ਮੇਰੇ ਬਡੇ ਬੀਰ ਹੈਂ ਸੋ ਏਹ ਕਜੋ ਕਰ ਸਾਂਤ ਕਉ ਹੋਣੇ ਦੇਤੇ ਹੈਂ ਤਾਂ ਫਿਰ ਦੁਆਰਪਾਲ ਕ੍ਰੋਧ ਕੋ ਬੁਲਾਇ ਲਿਆਇਆ ਅਰ ਲੋਭ ਕੋ ਭੀ ਲਿਆਇਆ ਸੋ ਲੋਭ ਅਰ ਕ੍ਰੋਧ ਦੋਨੋਂ ਕੋ ਮਹਾ ਮੋਹ ਨੇ ਕਹਾ ਜੋ ਤੁਸੀਂ ਸਰਧਾ ਅਰ ਸਾਂਤ ਸੋਂ ਬਿਸਨ ਭਗਤ ਸਮੇਤ ਕੋ ਹਥਖਲਾ ਕਰੋ ਤਬ ਕ੍ਰੋਧ ਬੋਲਿਆ ਹੇ ਮਹਾਰਾਜ ਮੇਰੇ ਜੀਵਤੇ ਤੁਸੀਂ ਵਿਸ੍ਵਾਸ ਨਾ ਕਰੋ ਕਯੋਂਕਿ ਜੇ ਮੈਂ ਚਾਹੋ ਤਉ ਤਿਰਲੋਕੀ ਮੈਂ ਅੰਧਕਾਰ ਅਧਰਮ ਕਰ ਦੇਵੋ ਧੀਰਜਵਾਨਹੁ ਕਉਂ ਅਧੀਰਜ ਕਰ ਦੇਵਉ ਅਰ ਗ੍ਰੰਥਾਂ ਕੇ ਮਤ ਫੇਰ ਦੇਵਾਂ ਜੋ ਗ੍ਰੰਥ ਪੜਨ ਅਰ ਕ੍ਰੋਧ ਵਧਦਾ ਜਾਏ ਤਬ ਕ੍ਰੋਧ ਨੇ ਹਿੰਸਾ ਬੁਲਾਈ ਅਰ ਆਪਣੇ ਸੰਗ ਸਾਥ ਲਗਾਈ ਤਬ ਵਿਸਲਾਖੀ ਜੋ ਹਿੰਸ਼ਾ ਹੈ ਸੋ ਗਲ ਕੇ ਸਾਥ ਲਗਾਈ ਸੋ ਜਬ ਇਸਤ੍ਰੀ ਆਪਣੇ ਆਪਣੇ

ਅੰਗ ਸਾਥ ਲਗਤੀ ਹੈ ਤਬ ਮਾਤਾ ਕੋ ਅਰ ਪਿਤਾ ਕੋ ਅਰ ਬਾਂਧਵਹੁ ਕੋ ਸਤ੍ਰ ਕਰ ਜਾਣਤਾ ਹੈ ਅਰ ਜਬ ਕ੍ਰੋਧ ਆਵਤਾ ਹੈ ਤਬ ਕੁਝ ਸਮਾਲ ਨਹੀਂ ਰਹਤੀ ਜੈਸੇ ਇੰਦ੍ਰ ਜੋ ਦੇਵਤਿਆਂ ਕਾ ਰਾਜਾ ਹੈ ਤਿਸਨੇ ਕ੍ਰੋਧ ਕਰਕੇ ਬ੍ਰਾਹਮਣ ਜਗ ਕਰਾਵਤੇ ਕਉ ਮਾਰਿਆ ਅਰ ਸ਼ਿਵ ਜੋ ਬਡਾ ਤਪਸੀ ਹੈ ਤਿਸ ਨੇ ਪ੍ਰਜਾਪਤ ਕਾ ਸਿਰ ਕਟਿਆ ਅਰ ਵਿਸ੍ਵਾਮਿਤ੍ਰ ਜੋ ਤਪਸੀ ਹੈ ਤਿਸਨੇ ਵਸਿਸਟ ਕੇ ਪੁਤ੍ਰ ਮਾਰੇ ਸੋ ਤਬ ਕ੍ਰੋਧ ਕਹਯਾ ਕਿ ਮੈਂ ਕਿਸ ਕਿਸ ਕੋ ਨਹੀਂ ਭ੍ਰਮਾਇਆ ॥ ਪੁਨਾ ਲੋਭ ਬੋਲਿਆ ਜੋ ਬਡੇ ਬਡੇ ਤ੍ਰਿਲੋਕੀ ਕੇ ਰਾਜਿਆਂ ਕੋ ਭੀ ਸਾਂਤ ਨਹੀਂ ਕਰਨੇ ਦਈ ਅਰ ਜੇ ਪਦਾਰਥ ਪ੍ਰਾਪਤ ਹੋਤੇ ਹੈ ਤਾਂ ਔਰੋਂ ਕੀ ਹੀ ਕਾਮਨਾ ਕਰਤੇ ਹਨ ਸੋ ਸਾਰੇ ਬ੍ਰਹਮੰਡਹੁ ਕੇ ਰਾਜ ਭੀ ਭੋਗ ਕੇ ਤ੍ਰਿਪਤਿ ਨਹੀਂ ਹੋਤੇ ਅਰ ਫੇਰ ਲੋਭ ਨੇ ਤ੍ਰਿਸਨਾਂ ਕੋ ਬੁਲਾਇਕੇ ਅੰਗ ਸਾਥ ਲਗਾਇਆ ਤਾਂ ਤ੍ਰਿਸਨਾ ਕਹਾ ਕਿ ਕਈ ਬ੍ਰਹਮੰਡ ਮੈਂ ਖਾਏ ਹੈਂ ਅਰ ਤ੍ਰਿਪਤ ਨਹੀਂ ਭਈ ਸੋ ਮੈਂ ਸਾਂਤ ਕੋ ਕਬ ਆਵਣੇ ਦੇਤੀ ਹੋਂ ਤਬ ਮਹਾ ਮੋਹ ਪ੍ਰਸੰਨ ਹੂਆ ਅਰ ਤਬ ਮਹਾਂ ਮੋਹ ਨੇ ਕਹਿਆ ਕਿ ਤੁਸੀਂ ਬਿਜੈ ਕੋ ਜਾਵੋ ਅਰ ਏਕ ਗੁਪਤ ਮੰਤ੍ਰ ਔਰ ਭੀ ਹੈ ਕਿ ਸਰਧਾ ਜੋ ਸ਼ਾਂਤ ਕੀ ਮਾਤਾ ਹੈ ਸੋ ਤੁਸੀਂ ਉਸ ਕੋ ਵਸ ਕਰੋ ਅਰ ਜਬ ਸਰਧਾ ਤੁਸਾਡੇ ਵਸ ਹੋਵੈਗੀ ॥ ਅਰ ਫਿਰ ਮਹਾਂ ਮੋਹ ਨੇ ਵਿਚਾਰ ਕਰਕੇ ਮਿਥਿਆ ਦ੍ਰਿਸਟ ਵੇਸਵਾ ਕਉਂ ਬੁਲਾਵਣੇ ਵਾਸਤੇ ਬਿਭਰਮਵਤੀ ਕੋ ਪਠਾਇਆ ਕਿ ਰਾਜਾ ਮੋਹ ਤੁਝੇ ਬੁਲਾਵਤੇ ਹੈਂ ਸੋ ਮਿਥਿਆ ਕਹਾ ਕਿ ਮੈਂ ਬਹੁਤਿਆਂ ਦਿਨਾਂ ਕੀ ਰਾਜੇ ਕਉ ਨਹੀਂ ਮਿਲੀ ਅਰ ਰਾਜਾ ਮੁਝ ਪਰ ਕ੍ਰੋਧ ਕਰੇਗਾ ਤਾਂ ਬਿਭਰਮਵਤੀ ਕਹਿਆ ਕਿ ਤੇਰੇ ਦਰਸਨ ਕਰ ਹੀ ਰਾਜਾ ਵਸ ਹੋ ਜਾਵੇਗਾ ਅਰ ਬਹੁੜੋ ਬਿਭਰਮਵਤੀ ਕਹਿਆ ਕਿ ਤੇਰੇ ਨੇਤ੍ਰਾਂ ਮੈਂ ਨੀਂਦ ਦ੍ਰਿਸਟ ਆਵਤੀ ਹੈ ਤਬ ਮਿਥਿਆ ਕਹਿਆ ਕਿ ਮੇਰੇ ਬਹੁਤੇ ਭਰਤੇ ਹੈਂ ਸੋ ਸਉਣੇ ਨਹੀਂ ਦੇਤੇ ਤੋ ਬਿਭਰਮਵਤੀ ਕਹਯਾ ਕਿ ਤੇਰੇ ਕੌਨ ਕੌਨ ਭਰਤੇ ਹੈਂ ਸੋ ਕਹੁ ਤਬ ਮਿਥਿਆ ਕਹਾ ਮਹਾਂ ਮੋਹ ਕਾਮ ਕ੍ਰੋਧ ਅਹੰਕਾਰ ਲੋਭ ਇਤਯਾਦੀ ਦੇਵਤੇ ਮਨੁਖ ਆਦਿਕ ਜੋ ਮਹਾਂ ਮੋਹ ਕੀ ਕੁਲ ਮੈਂ ਉਪਜਿਆ ਹੈ ਸੋ ਮੇਰੇ ਬਿਨਾਂ ਇਕ ਖਿਨ ਭੀ ਨਹੀਂ ਰਹਤਾ ਤਾਂ ਬਿਭਰਮਵਤੀ ਕਹਾ ਕਿ ਕਾਮ ਦੀ ਭਾਰਜਾ ਤੋ ਰਤਿ ਹੈ ਅਰ ਕ੍ਰੋਧ ਦੀ ਹਿੰਸਾ ਹੈ ਲੋਭ ਦੀ ਤ੍ਰਿਸਨਾ ਹੈ ਅਰ ਅਹੰਕਾਰ ਕੀ ਹਉਮੈ ਹੈ ਸੋ ਤੂੰ ਜੋ ਉਨਕੇ ਭਰਤਿਓਂ ਸਾਥ ਰਮਤੀ ਹੈਂ ਤੇਰੇ ਸਾਥ ਓਹ ਈਰਖਾ ਕਯੋਂ ਨਹੀਂ ਕਰਤੀਆਂ ਤਾਂ ਮਿਥਿਆ ਕਹਾ ਉਨਕੀਆਂ ਇਸਤ੍ਰੀਆਂ ਤੋ ਮੇਰੇ ਬਿਨਾਂ ਇਕ ਖਿਨ ਭੀ ਨਹੀਂ ਰਹਤੀਆਂ ਸੋ ਉਹ ਈਰਖਾ ਕੈਸੇ ਕਰੇਂ ਤਾਂ ਬਿਭਮਾ ਕਹਾ ਧੰਨ ਤੂੰ ਹੈਂ ਕਯੋਂਕਿ ਜਿਸਕਾ ਆਦਰ ਸੌਕਣਾਂ ਭੀ ਕਰਤੀਆਂ ਹੈਨ ਤਾਂਤੇ ਆਉਰ ਕੌਣ ਤੇਰਾ ਆਦਰ ਨਾ ਕਰੇ ਅਰ

ਤੂੰ ਜੋ ਨਿੰਦ੍ਯਾ ਕਰਕੇ ਬਿਆਕੁਲ ਭਾਸਤੀ ਹੈਂ ਸੋ ਏਹ ਭੀ ਤੇਰਾ ਸੁਭਾਓ ਸੁੰਦਰ ਭਾਸਤਾ ਹੈ ਤੇਰੇ ਚਰਨੋਂ ਕੇ ਭੂਖਣੋਂ ਕਾ ਜੋ ਸਬਦ ਹੋਤਾ ਹੈ ਸੋ ਸਭ ਕੋ ਪਿਆਰਾ ਲਗਤਾ ਹੈ ਤਾਂਤੇ ਚਲ ਰਾਜਾ ਮੋਹ ਤੁਝੇ ਬੁਲਾਵਤਾ ਹੈ ਸੋ ਅਬ ਚਲ ਉਸ ਕੋ ਮਿਲ ਤਬ ਮਿਥਿਆ ਦ੍ਰਿਸਟ ਆਨ ਰਾਜੇ ਕੋ ਨਮਸਕਾਰ ਕਰੀ ਅਰ ਹਾਉ ਭਾਉ ਕਰਕੇ ਰਾਜੇ ਕੋ ਪ੍ਰਸੰਨ ਕੀਆ ਅਰ ਨਖ ਸਿਖ ਲਗ ਸੁੰਦਰ ਹੋਕੇ ਰਾਜੇ ਕੋ ਮਿਲੀ ਜੈਸੇ ਹਿਮਾਲੇ ਕੀ ਪੁਤ੍ਰੀ ਹਿਮਾਲੇ ਕਉ ਪ੍ਰਾਪਤ ਹੋਤੀ ਹੈ ਤੈਸੇ ਮਹਾਂ ਮੋਹ ਕੀ ਛਾਤੀ ਸਾਥ ਲਗਕੇ ਪ੍ਰਸੰਨ ਭਈ ਤਾਂ ਮਹਾ ਮੋਹ ਕਹਾ ਕਿ ਤੇਰੇ ਮਿਲਣੇ ਕਰ ਮੈ ਨੌ ਜੋਬਨ ਭਇਆ ਹੋ ਤਾਂ ਮਿਥਿਆ ਭੀ ਕਹਾ ਕਿ ਤੇਰੇ ਮਿਲਣੇ ਕਰ ਮੈ ਨੌ ਜੋਬਨ ਭਈ ਹੋ ਤਾਂ ਫਿਰ ਮਿਥਿਆ ਕਹਾ ਕਿ ਜੋ ਕੁਛ ਮੁਝੇ ਆਗਿਆ ਕਰੇ ਸੋ ਮੈ ਕਰਾਂ ਤਾਂ ਮਹਾਮੋਹ ਨੇ ਕਹਾ ਕਿ ਜੋ ਕੁਛ ਮੇਰੇ ਚਿਤ ਮੈਂ ਵਰਤੀ ਹੈ ਸੋ ਤੇਰੇ ਮੈਂ ਭੀ ਭਾਸਤੀ ਹੈ ਅਰ ਸਰਧਾ ਕੀ ਪੁਤ੍ਰੀ ਸਾਂਤ ਹੈ ਸੋ ਉਪਨਿਖਦ ਦੇਵੀ ਪਾਸ ਬਬੇਕ ਮਿਲਣੇ ਮਿਲਾਵਣ ਗਈ ਹੈ ਅਰ ਸਰਧਾ ਹਮਾਰੀ ਬੈਰਨ ਹੈ ਸੋ ਤੂੰ ਸਰਧਾ ਕੋ ਅਰ ਸਾਂਤ ਕੋ ਪਕੜ ਕਰ ਪਖੰਡੀਆਂ ਕੋ ਮਿਲਾਇ ਦੇਹ ਜੋ ਵੇਦ ਕੀ ਬਾਣੀ ਉਨ ਕੋ ਮਿਥਿਆ ਭਾਸੇ ਅਰ ਪਖੰਡ ਮੈਂ ਸਰਧਾ ਧਾਰੇ ॥ ਤਾਂ ਮਿਥਿਆ ਕਹਾ ਏਹ ਕੇਤੀਕ ਬਾਤ ਹੈ ਸਰਧਾ ਕੋ ਮੈਂ ਆਗੇ ਹੀ ਬਾਧਕਰ ਤੀਰਥਾਂ ਤੋਂ ਅਰ ਸੁਭ ਮਾਰਗਾਂ ਵਲੋਂ ਅੰਧੀ ਕਰ ਛੋਡੀ ਹੈ ਅਰ ਮਾਨ ਅਤੇ ਭੋਗਾਂ ਵਲ ਲਾਇ ਦਈ ਹੈ ਅਰ ਧਰਮ ਸਭ ਮਿਥਿਆ ਕਰ ਦੀਏ ਹੈਂ ਅਰ ਮਾਰਗ ਮੋਖਕਾ ਭੀ ਮਿਥਿਆ ਜਣਾਇਆ ਹੈ ਅਰ ਵੇਦ ਅਰ ਸਾਸਤ੍ਰੋਂ ਕਾ ਮਾਰਗ ਮਿਥਿਆ ਜਣਾਇਆ ਹੈ ਸੁਅਰਗ ਕਾ ਫਲ ਭੀ ਮਿਥਿਆ ਵਿਖੇ ਭੋਗਾਂ ਮੈਂ ਡਾਲਦੀਆ ਹੈ ਸੋ ਜਬ ਬਬੇਕ ਵਿਖੇ ਭੋਗਾਂ ਸੋ ਪਿਆਰ ਕਰੇਗਾ ਤਾਂ ਉਪਨਿਖਦ ਕੋ ਭੁਲਾ ਦੇਵੈਗਾ ਅਰ ਤੁਮਾਰਾ ਕਾਰਜ ਸਿਧ ਹੋ ਜਾਵੇਗਾ ਤਾਂ ਮੋਹ ਕਹਾ ਹੇ ਪਿਆਰੀ ਜੋ ਤੁਮ ਐਸਾ ਕਾਮ ਕੀਆ ਹੈ ਤਾਂ ਤੂੰ ਮੇਰੇ ਪਾਸ ਹੀ ਰਹੋ ਅਰ ਹਮ ਭੀ ਭੋਗ ਅਨੰਦ ਕਰੀਐ ॥ ਸੋ ਮੋਹ ਬਬੇਕ ਕਾ ਏਹ ਦੂਜਾ ਅੰਕ ਕਹਾ ॥ ੨ ॥ ਕਾਮ ਜੋ ਆਪਨੇ ਘਰਿ ਗਇਆ ਸਾ ਤਾਂ ਤਿਸਨੂੰ ਰਤਿ ਪੂਛਿਆ ਕਿ ਹੇ ਭਰਤਾ ਤੇਰੇ ਮਨ ਮੈਂ ਕਿਆ ਸੰਸਾ ਹੈ ਤਾਂ ਕਾਮ ਨੇ ਕਹਾ ਕਿ ਵਸਤ ਵਿਚਾਰ ਨੇ ਮੇਰੇ ਆਗੇ ਗਰਬ ਕੀਆ ਹੈ ਜੋ ਬਬੇਕ ਕੀ ਹਮ ਜੈ ਕਰਾਵਤੇ ਹੈਂ ਅਰ ਤਿਸਕੇ ਗਰਬ ਕੇ ਨਿਵਾਰਨ ਵਾਸਤੇ ਮੋਹ ਨੇ ਸੈਨਾਪਤੀ ਭੇਜੇ ਹਨ ਅਰ ਮੈਂ ਭੀ ਉਨਕਾ ਬੜਾ ਸੂਰਮਾ ਹੋ ਸੋ ਤੂੰ ਮੇਰੇ ਗਲ ਸਾਥ ਮਿਲ ਜੋ ਹਮ ਭੀ ਭੋਗ ਦਿਖਾਇ ਤੇ ਤਪਸੀਆਂ ਕੋ ਮੋਹੀਏ ਤਾਂ ਰਤਿ ਕਾਮ ਕੇ ਗਲ ਲਗਤੀ ਭਈ ਸੋ ਕੋਮਲ ਅੰਗ ਕਾਮ ਕੇ ਭੀ ਅਰ ਰਤ ਕੇ ਭੀ ਅਰ ਲੋਕਾਂ ਕੇ ਰਿਦੇ ਕੋ ਉਦਮਾਦ ਦੇਣੇ ਲਗੇ ਤਾਂ ਕਾਮ ਕਹਾ ਕਿ ਹੇ ਰਤਿ ਹਮ ਤਿਨਕੇ

ਮਦ ਅਰ ਮਹਾਮੂੜ ਜਾਣਤੇ ਹੈਂ ਜੋ ਹਮਾਰੇ ਜੀਵਦਿਆਂ ਬਬੇਕ ਕੀ ਜੈ ਕਹਦੇ ਹਨ ਅਰ ਜਬ ਸੁੰਦਰ ਨੈਨਾ ਕੋ ਦੇਖੇਂਗੇ ਤਾਂ ਬਬੇਕ ਕਹਾਂ ਠਹਰੇਗਾ ਅਰ ਜਹਾਂ ਸੁੰਦਰ ਮੰਦਰ ਅਰ ਸੁੰਦਰ ਸੁਗੰਧਤਾ ਅਰ ਸੁੰਦਰਲਤਾ ਅਰ ਸੁੰਦਰ ਪੁਹਪ ਅਰ ਸੁੰਦਰ ਇਸਤ੍ਰੀਆਂ ਇਤ ਆਦਿਕ ਅਉਰ ਭੀ ਹੋਵੈਂਗੇ ਤਉ ਬਬੇਕ ਕਹਾਂ ਠਹਿਰੇਗਾ ਸੋ ਹੇ ਸੁੰਦਰ ਹਮਾਰਾ ਜੋ ਸੂਤ੍ਰ ਬਬੇਕ ਹੈ ਸੋ ਹਮਸੇ ਪੜਾ ਕਾਂਪਤਾ ਹੈ ਅਰ ਤੂੰ ਇਸਤ੍ਰੀ ਭਾਵ ਕਰਕੇ ਵੈਰੀ ਸੋ ਡਰਤੀ ਹੈ ਸੋ ਹੇ ਪਿਆਰੀ ਏਹ ਮੇਰੀ ਅਮੋਘ ਆਇਧ ਹੈ ਅਰ ਧਨੁਖ ਪੁਸਖੋਂ ਕਾ ਹੈ ਅਰ ਚਿਲਾ ਭਉਰੋਂ ਕਾ ਹੈ ਅਰ ਪੰਚ ਬਾਨ ਹੈਂ ਸੋ ਤਿਨਸੋ ਮੈ ਸਭ ਹੀ ਦੇਵ ਦਾਨੋ ਆਦਿਕ ਵਸਿ ਕੀਏ ਹੈਂ ਜੋ ਦੇਖ ਸੁਰਪਤ ਅਹਿਲਿਆ ਪਾਸ ਗਿਆ ਅਰ ਬ੍ਰਹਮਾਂ ਆਪਣੀ ਕੰਨਯਾਂ ਸੋ ਪ੍ਰੀਤ ਕਰਤਾ ਭਇਆ ਅਰ ਚੰਦ੍ਰਮਾ ਗੁਰ ਕੀ ਪਤਨੀ ਸੋ ਅਤੇ ਔਰ ਭੀ ਅਨੇਕ ਮੈਨੇ ਕੁਮਾਰਗ ਮੋਂ ਪਾਏ ਤਾਂ ਰਤਿ ਕਹਾ ਹੇ ਸ੍ਰੇਸਟ ਕੇ ਪੁਤ੍ਰ ਜੋ ਤੂੰ ਕਹਤਾ ਹੈਂ ਸੋ ਸਤ ਕਹਤਾ ਹੈਂ ਅਰ ਬਬੇਕ ਭੀ ਜਮ ਨੇਮ ਆਦਿਕ ਸਹਾਇਕ ਨਾਲ ਲਿਆਇਆ ਹੈ ਸੋ ਜੇ ਵੈਰੀ ਛੋਟਾ ਭੀ ਹੋਵੈ ਤੌ ਭੀ ਭੈਅ ਕਰੀਏ ਤਾਂ ਕਾਮ ਕਹਯਾ ਕਿ ਤੂੰ ਬੀਚਾਰ ਕਰ ਜੋ ਦਇਆ ਕ੍ਰੋਧ ਆਗੇ ਨਹੀਂ ਠਹਰਤੀ ਅਰ ਬ੍ਰਹਮਚਰਜ ਆਦਿਕ ਮੇਰੇ ਨਿਕਟ ਨਹੀਂ ਠਹਰਤੇ ਅਰ ਲੋਭ ਕੇ ਆਗੇ ਸਤ ਨਹੀਂ ਠਹਰਤਾ ਅਰ ਵਿਕਾਰ ਚਿਤ ਕਰਕੇ ਜੋਗ ਕੇ ਅੰਗ ਨਹੀਂ ਠਹਿਰਤੇ ਸੋ ਇਸਤੇ ਆਦਿ ਲੈਕਰ ਹਮਾਰਿਆਂ ਸੂਰਮਿਆਂ ਅਗੇ ਓਹ ਠਹਰਤੇ ਨਹੀਂ ਅਰ ਇਸਤ੍ਰੀਆਂ ਕੇ ਬਿਲਾਸ ਅਗੇ ਕਬ ਜੋਗ ਠਹਰਤਾ ਹੈ ਸੋ ਹੇ ਪਿਆਰੀ ਹਮਾਰਾ ਜੋ ਸੁਆਮੀ ਮਹਾ ਮੋਹ ਹੈ ਤਿਨਕੇ ਪਿਆਰੇ ਮਦ ਅਰ ਮਾਨ ਅਰ ਮਤਸਰ ਅਰ ਦੰਭ ਅਰ ਲੋਭ ਆਦਿਕ ਇਕਤ੍ਰ ਹੋਕੇ ਮੋਹ ਕਾ ਜੋ ਮੰਤ੍ਰੀ ਅਧਰਮ ਹੈ ਸੋ ਸਭਨਾਂ ਸਹਾਇਕਾਂ ਕੋ ਨਾਲ ਲੈਕੇ ਬਬੇਕ ਕੇ ਨਾਇਕਾਂ ਕੋ ਜੀਤ ਲੇਵੈਗਾ ਤਾਂ ਰਤਿ ਬੋਲੀ ਹੇ ਸ਼੍ਰੇਸ਼ਟ ਕੇ ਪੁਤ੍ਰ ਮੋਹ ਅਰ ਬਬੇਕ ਏਕ ਹੀ ਪਿਤਾ ਸੋ ਉਤਪਤ ਹੂਏ ਹੈਂ ਸੋ ਇਨੋਂ ਕਾ ਵਿਰੁਧ ਕੈਸੇ ਹੂਆ ਤਾਂ ਕਾਮ ਕਹਯਾ ਕਿ ਹੇ ਪਿਆਰੀ ਹਮਾਰਾ ਸਭਨਾਂ ਕਾ ਪਿਤਾ ਏਕ ਹੀ ਹੈ ਜੋ ਪੀਛੇ ਕਥਾ ਕਹੀ ਹੈ ਕਿ ਮਹਾਰਾਜ ਕੀ ਮਾਇਆ ਸੋ ਮਨ ਭਯਾ ਅਰ ਮਨ ਕੀਆਂ ਦੋਇ ਇਸਤ੍ਰੀਆਂ ਹੈਂ ਸੋ ਮੋਹ ਅਰ ਬਬੇਕ ਦੋ ਪੁਤ੍ਰ ਹੂਏ ਅਰ ਤਿਨਕਾ ਆਪਸ ਮੇ ਵਿਰੋਧ ਭਯਾ ਤਾਂ ਰਤਿ ਨੇ ਕਹਾ ਕਿ ਏਕ ਮਿਖ ਸੇ ਉਪਜੇ ਹੂਏ ਭਾਈਯੋਂ ਨੇ ਕਯੋਂ ਆਪਸ ਮੇ ਵਿਰੋਧ ਕੀਆ ਤਾਂ ਕਾਮ ਕਹਯਾ ਕਿ ਧਨ ਅਰ ਭੂਮ ਐਸਾ ਹੈ ਜੋ ਕੈਰੋਂ ਅਰ ਪਾਂਡੋ ਏਕ ਮਿਖ ਸੇ ਉਪਜੇ ਥੇ ਉਨਕਾ ਭੀ ਜੁਧ ਹੂਆ ਅਰ ਤੈਸੇ ਮੋਹ ਨੇ ਸਾਰੀ ਭੂਮ ਮਲ ਲੀਤੀ ਹੈ ਸੋ ਇਸ ਕਰ ਬਬੇਕ ਅਰ ਮੋਹ ਕਾ ਵਿਰੋਧ ਹੂਆ ਸੁਰਤਿ ਨੇ ਕਹਯਾ ਹੈ ॥ ਅਸੰਗੋਯੰਪੁਰਖਹ ॥ ਕੈਸੀ ਹੈ ਮਾਇਆ ਪੁਰਖ

ਕੋ ਸਪਰਸ ਨਹੀਂ ਕਰਤੀ ਅਰ ਪੁਰਖ ਕੀ ਸਤਿਆ ਕਰ ਚੇਸਟਾ ਕਰਤੀ ਹੈ ਜੈਸੇ ਚੁੰਬਕ ਕੇ ਦੇਖਣੇ ਕਰ ਲੋਹਾ ਚੇਸਟਾ ਕਰਤਾ ਹੈ ਤੈਸੇ ਇਸ ਮਾਇਆ ਨੇ ਭੀ ਪੁਰਖ ਕੀ ਸਤਯਾ ਕਰ ਮਨ ਰੂਪੀ ਪੁਤ੍ਰ ਉਤਪਤਿ ਕੀਆ ਹੈ ਅਰ ਉਸ ਮਨ ਸੇ ਵਿਦ੍ਯਾ ਰੂਪੀ ਕੰਨਯਾ ਉਤਪਤਿ ਹੋਈ ਹੈ ਸੋ ਕੰਨਿਆ ਤਾਤ ਅਰ ਮਾਤ ਸਾਰੀ ਕੁਲ ਕੇ ਨਾਸ ਕਰਨੇ ਵਾਲੀ ਹੋਵੇਗੀ ਤਉ ਰਤਿ ਤ੍ਰਾਹ ਤ੍ਰਾਹ ਕਰ ਕੰਪਮਾਨ ਭਈ ਅਰ ਭਰਤੇ ਸਿਉ ਅਲਿੰਗਨ ਕੀਆ ਤਾਂ ਭੁਜਾ ਕੀਆਂ ਕਿੰਕਣੀਆਂ ਚਲਾਇਮਾਨ ਭਈਆਂ ਤਬ ਕਾਮ ਕਹ੍ਯਾ ਹੇ ਪਿਆਰੀ ਤੂੰ ਭੈ ਨਾ ਕਰ ਕ੍ਯੋਂਕਿ ਹਨ ਜੀਵਤੇ ਵਿਦ੍ਯਾ ਕੋ ਉਪਜਣੇ ਦੇਤੇ ਹੈ ਅਰ ਲੋਕ ਕਹਤੇ ਹੈਂ ਜੋ ਉਪਨਿਖਦ ਦੇਵੀ ਸੇ ਪ੍ਰਬੋਧ ਚੰਦ ਪੁਤ੍ਰ ਅਰ ਵਿਦਯਾ ਕੰਨਯਾ ਉਪਜੇਗੀ ਸੋ ਪ੍ਰਿਥਮੇਂ ਮਹਾਂ ਮੋਹ ਕੀ ਸੈਨਾ ਕੋ ਨਾਸ ਕਰੇਗੀ ਬਹੁਰੋ ਬਬੇਕ ਕੋ ਭੀ ਸੈਨਾ ਸੰਜੁਗਤ ਨਾਸ ਕਰੇਗੀ ਤਾਂ ਰਤਿ ਬੋਲੀ ਜੋ ਬਬੇਕ ਨੇ ਆਪਣੇ ਨਾਸ ਕਾ ਉਪਾਇ ਕ੍ਯੋਂ ਕੀਆ ਹੈ ਜੋ ਵਿਦ੍ਯਾ ਅਰ ਪ੍ਰਬੋਧ ਬਬੇਕ ਸੇ ਉਪਜੇਂਗੇ ਅਰ ਬਹੁੜੋਂ ਬਬੇਕ ਕਾ ਨਾਸ ਕਰੈਂਗੇ ਤਉ ਕਾਮ ਨੇ ਕਹ੍ਯਾ ਕਿ ਪੁਰਖ ਜਿਸਤੇ ਉਪਜਤੇ ਹੈਂ ਪ੍ਰਿਥਮੇਂ ਉਸਕਾ ਹੀ ਨਾਸ ਕਰਤੇ ਹੈਂ ਜੈਸੇ ਧੂਮ ਅਗਨ ਸੇ ਉਪਜਤਾ ਹੈ ਸੋ ਬਹੁੜ ਬਦਲ ਭਾਵ ਕੋ ਪ੍ਰਾਪਤ ਹੋ ਕਰ ਵਰਖਾ ਕਰਤਾ ਹੈ ਅਰ ਅਗਨ ਕਉ ਨਾਸ ਕਰਤਾ ਹੈ ਅਰ ਫਿਰ ਆਪ ਭੀ ਨਾਸ ਹੋ ਜਾਤਾ ਹੈ ਤਉ ਰਤਿ ਫੇਰ ਭੈਮਾਨ ਹੋਈ ਤਾਂ ਕਾਮ ਕਹ੍ਯਾ ਇਸਤ੍ਰੀਆਂ ਕਾ ਧਰਮ ਹੈ ਜੋ ਸਦਾ ਭੈਮਾਨ ਰਹਤੀਆਂ ਹੈਂ ਸੋ ਤੂੰ ਭੈ ਨਾ ਕਰ ਕ੍ਯੋਂਕਿ ਪ੍ਰਥਮੇ ਰਾਗ ਦ੍ਵੈਖ ਜੋ ਮੋਹ ਕੇ ਸਰਮੇ ਹੈਨਿ ਸੋ ਤਿਨਾਂ ਨੇ ਬਬੇਕ ਕਾ ਰੂਪ ਕਿਸ ਕਰ ਦੀਆ ਹੈ ਜੈਸੇ ਚੰਦ੍ਰਮਾ ਤੁਖਾਰ ਸੇ ਛੀਣ ਅਉ ਮੈਲਾ ਭਾਸਤਾ ਹੈ ਤੈਸੇ ਰਾਗ ਦ੍ਵੈਖ ਅਰ ਮਾਨ ਕਰ ਬਬੇਕ ਬਲ ਸੇਹੀਨ ਭਾਸਤਾ ਹੈ ਅਰ ਕੁਮਤ ਨੇ ਹਮਾਰੀ ਓਰ ਸੇ ਕਠੋਰ ਕਰ ਛੋਡਿਆ ਹੈ ਅਰ ਮੈ ਰਾਜੇ ਮੋਹ ਪਾਸ ਜਾਤਾ ਹੋਂ ਸੋ ਤੂੰ ਈਹਾਂ ਰਹੁ ਤਬ ਕਾਮ ਰਾਜੇ ਮੋਹ ਪਾਸ ਆਇਆ ਅਰ ਬਿਭਰਮ ਦੂਤੀ ਠੌਰ ਪਰ ਬੈਠੀ ਥੀ ਸੋ ਮਹਾ ਮੋਹ ਕੀ ਪਰਵਾਨਗੀ ਲੈਕੇ ਅੰਦਰ ਲੈ ਗਈ ਤਬ ਕਾਮ ਨੇ ਨਮਸਕਾਰ ਕੀਆ ਅਰ ਰਾਜੇ ਨੇ ਆਦਰ ਕਰਕੇ ਬੈਠਾਇਆ ਤਬ ਕਾਮ ਨੇ ਕਹਿਆ ਕਿ ਮੈਂ ਬ੍ਰਿਤਾਂਤ ਸੁਣਿਆ ਹੈ ਜੋ ਬਬੇਕ ਨੇ ਸਮ ਦਮ ਆਦਿਕ ਤੀਰਥਾਂ ਤੇ ਪ੍ਰਬੋਧ ਦੇ ਵਧਾਵਣ ਵਾਸਤੇ ਘਲੇ ਹਨ ਸੋ ਸਤ੍ਰੂ ਅਲਪ ਕਾ ਭੀ ਉਪਾਵ ਕੀਤਾ ਚਾਹੀਤਾ ਹੈ ਕਯੋਂ ਕਿ ਜੇ ਵਧ ਜਾਤਾ ਹੈ ਤਾਂ ਉਪਾਵ ਨਹੀਂ ਹੋ ਸਕਤਾ ਤਉ ਮੋਹ ਨੇ ਚਿੰਤਾ ਮਾਨ ਹੋਕਰ ਕਹਿਆ ਕਿ ਜਾਓ ਦੁਆਰ ਪਾਲ ਕੋ ਕਹੋ ਜੋ ਦੰਭ ਕੋ ਬੁਲਾ ਲਿਆਓ ਤਬ ਦੰਭ ਆਨ ਨਮਸਕਾਰ ਕੀਆ ਤਾਂ ਰਾਜੇ ਬਹੁਤ ਆਦਰ ਕੀਤਾ ਅਰ ਕਹਾ ਜੋ ਬਬੇਕ ਨੇ ਸਮਦਮ ਆਦਿਕ ਤੀਰਥਾਂ ਪਰ ਭੇਜੇ ਹੈਂ ਸੋ ਤੁਸੀਂ ਭੀ

ਊਹਾਂ ਜਾਇ ਕਹੋ ਅਰ ਜੌਨ ਸੇ ਸਮਦਮ ਕਰਨੇ ਵਾਲੇ ਹੋਣ ਤਿਨ ਮੈ ਦੰਭ ਡਾਰ ਦੇਹੋ ਜੋ ਰਿਦੇ ਕੀ ਪ੍ਰੀਤ ਨਾ ਹੋਵੇ ਅਤੇ ਬਾਹਰੋਂ ਵਿਖਾਲਾ ਤਬ ਦੰਭ ਨਮਸਕਾਰ ਕਰਕੇ ਤੀਰਥਾਂ ਪਰ ਜਾਇ ਰਹਯਾ ॥ ੩ ॥ ਜਾਂ ਦੰਭ ਨੇ ਜਾਇਕੇ ਤੀਰਥਾਂ ਪਰ ਆਪਣਿਆ ਸੂਰਮਿਆਂ ਕੋ ਬੁਲਾਇਆ ਅਰ ਕਹਾ ਕਿ ਮਹਾਮੋਹ ਕੀ ਆਗਿਆ ਹੈ ਜੋ ਸਮ ਦਮ ਆਦਿਕ ਜੋ ਪ੍ਰਬੋਧ ਕੇ ਵਾਸਤੇ ਕਾਂਸੀ ਗਏ ਹੈਂ ਸੋ ਤੁਸੀਂ ਜਾਇਕੇ ਉਨਕਾ ਨਾਸ ਕਰੋ ਅਰ ਜੋ ਤਿਨ ਵਿਖੈ ਸਰਬਗ ਕਹਾਵੈ ਅਰ ਅਗਨ ਹੋਤ੍ਰੀ ਹੋਵੈ ਸੋ ਰਾਤ ਕੋ ਮਦ ਅਰ ਮੰਸ ਅਰ ਵੇਸਵਾ ਭੋਗੇ ॥ ਸੋ ਤਬ ਆਪਣੇ ਦੂਤ ਬਨਾਰਸੀ ਮੈਂ ਪਸਾਰ ਕੇ ਦੰਭ ਨੇ ਗੰਗਾ ਕੇ ਤਟ ਪਰ ਆਪਣਾ ਠਾਕਰ ਦੁਆਰਾ ਰਚਾ ਤਾਂ ਫਿਰ ਇਕ ਦਿਨ ਮਹਾ ਮੋਹ ਨੇ ਅਹੰਕਾਰ ਕੋ ਬੁਲਾਇਆ ਅਰ ਕਹਾ ਕਿ ਤੁਮ ਕਿਰਪਾ ਕਰਕੇ ਤੀਰਥਾਂ ਪਰ ਜਾਵੋ ਅਰ ਦੇਖੋ ਜੋ ਹਮਾਰੇ ਸੂਰਮੇ ਪ੍ਰਬਲ ਹੈਂ ਕਿ ਬਬੇਕ ਕੇ ਪ੍ਰਬਲ ਹੈਂ ਤਾਂ ਅਹੰਕਾਰ ਪਿਰਥਮੇ ਬਨਾਰਸੀ ਕੋ ਗਇਆ ਤਬ ਦੰਭ ਨੇ ਦੇਖਾ ਜੋ ਕੋਈ ਪੈਂਡੋਈ ਭਾਗੀਰਥੀ ਕੋ ਉਤਰ ਕੈ ਹਮਾਰੀ ਓਰ ਆਵਤਾ ਹੈ ਅਰ ਬਡਾ ਤੇਜ ਮਾਨ ਹੈ ਅਰ ਬਾਣੀ ਕਰ ਲੋਕੋ ਕੋ ਝਿੜਕਤਾ ਹੈ ਅਰ ਹਸਤਾ ਹੈ ਤਬ ਦੰਭ ਨੇ ਵਿਚਾਰਿਆ ਜੋ ਦਖਣ ਦੇਸ ਗਢਾ ਨਗਰੀ ਸੋ ਆਇਆ ਹੋਵੇਗਾ ਸੋ ਇਸਤੇ ਅਹੰਕਾਰ ਕਾ ਬ੍ਰਿਤਾਂਤ ਪੂਛੈਂਗੇ ਤਬ ਤਕ ਗੰਗਾ ਤਉਂ ਉਤਰਕੇ ਔਰ ਆਸ੍ਰਮਾਂ ਪਰ ਜਾਇ ਪ੍ਰਾਪਤ ਭਇਆ ਅਰ ਕਹਣੇ ਲਗਾ ਜੋ ਅਸਚਰਜ ਹੈ ਕਿ ਏਹ ਮੂਰਖ ਲੋਕ ਗੁਰਹੁ ਕਾ ਮੰਤ੍ਰ ਨਹੀਂ ਜਾਣਤੇ ਤਾਂਤ੍ਰਕ ਸਾਸਤ੍ਰ ਅਰ ਸਾਲਗ੍ਰਾਮ ਕੋ ਤਤ ਭੀ ਨਹੀਂ ਜਾਣਤੇ ਅਰ ਸੇਖ ਕਾ ਕਹਿਆ ਮਹੋਦਧ ਭਾਵ ਅਰ ਪ੍ਰਜਾਪਤ ਕਾ ਕਹਿਆ ਮਹਾਂਬ੍ਰਤ ਏਹ ਭੀ ਨਹੀਂ ਜਾਣਤੇ ਤਉ ਵਸਤ ਵਿਚਾਰ ਮਹਾਂ ਸੂਖਮ ਕਰ ਜਾਣਤੇ ਹੈ ਸੋ ਏਹ ਪਸੂ ਹੈ ਅਰ ਮਾਨੁਖਹੁ ਕਾ ਵੇਸ ਧਾਰ ਲੀਆ ਹੈ ਅਰ ਫੇਰ ਅਗੈ ਆਇਆ ਤਾਂ ਵਿਦਮਾਨ ਪੰਡਤ ਦੇਖੇ ਜੋ ਕਰਨ ਅਰਥ ਮਾਤ੍ਰ ਚਤ੍ਰ ਹੈਂ ਅਰ ਵੇਦਕਾ ਤਾਤਪਰਜ ਨਹੀਂ ਜਾਣਤੇ ਅਰ ਵੇਦਾਂਤ ਸਾਸਤ੍ਰ ਕੋ ਵਿਆਕੁਲ ਕੀਆ ਹੈ ॥ ਬਹੁੜੋ ਸੰਨਿਆਸੀ ਦੇਖੇ ਸੋ ਇਨਾਂ ਉਦਰ ਪੂਰਨ ਮਾਤ੍ਰ ਭੇਖ ਧਾਰ ਲੀਆ ਹੈ ਅਰ ਸੰਨਿਆਸੀ ਕੇ ਤਤ ਕੋ ਨਹੀਂ ਜਾਣਤੇ ਅਰ ਦੇਖੋ ਭਾਈ ਕਿ ਬੋਧਕ ਜੋ ਸ੍ਰਾਵਗ ਹੈਂ ਅਰ ਜੋ ਪ੍ਰਤਖ ਪ੍ਰਮਾਣ ਮਾਨਤੇ ਹੈਂ ਤਿਨਕੋ ਏਹ ਨਿੰਦ ਕਰਤੇ ਹੈਂ ਅਰ ਬੜੇ ਮੂੜ ਹੈਂ ਅਰ ਸੇਵਕ ਜੋ ਮਤ ਹੈ ਅਰ ਕਣਾਦਿਕ ਜੋ ਹੈ ਸੋ ਪਸੂ ਹੈ ਅਰ ਬਡੇ ਪਾਖੰਡੀ ਹੈ ਫਿਰ ਔਰ ਥਾਂ ਜਾਤ ਭਇਆ ਇਹ ਜੋ ਤ੍ਰਿਡੰਡੀ ਸੰਨਿਆਸੀ ਹੈਂ ਦ੍ਵੈਤ ਜੋ ਅਦ੍ਵੈਤ ਤੇ ਭਿੰਨ ਹੈ ਭ੍ਰਿਸਟ ਹੈ ਫੁਨ ਔਰ ਠੌਰ ਜਾਤ ਭਇਆ ਅਰ ਕਹਯਾ ਕਿ ਏਹ ਜੋ ਦੰਭੀ ਹੈਂ ਸੋ ਗੰਗਾ ਕੇ ਤਟ ਪਰ ਆਸਨ ਕਰਤੇ ਹੈਂ ਅਰ ਕੁਸਾ ਕੋ ਭੁਜਾ ਪਰ ਬਾਂਧਤੇ ਹੈ ਅਰ ਉਜਲ ਬਸਤ੍ਰ ਅਰ ਕੁਪੀਨਾਂ

ਵਾਂਸੋਂ ਪਰ ਸੁਕਾਵਣ ਵਾਸਤੇ ਡਾਰਤੇ ਹੈਂ ਅਰ ਮਾਲਾ ਫੇਰਨੇ ਕੋ ਚਤਰ ਹੈ ਸੋ ਧਨੀਆਂ ਕੇ ਦਰਬ ਹਿਰਤੇ ਹੈਂ ਬਹੁੜੋ ਦੰਭ ਕੇ ਆਸਣ ਪਰ ਆਇਆ ਅਰ ਪੁਛਿਆ ਕਿ ਏਹ ਕਿਸਕਾ ਆਸਣ ਹੈ ਜਿਸ ਪਰ ਬਾਂਸ ਬਾਂਧੇ ਹੂਏ ਹੈਂ ਅਰ ਜਿਨਾਂ ਪਰ ਝੀਨ ਬਸਤ੍ਰ ਸੁਕਾਵਤੇ ਹੈਂ ਅਰ ਕਾਲੇ ਮ੍ਰਿਗ ਕੀਆਂ ਤੁਚਾ ਪਰੀਆਂ ਹੈਂ ਅਰ ਤਸਦੇ ਅਰ ਸਿਲਾ ਪਾਸ ਧਰੀਆਂ ਹੈਂ ਅਤੇ ਔਰ ਸਭ ਸਮਿਗ੍ਰੀ ਪਾਸ ਧਰੀ ਹੋਈ ਅਰ ਧੂਪ ਕੇ ਧੂੰਏ ਕਰ ਗਗਨ ਛਾਇ ਰਹਿਆ ਹੈ ਸੋ ਏਹ ਆਸ੍ਰਮ ਕਿਸੇ ਗ੍ਰਿਹਿ ਮੇਧੀ ਕਾ ਹੋਵੇਗਾ ਅਰ ਪਵਿਤ੍ਰ ਹੈ ਅਰ ਅਸੀਂ ਈਹਾਂ ਦੋ ਤਿਨ ਦਿਨ ਰਹਾਂਗੇ ॥ ਸੋ ਤਿਸ ਆਸ੍ਰਮ ਮੈ ਅਹੰਕਾਰ ਨੇ ਪ੍ਰਵੇਸ ਕੀਆ ਅਰ ਦੰਭ ਕੋ ਬੈਠਾ ਦੇਖ ਜੋ ਉਜਲ ਮ੍ਰਿਤਕਾ ਕੇ ਦੁਆਦਸ ਤਿਲਕ ਧਾਰੇ ਹੂਏ ਅਰ ਕਾਲੇ ਮਿਰਗ ਕੇ ਚਰਮ ਪਰ ਬੈਠਾ ਹੈ ਅਰ ਕਰਨੋ ਅਰ ਕਟ ਅਰ ਅੰਗੁਲੀਆਂ ਬਿਖੇ ਕੁਸਾ ਬਿਰਾਜਮਾਨ ਹੈ ਸੋ ਦੰਭ ਕੇ ਸਮੀਪ ਜਾ ਇਸਥਿਤ ਹੂਆ ਅਰ ਕਹਾ ਕਲਿਆਣ ਹੋਵੈ ਤਾਂ ਦੰਭ ਹੂੰਕਾਰ ਕਰ ਨਿਵਾਰਨ ਕੀਆ ਤਾਂ ਦੰਭ ਕੇ ਸਿਖ ਕਹਾ ਰੇ ਬ੍ਰਹਮਣ ਚਰਨ ਧੋਇਕੇ ਅੰਦਰ ਆਉ ਸੋ ਏਹ ਬਾਤ ਸੁਣ ਕਰ ਅਹੰਕਾਰ ਕ੍ਰੋਧਵਾਨ ਹੂਆ ਜੋ ਹਮ ਬਡੇ ਪਾਪ ਦੇਸ ਮੈਂ ਆਏ ਹੈਂ ਜਹਾਂ ਗ੍ਰਿਹਮੇਦੀ ਅਤਿਥ ਕੋ ਆਸਣ ਭੀ ਨਹੀਂ ਦੇਤੇ ਤਬ ਦੰਭ ਹਾਥ ਕੀ ਸੰਗਿਆ ਕਰ ਧੀਰਜ ਦੇਤ ਭਇਆ ਤਾਂ ਦੰਭ ਕੇ ਸਿਖ ਕਹਿਆ ਕਿ ਤੁਮ ਦੂਰ ਸੇ ਆਏ ਹੋ ਅਰ ਤੁਮਾਰਾ ਕੁਲ ਸੀਲ ਨਹੀਂ ਜਾਨਿਆ ਤਾਂਤੇ ਪੂਜਨ ਨਹੀਂ ਕੀਆ ॥ ਤਾਂ ਅਹੰਕਾਰ ਕਹਤ ਭਯਾ ਅਰੇ ਕੁਲ ਸੀਲ ਤੂੰ ਨਹੀਂ ਜਾਨਤਾ ਸੋ ਅਬ ਸੁਣ ਜੋ ਗਉੜ ਹਮਾਰਾ ਦੇਸ ਹੈ ਅਰ ਉਤਮ ਤਹਾ ਗਢਾ ਪੁਰੀ ਹੈ ਅਰ ਤਿਸ ਪੁਰ ਮੈਂ ਕੂਰ ਸ੍ਰੇਸਟ ਨਾਮਾ ਧਾਮ ਹੈ ਤਹਾਂ ਉਤਮ ਹਮਾਰਾ ਪਿਤਾ ਹੈ ਅਰ ਤਿਸ ਕੇ ਸਭ ਬੇਟੇ ਕੁਲੀਨ ਹੈਂ ਅਰ ਤਿਨ ਬਿਖੇ ਮੈ ਸ੍ਰੇਸਟ ਹੋ ਤਬ ਦੰਭ ਸਿਖ ਓਰ ਦੇਖਤ ਭਇਆ ਤਾਂ ਫਿਰ ਤਾਂਬੇ ਕੀ ਗਾਗਰ ਲੈ ਕੇ ਸਿਖ ਨੇ ਪੈਰ ਉਸਕੇ ਸੁਚੇਤ ਕਰੇ ਤਬ ਹੰਕਾਰ ਦੰਭ ਕੇ ਆਸਣ ਪਰ ਚੜ੍ਹਾ ॥ ਅਰ ਦੰਭ ਆਪਣੇ ਦੰਤਾਂ ਕੋ ਪੀੜਤ ਭਯਾ ਜੋ ਤੇਰੇ ਪ੍ਰਸ੍ਵੇਦ ਕੇ ਕਣਕੇ ਮੇਰੇ ਪਰ ਪੜਤੇ ਹੈਂ ਤਾਂ ਹੰਕਾਰ ਕਹਾ ਵਡਾ ਅਸਚਰਜ ਹੈ ਜੋ ਐਸੇ ਹਮ ਬ੍ਰਹਮਨ ਨਹੀਂ ਦੇਖੇ ਤਬ ਦੰਭ ਕਾ ਸਿਖ ਬੋਲਿਆ ਕਿ ਹੇ ਬ੍ਰਹਮਨ ਬਡੇ ਬਡੇ ਭੁਪਾਲ ਇਸ ਕੀ ਚੌਕੀ ਕੋ ਪੜੇ ਸੇਵਤੇ ਹੈਂ ਅਰ ਆਪਣੇ ਮੁਕਟ ਦੀਆਂ ਮਣੀਆਂ ਸਾਥ ਚਰਨਾਂ ਕੋ ਸਪਰਸ ਕਰਨਾ ਨਹੀਂ ਪਾਵਤੇ ਅਰ ਇਕ ਦਿਨ ਏਹ ਬ੍ਰਹਮੇ ਕੇ ਆਸਣ ਗਇਆ ਥਾ ਤਾਂ ਬ੍ਰਹਮੇਂ ਅਗੋਂ ਉਠ ਕਰ ਆਪਣੇ ਆਸਣ ਪਰ ਬੈਠਾਇਆ ਤਬ ਅਹੰਕਾਰ ਨੇ ਜਾਤਾ ਕਿ ਏਹ ਦੰਭ ਹੈ ਸੋ ਤਿਸ ਦੇ ਆਸਣ ਪਰ ਬੈਠ ਗਿਆ ਅਰ ਤਿਸ ਕੇ ਸਿਖ ਨੇ ਨਿਵਾਰਨ ਕੀਆ ਜੋ ਬਡਿਆਂ ਕੇ ਆਸਣ ਪਰ ਬੈਠਨਾ

ਜੋਗ ਨਹੀਂ ਤਬ ਅਹੰਕਾਰ ਨੇ ਕਹਾ ਰੇ ਪਾਪੀ ਦਖਣ ਦੇਸ ਗਾਡਾ ਨਗਰੀ ਬਿਖੇ ਹਮ ਭੀ ਐਸੇ ਆਸਣ ਪਰ ਬੈਠਤੇ ਹਾਂ ਅਰ ਸੁਨ ਹੇ ਮੂਰਖ ਹਮਾਰੀ ਮਾਤਾ ਉਜਲ ਕੁਲ ਕੀ ਨਹੀਂ ਥੀ ਜੋ ਜਿਸ ਤੇ ਹਮ ਨੇ ਬੇਦ ਸ੍ਰੋਤੀਆਂ ਕੀ ਕੰਨਿਆਂ ਵਿਵਾਹੀ ਅਰ ਤਿਸਤੇ ਮੈਂ ਪਿਤਾ ਤੇ ਭੀ ਅਧਕ ਹੂਆ ਅਰ ਹਮਾਰੀ ਪਤਨੀ ਕਾ ਜੋ ਭਰਤਾ ਥਾ ਅਰ ਤਿਸਕਾ ਜੋ ਮਿਤ੍ਰ ਥਾ ਅਰ ਤਿਸ ਮਿਤ੍ਰ ਕਾ ਜੋ ਮਾਤਲ ਥਾ ਅਰ ਤਿਸਕੀ ਜੋ ਸੁਤਾ ਥੀ ਸੋ ਕਿਸੀ ਨੇ ਮਿਥਿਆ ਅਰ ਕਿਸੀ ਨੇ ਦੁਰਾਚਾਰ ਕਹੀ ਸੋ ਤਿਸਤੇ ਮੈਂ ਆਪਨੀ ਗ੍ਰਹਨੀ ਕਾ ਭੀ ਤਿਆਗ ਕੀਆ ਤਾਂ ਦੰਭ ਕਹਤਾ ਹੈ ਕਿ ਜੇ ਤੁਮ ਸਤ ਭੀ ਕਹਤੇ ਹੋ ਤੌ ਭੀ ਤੁਮਾਰਾ ਬ੍ਰਿਤਾਂਤ ਹਮ ਨਹੀਂ ਜਾਨਤੇ ਤਥਾ ਹਮਾਰਾ ਬ੍ਰਿਤਾਂਤ ਸੁਨ ॥ ਜੋ ਏਕ ਸਮੇਂ ਬ੍ਰਹਮੇ ਕੇ ਘਰ ਬਿਖੈ ਗਯਾ ਥਾ ਅਰ ਤਾਤ ਕਾਲ ਹੀ ਮੁਨੀ ਸਭੇ ਅਸਨਾਂ ਤੋਂ ਉਠ ਖੜੇ ਹੂਏ ਅਰ ਬ੍ਰਹਮੇਂ ਨੇ ਹਮਾਰਾ ਬਹੁਤਾ ਮਾਨ ਕੀਆ ਪਰ ਹਮਾਰੇ ਆਸਨ ਦੇਨੇ ਕੋ ਪਵਿਤ੍ਰ ਅਸਥਾਨ ਕੋ ਊਨਾ ਪਾਯਾ ਤਬ ਬ੍ਰਹਮ ਨੇ ਗੋਬਰ ਸਾਥ ਆਪਨਾ ਉਰਸਥਲ ਧੋ ਕਰ ਮੁਝ ਕੋ ਆਸਨ ਦੀਆ ॥ ਅਰ ਹੋਰ ਜਨੋਂ ਕੀ ਕਿਆ ਬਾਤ ਹੈ ਸੋ ਹਮ ਭੀ ਐਸੇ ਪਾਵਨ ਹੈਂ ਤਬ ਹੰਕਾਰ ਨੇ ਮਨ ਬਿਖੈ ਬੀਚਾਰ ਕੀਆ ਜੋ ਮੈਂ ਜਾਨਾਂ ਹੈ ਕਿ ਦੰਭ ਹੈ ਤਬ ਹੰਕਾਰ ਕ੍ਰੋਧ ਯੁਕਤ ਹੋ ਕਰ ਕਹਤ ਭਯਾ ਅਰੇ ਕੌਨ ਬ੍ਰਹਮਾਂ ਅਰ ਕੌਨ ਰਿਖੀ ਹੈਂ ਅਰ ਕੌਨ ਇੰਦ੍ਰ ਹੈਂ ਅਰ ਮੇਰੇ ਤਪ ਆਗੇ ਕੋਈ ਨਹੀਂ ਠਹਰਤਾ ਜੋ ਸਤ ਇੰਦ੍ਰ ਦੇਖੇ ਅਰ ਬ੍ਰਹਮੇਂ ਦੇਖੇ ਅਰ ਸਤ ਰੁਦ੍ਰ ਦੇਖੇ ਤਬ ਦੰਭ ਨੇ ਜਾਤਾ ਜੋ ਹਮਾਰਾ ਪਿਤਾਮਾ ਹੰਕਾਰ ਹੈ ਤਬ ਦੰਭ ਨੇ ਆਨ ਨਮਸਕਾਰ ਕੀਆ ਤਬ ਹੰਕਾਰ ਨੇ ਪ੍ਰਸੰਨ ਹੋ ਕੇ ਕਹਾ ਜੋ ਹੇ ਪੁਤ੍ਰ ਆਰਬਲਾ ਵਾਨ ਹੋਵੇਂ ਅਸ ਕਹਾ ਕਿ ਤੇਰਾ ਜੋ ਅਨਿਤ ਪੁਤ੍ਰ ਹੈ ਸੋ ਕੁਸਲ ਸੇ ਹੈ ਅਰ ਦੁਆਪਰ ਮੈਂ ਤੂੰ ਕੈਰਵਾਂ ਅਰ ਪਾਂਡਵਾਂ ਕੇ ਜੁਧ ਵਿਖੇ ਦੇਖਾ ਥਾ ਪਰ ਤਬ ਤੂ ਬਾਲ ਥਾ ਅਰ ਅਬ ਕਲਜੁਗ ਮੈਂ ਤੂੰ ਬਡਾ ਹੂਆ ਹੈਂ ਤਬ ਦੰਭ ਨੇ ਕਹਾ ਹਮ ਪੁਤ੍ਰ ਸਮੇਤ ਈਹਾਂ ਹੀ ਹੈਂ ਮਹਾਂ ਮੋਹ ਕੀ ਆਗਿਆ ਸੇ ਅਰ ਤ੍ਰਿਸਨਾਂ ਤੇ ਲੋਭ ਜੋ ਹੈ ਮਾਤਾ ਪਿਤਾ ਸੋ ਭੀ ਈਹਾਂ ਹੀ ਹੈਂ ਅਰ ਤੁਮਾਰਾ ਕ੍ਰਿਪਾ ਕਰਕੇ ਕੈਸਾ ਆਵਣਾ ਹੂਆ ਹੈ ਤਬ ਹੰਕਾਰ ਨੇ ਕਹਿਆ ਕਿ ਮੈਂ ਸੁਣਿਆਂ ਸੀ ਜੋ ਬਬੇਕ ਥੋਂ ਮਹਾ ਮੋਹ ਕਾ ਤ੍ਰਿਸਕਾਰ ਹੂਆ ਹੈ ਸੋ ਮੈਂ ਖਬਰ ਲੈਣੇ ਆਇਆ ਹੋਂ ਤਬ ਦੰਭ ਕਹਿਆ ਮਹਾ ਮੋਹ ਕੋ ਕੁਸਲ ਹੈ ਅਰ ਹਮ ਭੀ ਮਹਾ ਮੋਹ ਕੇ ਭੇਜੇ ਈਹਾਂ ਆਏ ਹੈਂ ਜੋ ਈਹਾਂ ਬਨਾਰਸੀ ਪੁਰੀ ਮੇਂ ਬਬੇਕ ਆਨ ਬਸਿਆ ਸਾਂ ਕਿ ਸਿਵ ਅੰਤਕਾਲ ਮੈਂ ਤਾਰਕ ਮੰਤ੍ਰ ਦੇਇਕੇ ਜੀਆਂ ਕੋ ਮੁਕਤ ਕਰਤਾ ਹੈ ਪਰ ਹਮਨੇ ਐਸੀ ਤ੍ਰਿਸਨਾ ਅਰ ਲੋਭ ਵਰਤਾਇ ਦਿਤਾ ਹੈ ਜੋ ਸਮ ਦਮ ਆਦਿਕ ਨਾਸ ਕਰ ਦੀਏ ਹੈਂ ਅਰ ਦੰਭ ਅਤੇ ਕ੍ਰੋਧ ਆਦਿਕ

ਆਇ ਫਿਰੇ ਹੈਂ ਜੋ ਕਿਸੀ ਵਿਦਜਾ ਕੋ ਲੋਭ ਬਿਨਾ ਨਹੀਂ ਰਹਣ ਦੇਤੇ ਸੋ ਬਬੇਕ ਕਹਾਂ ਰਹਣੇ ਪਾਵੈਗਾ ਤਾਂ ਹੰਕਾਰ ਨੇ ਕਹਯਾ ਤੁਸੀ ਈਹਾਂ ਹੀ ਦ੍ਰਿੜ ਰਹੋ ਅਰ ਮੈ ਜਾਤਾ ਹੋਂ ॥ ਚਤੁਰਥ ਅੰਕਸਮਾਪਤ ॥ ੪ ॥

ਤਿਸਤੇ ਉਪਰੰਤ ਸਾਂਤ ਅਰ ਕਰਣਾਂ ਜੋ ਸਰਧਾ ਕੋ ਖੋਜਤੀਆਂ ਹੈਂ ॥ ਅਰ ਸਾਂਤ ਬੜੀ ਵਿਰਲਾਪ ਕਰਤੀ ਹੈ ਜੋ ਤੂੰ ਹੇ ਮਾਤਾ ਇੰਨਾਂ ਪਾਖੰਡੀਆਂ ਦੇ ਹਥ ਆਈ ਹੋਵੇਗੀ ਤਾਂ ਤੂੰ ਕਿਉਂਕਰ ਜੀਂਵਦੀ ਹੋਵੇਂਗੀ ਅਰ ਜੌਨਸੇ ਪਵਿਤਰ ਅਸਥਾਨ ਤੂੰ ਰਹਤੀ ਥੀ ਮੁਨਹੁਕੇ ਕੇ ਆਸ੍ਰਮਹੁ ਅਰ ਗਿਰੋਂ ਕੀ ਕੰਦਰਾ ਮੈਂ ਅਰ ਜਲਹੁ ਕੇ ਪ੍ਰਵਾਹਾਂ ਮੈਂ ਅਰ ਪਵਿਤ੍ਰ ਬਨਹੁ ਮੈਂ ਸੋ ਸਭ ਖੋਜ ਆਈ ਹੋਂ ਅਰ ਜੈਸੇ ਕਪਲਾ ਗਊ ਕਿਸੇ ਚੰਡਾਲ ਕੇ ਹਾਥ ਆਵੈ ਤੈਸੇ ਤੂੰ ਕਿਸੇ ਪਖੰਡੀ ਕੇ ਹਾਥ ਆਈ ਹੈ ਸੋ ਤੇਰੇ ਜੀਵਣ ਕਾ ਭਰੋਸਾ ਨਹੀਂ ਅਰ ਤੂੰ ਤਾਂ ਮੁਝ ਬਿਨਾ ਜਲਪਾਨ ਇਸਨਾਨ ਨਾਸੀ ਕਰਦੀ ਸੋ ਅਬ ਤੇਰਾ ਕੀ ਹਾਲ ਹੋਵੇਗਾ ਤਬ ਸਾਂਤ ਕਹਾ ਹੇ ਕਰਣਾਂ ਤੂੰ ਮੇਰੇ ਵਾਸਤੇ ਚਿਖਾ ਰਚ ਜੋ ਮੈਂ ਦਗਧ ਹੋਇਕੇ ਮਾਤਾ ਕੋ ਜਾਇ ਮਿਲਾਂਗੀ ਤਬ ਕਰਣਾ ਕਹਿਆ ਤੂੰ ਧੀਰਜ ਕਰ ਕਯੋਂਕਿ ਜੋ ਭਲੇ ਪੁਰਸ ਹੈਂ ਸੋ ਨੀਚਾਂ ਸੇ ਛਪਜਾਤੇ ਹੈਂ ਸੋ ਤੈਸੇ ਸਰਧਾ ਮਹਾਂ ਮੋਹ ਸੇ ਛਪ ਬੈਠੀ ਹੋਵੈਗੀ ਤਬ ਸਾਂਤ ਕਹਾ ਹਮ ਨਦੀਆਂ ਕੇ ਕੰਠੇ ਦੇਖੇ ਪਰ ਸਰਧਾ ਕੀ ਕਿਧੇ ਵਾਰਤਾ ਭੀ ਨਹੀਂ ਸੁਣੀ ਤਬ ਕਰਣਾ ਕਹਿਆ ਕਿ ਸਾਂਤ ਕੀ ਸਰਧਾ ਕੋ ਵਿਪਤਾ ਨਹੀਂ ਹੋਤੀ ਸੋ ਤੂੰ ਭੈ ਨਾ ਕਰ ਹਮ ਖੋਜ ਲੇਵੈਂਗੀਆਂ ਤਬ ਸਾਂਤ ਕਹਿਆ ਕਿ ਜੇ ਦਈ ਪ੍ਰਤਕੂਲ ਹੋਤਾ ਹੈ ਤੋ ਕਿਆ ਕਿਆ ਨਹੀਂ ਹੋਤਾ ਜੋ ਸੀਤ ਕੋ ਦਹਸਿਰ ਲੇ ਗਿਆ ਅਰ ਬੇਦ ਤ੍ਰਈ ਕੋ ਸੰਖਾਸੁਰ ਲੈ ਗਿਆ ਅਰ ਮੰਦਾਲਸਾ ਜੋ ਗੰਦਰਬਹੁ ਕੀ ਬੇਟੀ ਹੈ ਤਿਸਕੋ ਦਈਤ ਪਤਾਲ ਲੈ ਗਏ ॥ ਸੋ ਸਰਧਾ ਕਾ ਭੀ ਐਸਾ ਬ੍ਰਿਤਾਂਤ ਹੂਆ ਹੋਵੇਗਾ ਜਾਂ ਏਹ ਕਹਾ ਤਾਂ ਇਤਨੇ ਚਿਰ ਨੂੰ ਇਕ ਰਾਕਸ਼ ਆਇ ਪ੍ਰਾਪਤ ਹੂਆ ਅਰ ਮਹਾਂ ਮੈਲ ਸੇ ਭਰਿਆ ਹੂਆ ਅਰ ਸਿਰ ਕੇ ਕੇਸ ਪਟੇ ਹੂਏ ਅਰ ਹਥ ਮੋਂ ਮੋਰ ਕਾ ਪੂੰਛ ਤਾਂ ਸਾਂਤ ਕਹਯਾ ਕਿ ਏਹ ਰਾਛਸ ਕੋਈ ਆਵਤਾ ਹੈ ਕਿ ਪਿਸਾਚ ਆਵਤਾ ਹੈ ਤਬ ਕਰਣਾਂ ਕਹਾ ਕਿ ਦਿਨ ਕੇ ਪ੍ਰਕਾਸ ਸੇ ਪਿਸਾਚ ਕਹਾ ਹੈ ਪਰ ਇਹ ਕੋਈ ਬੋਧ ਸ੍ਰਾਵਗ ਹੈ ਅਰ ਇਸਕਾ ਤਿਆਗ ਕਰਨਾਂ ਜੋਗ ਹੈ ਤਾਂ ਦੋਇ ਘੜੀਆਂ ਇਸਥਿਤ ਹੋਇ ਰਹੀਆਂ ਤਬ ਬੋਧ ਨੇ ਪੂਜਉ ਕੋ ਨਮਸਕਾਰ ਕੀਆ ਹੇ ਮੇਰਿਓ ਉਪਾਸਕੋ ਪਰਮ ਅਰਥ ਜੋ ਹੈ ਸੋ ਵਿਖਿਅਹੁ ਕੇ ਸੁਖਕਾ ਹੈ ਅਰ ਅਲਪ ਆਤਮਾਂ ਜੋ ਹੈ ਸੋ ਮਨ ਹੈ ਜੈਸੇ ਦੀਪਕ ਘਰ ਮੈਂ ਪ੍ਰਕਾਸਤਾ ਹੈ ਅਰ ਬਾਹਰ ਕੇ ਛੇਦਹੁ ਮੈਂ ਭੀ ਉਸੀ ਕਾ ਪ੍ਰਕਾਸ ਜਾਤਾ ਹੈ ਤੈਸੇ ਮਨ ਭੀ ਅੰਦਰ ਪ੍ਰਕਾਸਤਾ ਹੈ ਅਰ ਇੰਦ੍ਰੀਅਹੁ ਕੇ ਦੁਆਰਿਅਹੁ ਕੋ ਭੀ ਪ੍ਰਕਾਸਤਾ ਅਰ ਭੋਗ ਜੋ ਹੈਂ

ਇਸਤ੍ਰੀਅਹੁ ਕੇ ਸੋ ਹਮ ਈਰਖਾ ਨਹੀਂ ਕਰਤੇ ਅਰ ਦੇਵਤੇ ਭੀ ਈਰਖਾ ਨਹੀਂ ਕਰਤੇ ਸੋ ਤੁਮ ਭੀ ਈਰਖਾ ਨਹੀਂ ਕਰਨੀ ਤਬ ਬੋਧ ਸਰਧਾ ਕੋ ਬੁਲਾਵਤ ਭਇਆ ਅਰ ਸਰਧਾ ਤਬ ਆਨ ਪ੍ਰਵੇਸ ਕੀਆ ਤਬ ਸਾਂਤ ਨੇ ਕਹਿਆ ਕਿ ਇਹ ਸਰਧਾ ਮੇਰੀ ਮਾਤਾ ਹੋਵੈਗੀ ਤਬ ਕਰਣਾਂ ਕਹਯਾ ਜੋ ਇਹ ਤਾਂ ਸਰਧਾ ਬੋਧਕਉ ਮੈ ਹੋਤੀ ਹੈ ਪਰ ਤੇਰੀ ਮਾਤਾ ਸਾਂਤ ਕੀ ਸਰਧਾ ਹੈ ॥ ਅਰ ਓਹਤੋ ਮਹਾਂ ਸੁੰਦਰ ਮੁਨੀਸਰਹੁ ਮੈਂ ਹੋਤੀ ਹੈ ਸੋ ਤੂੰ ਭੈ ਨਾ ਕਰ ਅਰ ਕੌਤ ਦੇਖ ਜੇ ਇਤਨੇ ਚਿਰ ਨੂੰ ਭਿਖਕ ਹਥ ਵਿਚ ਪੁਸਤਕ ਲੈਕੇ ਆਇਆ ਅਰ ਕਹਾ ਕਿ ਮੇਰੇ ਖਿਪਣਕ ਕੇ ਉਪਾਸਕਉ ਮਨ ਬੀਜ ਦਾ ਆਤਮਾ ਅਉਰ ਕੋਊ ਨਹੀਂ ਅਰ ਭੋਗਹੁ ਤੋਂ ਬਿਨਾ ਹੋਰ ਮੁਕਤ ਕੋਊ ਨਹੀਂ ਅਰ ਅਸ਼ਥਾਵਰ ਅਤੇ ਜੰਗਮ ਇਸ ਮਨਤੇ ਹੀ ਉਪਜੇ ਹੈਂ ਸੋ ਇਸ ਮਨ ਕਾ ਔਰ ਕਾਰਨ ਕੋਊ ਨਹੀਂ ਤਾਂਤੇ ਐਸਾ ਉਪਾਵ ਕਰਹੁ ਜੋ ਮਨਸੁਖਹੁ ਤੋਂ ਵਿਛੜੇ ਨਹੀਂ ਤਾਂ ਭਿਖਕ ਪ੍ਰਸੰਨ ਹੂਆ ਅਰ ਫੇਰੀ ਲੈਕੇ ਬੋਲਤ ਭਇਆ ਕਿ ਹਮਾਰਾ ਮਤ ਬਡਾ ਸ਼੍ਰੇਸਟ ਹੈ ਅਰ ਸੁਗਤਿ ਧਰਮ ਹੈ ਜੋ ਇਸਤ੍ਰੀਆਂ ਕਾ ਭੋਗ ਭੋਗਣਾ ਅਰ ਕੋਮਲ ਬਸਤ੍ਰ ਪਹਿਰਣੇ ਅਰ ਜਿਸ ਕਾਲ ਵਿਖੇ ਮਨ ਚਾਹੇ ਤਿਸੇ ਕਾਲ ਵਿਖੇ ਭੋਗ ਕਰਨਾ ਅਰ ਚਾਂਦਨੀ ਰਾਤ੍ਰ ਭੂਖਨਾਂ ਸਹਿਤ ਨਾਰੀ ਅਰ ਪੁਸਪਹੁੰ ਸਹਿਤ ਸਿਹਜਾ ਇਹੀ ਮੋਖ ਹੈ ਤਬ ਕਰਣਾਂ ਸਾਂਤ ਕਉਂ ਕਹਾ ਕਿ ਇਹ ਜੋ ਭਗਵੇ ਵੇਸ ਵਾਲਾ ਹੈ ਅਰ ਸਿਰ ਜਿਸਕਾ ਮੁੰਡਤ ਹੈ ਸੋ ਇਹ ਬੋਧ ਕਾ ਸਿਖ ਹੈ ਤਬ ਸਾਂਤ ਕਹਯਾ ਹੋਊ ਹਮ ਕੋ ਕਿਆ ਪ੍ਰਜੋਜਨ ਹੈ ਤਉ ਲਗ ਭਿਖਕ ਬੋਲਤ ਪਇਆ ਅਰ ਪੁਸਤਕ ਵਾਚਕੇ ਕਹਿਆ ਜੋ ਮੇਰੇ ਗੁਰ ਕਾ ਵਚਨ ਹੈ ਕਿ ਮਨ ਹੀ ਆਤਮਾ ਹੈ ਅਰ ਵਿਖਿਅਹੁ ਮੈਂ ਮਨ ਲੀਨ ਹੋਵੈ ਸੋਈ ਮੁਕਤ ਹੈ ਅਰ ਜਬ ਸਰਧਾ ਕੋ ਬੁਲਾਇਆ ਤਾਂ ਸਾਂਤ ਕਹਯਾ ਹੇ ਕਰਣਾ ਇਹੀ ਤਾਮਸੀ ਸਰਧਾ ਹੈ ॥ ਅਰ ਤਿਸ ਸਮੇਂ ਦਿਗੰਬਰ ਸਿਧਾਂਤ ਕਾ ਇਕ ਸਿਖ ਖਿਪਣਕ ਸਿਖ ਥਾ ਸੋ ਆਨ ਪ੍ਰਾਪਤ ਹੂਆ ਅਰ ਕਹਾ ਰੇ ਭਿਖਕ ਹਮਾਰੇ ਪਾਸ ਆਓ ਸੋ ਰੇ ਸਬਦ ਸੁਣਕੇ ਭਿਖਕ ਕ੍ਰੋਧ ਕਰਤ ਭਇਆ ਤਾਂ ਖਿਪਣਕ ਕਹਯਾ ਕ੍ਰੋਧ ਕੋ ਦੂਰ ਕਰ ਜੋ ਤੁਝੇ ਸਾਸਤ੍ਰਾਂ ਕੀ ਬਾਤ ਪੂਛਤਾ ਹੋਂ ॥ ਤਾਂ ਭਿਖਕ ਕਹਾ ਪੂਛ ਤਾਂ ਫਿਰ ਖਿਪਣਕ ਕਹਾ ਕਿ ਤੂੰ ਤੋ ਖਿਨ ਬਿਨਾਸਨ ਹੈ ਸੋ ਤੂੰ ਬਰਤ ਕਾਹੇ ਕੋ ਧਾਰਾ ਹੈ ਤਾਂ ਭਿਖਕ ਕਹਾ ਹੇ ਖਿਪਣਕ ਹਮਾਰੀ ਜੋ ਸੰਤਾਨ ਹੈ ਤਿਸ ਬਿਖੈ ਗਿਆਨ ਬਿਨ ਮੁਕਤ ਕੌਨ ਕਰੈ ਵਿਖਿਆ ਕੇ ਭੋਗੋਂ ਮੈਂ ਰਚੇ ਏਹੀ ਮੁਕਤ ਜਾਨੈ ॥ ਤਾਂ ਖਿਪਣਕ ਕਹਾ ਰੇ ਮੂਰਖ ਜੇ ਮਨਵੰਤ੍ਰ ਮੈਂ ਏਕ ਏਕ ਭੀ ਮੁਕਤ ਹੋਵੈ ਤੋ ਸਾਰੀ ਸ੍ਰਿਸਟਿ ਕਾ ਅਭਾਵ ਹੋ ਜਾਵੈ ਸੋ ਤੁਝੇ ਇਸ ਧਰਮ ਕਾ ਕਿਸੇ ਉਪਦੇਸ ਕੀਆ ਹੈ ਤਾਂ ਭਿਖਕ ਕਹਾ ਮੁਝੇ ਸਰਬਗ ਬੋਧ ਨੇ ਕੀਆ ਹੈ ਤਾਂ ਉਸਨੇ ਕਹਾ ਜੇ ਮੁਖਕੇ ਕਹੇ ਸਰਬਗ ਹੋਈਤਾ

ਹੈ ਤੋ ਮੈਂ ਭੀ ਸਰਬਗ ਹੋਂ ਤੂੰ ਮੇਰਾ ਪਿਤਾ ਪਿਤਾਮਾ ਸਹਤ ਦਾਸ ਭਯਾ ਤਾਂ ਭਿਖਕ ਕ੍ਰੋਧਵਾਨ ਭਇਆ ਅਰ ਕਹਾ ਰੇ ਪਾਪੀ ਮੈਂ ਤੇਰਾ ਦਾਸ ਨਹੀਂ ਮੈਂ ਸਰਬਗ ਬੋਧ ਕਾ ਦਾਸ ਹੋਂ ਤਾਂ ਖਿਪਣਕ ਕਹਾ ਬੋਧ ਕੀ ਦਾਸਤਾ ਛਡਕੇ ਦਿਗੰਬਰ ਕਾ ਦਾਸ ਹੋ ਤਬ ਭਿਖਕ ਕਹਾ ਉਤਮ ਗੁਰ ਕੋ ਛਡ ਕਰ ਕਬ ਨੀਚ ਗੁਰ ਕੋ ਧਾਰਤਾ ਹੋਂ ਤਬ ਖਿਪਣਕ ਕਹਾ ਮੈਨੂੰ ਗ੍ਰਹ ਨਿਖਤ੍ਰ ਤਿਥ ਵਾਰ ਸਭ ਤ੍ਰਿਲੋਕੀ ਕੀ ਖਬਰ ਦਿਗੰਬਰ ਦਈ ਹੈ ਅਰ ਦਿਗੰਬਰ ਸਿਧਾਂਤ ਹੈ ਅਰ ਜੇਡੀ ਦੇਹ ਹੈ ਤੇਡਾ ਆਤਮਾ ਹੈ ਅਰ ਜੈਸੇ ਦੀਪ ਫਨਸ ਨੂੰ ਪ੍ਰਕਾਸਤਾ ਹੈ ਤੈਸੇ ਆਤਮਾ ਦੇਹ ਹੈ ਪ੍ਰਕਾਸਤਾ ਹੈ ਅਰ ਦੀਪਕ ਜੋ ਕੁੰਭ ਮੇਂ ਰਖੀਏ ਤੋ ਕੁੰਭ ਕੋ ਪ੍ਰਕਾਸਤਾ ਹੈ ਅਰ ਜੇ ਗ੍ਰਿਹਮੇ ਪ੍ਰਕਾਸਤਾ ਹੈ ਤੈਸੇ ਆਤਮਾ ਅੰਤਰ ਮੁਖ ਸਰੀਰ ਕੋ ਪ੍ਰਕਾਸਤਾ ਹੈ ਅਰ ਬਾਹਝ ਮੁਖ ਬ੍ਰਹਮੰਡ ਕੋ ਪ੍ਰਕਾਸਤਾ ਹੈ ਅਰ ਤੇਰਾ ਜੋ ਜੋਤਕ ਸਾਸਤ੍ਰ ਹੈ ਸੋ ਤੋ ਇੰਦ੍ਰੀ ਅਗੋਚਰ ਪਦਾਰਥ ਪ੍ਰਕਾਸਤਾ ਹੈ ਅਰ ਤੈਨੇ ਜੋ ਕਠਨ ਬਰਤ ਧਾਰਿਆ ਹੈ ਸੋ ਦੁਹਾਂ ਲੋਕਾਂ ਕੇ ਵਿਰੁਧ ਮਾਰਗ ਤਿਆਗ ਅਰ ਸੁਗਤ ਮਾਰਗ ਸਖਿਆਤ ਸੁਖ ਦੇਣੇ ਵਾਲਾ ਸਰੇਵੜਿਆਂ ਕਾ ਮਤ ਹੈ ਸੋ ਕੈਸੇ ਹੈ ਕਿ ਇਸ ਲੋਕ ਵਿਖੇ ਨਉਤਨ ਇਸਤ੍ਰੀਆਂ ਭੋਗਣੀਆਂ ਅਰ ਪੁਸਪ ਅਰ ਚੰਦਨ ਅਰ ਰਸ ਇਹੀ ਸੁਰਗ ਹੈ ਅਰ ਆਧਿ ਵਿਆਧਿ ਉਪਾਧਿ ਏਹੀ ਨਰਕ ਹੈ ਸੋ ਬੋਧ ਅਰ ਦਿਗੰਬਰ ਚਰਚਾ ਕਰਤੇ ਥੇ ਤਉਲਗ ਸੋਮ ਸਿਧਾਂਤੀ ਆਇਆ ਸੋ ਕੈਸਾ ਹੈ ਕਿ ਕਪਾਲ ਕਾ ਰੂਪ ਹੈ ਜਿਸਕਾ ਅਰ ਹੁਨਰ ਕੇ ਅਸਥਹੁ ਕੀ ਮਾਲਾ ਧਾਰੀ ਹੂਈ ਹੈ ਅਰ ਪੁਰਖਹੁ ਕੀ ਖੋਪਰੀ ਮੇਂ ਖਾਤਾ ਪੀਤਾ ਹੈ ਅਰ ਮਸਾਣ ਮੈਂ ਬਸਤਾ ਹੈ ਸੋ ਖਿਪਣਕ ਕਹਤ ਭਯਾ ਕਿ ਸੋ ਕਪਾਲਕ ਕਾ ਸੁਧ ਦਰਸਨ ਹੈ ਅਰ ਸੋ ਮੇਰਾ ਰੂਪ ਹੈ ਸੋ ਮੈ ਜਗਤ ਕੋ ਕੈਸੇ ਜਾਣਤਾ ਹੋਂ ਕਿ ਈਸਰ ਭਿੰਨ ਹੈ ਅਰ ਜਗਤ ਭਿੰਨ ਹੈ ਅਰ ਮੈ ਬ੍ਰਹਮਣ ਕੀ ਖੋਪਰੀ ਮੇਂ ਮਦ ਪੀਤਾ ਹੋ ਅਰ ਮਾਨਸ ਕੀ ਮਜਾ ਨਾਲ ਜੋ ਮਿਲਿਆ ਹੂਆ ਮੰਸ ਤਿਸ ਕਉ ਅਗਨ ਵਿਖੇ ਹੋਮ ਕਰਤਾ ਹੋ ਅਰ ਭੈਰਵੀ ਕੀ ਪੂਜਾ ਕਰਤਾ ਹੋਂ ਅਰ ਮਾਨਸ ਕੇ ਜੋ ਕੰਠ ਕਟ ਕੇ ਲੋਹੂ ਕੀ ਧਾਰਾ ਨਿਕਸਤੀ ਹੈ ਸੋਈ ਅੰਮ੍ਰਿਤ ਜਾਣ ਕੇ ਸਿਵ ਕੀ ਪੂਜਾ ਕਰਤਾ ਹੋ ਤਾਂਤੇ ਏਹ ਸਭ ਹੀ ਮਹਾਂ ਮੋਹ ਮਤ ਹੈਂ ਅਰ ਵਿਦਾਂਤੀ ਉਸਕੋ ਐਸੇ ਕਹਿਤੇ ਹੈਂ ਕਿ ਵਿਖਿਅਹੁ ਕੀਆਂ ਜੋ ਬ੍ਰਿਤਾਂ ਹੈਨ ਸੋ ਮੰਸ ਹੈ ਅਰ ਆਤਮਾਂ ਜੋ ਸਿਵ ਹੈ ਤਿਸ ਮੈਂ ਹੋਮੈ ਅਰ ਬ੍ਰਹਮ ਕਪਾਲ ਜੋ ਹੈ ਤਿਸ ਮੇਂ ਚੰਦ੍ਰਮਾਂ ਵਤ ਕੀ ਜੋ ਸੁਧ ਬ੍ਰਿਤਾਂ ਹੈਨ ਤਿਸਕੋ ਪਾਨ ਕਰੈ ਤਬ ਆਤਮਾਂ ਕੋ ਪ੍ਰਾਪਤ ਹੋਵੈ ॥ ਤਬ ਭਿਖਕ ਸੋਮ ਸਿਧਾਂਤੀ ਕੋ ਕਹਾ ਕਿ ਤੇਰਾ ਧਰਮ ਮਹਾ ਘੋਰ ਹੈ ਤਬ ਕਪਾਲਕ ਕ੍ਰੋਧਵਾਨ ਹੂਆ ਕਿ ਹਮਾਰੇ ਉਮਾ ਅਰ ਸ਼ਿਵਾਂ ਕਾ ਜੋ ਮਤ ਹੈ ਸੋ ਬੇਦਾਂ ਸਾਸਤ੍ਰਾਂ ਮੇਂ ਪ੍ਰਸਿਧ ਹੈ ਅਰ ਸੋ ਤੂੰ ਨਿੰਦਤਾ ਹੈ ਅਰ ਮੈਂ ਚਾਹੋਂ ਤੋ ਇੰਦ੍ਰਾਦਿਕ ਦੇਵਤਿਅਹੁ ਕੋ ਹਰਿ

ਲੇਵਹੁ ਅਰ ਤਾਰੇ ਗਣਹੁ ਕਾ ਚਲਨਾ ਰੋਕ ਰਖਹੁ ਅਰ ਸਾਰੇ ਸਮੁੰਦ੍ਰਹੁ ਕਾ ਅਰ ਧਰਤੀ ਕਾ ਪਾਣੀ ਪਾਨ ਕਰ ਲੇਵਹੁ ਅਰ ਫੇਰ ਅੰਭ ਕਰ ਪੂਰਨ ਕਰ ਦੇਵਉਂ ਐਸੀ ਸਿਵ ਕੀ ਦਈ ਹੋਈ ਸਮਰਥਾ ਮੇਰੇ ਪਾਸਿ ਹੈ ਤਬ ਖਿਪਣਕ ਕਹਿਆ ਕਿ ਮਾਇਆ ਇੰਦ੍ਰਜਾਲ ਦੀ ਕਰ ਭੁਲਾਤਾ ਹੈ ਤਬ ਕਪਾਲਕ ਕਹਿਆ ਹੇ ਪਾਪੀ ਤੂੰ ਈਸੁਰ ਕਉ ਮਾਇਆ ਜਾਲ ਕਹਤਾ ਹੈਂ ਤਬ ਡਉਰੂ ਕਾ ਸਬਦ ਕਰਕੇ ਭੂਤਉ ਕੋ ਬੁਲਾਵਤ ਭਇਆ ਅਰ ਆਪਣੀ ਕਰਵਾਰ ਨਿਕਾਸ ਲਈ ਅਰ ਕਹਯਾ ਕੇ ਤੇਰਾ ਕੰਠ ਕਟਕੇ ਭੈਰਵੀ ਕੋ ਤ੍ਰਿਪਤਿ ਕਰਤਾ ਹੋਂ ਤਬ ਖਿਪਣਕ ਕਉ ਕੰਪਮਾਨ ਕਰਕੇ ਫੇਰ ਖੜਗ ਕਉ ਮਿਆਨ ਵਿਚ ਕਰਤ ਭਇਆ ਜੋ ਅਹਿੰਸਾ ਪਰਮ ਧਰਮ ਹੈ ਤਬ ਕਪਾਲਕ ਸਰਧਾ ਕਉ ਬੁਲਾਵਤ ਭਇਆ ਤਬ ਸਰਧਾ ਸੁੰਦਰ ਕਮਲ ਵਤ ਲੋਚਨ ਅਰ ਅਸਥੋਕੀਆਂ ਮਾਲਾ ਜਿਸਕੇ ਭੂਖਣ ਹੈ ਸੋ ਆਵਤ ਭਈ ਤਬ ਕਪਾਲਕ ਕਹਯਾ ਹੇ ਪ੍ਰਿਆ ਇਸ ਭਿਖਕ ਕਉ ਵਸਿਕਰ ਤਬ ਸਰਧਾ ਤਿਸ ਕਉ ਅਲਿੰਗਨ ਕਰਾ ਤਉ ਭਿਖਕ ਕਹਾ ਕਿ ਮੈਂ ਅਨੇਕ ਅੰਗਨਾਂ ਭੋਗੀਆਂ ਹੈਂ ਪਰ ਕਪਾਲਨੀ ਕੇ ਸਮਾਨ ਸੁੰਦਰ ਕਟਾਖ ਜੁਗਤ ਕਾਈ ਨਹੀਂ ਦੇਖੀ ਤਬ ਭਿਖਕ ਸੋਮ ਸਿਧਾਂਤਕ ਸਿਖ ਭਇਆ ॥ ਅਰ ਪਿਖਣਕ ਜੋ ਥਾ ਤਿਸਨੇ ਕਹਾ ਅਰੇ ਭਿਖਕ ਤੂੰ ਕਪਾਲਨੀ ਕਾ ਅੰਗੀਕਾਰ ਕੀਆ ਹੈ ਸੋ ਮੁਝੇ ਸਪਰਸ ਨਾ ਕਰ ਤਬ ਭਿਖਕ ਕਹਾ ਜਬ ਤੂੰ ਭੀ ਕਪਾਲਨੀ ਕੋ ਅੰਗਕਾਰ ਕਰੇਂਗਾ ਤਬ ਅਰੰਰ ਅਰੰਰ ਅਰੰਰ ਜਪੇਂਗਾ ਤਬ ਤਕ ਸਰਧਾ ਕੋ ਕਪਾਲਕ ਕਹਾ ਅਰ ਸਰਧਾ ਖਿਪਣਕ ਕੋ ਭੀ ਅਲਿੰਗਨ ਕੀਆ ਤਬ ਖਿਪਣਕ ਪ੍ਰਸੰਨ ਹੋਕੇ ਕਹਾ ਕਿ ਕਪਲਾਨੀ ਕਾ ਸਪਰਸ ਹੀ ਮੋਖ ਹੈ ਤਬ ਖਿਪਣਕ ਭੀ ਕਪਾਲਕ ਕਾ ਸਿਖ ਹੂਆ ਅਰ ਕਪਾਲਕ ਮਦ ਕਾ ਭਾਂਜਨ ਆਪ ਭੀ ਪੀਆ ਅਰ ਕਪਾਲਨੀ ਕਉ ਭੀ ਦੀਆ ਅਰ ਖਿਪਣਕ ਕੋ ਭੀ ਪਿਲਾਇਆ ਅਰ ਮਹਾ ਮੰਤ੍ਰ ਕਹਤ ਭਇਆ ਕਿ ਇੰਦਪਵਿਤ੍ਰ ਅੰਮ੍ਰਿਤੰਪਯਤਾਂਭਵਭੇ ਖਜੰ ॥ ਪਸਪਾਸਸਮਛੇਦ ਕਾਰਨੰ ਭਯੀਰਵੇਦਤ ॥ ਤਬ ਖਿਪਨਕ ਕਹਾ ਕਿ ਅਸਾਂ ਕੋ ਵਡਿਓਂ ਕੀ ਆਗਿਆ ਕਰ ਪਾਨ ਕਰਨਾ ਜੋਗ ਹੈ ਤਬ ਭਿਖਕਿ ਕਹਾ ਹਮ ਤੇਰਾ ਉਚਿਸਟ ਕੈਸੇ ਪਾਨ ਕਰਹਿ ਤਬ ਕਪਾਲਕ ਕਹਾ ਹੇ ਸਰਧੇ ਤੂੰ ਆਪਣੇ ਮੁਖ ਰੂਪੀ ਅੰਮ੍ਰਿਤ ਕਰਕੇ ਉਚਿਸਟ ਕਰ ਦੇਹਿ ਸੋ ਜਬ ਆਪਣੇ ਮੁਖ ਸਿਉ ਸਰਧਾ ਨੇ ਉਚਿਸਟ ਕਰ ਦੀਆ ਤਬ ਭਿਖਕ ਨੇ ਪੀਆ ਅਰ ਕਪਾਲਕ ਨੇ ਭੀ ਪੀਆ ਸੋ ਦੋਨੋਂ ਘੂਰਨ ਹੋ ਕੇ ਗਿੜ ਪੜੇ ਤਬ ਕਪਾਲਕ ਕਹਾ ਹੇ ਕਪਾਲਨੀ ਇਹ ਦੋਨੋਂ ਹਮ ਦਾਸ ਪਾਏ ਹੈਂ ਤਬ ਕਪਾਲਕ ਅਰ ਕਪਾਲਨੀ ਦੋਨੋਂ ਨਿਰਤ ਕਰਨੇ ਲਗੇ ਅਰ ਭਿਖਕ ਅਰ ਖਿਪਨਕ ਵੀ ਲਗੇ ਨਿਰਤ ਕਰਨੇ ਤਦ ਕਪਾਲਕ ਕਹਯਾ ਮੈ ਮੰਤ੍ਰ ਕਹਤਾ ਹੋਂ ਕਿ ਤੁਸੀ ਧਰਮ ਦੀ ਜੋ ਪੁਤ੍ਰੀ ਸਰਧਾ ਹੈ ਤਿਸ ਕੋ ਪਕੜ

ਲਿਆਵੇ ਤਬ ਸਾਂਤ ਕਹਿਆ ਹੇ ਕਰਣੇ ਇਹ ਮੇਰੀ ਮਾਤਾ ਕੀ ਵਾਰਤਾ ਕਰਤੇ ਹੈਂ ਤਬ ਕਰਣਾਂ ਅਰ ਸਾਂਤ ਧਿਆਨ ਲਾਕੇ ਲਗੀਆਂ ਸੁਣਨੇ ਤਬ ਕਪਾਲਕ ਚਕ ਫੇਰਿਆ ਅਰ ਚਕ੍ਰ ਲਾਇਕਰ ਦੇਖਿਆ ਤਾਂ ਨਾ ਸਰਧਾ ਜਲ ਵਿਖੇ ਹੈ ਅਰ ਨਾ ਥਲ ਵਿਖੇ ਹੈ ਅਰ ਨਾ ਪਰਬਤਾਂ ਵਿਖੇ ਹੈ ਅਰ ਨਾ ਪਤਾਲ ਵਿਖੇ ਹੈ ਪਰ ਸਰਧਾ ਵਿਸਨ ਭਗਤ ਕੇ ਸਾਥ ਸੰਤਾਂ ਦੇ ਰਿਦੇ ਵਿਖੇ ਵਸਤੀ ਹੈ ਤਬ ਖਿਪਨਕ ਕਹਿਆ ਕਿ ਹਮਾਰੇ ਰਾਜੇ ਮੋਹ ਕਾ ਬਚਨ ਹੈ ਜੋ ਸਰਧਾ ਕੋ ਪਕੜ ਲਿਆਵੋ ਤਬ ਕਪਾਲਕ ਪੁਸਤਕ ਲੈਕੇ ਦੇਖਣ ਲਗਾ ਤੋ ਉਸਨੇ ਕਹਜਾ ਕਿ ਵਿਸਨ ਭਗਤਿ ਕੇ ਪਾਸ ਸਰਧਾ ਹੈ ਅਰ ਨਿਹਕਾਮ ਧਰਮ ਭੀ ਵਿਸਨ ਭਗਤਿ ਪਾਸ ਹੈ ਤਾਂਤੇ ਬਬੇਕ ਕਾ ਕਾਰਜ ਸਿਧ ਹੂਆ ਦਿਸਟ ਆਵਤਾ ਹੈ ਅਰ ਮਹਾਂ ਮੋਹ ਕਾ ਕਾਰਜ ਸਿਧ ਨਹੀਂ ਹੋਤਾ ਸੋ ਵਿਸਨ ਭਗਤਿ ਕਰਕੇ ਬਬੇਕ ਕਾ ਜੋ ਅੰਤਹਕਰਣ ਸੁਧ ਹੋਵੈਗਾ ਅਰ ਵਿਦਿਆ ਰੂਪੀ ਕੰਨਿਆਂ ਅਰ ਪ੍ਰਬੋਧ ਰੂਪੀ ਪੁਤ੍ਰ ਉਤਪਤਿ ਹੋਵੈਂਗੇ ਤਾਂ ਹਮਾਰੇ ਰਾਜੇ ਮਹਾਂ ਮੋਹ ਕਾ ਨਾਸ ਹੋਵੈਗਾ ਤਉ ਭੈਰਵੀ ਕੋ ਸਰਧਾ ਅਰ ਧਰਮ ਕੇ ਪਕੜਨੇ ਕੋ ਭੇਜਿਆ ਤਾਂ ਸਾਂਤ ਅਰ ਕਰਣਾ ਭੀ ਦੋਨੋਂ ਵਿਸਨ ਭਗਤਿ ਕੇ ਪਾਸ ਜਾਇ ਪ੍ਰਾਪਤ ਭਈਆਂ ॥ ਪੰਚਮੋ ਅੰਗ ਸਮਾਪਤੰ ॥ ਤਉ ਭੈਰਵੀ ਜੋ ਪਖੰਡੀ ਅਹੁ ਨੇ ਭੇਜੀ ਸੀ ਸੋ ਤਿਸਨੇ ਸਰਧਾ ਕੋ ਅਰ ਨਿਹਕਾਮ ਧਰਮ ਕੋ ਜਬ ਵਿਸਨ ਭਗਤ ਸੇ ਕਿਨਾਰੇ ਦੇਖਾ ਤੋ ਦੋਨਉ ਕਉ ਲੇਕਰ ਅਕਾਸ ਕਉ ਭੈਰਵੀ ਉਡੀ ਅਰ ਵਿਸਨ ਭਗਤ ਕੋਪ ਕਰਕੈ ਦ੍ਰਿਸਟ ਕਰੀ ਤਬ ਭੈਰਵੀ ਗਿਰ ਪੜੀ ਅਰ ਤਿਸਕੇ ਸਿਰ ਕੇ ਅਸਥ ਅਰ ਅੰਗ ਭੰਗ ਹੋ ਗਏ ਅਰ ਸਰਧਾ ਅਤੇ ਧਰਮ ਉਸਕੇ ਮੁਖ ਸ਼ੋ ਨਿਕਲਕੇ ਵਿਸਨ ਭਗਤਿ ਪਾਸ ਆਏ ਜੋ ਮੈ ਭੈਰਵੀ ਸੇ ਕੰਪੀ ਹੋਂ ਅਰ ਕੈਸਾ ਹੈ ਭੈਰਵੀ ਕਾ ਰੂਪ ਜੋ ਮਹਾਂ ਭਇਆਨਕ ਹੈਂ ਅਰ ਮਾਨਖਹੁ ਦੇ ਸਿਰਕੇ ਕਾਨਹੁ ਮੈ ਕੁੰਡਲ ਹੈਂ ਅਰ ਬਿਜਲੀ ਕੀ ਨਿਆਈ ਚਮਤਕਾਰ ਹੈ ਅਰ ਬਡੀਆਂ ਦਾੜ੍ਹਾਂ ਹੈਂ ਸੋ ਉਸਕੇ ਭੈ ਸੇ ਸਰਧਾ ਚਲੀ ਆਵਤੀ ਹੈ ਅਰ ਸਾਂਤ ਅਰ ਕਰਣਾ ਭੀ ਚਲੀ ਆਵਤੀ ਹੈ ਤਉ ਮੁਦਤਾ ਸਾਂਤ ਕਉ ਆਇ ਮਿਲੀ ਅਰ ਸਰਧਾ ਕੇ ਛੁਟਕਾਵਣੇ ਕੀ ਵਾਰਤਾ ਆਇ ਕਹੀ ਤਉ ਲਗ ਸਾਂਤ ਅਰ ਸਰਧਾ ਆਇ ਮਿਲੀਆਂ ਤਾਂ ਸਾਂਤ ਨੇ ਸਰਧਾ ਕੋ ਨਮਸਕਾਰ ਕੀਆ ਅਰ ਸਰਧਾ ਨੇ ਨਾ ਪਛਾਤਾ ਤਬ ਸਾਂਤ ਕਹਿਆ ਹੇ ਮਾਤਾ ਡਰੀ ਹੋਈ ਮੁਝੇ ਨਹੀਂ ਪਛਾਨਤੀ ॥ ਤਬ ਸਰਧਾ ਨੇ ਪਛਾਤਾ ਤਉ ਸਾਂਤ ਅਰ ਕਰਣਾ ਅਰ ਮੁਦਤਾ ਤੀਨੋ ਸਰਧਾ ਕੀ ਚਰਨੀ ਆਨ ਲਗੀਆਂ ਅਰ ਚਾਰੋਂ ਏਕਠੀਆਂ ਹੋਇਕੇ ਵਿਸਨ ਭਗਤਿ ਕੇ ਚਰਨੀ ਆਨ ਲਗੀਆਂ ਤਬ ਵਿਸਨ ਭਗਤਿ ਕਹਿਆ ਕਿ ਦੁਰਾਤਮਾ ਜੋ ਹੈ ਮਹਾਮੋਹ ਤਿਸਕੋ ਮੈ ਮਾਰੋਗੀ ਸੋ ਤੁਸੀਂ ਚਾਰੋ ਬਬੇਕ ਪਾਸ ਜਾਹੋ ਅਰ ਆਪਨੀ ਸੈਨਾ ਕੋ ਕਹੋ ਜੋ ਸਮ ਦਮ

ਆਦਿਕ ਕਹਨ ਤੇ ਸਰਧਾ ਨੇ ਕਹਿਆਂ ਕਿ ਹੇਵਤਸੇ ਮਹਾਰਾਜ ਕਿਸ ਠਉਰ ਵਿਰਾਜਤੇ ਹੈਂ ਤਬ ਸਾਂਤ ਕਹਾ ਕਿ ਇਕ ਰਾਢਾ ਨਾਮ ਨਗਰੀ ਹੈ ਅਰ ਤਿਸਕੇ ਤਲੇ ਗੰਗਾ ਨਦੀ ਚਲਤੀ ਹੈ ਅਰ ਤਿਸਕੇ ਕੰਠੇ ਚਕ੍ਰ ਤੀਰਥ ਹੈ ਸੋ ਤਿਸ ਅਸਥਾਨ ਪਤੰਜਲ ਸੰਜੁਕਤ ਊਹਾ ਰਾਜਾ ਪ੍ਰਾਣਾ ਯਾਮ ਕਰਤੇ ਹੈਂ ਤਬ ਵਿਸਨ ਭਗਤਿ ਕੀ ਆਗਿਆ ਕਰ ਮੈਤ੍ਰੀ ਅਣਕੰਪਾ ਮੁਦਤਾ ਉਪੇਖਿਆ ਚਾਰੋਂ ਭੈਣਾਂ ਏਹ ਭੀ ਬਬੇਕ ਪਾਸ ਜਾਇ ਪ੍ਰਾਪਤ ਭਈਆਂ ਅਰ ਸਰਧਾ ਅਤੇ ਸਾਂਤ ਏਹ ਭੀ ਜਾਇ ਪ੍ਰਾਪਤਿ ਭਈਆਂ ਸੋ ਸਭਨਹੁ ਕਉ ਆਦਰ ਕਰਕੇ ਬੈਠਾਇਆ ਤਾਂ ਸਰਧਾ ਕਹਤ ਭਈ ਕਿ ਹਮਾਰਾ ਵਿਸਨ ਭਗਤਿ ਨੇ ਬਡਾ ਪਖੁ ਕੀਆ ਹੈ ਅਰ ਤੁਮਾਰੇ ਕਉ ਸੰਦੇਸਾ ਕਹਾ ਹੈ ਕਿ ਜਿਸ ਮਹਾਂ ਮੋਹ ਨੇ ਅਗਿਆਨ ਕੇ ਸਾਗਰ ਮੈ ਸਾਰੇ ਜਗਤ ਕੌ ਡੋਬਾ ਹੈ ਅਰ ਮਨ ਕੋ ਭੀ ਵਸ ਕੀਤਾ ਹੈ ਸੋ ਤੁਸੀ ਉਪਨਿਖਦ ਦੇਵੀ ਸੇ ਪ੍ਰਬੋਧ ਰੂਪੀ ਪੁਤ੍ਰ ਉਤਪਤਿ ਕਰੋ ਜੋ ਮਹਾਮੋਹ ਕਾ ਨਾਸ ਕਰੇ ਤਬ ਬਬੇਕ ਕਹਾ ਹੇ ਸਰਧੇ ਉਪਨਿਖਦ ਦੇਵੀ ਕੇ ਲਿਆਵਣੇ ਜੋਗ ਤੁਹੀਂ ਹੈਂ ਤਬ ਸਰਧਾ ਕਹਿਆ ਕਿ ਮੈਂ ਵਿਸਨ ਭਗਤ ਪਾਸ ਜਾਤੀ ਹੋਂ ਸੋ ਤੁਮ ਬਨਾਰਸੀ ਵਿਖੇ ਜਾਇ ਵਸਹੁ ਅਰ ਵਸਤ ਵਿਕਾਰ ਆਦਿਕ ਸੂਰਮੇ ਬੁਲਾਵਹੁ ਜੋ ਕਾਮ ਆਦਿਕਹੁ ਕੋ ਜੀਤੈਂ ਪਰ ਸਾਂਤ ਕੇ ਹਾਥ ਤੁਸਾਂ ਸੰਦੇਸਾ ਭੇਜਣਾ ਅਰ ਮੈ ਵਿਸਨ ਭਗਤਿ ਕੀ ਆਗਿਆ ਲੇਕਰ ਉਪਨਿਖਦ ਦੇਵੀ ਆਨ ਮਿਲਾਵੋਂਗੀ ਤਬ ਬਬੇਕ ਨੇ ਦੁਆਰਪਾਲ ਕੋ ਆਗਿਆ ਕਰੀ ਕਿ ਵਸਤ ਵਿਚਾਰ ਕਉ ਬੁਲਾ ਲਿਆਵੋ ਤਬ ਦੁਆਰਪਾਲ ਵਸਤ ਵਿਚਾਰ ਕਉ ਬੁਲਾਇ ਲਿਆਇਆ ਅਰ ਬਬੇਕ ਨੇ ਆਪਣੇ ਪਾਸ ਬੈਠਾਇਆ ਅਰ ਸਨਮਾਨ ਕੀਆ ਤਬ ਆਗਿਆ ਕਰੀ ਜੋ ਮੇਰਾ ਮੋਹ ਸਾਥ ਜੁਧ ਬਣਾ ਹੈ ਅਰ ਤੂੰ ਕਾਮਦੇਵ ਕੇ ਜੀਤਣੇ ਕੋ ਸਾਮਰਥ ਹੈਂ ਸੋ ਤੂੰ ਕਾਮ ਕਾ ਬਿਜੈ ਕਰ ਤਾਂ ਵਸਤ ਵਿਚਾਰ ਕਾ ਮੈ ਧੰਨ ਹੂੰ ਜੋ ਮੇਰੇ ਸੁਆਮੀ ਮੁਝੇ ਟਹਲ ਕਹੀ ਹੈ ਤਬ ਬਬੇਕ ਕਹਾ ਤੂੰ ਕਿਉਂ ਕਰ ਕਾਮ ਕੋ ਜੀਤੇਂਗਾ ॥ ਤਬ ਉਸਨੇ ਕਹਾ ਜਿਸਕੇ ਪੰਚ ਬਾਣ ਹੈਂ ਉਸਕਾ ਜੀਤਣਾ ਕਿਆ ਜੋ ਪ੍ਰਿਥਮੇ ਉਸਕੋ ਇਸਤ੍ਰੀਆਂ ਕੇ ਸਰੀਰ ਮੈ ਅਸਤ ਅਰ ਮਾਸ ਅਰ ਰੁਧਰ ਅਰ ਬਿਸਟਾ ਦਿਖਾਕੈ ਮਨ ਕੋ ਨਿਰਸ ਕਰਾਂਗਾ ਅਰ ਬਹੁਰ ਸਰੀਰ ਕੇ ਦੁਆਰੇ ਪ੍ਰਾਣਾਯਾਮ ਕਰਕੇ ਰੋਕ ਰਖੋਂਗਾ ਅਰ ਕਾਮ ਕੋ ਬੀਚ ਹੀ ਮਾਰ ਲੇਵੋਂਗਾ ਅਰ ਔਰ ਭੀ ਉਪਾਵ ਹੈ ਕਿ ਜੋ ਬਿਮਲ ਨਦੀਆਂ ਕੇ ਕਿਨਾਰੇ ਪਰ ਝਰਨੇ ਝਰਤੇ ਹੈਂ ਅਰ ਸੀਤਲ ਅਸਥਾਨੋਂ ਪਰ ਬੈਠ ਕੇ ਮਹਾਂ ਪੁਰਖ ਚਰਚਾ ਕਰਤੇ ਹੈਂ ਅਰ ਸਾਂਤ ਕੇ ਨਮਿਤ ਆਸਨ ਮਾਰ ਬੈਠੇ ਹੈਂ ਤਹਾਂ ਇਸਤ੍ਰੀਆਂ ਅਰ ਕਾਮ ਕਾ ਕਿਆ ਬਲ ਚਲਤਾ ਹੈ ਕਯੋਂਕਿ ਏਕ ਨਾਰੀ ਕੋ ਜੀਤੇ ਹੂਏ ਜਿਤਨੇ ਕਾਮ ਕੇ ਅਸਤ੍ਰ ਹੈਂ ਜੋ ਚੰਦ ਕੀ ਚਾਂਦਨੀ ਅਰ ਭਉਰੋਂ ਕਾ ਗੁੰਜਾਰ ਅਰ

ਬਸੰਤ ਅਰ ਮੇਘ ਅਰ ਪੁਸਪ ਸੋ ਸਰਬ ਕਾਮ ਕੋ ਅਸਤ੍ਰ ਨਿਫਲ ਹੋ ਜਾਵੇਂਗੇ ਅਰ ਮੇਰੇ ਜੋ ਅਨੇਕ ਬੀਚਾਰ ਹੈਂ ਤਿਸਤੇ ਕਾਮ ਕੋ ਜੀਤੋਂਗਾ ਤਬ ਵਸਤ ਵਿਚਾਰ ਨਮਸਕਾਰ ਕਰਕੇ ਕਾਂਸੀ ਕੋ ਵਿਦਿਆ ਭਇਆ ਤਬ ਫਿਰ ਬਬੇਕ ਨੇ ਦੁਆਰਪਾਲ ਕੋ ਕਹਾ ਕਿ ਖਿਮਾ ਕੋ ਕ੍ਰੋਧਕੇ ਜੀਤਨੇ ਵਾਸਤੇ ਬੁਲਾ ਲਿਆਓ ਤਾਂ ਖਿਮਾ ਆਨ ਨਮਸਕਾਰ ਕੀਆ ਤਾਂ ਰਾਜੇ ਨੇ ਆਦਰ ਦੇ ਕੇ ਪਾਸ ਬੈਠਾਇਆ ਅਰ ਕਹਾ ਹੇ ਖਿਮਾ ਤੂੰ ਕ੍ਰੋਧ ਕੇ ਜੀਤਨ ਕੋ ਸਾਮਰਥ ਹੈ ਤਬ ਖਿਮਾ ਨਮਸਕਾਰ ਕਰਕੇ ਜਾਤ ਭਈ ਤਬ ਬਬੇਕ ਬੁਲਾ ਕਰ ਕਹਾ ਕਿਉਂ ਕਰ ਕ੍ਰੋਧ ਕੋ ਮਾਰੇਂਗੀ ਤਾਂ ਖਿਮਾ ਕਹਾ ਏਹ ਬਡਾ ਦੁਸਟ ਹੈ ਅਰ ਇਸਨੇ ਕਈ ਸਤਰੂ ਮਾਰੇ ਹੈਂ ਪਰ ਮੈ ਇਸਕੋ ਐਸੇ ਮਾਰੋਂਗੀ ਜੋ ਕ੍ਰੋਧਵਾਨ ਪੁਰਖ ਆਗੇ ਨਿੰਮ੍ਰਤਾ ਕਰੋਂਗੀ ਕਿ ਮੈ ਪਾਪੀ ਹੋਂ ਤੂੰ ਰਾਖਨੇ ਜੋਗ ਹੈਂ ਅਰ ਜੇ ਫੇਰ ਭੀ ਕ੍ਰੋਧ ਕਰ ਮਾਰੇਗਾ ਤਬ ਮਨ ਕੋ ਸਮਝਾਵੋਂਗੀ ਕਿ ਏਹ ਮਾਰਕੇ ਹੀ ਪ੍ਰਸੰਨ ਹੋਤਾ ਹੈ ਅਰ ਸਿਖ ਕਾ ਪ੍ਰਸੰਨ ਕਰਨਾ ਹੀ ਮੁਖ ਕਹਾ ਹੈ ਅਰ ਜੇ ਇਸੇ ਬਾਤ ਮੇਂ ਪ੍ਰਸੰਨ ਹੋਤਾ ਹੈ ਕਿ ਫਿਕਾ ਬੋਲਣ ਅਰ ਸਟ ਮਾਰਨ ਕਰ ਤਬ ਤੇਰਾ ਕਿਆ ਜਾਨੀਐ ਕੌਨ ਸਾ ਬਿਘਨ ਟਲਿਆ ਹੈ ਸੋ ਤੇਰਾ ਭਲਾ ਇਸੀ ਮੈਂ ਹੈ ਅਰ ਧੀਰਜ ਕਰਕੇ ਪੁਰਖ ਵਧਤਾ ਹੈ ਅਰ ਕ੍ਰੋਧ ਕਰ ਘਟਤਾ ਹੈ ਤਾਂ ਤੇ ਜਿਸਕੀ ਬਾਣੀ ਮੈਂ ਖੇਦ ਨਹੀਂ ਅਰ ਰਿਦੇ ਵਿਖੇ ਸੂਲ ਨਹੀਂ ਸੋ ਕ੍ਰੋਧ ਕੋ ਜੀਤਦਾ ਹੈ ਅਰ ਕ੍ਰੋਧ ਕੇ ਜੀਤਨ ਕਰ ਹਿੰਸਾ ਕਠੋਰਤਾ ਮਾਨ ਅਰ ਮਦ ਸਭ ਜੀਤੇ ਜਾਤੇ ਹੈਂ ਤਬ ਬਬੇਕ ਕਹਿਆ ਸਾਧ ਸਾਧ ਤਬ ਖਿਮਾ ਕ੍ਰੋਧ ਕੇ ਜੀਤਨੇ ਕੋ ਜਾਤ ਭਈ ਫੇਰ ਦੁਆਰਪਾਲ ਨੇ ਸੰਤੋਖ ਕੋ ਬੁਲਾਇਆ ਸੋ ਲੋਭ ਕੇ ਜੀਤਨੇ ਕੋ ਸੰਤੋਖ ਨੇ ਆਨ ਨਮਸਕਾਰ ਕਰੀ ਤਾਂ ਬਿਬੇਕ ਕਹਾ ਕਿ ਤੂੰ ਲੋਭ ਕੋ ਕਿਉ ਕਰ ਜੀਤੇਂਗਾ ॥ ਤਬ ਸੰਤੋਖ ਬੋਲਿਆ ਕਿ ਪ੍ਰਥਮੇ ਮਨ ਕੋ ਸਮਝਾਵੋਂਗਾ ਜੋ ਮਹਾਰਾਜ ਨੇ ਬ੍ਰਿਛੋਂ ਸਾਥ ਫਲ ਲਾਇ ਦੀਏ ਹੈਂ ਅਰ ਕੰਦ ਮੂਲ ਕਰ ਦੀਏ ਹੈਂ ਅਰ ਨਦੀਆਂ ਸੀਤਲ ਕਰ ਦੀਆਂ ਹੈਂ ਅਰ ਗਿਰਉ ਕੇ ਝਰਨੇ ਸੀਤਲ ਝਰਤੇ ਹੈਂ ਸੋ ਤਹਾਂ ਬੈਠਕੇ ਇਕੰਤ ਨਾਰਾਇਨ ਕਾ ਭਜਨ ਕਰ ਅਰ ਜਿਨਾਂ ਪਦਾਰਤਾਂ ਕੀ ਚਾਹਨਾਂ ਕਰਤਾ ਹੈਂ ਸੋ ਤਿਨਾਂ ਪਦਾਰਥਾਂ ਕਾ ਏਕਠਾ ਕਰਨਾ ਵਡਿਆਂ ਪਾਪਾ ਕਰ ਹੋਤਾ ਹੈ ਅਰ ਖਰਚਣਾ ਅਰ ਰਖਣਾ ਬੜਾ ਦੁਖ ਹੈ ॥ ਅਰ ਜਬ ਜਾਤੇ ਹੈਂ ਤੋ ਅਤਿ ਕਸਟ ਦੇ ਜਾਤੇ ਹੈਂ ਅਰ ਮ੍ਰਿਤ ਸਿਰ ਪਰ ਹਸਤੀ ਹੈ ਅਰ ਜੈਸੇ ਤੰਦੂਰੇ ਮੈਂ ਚੰਦਨ ਕੀਆਂ ਲਕੜੀਆਂ ਅਰ ਪਲਾਸ ਕੀਆਂ ਲਕੜੀਆਂ ਸਭ ਭਸਮ ਹੋ ਜਾਤੀਆਂ ਹੈ ਤੈਸੇ ਉਧਰ ਮੈਂ ਜੋ ਪੜਤਾ ਹੈ ਸੋ ਸਭੀ ਭਸਮ ਹੋ ਜਾਤਾ ਹੈ ਤਾਂਤੇ ਨਾਰਾਇਨ ਕਾ ਨਾਮ ਜਪੀਏ ਸੋ ਇਸ ਪ੍ਰਕਾਰ ਮੈ ਲੋਭ ਕੋ ਜੀਤੋਂਗਾ ਤਬ ਸਾਂਤ ਕੋ ਭੀ ਨਾਲ ਲੇ ਜਾਵੋਂਗਾ ॥ ਅਰ ਉਹ ਤ੍ਰਿਸਨਾ ਕੋ ਜੀਤੇਗੀ ਅਰ ਕਹੇਗੀ ਕਿ ਜੌਨਸੇ ਸਪਤ

ਦੀਪ ਕੇ ਰਾਜੇ ਸੇ ਸੋ ਭੀ ਨਾਲ ਨਹੀਂ ਲੈ ਗਏ ਤਾਂਤੇ ਸਹਜ ਕੇ ਸਾਥ ਜੋ ਆਵੇ ਤਿਸਕੋ ਭਖਣ ਕਰੀਏ ਤੇ ਨਾਰਾਇਣ ਕਾ ਭਜਨ ਕਰੀਏ ਤਬ ਸੰਤੋਖ ਅਰ ਸਾਂਤ ਨਮਸਕਾਰ ਕਰ ਜਾਤੇ ਭਏ ॥ ਖਸਟਮ ਅੰਕ ਸਮਾਪਤੰ ॥ ੬ ॥ ਤਿਸਤੇ ਉਪਰੰਤ ਸਤਸੰਗ ਰੂਪੀ ਦੁਆਰਪਾਲ ਆਵਤ ਭਇਆ ॥ ਅਰ ਤਿਸਨੇ ਕਹਾ ਕਿ ਮੰਗਲਾਚਾਰ ਕੀ ਸਮਗ੍ਰੀ ਸਭ ਤਜਾਰ ਹੈ ਅਰ ਪਰਖਾਰਥੀ ਰੂਪੀ ਸਾਰਥੀ ਆਇਆ ਹੈ ਅਰ ਦੇਹ ਰੂਪੀ ਜੋ ਰਥ ਹੈ ਚਰਨਾਂ ਰੂਪੀ ਜੋ ਤਰੰਗ ਹੈ ਅਰ ਤਿਤਿਖਿਆ ਰੂਪੀ ਸਾਥ ਜੋ ਪੈਦਲ ਹੈਨ ਅਰ ਸਾਧਨ ਰੂਪੀ ਜੇਵੜਿਅਹੁ ਸਾਥ ਰਥ ਬਾਂਧਾ ਹੂਆ ਹੈ ਸੋ ਤਿਸ਼ ਪਰ ਅਰੂੜ ਹੋਵਹੁ ਤਬ ਰਾਜੇ ਯਮ ਨੇਮ ਆਦਿਕ ਮੰਤ੍ਰੀ ਬੁਲਾਏ ਅਰ ਸਮ ਦਮ ਆਦਿਕ ਚਤੁਰੰਗਨੀ ਸੈਨਾ ਸਾਥ ਲੈਕਰ ਦੇਹ ਰੂਪੀ ਰਥ ਪਰ ਅਰੂੜਤ ਭਇਆ ਅਰ ਅਕਾਸ ਮਾਰਗ ਕਉ ਚਲਿਆ ਤਬ ਪੁਰਖਾਰਥ ਨੇ ਕਹਿਆ ਕਿ ਏਹ ਕਾਂਸੀ ਕੇ ਬਨ ਘਨ ਵਤ ਸੁਭਾਇਮਾਨ ਹੈਂ ਜੋ ਆਪਣੇ ਫਲਹੁ ਫੁਲਹੁ ਕਰ ਸਿਵਜੀ ਕੀ ਪੂਜਾ ਕਰਤੇ ਹੈਂ ਅਰ ਏਹ ਮੰਦਰ ਮਹਾਂ ਉਜਲਾ ਹੈ ਜਿਸਮੈਂ ਧੁਜਾ ਬਾਂਧੀ ਹੂਈ ਹੈ ਅਰ ਧੂਪ ਕਾ ਧੂੰਮ ਨਿਕਸਤਾ ਹੈ ਅਰ ਗੰਗਾ ਕੇ ਤਰੰਗ ਚੌਫੇਰੇ ਚਲੇ ਜਾਤੇ ਹੈਂ ਤਬ ਕਾਂਸੀ ਕੀ ਪਰਕਰਮਾ ਕਰਕੇ ਚਕ੍ਰ ਤੀਰਥ ਜੋ ਬਿਸਨ ਕਾ ਧਾਮ ਹੈ ਤਹਾਂ ਜਾਇ ਡੰਡਉਤ ਕੀਆ ਕਿ ਇਸੀ ਅਸਥਾਨ ਜੀਵ ਦੇਹ ਕੋ ਤਿਆਗਕੇ ਵਿਸਨ ਕੋ ਪ੍ਰਾਪਤ ਹੋਤੇ ਹੈਂ ਅਰ ਇਸੀ ਨੇ ਮਧ ਕੈਟਭ ਕੋ ਚਕ੍ਰ ਸਾਥ ਮਾਰਾ ਹੈ ਅਰ ਇਸੀ ਨੇ ਦਸ ਅਵਤਾਰ ਧਾਰ ਕੇ ਸੰਤਾਂ ਦੀ ਰਖਿਆ ਕਰੀ ਹੈ ਅਰ ਇਸੀ ਕਾ ਪ੍ਰਕਾਸ ਸੂਰਜ ਚੰਦ੍ਰਮੇ ਕੋ ਪ੍ਰਕਾਸਤਾ ਹੈ ਅਰ ਇਸੀ ਕੇ ਪ੍ਰਕਾਸ ਮੈ ਸਾਰਾ ਜਗਤ ਹੈ ਅਰ ਸਮੁੰਦਰ ਕੋ ਮਥ ਕਰ ਲਛਮੀ ਕੋ ਨਿਕਾਸ ਕਰ ਬੈਕੁੰਠ ਮੈਂ ਵਿਰਾਜਾ ਹੈ ਸੋਈ ਚਤਰ ਭੁਜ ਮੇਰੇ ਰਿਦੇ ਮੈਂ ਵਿਰਾਜ ਮਾਨ ਹੋਵਹੁ ਕਜੋਂ ਕਿ ਮੈਨੇ ਇਸਕੋ ਨਮਸਕਾਰ ਕੀਆ ਹੈ ਅਰ ਇਹੀ ਮੇਰਾ ਮਹਾ ਮੋਹ ਸੇ ਜੈ ਕਰਾਵੇਗਾ ਤਾਂ ਇਹ ਬਾਤ ਕਹਿਕਰ ਨਿਆਇ ਸਾਸਤ੍ਰ ਕੋ ਮਹਾ ਮੋਹ ਪਾਸ ਭੇਜ਼ਾ ਜੋ ਤੂੰ ਹਮਾਰਾ ਪਵਿਤ੍ਰ ਦੇਸ ਛੋਡ ਕਰ ਜਾਹਿ ॥ ਅਰ ਮਲੇਛਾਂ ਦੇ ਦੇਸ ਰਾਜ ਕਰ ਨਹੀਂ ਤੋ ਮੇਰੇ ਸਾਥ ਜੁਧ ਕਰ ਤਾਂ ਮੋਹ ਨੇ ਕਹਿਆ ਕਿ ਮੈਂ ਜੁਧ ਕੀਏ ਬਿਨਾ ਜਾਤਾ ਨਹੀਂ ਤਬ ਬਬੇਕ ਕੇ ਯਮ ਨੇਮ ਆਦਿਕ ਸੂਰਮੇ ਅਰ ਕਾਮ ਕ੍ਰੋਧਾਦਿਕ ਮੋਹ ਕੇ ਸੂਰਮੇ ਆਪਸ਼ ਮੈਂ ਸਤ੍ਰਕਾ ਪਾਤ ਲਗੇ ਕਰਨੇ ਅਰ ਭੂਤ ਪ੍ਰੇਤ ਮਾਸ ਅਹਾਰੀ ਲਗੇ ਨਾਚਣੇ ਅਰ ਕ੍ਰੋਧ ਅਰ ਹਿੰਸਾ ਅਰ ਅਹੰਕਾਰ ਅਰ ਅਭਿਮਾਨ ਮੋਹ ਕੇ ਸੂਰਮੇ ਆਏ ਅਰ ਸੰਤੋਖ ਅਰ ਖਿਮਾ ਅਰ ਨਿੰਮ੍ਰਤਾ ਅਰ ਅਹਿੰਸਾ ਨੇ ਉਨਹੁ ਕਉ ਜੀਤਾ ਤਿਸੀ ਸਮੇ ਕਾਮ ਦੇਵ ਪੁਸਪਹੁ ਕਾ ਧਨਖ ਲੀਏ ਆਇਆ ਅਰ ਆਪਨੀ ਅੰਗਨਾ ਅਰ ਬਸੰਤ ਅਰ ਚੰਦਨ ਆਦਿਕਹੁ ਕਰ ਬਬੇਕ ਕੀ ਸੈਨਾ ਕੋ ਮੂਰਛਤ ਕੀਆ ਤਬ

ਵਸਤ ਵਿਚਾਰ ਗਰਜਿਆ ਅਰ ਕਹਾ ਰੇ ਮੂੜ ਅੰਗਨਾਂ ਜੋ ਰੈਨਿ ਮੰਸ ਅਰ ਰੁਧਰ ਅਰ ਵਿਸਟਾਕਾ ਪੁਤਲਾ ਹੈ ਅਰ ਵਿਚਾਰ ਕੇ ਆਗੇ ਸੁੰਦਰਤਾਈ ਵਿਰਸ ਹੋ ਜਾਤੀ ਹੈ ਦਿਤਜਾਦਿਕ ਸਸ੍ਤ੍ਰਹੁ ਕਰ ਵਸਤ ਵਿਚਾਰ ਕਾਮ ਕਉ ਜੀਤ ਲੇ ਗਿਆ ਤਉ ਲਗ ਨਾਮ ਦਾਨ ਇਸਨਾਨ ਗਰਜਿਆ ਅਰ ਮੋਹ ਸੈਨਾ ਸਮੇਤ ਭਜਿਆ ਤਉ ਲਗ ਰਾਤ ਆਈ ਅਰ ਉਡਗਣ ਭਾਸਣ ਲਾਗੇ ਸੋ ਸਭ ਸੈਨਾ ਆਪੋ ਆਪਣੇ ਅਸਥਾਨਾਂ ਮੈ ਸੈਨ ਕੀਆ ॥ ਅਰ ਜਬ ਫੇਰ ਅਕਾਸ ਨਿਰਮਲ ਹੂਆ ਅਰ ਸੰਖ ਬਾਜੇ ਤਬ ਯਮ ਨੇਮ ਆਦਿਕ ਸੂਰਮਿਆਂ ਨੇ ਰਾਜੇ ਬਬੇਕ ਨੂੰ ਨਮਸਕਾਰ ਕਰੀ ਤਾਂ ਬਬੇਕ ਸਾਂਤ ਕੋ ਬੁਲਾਵਤ ਭਇਆ ਕਿ ਤੇਰੀ ਜੋ ਮਾਤਾ ਸਰਧਾ ਹੈ ਸੋ ਵਿਸਨ ਭਗਤਿ ਕੇ ਪਾਸ ਬੈਠੀ ਹੈ ਸੋ ਤਿਸਕੋ ਬੁਲਾਇ ਲਿਆਉ ਤਬ ਸਾਂਤ ਵਿਸਨ ਭਗਤਿ ਪਾਸ ਆਈ ਅਰ ਆਨ ਨਮਸਕਾਰ ਕੀਆ ਅਰ ਸਰਧਾ ਕੋ ਭੀ ਨਮਸਕਾਰ ਕੀਆ ਤਬ ਵਿਸਨ ਭਗਤਿ ਪੁਛਿਆ ਕਿ ਜੋ ਬਬੇਕ ਕਾ ਅਰ ਮੋਹ ਕਾ ਬ੍ਰਿਤਾਂਤ ਹੂਆ ਹੈ ਸੋ ਕਹੁ ਤਾਂ ਸਾਂਤ ਕਹਤ ਭਈ ਕਿ ਪ੍ਰਿਥਮੇ ਬਬੇਕ ਨੇ ਮੋਹ ਨਿਆਇ ਸਾਸਤ੍ਰ ਨੂੰ ਭੇਜਿਆ ਸੀ ਜੋ ਤੂੰ ਪਵਿਤ੍ਰ ਦੇਸ ਦਾ ਰਾਜ ਛੋਡ ਕਰ ਮਲੇਛਾਂ ਦੇ ਦੇਸ ਦਾ ਰਾਜ ਜਾਇਕਰ ਅਰ ਤਿਸਨੇ ਪਖੰਡ ਸਾਸਤ੍ਰ ਭੇਜਿਆ ਅਰ ਸੂਰਮੇ ਆਪਣੇ ਜੁਧ ਕਉ ਤਿਆਰ ਕੀਏ ਅਰ ਬਬੇਕ ਨੇ ਭੀ ਧਰਮ ਸਾਸਤ੍ਰ ਅਰ ਸਿਧਾਂਤ ਸਾਸਤ੍ਰ ਤਯਾਰ ਕੀਏ ਅਰ ਮਹਾਂ ਮੋਹ ਨੇ ਦਿਗੰਬਰ ਅਰ ਬੋਧ ਅਰ ਚਾਰਵਾਕ ਅਰ ਕਪਾਲਕ ਇਨਹੁ ਸਾਸਤ੍ਰਹੁ ਕੇ ਸਾਥ ਜੁਧ ਕਰਵਾਇਆ ਅਰ ਵਿਦਾਂਤ ਅਰ ਮਿਮਾਂਸਾ ਅਰ ਪਤੰਜਲ ਮਹਾ ਭਾਸਤੇ ਆਦ ਲੈਕਰ ਸਭਨਹੁ ਨੇ ਜੁਧ ਕੀਆਂ ਹੈ ਅਰ ਸਰਧਾ ਕਹਾ ਇਹ ਮਿਮਾਸਾ ਆਦਿਕ ਜੋ ਸਾਸਤ੍ਰ ਹੈ ਅਰ ਆਪਸ ਮੈਂ ਜੁਧ ਕਰਤੇ ਥੇ ਸੋ ਇਨਕੀ ਆਪਸ ਮੈ ਕਿਉਂ ਕਰ ਸਾਂਤ ਭਈ ਹੈ ਤਾਂ ਸਾਂਤ ਨੇ ਕਹਿਆ ਏਹ ਤੋ ਸਭਹੀ ਸਾਸਤ੍ਰ ਏਕ ਬ੍ਰਹਮ ਕੋ ਪ੍ਰਤਿਪਾਦ ਤੇ ਹੈਂ ਅਰ ਸਾਂਤ ਕੀ ਅਧਕਤਾ ਕਰ ਵਿਸਨ ਕੋ ਬ੍ਰਹਮ ਕਹਤੇ ਹੈਂ ਅਰ ਰਾਜਸੀ ਅਧਕਤਾ ਕਰ ਬ੍ਰਹਮਾ ਕੋ ਬ੍ਰਹਮ ਕਹਤੇ ਹੈਂ ਅਰ ਤਾਮਸੀ ਅਧਕਤਾ ਕਰ ਸਿਵਕੋ ਬ੍ਰਹਮ ਕਹਤੇ ਹੈਂ ਸੋ ਇਹ ਸਾਸਤ੍ਰ ਹੈਂ ਅਰ ਸਭ ਹੀ ਏਕ ਬ੍ਰਹਮ ਕਉ ਪ੍ਰਤਪਾਦਤੇ ਹੈਂ ਜੈਸੇ ਦੈਤ ਘਟ ਜਾਤੇ ਹੈਂ ਤੋ ਦੇਵਤੇ ਭੀ ਪਰਸਪਰ ਵਿਰੋਧ ਕਰਤੇ ਹੈਂ ਅਰ ਦੈਤਾਂ ਦੇ ਪ੍ਰਬਲ ਹੋਏ ਦੇਵਤੇ ਸਭ ਇਕਤ੍ਰ ਹੋ ਜਾਤੇ ਹੈਂ ਤੈਸੇ ਪਖੰਡ ਸਾਸਤ੍ਰ ਜਹਾਂ ਨਹੀਂ ਹੋਤੇ ਤਹਾਂ ਧਰਮ ਸਾਸਤ੍ਰ ਭੀ ਆਪਸ ਵਿਖੇ ਵਿਰੋਧ ਕਰਤੇ ਹੈਂ ਅਰ ਜਬ ਪਖੰਡ ਸਾਸਤ੍ਰ ਵਰਧਤੇ ਹੈਂ ਤਉ ਧਰਮ ਸਾਸਤ੍ਰ ਇਕਤ੍ਰ ਹੋ ਜਾਤੇ ਹੈਂ ॥ ਅਰ ਬਬੇਕ ਕਾ ਅਰ ਮਹਾ ਮੋਹ ਕਾ ਜੋ ਜੁਧ ਹੂਆ ਹੈ ਅਰ ਜੋ ਪਖੰਡ ਸਾਸਤ੍ਰ ਮਹਾ ਮੋਹ ਨੇ ਭੇਜੇ ਥੇ ਸੋ ਸਤ ਸਾਸਤ੍ਰਾਂ ਨੇ ਨਿਰਮੂਲ ਕੀਏ ਹੈਂ ਸੋਗਤਿ ਆਦਿਕ ਪਾਖੰਡ ਸਾਸਤ੍ਰ

ਹੈਨ ਸੋ ਸਿੰਧ ਦੇਸ ਅਰ ਕੰਧਾਰ ਅਰ ਫਾਰਸ ਅਰ ਮਗਧ ਅਰ ਰੋਹ ਅਰ ਬੰਗ ਅਰ ਕਾਲੰਗ ਇਤਯਾਦਿਕ ਮਲੇਸ ਦੇਸਾਂ ਨੂੰ ਸਤਸੰਗ ਦੇ ਜੀਤੇ ਹੋਏ ਜਾਇ ਪ੍ਰਾਪਤ ਹੂਏ ਅਰ ਦਿਗੰਬਰ ਅਰ ਕਪਾਲਕ ਇਹ ਪੰਚਾਲ ਦੇਸ ਅਰ ਅਧੀਰਜ ਦੇਸ ਅਰ ਆਵਰਤ ਸਾਗਰ ਵਿਖੇ ਨਿਆਉ ਅਰ ਮਿਮਾਸਾ ਕੇ ਜੀਤੇ ਹੂਏ ਜਾਇ ਛੁਪੇ ਅਰ ਵਸਤ ਵਿਚਾਰ ਨੇ ਕਾਮ ਕੋ ਜੀਤਾ ਹੈ ਅਰ ਖਿਮਾਨੇ ਕ੍ਰੋਧ ਕਉ ਜੀਤਾ ਹੈ ਅਰ ਕਠਉਰ ਕਉ ਅਰ ਹਿੰਸਾ ਕਉ ਜੀਤਾ ਹੈ ਅਰ ਸੰਤੋਖ ਅਰ ਸਤ ਨੇ ਲੋਭ ਅਰ ਤ੍ਰਿਸਨਾ ਅਰ ਦਾਲਿਧ੍ਰ ਅਰ ਸਤਤਾ ਅਰ ਚੁਗਲੀ ਅਰ ਚੋਰੀ ਅਰ ਆਪਗ੍ਰਹ ਏਹ ਸਭ ਜੀਤੇ ਅਰ ਉਤਕਰਖ ਸੰਭਾਵਨਾ ਨੇ ਮਦ ਅਰ ਕ੍ਰਿਪਨਤਾ ਕਉ ਜੀਤਾ ਅਰ ਅਨਸੂਆ ਨੇ ਮਤਸਰ ਅਰ ਨਿੰਦਾ ਕਉ ਜੀਤਾ ਸੋ ਇਤਜਾਦਿਕ ਮੋਹ ਦਿਆਂ ਸੂਰਮਿਆਂ ਨੂੰ ਬਬੇਕ ਦਿਆਂ ਸੂਰਮਿਆਂ ਨੇ ਜੀਤਾ ਅਰ ਜਬ ਦਾਨ ਇਸਨਾਨ ਗਰਜੇ ਤਾਂ ਤਿਸਤੇ ਪੀਛੇ ਕਿਧਰੇ ਮਹਾਂ ਮੋਹ ਆਪਣੇ ਬਿਘਨ ਸਹਤ ਛਪ ਬੈਠਾ ਹੈ ਤਾਂ ਵਿਸਨ ਭਗਤਿ ਕਹਯਾ ਕਿ ਜੋ ਅਗਨ ਅਰ ਰਿਣ ਅਰ ਸਤਰੂ ਦੇ ਸੇਖ ਹੂਏ ਦੁਖ ਦੇਤੇ ਹੈਂ ਤਬ ਮੋਹ ਕਾ ਨਾਸ ਕੀਤਾ ਚਾਹੀਤਾ ਹੈ ਅਰ ਫੇਰ ਬ੍ਰਿਤਾਂਤ ਕਹੁ ਤਾਂ ਸਾਂਤ ਕਹਾ ਹੇ ਦੇਵੀ ਮਨ ਆਪਣੇ ਕੁਟੰਬ ਕਾ ਅਭਾਵ ਸੁਣਕੇ ਬਡੇ ਸੋਕ ਕਉ ਪ੍ਰਾਪਤ ਭਇਆ ਸੋ ਏਹ ਬਾਤ ਸੁਣਕੇ ਮਨਦੀ ਵਿਸਨ ਭਗਤਿ ਅਰ ਸਰਧਾ ਪ੍ਰਸੰਨ ਭਈਆ ਅਰ ਕਹਾ ਅਬ ਮਨ ਨਿੰਮ੍ਰਤ ਕੇ ਭਾਵ ਕੋ ਪ੍ਰਾਪਤ ਹੋਵੈਗਾ ਸੋ ਮੈ ਸੁਧ ਸੰਕਲਪ ਕੋ ਮਨ ਕੇ ਪਾਸ ਭੇਜਤੀ ਹੂੰ ਤਬ ਵਿਸਨ ਭਗਤਿ ਸੁਧ ਸੰਕਲਪ ਕੋ ਭੇਜਾ ਤਾਂ ਸੁਧ ਸੰਕਲਪ ਆਕਰ ਕਿਆ ਵੇਖੇ ਜੋ ਮਨ ਸੋਚ ਕਰਤਾ ਹੈ ਅਰ ਰਾਗ ਦ੍ਵੈਖ ਅਰ ਮਤਸਰ ਇਤਜਾਦਿਕਹੁ ਕੀ ਚਿੰਤਾ ਕਰਤਾ ਹੈ ਅਰ ਰੋਤਾ ਹੈ ਅਰ ਹਾਹਾ ਕਰ ਪ੍ਰਿਥਵੀ ਪਰ ਗਿਰ ਪੜਾ ਹੈ ਤਾਂ ਤਿਸੀ ਸਮੇਂ ਸੁਧ ਸੰਕਲਪ ਨੇ ਮਨ ਕਉ ਚੇਤੰਨ ਕੀਆ ਅਰ ਸੰਕਲਪ ਨੇ ਕਹਿਆ ਕਿ ਤੂੰ ਕਿਉਂ ਰੋਤਾ ਹੈਂ ਤਾਂ ਉਸ ਕਹਿਆ ਕਿ ਮੇਰੀ ਪਰਵਿਰਤ ਇਸਤ੍ਰੀ ਸਿਉਂ ਜੋ ਕੁਟੰਬ ਉਪਜਿਆ ਥਾ ਮੋਹ ਆਦਿਕ ਸੋ ਸਭ ਨਸਟ ਹੋ ਗਏ ਅਰ ਅਬ ਤੂੰ ਮੇਰੇ ਵਾਸਤੇ ਚਿਖਾਰਚ ਜੋ ਮੈ ਭੀ ਪ੍ਰਵੇਸ ਕਰਕੇ ਜਲਮਰਉ ਤਬ ਲਗ ਸੁਤਾ ਜੋ ਵਿਆਸੀ ਬਾਣੀ ਹੈ ਸੋ ਆਨ ਪ੍ਰਾਪਤ ਭਈ ਅਰ ਮਨ ਕਉ ਧੀਰਜ ਦੇ ਕਰ ਕਹਾ ਕਿ ਤੇਰੀ ਜੋ ਨਿਬਿਰਤ ਰੂਪੀ ਇਸਤ੍ਰੀ ਹੈ ਅਰ ਬਬੇਕ ਰੂਪੀ ਪੁਤ੍ਰ ਹੈ ਅਰ ਸਭ ਸੈਨਾ ਉਸਕੀ ਸਚੇ ਸੁਖ ਦੇਣੇ ਵਾਲੀ ਹੈ ਸੋ ਤਿਸ ਕੇ ਸਾਥ ਪਿਆਰ ਕਰ ਅਰ ਭੈਨੇ ਬਹੁਤੇ ਸਾਸਤ੍ਰ ਪੜੇ ਸੁਣੇ ਹੈਂ ਅਰ ਇਨਕੇ ਪੜਨੇ ਸੁਣਨੇ ਕਾ ਏਹੋ ਫਲ ਹੈ ਕਿ ਪਦਾਰਥਾਂ ਕੋ ਅਨਿਤ ਜਾਣ ਕੇ ਰਾਗ ਦ੍ਵੈਖ ਤਿਆਗਣਾ ਅਰ ਕਈ ਵੇਰੀ ਇਹ ਸਰੀਰ ਉਪਜੇ ਹੈਂ ਅਰ ਕਈ ਵੇਰੀ ਬਿਨਸੇ ਹੈਂ ਅਰ ਕਈ ਵਾਰੀ ਪੁਤ੍ਰ ਪਿਤਾ ਹੂਏ ਹੈਂ ਅਰ ਪਿਤਾ ਪੁਤ੍ਰ

ਹੂਏ ਹੈਂ ਅਰ ਜੋ ਦੇਹ ਅਨਿਤ ਹੈ ਸੋ ਨਿਤ ਨਹੀਂ ਅਰ ਜੋ ਆਤਮਾਂ ਨਿਤ ਹੈ ਸੋ ਬਿਨਸਤਾ ਨਹੀਂ ਤਾਂ ਸੋਕ ਅਰ ਸੰਦੇਹ ਹੀ ਦੁਖ ਕਾ ਕਾਰਣ ਹੈ ਸੋ ਸੁਰਸਤੀ ਕਹਤੀ ਹੈ ਕਿ ਹੇ ਮਨ ਤੂੰ ਜੀਵ ਅਰ ਈਸੂਰ ਕੀ ਏਕਤਾ ਕਰ ਤਾਂ ਤੇਰਾ ਕਲਿਆਣ ਹੋਵੈਗਾ ਅਰ ਜੋ ਪੁਤ੍ਰ ਕੇ ਜਨਮਣੇ ਕਾ ਹਰਖ ਕਰਤਾ ਹੈ ਸੋ ਮਰਣੇ ਕਾ ਸੋਕ ਭੀ ਕਰਤਾ ਹੈ ਤਾਂਤੇ ਸੰਨੇਹ ਹੀ ਦੁਖ ਕਾ ਕਾਰਨ ਹੈ ॥ ਅਰ ਸੰਨੇਹ ਸਭ ਅਨਰਥੋਂ ਕਾ ਉਪਜਾਵਣ ਵਾਲਾ ਹੈ ਉਹ ਸਰੀਰ ਸਦਾ ਨਹੀਂ ਅਰ ਜਿਸ ਕੁਟੰਬ ਵਾਸਤੇ ਇਤਨੇ ਜਤਨ ਕਰਤਾ ਹੈ ਸੋ ਕੁਟੰਬ ਸਭ ਦੁਖਾਂ ਦਾ ਕਾਰਣ ਹੈ ਅਰ ਆਪਣੇ ਹੀ ਸੁਆਰਥ ਵਾਸਤੇ ਸਭ ਕੁਟੰਬੀ ਹੈਂ ਅਰ ਜਿਸ ਦਿਨ ਸੁਆਰਥ ਇਨਕਾ ਨਾ ਹੂਆ ਤਾਂ ਇਹੀ ਵੈਰੀ ਹੈਂ ਤਬ ਮਨ ਕਹਾ ਹੇ ਦੇਵੀ ਜੋ ਤੂੰ ਕਹਤੀ ਹੈਂ ਇਹੀ ਹੈ ਪਰ ਦੇਹ ਸੇ ਜੋ ਉਪਜੇ ਹੂਏ ਪੁਤ੍ਰਾਦਿਕ ਹੈਂ ਅਰ ਆਪਨੇ ਹਥੀ ਲਡਾਏ ਹੈਂ ਤਿਨਕਾ ਸਨੇਹ ਈਸੂਰ ਕੀ ਕ੍ਰਿਪਾ ਬਿਨਾ ਭੂਲਤਾ ਨਹੀ ਤਾਂ ਸੁਰਸਤੀ (ਭਾਵ ਸੁਰਤ) ਕਹਤੀ ਹੈ ਕਿ ਹੇ ਪੁਤ੍ਰ ਮਮਤਾ ਅਰ ਰਾਗ ਏਹੀ ਬੰਧਨੋ ਕਾ ਮੂਲ ਹੈ ਸੋ ਮੈਂ ਦਿਖਾਵਤੀ ਹੋਂ ਕਿ ਗ੍ਰਹ ਵਿਖੇ ਸੁਕ ਅਰ ਕਬੂਤ੍ਰ ਰਖੇ ਹੋਏ ਹੋਤੇ ਹੈਂ ਅਰ ਚੂਹੇ ਆਦਿਕ ਭੀ ਹੈ ਅਰ ਬਿਲੀ ਉਨਕਾ ਨਾਸ ਕਰਤੀ ਹੈਂ ਤਾਂ ਚੂਹਯਾਂ ਕਾ ਸੋਕ ਨਹੀ ਹੋਤਾ ਅਰ ਦੇਹ ਵਿਖੇ ਅਨੇਕ ਜੀਅ ਉਪਜਤੇ ਹੈਂ ਪਰ ਪੁਤ੍ਰਾਦਿਕੋਂ ਕਾ ਸੋਕ ਹੋਤਾ ਹੈ ਜੂੰਕ ਆਦਿ ਕੋਕਾ ਨਹੀ ਹੋਤਾ ਤਾਤੇ ਮਮਤਾ ਕੀ ਵਾਸਨਾ ਦੁਖੋਂ ਕਾ ਕਾਰਨ ਹੈ ਤਾਂ ਮਨ ਕਹਤਾ ਹੈ ਹੇ ਦੇਵੀ ਜੋ ਤੁਮ ਕਹਤੇ ਹੋ ਇਵਹੀ ਹੈ ਪਰ ਮਮਤਾ ਰੂਪ ਗ੍ਰਿੰਥ ਚਿਰੰਕਾਲ ਕਾ ਦ੍ਰਿੜ ਹੂਆ ਹੈ ਏਹ ਸੁਖੈਨ ਨਹੀਂ ਛੂਟਤਾ ਅਰ ਤੂੰ ਸਾਮਰਥ ਹੈਂ ਸੋ ਐਸਾ ਉਪਾਵ ਕਰੋ ਜੋ ਮੇਰੀ ਮਮਤਾ ਛੁਟੇ ਤਾਂ ਸੁਰਸਤੀ ਕਹਤੀ ਹੈ ਰੇ ਪੁਤਰ ਪਦਾਰਥਾਂ ਕਾ ਅਨਿਤ ਜਾਣਨਾ ਏਹੀ ਮਮਤਾ ਕੇ ਦੂਰ ਕਰਨੇ ਕਾ ਉਪਾਵ ਹੈ ਅਰ ਜੇਤੇ ਸਨੇਹੀ ਹੈਂ ਸੋ ਕੇਤੀ ਬਾਰ ਹੂਏ ਹੈਂ ਅਰ ਮਿਟ ਗਏ ਹੈਂ ਅਰ ਬਿਜਲੀ ਕੇ ਚਮਤਕਾਰ ਵਤ ਜਗਤ ਮਾਇਆ ਮੈਂ ਹੋਤਾ ਭੀ ਹੈ ਅਰ ਅਵਾਵ ਭੀ ਹੋ ਜਾਤਾ ਹੈ ਤਾਂ ਮਨ ਕਹਾ ਹੇ ਦੇਵੀ ਤੇਰੇ ਅੰਮ੍ਰਿਤ ਵਚਨੋ ਕਰ ਮੇਰਾ ਰਿਦਾ ਸੁਧ ਹੂਆ ਹੈ ਅਰ ਜਗਤ ਕਾ ਮੋਹ ਮੇਰਾ ਦੂਰ ਭਇਆ ਹੈ ਪਰ ਏਹ ਨਵੀਨ ਸੋਕ ਕਾ ਅਉਖਦਕਰ ਤਬ ਸੁਰਸਤੀ ਕਹਾ ਹੇ ਪੁਤ੍ਰ ਮੈਂ ਤੁਝੇ ਔਖਦ ਕਹਤੀ ਹੋਂ ਜੋ ਆਗੇ ਭੀਮੁਨੋਕਾ ਸੋਕ ਮਿਟਾ ਹੈ ਕਿ ਬਿਖਿਓਂ ਕਾ ਚਿਤਵਨਾ ਹੀ ਬੰਧਨ ਹੈ ਅਰ ਤਿਆਗਨਾ ਮੋਖ ਹੈ ਤਾਂ ਮਨ ਕਹਾ ਹੇ ਦੇਵੀ ਸਚ ਕਹਤੀ ਹੈਂ ਜੈਸੇ ਚੰਦ੍ਰਮਾ ਆਗੇ ਮੇਘਾ ਕਾ ਪਟ ਆਵਤਾ ਹੈ ਤੈਸੇ ਮੇਰੇ ਆਗੇ ਸੋਕ ਕਾ ਪਟ ਆਇਆ ਹੈ ਪਰ ਤੇਰੀ ਕ੍ਰਿਪਾ ਬਿਨਾ ਦੂਰ ਨਹੀਂ ਹੋਤਾ ਤਾਂ ਸੁਰਸਤੀ ਕਹਾ ਹੇ ਪੁਤ੍ਰ ਚਿਤ ਕਾ ਇਹੀ ਸੁਭਾਉ ਹੈ ॥ ਪਰ ਮੈ ਤੁਝੇ ਸਾਂਤ ਕਾ ਉਪਦੇਸ ਕਰਤੀ ਹੋਂ ਕਿ ਮਹਾਰਾਜ ਕੇ ਨਾਮ

ਅਰਾਧਨ ਕਰ ਸਾਂਤ ਪ੍ਰਾਪਤ ਹੋਤੀ ਹੈ ਜੈਸੇ ਜੇਠ ਆਸਾੜ ਕੀ ਤਖਤ ਮੇਂ ਸੀਤਲ ਜਲ ਅਰ ਛਾਇਆ ਮੈ ਆ ਬੈਠਤਾ ਹੈ ਤੈਸੇ ਸਾਧ ਸੰਗਤ ਮੈਂ ਬੈਠ ਕੇ ਸੀਤਲ ਹੋ ਜਾਤਾ ਹੈ ਤਬ ਮਨ ਚਰਨਾ ਪਰ ਗਿਰ ਪੜਾ ਅਰ ਕਹਾ ਹੇ ਸੁਰਸਤੀ ਤੂੰ ਸਹਾਇਤਾ ਕਰ ਤਬ ਸੁਰਸਤੀ ਕਹਾ ਅਬ ਤੂੰ ਰੇ ਮਨ ਸੁਧ ਹੂਆ ਹੈ ਅਬ ਮੇਰਾ ਉਪਦੇਸ ਤੁਝੇ ਪ੍ਰਵੇਸ ਕਰੇਗਾ ਸੋ ਸੁਣ ਕਿ ਜਿਤਨੇ ਸਰੀਰ ਹੈ ਮ੍ਰਿਤ ਕੇ ਗ੍ਰਾਸ ਹੈਂ ਅਰ ਆਪਣਾ ਸਰੀਰ ਭੀ ਮ੍ਰਿਤੁ ਕੇ ਮੁਖ ਮੈ ਹੈ ਪਰ ਮੂੜ ਇਸਕੀ ਪ੍ਰੀਤ ਕਰਤੇ ਹੈਂ ਤਬ ਵੈਰਾਗ ਆਨ ਪ੍ਰਾਪਤ ਭਇਆ ਸੋ ਏਹ ਸਰੀਰ ਰੁਧਰ ਕਾ ਅਰ ਮਾਸ ਕਾ ਪੁਤਲਾ ਹੈ ਅਰ ਇਸ ਕੇ ਗ੍ਰਾਸਕੋ ਗ੍ਰਿਝ ਅਰ ਕਾਂਗ ਗਿਦੜ ਆਦਿਕ ਚਾਹਤੇ ਹੈਂ ਅਰ ਏਹ ਸਰੀਰ ਛਿਨ ਭੰਗਰ ਹੈ ਅਰ ਤੁਚਾ ਕੇ ਸਾਥ ਲਪੇਟਿਆ ਹੂਆ ਹੈ ਅਰ ਲਖਮੀ ਜੋ ਸੁੰਦਰ ਭਾਸਤੀ ਹੈ ਅਰ ਵਿਖੇ ਸੋ ਏਹ ਭੀ ਅੰਤ ਵਿਖੇ ਬਿਰਸ ਹੋ ਜਾਤੇ ਹੈਂ ਤਾਂਤੇ ਬੁਧਵਾਨ ਇਨਕਾ ਤਿਆਗ ਹੀ ਕਰਤੇ ਹੈਂ ॥ ਅਰ ਵਿਸਨ ਪੁਰਾਨ ਵਿਖੇ ਭੀ ਕਹਾ ਹੈ ਕਿ ਏਹ ਸਰੀਰ ਮੇਧਾ ਰੁਧਰ ਪੁਰੀਖਿ ਮੂਤ੍ਰ ਕਾ ਭਾਜਨ ਹੈ ਅਰ ਜੋ ਬਬੇਕੀ ਹੈਂ ਇਸ ਸਰੀਰ ਸੇ ਬਿਰਕਤ ਹੋਤੇ ਹੈਂ ॥ ਤਾਂ ਵੈਰਾਗ ਕਹਾ ਹੇ ਪਿਤਾ ਮੈ ਤੇਰਾ ਪੁਤ੍ਰ ਹੋਂ ਤਾਂ ਮਨ ਤਿਸਕੋ ਅਲਿੰਗਨ ਕਰਤ ਭਇਆ ॥

ਅਰ ਮਨ ਕੋ ਉਪਦੇਸ ਤਿਸਨੇ ਦੀਆ ਕਿ ਜੈਸੇ ਪੰਛੀ ਬ੍ਰਿਛ ਪਰ ਰਾਤ ਕੋ ਇਕਤ੍ਰ ਹੋਤੇ ਹੈਂ ਅਰ ਅਕਾਸ ਮੈਂ ਬਾਦਲ ਇਕੱਠੇ ਹੋਤੇ ਹੈਂ ਅਰ ਫੇਰ ਵਿਛੜ ਭੀ ਜਾਤੇ ਹੈਂ ਤੈਸੇ ਕੁਟੰਬੀ ਹੈਂ ਅਰ ਪਦਾਰਥ ਮ੍ਰਿਗ ਤ੍ਰਿਸਨਾ ਅਰ ਗੰਧ੍ਰਬ ਨਗਰ ਵਤ ਹੈ ਸੋ ਹੇ ਮਨ ਤੂੰ ਨਿਬ੍ਰਿਤ ਇਸਤ੍ਰੀ ਸੇ ਸੰਜੋਗ ਕਰ ਅਰ ਤੇਰੇ ਜੋ ਪੁਤ੍ਰ ਪੋਤ੍ਰੇ ਸਮ ਦਮ ਸੰਤੋਖ ਆਦਿਕ ਹੈਂ ਸੋ ਤੇਰੀ ਸੇਵਾ ਕਰੇਂਗੇ ਅਰ ਬਬੇਕ ਜੋ ਤੇਰਾ ਪੁਤ੍ਰ ਹੈ ਸੋ ਚਕ੍ਰ ਤੀਰਥ ਪਰ ਨਾਰਾਇਣ ਕਾ ਤਪ ਕਰਤਾ ਹੈ ਅਰ ਓਹ ਭੀ ਭਗਵਾਨ ਸੇ ਵਰ ਲੇਕਰ ਉਪਨਿਖਦ ਦੇਵੀ ਸੇ ਵਿਵਾਹ ਕਰੇਗਾ ਅਰ ਤਿਸ ਤੇ ਪ੍ਰਬੋਧ ਪੁਤ੍ਰ ਪੈਦੇ ਹੋਵੈਗਾ ਅਰ ਮੈਤ੍ਰੀ ਤੇ ਆਦਿ ਲੈਕਰ ਜੋ ਸਖੀਆਂ ਹੈਂ ਸੋ ਤੇਰੀ ਸੋ ਤੇਰੀ ਸੇਵਾ ਕਰਨ ਲਗੀਆਂ ਹੈਂ ਅਰ ਯਮ ਨੇਮ ਆਸਨ ਪ੍ਰਾਣਾਯਾਮ ਕਰ ਤੇਰਾ ਰਾਜ ਬ੍ਰਿਧ ਹੋਵੈਗਾ ਅਰ ਆਪਣੇ ਪਰਮ ਸੁਭਾਵ ਕੋ ਪ੍ਰਾਪਤਿ ਹੋਵੈਗਾ ਅਰ ਹੇ ਪੁਤਰ ਇਕ ਜੋ ਆਤਮਾ ਹੈ ਸੋ ਬੁਧ ਦੀਆਂ ਬ੍ਰਿਤਾਂ ਕਰਕੇ ਅਨੇਕ ਹੋ ਭਾਸਤਾ ਹੈ ਜੈਸੇ ਜਲ ਦੀ ਉਪਾਧਿ ਕਰ ਏਕ ਸੂਰਜ ਕੇ ਅਨੇਕ ਹੋ ਭਾਸਤੇ ਹੈਂ ਤੈਸੇ ਤੂੰ ਬੁਧਿ ਦੀਆਂ ਬ੍ਰਿਤਾ ਕੋ ਇਕਾਗਰ ਕਰਕੇ ਦੋ ਘਟਕਾ ਮਾਤ੍ਰ ਤ੍ਰਸਨੀ ਹੋਹ ਤਾਂ ਆਤਮ ਰੂਪ ਹੋਇਕੇ ਸਾਂਤ ਕਉ ਪ੍ਰਾਪਤਿ ਹੋਵੈਗਾ ॥ ਸਪਤਮ ਅੰਕ ਸਮਾਪਤੰ ॥ ੭ ॥ ਇਸਤੇ ਉਪਰੰਤ ਵਿਸਨ ਭਗਤਿ ਸਰਧਾ ਕੋ ਕਹਤ ਭਈ ਕਿ ਮਨ ਕਾਮ ਕ੍ਰੋਧ ਆਦਿਕਾ ਕੋ ਤਿਆਗ ਕੇ ਅਬ ਸਾਂਤ ਕੋ ਪ੍ਰਾਪਤ ਹੂਆ ਹੈ ਅਰ

ਪੰਚ ਕਲੇਸ ਭੀ ਸਾਂਤ ਹੂਏ ਹੈਂ ॥ ਸੋ ਤੂੰ ਅਬ ਉਪਨਿਖਦ ਦੇਵੀ ਕੋ ਬਬੇਕ ਕੇ ਨਿਕਟ ਬੁਲਾਇ ਲਿਆਉ ਜੋ ਪ੍ਰਬੋਧ ਸੁਤ ਪੈਦੇ ਹੋਵੈ ਅਰ ਜਬ ਪੈਦੇ ਹੋਵੈਗਾ ਤਬ ਮੋਹ ਕਾ ਨਾਸ ਹੋਵੈਗਾ ਅਰ ਸਾਂਤ ਕੋ ਕਹਾ ਕਿ ਤੂੰ ਬਬੇਕ ਪਾਸ ਜਾਇ ਅਰ ਉਸਕੋ ਧੀਰਜ ਦੇਹ ਜੋ ਅਬ ਤੇਰਾ ਕਾਰਜ ਸੁਫਲਾ ਹੋਵੈਗਾ ਤਬ ਵਿਸਨ ਭਗਤਿ ਕੀ ਆਗਿਆ ਪਾਇ ਕਰ ਅਰ ਨਮਸਕਾਰ ਕਰਕੇ ਦੋਨਹੁ ਨੇ ਗਵਨ ਕੀਆ ਤਉ ਸਰਧਾ ਉਪਨਿਖਦ ਦੇਵੀ ਪਾਸ ਜਾਤ ਭਈ ਅਰ ਜਾਇ ਕਰ ਨਮਸਕਾਰ ਕੀਆ ਤਾਂ ਉਪਨਿਖਦ ਸਰਧਾ ਕੋ ਬਹੁਤ ਆਦ੍ਰ ਕੀਆ ਤਉ ਸਰਧਾ ਕਹਾ ਅਬ ਹਮਾਰੇ ਰਾਜੇ ਕੇ ਕਾਮ ਕ੍ਰੋਧਾਦਿ ਨਸਟ ਭਏ ਹੈ ਅਰ ਯਮ ਨੇਮ ਆਦਿਕ ਸੇਵਾ ਕਰਤੇ ਹੈਂ ਅਰ ਅਬ ਹਮਾਰਾ ਸੁਆਮੀ ਆਤਮ ਦੇਹ ਕੋ ਪ੍ਰਾਪਤ ਹੂਆ ਚਾਹਤਾ ਹੈ ਅਰ ਏਹ ਮਾਇਆ ਜੋ ਅਵਿਦਿਆ ਦਾ ਮੂਲ ਹੈ ਤਿਸਕੋ ਤਿਆਗਿਆ ਚਾਹਤਾ ਹੈ ਅਰ ਨਿਤ ਅਨਿਤ ਦੇ ਵਿਚਾਰ ਸਾਥ ਪਿਆਰ ਹੂਆ ਹੈ ਅਰ ਮੈਤ੍ਰੀ ਸਮਤਾ ਆਦਿਕ ਉਸਕੋ ਸੇਵਤੀਆਂ ਹੈਂ ਅਰ ਅਹੰਤਾ ਅਰ ਮਮਤਾ ਤਿਆਗ ਗਈਆਂ ਹੈਂ ਅਰ ਇਸ ਲੋਕ ਅਰ ਪਰਲੋਕ ਕੇ ਰਸਾਂ ਸੇ ਵੈਰਾਗ ਹੂਆ ਹੈ ਅਰ ਤਿਸਤੇ ਭੈ ਕਰਤਾ ਹੈ ਅਰ ਸਹਕਾਮ ਕਰਮੋ ਕਾ ਤਿਸ ਨੇ ਤਿਆਗ ਕੀਆ ਹੈ ਅਰ ਹੇ ਦੇਵੀ ਤੇਰੇ ਮਿਲਣੇ ਕੀ ਉਸ ਕਉ ਇਛਾ ਹੂਈ ਹੈ ਅਰ ਤੇਰੇ ਮਿਲਣੇ ਵਾਸਤੇ ਸੰਤਪਤ ਹੈ ਸੋ ਅਬ ਤੇਰਾ ਚਲਨਾ ਹੀ ਊਹਾ ਸ੍ਰੇਸਟ ਹੈ ਤਉ ਉਪਨਿਖਦ ਕਹਿਆ ਹੇ ਸਰਧੇ ਮਹਾ ਮੋਹ ਆਦਿਕ ਕਿਥੇ ਛਪ ਬੈਠੇ ਹਨ ਤਬ ਸਰਧਾ ਕਹਾ ਮਹਾ ਮੋਹ ਆਪਣੇ ਵਿਘਨ ਵਿਖੇ ਛਪ ਬੈਠੇ ਹੈਂ ਅਰ ਮਧਮਤੀ ਵਿਦਿਆ ਕੋ ਮਨ ਕੇ ਭੁਲਾਵਣੇ ਵਾਸਤੇ ਭੇਜਿਆ ਹੈ ਜੋ ਰਿਧਾਂ ਸਿਧਾਂ ਮੇਂ ਮਨ ਭੂਲ ਜਾਵੇ ਅਰ ਉਪਨਿਖਦ ਦੇਵੀ ਸੇ ਪਿਆਰ ਨਾ ਕਰੇ ॥ ਤਉ ਸਰਧਾ ਉਪਨਿਖਦ ਦੇਵੀ ਕਉ ਸਾਥਿ ਲੈਕਰ ਬਬੇਕ ਪਾਸ ਆਈ ਅਰ ਆਗੇ ਬਬੇਕ ਪ੍ਰਾਣਾਯਾਮ ਕਰਤਾ ਥਾ ਅਰ ਤਰਕ ਸਾਸਤ੍ਰ ਕੇ ਵਿਚਾਰ ਕਰ ਰਿਧਾਂ ਸਿਧਾਂ ਕਾ ਨਿਰਾਦਰ ਕੀਆ ਅਰ ਭਗਵਾਨ ਕਾ ਤਿਸਨੇ ਧਿਆਨ ਕੀਆ ਅਰ ਭਗਵਾਨ ਕੋਂ ਸਾਵਧਾਨ ਕੀਆ ਤਬ ਭਗਵਾਨ ਕਹਾ ਹੇ ਪੁਤਰ ਮੰਗ ਵਰ ਤਬ ਬਬੇਕ ਨਮਸਕਾਰ ਕੀਆ ਅਰ ਕਹਾ ਹੇ ਪ੍ਰਭੋ ਮੈਂ ਤੁਮਾਰੀ ਕ੍ਰਿਪਾ ਕਰ ਮੋਹ ਕੋ ਜੀਤਾ ਹੈ ਅਰ ਮਹਾ ਮੋਹ ਮਾਇਆ ਕੇ ਪਾਸ ਫਿਰਯਾਦੀ ਗਿਆ ਅਰ ਮਾਇਆ ਨੇ ਕਹਾ ਹੈ ਜੋ ਮੈ ਤੇਰੀ ਸਹਾਇਤਾ ਦੀ ਲਈ ਕਲਜੁਗ ਨੂੰ ਭੇਜਾਂਗੀ ਸੋ ਹੇ ਮਹਾਰਾਜ ਜਬ ਕਲਜੁਗ ਆਵੇ ਤਬ ਤੁਸਾਂ ਨੇ ਮੇਰੀ ਸਹਾਇਤਾ ਕਰਨੀ ਤਬ ਮਹਾਰਾਜ ਨੇ ਵਚਨ ਕੀਆ ਕਿ ਅਬ ਉਪਨਿਖਦ ਦੇਵੀ ਤੇਰੇ ਪਾਸ ਆਵਤੀ ਹੈ ਸੋ ਤਿਸਕੋ ਤੂੰ ਆਪਣੇ ਪਾਸ ਰਖ ਅਰ ਤਿਸ ਕਰਕੇ ਤੂੰ ਪ੍ਰਬੋਧ ਸੁਤ ਪੈਦੇ ਕਰੇਂਗਾ ਅਰ

ਜਬ ਕਲਜੁਗ ਆਵੇਗਾ ਤਬ ਮੈਂ ਆਪਣੀ ਭਗਤਿ ਕੋ ਸਾਥ ਲੈਕਰ ਨਾਨਕ ਅਵਤਾਰ ਧਾਰੋਂਗਾ ਅਰ ਤੇਰੀ ਸਹਾਇਤਾ ਕੇ ਵਾਸਤੇ ਸੂਰਜ ਰੂਪੀ ਬਾਨੀ ਪਰਕਾਸਾਗਾ ਅਰ ਜੋ ਮੇਰੀ ਬਾਨੀ ਸੁਣੇਗਾ ਤਿਸਕਾ ਮਹਾ ਮੋਹ ਰੂਪੀ ਅੰਧੇਰ ਦੂਰ ਹੋਵੇਗਾ ਤਬ ਮਹਾਰਾਜ ਵਰ ਦੇਇ ਕਰ ਅੰਤਰ ਧਿਆਨ ਹੋਇ ਗਏ ਤਉ ਲਗ ਸਰਧਾ ਉਪਨਿਖਦ ਦੇਵੀ ਸੋ ਕਹਾ ਕਿ ਵਿਸਨ ਭਗਤ ਕੀ ਸਹਾਇਤਾ ਕਰ ਅਬ ਬਬੇਕ ਸੋਕ ਕੇ ਸਾਗਰ ਕਉਂ ਤਰਿਆ ਹੈ ਅਰ ਤੂੰ ਉਸਕੀ ਪਤਬ੍ਰਤਾ ਇਸਤ੍ਰੀ ਹੈਂ ਸੋ ਜਬ ਆਪਣੇ ਸੁਆਮੀ ਕੋ ਵਿਪਤਾ ਪੜਤੀ ਹੈ ਤਬ ਕੁਲ ਇਸਤ੍ਰੀ ਆਪਣਾ ਸੀਲ ਪਾਲਤੀ ਹੈ ਤਬ ਉਪਨਿਖਦ ਨੇ ਕਹਿਆ ਕਿ ਮੁਝੇ ਬਡੀ ਵਿਪਤਾ ਪੜੀ ਸੀ ਅਰ ਮੇਰੀਆਂ ਹਾਥ ਕੀਆਂ ਚੂਰੀਆਂ ਭੰਗਨ ਹੋ ਗਈਆਂ ਹੈਨ ਅਰ ਸਿਰ ਵਿਖੇ ਜੋ ਰਤ ਥੇ ਸੋ ਭੀ ਦੁਖਤ ਹੂਏ ਹੈਂ ਅਰ ਮੂਰਖਹੁ ਨੇ ਮੁਝੇ ਦਾਸੀ ਕਰ ਥਾਪਾ ਥਾ ਸੋ ਮੈਂ ਅਪਦਾ ਕੇ ਦਿਨ ਬਿਤੀਤ ਕੀਏ ਹੈਂ ਅਰ ਮੁਝੇ ਗੀਤਾ ਨੇ ਕਹਾ ਹੈ ਕਿ ਜੇ ਤੂੰ ਬਬੇਕ ਕਾ ਸੰਗ ਕਰੇਂਗੀ ਤਾਂ ਪ੍ਰਸਨ ਉਤਰ ਕਰ ਲਵੇਂ ਸੋ ਮੈਂ ਪ੍ਰਸਨ ਉਤਰ ਕੈਸੇ ਕਰੋਂ ਤਬ ਸਰਧਾ ਨੇ ਕਹਿਆ ਕਿ ਵਿਸਨ ਭਗਤਿ ਵੀ ਮੁਝੇ ਐਸਾ ਕਹਾ ਹੈ ਪਰ ਤੂੰ ਚਲ ॥

ਬਬੇਕ ਕੋ ਪ੍ਰਾਪਤ ਹੋਹੁ ਤਬ ਸਰਧਾ ਅਰ ਉਪਨਿਖਦ ਆਇ ਨਮਸਕਾਰ ਕੀਆ ਤਉ ਮਨ ਬਹੁਤ ਪ੍ਰਸੰਨ ਹੂਆ ਅਰ ਉਪਨਿਖਦ ਦੂਰ ਬੈਠ ਰਹੀ ਤਬ ਮਨ ਨੇ ਆਦਰ ਕਰਕੇ ਪਾਸ ਬੈਠਾਈ ਅਰ ਬ੍ਰਿਤਾਂਤ ਪੂਛਾ ਕਿ ਏਤੇ ਦਿਨ ਕਹਾਂ ਬਿਤੀਤ ਕੀਏ ਤਬ ਉਪਨਿਖਦ ਕਹਾ ਹੇ ਸੁਆਮੀ ਤੇਰੇ ਵਿਛੜਨੇ ਸੇ ਬੋਧ ਮੁਝੇ ਦਾਸੀ ਕਰਨ ਲਗੇ ਸੇ ਅਰ ਤਿਨਕੇ ਭੈ ਕਰ ਮੈ ਮਿਮਾਸਾ ਕੀ ਜੋ ਕਾਂਡੀ ਹੋਤੀ ਹੈ ਜਗ ਵਿਦਿਆ ਤਿਸ ਪਾਸ ਗਈ ਅਰ ਤਬ ਉਸ ਕਹਾ ਤੂੰ ਕੀ ਕਰਮ ਕਰਤੀ ਹੈ ਤਬ ਮੈਨੇ ਕਹਾ ਜਿਸਸੇ ਜਗਤ ਉਤਪਤਿ ਹੋਤਾ ਹੈ ਅਰ ਜਿਸ ਮੈਂ ਇਸਥਿਤ ਹੈ ਅਰ ਜਿਸ ਵਿਖੇ ਲੀਨ ਹੋਤਾ ਹੈ ਅਰ ਜਿਸਕੇ ਪ੍ਰਕਾਸ ਬਿਨਾ ਅਸਤ ਹੋ ਜਾਤਾ ਹੈ ਸੋ ਉਸਕੋ ਮੈਂ ਪ੍ਰਤਿਪਾਦਨ ਕਰਤੀ ਹੋ ਤਬ ਯਗ ਵਿਦਿਆ ਕਹਾ ਕਿ ਤੇਰੇ ਰਹਣੇ ਕਰ ਮੇਰੇ ਕਰਮ ਅਰ ਸੂਰਗ ਨਿਰਮੂਲ ਹੋ ਜਾਤੇ ਹੈਂ ਤਾਂਤੇ ਤੂੰ ਮੇਰੇ ਨਿਕਟ ਨਾ ਰਹੋ ਅਰ ਫੇਰ ਮੈਂ ਅਗੇ ਨਿਆਉ ਵਿਦਿਆ ਅਰ ਪਤੰਜਲ ਅਰ ਸਾਂਖ ਅਰ ਤਰਕ ਤਿਨ ਪਾਸ ਗਈ ਅਰ ਪਤੰਜਲ ਕਹਾ ਮਾਇਆ ਤੇ ਜਗਤ ਉਤਪਤਿ ਹੂਆ ਹੈ ਅਰ ਈਸੂਰ ਅਕਰਤਾ ਹੈ ਸੋ ਐਸੇ ਹੀ ਸਭ ਸਾਸਤ੍ਰ ਆਪੋ ਆਪਣਿਆਂ ਕਰਮਾਂ ਕੇ ਲਗੇ ਪ੍ਰਤਪਾਦਨ ਕਰਨੇ ਅਤੇ ਮੁਝੇ ਪੁਛਿਆ ਤੂੰ ਕੈਸੇ ਬ੍ਰਹਮ ਕੋ ਪ੍ਰਤਪਾਦਨ ਕਰਤੀ ਹੈ ਅਰ ਜਗਤ ਕਉ ਕੈਸੇ ਕਹਤੀ ਹੈਂ ਤਾਂ ਮੈਂ ਕਹਿਆ ਜੈਸੇ ਸਿਪੀ ਮੈਂ ਰੁਪਾ ਭਾਸਤਾ ਹੈ ਅਰ ਜੈਸੇ ਰਸੀ ਮੈਂ ਸਰਪ ਅਰ ਸੂਰਜ ਕੀਆਂ ਕਿਰਣਾ

ਮੇਂ ਜੈਸੇ ਜਲ ਭਾਸਤਾ ਹੈ ਤੈਸੇ ਤ੍ਰੈਕਾਲ ਜਗਤ ਕਛ ਨਹੀਂ ਹੂਆ ਤਬ ਪਤੰਜਲ ਕਹਿਆ ਕਿ ਮਾਇਆ ਥੀ ਜਗਤ ਹੂਆ ਅਰ ਨਿਆਇ ਕਹਿਆ ਅਣਾਂ ਥੀ ਜਗਤ ਹੋਇਆ ਹੈ ਅਰ ਤਰਕ ਕਹਿਆ ਮਾਇਆ ਕੇ ਤੀਨ ਗੁਣ ਹੈਂ ਸੋ ਤੀਨ ਗੁਣਹੁ ਕੇ ਭਤ ਹੂਏ ਹੈਂ ॥ ਅਰ ਸਾਂਖ ਭੀ ਕਹਿਆ ਜੋ ਪ੍ਰਕਿਰਤ ਸੇ ਮਹਤਤ ਹੂਆ ਹੈ ਸੋ ਐਸੇ ਹੀ ਸਭ ਸਾਸਤ੍ਰ ਪੜੇ ਪ੍ਰਤਪਾਦਨ ਕਰਤੇ ਹੈ ਤਾਂ ਫਿਰ ਕ੍ਰੋਧ ਕਰ ਮੇਰੇ ਪਕੜਨੇ ਕਉ ਦਉੜੇ ਅਰ ਮੇਰੇ ਭੂਖਣ ਅਰ ਬਸਤ੍ਰ ਸਭ ਗਿੜ ਪੜੇ ਤਾਂ ਮੁਝੇ ਵਿਸਨ ਭਗਤਿ ਨੇ ਛਡਾਇ ਲੀਆ ਅਰ ਗੀਤਾ ਕੇ ਪਾਸ ਮੁਝੇ ਸਉਪ ਦੀਆ ਸੋ ਕੋਈ ਦਿਨ ਮੈਂ ਗੀਤਾ ਪਾਸ ਬੀਤਾਇਆ ਹੈ ਅਰ ਫੇਰ ਮੈਂ ਤੇਰੇ ਪਾਸ ਆਈ ਹੋ ਤਬ ਬਬੇਕ ਨੇ ਕਹਿਆ ਹੇ ਦੇਵੀ ਮੁਝੇ ਆਤਮਾ ਕਾ ਰੂਪ ਕਹੁ ਤਾਂ ਉਪਨਿਖਦ ਕਹਿਆ ਕਿ ਆਤਮ ਸਰੂਪ ਹੋਇਕੇ ਕਹਤਾ ਹੈ ਜੋ ਮੈਂ ਆਤਮਾ ਕੋ ਨਹੀਂ ਜਾਨਤਾ ਇਹੀ ਅਗਿਆਨ ਹੈ ਅਰ ਸੋ ਕੈਸਾ ਈਸ੍ਰਰ ਹੈ ਕਿ ਜੋ ਸਤ ਚਿਤ ਅਨੰਦ ਰੂਪ ਹੈ ਅਰ ਜੈਸੇ ਘਟਾਂ ਕਾ ਕਾਰਨ ਮ੍ਰਿਤਕਾ ਹੈ ਅਰ ਜੈਸੇ ਸੁਪਨਾ ਅਰ ਜਲਹੁ ਦੀ ਉਪਾਧਕਰ ਚੰਦ੍ਰਮਾ ਭਿੰਨ ਭਿੰਨ ਭਾਸਤਾ ਹੈ ਸੋ ਤੈਸੇ ਆਤਮਾ ਕੇ ਅਗਿਆਨ ਨ ਕਰ ਮਾਨਾ ਪ੍ਰਕਾਰ ਕੇ ਜੀਵ ਭਾਸਤੇ ਹੈਂ ਸੋ ਜਬ ਆਤਮਾ ਕਾ ਗਿਆਨ ਹੂਆ ਤਬ ਜਗਤ ਅਨਿਤ ਹੋ ਜਾਵੇਗਾ ਤਾਂ ਬਬੇਕ ਕਹਾ ਕਿ ਅਬ ਤੇਰੇ ਗਿਆਨ ਕਰ ਮੈਂ ਤ੍ਰਿਪਤ ਹੂਆ ਹੋਂ ਤਬ ਉਪਨਿਖਦ ਕਹਾ ਤੂੰ ਤਤਮਸ ਮਹਾਂਵਾਕਹੁ ਅਭਿਆਸ ਕਰ ਜੋ ਇਨਕੇ ਸ੍ਰਵਨ ਅਰ ਮਨਣ ਅਰ ਨਿਧਿਆਸਨ ਕਰ ਗਿਆਨ ਉਦੇ ਹੋਤਾ ਹੈ ॥ ਤਾਂ ਬਹੁੜੋ ਬਿਸਨ ਭਗਤਿ ਦਾ ਭੇਜਿਆ ਹੂਆ ਨਿਧਿਆਸਨ ਆਇਆ ਅਰ ਆਇਕੇ ਨਮਸਕਾਰ ਕੀਆ ਤਾਂ ਉਪਨਿਖਦ ਕੋ ਕਹਾ ਜੋ ਵਿਸਨ ਭਗਤ ਤੁਝੇ ਕਹਾ ਕਿ ਮੇਰਾ ਉਪਦੇਸ ਬਬੇਕ ਕਉ ਸੁਣਾਵਤੀ ਰਹੁ ਤਾਂ ਫੇਰ ਉਪਨਿਖਦ ਕਉ ਦੇਖ ਕਰ ਗਰਭਵਤੀ ਨਮਸਕਾਰ ਕੀਆ ਅਰ ਉਪਨਿਖਦ ਕੌ ਕਹਤ ਭਯਾ ਕਿ ਤੂੰ ਗਰਭਵਤੀ ਭਾਸਤੀ ਹੈਂ ਤਾਂ ਫਿਰ ਕਿਤਨੇ ਦਿਨਮੋ ਵਿਦਿਆ ਰੂਪੀ ਕੰਨਯਾ ਉਤਪਤ ਭਈ ਸੋ ਕੈਸੀ ਕੰਨਿਆ ਹੈ ਜੋ ਆਪਣੇ ਤੇਜ ਕਰ ਮੋਹ ਕੋ ਨਿਗਲਤੀ ਜਾਤੀ ਹੈ ਬਹੁਰੋਂ ਕੈਸੀ ਹੈ ਜੋ ਸਰਬ ਕਲਕਾ ਨਾਸ ਕਰਕੇ ਆਪ ਭੀ ਨਸਟ ਹੋ ਜਾਵੇਗੀ ਅਰ ਤਿਸਤੇ ਉਪਰਾਂਤ ਪ੍ਰਬੋਧ ਚੰਦ ਪੁਤ੍ਰ ਉਦੇ ਭਯਾ ਸੋ ਜਿਸਦੇ ਦੇਖਦੇ ਹੀ ਅਗਯਾਨ ਕਾ ਅਭਾਵ ਭਯਾ ਅਰ ਜੈਸੇ ਸੂਰਜ ਕੇ ਆਗੇ ਰਾਤ ਨਹੀਂ ਰਹਿੰਦੀ ਤੈਸੇ ਗਯਾਨ ਕਰ ਅਗਯਾਨ ਨਹੀਂ ਰਹਤਾ ॥ ਅਰ ਜਬ ਪ੍ਰਬੋਧ ਆਇਕੇ ਬਬੇਕ ਕੋ ਨਮਸਕਾਰ ਕਰੀ ਤਾਂ ਤਿਸਕੇ ਦੇਖਨੇ ਹੀ ਕਰ ਬੰਬੇਕ ਕਾ ਕਰਤਤ ਅਭਮਾਨ ਸਾਂਤ ਭਯਾ ਤਾਂ ਸਾਂਤ ਅਰ ਸੁਮਤ ਅਰ ਸਰਧਾ ਯਮ ਨੇਮ ਆਦਿਕ ਸਭ ਹੀ ਪ੍ਰਬੋਧ ਕੇ ਹੋਣੇ ਕਰ ਕ੍ਰਿਤ ਕ੍ਰਿਤ ਭਏ ਤਾਂ ਬਬੇਕ

ਕਹਾ ਮੈ ਬਿਸਨ ਭਗਤੀ ਕੀ ਕ੍ਰਿਪਾ ਕਰ ਸੋਹੰ ਸੋ ਹੂਆ ਹੋ ॥ ਅਰ ਤਿਸਤੇ ਉਪ੍ਰਾਂਤ ਬਿਸਨ ਭਗਤਿ ਭੀ ਆਨ ਪ੍ਰਾਪਤ ਭਈ ਤਾਂ ਬਿਬੇਕ ਨੇ ਵਿਸਨ ਭਗਤਿ ਕਉ ਅਸਟਾਂਗ ਡੰਡਉਤ ਕੀਆ ਅਰ ਕਹਾ ਤੇਰੇ ਪ੍ਰਸਾਦ ਕਰ ਮੋਹ ਸਤ੍ਰ ਕਾ ਨਾਸ ਭਇਆ ॥


ਅਰ ਮੈ ਕ੍ਰਿਤ ਕ੍ਰਿਤ ਹੂਆ ਹੋਂ ਸੋ ਇਹ ਕਹਿ ਕਰ ਚਰਨਾਂ ਪਰ ਗਿਰ ਪਰਾ ਤਬ ਬਿਸਨ ਭਗਤਿ ਨੇ ਚਰਨੋਂ ਤੇ ਉਠਾਇ ਕਰ ਅਰ ਪਰਮ ਕ੍ਰਿਪਾ ਕਰ ਕਹਤ ਭਈ ਕਿ ਹੇ ਪੁਤ੍ਰ ਤੇਰਾ ਪ੍ਰਜਾ ਕੋ ਅਉਰ ਭੀ ਕੁਛ ਕਹਤੀ ਹੋਂ ਸੋ ਤੂੰ ਸਵਾਧਾਨ ਹੋ ਕੇ ਸੁਣ ਕਿ ਭਗਵਾਨ ਨੇ ਗੀਤਾ ਵਿਖੇ ਕਹਾ ਹੈ ਗਯਾਨੀ ਤੁਵਾਤਮੈਵਮੇਮਤੰ ਤਿਸਤੇ ਸੰਤ ਜਨ ਜੋ ਗਿਆਨਵਾਨ ਹੈ ਅਰ ਤੂੰ ਬਬੇਕ ਜਿਨਕੇ ਰਿਦੇ ਵਿਖੇ ਇਸਥਿਤ ਹੂਆ ਹੈਂ ਤਿਨਕੋ ਕਹੁ ਕਿ ਐਸੇ ਜੋ ਸੰਤ ਗਯਾਨਵਾਨ ਹੈ ਪੂਰਨ ਬੋਧ ਤਿਨ ਕੇ ਪਾਸ ਜਾਇਕਰ ਕਯੋਂਕਿ ਸੋ ਆਤਮਾ ਮੇਰਾ ਹੈ ਅਰ ਬਹੁਰ ਅਪਨਾ ਸੰਦੇਹ ਨਿਵਿਰਤ ਅਰ ਬੋਧ ਕੀ ਬ੍ਰਿਧਤਾ ਕੇ ਨਮਿਤ ਭਗਵਾਨ ਭੀ ਐਸੇ ਕਹਾ ਹੈ ਕਿ ਪ੍ਰਪ੍ਰਸਨੇਨਸੇਵਯਹ ਜੋ ਸੰਤ ਸੇਵਨ ਜੋਗ ਹੈਨ ਤਾਂ ਬਬੇਕ ਨਮਸਕਾਰ ਕਰ ਕ੍ਰਿਤਕ੍ਰਿਤ ਭਯਾ ਅਰ ਬਬੇਕ ਕਾ ਸਾਧਨ ਪ੍ਰਥਮ ਵੈਰਾਗ ਕਹਾ ਹੈ ॥ ੮ ਅਸਤਮ ਅੰਕਸਮਾਪਤੰ ॥ ਤਬ ਨਾਨੂੰ ਬ੍ਰਹਮਣ ਕਹਾ ਏਹ ਜੋ ਅਸਟ ਅੰਕ ਪ੍ਰਬੋਧ ਉਦੇਚੰਦ ਕੇ ਮੈ ਕਹੇ ਹੈਂ ਸੋ ਗੁਰੂ ਨਾਨਕ ਜੀਕੇ ਅਉਤਾਰ ਦੀ ਸਾਖ ਵਾਸਤੇ ਕਹੇ ਹੈਂ ਅਰ ਏਹ ਗ੍ਰੰਥ ਰਿਖੋਂਨੇ ਵੇਦ ਮਥ ਕਰ ਨਿਕਾਸਾ ਹੈ ਅਰ ਗੁਰੂ ਨਾਨਕ ਜੀ ਕੇ ਅਉਤਾਰ ਕੀ ਇਸਮੇ ਭੀ ਸਾਖ ਹੈ ਅਰ ਸ੍ਰੀ ਭਾਗਵਤ ਮੈ ਭੀ ਸਾਖ ਹੈ ਕਿ ਇਕ ਦਿਨ ਵਿਆਸ ਜੀ ਗੰਗਾ ਕੇ ਤਟਪਰ ਅਰ ਸੀਤਲ ਅਸਥਾਨ ਪਰ ਆਸਨ ਮਾਰੇ ਬੈਠਾ ਸੀ ਤਹਾਂ ਨਾਰਦ ਜੀ ਆਵਤ ਭਏ ਅਰ ਤਿਸਨੇ ਉਠਕਰ ਅਸਟਾਂਗ ਡਡਉਤ ਕੀਆ ਅਰ ਨਾਰਦ ਕੋ ਆਸਨ ਪਰ ਬੈਠਾਇਆ ਅਰ ਬੇਨਤੀ ਕਰੀ ਜੋ ਮੈਨੇ ਵੇਦਾਂਤ ਸਾਸਤ੍ਰ ਭੀ ਕੀਏ ਹੈ ਅਰ ਮਹਾਂਭਾਰਤ ਭੀ ਕੀਆ ਹੈ ਅਰ ਹੋਰ ਵਿਆਕਰਣ ਆਦਿਕ ਬਹੁਤ ਕੀਏ ਹੈਂ ਪਰ ਮੁਝੇ ਸਾਂਤ ਨਹੀ ਆਵਤੀ ਤਬ ਨਾਰਦ ਕਹਾ ਤੈਨੇ ਨਾਰਾਯਣ ਕਾ ਯਸ ਨਹੀਂ ਗਾਇਆ ਤਾਂ ਵਿਆਸ ਜੀ ਕਹਾ ਮੈਨੇ ਮਹਾਭਾਰਤ ਮੈਂ ਮਹਾਰਾਜ ਕਾ ਯਸ ਗਾਇਆ ਹੈ ਤਾਂ ਨਾਰਦ ਜੀ ਕਹਾ ਤੁਝੇ ਪਾਡਵਾਂ ਕੇ ਸਾਗੇ ਗਾਯ ਹੈ ਅਰ ਮੁਖ ਕਰ ਨਹੀਂ ਗਾਇਆ ਤਾਂਤੇ ਤੁਝੇ ਸਾਂਤ ਨਹੀਂ ਆਈ ਅਰ ਪ੍ਰਥਮੇ ਬ੍ਰਹਮਾ ਜੀ ਭੀ ਜੋ ਜਗਤ ਕੇ ਉਤਪਤਿ ਕਰਨ ਹਾਰੇ ਹੈਂ ਸੋ ਚਾਰੇ ਵੇਦ ਉਸਨੇ ਮਹਾਵਾਕੋਂ ਕਰ ਰਚੇ ਅਰ ਨਿਤ ਅਭਿਆਸ ਭੀ ਕਰੇ ਤਉ ਭੀ ਉਸ ਕਉ ਸਾਂਤ ਨਾ ਹੋਤ ਭਈ ਤਬ ਵਿਸਨ ਕੀ ਅਰਾਧਨਾ ਕਰੀ ਤਾਂ ਵਿਸਨ ਪ੍ਰਤਖ ਭਏ ਅਰ ਬ੍ਰਹਮੇਂ ਨੇ ਕਹਾ ਮੁਝਕੋ ਸਾਂਤ ਪ੍ਰਾਪਤ ਕਰੋ ਤਬ ਵਿਸਨ ਕਹਾ ਕਿ ਮੈ ਜੋ ਭਗਤਾਂ ਕੀ ਰਖਿਆ ਨਮਿਤਅਉਤਾਰ ਧਾਰੇ ਹਨ

ਅਰ ਮੇਰੇ ਭਗਤ ਮੁਝ ਬਿਨਾ ਕਿਸੀ ਔਰ ਕੋ ਨਹੀਂ ਜਾਨਤੇ ਅਰ ਮੇਰੀ ਹੀ ਆਸ ਰਖਤੇ ਹੈਂ ਅਰ ਜੋ ਮੈਂ ਦੇਤਾ ਹੋਂ ਉਸੀ ਪਰ ਪ੍ਰਸੰਨ ਰਹਤੇ ਹੈਂ ਸੋ ਜੇ ਉਨਾਂ ਕੇ ਨਾਮੋਂ ਅਰ ਕਰਮੋਂ ਕੇ ਗੁਣ ਗਾਵੇਂਗਾ ਤਾਂ ਸਾਂਤ ਕੋ ਪਾਵੇਗਾ ਤਾਂ ਬ੍ਰਹਮੇ ਕਹਾ ਮਹਾਰਾਜ ਕੁਛ ਮੂਲ ਕੇ ਸਲੋਕ ਮੁਝਕੋ ਉਪਦੇਸ ਕਰੋ ਤਾਂ ਮਹਾਰਾਜ ਨੇ ਚਾਰ ਸਲੋਕ ਸ੍ਰੀ ਭਾਗਵਤ ਕੇ ਉਪਦੇਸ ਕੀਏ ਤਾਂ ਬ੍ਰਹਮਾਂ ਉਸਕੇ ਗੁਣ ਕੋ ਗਾਇਕਰ ਸਾਂਤ ਕੋ ਪ੍ਰਾਪਤ ਭਇਆ ਅਰ ਮੈ ਭੀ ਪ੍ਰਜਾਪਤਿ ਕੇ ਸਰਾਪ ਸੇ ਭਰਮਤਾ ਫਿਰਤਾ ਥਾ ਅਰ ਵੇਦੋਂ ਕਾ ਅਭਿਆਸ ਭੀ ਕਰੋਂ ਪਰ ਮੁਝੇ ਸਾਂਤ ਨਾ ਆਈ ਅਰ ਜਬ ਮੈਂ ਬ੍ਰਹਮਾਂ ਕੇ ਪਾਸ ਪ੍ਰਾਰਥਨਾ ਕਰੀ ਤਾਂ ਬ੍ਰਹਮੇ ਮੁਝੇ ਓਹੀ ਸਲੋਕ ਉਪਦੇਸ ਕਰੇ ਸੋ ਮੈ ਭੀ ਉਨਾਂ ਸਲੋਕਾਂ ਕੋ ਗਾਇਕਰ ਸਾਂਤਵਾਨ ਭਯਾ ਹੋਂ ਸੋ ਤੂੰ ਭੀ ਇਨਾਂ ਸਲੋਕਾਂ ਕੋ ਪੜ ਅਰ ਵਿਸਥਾਰ ਕਰ ਲੋਕੋਂ ਕੋ ਭੀ ਸੁਣਾਇ ਤਾਂ ਤੁਝੇ ਭੀ ਸਾਂਤ ਪ੍ਰਾਪਤ ਹੋਵੇਗੀ ਅਤੇ ਜਗਤ ਦਾ ਭੀ ਕਲਿਆਨ ਹੋਵੈਗਾ ਤਾਂ ਵਿਆਸ ਜੀ ਅਸਟਾਂਗ ਡੰਡਉਤ ਕੀਆ ਤਾਂ ਨਾਰਦ ਉਪਦੇਸ ਦੀਆ ਅਰ ਵਿਆਸ ਜੀ ਨੇ ਜੈਸਾ ਸੁਣਿਆ ਥਾ ਤੈਸੇ ਹੀ ਕੀਆ ਅਰ ਜਬ ਫਿਰ ਨਾਰਦ ਜੀ ਮਿਲੇ ਤੋ ਨਾਰਦ ਜੀ ਨੇ ਪੂਛਾ ਕਿ ਵਿਆਸ ਅਬ ਤੁਝੇ ਸਾਂਤ ਆਈ ਹੈ ਤਾਂ ਵਿਆਸ ਜੀ ਨੇ ਕਹਾ ਤੁਮਾਰੀ ਕ੍ਰਿਪਾ ਕਰ ਆਈ ਹੈ ਅਰ ਮੈਨੇ ਸ੍ਰੀ ਭਾਗਵਤ ਕਾ ਵਡਾ ਵਿਸਥਾਰ ਕੀਆ ਹੈ ਤਾਂ ਨਾਰਦ ਨੇ ਕਹਿਆ ਕਿ ਇਹ ਤੇਰਾ ਵਿਸਥਾਰ ਮਹਾਰਾਜ ਨੇ ਸੁਣਿਆਂ ਹੈ ਅਰ ਮਹਾਰਾਜ ਨੇ ਬਚਨ ਕੀਆ ਹੈ ਕਿ ਮੈ ਕਲਜੁਗ ਮੈ ਭਗਤਿ ਅਉਤਾਰ ਧਾਰੋਂਗਾ ਅਰ ਸ੍ਰੀ ਭਾਗਵਤ ਕੋ ਮਥ ਕਰ ਭਗਤਿ ਮਈ ਬਾਨੀ ਉਚਰੋਂਗਾ ਤਾਂ ਕਲਜੁਗ ਕੇ ਜੀਆਂ ਕੋ ਉਸਕੇ ਸੁਣਨੇ ਕਰ ਸਾਂਤ ਪ੍ਰਾਪਤ ਹੋਵੇਗੀ ਅਰ ਰਿਦਾ ਸੁਧ ਹੋਇਕੇ ਬਬੇਕ ਕਉ ਪ੍ਰਾਪਤ ਹੋਵੈਂਗੇ ਸੋ ਤਹਾਂ ਭੀ ਗੁਰੂ ਨਾਨਕ ਜੀ ਕੇ ਅਉਤਾਰ ਕੀ ਸਾਖ ਆਵਤੀ ਹੈ ਅਰ ਭਵਿਖਤ ਪੁਰਾਨ ਮੈ ਭੀ ਸਾਖ ਆਵਤੀ ਹੈ ਕਿ ਵਿਆਸ ਜੀ ਨੇ ਕਹਾ ਹੈ ਜੋ ਕਲਜੁਗ ਮੇ ਗੁਰੂ ਨਾਨਕ ਜੀ ਕਾ ਅਉਤਾਰ ਹੋਵੇਗਾ ਅਰ ਜੈਸੇ ਚਾਰ ਜੁਗਾਂ ਮੈ ਦਸ ਅਉਤਾਰ ਈਸਰ ਕੇ ਹੋਏ ਹੈਂ ਤੈਸੇ ਕਲਜੁਗ ਮੈਂ ਦਸ ਅਉਤਾਰ ਭਗਿਤ ਕੇ ਧਾਰਨਗੇ ਅਰ ਪੀਛੇ ਉਨ ਕੇ ਸਿਖ ਜਗਤ ਕਾ ਰਾਜ ਕਰਨਗੇ ਅਤੇ ਜੋ ਗੁਰੂ ਕੀ ਬਾਣੀ ਕਾ ਅਭਿਆਸ ਕਰਨਗੇ ਸੋ ਸਾਂਤ ਕੋ ਪ੍ਰਾਪਤ ਹੋਵੈਗੇ ਅਰ ਜੋ ਨਾਂ ਕਰੈਗੇ ਸੋ ਪਰਸਪਰ ਆਪ ਮੋ ਵਿਰੋਧ ਕਰੇਂਗੇ ਅਰ ਜੋ ਸਬਦ ਕਾ ਅਭਿਆਸ ਨਾਂ ਕਰੈਂਗੇ ਸੋ ਨਰਕਾਂ ਨੂੰ ਜਾਵਨਗੇ ਕਯੋਂਕਿ ਜਿਨਾਂ ਗੁਰਾਂ ਦੇ ਬਚਨ ਮੰਨੇ ਤਿਨਕੋ ਸਾਂਤ ਆਈ ॥

ਅਰ ਜਿਨਾਂ ਨਾ ਮੰਨੇ ਸੋ ਭਟਕਤੇ ਰਹੇ ਸੋ ਤਹਾਂ ਭੀ ਗੁਰੂ ਨਾਨਕ ਜੀ ਕੀ ਸਾਖ ਹੈ ਅਰ ਤੁਮ ਭੀ ਜੇਤੇ ਪੰਡਿਤ ਹੋ ਸੋ ਜੇ ਇਨਕਾ ਸਿਖਿਆ ਲੇਵੋਗੇ ਤਾਂ ਸਾਂਤ ਕਉ

ਪ੍ਰਾਪਤਿ ਹੋਵਹੁਗੇ ਤਬ ਜੇਤੇ ਪੰਡਤ ਅਰ ਰਖੀਸਰ ਅਰ ਰਾਜੇ ਸੇ ਆਨ ਚਰਨੀ ਲਗੇ ਅਰ ਤਿਨੋ ਕੋ ਸੱਜੇ ਚਰਨ ਕਾ ਅੰਗੂਠਾ ਧੋਕੇ ਚਰਨਾਮਤ ਦੀਆ ਅਰ ਤਿਨਕੋ ਸਤਨਾਮ ਕਾ ਅਤੇ ਭਾਉ ਭਗਤ ਕਾ ਉਪਦੇਸ ਬਾਬੇ ਦੀਆ ਜੋ ਪਾਪੋਂ ਕਾ ਭੈ ਕਰਨਾ ਅਰ ਧਰਮ ਕੀ ਕਿਰਤ ਕਰਕੇ ਆਪੋ ਆਪਣੇ ਅਨੁਸਾਰ ਵਰਤਣਾ ਤੇ ਵੰਡ ਖਾਣਾ ਸੋ ਜਿਨਾਂ ਗੁਰਾਂ ਦੇ ਬਚਨ ਮੰਨੇ ਤਿਨ ਕੋ ਸਾਂਤ ਆਈ ਅਰ ਜਿਨਾਂ ਨਾ ਮੰਨੇ ਸੇ ਭਟਕਤੇ ਰਹੇ॥ ਤਾਂ ਫਿਰ ਬਾਬਾ ਨਾਨਕ ਕੁਲਖੇਤ੍ਰ ਸੇ ਪਾਣੀਪਥ ਕੌ ਜਾਵਤ ਭਏ ਅਰ ਤਬ ਸਾਹ ਸਰਫ ਮਿਲਿਆ॥

ਸਾਖੀ ਸਾਹ ਸਰਫ



ਅਰ ਸਾਹ ਸਰਫ ਆਨ ਚਰਨੀ ਲਗਾ ਤਾਂ ਸਾਹ ਸਰਫ ਪੂਛਯਾ। ਨਿਤ ਪੂਛਾ ਪੰਡਿਤ ਜੋਇਸੀ। ਪੀਆ ਕਬੀ ਮਿਲਾਵਾ ਹੋਇਸੀ॥ ਤਾਂ ਬਚਨ ਹੋਇਆ। ਸਾਹ ਸਰਫ ਨ ਥੀਉ ਉਤਾਵਲਾ। ਇਕ ਚੋਟ ਨ ਥੀਵਨ ਚਾਵਲਾ। ਕਿਉ ਦਰਸਨ ਭੂਲਾ ਬਾਵਲਾ॥ ਤਾਂ ਬਚਨ ਹੋਇਆ ਕਿ ਸਾਹ ਸਰਫ ਏਹ ਜੋ ਵੈਰਾਗ ਹੈ ਮਹਾਰਾਜ ਕੇ ਪੁਛਣੇ ਕਾ ਅਤੇ ਇਹੀ ਬਬੇਕ ਕਾ ਕਾਰਣ ਹੈ ਜੈਸੇ ਬ੍ਰਿਛ ਕਾ ਫਲ ਪ੍ਰਿਥਮੇ ਸਾਵਾ ਹੋਤਾ ਹੈ ਬਹੁੜ ਪੀਲਾ ਹੋਤਾ ਅਰ ਬਹੁੜ ਲਾਲ ਹੋਤਾ ਹੈ ਅਰ ਮਿਠਾ ਹੋਤਾ ਹੈ ਤੈਸੇ ਜਗਯਾਸੀ ਜੋ ਹੈ ਸੋ ਪ੍ਰਿਥਮੇ ਉਸਕਾ ਮੁਖ ਸਾਵਾ ਹੋਤਾ ਹੈ ਕਿ ਮੇਰਾ ਜਨਮ ਬਿਤੀਤ ਹੂਆ ਜਾਤਾ ਹੈ ਅਰ ਮੈਂ ਸਾਧਾਂ ਕੋ ਨਹੀਂ ਪਛਾਨਤਾ ਜੋ ਪਰਮੇਸਰ ਕੀ ਬਾਤ ਪੁਛੋਂ ਸੋ ਜਜੋਂ ਜਜੋਂ ਸੰਤਾਂ ਕੀ ਬਾਣੀ ਕਾ ਰਸ ਲੇਤਾ ਹੈ ਤਿਉਂ ਤਿਉਂ ਪੀਲਾ ਹੋਤਾ ਆਵਤ ਹੈ ਅਰ ਇੰਦ੍ਰੀਆਂ ਅਰ ਮਨ ਕਾ ਨਿਰੋਧ ਕਰਤਾ ਹੈ ਸੋ ਜੈਸੇ ਬ੍ਰਿਛ ਕਾ ਜੋ ਫਲ ਆਂਧੀ ਸਾਥ ਗਿੜਤਾ ਹੈ ਸੋ ਸੂਕ ਜਾਤਾ ਹੈ ਅਰ ਜੋ ਬ੍ਰਿਛ ਸੇ ਰਸ ਲੇਤਾ ਰਹਤਾ ਹੈ ਸੋ ਸਾਵੇ ਸੇ ਪੀਲਾ ਹੋਤਾ ਹੈ ਅਰ ਬਹੁੜੋ ਲਾਲ ਹੋਤਾ ਹੈ ਤੈਸੇ ਹੀ ਜਗਿਆਸੀ ਜੋ ਸੰਤੋਂ ਕੀ ਬਾਣੀ ਅਰ ਮਿਲਾਪ ਕਾ ਰਸ ਲੇਤਾ ਹੈ ਸੋ ਪ੍ਰਿਥਮੇ ਅਗਿਆਨ ਸੇ ਜਗਿਆਸਾ ਪ੍ਰਾਪਤਿ ਹੋਤੀ ਹੈ ਅਰ ਬਹੁੜੋ ਗਿਆਨ ਪ੍ਰਾਪਤਿ ਹੋਤਾ ਹੈ ਕਯੋਂਕਿ ਅਗਯਾਨ ਚਿਰੰਕਾਲ ਕਾ ਇਸਕੇ ਮਨ ਕੋ ਵਿਆਪਿਆ

ਹੂਆ ਹੈ ਅਤੇ ਸਤਸੰਗ ਅਬ ਕਰਨ ਲਗਾ ਹੈ ਸੋ ਸਨੇ ਸਨੇ ਭੌਜਲ ਕੋ ਤਰ ਜਾਤਾ ਹੈ ਤਾਂਤੇ ਉਤਾਵਲ ਨਹੀਂ ਚਾਹੀਤੀ ਕਜੋਂਕਿ ਜੇ ਚਾਵਲ ਸਨੇ ਸਨੇ ਕੁਟੀਤੇ ਹੈਂ ਤੋ ਹਛੇ ਹੋਤੇ ਹੈਂ ਅਰ ਜੇ ਉਤਾਵਲ ਕਰਤੇ ਹੈਂ ਤਾਂ ਭੰਗਨ ਹੋ ਜਾਤੇ ਹੈਂ ਤੈਸੇ ਮਨ ਕੋ ਸਨੇ ਸਨੇ ਵਸਿ ਕਰੀਏ ਤੋ ਵਸਿ ਆਵਤਾ ਹੈ ਅਰ ਜੇ ਉਤਾਵਲ ਕਰੀਤੀ ਹੈ ਤੋ ਪਖੰਡੀ ਹੋ ਜਾਤਾ ਹੈ ਤਾਂਤੇ ਮਰਨ ਪ੍ਰਯੰਤ ਸਾਧ ਸੰਗਤ ਕਾ ਅਰ ਨਾਮ ਕਾ ਅਭਿਆਸ ਕਰ ਤਿਆਰ ਰਹੀਏ ਅਰ ਸਾਧ ਸੰਗਤ ਕੇ ਦਰਸਨ ਸੇ ਭੂਲੇ ਹੂਏ ਬਾਵਲੇ ਹੋ ਜਾਤੇ ਹੈ ॥ ਅਰ ਜੋ ਮਨੁਖ ਮਨੁਖਾਂ ਕੇ ਸਾਥ ਪ੍ਰੀਤ ਕਰਤੇ ਹੈਂ ਸੋ ਉਨਕੀ ਜਗਤ ਮੈਂ ਪੂਰੀ ਉਤਰਤੀ ਅਰ ਉਹ ਜਗਤ ਕੇ ਗਾਵਣ ਜੋਗ ਹੋਵਤੇ ਹੈਂ ਪਰ ਜਿਸਕੀ ਪਰਮੇਸਰ ਕੇ ਨਾਮ ਸਾਥ ਮਰਨ ਪ੍ਰਯੰਤ ਪ੍ਰੀਤ ਨਿਭਤੀ ਹੈ ਸੋ ਉਸਕਾ ਦੁਹਾਂ ਲੋਕਾਂ ਮੈਂ ਜਸ ਗਾਈਤਾ ਹੈ ਤਬ ਏਹ ਬਚਨੇ ਸੁਣਕੇ ਸਾਹ ਸਰਫ ਚਰਨਾਂ ਪਰ ਗਿਰ ਪੜਾ ਜੋ ਆਜ ਮੈਂ ਕ੍ਰਿਤਾਰਥ ਭਯਾ ਹੋਂ ॥ ਤਬ ਬਾਬਾ ਜੀ ਊਹਾਂ ਸਿਊਂ ਰਮਤੇ ਰਮਤੇ ਦਿਲੀ ਜਾਇ ਪ੍ਰਾਪਤਿ ਭਏ ॥

ਸਾਖੀ ਦਿਲੀ ਸਹਿਰ ਦੀ

ਤਾਂ ਇਕਸ ਬਾਗ ਮੋਂ ਜਾਇ ਆਸਣ ਕੀਆ ਤਬ ਮਰਦਾਨੇ ਨੂੰ ਕਹਯਾ ਕਿ ਮਰਦਾਨਿਆਂ ਰਬਾਬ ਵਜਾਇ ਤਾਂ ਮਰਦਾਨਾ ਲਗਾ ਸਬਦ ਗਾਵਣੇ ਸੋ ਤਹਾਂ ਮਹਾਵਤ ਪਾਤਸਾਹ ਕੇ ਰਹਤੇ ਥੇ ਅਰ ਤਿਨਕਾ ਹਾਥੀ ਮਰ ਗਿਆ ਸਾ ਸੋ ਉਹ ਰੁਧਨ ਕਰਤੇ ਥੇ ਤਬ ਬਚਨ ਹੋਇਆ ਕਿ ਭਾਈ ਤੁਸੀਂ ਕਿਉਂ ਰੁਦਨ ਕਰਤੇ ਹੋ ਤਾਂ ਉਨਾਂ ਕਹਿਆ ਜੀ ਅਸਾਡਾ ਰਿਜਕ ਹਾਥੀ ਪਿਛੇ ਸੀ ਸੋ ਹਾਥੀ ਮਰ ਗਿਆ ਹੈ ਅਰ ਹੁਣ ਅਸੀਂ ਕਿਥੋਂ ਖਾਵਾਂਗੇ ਜੋ ਪਾਤਸਾਹ ਵਲੋਂ ਅਸਾਡਾ ਰੋਜ ਮਨਹਿ ਹੋ ਜਾਵੈਗਾ ਅਰ ਸਾਡੇ ਕੁਟੰਬ ਕੀ ਕੀਕੂੰ ਪਾਲਨਾ ਹੋਵੈਗੀ ਤਬ ਬਚਨ ਹੋਇਆ ਸਭਨਾਂ ਦਾ ਰਿਜਕ ਈਸੂਰ ਦੁਆਰੇ ਲਿਖਿਆ ਹੋਇਆ ਹੈ ਅਤੇ ਆਪੋ ਆਪਣਾ ਸਨਬੰਧ ਬਣਾਇ ਦਿਤਾ ਹੈ ਅਰ ਜੀਆਂ ਕਾ ਜੀਵਾਲਨਾ ਅਰ ਮਾਰਨਾ ਭੀ ਈਸੂਰ ਕੇ ਹਾਥ ਹੈ ਸੋ ਤੁਸੀਂ ਸੰਸੇ ਨਾ ਕਰੋ ਕਜੋਂਕਿ ਪਰਮੇਸਰ ਤੁਹਾਡਾ ਕੋਈ ਔਰ ਉਪਾਵ ਕਰ ਦੇਵੇਗਾ ਤਾਂ ਉਨਾਂ ਨੇ ਕਹਯਾ ਜੋ ਪ੍ਰਤਖ ਅਸਾਡਾ ਰਿਜਕ ਬੰਦ ਹੋ ਜਾਂਦਾ ਹੈ ਸੋ ਅਸਾਨੂੰ ਸਾਂਤ ਕੀਕਰ ਆਵੇ ਪਰ ਤੁਸੀਂ ਫਕੀਰ ਖੁਦਾਇਦੇ ਹੋ ਅਤੇ ਤੁਸੀਂ ਸਭਨੀ ਗਲੀਂ ਸਮਰਥ ਹੋ ਅਰ ਅਸੀਂ ਇਸ ਹਾਥੀ ਦੇ ਉਪਰ ਆਸ਼ਕ ਹੋਏ ਸਾਂ ਕਜੋਂਕਿ ਏਹ ਪਾਤਸਾਹ ਦੇ ਹਾਥੀਆਂ ਸੇ ਬਡਾ ਸੁੰਦਰ ਸੀ ਸੋ ਜੇ ਤੁਸੀਂ ਜੀਵਾਲ ਦਿਓ ਤਾਂ ਜੀਵਾਲ ਸਕਦੇ ਹੋ ਕਜੋਂਕਿ ਤੁਹਾਡਾ ਆਖਿਆ ਖੁਦਾਇ ਮੰਨਦਾ ਹੈ ਤਾਂ ਬਾਬੇ ਆਖਿਆ ਕਿ ਜਿਵੇਂ ਤੁਸੀਂ ਹਾਥੀ ਦੇ ਆਸਕ

ਤਿਵੇਂ ਅਸੀਂ ਖੁਦਾਇ ਦੇ ਆਸਕ ਹਾਂ ਤਾਂਤੇ ਆਸਕਾਂ ਨੂੰ ਚਾਹੀਦਾ ਹੈ ਜੋ ਮਿਤ੍ਰ ਦੇ ਦੀਦਾਰ ਤੋਂ ਬਿਨਾਂ ਹੋਰ ਕਾਮਨਾ ਮੰਗੇ ਨਾਹੀਂ ਅਰ ਜੇ ਮਿਤ੍ਰ ਭਲਾ ਕਹੇ ਅਥਵਾ ਬੁਰੇ ਕਹੇ ਤਾਂ ਤਿਸਤੇ ਹੀ ਪ੍ਰਸੰਨ ਰਹੇ ॥

ਪਉੜੀ ॥ ਜਿਤੁ ਸੇਵਿਐ ਸੁਖੁ ਪਾਈਐ ਸੋ ਸਾਹਿਬੁ ਸਦਾ ਸਮ੍ਹਾਲੀਐ ॥ ਜਿਤੁ ਕੀਤਾ ਪਾਈਐ ਆਪਣਾ ਸਾ ਘਾਲ ਬੁਰੀ ਕਿਉ ਘਾਲੀਐ ॥ ਮੰਦਾ ਮੂਲਿ ਨ ਕੀਚਈ ਦੇ ਲੰਮੀ ਨਦਰਿ ਨਿਹਾਲੀਐ ॥ ਜਿਉ ਸਾਹਿਬ ਨਾਲ ਨ ਹਾਰੀਐ ਤੇਵੇਹੋ ਪਾਸਾ ਢਾਲੀਐ ॥ ਕਿਛੁ ਲਾਹੇ ਉਪਰਿ ਘਾਲੀਐ ॥ ੨੧ ॥

ਸਾਖੀ ਹਾਥੀ ਦੇ ਜੀਵਾਲਣ ਦੀ


ਤਾਂ ਬਾਬੇ ਕਹਿਆ ਕਿ ਜਿਸ ਮਹਾਰਾਜ ਦੀ ਸੇਵਾਕਰ ਸਾਨੂੰ ਸੁਖ ਪ੍ਰਾਪਤ ਹੋਇਆ ਹੈ ਸੋ ਤਿਸ ਸਾਹਿਬ ਕੋ ਅਠੇ ਪਹਰ ਸਮਾਲਤੇ ਹਾਂ ਅਰ ਆਪਣਾ ਹੀ ਬੀਜਿਆ ਆਪ ਲੁਣਨਾ ਹੈ ਕਯੋਂਕਿ ਜੋ ਪਾਪ ਬੀਜਤੇ ਹਨ ਤਿਨਕੋ ਦੁਖ ਪ੍ਰਾਪਤ ਹੋਤਾ ਹੈ ਅਰ ਜੋ ਪੁੰਨ ਕਰਤੇ ਹੈਂ ਸੋ ਸੁਖੀ ਹੋਤੇ ਹੈਂ ਤਾਂਤੇ ਅਸੀਂ ਪਾਪ ਨਹੀਂ ਕਰਤੇ ਅਤੇ ਜਗਤ ਜੋ ਹੈ ਸੋ ਚੌਪੜ ਦੀ ਖੇਡ ਬਣਿਆ ਹੈ ਪਰ ਜੋ ਹੁਕਮ ਪਰਮੇਸਰ ਕਾ ਸਿਰਪਰ ਮੰਨਤੇ ਹਨ ਸੋ ਜੀਤ ਜਾਤੇ ਹੈਂ ਅਰ ਜੋ ਨਹੀਂ ਮੰਨਤੇ ਸੋ ਹਾਰ ਜਾਤੇ ਹੈਂ ਤਾਂਤੇ ਇਸ ਜਗ ਮੇਂ ਲਾਹਾ ਨਾਮ ਕੇ ਸਮਾਨ ਹੋਰ ਕੋਈ ਨਹੀਂ ਤਾਂ ਉਨਾਂ ਨੇ ਕਹਿਆ ਕਿ ਜੀ ਅਸੀਂ ਭੀ ਹੁਕਮ ਮਿਠਾ ਮੰਨਾਂਗੇ ਪਰ ਕਿਵੇਂ ਹਾਥੀ ਸਾਡਾ ਜੀਵੈ ਤਾਂ ਬਚਨ ਹੋਇਆ ॥ ਸਲੋਕ ਮ: ੧ ॥ ਜੋ ਜੀਉ ਹੋਵੈ ਸੋ ਉਗਵੈ ਮੁਹਿ ਕਾ ਕਹਿਆ ਵਾਉ ॥ ਬੀਜੇ ਬਿਖ ਮੰਗੈ ਅੰਮ੍ਰਿਤ ਵੇਖੋ ਏਹੁ ਨਿਆਉ ॥ ਤਾਂ ਬਚਨ ਹੋਇਆ ਤੁਸੀਂ ਜੋ ਹਾਥੀ ਦਾ ਚਾਰਾ ਲੈਣੇ ਜਾਂਦੇ ਸੇ ਅਤੇ ਜੀਅ ਨੂੰ ਦੁਖ ਦੇ ਆਵ ਦੇਸੇ ਤਿਸਕਾ ਤੁਸਾਨੂੰ ਫਲ ਏਹ ਹੋਇਆ ਹੈ ਜੋ ਤੁਸਾਨੂੰ ਭੀ ਦੁਖ ਪ੍ਰਾਪਤ ਹੋਇਆ ਹੈ ਕਯੋਂਕਿ ਜੈਸਾ ਫਲ ਪ੍ਰਿਥਵੀ ਮੇ ਦਬਿਆ ਹੋਇਆ ਹੋਤਾ ਹੈ ਸੋਈ ਉਪਜਤਾ ਹੈ ਤੈਸੇ ਹੀ ਜੋ ਬਿਖ ਬੀਜਤੇ ਹੈਂ ਤਉ ਦੁਖ ਲੇਤੇ ਹੈ ਅਰ ਜੋ ਅੰਮ੍ਰਿਤ ਬੀਜਤਾ ਹੈ ਸੋ ਅੰਮ੍ਰਿਤ ਲੇਤਾ ਹੈ ॥ ਪਉੜੀ ॥ ਚਾਕਰੁ ਲਗੈ ਚਾਕਰੀ ਜੇ ਚਲੈ ਖਸਮੈ ਭਾਇ ॥ ਹੁਰਮਤਿ ਤਿਸਨੋ ਅਗਲੀ ਓਹੁ ਵਜਹੁ ਭਿ ਦੂਣਾ ਖਾਇ ॥ ਖਸਮੈ ਕਰੇ ਬਰਾਬਰੀ ਫਿਰਿ ਗੈਰਤਿ ਅੰਦਰਿ ਪਾਇ ॥ ਵਜਹੁ ਗਵਾਏ ਅਗਲਾ ਮੁਹੇ ਮੁਹਿ ਪਾਣਾ ਖਾਇ ॥ ਜਿਸ ਦਾ ਦਿਤਾ ਖਾਵਣਾ ਤਿਸੁ ਕਹੀਐ ਸਾਬਾਸਿ ॥ ਨਾਨਕ ਹੁਕਮੁ ਨ ਚਲਈ ਨਾਲਿ ਖਸਮ ਚਲੈ ਅਰਦਾਸਿ ॥ ੨੨ ॥ ਤਬ ਬਚਨ ਹੋਇਆ ਕਿ ਤੁਸੀਂ ਪਾਤਸਾਹ ਦੇ ਚਾਕਰ ਹੋ ਤਾਂਤੇ ਜੇ ਪਾਤਸਾਹ ਦੇ ਹੁਕਮ ਮੂਜਬ ਕਰਦੇ ਹੋ ਤਾਂ ਤੁਸਾਂਨੂੰ

ਅਬ ਰੋਇ ਭੀ ਹੋਤੀ ਹੈ ਅਤੇ ਮਹੀਨੇ ਭੀ ਲੈਂਦੇ ਹੋ ਅਤੇ ਹੋਰ ਇਨਾਮ ਭੀ ਲੈ ਖਾਂਦੇ ਹੋ ਅਤੇ ਜੇ ਪਾਤਿਸਾਹ ਦੇ ਕਹੇ ਨੂੰ ਅਦੂਲ ਦਿਓ ਤਾਂ ਮਹੀਨੇ ਭੀ ਆਪਣੇ ਗਵਾਵੋ ਤੇ ਮਾਰ ਭੀ ਖਾਵੋ ਤਾਂਤੇ ਜਿਸ ਦਿਤਾ ਰਿਜਕ ਲੈ ਖਾਈਦਾ ਹੈ ਸੋ ਜੇ ਉਸਦੀ ਨਿੰਦਾ ਕਰੀਤੀ ਹੈ ਤੋ ਆਪਣੇ ਰਿਜਕ ਦਾ ਘਾਟਾ ਹੁੰਦਾ ਹੈ ਅਰ ਜੇ ਉਸ ਕੀ ਉਸਤਤਿ ਕਰੀਤੀ ਹੈ ਤੋ ਰਿਜਕ ਵਧਦਾ ਹੈ ਅਰ ਜੇ ਕੋਈ ਜਰੂਰੀ ਕੰਮ ਹੁੰਦਾ ਹੈ ਤੋ ਉਸ ਆਗੇ ਅਰਦਾਸ ਕਰਕੇ ਭੀ ਕਰਵਾਇ ਲਈਤਾ ਹੈ ਸੋ ਤੈਸੇ ਅਸੀਂ ਭੀ ਰਬ ਦੇ ਚਾਕਰ ਹਾਂ ਅਰ ਜੋ ਕੁਛ ਰਬ ਦਾ ਹੁਕਮ ਹੋਂਦਾ ਹੈ ਸੋ ਮਿਠਾ ਮੰਨਦੇ ਹਾਂ ਤਾਂ ਉਨਾਂ ਕਹਿਆ ਜੀ ਅਸਾਂ ਵੀ ਜੋ ਪਾਤਸਾਹ ਤੋਂ ਕੰਮ ਕਰਵਾਣਾ ਹੁੰਦਾ ਹੈ ਤਾਂ ਅਰਜ ਕਰਕੇ ਕਰਵਾ ਲੈਂਦੇ ਹਾਂ ਸੋ ਤੁਸੀਂ ਵੀ ਖੁਦਾਇ ਅਗੇ ਅਰਦਾਸ ਕਰਕੇ ਹਾਥੀ ਜਿਵਾਇ ਦੇਹੋ ਤਾਂ ਬਚਨ ਹੋਇਆ ਤੁਸੀਂ ਇਕ ਦੇਗਾ ਜਲ ਦਾ ਪੂਰ ਲਿਆਓ ਸੋ ਓਹ ਜਬ ਜਲ ਲੇ ਆਏ ਤਾਂ ਬਚਨ ਹੋਇਆ ਮਰਦਾਨਿਆਂ ਸਤਿਨਾਮ ਕਰਤਾ ਪੁਰਖ ਕਹਿਕੇ ਏਹ ਦੇਗਾ ਹਾਥੀ ਦੇ ਉਪਰ ਛਿੜਕਾਇ ਅਰ ਇਹ ਤੁਕ ਪੜਨੀ ਕਿ ਜੀਆਂ ਮਾਰ ਜੀਵਾਲੇ ਸੋਈ ਅਵਰ ਨ ਕੋਈ ਰਖੇ ॥ ਸੋ ਜਾਂ ਏਹ ਤੁਕ ਪੜ ਕੇ ਮਰਦਾਨੇ ਦੇਗਾ ਪਾਣੀ ਦਾ ਛਿੜਕਿਆ ਤਾਂ ਹਾਥੀ ਉਠ ਖੜਾ ਹੂਆ ਤੇ ਸਭ ਮਹਾਵਤ ਆਇ ਚਰਨੀ ਲਗੇ ਤਬ ਏਕ ਮਹਾਵਤ ਨੇ ਪਾਤਸਾਹ ਨੂੰ ਖਬਰ ਜਾਇ ਦਈ ਜੋ ਹਾਥੀ ਮੂਆ ਇਕ ਫਕੀਰ ਨੇ ਜੀਵਾਲ ਦਿਤਾ ਹੈ ਤਾਂ ਪਾਤਸਾਹ ਭੀ ਅਰ ਨਿਜਾਮ ਦੀਨ ਔਲੀਆ ਜੋ ਪਾਤਸਾਹ ਦਾ ਪੀਰ ਸੀ ਸੋ ਭੀ ਬਾਬੇ ਦੇ ਦੀਦਾਰ ਨੂੰ ਆਇਆ ਅਰ ਕਾਜੀ ਭੀ ਨਾਲ ਆਇਆ ਤਾਂ ਸਭ ਬਾਬੇ ਦੇ ਦੀਦਾਰ ਆ ਲਗੇ ਤਾਂ ਕਾਜੀ ਕਹਿਆ ਹੇ ਫਕੀਰ ਹਾਥੀ ਤੁਝੇ ਜੀਵਾਇਆ ਹੈ ਤਾਂ ਬਾਬੇ ਆਖਿਆ ਅਸੀਂ ਮਾਰਨ ਅਰ ਜੀਵਾਲਨ ਵਾਲੇ ਕਵਨ ਹਾਂ ਆਪ ਖੁਦਾਇ ਮਾਰਨ ਅਰ ਜੀਵਾਲਨ ਵਾਲਾ ਹੈ ਤਾਂ ਕਾਜੀ ਆਖਿਆ ਕਿ ਜੇ ਤੇਰੇ ਵਿਚ ਕੁਛ ਸਕਤ ਹੈ ਤਾਂ ਫੇਰਿ ਹਾਥੀ ਮਾਰਿ ਦੇਹਿ ਤਾਂ ਬਾਬੇ ਆਖਿਆ ਜਿਵੇਂ ਈਸੁਰ ਦੀ ਰਜਾਇ ਹੋਵੈਗੀ ਤਾਂ ਹਾਥੀ ਫੇਰ ਮਰ ਗਿਆ ਤਬ ਨਿਜਾਮਦੀਨ ਆਖਿਆ ਹੇ ਕਾਜੀ ਫਕੀਰ ਦਾ ਆਖਿਆ ਖੁਦਾਇ ਸੁਣਦਾ ਹੈ ਅਤੇ ਜਿਵੇਂ ਤੁਹਿ ਕੁਝ ਪਾਤਸਾਹ ਨੂੰ ਮਨਾਵਣਾ ਹੋਵੈ ਤੋ ਮਨਾਇ ਲੈਨਾ ਹੈਂ ਸੋ ਤਿਵੇਂ ਫਕੀਰ ਭੀ ਖੁਦਾਇ ਥੋਂ ਮਨਾਇ ਲੈਂਦੇ ਹੈਨ ਤਾਂ ਕਾਜੀ ਕਹਿਆ ਕਿ ਜੇ ਇਸ ਦਾ ਆਖਿਆ ਖੁਦਾਇ ਮੰਨ ਲੈਂਦਾ ਹੈ ਤਾਂ ਹਾਥੀ ਫੇਰ ਜੀਵਾਇ ਦੇਵੈ ਤਾਂ ਬਾਬੇ ਆਖਿਆ ਖੁਦਾਇ ਦਾ ਮਾਰਿਆ ਸੰਤ ਜੀਵਾਇਦੇ ਹਨ ਪਰ ਸੰਤਾਂ ਦਾ ਮਾਰਿਆ ਕੋਈ ਨਹੀਂ ਜੀਵਾਲਦਾ ਜੈਸੇ ਖੁਦਾਇ ਨੇ ਅਗਿਆਨ ਕਰਕੇ ਜਗਤ ਕੋ ਨਸਟ ਕਰ ਦੀਆ ਹੈ ਪਰ ਸਤਿਗੁਰ ਨਾਮ ਦਾਨ ਦੇਕੇ ਚੈਤੰਨ ਕਰ ਦੇਤੇ ਹੈਂ ਅਰ ਜੋ ਗੁਰਾਂ ਤੋਂ ਸੰਤਾਂ ਤੋਂ

ਬੇਮੁਖ ਹੋਤੇ ਹੈਂ ਸੋ ਉਨਕਾ ਉਧਾਰ ਕੋਈ ਨਹੀਂ ਕਰ ਸਕਤਾ ਜੈਸੇ ਦੁਰਬਾਸਾ ਅੰਮਰੀਕ ਸੋ ਵਿਰੋਧ ਕਰ ਸਭ ਦੇਵਤਿਆਂ ਕੀ ਸਰਨ ਸੋ ਫਿਰਿ ਆਇਆ ਪਰ ਫੇਰ ਜਬ ਅੰਮਰੀਕ ਕੀ ਸਰਨ ਆਇਆ ਤਾਂ ਉਸਕਾ ਛੁਟਕਾਰਾ ਹੋਇਆ ਤੈਸੇ ਸੰਤਾਂ ਕਾ ਮਾਰਿਆ ਅਉਰ ਕੋਈ ਜੀਵਾਲ ਨਹੀਂ ਸਕਤਾ ਪਰ ਸੰਤਾਂ ਦੀ ਹੀ ਸਰਨ ਆਇਆਂ ਉਧਾਰ ਹੋਤਾ ਹੈ ॥

ਪਉੜੀ ॥ ਨਾਨਕ ਅੰਤ ਨ ਜਾਪਨ੍ਹੀ ਹਰਿ ਤਾ ਕੇ ਪਾਰਾਵਾਰ ॥ ਆਪਿ ਕਰਾਏ ਸਾਖਤੀ ਫਿਰਿ ਆਪਿ ਕਰਾਏ ਮਾਰ ॥ ਇਕਨ੍ਹਾ ਗਲੀ ਜੰਜੀਰੀਆ ਇਕਿ ਤੁਰੀ ਚੜਹਿ ਬਿਸੀਆਰ ॥ ਆਪਿ ਕਰਾਏ ਕਰੇ ਆਪਿ ਹਉ ਕੈ ਸਿਉ ਕਰੀ ਪੁਕਾਰ ॥ ਨਾਨਕ ਕਰਣਾ ਜਿਨਿ ਕੀਆ ਫਿਰਿ ਤਿਸ ਹੀ ਕਰਣੀ ਸਾਰ ॥੨੩॥

ਗੁਰੂ ਨਾਨਕ ਜੀ ਕਹਾ ਕਿ ਤਿਸ ਦਾ ਕੁਛ ਅੰਤ ਹੈ ਨਹੀਂ ਅਰ ਤਿਸਦਾ ਪਾਰਾਵਾਰ ਨਹੀਂ ਪਾਇਆ ਜਾਂਦਾ ਅਤੇ ਜੋ ਉਸਨੋ ਭਾਵਦਾ ਹੈ ਹੈਸ ਤਾਂ ਜੀਵਾਲਦਾ ਹੈ ਅਰ ਜੇ ਭਾਂਵਦਾ ਹੈਸ ਤਾਂ ਮਾਰਦਾ ਹੈ ਅਰ ਜੈਸੇ ਜੈਸੇ ਕਿਸੀ ਦੇ ਕਰਮ ਹੈਨ ਤੈਸੇ ਤੈਸੇ ਭੁਗਾਵਤਾ ਹੈ ਅਰ ਜੈਸੇ ਤੁਸੀ ਚੋਰੋਂ ਕੋ ਜੰਜੀਰ ਪਾਵਤੇ ਹੋ ਅਰ ਜੋ ਤੁਮਾਰੀ ਆਗਿਆ ਮਨਤੇ ਹੈਨ ਤਿਨਕੋ ਬਖਸੀਸ ਕਰਤੇ ਹੋ ਤੈਸੇ ਮਹਾਰਾਜ ਪਾਪੀਆਂ ਕੋ ਜਮਾਂ ਦੇ ਹਵਾਲੇ ਕਰਦਾ ਹੈ ਅਰ ਓਹ ਨਰਕੋਂ ਮੈ ਡਾਲੀਤੇ ਹੈ ਅਤੇ ਜੌਨ ਸੇ ਸੁਭ ਕਰਮ ਕਰਤੇ ਹੈਂ ਉਨਕੋ ਸੁਰਗਾਂ ਦਾ ਸੁਖ ਭੁਗਾਵਤਾ ਹੈ ਪਰ ਕਰਨ ਕਰਾਵਨ ਵਾਲਾ ਆਪ ਹੈ ਸੋ ਕਿਸ ਸਿਉਂ ਪੁਕਾਰ ਕਰਨੀ ਹੈ ਅਰ ਜਿਸ ਜਗਤ ਉਪਾਇਆ ਹੈ ਤਿਸੇ ਸਾਰ ਲੈਣੀ ਹੈ ਸੋ ਜਬ ਇਹ ਬਚਨ ਬਾਬੇ ਕਹਿਆ ਤਾਂ ਨਿਜਾਮਦੀਨ ਬੋਲਿਆ ਹੇ ਫਕੀਰ ਜੀ



ਹੁਣ ਸਭ ਤੇਰੀ ਸਰਨਿ ਆਏ ਹਾਂ ਸੋ ਤੁਸੀ ਇਸ ਹਾਥੀ ਨੂੰ ਜੀਵਾਇ ਦੇਵੋ ਤਾਂ ਬਾਬੇ ਕਹਿਆ ਮਰਦਾਨਾ ਤੂੰ ਸਤਿਨਾਮ ਆਖ ਕੇ ਇਸ ਉਪਰ ਪਾਣੀ ਫੇਰ ਪਾਇ ਤਾਂ ਫੇਰ ਮਰਦਾਨੇ ਪਾਣੀ ਪਾਇਆ ਅਰ ਹਾਥੀ ਉਠ ਖਲੋਤਾ ਤਾਂ ਪਾਤਸਾਹ ਸਮੇਤ ਹੋਰਨਾ

ਵਜੀਰਾਂ ਦੇ ਚਰਨੀ ਆਇ ਲਗਾ ਅਰ ਕਹਾ ਕਿ ਸਾਨੂੰ ਕੁਛ ਉਪਦੇਸ ਕਰੋ ਤਾਂ ਬਾਬੇ ਸਲੋਕ ਬੋਲਿਆ ॥

ਸਲੋਕ ਮ: ੧ ॥ ਆਪੇ ਭਾਂਡੇ ਸਾਜਿਆਨੁ ਆਪੇ ਪੂਰਣੁ ਦੇਇ ॥ ਇਕਨੀ ਦੁਧੁ ਸਮਾਈਐ ਇਕਿ ਚੁਲ੍ਹੈ ਰਹਨਿ ਚੜੇ ॥ ਇਕਿ ਨਿਹਾਲੀ ਪੈ ਸਵਨ੍ਹਿ ਇਕਿ ਉਪਰਿ ਰਹਨਿ ਖੜੇ ॥ ਤਿਨ੍ਹਾ ਸਵਾਰੇ ਨਾਨਕਾ ਜਿਨ ਕਉ ਨਦਰਿ ਕਰੇ ॥੧॥ ਮਹਲਾ ੨ ॥ ਆਪੇ ਸਾਜੇ ਕਰੇ ਆਪਿ ਜਾਈ ਭਿ ਰਖੈ ਆਪਿ ॥ ਤਿਸੁ ਵਿਚਿ ਜੰਤ ਉਪਾਇ ਕੈ ਦੇਖੈ ਥਾਪਿ ਉਥਾਪਿ ॥ ਕਿਸ ਨੋ ਕਹੀਐ ਨਾਨਕਾ ਸਭੁ ਕਿਛੁ ਆਪੇ ਆਪਿ ॥੨॥ ਪਉੜੀ ॥ ਵਡੇ ਕੀਆ ਵਡਿਆਈਆ ਕਿਛੁ ਕਹਣਾ ਕਹਣੁ ਨ ਜਾਇ ॥ ਸੋ ਕਰਤਾ ਕਾਦਰ ਕਰੀਮੁ ਦੇ ਜੀਆ ਰਿਜਕੁ ਸੰਬਾਹਿ ॥ ਸਾਈ ਕਾਰ ਕਮਾਵਣੀ ਧੁਰਿ ਛੋਡੀ ਤਿੰਨੈ ਪਾਇ ॥ ਨਾਨਕ ਏਕੀ ਬਾਹਰੀ ਹੋਰ ਦੂਜੀ ਨਾਹੀ ਜਾਇ ॥ ਸੋ ਕਰੇ ਜਿ ਤਿਸੈ ਰਜਾਇ ॥ ੨੪ ॥

ਸਾਹਿਬ ਬਚਨ ਕਰਤੇ ਹੈਂ ਕਿ ਜੈਸੇ ਕੁੰਭਿਆਰ ਭਾਂਡੇ ਬਣਾਵਦਾ ਹੈ ਅਰ ਵਨਗੀਆਂ ਭੀ ਉਸ ਉਪਰਿ ਪੂਰਤਾ ਹੈ ਪਰ ਆਪੋ ਆਪਣਿਆ ਕਰਮਾਂ ਦੇ ਅਨੁਸਾਰ ਕਿਨਾਹਾਂ ਵਿਚ ਦੁਧ ਪਾਉਂਦਾ ਹੈ ਅਰ ਕੋਈ ਚੁਲੇ ਪਰ ਚੜਤੇ ਹੈਂ ਤੈਸੇ ਬ੍ਰਹਮੇ ਨੇ ਜੀਵ ਸਭ ਉਤਪਤਿ ਕੀਤੇ ਹਨ ਪਰ ਜਿਨਾ ਨੇ ਭਲੇ ਕਰਮ ਕੀਏ ਹੈਨ ਸੇ ਸਿਹਜਾ ਪਰ ਸੋਤੇ ਹੈਂ ਅਰ ਭੋਗੋਂ ਕੋ ਭੋਗਤੇ ਹੈਂ ਅਰ ਜਿਨਹੁ ਨੇ ਅਪਕਰਮ ਕੀਏ ਹੈਂ ਸੋ ਉਨਕੇ ਉਪਰ ਖੜੇ ਰਹਤੇ ਹੈਂ ਅਰ ਉਨਕੀ ਆਗਿਆ ਮੋ ਵਰਤਤੇ ਹੈਂ ਅਰ ਜੋ ਸਤਿਗੁਰਾਂ ਕੋ ਮਿਲਤੇ ਹੈਨ ਸੋ ਭਾਵੇਂ ਰਾਜੇ ਹੋਵਨ ਅਰ ਭਾਵੇਂ ਗਰੀਬ ਹੋਵਨ ਤਿਨਾਂ ਨੂੰ ਸਤਿਗੁਰ ਸਵਾਰ ਲੇਤਾ ਹੈ ਅਰ ਨਾਮ ਦਾਨ ਇਸਨਾਨ ਦੇ ਕੇ ਉਨਕਾ ਕਲਿਆਣ ਕਰਤਾ ਹੈ ਪਰ ਵਡੇ ਕੀਆਂ ਜੋ ਵਡਿਆਈਆਂ ਹੈਨ ਸੋ ਕੁਛ ਕਹੀਆਂ ਨਹੀਂ ਜਾਂਦੀਆਂ ਅਤੇ ਉਹ ਸਾਰੇ ਜਗਤ ਦਾ ਕਰਤਾ ਹੈ ਅਰ ਉਹ ਵਾਹਗੁਰੂ ਹੈ ਜੋ ਜੀਆਂ ਨੂੰ ਰਿਜਕ ਦੇਂਦਾ ਹੈ ਅਰ ਜੋ ਉਸਨੇ ਕਾਰ ਜੋ ਧੁਰੋਂ ਲਿਖ ਛਡੀ ਹੈ ਸੋਈ ਕਾਰ ਸਭ ਕਮਾਂਵਦੇ ਹਨ ਕਯੋਂ ਜੋ ਇਕ ਵਾਹਗੁਰੂ ਤੋਂ ਬਿਨਾ ਹੋਰ ਜਾਗਹ ਕਾਈ ਨਹੀਂ ਤਾਂਤੇ ਉਸਕੀ ਰਜਾਇ ਮੰਨਣੀ ਭਲੀ ਹੈ ॥ ੨੪ ॥ ਤਾਂ ਏਹ ਵਚਨ ਸੁਣਕੇ ਸਭ ਚਰਨੀ ਲਗੇ ਤਾਂ ਬਚਨ ਹੋਇਆ ਧਰਮ ਦਾ ਨਿਆਉ ਕਰਨਾ ਅਰ ਕਿਸੇ ਗਰੀਬ ਨੂੰ ਨਹੀਂ ਰਵਾਣਨਾਂ ਅਤੇ ਕਾਜੀ ਨੂੰ ਕਹਿਆ ਕਿ ਵਢੀ ਨਹੀਂ ਲੈਣੀ ਕਯੋਂਕਿ ਜੋ ਕਾਜੀ ਵਢੀ ਨਹੀਂ ਲੈਂਦੇ ਤਿਸਕਾ ਹੁਕਮ ਤ੍ਰਿਲੋਕੀ ਵਿਚ ਮੰਨੀਤਾ ਹੈ ਅਰ ਜੇਹੜੇ ਵਢੀ ਲੈਂਦੇ ਹਨ ਸੋ ਦੋਜਕ ਦੀ ਅਗਨ ਮੈਂ ਜਲਤੇ ਹੈਂ ਅਤੇ ਹੋਰ ਸੁਣੋ ਜੋ ਇਕ ਸਮੇਂ ਸੌਦਾਗਰ ਦਾ ਜਹਾਜ ਸਮੁੰਦਰ ਨੇ ਡੋਬਿਆ ਸੀ ਅਰ

ਉਹ ਸੌਦਾਗਰ ਕਾਜੀ ਪਾਸ ਜਾਇ ਪੁਕਾਰਿਆ ਜੋ ਮੈਂ ਹਲਾਲ ਖਾਤਾ ਹੋਂ ਅਰ ਦਸਵਾਂ ਹਿਸਾ ਮਾਲ ਦੀ ਜਗਾਤ ਪਰਮੇਸਰ ਅਰਥ ਦੇਤਾ ਹੋਂ ਅਤੇ ਮੇਰਾ ਸਮੁੰਦਰ ਨੇ ਜਹਾਜ ਡੋਬਿਆ ਹੈ ਸੋ ਅਬ ਤੂੰ ਮੇਰਾ ਨਿਆਉ ਕਰ ਤਾਂ ਕਾਜੀ ਉਸਕੋ ਇਲਾਮ ਸਮੁੰਦ੍ਰ ਵਲ ਲਿਖ ਦਿਤਾ ਅਤੇ ਸਮੁੰਦ੍ਰ ਇਲਾਮ ਵੇਖਣ ਦੇ ਨਾਲ ਹੀ ਸਭਾ ਮਾਮਲਤ ਕਢ ਦਈ ਤਾਂਤੇ ਤੁਸਾਂ ਨੇ ਭੀ ਨਿਆਉ ਕਰਨਾ ਅਰ ਸਾਧ ਸੰਤ ਆਏ ਦੀ ਟਹਲ ਕਰਨੀ ਅਰ ਨਾਮ ਜਪਣਾ ਤਾਂ ਬਾਬੇ ਨੇ ਉਨਾ ਕਉ ਵਿਦਿਆ ਕਰਕੇ ਮਰਦਾਨੇ ਕਉ ਕਹਿਆ ਕਿ ਹੇ ਮਰਦਾਨਾ ਸਪਤ ਪੁਰੀਆਂ ਜੋ ਮੁਕਤ ਗਾਮਨੀਆਂ ਕਹੀਤੀਆਂ ਹੈਨ ਅਰ ਤਿਨ ਮੈ ਜੋ ਏਕ ਮਥਰਾ ਪੁਰੀ ਹੈ ਸੋ ਤਹਾਂ ਸ੍ਰੀ ਕ੍ਰਿਸਨ ਮਹਾਰਾਜ ਬਸਦੇਉ ਅਰ ਦੇਵਕੀ ਕੇ ਘਰ ਜਨਮ ਲੀਆ ਹੈ ਅਤੇ ਬ੍ਰਿਜ ਮੈਂ ਜਸੋਧਾਂ ਅਰ ਨੰਦ ਕੇ ਘਰ ਮੈਂ ਕਲੋਲ ਕੀਏ ਹੈਂ ਅਰ ਗਵਰਧਨ ਪਰਬਤ ਪਰ ਗਊਆਂ ਚਰਾਈਆਂ ਹੈਂ ਤਾਂਤੇ ਚਲਕੇ ਜਮਨਾ ਦਾ ਦਰਸਨ ਕਰੀਏ ਤਾਂ ਮਰਦਾਨੇ ਪੁਛਿਆ ਜੀ ।

ਗੋਵਰਧਨ ਪਰਬਤ ਦੀ ਸਾਖੀ

ਇਸ ਜਮਨਾ ਤੇ ਪਰਬਤ ਗੋਵਰਧਨ ਕੀਕਰ ਆਇਆ ਤਾਂ ਬਾਬਾ ਬੋਲਿਆ ਕਿ ਜਿਸ ਵੇਲੇ ਰਾਮ ਜੀ ਸਮੁੰਦ੍ਰ ਦੀ ਪੁਲ ਬੰਨਣ ਲਗੇ ਤਾਂ ਸਭਨਾਂ ਬਾਂਦਰਾਂ ਨੂੰ ਆਗਿਆ ਕੀਤੀ ਕਿ ਪਰਬਤ ਉਠਾਇ ਲਿਆਓ ਤਾਂ ਹਨੂੰਮਾਨ ਬਹੁਤੇ ਪਰਬਤ ਉਠਾਇ ਲਿਆਇਆ ਅਤੇ ਫੇਰ ਗੋਵਰਧਨ ਪਰਬਤ ਕਉ ਜਾਂ ਉਠਾਉਣ ਲਗਾ ਤਾਂ ਗੋਵਰਧਨ ਕਹਯਾ ਹੇ ਹਨੂੰਮਾਨ ਜੇ ਤੂੰ ਮੁਝੇ ਮਹਾਰਾਜ ਕਾ ਦਰਸਨ ਚਲ ਕਰਾਵੇ ਤੌ ਮੁਝੇ ਲੈ ਚਲ ਅਤੇ ਜੇ ਨਹੀਂ ਤਾਂ ਈਹਾਂ ਹੀ ਮੁਝੇ ਰਹਣੇ ਦੇ ਤਾਂ ਹਨੂੰਮਾਨ ਕਹਯਾ ਮੈ ਤੁਝੇ ਮਹਾਰਾਜ ਕੇ ਚਰਨਾਂ ਕੇ ਹੇਠ ਚਲ ਉਤਾਰਾਂਗਾ ਤਾਂ ਗੋਵਰਧਨ ਕਉ ਹਨੂੰਮਾਨ ਉਠਾਇਕਰ ਲੇ ਚਲਿਆ ਸੋ ਜਬ ਬ੍ਰਿਜ ਮੋਂ ਗਇਆ ਤਾਂ ਬਹੁਤ ਬਾਂਦਰ ਮਹਾਰਾਜ ਕੇ ਭੇਜੇ ਆਇ ਮਿਲੇ ਜੋ ਪੁਲ ਸਮੁੰਦ੍ਰ ਕਾ ਤਯਾਰ ਹੋ ਰਹਾ ਹੈ ਅਰ ਏਹ ਭੀ ਕਹਾ ਕਿ ਮਹਾਰਾਜ ਕੀ ਆਗਿਆ ਹੈ ਜੋ ਜਹਾਂ ਕਹਾਂ ਕੋਈ ਕਪ ਪਹਾੜ ਲਈ ਆਵਤੇ ਹੈਂ ਤਹਾਂ ਹੀ ਛੋਡ ਦੇਵਹਿ ਤਾਂ ਹਨੂੰਮਾਨ ਕਹਿਆ ਕਿ ਮੈ ਤਾਂ ਗੋਵਰਧਨ ਕੇ ਸਾਥ ਬਚਨ ਕਹਿਆ ਹੋਇਆ ਹੈ ਜੋ ਮੈ ਤੇਰੇ ਤਾਈਂ ਮਹਾਰਾਜ ਕੇ ਪਾਸ ਲੈ ਜਾਵਾਂਗਾ ਅਤੇ ਮਹਾਰਾਜ ਕੀ ਆਗਿਆ ਵੀ ਫੇਰੀ ਨਹੀਂ ਜਾਤੀ ਤਾਂਤੇ ਤੁਸੀ ਮਹਾਰਾਜ ਸੇ ਪੁਛ ਆਵੋ ਅਰ ਮੈ ਈਹਾਂ ਹੀ ਪਰਬਤ ਕੇ ਪਾਸ ਬੈਠਤਾ ਹੋਂ ਸੋ ਜਬ ਸਭ ਕਪ ਪਹਾੜ ਸੁਟ ਕੇ ਮਹਾਰਾਜ ਪਾਸ ਆਨ ਪ੍ਰਾਪਤਿ ਹੂਏ ਤਬ ਮਹਾਰਾਜ ਪੁਛਿਆ ਕਿ ਹਨੂੰਮਾਨ ਕਯੋਂ ਨਹੀਂ ਆਇਆ ਤਬ ਬਾਂਦਰਾਂ ਨੇ ਕਿਹਾ

ਕਿ ਗੋਵਰਧਨ ਪਰਬਤ ਸਾਥ ਹਨੂੰਮਾਨ ਬਚਨ ਕਰ ਆਇਆ ਸੀ ਜੋ ਮੈ ਤੈਨੂੰ ਮਹਾਰਾਜ ਕੇ ਪਾਸ ਲੈ ਜਾਵਾਂਗਾ ਅਤੇ ਜਬ ਤੁਮਾਰੀ ਆਗਿਆ ਹੂਈ ਕਿ ਪਰਬਤ ਡਾਲ ਦੇਹੁ ਤਾਂ ਹਮ ਸਭ ਡਾਲ ਆਏ ਹਾਂ ਅਰ ਹਨੂੰਮਾਨ ਗੋਵਰਧਨ ਕੇ ਪਾਸ ਬੈਠਾ ਹੈ ਤਬ ਮਹਾਰਾਜ ਨੇ ਆਗਿਆ ਕੀਤੀ ਕਿ ਤੁਸੀ ਜਾਕੇ ਗੋਵਰਧਨ ਕੋ ਕਹੋ ਜੋ ਮੈਂ ਦੁਆਪਰ ਵਿਖੇ ਕ੍ਰਿਸਨ ਅਵਤਾਰ ਧਾਰਾਂਗਾ ਅਰ ਤੇਰੇ ਪਰ ਅਰ ਬ੍ਰਿਜ ਮੈ ਬਹੁਤ ਕਲੋਲ ਕਰਾਂਗਾ ਅਤੇ ਤੂੰ ਏਥੇ ਹੀ ਰਹੁ ਅਰ ਹਨੂੰਮਾਨ ਕੋ ਬੁਲਾਇ ਲਿਆਵੋ ਤਬ ਬਾਂਦਰੋਂ ਨੇ ਪਰਬਤ ਕੋ ਭੀ ਸਮਝਾਇਆ ਅਰ ਹਨੂੰਮਾਨ ਕੋ ਭੀ ਬੁਲਾਇਆ ਤਬ ਹਨੂੰਮਾਨ ਨੇ ਆਇ ਮਹਾਰਾਜ ਕਾ ਦਰਸਨ ਕੀਆ ਅਤੇ ਫਿਰ ਮਹਾਰਾਜ ਰਾਵਣ ਕੋ ਮਾਰ ਕੇ ਸੀਤਾ ਕੋ ਲਿਆਏ ਅਰ ਬਹੁੜ ਦੁਆਪਰ ਮੈਂ ਕਾਨ ਅਵਤਾਰ ਧਾਰ ਕੇ ਬ੍ਰਿਜ ਮੈ ਗੋਵਰਧਨ ਪਰਬਤ ਪਰ ਗਊਆਂ ਚਰਾਈਆਂ ਹੈਨ ਸੋ ਹੇ ਮਰਦਾਨਿਆ ਚਲ ਅਸੀਂ ਭੀ ਦਰਸਨ ਕਰੀਏ ਕਯੋਂਕਿ ਮਤ ਕੋਈ ਪਰਮੇਸਰ ਦੇ ਨਾਮ ਦੀ ਪ੍ਰੀਤਵਾਲਾ ਮਿਲਦਾ ਹੋਵੈ ਅਰ ਭਾਇ ਭਗਤੀ ਵਾਲਾ ਮਿਲਦਾ ਹੋਵੈ ਤਾਂ ਬਾਬਾ ਅਰ ਮਰਦਾਨਾ ਰਮਤੇ ਰਮਤੇ ਜਮਨਾਂ ਦੇ ਕੰਡੇ ਪਰ ਜਾਇ ਪ੍ਰਾਪਤਿ ਭਏ ਅਰ ਇਸਨਾਨ ਕਰਕੇ ਡਿਠਾ ਕਿ ਜਤੀ ਅਰ ਸਤੀ ਅਰ ਬ੍ਰਹਮਚਾਰੀ ਅਰ ਬੈਸਨੋ ਅਰ ਬੈਰਾਗੀ ਸਭ ਕਰਮਾਂ ਕੇ ਬੰਧਨ ਬੰਧੇ ਹੂਏਂ ਹੈਂ ਜੋ ਦਿਨ ਕੋ ਕਰਮ ਕਰਤੇ ਹੈ ਅਰ ਰਾਤ ਕੋ ਮਦ ਪੀਵਤੇ ਹੈਂ ਅਰ ਸੁੰਦਰ ਇਸਤ੍ਰੀਆਂ ਅਰ ਸੁੰਦਰ ਲੜਕਿਅਹੁ ਸਾਥਿ ਭੋਗ ਕਰਤੇ ਹੈਂ ਅਰ ਅੰਧ ਧੁੰਧ ਵਰਤਿਆ ਹੋਇਆ ਹੈ ॥

ਕਤਕ ਪੂਰਬੀ ਨੂੰ ਰਾਸ ਕਾ ਮੇਲਾ

(ਬਾਬਾ ਜੀ ਜਮਨਾ ਤੇ ਗਏ)

ਤਾਂ ਫਿਰ ਕਤਕ ਪੂਰਬੀ ਨੂੰ ਰਾਸ ਕਾ ਮੇਲਾ ਆਇਆ ਅਰ ਸਭ ਜਾਤ੍ਰੀ ਊਹਾਂ ਆਇ ਪ੍ਰਾਪਤਿ ਭਏ ਤਾਂ ਬਾਬੇ ਕਹਿਆ ਮਰਦਾਨਿਆਂ ਰਬਾਬ ਵਜਾਇ ਅਰ ਤਬ ਬਾਬੇ ਰਾਮਕਲੀ ਮੈਂ ਅਸਟਪਦੀ ਅਲਾਪੀ ॥

ਰਾਮਕਲੀ ਮਹਲਾ ੧ ॥ ਸੇਈ ਚੰਦ ਚੜਹਿ ਸੇ ਤਾਰੇ ਸੋਈ ਦਿਨੀਅਰ ਤਪਤ ਰਹੈ ॥ ਸਾ ਧਰਤੀ ਸੋ ਪਉਨ ਝੁਲਾਰੇ ਜੁਗ ਜੀਅ ਖੇਲੈ ਥਾਵ ਕੈਸੇ ॥ ੧ ॥ ਜੀਵਨ ਤਲਬ ਨਿਵਾਰਿ ॥ ਹੋਵਹਿ ਪਰਵਾਣਾ ਕਰਹਿ ਧਿਙਾਣਾ ਕਲਿ ਲਖਣ ਵੀਚਾਰਿ ॥ ੧ ॥ ਰਹਾਉ ॥ ਕਿਤੈ ਦੇਸ ਨ ਆਇਆ ਸੁਣੀਐ ਤੀਰਥ ਪਾਸਿ ਨ ਬੈਠਾ ॥ ਦਾਤਾ ਦਾਨ ਕਰੇ ਤਹ ਨਾਹੀ ਮਹਲ ਉਸਾਰਿਨ ਬੈਠਾ ॥ ੨ ॥ ਜੇ ਕੋ ਸਤ ਕਰੈ ਸੋ ਛੀਜੈ ਤਪ ਘਰ ਤਪ ਨ ਹੋਈ ॥ ਜੇ ਕੋ ਨਾਇ ਲਏ ਬਦਨਾਵੀ

ਕਲ ਕੇ ਲਖਣ ਏਈ ॥ ੩ ॥ ਜਿਸ ਸਿਕਦਾਰੀ ਤਿਸਹਿ ਖੁਆਰੀ ਚਾਕਰ ਕੇਹੇ ਡਰਣਾ ॥ ਜਾ ਸਿਕਦਾਰੈ ਪਵੈ ਜੰਜੀਰੀ ਤਾਂ ਚਾਕਰ ਹਥਹੁ ਮਰਣਾ ॥ ੪ ॥ ਆਖ ਗੁਣਾ ਕਲਿ ਆਈਐ ॥ ਤਿਹ ਜੁਗ ਕੇ ਰਹਿਆ ਤਪਾਵਸ ਜੇ ਗੁਣ ਦੇਹਿ ਤਪਾਈਐ ॥ ੧ ॥ ਰਹਾਉ ॥ ਕਲਿ ਕਲਿ ਵਾਲੀ ਸਰਾ ਨਿਬੇੜੀ ਕਾਜੀ ਕ੍ਰਿਸਨ ਹੋਆ ॥ ਬਾਣੀ ਬ੍ਰਹਮਾ ਬੇਦ ਅਥਰਬਣ ਕਰਣੀ ਕੀਰਤ ਲਹਿਆ ॥ ੫ ॥ ਪਤਿ ਵਿਣ ਪੂਜਾ ਸਤਿ ਵਿਣ ਸੰਜਮ ਜਤ ਵਿਣ ਕਾਹੇ ਜਨੇਊ ॥ ਨਾਵਹੁ ਧੋਵਹੁ ਤਿਲਕ ਚੜਾਵਹੁ ਸੁਚ ਵਿਣ ਸੋਚਨ ਹੋਈ ॥ ੬ ॥ ਕਲ ਪਰਵਾਣ ਕਤੇਬ ਕੁਰਾਣ ॥ ਪੋਥੀ ਪੰਡਤ ਰਹੇ ਪੁਰਾਣ ॥ ਨਾਨਕ ਨਾਉ ਭਇਆ ਰਹਮਾਣ ॥ ਕਰ ਕਰਤਾ ਤੂ ਏਕੋ ਜਾਣ ॥ ੭ ॥ ਨਾਨਕ ਨਾਮ ਮਿਲੈ ਵਡਿਆਈ ਏਦੂ ਉਪਰ ਕਰਮੁ ਨਹੀ ॥ ਜੇ ਘਰਿ ਹੋਦੇ ਮੰਗਣ ਜਾਈਐ ਫਿਰ ਓਲਾਮਾ ਮਿਲੈ ਤਹੀ ॥ ੮ ॥

ਸੋ ਜਬ ਸਭ ਪੰਡਤ ਅਰ ਤਪੀਸਰ ਅਰ ਰਖੀਸਰ ਆਨ ਬਾਬੇ ਦੇ ਦਰਸਨ ਲਗੇ ਤਾਂ ਅਰਦਾਸ ਕੀਤੀ ਜੀ ਏਸ ਸਬਦ ਦਾ ਤਾਤਪਰਜ ਸੁਨਾਵੋ ਤਬ ਬਾਬਾ ਬੋਲਿਆ ਕਿ ਚੰਦ੍ਰਮਾ ਭੀ ਓਹੀ ਚੜਤਾ ਹੈ ਅਰ ਤਾਰੇ ਭੀ ਓਹੀ ਹੈ ਅਰ ਸੂਰਜ ਭੀ ਓਹੀ ਹੈ ਅਰ ਧਰਤੀ ਭੀ ਓਹੀ ਹੈ ਅਰ ਪਉਨ ਭੀ ਓਹੀ ਹੈ ਪਰ ਇਸ ਜੁਗ ਮੈਂ ਜੀਆਂ ਕੀਆਂ ਬੁਧਾਂ ਮੈਲੀਆਂ ਹੋ ਗਈਆਂ ਹੈਂ ਅਰ ਅਗਲੇ ਜੁਗਾਂ ਕੀਆਂ ਜੋ ਆਰਬਲਾਂ ਹੋਤੀਆਂ ਥੀਆਂ ਸੋ ਹਜਾਰਾਂ ਬਰਸਾਂ ਹੋਤੀਆਂ ਥੀਆਂ ਸੋ ਓਹ ਛੋਡ ਕੇ ਚਲੇ ਗਏ ਹੈ ਅਰ ਕਲਜੁਗ ਕੇ ਜੀਆਂ ਕਾ ਕਿਆ ਵਿਸਾਹੁ ਹੈ ਜੋ ਦਰੀਆਇ ਕੇ ਬੁਦ-ਬੁਦਿਆਂ ਕੀ ਨਿਆਈ ਸਭੇ ਚਲੇ ਜਾਤੇ ਹੈਂ ਅਰ ਹੋਤਾ ਤੋ ਵਾਹਗੁਰੂ ਕਾ ਹੁਕਮ ਹੈ ਪਰ ਜੀਵ ਧਿਙਾਣਾ ਕਰਤੇ ਹੈਂ ਜੋ ਹੁਕਮ ਮਿਠਾ ਨਹੀਂ ਮਾਨਤੇ ॥ ਤਾਂਤੇ ਇਨਾਂ ਲਖਣਾ ਕਰ ਕਲਜੁਗ ਵਰਤਿਆ ਹੈ ਅਤੇ ਹੋਰ ਰਾਜਿਆਂ ਕੀ ਨਿਆਈਂ ਕਲਜੁਗ ਕਿਸੇ ਦੇਸ ਨਹੀਂ ਆਇਆ ਅਰ ਕਿਤੇ ਤੀਰਥ ਪਰ ਨਹੀਂ ਆਇ ਨਿਕਲਿਆ ਅਰ ਦਾਤਿਆਂ ਦੀ ਨਿਆਈਂ ਦਾਨ ਨਹੀਂ ਕਰਤਾ ਅਰ ਕਿਤੇ ਮਹਲ ਉਸਾਰ ਕੇ ਕਿਲਾ ਨਹੀਂ ਸੀ ਪਾਇਆ ਪਰ ਇਨਾਂ ਲਖਣਾਂ ਕਰ ਮਲੂਮ ਹੋਤਾ ਹੈ ਕਿ ਜੇ ਕੋਈ ਸਤਿ ਕਰਤਾ ਹੈ ਤਾਂ ਤਿਸਕਾ ਸਤ ਛਿਜ ਜਾਤਾ ਹੈ ਅਰ ਜੇ ਕੋਈ ਤਪ ਕਰਤਾ ਹੈ ਤਾਂ ਤਿਸਕਾ ਤਪ ਨਹੀਂ ਪੂਰਾ ਹੋਤਾ ਅਰ ਜੇ ਕੋਈ ਨਾਮ ਜਪਤਾ ਹੈ ਤਾਂ ਤਿਸਨੂੰ ਬਦਨਾਵੀ ਹੋਤੀ ਹੈ ਤਾਂਤੇ ਇਨਾਂ ਲਖਣਾਂ ਕਰਕੇ ਕਲਜੁਗ ਸਿਞਾਪਦਾ ਹੈ ਅਰ ਜਿਸ ਕੀ ਸਿਕਦਾਰੀ ਹੁੰਦੀ ਹੈ ਉਸੇ ਨੂੰ ਸਭ ਖੁਆਰੀ ਹੁੰਦੀ ਹੈ ਅਰ ਜੋ ਉਸ ਦੇ ਚਾਕਰ

ਹੁੰਦੇ ਹਨ ਸੋ ਹੁਕਮ ਨਹੀਂ ਮੰਨਦੇ ਅਤੇ ਜਦ ਉਨਾਂ ਸਿਕਦਾਰਾਂ ਨੂੰ ਜੰਜੀਰ ਪਉਂਦੇ ਹਨ ਤਾਂ ਓਹ ਚਾਕਰ ਸਗੋਂ ਉਸਨੂੰ ਮਾਰਨ ਲਗਦੇ ਹਨ ਅਤੇ ਸਤਜੁਗ ਵਿਚ ਜੇ ਇਕ ਪਾਪ ਕਰਦਾ ਸੀ ਤਾਂ ਸਾਰੇ ਦੇਸ ਨੂੰ ਦੁਖ ਲਗਦਾ ਸੀ ਅਤੇ ਤ੍ਰੇਤੇ ਮੇਂ ਨਗਰੀ ਕੋ ਅਰ ਦੁਆਪਰ ਮੇਂ ਦੋਨਹੁ ਕੁਲੋਂ ਕੌ ਅਰ ਕਲਜੁਗ ਮੈ ਜੋ ਕਰਤਾ ਹੈ ਸੋਈ ਪਾਵਤਾ ਹੈ ਪਰ ਜਿਸਨੂੰ ਸਤਿਗੁਰ ਨਾਮ ਦੇ ਗੁਣ ਬਖਸਦਾ ਹੈ ਉਸਕਾ ਉਧਾਰ ਹੋਤਾ ਹੈ ਅਰ ਕਲਜੁਗ ਮੇ ਮਹਾਂ ਪਾਪ ਕਰਕੇ ਧੁੰਧੂਕਾਰ ਹੋ ਰਹਿਆ ਪਰ ਕ੍ਰਿਸਨ ਕਾ ਨਾਮ ਜੋ ਹੈ ਸੋ ਤਿਸਕਾ ਉਧਾਰ ਕਰਨ ਵਾਲਾ ਨਿਆਉਂ ਹੈ ਅਰ ਵੇਦ ਅਰਥਬਣ ਕਉ ਮਥ ਕਰ ਕਥਾ ਕੀਰਤਨ ਕਲਜੁਗ ਕੀ ਕਰਨੀ ਕਹੀ ਹੈ ਅਰ ਪਤ ਬਿਨਾਂ ਪੂਜਾ ਅਰ ਸਤ ਬਿਨਾਂ ਸੰਜਮ ਅਰ ਜਤ ਬਿਨਾਂ ਜਨੇਊ ਕਿਤੇ ਲੇਖੇ ਨਹੀਂ ਕਯੋਂਕਿ ਨਾਂਵ ਦੇ ਭੀ ਹੋ ਅਰ ਧੋਂਵਦੇ ਭੀ ਹੋ ਅਰ ਤਿਲਕ ਭੀ ਚੜ੍ਹਾਂਵਦੇ ਹੋ ਪਰ ਰਾਗ ਦ੍ਵੇਖ ਕੀ ਮਲ ਨਾਹੀਂ ਧੋਂਦੇ ਤਾਹੀਂਤੇ ਸੁਚੇ ਨਹੀਂ ਰਹਿੰਦੇ ਸੋ ਅਬ ਕਲਜੁਗ ਦੇ ਜੋ ਜੀਵ ਹੈ ਸੋ ਕਤੇਬਾਂ ਅਰ ਕੁਰਾਨ ਪੜਤੇ ਹੈਂ ਅਰ ਪੋਥੀ ਅਤੇ ਪੁਰਾਣਾਂ ਕਾ ਮਤ ਛੋਡ ਦੀਆ ਹੈ ਪਰ ਕਲਜੁਗ ਮੈ ਨਾਉਂ ਜੋ ਪਰਮੇਸਰ ਕਾ ਹੈ ਸੋਈ ਛੁਟਕਾਰਾ ਕਰਨ ਵਾਲਾ ਹੈ ਅਰ ਨਾਮ ਕਰਕੇ ਹੀ ਕਲਜੁਗ ਮੈ ਵਡਿਆਈ ਮਿਲਤੀ ਹੈ ਸੋ ਇਸਕੇ ਸਮਾਨ ਹੋਰ ਕਰਮ ਕੋਈ ਨਹੀਂ ॥ ਅਤੇ ਜੋ ਗੁਰਾਂ ਦੇ ਵਚਨਾਂ ਨੂੰ ਛਡ ਕੇ ਹੋਰਨਾਂ ਨੂੰ ਮੰਗਣ ਜਾਂਦੇ ਹਨ ਸੋ ਫਿਰ ਉਨਾਂ ਨੂੰ ਹੀ ਉਲਾਮਾ ਮਿਲਦਾ ਹੈ ਅਤੇ ਜਦ ਏਹ ਵਚਨ ਬਾਬੇ ਕਹਾ ਤਾਂ ਉਨਾਂ ਪੰਡਤਾਂ ਪ੍ਰਸਨ ਕੀਤਾ ਕਿ ਤੁਸੀਂ ਨਿਰਗੁਣ ਦੇ ਉਪਾਸਕ ਹੋ ਕੇ ਸਰਗੁਣ ਦੇ ਤਾਂ ਬਾਬੇ ਕਹਾ ਜੇ ਨਿਰਗੁਣ ਸਰਗੁਣ ਦੋਇ ਹੋਵਨ ਤਾਂ ਉਪਾਸਨਾ ਭਿੰਨ ਭਿੰਨ ਪਰ ਸੋਈ ਮਹਾਰਾਜ ਨਿਰਗੁਣ ਰੂਪ ਹੋ ਕੇ ਸਭ ਸਰੀਰਾਂ ਮੇਂ ਸਤਾ ਦੇ ਰਹਾ ਹੈ ਅਰ ਸੋਈ ਮਹਾਰਾਜ ਆਪਣੀ ਕ੍ਰਿਪਾ ਕਰ ਸ੍ਰੀ ਕ੍ਰਿਸਨ ਭਗਵਾਨ ਕਾ ਰੂਪ ਧਾਰ ਕੇ ਬ੍ਰਿਜ ਮੈ ਕਲੋਲ ਕੀਏ ਹੈਂ ਸੋ ਜਿਨੋਂ ਨੇ ਉਨਕਾ ਦਰਸਨ ਕੀਆ ਉਨਕਾ ਭੀ ਉਧਾਰ ਹੂਆ ॥ ਅਤੇ ਜੋ ਤੁਮਉਨਾਂ ਕਾ ਚਲਿਤ੍ਰ ਗਾਵਤੇ ਸੁਣਤੇ ਹੋ ਤੁਮਾਰਾ ਭੀ ਉਧਾਰ ਹੋਵੇਗਾ ਕਯੋਂਕਿ ਜੈਸੇ ਰਾਜਾ ਦੀਵਾਨ ਮੇ ਭੂਖਨ ਸਸਤ੍ਰ ਬਸਤ੍ਰ ਪਹਰ ਕੇ ਬੈਠਤਾ ਹੈ ਤੋ ਭੀ ਸੇਵਕ ਉਸਕੋ ਸੇਵਤੇ ਹੈਂ ਅਤੇ ਜਬ ਭੂਖਨ ਬਸਤ੍ਰ ਉਤਾਰ ਕਰ ਸੈਨ ਕਰਤਾ ਹੈ ਤੌ ਭੀ ਸੇਵਕ ਉਸਕੀ ਸੇਵਾ ਕਰਤੇ ਹੈਂ ॥ ਅਰ ਜੋ ਉਸਕਾ ਨਾਮ ਲੈਕਰ ਪੁਕਾਰਤੇ ਹੈਂ ਤਾਂ ਜਾਗਤੇ ਸੂਤੇ ਉਸਕੀ ਸਹਾਇਤਾ ਕਰਤਾ ਹੈ ਅਰ ਹਮ ਉਸ ਕੇ ਨਾਮ ਕੇ ਉਪਾਸਕੀ ਹੈਂ ॥

ਗਉੜੀ ਦਖਣੀ ਮ: ੧ ॥ ਸੁਣਿ ਸੁਣਿ ਬੂਝੈ ਮਾਨੈ ਨਾਉ ॥ ਤਾਕੈ ਸਦ ਬਲਿਹਾਰੈ ਜਾਉ ॥ ਆਪਿ ਭੁਲਾਏ ਠੌਰ ਨ ਠਾਉ ਤੂ ਸਮਝਾਵਹਿ ਮੇਲ ਮਿਲਾਉ ॥ ੧ ॥

ਨਾਮ ਮਿਲੇ ਚਲੈ ਮੈ ਨਾਲਿ ॥ ਬਿਨ ਨਾਵੈ ਬਾਧੀ ਸਭ ਕਾਲ ॥ ੧ ॥ ਰਹਾਉ ॥
ਖੇਤੀ ਵਣਜ ਨਾਵੈ ਕੀ ਓਟ ॥ ਪਾਪ ਪੁੰਨ ਬੀਜ ਕੀ ਪੋਟ ॥ ਕਾਮ ਕ੍ਰੋਧ ਜੀਅ ਮਹਿ ਚੋਟ ॥ ਨਾਮ ਵਿਸਾਰਿ ਚਲੇ ਮਨਿ ਖੋਟਿ ॥ ੨ ॥ ਸਾਚੇ ਗੁਰਕੀ ਸਾਚੀ ਸੀਖ ॥ ਤਨ ਮਨ ਸੀਤਲ ਸਾਚ ਪਰੀਖ ॥ ਜਲ ਪੁਰਾਇਨ ਰਸ ਕਮਲ ਪਰੀਖ ॥ ਸਬਦ ਰਤੇ ਮੀਠੇ ਰਸ ਈਖ ॥ ੩ ॥ ਹੁਕਮ ਸੰਜੋਗੀ ਗੜ ਦਸ ਦੁਆਰ ॥ ਪੰਚ ਵਸਹਿ ਮਿਲ ਜੋਤਿ ਅਪਾਰਾ ॥ ਆਪ ਤੁਲੈ ਆਪੇ ਵਣਜਾਰਾ ॥ ਨਾਨਕ ਨਾਮ ਸਵਾਰਣਹਾਰਾ ॥ ੪ ॥

ਤਾਂ ਬਾਬੇ ਕਹਿਆ ਕਿ ਜੌਨਸੇ ਵਾਹਗੁਰੂ ਕੌ ਬਾਰੰਬਾਰ ਸ੍ਰਵਣ ਕਰਤੇ ਹੈਂ ਅਰ ਨਾਮ ਕੀ ਮਹਿਮਾ ਕੋ ਬੂਝਤੇ ਹੈਂ ਅਰ ਮਾਨਤੇ ਹੈਂ ਤਿਨੋ ਪਰ ਮੈ ਸਦੀਵ ਬਲਿਹਾਰੈ ਜਾਉ ॥ ਕਜੋਂਕਿ ਜਿਸਕੋ ਆਪ ਸਤਿਗੁਰ ਭੁਲਾਵਤਾ ਹੈ ਉਸ ਕੌ ਠੌਰ ਨਹੀਂ ਹੋਤੀ ਅਰ ਜਿਸ ਕੋ ਸਮਝਾਵਤਾ ਹੈ ਤਿਸ ਕੋ ਸਾਧ ਸੰਗਤ ਮਿਲਾਵਤਾ ਹੈ ॥ ਨਾਮ ਮਿਲੈ ਚਲੈ ਮੈ ਨਾਲ ॥ ਕਿਆ ਨਾਮ ਜਿਸਨੂੰ ਪ੍ਰਾਪਤਿ ਹੋਂਦਾ ਹੈ ਉਸਦੇ ਨਾਲ ਚਲਦਾ ਹੈ ਅਤੇ ਜੋ ਨਾਮ ਬਿਨਾਂ ਔਧ ਬਿਤਾਂਵਦਾ ਹੈ ਸੋ ਜਮ ਕਾਲ ਕੇ ਵਸ ਪੌਂਦਾ ਹੈ ਅਰ ਦੁਖ ਪਾਵਤਾ ਹੈ ਤਾਂਤੇ ਸੰਤਾਂ ਦੀ ਖੇਤੀ ਭੀ ਨਾਮ ਹੈ ਅਰ ਵਣਜ ਭੀ ਨਾਮ ਹੈ ਅਤੇ ਪਾਪ ਤੇ ਪੁੰਨ ਜੋ ਪਿਛਲਿਆਂ ਜਨਮਾਂ ਦੇ ਹੈਨ ਸੋ ਸਿਰ ਪਰ ਪੋਟ ਉਠਾਇ ਲਿਆਇਆ ਹੈ॥

ਅਰ ਜੋ ਪਿਛੇ ਬੀਜਿਆ ਹੈ ਸੋ ਅਬ ਭੋਗਦਾ ਹੈ ਅਰ ਜੋ ਈਹਾਂ ਬੀਜੇਗਾ ਸੋ ਆਗੇ ਭੋਗੇਗਾ ਪਰ ਜਬ ਲਗ ਨਾਮ ਅਰ ਗਿਆਨ ਕੋ ਪ੍ਰਾਪਤ ਨਾ ਹੋਵੇ ਤਬ ਲਗ ਜਨਮਾਂ ਜਨਮਾਂਤਰਾਂ ਤੇ ਛੁਟਤਾ ਨਹੀਂ ਅਰ ਕਾਮ ਕ੍ਰੋਧ ਰੂਪੀ ਜੋ ਚੰਡਾਲ ਹੈ ਸੋ ਜੀਵ ਕੋ ਚੋਟਾਂ ਪੜੇ ਮਾਰਤੇ ਹੈਂ ਪਰ ਜਿਨਕੋ ਪਰਮੇਸਰ ਕਾ ਨਾਮ ਵਿਸਰਿਆ ਹੈ ਤਿਨਕੇ ਮਨ ਖੋਟੇ ਹੈਂ ਅਰ ਜੋ ਸਦਾ ਪਰਮੇਸਰ ਨੂੰ ਚਿਤ ਰਖਦੇ ਹਨ ਤਿਨਕੇ ਮਨ ਖਰੇ ਹੋਤੇ ਹੈਂ ਅਤੇ ਜੋ ਸਚੇ ਗੁਰ ਹੈਨ ਤਿਨ ਕੀ ਸਚੀ ਸਿਖਿਆ ਹੈ ਅਰ ਸਚੀ ਸਿਖਿਆ ਕੀ ਪਰੀਖਿਆ ਕਿਉਂ ਕਰ ਜਾਣੀਤੀਹੈ ਜੋ ਜਿਸਦੇ ਸ੍ਰਵਨ ਕਰ ਤਨ ਮਨ ਸੀਤਲ ਹੋ ਜਾਤਾਹੈ ਜੈਸੇ ਭਉਰਾ ਕਮਲ ਕੀ ਰਸ ਲੇਕਰ ਸੀਤਲ ਹੋਤਾ ਹੈ ਤੈਸੇ ਓਹ ਗੁਰੂ ਕੇ ਸਬਦ ਕੋ ਅੰਮ੍ਰਿਤ ਕੀ ਨਿਆਈ ਮਿਠਾ ਕਰ ਖਾਵਤੇ ਹੈਂ ਅਤੇ ਈਸਰ ਕੀ ਨੇਤ ਕੇ ਸਾਥ ਏਹ ਸਰੀਰ ਰੂਪੀ ਦਸਾਂ ਦੁਆਰਿਆਂ ਵਾਲਾ ਗੜ ਰਚਿਆ ਹੈ ਅਰ ਪੰਜ ਤਤ ਇਸਮੈ ਜੋ ਵਿਰੋਧੀ ਇਕਤ੍ਰ ਕੀਏ ਹੈਂ ਅਤੇ ਜੇ ਈਸਰ ਕੀ ਜੋਤ ਭਿੰਨ ਹੋ ਜਾਵੇ ਤੋ ਆਪ ਭੀ ਅੰਸੀਆਂ ਸੋ ਅੰਸ ਮਿਲ ਜਾਤੇ ਹੈਂ ਅਰ ਸਤਿਗੁਰ ਜੋ ਹੈਂ ਆਪ ਸਿਖ ਕੇ ਰਿਦੇ ਕੋ ਤੋਲਤੇ ਹੈਂ ਅਰ ਆਪੇ ਵਣਜਤੇ ਹੈਂ ਗੁਰੂ ਨਾਨਕ ਜੀ ਕਹਿਤੇ ਹੈਂ ਕਿ ਨਾਮ ਹੀ ਇਸਕੇ ਜਨਮ ਮਰਨ ਨੂੰ ਕਟਣ ਹਾਰਾ ਹੈ ॥

ਜਾਂ ਇਤਨੀ ਵਾਰਤਾ ਗੁਰੂ ਨਾਨਕ ਜੀ ਕਹੀ ਤਾਂ ਸਭੇ ਪੰਡਤ ਅਤੇ ਜਾਤ੍ਰੀ ਅਰ ਦੇਵੀ ਦੇਵਾ ਜੋ ਉਥੇ ਆਏ ਆਹੇ ਸਭ ਚਰਨੀ ਲਗੇ ਤਾਂ ਬਾਬੇ ਕਹਾ ਤੁਸਾਂ ਸਤਨਾਮ ਕਾ ਮੰਤ੍ਰ ਜਪਣਾ ਅਰ ਭਾਉ ਭਗਤੀ ਕਰਨੀ ਸੋ ਇਹ ਉਪਦੇਸ ਕਰਕੇ ਫਿਰ ਬਾਬਾ ਜੀ ਗੰਗਾ ਕੋ ਚਲੇ ਅਰ ਰਮਤੇ ਭ੍ਰਮਤੇ ਵਿਸਾਖੀ ਕੇ ਮੇਲੇ ਪਰ ਜਾਇ ਪਹੁੰਚੇ ॥

ਬਾਬਾ ਜੀ ਗੰਗਾ ਤੇ ਗਏ

ਤਾਂ ਉਥੇ ਪੰਡਤ ਅਰ ਰਾਜੇ ਪਿਤਰਾਂ ਕੋ ਤਰਪਣ ਕਰਦੇ ਸੇ ਤਾਂ ਬਾਬਾ ਭੀ ਗੰਗਾ



ਕਾ ਜਲ ਅੰਜਲ ਕਰਕੇ ਪ੍ਰਵਾਹ ਕਰਤੇ ਭਏ ਅਤੇ ਲੋਕਾਂ ਪੁਛਿਆ ਤੁਸੀਂ ਕੀ ਕਰਦੇ ਹੋ ਤਾਂ ਇਨਾਂ ਕਹਿਆ ਕਿ ਆਪਣੇ ਬਾਗ ਕੋ ਪਾਨੀ ਦੇਂਦੇ ਹਾਂ ਤਾਂ ਉਨਾਂ ਕਹਿਆ ਤੁਸਾਡੇ ਬਾਗ ਕੋ ਪਾਨੀ ਕੀਕਰ ਪਹੁੰਚੇਗਾ ਤਾਂ ਬਾਬੇ ਕਹਿਆ ਤੁਸੀਂ ਕਿਸਨੂੰ ਪਾਨੀ ਦੇਂਦੇ ਹੋ ਤਾਂ ਉਨਾਂ ਆਖਿਆ ਅਸੀਂ ਤਾਂ ਪਿਤਰਾਂ ਨੂੰ ਦੇਂਦੇ ਹਾਂ ਤਾਂ ਬਾਬੇ ਆਖਿਆ ਤੁਸਾਡੇ ਪਿਤਰ ਕੇਡੀ ਕੁ ਦੂਰ ਹੋਂਦੇ ਹਨ ਤਾਂ ਉਨਾਂ ਕਹਿਆ ਲਖਾਂ ਜੋਜਨਾਂ ਤੇ ਤਾਂ ਬਾਬੇ ਕਹਿਆ ਤੁਸਾਡੇ ਪਿਤਰਾਂ ਨੂੰ ਪਾਨੀ ਕਿਉਂਕਰ ਪਹੁਚੇਗਾ ਤਾਂ ਉਨਾਂ ਨੇ ਕਹਿਆ ਸੂਰਜ ਦੇਵਤਾ ਭਗਵਾਨ ਨੇ ਸਾਖੀ ਰਖਿਆ ਹੈ ਕਿ ਜਿਸ ਕਾ ਮੰਤ੍ਰ ਪੜਕੇ ਜੀਅ ਜਲ ਅਰਪਤੇ ਹੈ ਅਰ ਮਹਾਰਾਜ ਕਾ ਨਾਮ ਲੇਤੇ ਹੈਂ ਤਾਂ ਸੂਰਜ ਦੇਵਤਾ ਉਸੀ ਉਸੀ ਲੋਕ ਆਪਣੀਆਂ ਕਿਰਨਾਂ ਨਾਲ ਪਹੁੰਚਾ ਦੇਂਦਾ ਹੈ ਤਾਂ ਬਾਬੇ ਕਹਿਆ ਕਿ ਅਸਾਂ ਐਸਾ ਪਾਨੀ ਦਿਤਾ ਹੈ ਜੋ ਸਰਬ ਜਗਾਂ ਸਰਬ ਦੁਖਾਂ ਦੇ ਦੂਰ ਕਰਨ ਵਾਲਾ ਹੈ ਕਿ ਹਮਾਰੇ ਵਚਨ ਜੋ ਹੈਨ ਸੋ ਜਲ ਹੈ ਅਰ ਹਮਾਰੇ ਜਗਯਾਸੀ ਜੋ ਹੈਨ ਸੋ ਬਾਗ ਹੈਨ ਅਰ ਹਮਾਰੇ ਵਚਨ ਹੈ ਸੋ ਜਲ ਹੈ ਅਤੇ ਸੂਰਜ ਹਮਾਰਾ ਗਿਆਨ ਹੈ ਸੋ ਗਜਾਨ ਰੂਪੀ ਸੂਰਜ ਹਮਾਰੇ ਵਚਨਾ ਕੇ ਜਲ ਕੋ ਜਹਾਂ ਜਹਾਂ ਜਗਿਆਸੀ ਹੈਂ ਤਹਾਂ ਤਹਾਂ ਪਹੁੰਚਾ ਕੇ ਅਰ ਉਨਾਂ ਕੇ ਰਿਦੇ ਕੋ ਤ੍ਰਿਸਨਾ ਕੀ ਅਗਨ ਸੇ ਸਾਂਤ ਕਰ ਦੇਤਾ ਹੈ ਅਰ ਜਾਂ ਏਹ ਬਚਨ ਸੁਣਿਆ ॥

ਪਉੜੀ ॥ ਜਤੀ ਸਤੀ ਚਿਰ ਜੀਵਣੇ ਸਾਧਿਕ ਸਿੱਧ ਨਾਥ ਗੁਰ ਚੇਲੇ ॥
ਦੇਵੀ ਦੇਵ ਰਿਖੀਸਰਾਂ ਭੈਰੋਂ ਖੇਤ੍ਰਪਾਲ ਬਹੁ ਮੇਲੇ ॥
ਗਣ ਗੰਧਰਬ ਅਪੱਛਰਾਂ ਕਿੰਨਰ ਜੱਛ ਚਲਿਤ ਬਹੁ ਖੇਲੇ ॥
ਰਾਕਸ ਦਾਨੋਂ ਦੈਂਤ ਲਖਿ ਅੰਦਰਿ ਦੂਜਾ ਭਾਉ ਦੁਹੇਲੇ ॥
ਹਉਮੈਂ ਅੰਦਰਿ ਸਭ ਕੋ ਡੁੱਬੇ ਗੁਰੂ ਸਣੇ ਬਹੁ ਚੇਲੇ ॥
ਗੁਰਮੁਖਿ ਕੋਇ ਨ ਦਿੱਸਈ ਢੂੰਢੇ ਤੀਰਥ ਜਾਤ੍ਰੀ ਮੇਲੇ ॥
ਢੂੰਢੇ ਹਿੰਦੂ ਤੁਰਕ ਸਭ ਪੀਰ ਪਿਕੰਬਰ ਕਉਮਿ ਕਤੇਲੇ ॥
ਅੰਧੀ ਅੰਧੇ ਖੂਹੇ ਠੇਲੇ ॥ ੨੬ ॥

ਅਤੇ ਜਬ ਬਾਬਾ ਜੀ ਗੰਗਾ ਕੋ ਗਏ ਤਬ ਸਭ ਜਿਤਨੇ ਜਤੀ ਤੇ ਸਤੀ ਸੇ ਅਰ ਚਿਰੰਜੀਵ ਸੇ ਅਰ ਸਾਧਕ ਅਰ ਸਿਧ ਅਰ ਚੇਲੇ ਅਰ ਨਾਥ ਅਰ ਦੇਵੀ ਦੇਵਤੇ ਅਰ ਭੈਰੋ ਅਰ ਖੇਤ੍ਰਪਾਲ ਅਰ ਗੰਣ ਅਰ ਗੰਧਰਬ ਅਰ ਅਪਛਰਾ ਅਰ ਰਾਕਸ ਅਰ ਦਾਨੋ ਅਰ ਦਈਤ ਸਭ ਹਉਮੈ ਕਰਕੇ ਗੰਗਾ ਕੇ ਮੇਲੇ ਮੈਂ ਜਾਇਕੇ ਇਕਠੇ ਹੂਏ ਜੋ ਅਸੀਂ ਬਾਬੇ ਕੇ ਸਾਥ ਫੇਰ ਚਰਚਾਂ ਕਰਾਂਗੇ ਤਾਂ ਬਾਬੇ ਸਭਨਾ ਨੂੰ ਡਿਠਾ ਜੋ ਇਨਾ ਦੇ ਵਿਚੋਂ ਗੁਰਮੁਖ ਕੋਈ ਨਹੀਂ ਅਤੇ ਸਭ ਵਾਦ ਕਰਨ ਵਾਲੇ ਹੈਨ ਅਰ ਏਹ ਅਗਿਆਨ ਕਰਕੇ ਅੰਧੇ ਹੈਂ ਅਰ ਇਨਾਂ ਨੂੰ ਜਦ ਗਿਆਨ ਦੇਵੀਐਗਾ ਤਬ ਇਨਾਂ ਦਾ ਕਲਿਆਣ ਹੋਵੈਗਾ ਸੋ ਜਬ ਸਭੇ ਚੌਫੇਰੇ ਆਇ ਅੱਕਠੇ ਹੋਏ ਤਾਂ ਬਾਬਾ ਬੋਲਿਆ ਜੋ ਬਿਅੰਤ ਬਿਅੰਤ ਬਿਅੰਤ ਤਾਂ ਪੰਡਤਾਂ ਨੇ ਪੁਛਿਆ ਕਿ ਸਭ ਕੋਈ ਤਾਂ ਮਹਾਰਾਜ ਨੂੰ ਬਿਅੰਤ ਕਹਤਾ ਹੈ ਪਰ ਜਉਨਸੇ ਮਹਾਰਾਜ ਕੇ ਅਉਤਾਰ ਹੈਂ ਸੋ ਭੀ ਮਹਾਰਾਜ ਕਾ ਅੰਤ ਜਾਣਤੇ ਹੈਂ ਕਿ ਨਹੀਂ ਜਾਣਤੇ ਤਾਂ ਬਾਬੇ ਕਹਿਆ ਕਿ ਜੇ ਕਹੀਏ ਓਹ ਮਹਾਰਾਜ ਕਾ ਅੰਤ ਜਾਣਤੇ ਹੈਂ ਤਾਂ ਫਿਰ ਮਹਾਰਾਜ ਅੰਤਵੰਤ ਹੋ ਜਾਤਾ ਹੈ ਤਾਂ ਫਿਰ ਬਿਅੰਤ ਕੈਸੇ ਰਹਾ ਅਰ ਜੇ ਕਹੀਏ ਅਵਤਾਰ ਉਸ ਕਾ ਅੰਤ ਨਹੀਂ ਜਾਣਤੇ ਤਾਂ ਓਇ ਪਰਮੇਸਰ ਕੈਸੇ ਹੋਏ ਤਾਂਤੇ ਅਵਤਾਰ ਭੀ ਜਾਣਤੇ ਹੈਂ ਜੋ ਪਰਮੇਸਰ ਬਿਅੰਤ ਹੈ ॥ ਤਬ ਫਿਰ ਬਾਬੇ ਨਾਨਕ ਜੀ ਸਬਦ ਕਹਿਆ ॥ ਕੋਟਿ ਕੋਟੀ ਮੇਰੀ ਆਰਜਾ ਪਵਣ ਪੀਅਣ ਅਪਿਆਉ ॥ ਚੰਦ ਸੂਰਜ ਦੁਇ ਗੁਫੈ ਨ ਦੇਖਾ ਸੁਪਨੈ ਧਉਣ ਨਾ ਥਾਉ ॥ ਭੀ ਤੇਰੀ ਕੀਮਤ ਨਾ ਪਵੈ ਹਉ ਕੇਵਡ ਆਖਾ ਨਾਉ ॥ ੧ ॥ ਸਾਚਾ ਨਿਰੰਕਾਰ ਨਿਜ ਥਾਇ ॥ ਸੁਣਿ ਸੁਣਿ ਆਖਣ ਆਖਣਾ ਜੇ ਭਾਵੈ ਕਰੇ ਤਮਾਇ ॥ ੧ ॥ ਰਹਾਉ ॥ ਕੁਸਾ ਕਟੀਆਂ ਵਾਰ ਵਾਰ ਪੀਸਣਿ ਪੀਸਾ ਪਾਇ ॥ ਅਗੀ ਸੇਤੀ ਜਾਲੀਆ ਭਸਮ ਸੇਤੀ ਰਲਿ ਜਾਉ ॥ ਭੀ ਤੇਰੀ ਕੀਮਤ ਨਾ ਪਵੈ ਹਉ ਕੇਵਡ ਆਖਾ ਨਾਉ ॥ ੨ ॥ ਪੰਖੀ ਹੋਇਕੇ ਜੇ ਭਵਾ ਸੈ ਅਸਮਾਨੀ ਜਾਉ ॥ ਨਦਰੀ

ਕਿਸੈ ਨ ਆਵਊ ਨਾ ਕਿਛ ਪੀਆ ਨ ਖਾਉ ॥ ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡ ਆਖਾ ਨਾਉ ॥ ੩ ॥ ਨਾਨਕ ਕਾਗਦ ਲਖਮਣਾ ਪੜਿ ਪੜਿ ਕੀਚੈ ਭਾਉ ॥ ਮਸੂ ਤੋਟਿ ਨ ਆਵਈ ਲੇਖਣ ਪਉਣ ਚਲਾਉ ॥ ਭੀ ਤੇਰੀ ਕੀਮਤਿ ਨ ਪਵੈ ਹਉ ਕੇਵਡ ਆਖਾ ਨਾਉ ॥ ੪ ॥ ਤਿਸ ਕਾ ਪਰਮਾਰਥ ਬਾਬਾ ਜੀ ਕਹਤੇ ਹੈ ਕਿ ਜੇ ਕਰੋੜ ਬਰਸਾਂ ਦੀ ਭੀ ਆਰਬਲਾ ਹੋਵੈ ਐਸਾ ਤਪ ਕਰੀਏ ਜੋ ਪਉਣ ਤੋ ਬਿਨਾ ਹੋਰ ਅਹਾਰ ਕੁਝ ਨਾ ਕਰੀਏ ਅਰ ਐਸੀ ਗੁਫਾ ਮਹਿ ਬੈਠੀਏ ਜੋ ਜਿਥੇ ਚੰਦ ਸੂਰਜ ਨਜਰ ਨਾ ਆਵੈਂ ਅਰ ਸੁਪਨੇ ਮੈ ਭੀ ਨੀਂਦਰ ਨਾ ਆਵੈ ਪਰ ਤਾਂ ਭੀ ਮਹਾਰਾਜ ਕੇ ਨਾਮ ਕਾ ਅੰਤ ਨਹੀਂ ਆਵਤਾ ਕਯੋਂਕਿ ਜੋ ਸਾਚਾ ਨਿਰੰਕਾਰ ਹੈ ਸੋ ਆਪਨੇ ਪਰਕਾਸ ਮੇ ਵਿਰਾਜਮਾਨ ਹੈ ॥ ੧ ॥ ਅਰ ਜੋਂ ਆਪਨੇ ਸਰੀਰ ਨੂੰ ਕੁਸਾਵੀਏ ਅਰ ਕਟਾਵੀਏ ਅਰ ਆਪਨੇ ਸਰੀਰ ਨੂੰ ਪੀਸਣ ਵਿਚ ਪੀਸਾਵੀਏ ਅਰ ਆਪਨੇ ਸਰੀਰ ਨੂੰ ਜਲਾਈਏ ਅਰ ਭਸਮ ਨਾਲ ਰਲਾਈਏ ਪਰ ਤਉ ਭੀ ਮਹਾਰਾਜ ਕਾ ਅੰਤ ਨਹੀਂ ਆਵਤਾ ॥ ਅਰ ਜੇ ਐਸੀ ਵੀ ਸਿਧਤਾ ਹੋਵੇ ਕਿ ਅਨਲ ਪੰਖੀ ਦੀ ਨਿਆਈ ਸੈ ਅਸਮਾਨ ਭਵਾਂ ਅਰ ਖਾਵਣ ਪੀਵਣ ਛਡ ਦਿਚੇ ਅਰ ਨਦਰ ਵੀ ਕਿਸੇ ਨੂੰ ਨਾ ਆਵੀਏ ਅਰ ਨਾ ਕਿਛ ਖਾਈਏ ਅਰ ਨਾ ਪੀਵੀਏ ਤੌ ਭੀ ਮਹਾਰਾਜ ਕਾ ਅਰ ਮਹਾਰਾਜ ਕੇ ਨਾਮ ਕਾ ਅੰਤ ਨਹੀਂ ਆਵਤਾ ॥ ੩ ॥ ਗੁਰੂ ਨਾਨਕ ਜੀ ਕਹਦੇ ਹੈਨ ਕਿ ਲਖਾਂ ਮਣਾ ਕਾਗਦ ਹੋਨ ਅਤੇ ਪਉਣ ਦੀ ਲੇਖਣ ਹੋਵੈ ਅਰ ਪਰਬਤ ਕੀ ਮਸ ਅਰ ਸਮੁੰਦਰ ਕੀ ਮਸਵਾਣੀ ਅਰ ਭਾਉ ਲਿਖਾਰੀ ਹੋਵੈ ਤਦ ਭੀ ਵਾਹਗੁਰੂ ਕਾ ਅੰਤ ਨਹੀਂ ਲਿਖਿਆ ਜਾਂਦਾ ॥ ੪ ॥ ਅਤੇ ਇਹ ਜੋ ਸ੍ਰਿਸਟ ਮਹਾਰਾਜ ਰਚੀ ਸੋ ਆਪਣੀ ਕੁਦਰਤ ਕਰ ਰਚੀ ਹੈ ਅਰ ਜ਼ਿਨਾਂ ਨੇ ਮਹਾਰਾਜ ਕਉ ਸਚ ਕਰ ਜਾਤਾ ਹੈ ਉਨਕਾ ਉਧਾਰ ਹੋ ਜਾਤਾ ਹੈ ਤਾਂ ਤੇ ਭਾਉ ਭਗਤਿ ਕਰਨੀ ਅਤੇ ਨਾਮ ਜਪਣਾ ਕਯੋਂਕਿ ਏਹੀ ਮਨੁਖਾ ਜਨਮ ਕਾ ਲਾਹਾ ਹੈ ਤਾਂ ਏਹ ਵਚਨ ਸੁਣਕੇ ਸਭ ਆਇ ਚਰਨੀ ਲਗੇ ਤਬ ਬਾਬੇ ਉਨਾਂ ਨੂੰ ਸਤਨਾਮ ਦਾ ਮੰਤ੍ਰ ਦ੍ਰਿੜਾਇਆ ਅਤੇ ਫਿਰ ਮਰਦਾਨੇ ਨੂੰ ਬਾਬੇ ਆਖਿਆ ਕਿ ਮਰਦਾਨਿਆਂ ਏਥੇ ਇਕ ਗੋਰਖ ਮਤਾ ਕਹੀਦਾ ਹੈ ਅਰ ਸਭ ਸਿਧ ਉਥੇ ਸਿਵਰਾਤ ਦੇ ਮੇਲੇ ਨੂੰ ਆਂਵਦੇ ਹੈਨ ਸੋ ਚਲ ਅਸੀਂ ਭੀ ਸਿਧਾ ਨਾਲ ਗੋਸਟਿ ਕਰੀਏ ਤਾਂ ਬਾਬਾ ਤੇ ਮਰਦਾਨਾ ਦੋਨੋਂ ਗੋਰਖ ਮਤੇ ਨੂੰ ਗਏ ।

ਸਾਖੀ ਗੋਰਖ ਮਤਾ ਜੀ

ਤਾਂ ਉਥੇ ਅਗੇ ਸਭ ਜੋਗੀ ਇਕਠੇ ਹੋਏ ਸਨ ਜੋ ਨਾਨਕ ਫਕੀਰ ਨਾਲ ਚਰਚਾਂ ਕਰੀਏ ਕਜੋ ਜੋ ਇਸਨੂੰ ਜੀਤਾਂਗੇ ਤਾਂ ਸਾਡਾ ਵਡਾ ਮਰਾਤਬਾ ਹੋਵੈਗਾ ਤਾਂ ਬਾਬੇ ਜੀ ਉਥੇ ਜਾਇ ਪਿਪਲ ਹੇਠ ਆਸਣ ਕੀਤਾ ਤਾਂ ਸਿਧਾਂ ਪੁਛਿਆ ਤੁਸਾਂ ਕਉਨ ਤਪ ਕੀਤਾ ਹੈ ਜੋ ਸਭ ਜਗਤ ਤੁਸਾਡੇ ਵਸ ਹੋਇਆ ਹੈ ॥ ਤਾਂ ਬਾਬੇ ਜੀ ਕਹਿਆ ਅਸੀ ਇਕ ਨਾਮ ਦੇ ਗਾਹਕ ਹਾਂ ਅਤੇ ਅਸਾਨੂੰ ਜਗਤ ਦੇ ਵਸ ਕਰਨ ਨਾਲ ਕੁਛ ਪਰੋਜਨ ਨਾਹੀਂ ਕਜੋਂਕਿ ਜਿਸ ਦੇ ਪਾਸ ਚਿੰਤਾਮਣ ਹੋਂਦੀ ਹੈ ਸੋ ਹੋਰਨਾਂ ਪਦਾਰਥਾਂ ਵਾਸਤੇ ਵੇਚਤੇ ਨਹੀਂ ॥ ਤਾਂ ਫਿਰ ਬਾਬੇ ਸਬਦ ਕਹਿਆ ॥ ਰਾਮਕਲੀ ਮਹਲਾ ੧ ॥ ਕੋਈ ਸਹਿਸਾਕਿਰਤਾ ਕੋਈ ਪੜੈ ਪੁਰਾਨਾ ॥ ਕੋਈ ਨਾਮ ਜਪੈ ਜਪੁ ਮਾਲੀ ਲਾਗੈ ਤਿਸੈ ਧਿਆਨਾ ॥ ਅਬਹੀ ਕਬਹੀ ਕਛੂ ਨ ਜਾਨਾ ਤੇਰਾ ਏਕੋ ਨਾਮ ਪਛਾਨਾ ॥ ੧ ॥ ਨਾ ਜਾਨਾ ਹਰੇ ਮੇਰੀ ਕਵਨ ਗਤੇ ॥ ਹਮ ਮੂਰਖ ਅਗਿਆਨ ਸਰਨ ਪ੍ਰਭ ਤੇਰੀ ਕਰਿ ਕਿਰਪਾ ਰਾਖਹੁ ਮੇਰੀ ਲਾਜ ਪਤੇ ॥ ੧ ॥ ਰਹਾਉ ॥ ਕਬਹੂ ਜੀਅੜਾ ਊਭ ਚੜਤ ਹੈ ਕਬਹੂ ਜਾਇ ਪਇਆਲੇ ॥ ਲੋਭੀ ਜੀਅੜਾ ਥਿਰ ਨ ਰਹਤ ਹੈ ਚਾਰੇ ਕੁੰਡਾ ਭਾਲੇ ॥ ੨ ॥ ਮਰਣ ਲਿਖਾਇ ਮੰਡਲ ਮਹਿ ਆਏ ਜੀਵਣ ਸਾਜਹਿ ਮਾਈ ॥ ਏਕ ਚਲੇ ਹਮ ਦੇਖਣ ਸੁਆਮੀ ਭਾਹ ਬਲੰਤੀ ਆਈ ॥ ੩ ॥ ਨਾ ਕਿਸੀ ਕਾ ਮੀਤ ਨਾ ਕਿਸੀ ਕਾ ਭਾਈ ਨਾ ਕਿਸੈ ਬਾਪ ਨ ਮਾਈ ॥ ਪ੍ਰਣਵਤਿ ਨਾਨਕ ਜੇ ਤੂ ਦੇਵਹਿ ਅੰਤੇ ਹੋਇ ਸਖਾਈ ॥ ੪ ॥ ਤਾਂ ਬਾਬਾ ਬੋਲਿਆ ਕਿ ਕੋਈ ਸਹਸਕ੍ਰਿਤਾ ਪੜਤਾ ਹੈ ਅਰ ਕੋਈ ਪੁਰਾਨ ਪੜਤਾ ਹੈ ਅਰ ਕੋਈ ਜਪ ਮਾਲਾ ਜਪਤਾ ਹੈ ਅਰ ਕੋਈ ਤ੍ਰਿਕੁਟੀ ਦਾ ਧਿਆਨ ਲਗਾਵਦਾਂ ਹੈ ਅਤੇ ਮੈ ਹੁਣ ਭੀ ਅਰ ਅਗੇ ਭੀ ਹੋਰ ਕੁਛ ਨਹੀਂ ਜਾਣਤਾ ਅਰ ਤੇਰਾ ਇਕ ਹੀ ਨਾਮ ਮੈ ਪਛਾਣਦਾ ਹਾਂ ॥ ੧ ॥ ਅਰ ਨਹੀਂ ਜਾਣਦਾ ਹੇ ਕਰਤਾਰ ਮੇਰੀ ਕਿਸ ਕਰ ਗਤ ਹੋਂਦੀ ਹੈ ਕਜੋਂਕਿ ਅਸੀਂ ਮੂਰਖ ਅਗਜਾਨੀ ਹਾਂ ਅਤੇ ਸਰਨ ਕਰਤਾਰ ਦੀ ਹਾਂ ਅਤੇ ਜੇ ਉਹ ਕ੍ਰਿਪਾ ਕਰੈ ਤਾਂ ਅਸਾਡੀ ਲਾਜਪਤਿ ਰਹਿੰਦੀ ਹੈ ਸੋ ਇਸਦੇ ਵਿਚ ਮਨ ਨੂੰ ਠਹਿਰਾਵੇ ਅਤੇ ਨਾਮ ਜਪੇ ਕਜੋਂਕਿ ਏਹ ਮਨ ਸੰਕਲਪਾਂ ਦਾ ਬਧਾ ਹੂਆ ਕਦੇ ਅਕਾਸ ਦੇ ਸੁਖਾਂ ਨੂੰ ਭੋਗਦਾ ਹੈ ਅਰ ਕਬੀ ਪਤਾਲਾਂ ਦੇ ਦੁਖਾਂ ਨੂੰ ਭੋਗਦਾ ਹੈ ਅਰ ਘਟੀ ਜੰਤ੍ਰ ਕੀ ਨਿਆਈ ਆਪਣਿਆਂ ਕਰਮਾਂ ਦਾ ਬਧਾ ਫਿਰਦਾ ਹੈ ਅਰ ਚਾਰੇ ਕੁੰਡਾ ਨੂੰ ਭਾਲਦਾ ਹੈ ਅਰ ਪ੍ਰਿਥਮੇ ਹੀ ਜਿਸ ਦਿਨ ਏਹ ਜੀਉ ਮਾਤਾ ਕੇ ਗਰਭ ਮੈ ਆਇਆ ਸੋ ਉਸੇ ਦਿਨ ਮਰਨ ਦਾ ਲੇਖ ਇਸਦੇ ਮਥੇ ਲਿਖਿਆ ਹੈ ਅਤੇ ਏਹ ਜੀਵਣ ਦਾ ਸਾਜ ਬਣਾਵਦਾ ਹੈ ॥

ਇਕ ਆਪਣੇ ਨੈਣੀ ਮਰਦੇ ਦੇਖੀਦੇ ਰੈਨ ਆਪਣੀ ਅਵਸਥਾ ਭੀ ਬੀਤਦੀ ਦ੍ਰਿਸਟ ਆਵਤੀ ਹੈ ਅਤੇ ਚਿਖਾ ਦੀ ਅਗਨਿ ਭੀ ਬਲਦੀ ਦੇਖਦਾ ਹੈ ॥ ੩॥ ਪਰ ਨਾਮ ਨੂੰ ਨਹੀਂ ਜਪਦਾ ਅਤੇ ਆਪਣੇ ਉਪਰ ਸਗੋਂ ਗੁਮਾਨ ਕਰਦਾ ਹੈ ਜੋ ਏਹ ਪੁਤ੍ਰ ਅਤੇ ਭਾਈ ਤੇ ਬਾਪ ਅਤੇ ਮਾਈ ਅਰ ਚੇਲੇ ਹੈਨ ਪਰ ਇਨਾਂ ਨੇ ਇਸ ਨੂੰ ਨਹੀਂ ਛਡਾਵਣਾ ਗੁਰੂ ਨਾਨਕ ਜੀ ਕਹਿੰਦੇ ਹੈਨ ਕਿ ਜਿਸਨੂੰ ਸਤਗੁਰ ਨਾਮ ਬਖਸਦੇ ਹੈਨ ਸੋ ਉਨਾਂ ਨੂੰ ਹੀ ਅੰਤ ਸਹਾਈ ਹੋਂਦਾ ਹੈ ॥ ੪ ॥ ਜਾਂ ਏਹ ਸਬਦ ਬਾਬੇ ਕਹਿਆ ਤਾਂ ਸਿਧਾਂ ਪੁਛਿਆ ਕਿ ਗੁਰ ਕਿਉਂਕਰ ਸਿਵਾਪਦੇ ਹਨ ਅਤੇ ਜਗਿਆਸੀ ਕਿਉਂਕਰ ਸਿਵਾਪਦੇ ਹਨ ਤਾਂ ਬਾਬੇ ਕਹਿਆ ਕਿ ਸਤਗੁਰ ਇਸ ਕਲਜੁਗ ਵਿਚ ਦੁਰਲਬ ਹਨ ਕਜੋਂਕਿ ਸਮ ਦਮ ਕਰ ਕੈ ਜਿਨਾਂ ਨੇ ਆਪਣੀਆਂ ਵਾਸਨਾਂ ਜੀਤੀਆਂ ਹੈਨ ਅਤੇ ਜਿਨਾਂ ਦੇ ਮਿਲਣ ਕਰ ਮਨ ਨੂੰ ਸਾਂਤ ਆਂਵਦੀ ਸੋਈ ਸਤਿਗੁਰ ਹੈਨ ਅਤੇ ਜਗਿਆਸੀ ਓਹ ਹਨ ਜੋ ਜਿਨਾਂ ਨੇ ਜਗਤ ਵਲੋਂ ਵੈਰਾਗ ਕੀਤਾ ਹੈ ਕਿ ਏਹ ਮਨੁਖਾ ਜਨਮ ਬਿਰਥਾ ਜਾਂਦਾ ਹੈ ਅਰ ਸਾਧ ਸੰਗਤ ਨੂੰ ਮਿਲਕੇ ਸਬਦ ਨਾਲ ਪ੍ਰੀਤ ਕਰਦੇ ਹਨ ਅਤੇ ਵਿਖੇ ਭੋਗਤੀ ਨਿਰਸ ਹੋਏ ਹਨ ਸੇਈ ਜਗਿਆਸੀ ਪਰਮੇਸਰ ਨੂੰ ਪ੍ਰਾਪਤ ਹੋਂਦੇ ਹਨ ਤਾਂ ਸਿਧਾਂ ਕਹਿਆ ਕਿ ਜੇ ਤੂੰ ਅਸਾਡਾ ਜਗਿਆਸੀ ਹੋਵੇਂ ਅਤੇ ਗੋਰਖ ਦੀ ਸਿਖਿਆ ਲੇਵੈ ਤਾਂ ਤੈਨੂੰ ਤੀਨ ਲੋਕਾਂ ਦੀ ਅਤੇ ਤ੍ਰਿਹਾਂ ਕਾਲਾਂ ਦੀ ਗੰਮਤਾ ਕਰ ਦੇਈਏ ਤਾਂ ਬਾਬੇ ਕਹਿਆ ਅਸਾਨੂੰ ਸਤਿਗੁਰਾਂ ਨੇ ਤੀਨ ਲੋਕ ਅਤੇ ਤੀਨ ਕਾਲ ਹੀ ਝੂਠੇ ਦਿਖਾਏ ਹਨ ॥ ਸੋ ਹੋਰ ਗੰਮਤਾ ਕਰਕੇ ਕੀ ਲੈਣਾ ਹੈ ਅਰ ਅਸਾਂ ਨੇ ਤੀਨ ਲੋਕ ਅਰ ਤੀਨ ਕਾਲ ਏਕ ਵਾਹਗੁਰੂ ਕਰ ਜਾਤਾ ਹੈ ਅਤੇ ਆਪਣਾ ਜੋ ਕੁਛ ਭਿੰਨ ਭਾਸਤਾ ਹੈ ਸੋ ਅਗਿਆਨ ਕਰਕੇ ਹੈਸੀ ਅਰ ਅਬ ਅਸਾਡੀ ਸੁਮਾ ਗਈ ਹੈ ਤਾਂ ਭਰਥਰੀ ਨਾਥ ਬੋਲਿਆ ਜੋ ਕਲਜੁਗ ਦੇ ਵਿਚ ਗੋਰਖਨਾਥ ਤੀ ਬਿਨਾ ਸਤਿਗੁਰ ਹੋਰ ਕੋਈ ਨਾਹੀਂ ਕਜੋਂਕਿ ਜਿਨਾਂ ਨੇ ਪ੍ਰਾਣਾਂ ਦਾ ਸਾਧਨ ਦੇ ਕੇ ਚੇਲੇ ਚਿਰੰਜੀਵੀ ਕੀਤੇ ਹੈਨ ਤਾਂ ਬਾਬੇ ਕਹਿਆ ਕਿ ਤੇਰੀ ਤਾਂ ਦੁਪਹਿਰ ਦੇ ਸਮੇ ਮਿਰਤ ਹੋਣੀ ਹੈ ਅਤੇ ਜੇ ਗੋਰਖ ਤ੍ਰਿਕਾਲਗ ਹੈ ਤਾਂ ਤੇਰਾ ਉਧਾਰ ਕਰੇ ਪਰ ਸਪਤ ਸਮੁੰਦਰ ਥੀ ਪਾਰ ਰਾਜਾ ਪਦਮਨਾਭ ਹੈ ਅਤੇ ਉਸਦੀ ਬੇਟੀ ਪਦਮਾਵਤੀ ਹੈ ਸੋ ਜੇ ਅਜ ਸੰਧਿਆਂ ਸਮੇ ਤੂੰ ਉਥੇ ਜਾਵੇਂ ਅਰ ਵਰੇਂ ਤਬ ਤੇਰਾ ਜੀਵਣਾਂ ਹੋਵੇਗਾ ਤਾਂ ਉਸ ਸਮੇਂ ਸਭ ਸਿਧ ਬੈਠੇ ਸਨ ਅਰ ਆਪੋ ਆਪਣੇ ਉਡਣ ਦਾ ਬਲ ਲਗੇ ਦਸਣ ਪਰ ਦੋ ਪਹਿਰਾਂ ਵਿਚ ਪਹੁਚਣ ਦੀ ਸਕਤ ਕਿਸੇ ਪਾਸ ਨ ਹੋਈ ਤਾਂ ਸਭਨਾਂ ਫਿਰ ਗੁਰੂ ਨਾਨਕ ਜੀ ਨੂੰ ਕਹਿਆ ਕਿ ਜੇ ਤੂੰ ਸਮਰਥ ਹੈਂ ਤਾਂ ਲੈ ਜਾਹੁ ਤਾਂ ਬਾਬੇ ਕਹਜਾ ਹੇ ਭਰਥਰੀ ਤੂੰ ਅਖਾਂ ਮੀਟ ਅਤੇ ਮਰਦਾਨੇ ਨੂੰ ਭੀ ਕਹਿਆ ਕਿ ਜੇ ਤੂੰ ਭੀ ਅਖੀਆਂ ਮੀਟ ਸੋ ਜਾਂ ਦੁਹਾਂ

ਅਖੀਆਂ ਮੀਟੀਆਂ ਅਤੇ ਫਿਰ ਖੋਲੀਆਂ ਤਾਂ ਕਿਆ ਵੇਖਣ ਜੋ ਪਦਮਨਾਭ ਦੇ ਦੁਆਰੇ ਤੇ ਖਲੋਤੇ ਹਾਂ ਤਾਂ ਦੇਖਕੇ ਰਾਜੇ ਦੇ ਚੋਬਦਾਰ ਦੌੜੇ ਆਏ ਅਰ ਕਹਾ ਕਿ ਤੁਸਾਨੂੰ ਰਾਜਾ ਬੁਲਾਂਵਦਾ ਹੈ ਸੋ ਜਦ ਏਹ ਤੀਨੋ ਅੰਦਰ ਗਏ ਤਾਂ ਰਾਜਾ ਚਰਨੀ ਲਗਾ ਅਰ ਬੇਨਤੀ ਕੀਤੀ ਹੈ ਕਿ ਹੇ ਮਹਾਰਾਜ ਤੁਸੀਂ ਸੰਤ ਹੋ ਅਤੇ ਮੁਝਕੋ ਉਦਰ ਸੂਲ ਕਾ ਬੜਾ ਭਾਰੀ ਦੁਖ ਹੋ ਰਹਾ ਹੈ ਸੋ ਆਪ ਕਿਰਪਾ ਕਰਕੇ ਮੇਰਾ ਦੁਖ ਦੂਰ ਕਰੋ ਤਾਂ ਬਾਬੇ ਕਹਿਆ ਕਿ ਜੇ ਤੂੰ ਆਪਣੀ ਬੇਟੀ ਦਾ ਅਜ ਸੰਧਿਆ ਵੇਲੇ ਭਰਥਰੀ ਨਾਲ ਵਿਆਹ ਕਰ ਦੇਵੇਂ ਤਾਂ ਤੂੰ ਬਚਦਾ ਹੈਂ ਤਾਂ ਰਾਜੇ ਨੇ ਵਿਆਹ ਕਰਨਾ ਮੰਨਿਆ ਅਰ ਉਸਨੂੰ ਉਦਰ ਸੂਲ ਥੋਂ ਸੁਖ ਹੋਇਆ ਅਰ ਵਡੀਆਂ ਵਧਾਈਆਂ ਹੋਈਆਂ ਅਤੇ ਫਿਰ ਭਰਥਰੀ ਦਾ ਵਿਵਾਹ ਹੋਇਆ ਤਾਂ ਬਾਬੇ ਆਖਿਆ ਕਿ ਹੇ ਭਰਥਰੀ ਤੂੰ ਬਰਖ ਪ੍ਰਯੰਤ ਇਥੇ ਹੀ ਰਹੋ ਅਰ ਭੋਗ ਕਰ ਸੋ ਜਬ ਤੇਰਾ ਬੇਟਾ ਉਤਪਤਿ ਹੋਵੇਗਾ ਤਬ ਤੂੰ ਫਿਰ ਸਿਧਾਂ ਵਿਚ ਆਵੀਂ ਤਾਂ ਭਰਥਰੀ ਨੂੰ ਛੋਡ ਕੇ ਬਾਬਾ ਤੇ ਮਰਦਾਨਾ ਫੇਰ ਉਥੇ ਹੀ ਪਿਪਲ ਦੇ ਹੇਠ ਆਸ਼ਣ ਆਇ ਕੀਤਾ ਤਾਂ ਫਿਰ ਸਿਧਾਂ ਨਾਲ ਗੋਸਟ ਕਰਦਿਆਂ ਦੁਪਹਿਰ ਹੋ ਗਈ ਤਾਂ ਸਿਧਾਂ ਕਹਿਆ ਕੇ ਜਾਣੀਏ ਭਰਥਰੀ ਨਾਥ ਨੂੰ ਕਿਥੇ ਛਡ ਆਇਆ ਹੈ ਅਤੇ ਏਹ ਛਾਵੇਂ ਬੈਠਾ ਹੈ ਅਤੇ ਅਸੀਂ ਸਭ ਧੁਪੇ ਬੈਠੇ ਹਾਂ ਤਾਂ ਸਿਧਾਂ ਨੇ ਆਪਣੀ ਕਲਾ ਕਰਕੇ ਪਿਪਲ ਨੂੰ ਉਡਾਇਆ



ਸੋ ਜਬ ਪਿਪਲ ਲਗਾ ਉਡਣ ਤਾਂ ਬਾਬੇ ਪਿਪਲ ਨੂੰ ਪੰਜਾ ਮਾਰਿਆ ਤਾਂ ਓਹ ਪਿਪਲ ਠਹਿਰ ਗਿਆ ਅਤੇ ਉਸਦੇ ਪਤ੍ਰ ਪਤ੍ਰ ਤੇ ਪੰਜਾ ਲਗ ਖੜੋਤਾ ਤਾਂ ਸਭੇ ਸਿਧ ਏਹ ਕਉਤਕ ਦੇਖਕੈ ਆਨਿ ਅਸਟਾਂਗ ਡੰਡਉਤ ਕੀਤਾ ਅਰ ਕਹਿਆ ਕਿ ਅਗੇ ਇਸ ਜਾਗਾਂ ਦਾ ਨਾਮ ਗੋਰਖਮਤਾ ਹੈ ਸੀ ਪਰ ਹੁਣ ਇਸਦਾ ਨਾਮ ਨਾਨਕ ਮਤਾ ਹੋਵੇਗਾ ਅਤੇ ਜੋ ਕੋਈ ਏਹ ਤੇਰਾ ਪੰਜਾ ਪਤ੍ਰਾਂ ਦਾ ਦੇਖੇਗਾ ਅਰ ਚਰਚਾ ਤੁਸਾਡੀ ਅਤੇ ਅਸਾਡੀ ਸੁਣੈਗਾ ਉਸਦੇ ਸਭ ਪਾਪ ਨਾਸ ਹੋ ਜਾਵਨਗੇ ਤਾਂ ਫਿਰ ਸਭ ਸਿਧਾਂ ਨੂੰ ਸਤਿਨਾਮ ਦਾ ਉਪਦੇਸ ਦੇਕਰ ਕਹਿਆ ਕਿ ਏਹ ਤਾਂ ਨਾਨਕ ਮਤਾ ਹੋਇਆ ਪਰ ਹੁਣ ਚਲ

ਮਰਦਾਨਿਆਂ ਹਸਤਨਾਪੁਰ ਜੋ ਕੈਰਵਾਂ ਪਾਂਡਵਾਂ ਦੀ ਨਗਰੀ ਹੈ ਊਹਾਂ ਚਲ ਦਰਸਨ ਕਰੀਏ ਤਾਂ ਬਾਬਾ ਤੇ ਮਰਦਾਨਾ ਰਮਤੇ ਰਮਤੇ ਹਸਤਨਾਪੁਰ ਅਰ ਦਰਵਾਜੇ ਕੇ ਬਾਹਰ ਜਾ ਬੈਠੇ ਤਾਂ ਅਗੋਂ ਇਕ ਭਾਈ ਸਜਣ ਆਇ ਮਿਲਿਆ ਅਤੇ ਉਸ ਬਹੁਤ ਆਦਰ ਭਾਉ ਕੀਤਾ ਅਤੇ ਕਹਿਆ ਕਿ ਸਾਡੇ ਠਾਕਰ ਦੁਆਰੇ ਚਲ ਕੇ ਡੇਰਾ ਕਰੋ ॥

ਸਾਖੀ ਸਜਣ ਠਗ ਦੀ

ਤਾਂ ਅਗੋਂ ਇਕ ਭਾਈ ਜਗਿਆਸੀ ਨੇ ਬਾਬੇ ਜੀ ਨੂੰ ਅਕੱਲਿਆਂ ਹੋ ਕੇ ਸਮਝਾਇਆ ਕਿ ਏਹ ਬੜਾ ਠਗ ਹੈ ਅਤੇ ਏਹ ਦਿਨੇ ਆਏ ਗਏ ਦੀ ਸੇਵਾ ਕਰਦਾ ਹੈ ਅਰ ਰਾਤ ਨੂੰ ਉਨਾਂ ਨੂੰ ਮਾਰ ਕੇ ਓਥੇ ਹੀ ਦੱਬ ਦਿੰਦਾ ਹੈ ਅਤੇ ਜੋ ਕੁਛ ਉਨਾਂ ਦਾ ਪਦਾਰਥ ਹੁੰਦਾ ਹੈ ਸੋ ਲੈਕੇ ਅੱਧਾ ਰਾਜੇ ਨੂੰ ਦਿੰਦਾ ਹੈ ਅਤੇ ਅੱਧਾ ਆਪ ਰਖਦਾ ਹੈ ॥ ਅਰ ਤੁਸੀਂ ਉਤਮ ਪੁਰਖ ਦ੍ਰਿਸਟਿ ਆਂਵਦੇ ਹੋ ਸੋ ਤੁਸਾਂ ਇਸਦੇ ਠਾਕੁਰ ਦੁਆਰੇ ਡੇਰਾ ਨਹੀਂ ਕਰਨਾ ਤਾਂ ਬਾਬਾ ਬੋਲਿਆ ਕਿ ਅਸੀ ਜੋ ਇਥੇ ਆਏ ਹਾਂ ਸੋ ਠਗਾਂ ਤੇ ਚੋਰਾਂ ਦਾ ਉਧਾਰ ਕਰਨ ਆਏ ਹਾਂ ਤਾਂਤੇ ਸਾਨੂੰ ਕੁਛ ਡਰ ਨਹੀਂ ਤਾਂ ਫਿਰ ਬਾਬੇ ਕਹਿਆ ਕਿ ਚਲ ਮਰਦਾਨਾ ਭਾਈ ਸਜਣ ਦੇ ਘਰ ਡੇਰਾ ਕਰੀਏ ਤਾਂ ਮਰਦਾਨਾ ਬੋਲਿਆ ਕਿ ਤੁਸੀਂ ਤਾਂ ਮਹਾਂ ਪੁਰਖ ਹੋ ॥ ਪਰ ਜੇ ਮੈਨੂੰ ਮਾਰ ਸੁਟੇਗਾ ਤਾਂ ਪਿਛਲੇ ਮੇਰੇ ਕੀ ਆਖਣ ਗੇ ਤਾਂ ਬਾਬਾ ਬੋਲਿਆ ਕਿ ਮਰਦਾਨਿਆ ਜੌ ਲਗ ਪ੍ਰਿਥਵੀ ਤੇ ਕਾਲ ਅਰ ਕਾਰਨ ਏਹ ਤਿਨੇ ਵਸਤੂ ਇਕਠੀਆਂ ਨਹੀਂ ਹੁੰਦੀਆਂ ਤੌਲਗ ਏਹੁ ਸਰੀਰ ਗਿੜਦਾ ਨਹੀਂ ਕਯੋਂ ਜੋ ਜਦ ਸੁਆਸਾਂ ਦਾ ਸਮਾਂ ਪੂਰਾ ਹੋਂਦਾ ਹੈ ਅਰ ਜਿਸ ਜਗਾਂ ਸਰੀਰ ਗਿੜਨਾ ਹੋਵੇ ਸੋ ਜਾਂਗਾ ਭੀ ਹੋਵੇ ਅਰ ਜਿਸ ਸਸਤ੍ਰ ਯਾ ਜਿਸ ਦੁਖ ਨਾਲ ਸਰੀਰ ਸੁਟਣਾ ਹੋਵੇ ਸੋ ਜਦ ਓਹ ਸਭੋ ਸਬਬ ਬਣਦਾ ਹੈ ਤਾਂ ਸਰੀਰ ਛੁਟਦਾ ਹੈ ਤਾਂ ਤੇ ਤੂੰ ਸੰਸਾ ਨਾ ਕਰ ਅਤੇ ਫਿਰ ਜੇ ਅਸੀਂ ਤੈਨੂੰ ਮਰਾਇ ਲੈ ਜਾਵਾਂਗੇ ਤਾਂ ਸੰਗੀ ਕੇਹੜਾ ਕਰਾਂਗੇ ਸੋ ਏਹ ਕਹਿਕੇ ਮਰਦਾਨੇ ਅਤੇ ਬਾਬੇ ਨੇ ਸਜਣ ਦੇ ਠਾਕਰ ਦੁਆਰੇ ਡੇਰਾ ਕੀਤਾ ਤਾਂ ਫਿਰ ਬਾਬੇ ਆਖਿਆ ਮਰਦਾਨਿਆਂ ਸੂਹੀ ਰਾਗ ਵਿਚ ਸਬਦ ਗਾਂਉ ॥



ਸੂਹੀ ਮਹਲਾ ੧ ॥ ਉਜਲ ਕੈਹਾਂ ਚਿਲਕਣਾ ਘੋਟਮ ਕਾਲੜੀ ਮਸੁ ॥ ਧੋਤਿਆ
ਮੂਲ ਨ ਉਤਰੈ ਜੇ ਸਉ ਧੋਵਾ ਤਿਸੁ ॥ ੧ ॥ ਰਹਾਉ ॥ ਸਜਣ ਸੇਈ ਨਾਲਿ
ਮੈ ਚਲਦਿਆ ਨਾਲਿ ਚਲੰਨਿ ॥ ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ ॥੧॥
ਕੋਠੇ ਮੰਡਪ ਮਾੜੀਆ ਪਾਸਹੁ ਚਿਤਵੀਆਹਾ ॥ ਢਠੀਆ ਕੰਮਿ ਨ ਆਵਨੀ ਵਿਚਹੁ
ਸਖਣੀਆਹਾ ॥ ੨ ॥ ਬਗਾ ਬਗੇ ਕਪੜੇ ਤੀਰਥ ਮੰਝਿ ਵਸੰਨਿ ॥ ਘੁਟਿ ਘੁਟਿ
ਜੀਆ ਖਾਵਣੇ ਬਗੇ ਨਾ ਕਹੀਅਨਿ ॥ ੩ ॥ ਸਿੰਮਲ ਰੁਖੁ ਸਰੀਰੁ ਮੈ ਮੈਜਨ
ਦੇਖਿ ਭੁਲੰਨਿ ॥ ਸੇ ਫਲ ਕੰਮਿ ਨ ਆਵਨੀ ਤੇ ਗੁਣ ਮੈ ਤਨਿ ਹੰਨਿ ॥ ੪ ॥ ਅੰਧੁਲੈ
ਭਾਰੁ ਉਠਾਇਆ ਡੂਗਰ ਵਾਟ ਬਹੁਤੁ ॥ ਅਖੀ ਲੋੜੀ ਨਾ ਲਹਾ ਹਉ ਚੜਿ
ਲੰਘਾ ਕਿਤੁ ॥ ੫ ॥ ਚਾਕਰੀਆ ਚੰਗਿਆਈਆ ਅਵਰ ਸਿਆਣਪ ਕਿਤੁ ॥
ਨਾਨਕ ਨਾਮੁ ਸਮਾਲਿ ਤੂੰ ਬਧਾ ਛੁਟਹਿ ਜਿਤੁ ॥ ੬ ॥

ਤਿਸਕਾ ਪਰਮਾਰਥ ਅਰ ਬਾਬੇ ਨੇ ਸਜਣ ਠਗ ਸੁਣਾਇ ਕੈ ਏਹ ਸਬਦ ਪੜਿਆ ਜੋ ਕਾਂਸੀ ਕਾ ਬਾਸਨ ਉਜਲ ਹੋਤਾ ਹੈ ਅਤੇ ਰੁਪੇ ਕੀ ਨਿਆਈ ਚਿਲਕਤਾ ਹੈ ॥ ਪਰ ਜੇ ਉਸਨੋ ਘੋਟੀਦਾ ਹੈ ਤਾਂ ਕਾਲਖ ਨਿਕਲਦੀ ਹੈ ਕਯੋਂ ਜੋ ਉਸਕੇ ਅੰਗਾਂ ਮੈ ਕਾਲਖ ਰਚੀ ਹੋਈ ਹੈ ਸੋ ਉਤਰਤੀ ਨਹੀਂ ਅਤੇ ਜਿਨਾ ਆਪਣਿਆਂ ਸਨਬੰਧੀਆਂ ਨੂੰ ਮਿਤ੍ਰ ਜਾਣੀਦਾ ਹੈ ਅਤੇ ਰਾਜੇ ਆਪਣੇ ਸਹਾਇਕ ਜਾਣੀਦੇ ਹਨ ਸੋ ਸਭਨਾ ਇਥੇ ਹੀ ਰਹਿਣਾ ਹੈ ਅਤੇ ਆਪਣਿਆਂ ਕਰਮਾਂ ਭਲਿਆਂ ਬੁਰਿਆਂ ਨੇ ਨਾਲ ਜਾਣਾ ਹੈ ਤਾਂਤੇ ਭਲੇ ਕਰਮ ਹੀ ਇਸਦੇ ਮਿਤ੍ਰ ਹੈਨ ਅਰ ਜਿਥੇ ਧਰਮਰਾਇ ਦੇ ਲੇਖਾ ਦੇਣਾ ਹੈ ਉਥੇ ਭਲੇ ਕਰਮਾਂ ਹੀ ਸਹਾਇਤਾ ਕਰਨੀ ਹੈ ਅਰ ਕੋਠੇ ਅਰ ਮੰਡਪ ਅਰ ਮਾੜੀਆਂ ਉਤੇ ਜੋ ਧਨ ਲਾਈਦਾ ਹੈ ਅਰ ਚਿਤ੍ਰਸਾਲ ਪਈਆਂ ਕਰੀਦੀਆਂ ਹੈਨ ਅਰ ਜਿਨਾਂ ਜੀਆਂ ਨੂੰ ਮਾਰ ਕੇ ਪਦਾਰਥ ਲਈਦੇ ਹਨ ਸੋ ਓਹ ਕੋਠੇ ਭੀ ਤੇ ਸਰੀਰ ਭੀ ਸਭ ਗਿਰ ਪਵਨਗੇ ਅਤੇ ਪਾਪਾਂ ਦਾ ਲੇਖਾ ਸਿਰ ਤੇ ਰਹਿ ਜਾਵੇਗਾ ਅਰ ਜੋ ਬੁਗਾਂ ਦੀ ਨਿਆਈਂ ਸਾਧ ਅਰ ਉਜਲ ਬਸਤ੍ਰ ਪਹਿਰ ਕੇ ਬੈਠੀਦਾ ਹੈ ਅਰ ਤੀਰਥ ਉਤੇ ਨਿਵਾਸ ਕਰੀਦਾ ਹੈ ਅਰ ਜੀਆਂ ਨੂੰ ਮਾਰ ਮਾਰ ਉਨਾਂ ਦੇ ਪਦਾਰਥ ਲਈਦੇ ਹਨ ਤਾਂਤੇ ਅਸਾਡੇ ਸਰੀਰ ਜੋ ਹਨ ਸੋ ਸਿੰਮਲ ਰੁਖ ਦੀ ਨਿਆਈ ਹਨ ਕਯੋਂਕਿ ਸਿੰਮਲ ਨੂੰ ਤੋਤੇ ਉਚਾ ਅਰ ਫਲਾਂ ਫੁਲਾਂ ਵਾਲਾ ਦੇਖਕੇ ਆਇ ਬੈਠਤੇ ਹਨ ਪਰ ਫਲ ਉਨਕੇ ਫਿਕੇ ਅਰ ਬਕਬਕੇ ਹੋਂਦੇ ਹਨ ਅਰ ਓਹ ਦੇਖਕੇ ਪਛੋਤਾਂਵਦੇ ਹਨ ਤੈਸੇ ਅਸਾਡਾ ਹਾਲ ਹੈ ਕਯੋਂਕਿ ਦੂਰੋਂ ਲੋਕ ਸਾਧ ਜਾਣ ਕੇ ਡੇਰਾ ਆਣ ਕਰਦੇ ਹਨ ਅਤੇ ਹਮ ਉਨਕੋ ਮਾਰਕੇ ਦਬ ਦੇਨੇ ਹਾਂ ਤਾਂਤੇ ਸਾਨੂੰ ਧਰਮਰਾਇ ਦੀਆਂ ਸਜਾਈ ਹੋਵਨਗੀਆਂ ਅਤੇ ਏਹ ਜੋ ਅੰਧਾ ਅਸਾਡਾ ਜੀਉ ਹੈ ਸੋ ਪਾਪਾਂ ਦਾ

ਭਾਰ ਉਠਾਂਵਦਾ ਜਾਂਦਾ ਹੈ ਅਰ ਗਿਆਨ ਅਰ ਭਗਤੀ ਕੇ ਜੋ ਦੋਇ ਨੇਤ੍ਰ ਹੈਂ ਅਰ ਜਿਨੋਂ ਨੇਤਰੋਂ ਕਰ ਪਰਮੇਸਰ ਕੋ ਪਛਾਣਨਾ ਹੈ ਅਤੇ ਭਉਜਲ ਸੇ ਤਰ ਜਾਵਣਾ ਹੈ ਸੋ ਸੰਤਾਂ ਦੇ ਸੰਗ ਬਿਨਾਂ ਪ੍ਰਾਪਤ ਨਹੀਂ ਹੋਂਦੇ ਪਰ ਜੈਸੇ ਚਾਕਰ ਸੁਆਮੀ ਕੀ ਆਗਿਆ ਤਤਕਾਲ ਮੰਨ ਕੇ ਕਾਰਜ ਕਰਤਾ ਹੈ ਤੈਸੇ ਜੋ ਸੰਤਾਂ ਕੇ ਵਚਨ ਸੁਣਕੇ ਕਮਾਵਤੇ ਹੈਂ ਸੋ ਭਲਿਆਈ ਕੋ ਪ੍ਰਾਪਤ ਹੋਤੇ ਹੈਂ ਅਤੇ ਹੋਰ ਸਿਆਣਪ ਕੰਮ ਨਹੀਂ ਆਵਤੀ ਅਰ ਜੋ ਪਿਛਲੇ ਪਾਪਾਂ ਨੂੰ ਛਡ ਕੇ ਅਗੋਂ ਪਰਮੇਸਰ ਕਾ ਨਾਮ ਧਿਆਵਹਿਗੇ ਸੋ ਅਗਿਆਨ ਸੇ ਛੂਟਹਿਗੇ॥ ਅਰ ਗਿਆਨ ਕੋ ਪ੍ਰਾਪਤਿ ਹੋਵੈਂਗੇ॥੪॥ਸੋ ਜਾਂ ਇਤਨੇ ਵਚਨ ਬਾਬੇ ਕਹੇ ਤਾਂ ਸਜਣ ਆਇ ਚਰਨੀਂ ਲਗਾ ਤਾਂ ਉਨਕੋ ਸਤਿਨਾਮ ਕਾ ਉਪਦੇਸ ਬਾਬੇ ਦ੍ਰਿੜਾਇਆ ਤਾਂ ਫਿਰ ਬਾਬੇ ਕਹਿਆ ਮਰਦਾਨਿਆਂ ਏਹ ਸਜਣ ਜੋ ਆਇ ਚਰਨੀਂ ਲਗਾ ਹੈ ਸੋ ਏਸ ਬਡੇ ਪਾਪ ਕੀਤੇ ਹਨ ਪਰ ਜੈਸਾ ਇਹ ਪਾਪੀ ਹੈ ਤੈਸਾ ਪ੍ਰਮੇਸੁਰ ਕਾ ਨਾਮ ਬਡਾ ਦਾਤਾਰ ਹੈ ਕਯੋਂਕਿ ਨਾਮ ਨੇ ਅਜਾਮਲ ਆਦਿਕ ਪਾਪੀ ਕਈ ਉਧਾਰੇ ਹਨ ਤਾਂ ਤੂੰ ਭੀ ਜੇ ਪਾਪ ਅਗੋਂ ਛਡ ਦੇਂਗਾ ਤਾਂ ਤੇਰਾ ਭੀ ਉਧਾਰ ਹੋਵੇਗਾ ਤਾਂ ਸਜਣ ਪੈਰਾਂ ਤੇ ਡਿਗ ਪਿਆ ਅਰ ਕਹਯਾ ਕਿ ਜੇ ਪਿਛਲੇ ਪਾਪ ਮੇਰੇ ਬਖਸੀਅਨ ਤਾਂ ਫਿਰ ਅਗੋਂ ਨਾਰਾਇਣ ਦਾ ਮੈਂ ਭਜਨ ਕਰਾਂਗਾ ਅਤੇ ਸੰਤਾਂ ਦੀ ਸੇਵਾ ਭੀ ਮੈਂ ਕਰਾਂਗਾ ਤਾਂ ਬਚਨ ਹੋਇਆ ਕਿ ਨਾਰਾਇਣ ਦਾ ਨਾਮ ਐਸਾ ਹੈ ਜੋ ਪਿਛਲੇ ਪਾਪਾਂ ਨੂੰ ਨਾਸ ਕਰਦਾ ਹੈ ਅਤੇ ਅਗੋਂ ਉਪਜਣੇ ਨਹੀਂ ਦੇਂਦਾ ਸੋ ਤੁਸਾਂ ਨਾਮ ਭੀ ਜਪਣਾ ਅਤੇ ਬਾਣੀ ਭੀ ਪੜਨੀ ਸੋ ਏਹ ਉਪਦੇਸ ਕਰਕੇ ਬਾਬਾ ਜੀ ਅਤੇ ਮਰਦਾਨਾ ਕਾਂਸੀ ਨੂੰ ਚਲੇ ॥

ਬਾਬਾ ਜੀ ਕਾਂਸੀ ਗਏ

ਗੰਗਾ ਅਰ ਜਮਨਾ ਕੇ ਕੰਢੇ ਜਾਇ ਡੇਰਾ ਕੀਤਾ ਤਾਂ ਸਭਨਾਂ ਪੰਡਤਾਂ ਨੂੰ ਖਬਰ ਪਈ ਅਰ ਸਭ ਦਰਸਨ ਕਉ ਆਇ ਪ੍ਰਾਪਤ ਭਏ ਤਾਂ ਪੰਡਿਤਾਂ ਪੁਛਿਆ ਜੋ ਅਸੀਂ ਨਿਤ ਵੇਦਾਂ ਸਾਸਤ੍ਰਾਂ ਨੂੰ ਸੁਣਦੇ ਹਾਂ ਅਰ ਪੜਦੇ ਹਾਂ ਸੋ ਅਸਾਡਾ ਅਹੰਕਾਰ ਕਿਉਂ ਨਹੀਂ ਮਿਟਦਾ ਤਾਂ ਬਾਬੇ ਆਖਿਆ ਅੰਦਰੋਂ ਜੋ ਖੋਟ ਨਹੀਂ ਉਠਦਾ ਸੋ ਇਸੇ ਹੀ ਵਾਸਤੇ ਵੇਦਾਂ ਦੇ ਵਚਨ ਅਸਰ ਨਹੀਂ ਕਰਦੇ ਤਾਂ ਫਿਰ ਗੁਰੂ ਨਾਨਕ ਜੀ ਸਿਰੀ ਰਾਗ ਵਿਚ ਸਬਦ ਬੋਲਿਆ ॥

ਸ੍ਰੀ ਰਾਗ ਮਹਲਾ ੧ ॥ ਲਬ ਕੁਤਾ ਕੂੜ ਚੂਹੜਾ ਠਗ ਖਾਧਾ ਮੁਰਦਾਰ ॥
ਪਰ ਨਿੰਦਾ ਪਰਮਲ ਮੁਖ ਸੁਧੀ ਅਗਨ ਕ੍ਰੋਧ ਚੰਡਾਲ ॥ ਰਸ ਕਸ ਆਪਿ
ਸਲਾਹਣਾ ਏ ਕਰਮ ਮੇਰੇ ਕਰਤਾਰ ॥ ੧ ॥ ਬਾਬਾ ਬੋਲੀਐ ਪਤਿ ਹੋਇ ॥

ਊਤਮ ਸੇ ਦਰ ਊਤਮ ਕਹੀਏ ਨੀਚ ਕਰਮ ਬਹਿ ਰੋਇ ॥ ੧ ॥ ਰਹਾਉ ॥ ਰਸ ਸੁਇਨਾ ਰਸ ਰੁਪਾ ਕਾਮਣ ਰਸ ਪਰਮਲ ਕੀ ਵਾਸ ॥ ਰਸੁ ਘੋੜੇ ਰਸ ਸੇਜਾ ਮੰਦਰ ਰਸ ਮੀਠਾ ਰਸ ਮਾਸ ॥ ਏਤੇ ਰਸ ਸਰੀਰ ਕੇ ਕੈ ਘਟਿ ਨਾਮ ਨਿਵਾਸ ॥ ੨ ॥ ਜਿਤ ਬੋਲੀਐ ਪਤਿ ਪਾਈਐ ਸੋ ਬੋਲਿਆ ਪਰਵਾਣ ॥ ਫਿਕਾ ਬੋਲ ਵਿਗੁਚਣਾ ਸੁਣਿ ਮੂਰਖ ਮਨ ਅਜਾਣ ॥ ਜੋ ਤਿਸ ਭਾਵੈ ਸੇ ਭਲੇ ਹੋਰ ਕਿ ਕਹਣ ਵਖਾਣ ॥ ੩ ॥ ਤਿਨ ਮਤਿ ਤਿਨ ਪਤਿ ਤਿਨ ਧਨ ਪਲੈ ਜਿਨ ਹਿਰਦੈ ਰਹਿਆ ਸਮਾਇ ॥ ਤਿਨਕਾ ਕਿਆ ਸਾਲਾਹਣਾ ਅਵਰ ਸੁਆਲਿਓ ਕਾਇ ॥ ਨਾਨਕ ਨਦਰੀ ਬਾਹਰੇ ਰਾਚਹਿ ਦਾਨਿ ਨ ਨਾਇ ॥ ੪ ॥

ਤਿਸਕਾ ਪ੍ਰਮਾਰਥ ਬਾਬਾ ਜੀ ਕਹਤੇ ਹੈਂ ਕਿ ਲਬ ਜੋ ਹੈ ਇਸ ਸਰੀਰ ਮੈ ਕੁਤਾ ਹੈ ਅਰ ਝੂਠ ਬੋਲਣਾ ਜੋ ਹੈ ਸੋ ਚੰਡਾਲ ਹੈ ਅਰ ਠਗੀ ਕਰਕੇ ਜੋ ਖਾਵਣਾ ਹੈ ਸੋ ਮੁਰਦੇ ਦੇ ਸਮਾਨ ਹੈ ਅਰ ਪਰਾਈ ਜੋ ਨਿੰਦਾ ਹੈ ਸੋ ਸੁਧੀ ਵਿਸਟਾ ਹੈ ॥ ਅਰ ਕ੍ਰੋਧ ਜੋ ਹੈ ਸੋ ਅਗਨਿ ਦੇ ਸਮਾਨ ਹੈ ਅਤੇ ਚੰਡਾਲ ਦੇ ਸਮਾਨ ਹੈ ਅਰ ਰਸ ਕਸ ਖਾਵਣੇ ਅਰ ਆਪ ਨੂੰ ਸਲਾਹਣਾ ਜੋ ਅਸੀ ਬਡੇ ਸ੍ਰੇਸਟ ਹਾਂ ਏਹ ਮੇਰੇ ਕਰਮ ਪਏ ਹੋਏ ਹਨ ਤਾਂ ਪਰਮੇਸਰ ਕਾ ਨਾਮ ਕੀਕੂੰ ਰਿਦੇ ਵਿਖੇ ਠਹਰੇ ਕਜੋਂਕਿ ਜਉਲੋ ਸਤਸੰਗ ਨਾ ਹੋਵੇ ਤਬ ਲਗ ਮੰਨ ਸੁਧ ਨਹੀਂ ਹੋਤਾ ਤਾਂਤੇ ਹੇ ਬਾਬਾ ਐਸੇ ਬੋਲੀਏ ਜਿਤ ਬੋਲਿਆਂ ਪਤ ਰਹਿ ਆਵੇ ਕਜੋਂਕਿ ਜੋ ਉਤਮ ਕਰਮ ਕਰਤੇ ਹੈ ਸੇਈ ਵਾਹਗੁਰੂ ਦੇ ਦੁਆਰੇ ਉਤਮ ਕਹੀਦੇ ਹਨ ਅਰ ਜੋ ਨੀਚ ਕਰਮ ਕਰਤੇ ਹੈਂ ਤਿਨਾ ਨੂੰ ਪਰਮੇਸਰ ਸਜਾਇ ਦੇਵੈਗਾ ਅਰ ਓਹ ਧਰਮਰਾਇ ਦੇ ਦਰਬਾਰ ਬੈਠੇ ਰੋਵਨਗੇ ਅਰ ਏਹ ਜੋ ਕੋਈ ਮਨ ਹੈ ਸੋ ਸਰੀਰ ਦਿਆਂ ਰਸਾਂ ਵਿਚ ਫਾਥਾ ਹੋਇਆ ਹੈ ਸੋ ਨਾਮ ਕਾ ਰਸ ਕਿਉਂ ਕਰ ਆਵੇਗਾ ਇਸ ਵਾਸਤੇ ਕਿ ਕਿਸੇ ਕਉ ਸਇਨੇ ਕਾ ਰਸ ਹੈ ਅਰ ਕਿਸੇ ਕਉ ਰੁਪੇ ਕਾ ਰਸ ਹੈ ਅਰ ਕਿਸੇ ਕਉ ਇਸਤ੍ਰੀ ਕਾ ਰਸ ਹੈ ਅਰ ਕਿਸੇ ਕਉ ਚੰਦਨ ਕੀ ਵਾਸਨਾ ਕਾ ਰਸ ਹੈ ਅਰ ਕਿਸੇ ਕਉ ਘੋੜੇ ਕਾ ਰਸ ਹੈ ਅਰ ਕਿਸੇ ਕਉ ਸੇਜਾ ਕਾ ਰਸ ਹੈ ਅਰ ਕਿਸੇ ਕਉ ਮੰਦਰ ਬਣਾਵਣੇ ਕਾ ਰਸ ਹੈ ਅਰ ਕਿਸੇ ਕਉ ਮਿਠੇ ਖਾਵਣੇ ਕਾ ਰਸ ਹੈ ਅਰ ਕਿਸੇ ਕਉ ਮਾਸ ਖਾਵਣੇ ਕਾ ਰਸ ਹੈ ਸੋ ਏਤੇ ਰਸ ਤਾਂ ਸਰੀਰ ਕੇ ਵਿਚ ਹਨ ਨਾਮ ਇਸ ਸਰੀਰ ਮੈਂ ਕਿਉਂ ਕਰ ਨਿਵਾਸ ਕਰੇ ॥ ੨ ॥ ਅਰ ਮਿਠਾ ਬੋਲਣ ਕਰਕੇ ਇਸਦੀ ਪਤ ਰਹਿੰਦੀ ਹੈ ਅਰ ਫਿਕਾ ਬੋਲਣ ਕਰਕੇ ਇਸਦੀ ਪਤਿ ਜਾਂਦੀ ਹੈ ਸੋ ਵਾਹਗੁਰੂ ਕਾ ਭਾਣਾ ਮਿਠਾ ਕਰਕੇ ਮੰਨਣਾ ਚਾਹੀਦਾ ਹੈ ॥੩॥ ਅਰ ਮਤਿ ਭੀ ਤਿਨ ਹੀ ਕੀ ਉਜਲ ਹੈ ਅਰ ਪਤਿ ਭੀ ਤਿਨਹੀ ਕੀ ਹੈ ਅਰ ਨਾਮ ਰੂਪੀ ਧਨ ਭੀ ਤਿਹਾਂ ਕੇ ਪਲੇ ਹੋਤਾ ਹੈ ॥ ਜਿਨਾਂ ਕੇ ਰਿਦੇ ਮੈਂ ਗੁਰਾਂ ਕੇ

ਬਚਨ ਸਮਾਵਤੇ ਹੈਂ ਸੋ ਉਸਤੇ ਸੁੰਦਰ ਅਵਰ ਕਵਣ ਹੈ ਅਰ ਸੋਈ ਉਸਤਤਿ ਕਰਨੇ ਜੋਗ ਹਨ ॥ ਤਾਂ ਗੁਰੂ ਨਾਨਕ ਜੀ ਕਹਿੰਦੇ ਹਨ ਕਿ ਸਤਿਗੁਰਾਂ ਦੀ ਨਜ਼ਰ ਤੋਂ ਬਿਨਾਂ ਨਾਮ ਪ੍ਰਾਪਤ ਨਹੀਂ ਹੁੰਦਾ ਅਰ ਨਾ ਦਾਨ ਪ੍ਰਾਪਤਿ ਹੋਂਦਾ ਹੈ॥੪॥ਤਾਂ ਪੰਡਤਾਂ ਨੇ ਕਹਿਆ ਕੇ ਏਸ ਕਾਂਸੀ ਪੁਰੀ ਦਾ ਮਹਾਤਮ ਵੇਦਾਂ ਮਹਿ ਲਿਖਿਆ ਹੈ ਕਯੋਂਕਿ ਜੋ ਏਸ ਕਾਂਸੀ ਪੁਰੀ ਮੈਂ ਪਾਪੀ ਵਾ ਪੁੰਨੀ ਜੀਵ ਸਰੀਰ ਤਿਆਗਤੇ ਹੈਂ ਸੋ ਸਿਵ ਪੁਰੀ ਕਉ ਜਾਇ ਪ੍ਰਾਪਤ ਹੋਤੇ ਹੈਂ ਤਾਂ ਬਾਬੇ ਕਹਿਆ ਕਿ ਮਰਤੇ ਵੈਰੀ ਸਿਵਜੀ ਰਾਮ ਰਾਮ ਕਾ ਮੰਤ੍ਰ ਪ੍ਰਾਣੀ ਦੇ ਕੰਨ ਵਿਚ ਸੁਣਾਵਤੇ ਹਨ ਅਤੇ ਨਾਮ ਭਗਵੰਤ ਕਾ ਐਸਾ ਹੈ ਕਿ ਭਾਵੇਂ ਜੀਵ ਕਿਸੇ ਦੇਸ ਮੇਂ ਪੜ੍ਹੇ ਸੋਈ ਮੁਕਤ ਹੋਤਾ ਹੈ ॥

ਜੈਸੇ ਕਬੀਰ ਜੀ ਕਾਂਸੀ ਕੋ ਛਡ ਕੈ ਮਗਹਰ ਕਉ ਜਾਇ ਬਸੈ ਹੈਂ ਸੋ ਊਹਾਂ ਹੀ ਸਾਧ ਸੰਗਤ ਹੋ ਰਹੀ ਹੈ ਅਰ ਊਹਾਂ ਹੀ ਮੁਕਤ ਪੜ੍ਹੇ ਹੋਤੇ ਹੈਂ ਤਾਂ ਤੇ ਮਹਾਰਾਜ ਕਾ ਨਾਮ ਹੀ ਮੁਕਤ ਕਰਨੇ ਵਾਲਾ ਹੈ ਤਾਂ ਪੰਡਤਾਂ ਨੇ ਪੁਛਿਆ ਕਿ ਮਹਾਰਜ ਕੇ ਤੋ ਅਨੇਕ ਨਾਮ ਹੈਂ ਸੋ ਕੌਨਸਾ ਮਹਾਰਾਜ ਕਾ ਨਾਮ ਮੁਕਤ ਕਰਤਾ ਹੈ ਤਾਂ ਬਾਬੇ ਕਹਿਆ ਕਿ ਜਿਤਨੀਆਂ ਨਦੀਆਂ ਤੇ ਬੇੜੀਆਂ ਹੋਤੀਆਂ ਹੈਂ ਸੋ ਸਭੇ ਪਾਰ ਉਤਾਰਤੀਆਂ ਹਨ ਤਾਂ ਤੇ ਜਿਸ ਬੇੜੀ ਤੇ ਕੋਈ ਚੜ੍ਹਤਾ ਹੈ ਉਸੇ ਨਾਲ ਹੀ ਪਰਜੋਜਨ ਹੈ ਸੋ ਤੈਸੇ ਮਹਾਰਾਜ ਕੇ ਨਾਮ ਸਭ ਮੁਕਤਾ ਕਰਨ ਵਾਲੇ ਹੈਂਨ ਪਰ ਜਉਨਸਾ ਨਾਮ ਗੁਰਾਂ ਨੇ ਇਸ ਕਉ ਉਪਦੇਸ ਕੀਤਾ ਹੈ ਸੋਈ ਇਸਨੂੰ ਕਲਿਆਣ ਕਰਤਾ ਹੈ ਤਾਂ ਤੇ ਏਹ ਵਚਨ ਸੁਣਕੇ ਸਭ ਬਾਬਾ ਜੀ ਕੇ ਚਰਨਾਂ ਪਰ ਗਿੜ ਪੜੇ ਤਾਂ ਬਾਬਾ ਜੀ ਨੇ ਉਨਕੋ ਸਤਨਾਮ ਕਾ ਉਪਦੇਸ ਕੀਤਾ॥ ਤਾਂ ਫਿਰ ਬਾਬਾ ਜੀ ਅਜੁਧਿਆ ਕੋ ਜਾਤੇ ਭਏ ਅਰ ਕਹਿਆ ਮਰਦਾਨਿਆਂ ਏਹੁ ਅਜੁਧਿਆ ਨਗਰੀ ਸ੍ਰੀ ਰਾਮ ਚੰਦ ਜੀ ਕੀ ਹੈ ਸੋ ਚਲ ਇਸਕਾ ਦਰਸਨ ਕਰੀਏ ॥

ਸਾਖੀ ਬਾਬਾ ਜੀ ਅਜੁਧਿਆ ਗਏ

ਤਬ ਬਾਬਾ ਜੀ ਨਦੀ ਤੇ ਜਾਇ ਉਤਰੇ ਅਤੇ ਸੁਣ ਕਰ ਸਭ ਲੋਕ ਚਰਨੀ ਆਏ ਲਗੇ ਤਾਂ ਬਚਨ ਹੋਇਆ ਕਿ ਸ੍ਰੀ ਰਾਮ ਜੀ ਨਗਰੀ ਤੋ ਸਾਥ ਲੇ ਗਏ ਸੇ ਅਰ ਏਹ ਨਗਰੀ ਕਹਾਂ ਸੇ ਆਈ ਹੈ ਤਾਂ ਉਨਾਂ ਪੰਡਤਾਂ ਨੇ ਕਹਿਆ ਕਿ ਘਰ ਤੋਂ ਨਾਲ ਨਹੀਂ ਗਏ ਪਰ ਜਉਨਸੇ ਦਰਸਨ ਉਨਕਾ ਕਰਤੇ ਸੇ ਅਰ ਨਾਮ ਉਨਕਾ ਜਪਤੇ ਸੇ ਓਹ ਬੈਕੁੰਠ ਧਾਮ ਨੂੰ ਜਾਇ ਪ੍ਰਾਪਤਿ ਹੂਏ ਹੈਂ ਤਾਂ ਬਚਨ ਹੋਇਆ ਤੁਸੀਂ ਭੀ ਗੁਰਾਂ ਨੂੰ ਮਿਲਕੇ ਪਰਮੇਸਰ ਕਾ ਨਾਮ ਜਪੋ ਅਰ ਧਿਆਨ ਕਰੋਗੇ ਤਾਂ ਤੁਸੀ ਭੀ ਬੈਕੁੰਠ ਨੂੰ ਪ੍ਰਾਪਤ ਹੋਵਹੁਗੇ ਤਾਂ ਉਨਾਂ ਨੇ ਕਹਿਆ ਜੀ ਗੁਰੂ ਕਿਤਨੇ ਪ੍ਰਕਾਰ ਦੇ ਹਨ ਤਾਂ ਬਚਨ ਹੋਇਆ

ਗੁਰੂ ਤੀਨ ਪ੍ਰਕਾਰ ਕੇ ਹੈਂ ਜੋ ਏਕ ਪੰਡਤ ਗੁਰੂ ਹੈ ਅਰ ਏਕ ਅਉਧੂਤ ਗੁਰੂ ਹੈਨ ਅਰ ਏਕ ਮਹਾਪੁਰਖ ਗੁਰੂ ਹੈਨ ਪਰ ਜੋ ਪੰਡਤ ਗੁਰੂ ਹੈਨ ਸੋ ਅਉਰੋਂ ਕੋ ਉਪਦੇਸ ਕਰਤੇ ਹਨ ਅਰ ਆਪ ਨਹੀਂ ਕਮਾਵਤੇ ਸੋ ਤਿਨਕੇ ਮਿਲਣੇ ਕਰ ਪੁੰਨ ਹੋਤਾ ਹੈ ਪਰ ਗਿਆਨ ਨਹੀਂ ਹੋਤਾ ਜੈਸੇ ਅੰਧਾ ਜੋ ਮੁਹਾਣਾ ਹੋਤਾ ਹੈ ਸੋ ਆਪ ਤਰ ਜਾਣਤਾ ਹੈ ਪਰ ਪਾਰ ਕੰਢਾ ਨਜਰ ਨਹੀਂ ਆਵਤਾ ਤਾਂ ਅਉਰੋਂ ਕੋ ਪਾਰ ਕਿਉਂਕਰ ਲੈ ਜਾਵੈਗਾ ॥ ਅਰ ਦੂਸਰਾ ਔਧੂਤ ਗੁਰੂ ਹੋਤਾ ਹੈ ਸੋ ਉਨਕੇ ਵਿਦਿਆ ਰੂਪੀ ਹਾਥ ਅਰ ਪਾਂਵ ਨਹੀਂ ਹੋਤੇ ਕਜੋਂ ਜੋ ਕਿਸੇ ਸੰਤ ਨੂੰ ਮਿਲਕੇ ਓਹ ਜੋਗ ਅਰ ਗਿਆਨ ਨੂੰ ਪ੍ਰਾਪਤ ਹੂਆ ਹੂਆ ਹੈ ਸੋ ਓਹ ਆਪਣਾ ਤਾਂ ਉਧਾਰ ਕਰਤਾ ਹੈ ਪਰ ਹੋਰ ਕਿਸੇ ਦਾ ਉਧਾਰ ਨਹੀਂ ਕਰ ਸਕਤਾ ਜੈਸੇ ਪਿੰਗਲਾ ਮੁਹਾਣਾ ਆਪ ਤਰ ਜਾਣਤਾ ਹੈ ਪਰ ਹੋਰ ਕਿਸੇ ਨੂੰ ਨਹੀਂ ਤਰਾਇ ਸਕਤਾ ਅਰ ਜੋ ਮਹਾਪੁਰਖ ਹੈਨ ਸੋ ਵਿਦਿਆ ਕਰ ਭੀ ਸਪੰਨ ਹੈਨ ਅਰ ਗਿਆਨ ਅਰ ਜੋਗ ਕਰਿ ਭੀ ਸਪੰਨ ਹੈਨ ਸੋ ਓਹ ਆਪ ਭੀ ਕਲਿਆਣ ਰੂਪ ਹੈਨ ਅਰ ਜੋ ਉਨਕੋ ਮਿਲਤੇ ਹੈਨ ਤਿਨਕਾ ਭੀ ਉਧਾਰ ਹੋਤਾ ਹੈ ਅਤੇ ਜੋ ਉਨਕਾ ਉਪਦੇਸ ਸੁਣਤੇ ਹੈ ਤਿਨਕਾ ਭੀ ਉਧਾਰ ਹੋਤਾ ਹੈ ਅਰ ਜੋ ਉਨਕੀ ਰਹਤਾਂ ਦੇਖਤੇ ਹੈਂ ਉਨਕਾ ਭੀ ਕਲਿਆਣ ਹੋਤਾ ਹੈ ਜੈਸੇ ਮੁਹਾਣਾਂ ਸੁਜਾਣ ਨਦੀ ਪਰ ਹੋਤਾ ਹੈ ਸੋ ਜਿਸ ਕੋ ਬੇੜੀ ਪਰ ਲੰਘਾਵਣਾਂ ਹੋਤਾ ਹੈ ਤਿਸ ਕੋ ਬੇੜੀ ਪਰ ਲੰਘਾਵਤਾ ਹੈ ਅਰ ਕਿਸੇ ਕੋ ਮਾਰਨਾ ਹੀ ਅਰ ਕਿਸੇ ਕੋ ਤੁਲੇ ਪਰ ਸੋ ਜਿਸ ਤਰਹ ਪਾਰ ਲੰਘਾਵਣਾ ਹੋਤਾ ਹੈ ਤਿਵੈਂ ਲੰਘਾਵਤਾ ਹੈ ਤਾਂ ਕਿਤਨੀ ਬਾਤ ਸੁਣਕਰ ਸਭ ਲੋਕ ਬਾਬੇ ਜੀ ਕੀ ਚਰਨੀ ਗਿੜ ਪੜੇ ਅਰ ਕਹਿਆ ਕਿ ਅਸਾਡਾ ਉਧਾਰ ਕਰੀਏ ਤਾਂ ਬਚਨ ਹੋਇਆ ਕਿ ਜਗਤ ਨੂੰ ਅਨਿਤ ਜਾਣਨਾ ਅਰ ਸਤਿਨਾਮ ਕਾ ਜਾਪ ਕਰਨਾ ਸੋ ਇਹ ਉਪਦੇਸ ਕਰਕੇ ਫਿਰ ਬਾਬਾ ਜੀ ਅਗੇ ॥

ਬਾਬਾ ਜੀ ਗਇਆ ਨੂੰ ਗਏ

ਸੋ ਜਬ ਗਇਆ ਨੂੰ ਜਾਇ ਪਹੁੰਚੇ ਤਾਂ ਸਭ ਉਥੋਂ ਦੇ ਲੋਕਾਂ ਨੇ ਆਣ ਦਰਸਨ ਕੀਤਾ ਤਾਂ ਬਾਬੇ ਪੁਛਿਆ ਇਸ ਨਗਰੀ ਦਾ ਨਾਂਉ ਗਇਆ ਕਿਉਂ ਕਰ ਹੋਇਆ ਹੈ ਤਾਂ ਉਨਾਂ ਕਹਿਆ ਕਿ ਗਇਅਸੁਰ ਨਾਮ ਰਾਖਸ ਸੀ ਅਰ ਤਿਸ ਕੋ ਮਹਾਰਾਜ ਕੀ ਭਗਤਿ ਪ੍ਰਾਪਤਿ ਹੋਈ ਸੀ ਸੋਉਸ ਮਹਾਰਾਜ ਦਾ ਤਪ ਕੀਤਾ ਅਰ ਮਹਾਰਾਜ ਪ੍ਰਸੰਨ ਹੋ ਕੇ ਕਹਾ ਕੁਛ ਵਰ ਮੰਗ ਤਾਂ ਉਸ ਕਹਿਆ ਕਿ ਸਾਰਾ ਜਗਤ ਹੀ ਨਰਕ ਕੋਈ ਨਾ ਜਾਵੇ ਤਾਂ ਬਚਨ ਹੋਇਆ ਕਿ ਜੇ ਕਦੀ ਸੰਸਾਰ ਆਪੋ ਆਪਣੇ ਕਰਮਾਂ ਨੂੰ ਨਾ ਭੋਗੇ ਤਾਂ ਸਾਰਾ ਜਗਤ ਭ੍ਰਸਟ ਹੋ ਜਾਂਦਾ ਹੈ ਤਾਂ ਉਸ ਰਾਖਸ ਕਹਿਆ ਕਿ ਸਾਰੇ ਜਗਤ ਦੇ ਕਰਮਾ ਦਾ

ਫਲ ਮੈਨੂੰ ਭੁਗਾਈਏ ਤਾਂ ਮਹਾਰਾਜ ਦੀ ਆਗਿਆ ਹੂਈ ਕਿ ਤੂੰ ਇਸ਼ ਪ੍ਰਿਥਵੀ ਪਰ ਸੈਨ ਕਰ ਸੋ ਅਬ ਜੋ ਕੋਈ ਤੇਰੇ ਸਰੀਰ ਦੇ ਉਪਰ ਆਨ ਸਰੀਰ ਤਿਆਗੇਗਾ ਸੋ ਮੇਰੀ ਪੁਰੀ ਨੂੰ ਆਨ ਪ੍ਰਾਪਤ ਹੋਵੈਗਾ ਅਰ ਜਿਨੋ ਕੇ ਪਿਤਰ ਅਵਗਤ ਗਏ ਹੋਏ ਹੋਣ ਸੋ ਜੇ ਈਹਾਂ ਉਨ ਕੇ ਪਿੰਡ ਪਤਲ ਕਰਨ ਤਾਂ ਉਨਹੁ ਕਾ ਭੀ ਉਧਾਰ ਹੋਵੈਗਾ ਤਾਂ ਫਿਰ ਉਨਾਂ ਪੰਡਤਾਂ ਨੇ ਬਾਬੇ ਨੂੰ ਕਹਿਆ ਕਿ ਤੁਸੀ ਭੀ ਪਰਦੇਸ ਫਿਰਦੇ ਹੋ ਤਾਂ ਤੇ ਪਿਤਰਾਂ ਦਾ ਅਤੇ ਆਪਨਾ ਦੀਵਾ ਅਰ ਕ੍ਰਿਆ ਕਰਾ ਛਡੋ ਤਾਂ ਬਾਬੇ ਕਹਿਆ ਕਿ ਅਸਾਂ ਆਪਨੇ ਪਿਤਰਾਂ ਦਾ ਅਤੇ ਆਪਨੇ ਜਗਿਆਸੀਆਂ ਦਾ ਅਤੇ ਆਪਣਾ ਵੀ ਦੀਵਾ ਅਰ ਕਿਰਯਾ ਕਰਾ ਛਡੀ ਹੈ ਪਰ ਐਸੀ ਕਿਰਿਆ ਕੀਤੀ ਹੈ ਜੋ ਅਗਿਆਨ ਦਾ ਅੰਧੇਰਾ ਸਭ ਮਿਟ ਗਇਆ ਹੈ ਅਤੇ ਸੁਰਗ ਅਰ ਨਰਕ ਜੋ ਹੈਨ ਸੋ ਅਗਿਆਨ ਵਿਖੇ ਹਨ ਤਾਂਤੇ ਜਿਨਾਂ ਨਾਮ ਰੂਪੀ ਦੀਵਾ ਬਾਲਿਆ ਹੈ ਤਿਨਕਾ ਉਧਾਰ ਹੋਇਆ ਹੈ ਤਾਂ ਫਿਰ ਇਸਕੇ ਪਰਥਾਇ ਬਾਬਾ ਜੀ ਨੇ ਆਸਾ ਰਾਗ ਵਿਚ ਸਬਦ ਬੋਲਿਆ ॥

ਆਸਾ ਮਹਲਾ ੧ ॥ ਦੀਵਾ ਮੇਰਾ ਏਕ ਨਾਮ ਦੁਖ ਵਿਚਿ ਪਾਇਆ ਤੇਲ ॥ ਉਨ ਚਾਨਣ ਓਹ ਸੋਖਿਆ ਚੂਕਾ ਜਮ ਸਿਉ ਮੇਲ ॥ ਲੋਕਾ ਮਤ ਕੋ ਫਕੜ ਪਾਇ ॥ ਲਖ ਮੜਿਆ ਕਰ ਏਕਠੇ ਏਕ ਰਤੀ ਲੇ ਭਾਹਿ ॥ ੧ ॥ ਰਹਾਉ ॥ ਪਿੰਡ ਪਤਲ ਮੇਰੀ ਕੇਸੋ ਕਿਰਿਆ ਸਚ ਨਾਮ ਕਰਤਾਰ ॥ ਐਥੇ ਓਥੈ ਆਗੈ ਪਾਛੈ ਏਹ ਮੇਰਾ ਆਧਾਰ ॥੨॥ ਗੰਗ ਬਨਾਰਸ ਸਿਫਤ ਤੁਮਾਰੀ ਨਾਵੈ ਆਤਮ ਰਾਉ ॥ ਸਚਾ ਨਾਵਣ ਤਾਂ ਥੀਐ ਜਾ ਅਹਿਨਿਸਿ ਲਾਗੈ ਭਾਉ ॥ ੩ ॥ ਇਕ ਲੋਕੀ ਹੋਰ ਛਮਛਰੀ ਬ੍ਰਹਮਣ ਵਟ ਪਿੰਡ ਖਾਇ ॥ ਨਾਨਕ ਪਿੰਡ ਬਖਸੀਸ ਕਾ ਕਬਹੂ ਨਿਖੂਟਸ ਨਾਹਿ ॥ ੪ ॥

ਤਿਸਕਾ ਪਰਮਾਰਥ ਬਾਬਾ ਜੀ ਕਹੇ ਹੈਂ ਕਿ ਦੀਵਾ ਜੋ ਮੈਂ ਕੀਤਾ ਹੈ ਸੋ ਏਕ ਨਾਮ ਕਾ ਕੀਤਾ ਹੈ ਅਰ ਇੰਦ੍ਰੀਆਂ ਕੋ ਸੰਕੋਚਣ ਕਾ ਜੋ ਦੁਖ ਹੈ ਅਰ ਜੋ ਜਾਗ੍ਰਤ ਕਾ ਦੁਖ ਹੈ ਸੋ ਮੈਂ ਵਿਚ ਤੇਲ ਪਾਇਆ ਹੈ ਸੋ ਉਸ ਨਾਮ ਕੇ ਚਾਨਣੇ ਕਰ ਮੇਰਾ ਦੁਖ ਘਟ ਗਇਆ ਹੈ ਤਾਂਤੇ ਹੇ ਲੋਕਾ ਹੋ ਮਤ ਕੋਈ ਵਿਕਰਮਾਂ ਕੀ ਫਕੜੀ ਵਿਚ ਪਉਂਦੇ ਹੋਵਹੁ ਕਯੋਂਕਿ ਜੈਸੇ ਅੰਬਾਰ ਲਕੜੀਆਂ ਦੇ ਹੋਵਨ ਅਰ ਜੇ ਉਸ ਵਿਚ ਭਾਹਿ ਦੀ ਇਕ ਚੰਗਿਆਰੀ ਦਿਚੇ ਤਾਂ ਸਭ ਜਲ ਜਾਂਦੀਆਂ ਹੈਂ ਤੈਸੇ ਜਨਮਾਂ ਜਨਮਾਂ ਦੇ ਪਾਪ ਇਕ ਮਨ ਹੋਇ ਕੇ ਵਾਹਿਗੁਰੂ ਦਾ ਭਜਨ ਕੀਤਿਆਂ ਸਭ ਦੂਰ ਹੋ ਜਾਂਦੇ ਹਨ ਅਰ ਪਿੰਡ ਪਤਲ ਜੋ ਮੇਰੀ ਹੈ ਸੋ ਭੀ ਪਰਮੇਸਰ ਕਾ ਨਾਮ ਹੈ ਅਰ ਕਿਰਿਆ ਭੀ ਮੇਰੀ ਸਚਾ ਨਾਮ ਹੈ ਅਤੇ ਗੁਰੂ ਨੂੰ ਮਿਲਕੇ ਜੋ ਮੈਂ ਆਪਣੀ ਦੇਹ ਦਾ ਸਾਖੀ ਜਾਨਦਾ ਹਾਂ ਸੋ ਉਹ ਇਸ

ਲੋਕ ਵਿਚ ਭੀ ਅਰ ਪਰਲੋਕ ਵਿਚ ਭੀ ਅਰ ਅਗੇ ਭੀ ਅਰ ਪਿਛੇ ਭੀ ਮੇਰਾ ਅਧਾਰ ਹੈ ਅਤੇ ਗੰਗਾ ਅਰ ਬਨਾਰਸ ਜੋ ਹੈ ਸੋ ਮਹਾਰਾਜ ਦੀ ਭਗਤਿ ਹੈ ਅਰ ਇਸਨਾਨ ਜੋ ਕਰਨਾ ਹੈ ਸੋ ਆਤਮ ਗਿਆਨ ਸਮਝ ਕਰ ਕਰਨਾ ਹੈ ਅਰ ਸਚਾ ਨਾਵਣ ਤਿਨਾਂ ਦਾ ਹੁੰਦਾ ਹੈ ਜੇ ਜੇਹੜੇ ਅਗੇ ਅਠੇ ਪਹਰ ਸਚੇ ਸਬਦ ਨਾਲ ਅਭਿਆਸ ਕਰਦੇ ਹਨ ਅਤੇ ਬ੍ਰਹਮਣ ਜੋ ਵਟ ਕੇ ਪਿੰਡ ਖਾਂਦੇ ਹਨ ਸੋ ਦਸ ਗਾਤ੍ਰ ਪਿਤਰਾਂ ਦੇ ਕਲਾਉਣ ਵਾਸਤੇ ਕੀਤੇ ਹਨ ਅਤੇ ਜੋ ਜਗ ਹੋਮ ਕਰਤੇ ਹਨ ਸੋ ਦੇਵਤਿਆਂ ਨਾਲ ਰਲਣ ਵਾਸਤੇ ਕਰਦੇ ਹਨ ਪਰ ਸਤਗੁਰਾਂ ਦਾ ਜਦ ਗਿਆਨ ਹੋਵੇ ਸੋ ਫਿਰ ਓਹ ਆਪਨੂੰ ਆਤਮਾਂ ਕਰ ਜਾਣਤੇ ਹੈਂ ਤਾਂਤੇ ਇਹ ਜੋ ਆਤਮ ਗਿਆਨ ਕਾ ਪਿੰਡ ਹੈ ਸੋ ਨਾਸ ਨਹੀਂ ਹੋਤਾ ਅਤੇ ਅਸੀਂ ਤਾਂ ਆਪਨੂੰ ਤੀਨੋ ਦੇਹੋਂ ਕੇ ਸਾਖੀ ਹਾਂ ਅਰ ਜੌਨਸੇ ਅਗਯਾਨੀ ਹੋਵੈਂ ਸੋ ਪਿੰਡ ਪਤਲ ਕਰੈਂ॥ ਤਾਂ ਏਹ ਬਾਤ ਸੁਣਕੇ ਸਭ ਬਾਬੇ ਦੇ ਆਇ ਚਰਨੀ ਲਗੇ ਅਰ ਕਹਯਾ ਕਿ ਅਸਾਨੂੰ ਆਪਣਾ ਸਿਖ ਕਰੋ ਜੋ ਸਾਡਾ ਕਲਿਆਣ ਹੋਵੈ ਤਾਂ ਬਚਨ ਹੋਇਆ ਕਿ ਤੁਸੀ ਮਨੋ ਨਾਸ ਵਾਸਨਾ ਖੈ ਅਰ ਤਤ ਗਿਆਨ ਕਾ ਅਭਿਆਸ ਕਰਨਾ ਤਾਂਤੇ ਤੁਸਾਨੂੰ ਗਿਆਨ ਪ੍ਰਗਟੇਗਾ ਤਬ ਉਨਾਂ ਨੇ ਅਰਦਾਸ ਕੀਤੀ ਜੋ ਮਨੋ ਨਾਸ ਕਯੋਂ ਕਰ ਹੁੰਦਾ ਹੈ ਅਰ ਵਾਸਨਾ ਖੈ ਕਯੋ ਕਰ ਅਰ ਤਤ ਗਿਆਨ ਕਾ ਅਭਿਆਸ ਕਿਉਂ ਕਰ ਹੋਂਦਾ ਹੈ ਤਾਂ ਬਾਬੇ ਕਹਿਆ ਕਿ ਨਿਤਪ੍ਰਤ ਪ੍ਰਾਣਾਯਾਮ ਕਰ ਕੇ ਮਨ ਨਾਸ ਹੁੰਦਾ ਹੈ ਅਰ ਜਗਤ ਨੂੰ ਅਨਿਤ ਜਾਣਨੇ ਕਰ ਵਾਸਨਾਂ ਖੈ ਹੋਤੀਆਂ ਹੈ ਅਰ ਵੇਦਾਂਤ ਕੇ ਅਭਿਆਸ ਕਰ ਤਤ ਗਿਆਨ ਹੋਤਾ ਹੈ ਸੋ ਇਤਨਾ ਸੁਣਕੇ ਸਭ ਚਰਨੋ ਪਰ ਗਿਰ ਪੜੇ ਤਬ ਗੁਰੂ ਨਾਨਕ ਜੀ ਉਨਾਂ ਨੂੰ ਸਤਨਾਮ ਕਾ ਉਪਦੇਸ ਕਰਕੈ ਆਪ ਪਟਣੇ ਨੂੰ ਗਏ ।

ਬਾਬਾ ਜੀ ਪਟਣੇ ਗਏ

ਤਾਂ ਜੇਹੜਾ ਰਾਜਾ ਕੁਰਖੇਤ੍ਰ ਬਾਬੇ ਨੂੰ ਮਿਲਿਆ ਸੀ ਤੇ ਸਰੀਕਾਂ ਨੂੰ ਮਾਰ ਕੇ ਫੇਰ ਉਸ ਪਟਣੇ ਦਾ ਰਾਜ ਕੀਤਾ ਸੀ ਤਾਂ ਰਾਜਾ ਆਣ ਦਰਸਨ ਲਗਾ ਅਰ ਫੇਰ ਰਾਜੇ ਦੀ ਮਾਤਾ ਅਰ ਇਸਤ੍ਰੀ ਦੋਨੋਂ ਆਈਆਂ ਤਾਂ ਰਾਜਾ ਦੀ ਮਾਤਾ ਨੇ ਆਣ ਕਰ ਮਥਾ ਟੇਕਿਆ॥ ਪਰ ਰਾਜੇ ਦੀ ਇਸਤ੍ਰੀ ਖੜੀ ਰਹੀ ਤਾਂ ਰਾਜੇ ਕੀ ਮਾਤਾ ਨੇ ਆਪਣੀ ਬਹੂ ਕੋ ਕਹਿਆ ਕਿ ਤੂੰ ਮਥਾ ਟੇਕ ਤਾਂ ਉਸ ਆਖਿਆ ਕਿ ਮੇਰੇ ਥਣ ਠਿਲਤੇ ਹਨ ਸੋ ਇਸ ਵਾਸਤੇ ਮੈਂ ਨਿਉਂ ਨਹੀਂ ਸਕਦੀ ਸੋ ਉਨਕੇ ਉਤਰ ਅਰ ਪ੍ਰਸਨ ਕਾ ਬਾਬੇ ਜੀ ਨੇ ਸਲੋਕ ਉਚਾਰਿਆ॥

ਸਲੋਕ ॥ ਉਤੰਗੀ ਪੈ ਓਹਰੀ ਗਹਿਰੀ ਗੰਭੀਰੀ ॥ ਸਸੜ ਸੁਹੀਆ ਕਿਉ ਕਰੀ ਨਿਵਣ ਨ ਜਾਇ ਥਣੀ ॥ ਗਚੁ ਜਿ ਲਗਾ ਗਿਰਵੜੀ ਸਖੀਏ ਧਉਲ ਹਰੀ ॥ ਸੇ ਭੀ ਢਹਦੇ ਡਿਠ ਮੈ ਮੁੰਧ ਨ ਗਰਬ ਥਣੀ ॥੨॥ ਸੁਣਿ ਮੁੰਧੇ ਹਰਣਾ ਖੀਏ ਗੂੜਾ ਵੈਣ ਅਪਾਰ ॥ ਪਹਿਲਾ ਵਸਤ ਸਿਞਾਣ ਕੈ ਤਾ ਕੀਚੈ ਵਾਪਾਰ ॥ ਦੋਹੀ ਦਿਚੈ ਦੁਰਜਨਾ ਮਿਤ੍ਰਾਂ ਕੂ ਜੈਕਾਰ ॥ ੩ ॥ ਜਿਤੁ ਦੋਹੀ ਸਜਣ ਮਿਲੇ ਲਹੁ ਮੁੰਦੇ ਵੀਚਾਰ ॥ ਤਨ ਮਨ ਦਿਚੈ ਸਜਣਾ ਐਸਾ ਹਸਣ ਸਾਰ ॥੪॥

ਰਾਜੇ ਕੀ ਮਾਤਾ ਨੇ ਆਪਣੀ ਬਹੂ ਕੌ ਕਹਿਆ ਕਿ ਉਚੀ ਕਜੋਂ ਖੜੀ ਹੈਂ ਤਾਂ ਉਸ ਕਹਿਆ ਕਿ ਮੇਰੇ ਥਣਹੁ ਤੇ ਦੁਧ ਉਛਲਤਾ ਹੈ ਤਾਂ ਉਸਦੀ ਸੱਸ ਕਹਿਆ ਕਿ ਤੂੰ ਗਹਰੀ ਗੰਭੀਰੀ ਹੋਇਕੇ ਸੰਤਾਂ ਦੇ ਅਗੇ ਨਿਉਂ ਤਾਂ ਉਸਨੇ ਕਹਿਆ ਹੇ ਸਸੜ ਮੈਂ ਮਥਾ ਕਿਉਂ ਕਰ ਟੇਕਾਂ ਕਜੋਂ ਜੋ ਥਣਾਂ ਕਰਕੇ ਮੈਥੋਂ ਨਿਵਿਆਂ ਨਹੀਂ ਜਾਤਾ ਤਾਂ ਉਸਨੇ ਕਹਿਆ ਜਿਹੜੇ ਗਚ ਨਾਲ ਘਰ ਉਸਰੇ ਥੇ ਸੋ ਭੀ ਮੈਂ ਢਹਿੰਦੇ ਡਿਠੇ ਹਨ ਸੋ ਤੂੰ ਥਣਾਂ ਦਾ ਗਰਬ ਨਾ ਕਰ ਤਾਂ ਬਾਬਾ ਬੋਲਿਆ ਸੁਣ ਮੁੰਧੇ ਤੇਰੇ ਮ੍ਰਿਗਾਂ ਵਤ ਨੇਤ੍ਰ ਹਨ ਸੋ ਤੇਰੇ ਤਾਈਂ ਗੁਹਜ ਵਚਨ ਕਹਤੇ ਹੈਂ ਕਿ ਜੋ ਵਿਕਾਰ ਹੈਨ ਤਿਨਕਾ ਤਿਆਗ ਕਰੀਏ ਅਰ ਜੋ ਗੁਣ ਸੁਭ ਹੈਨ ਤਿਨਕੋ ਮਿਤ੍ਰ ਜਾਣ ਕੇ ਜੈਕਾਰ ਕਰੀਏ ਕਜੋਂ ਜੋ ਅਉਗਣਾਂ ਨੂੰ ਤਿਆਗਿਆ ਸਤ ਸੰਗ ਨਾਲ ਮੇਲ ਹੁੰਦਾ ਹੈ ਤਾਂ ਤੇ ਆਪਣਾ ਤਨ ਮਨ ਸਭ ਗੁਰਾਂ ਨੂੰ ਸੌਂਪ ਛਡੀਏ ਤਾਂ ਏਹ ਸੁਣ ਕੇ ਫਿਰ ਦੋਨੋਂ ਚਰਨੀਂ ਲਗੀਆਂ ਅਤੇ ਉਨਾਂ ਕਹਿਆ ਕਿ ਅਸਾਨੂੰ ਕੁਝ ਉਪਦੇਸ ਕਰੀਏ ਤਾਂ ਬਚਨ ਹੋਇਆ ਈਹਾਂ ਧਰਮਸਾਲਾ ਬਣਾਓ ਅਰ ਆਏ ਗਏ ਸੰਤਾਂ ਸਾਧਾਂ ਦੀ ਸੇਵਾ ਕਰੋ ਤਾਂ ਉਥੋਂ ਉਪਦੇਸ ਦੇਕੇ ਫਿਰ ਬਾਬਾ ਜਗਨ ਨਾਥ ਕੋ ਗਏ ॥

ਬਾਬਾ ਜੀ ਜਗਨ ਨਾਥ ਗਏ

ਤਬ ਮਰਦਾਨੇ ਨੂੰ ਬਾਹਰ ਬੈਠਾਇ ਕਰ ਬਾਬਾ ਜੀ ਜਗਨ ਨਾਥ ਕੇ ਦੁਆਰੇ ਪਰ ਜਾਇ ਬੈਠੇ ਤਾਂ ਪਾਂਡੇ ਜਗਨ ਨਾਥ ਕੀ ਆਰਤੀ ਲਗੇ ਕਰਨ ਅਤੇ ਬਾਬਾ ਜੀ ਸਮਾਧੀ ਲਾਇਕੇ ਬੈਠੇ ਰਹੇ ਤਬ ਸਭ ਪਾਂਡੇ ਆਰਤੀ ਕਰਕੇ ਬਾਬੇ ਪਾਸ ਆਇ ਬੈਠੇ ਅਰ ਉਨਾਂ ਕਹਿਆ ਤੁਸੀਂ ਜਾਤ੍ਰੀ ਆਏ ਹੋ ਅਰ ਅਸਾਂ ਮਹਾਰਾਜ ਦੀ ਆਰਤੀ ਕੀਤੀ ਹੈ ਅਰ ਤੁਸਾਂ ਕਿਉਂ ਨਹੀਂ ਕੀਤੀ ਤਾਂ ਬਾਬੇ ਕਹਿਆ ਕਿ ਏਕ ਈਸੁਰ ਕੀ ਆਰਤੀ ਹੈ ਅਰ ਏਕ ਜੀਵ ਕੀ ਆਰਤੀ ਹੈ ਸੋ ਹਮੇਸਾਂ ਹਮ ਸੁਣਤੇ ਅਰ ਦੇਖਤੇ ਹੈਂ ਸੋ ਅਉਰ ਹਮ ਕੈਸੀ ਆਰਤੀ ਕਰੇਂ ॥ ਤਾਂ ਪਾਂਡਿਆਂ ਕਹਿਆ ਕਿ ਤੁਸਾਂ ਕੌਨਸੀ

ਆਰਤੀ ਸੁਣੀ ਹੈ ਤਾਂ ਬਾਬੇ ਸਬਦ ਆਖਿਆ ॥

ਰਾਗੁ ਧਨਾਸਰੀ ਮਹਲਾ ੧ ॥ ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ ॥ ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ ॥ ੧ ॥ ਕੈਸੀ ਆਰਤੀ ਹੋਇ ਭਵ ਖੰਡਨਾ ਤੇਰੀ ਆਰਤੀ ॥ ਅਨਹਤਾ ਸਬਦ ਵਾਜੰਤ ਭੇਰੀ ॥ ੧ ॥ ਰਹਾਉ ॥ ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੋਹੀ॥ ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ ਸਹਸ ਤਵ ਗੰਧ ਇਵ ਚਲ ਮੋਹੀ ॥ ੨ ॥ ਸਭ ਮਹਿ ਜੋਤਿ ਜੋਤਿ ਹੈ ਸੋਇ ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ਗੁਰ ਸਾਖੀ ਜੋਤਿ ਪਰਗਟੁ ਹੋਇ ॥ ਜੋ ਤਿਸੁ ਭਾਵੈ ਸੁ ਆਰਤੀ ਹੋਇ ॥ ੩ ॥ ਹਰਿ ਚਰਣ ਕਮਲ ਮਕਰੰਦ ਲੋਭਿਤ ਮਨੋ ਅਨਦਿਨੋ ਮੋਹਿ ਆਹੀ ਪਿਆਸਾ ॥ ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾ ਤੇ ਤੇਰੈ ਨਾਮਿ ਵਾਸਾ ॥

ਜਾਂ ਇਤਨੀ ਆਰਤੀ ਬਾਬੇ ਜੀ ਕਹੀ ਤਬ ਪਾਂਡਿਆਂ ਕਹਿਆ ਇਸਦਾ ਅਰਥ ਸੁਣਾਵੋ ਤਾਂ ਬਾਬੇ ਕਹਿਆ ਈਸ਼ੁਰ ਦੀ ਆਰਤੀ ਕਾ ਅਕਾਸ ਥਾਲ ਹੈ ਅਰ ਸੂਰਜ ਚੰਦ੍ਰਮਾ ਦੀਵੇ ਹਨ ਅਰ ਤ੍ਰਾਰੇ ਜੋ ਹੈਂ ਸੋ ਮੋਤੀ ਹੈਂ ਅਰ ਮੈਲਾਗਰ ਚੰਦਨ ਤੇ ਆਦਿ ਲੇਕਰ ਜਿਤਨੀ ਸੁਗੰਧ ਹੈ ਸੋ ਤਿਨਕੋ ਚੇਤੰਨ ਹੀ ਲੇਤਾ ਹੈ ਅਰ ਉਨੰਜਾ ਪਾਉਣ ਜੋ ਹਨ ਸੋ ਚੇਤੰਨ ਕੋ ਚੌਰ ਕਰਤੇ ਹਨ ਅਰ ਜਿਤਨੀ ਬਨਾਸਪਤੀ ਹੈ ਅਰ ਫਲ ਫੁਲ ਪਾਤੀ ਸੋ ਚੇਤੰਨ ਪਰ ਚੜਤੇ ਹੈਂ ਹੋਰ ਕੈਸੀ ਆਰਤੀ ਹੋਵੇ ਏਹ ਆਰਤੀ ਸਭਨਾਂ ਭਵਾਂ ਕੋ ਖੰਡਨ ਵਾਲੀ ਹੈ ਅਤੇ ਸੰਤਾਂ ਦੇ ਜੋ ਬਚਨ ਹਨ ਸੋ ਅਨਹਦ ਸਬਦ ਹੈ ਅਰ ਉਸਕਾ ਨਾਸ ਨਹੀਂ ਅਰ ਸੰਤ ਜਨ ਊਚੇ ਭੇਰੀ ਪੜੇ ਵਜਾਵਤੇ ਪਰ ਅਸਾਡਾ ਜੋ ਜਗਨ ਨਾਥ ਹੈ ਸੋ ਵੈਰਾਠ ਰੂਪ ਹੈ ਸੋ ਉਸਕੇ ਸਹੰਸ ਨੇਤ੍ਰ ਹੈ ਪਰ ਵਾਸਤਵ ਉਸਕਾ ਨੇਤ੍ਰ ਕੋਊ ਨਹੀਂ ਅਰ ਸਹੰਸ ਮੂਰਤ ਹੈ ਪਰ ਵਾਸਤਵ ਮੂਰਤ ਕੋਊ ਨਹੀਂ ਅਰ ਸਹੰਸ ਹੀ ਨਿਰਮਲ ਚਰਨ ਹੈਨ ਪਰ ਵਾਸਤਵ ਉਸਕਾ ਚਰਨ ਕੋਈ ਨਹੀਂ ਅਰ ਸਹੰਸ ਨਾਸਕਾ ਸੇ ਵਾਸਨਾ ਓਹੀ ਲੇਤਾ ਹੈ ਪਰ ਵਾਸਤਵ ਨਾਸਕਾ ਉਸਕੀ ਕੋਈ ਨਹੀਂ ਸੋ ਏਹੀ ਆਰਤੀ ਭਵ ਕੇ ਖੰਡਣ ਹਾਰੀ ਹੈ ਅਰ ਮਹਾਰਾਜ ਕੇ ਜੋ ਚਰਨਾਂ ਕੀ ਪ੍ਰੀਤ ਹੈ ਅਰ ਤਿਸਕੇ ਜੋ ਚਰਨ ਕਮਲਾਂ ਕੀਆਂ ਤਰੀਆਂ ਕੀ ਵਾਸਨਾਂ ਹੈ ਤਿਸ ਮੇਂ ਮੇਰਾ ਮੰਨ ਲੋਭਿਆ ਹੂਆ ਹੈ ਸੋ ਦਿਨ ਰਾਤ ਮੁਝ ਕੋ ਏਹੀ ਪਿਆਸ ਹੈ ਅਰ ਮਹਾਰਾਜ ਕੀ ਕ੍ਰਿਪਾ ਕਾ ਜਲ ਮੈ ਸਾਰੰਗ ਚਾਹਤਾ ਹੋਂ ਕਯੋਂਕਿ ਜਿਸ ਕਰ ਤੇਰੇ ਨਾਮ ਹੀ ਮੈ ਵਾਸਾ ਹੋਵੇ

ਸੋ ਜਾਂ ਏਹ ਬਚਨ ਬਾਬੇ ਕਹਿਆ ਤਾਂ ਪਾਂਡਿਆਂ ਕਹਿਆ ਵੈਰਾਠ ਭੀ ਸਰਗੁਨ ਹੈ ਤਾਂ ਬਾਬੇ ਕਹਿਆ ਵੈਰਾਠ ਸਰਗੁਣ ਹੈ ਪਰ ਸਰਬ ਵਿਆਪੀ ਹੈ ਅਰ ਲਖ ਉਸ ਕਾ ਨਿਰਗੁਣ ਰੂਪ ਹੈ ਅਰ ਉਪਾਸਨਾਂ ਜੋ ਹੋਤੀ ਹੈ ਸੋ ਸਰਗੁਣ ਦੀ ਹੋਤੀ ਹੈ ਅਰ ਨਿਰਗੁਣ ਜੋ ਜਾਨਿਆ ਜਾਤਾ ਹੈ ਸੋ ਗਿਆਨ ਕਰ ਜਾਨਿਆ ਜਾਤਾ ਹੈ ਅਰ ਵੈਰਾਠ ਕਾ ਵਾਚ ਸਰਗੁਣ ਹੈ ਅਰ ਲਖ ਨਿਰਗੁਣ ਹੈ ਸੋ ਹਮ ਤਿਸਕੇ ਉਪਾਸਕ ਹੈਂ ਤਾਂ ਉਨਾਂ ਕਿਹਾ ਕਿ ਇਹਤਾਂ ਈਸੂਰ ਕੀ ਆਰਤੀ ਹੈ ਅਬ ਤੁਸੀਂ ਜੀਅ ਕੀ ਆਰਤੀ ਕਹੋ ਤਾਂ ਬਾਬੇ ਕਹਿਆ ਕਿ ਦਸਵੈ ਦੁਆਰ ਮੈ ਅਰ ਉਧਰ ਮੇਂ ਜੋ ਪੁਲਾੜ ਹੈ ਸੋ ਥਾਲ ਹੈ ਅਰ ਨੇਤ੍ਰ ਜੋ ਹੈਂ ਸੋ ਸੂਰਜ ਹੈਂ ਅਰ ਮੰਨ ਜੋ ਹੈ ਸੋ ਚੰਦ੍ਰਮਾ ਹੈ ਸੋ ਇਹ ਦੁਇ ਦੀਪਕ ਹੈਂ ਅਰ ਜੋਗਆਹੁ ਕਉ ਭੀ ਦਸਵੈ ਦੁਆਰ ਤਾਰੇ ਨਜਰ ਆਵਤੇ ਹੈ ਅਰ ਦਾਂਤ ਭੀ ਤਾਰਿਆਂ ਕੇ ਸਮਾਨ ਹੈਂ ਸੋ ਇਸ ਥਾਲ ਮੇਂ ਮੋਤੀ ਲਗੇ ਹੂਏ ਹੈਂ ਅਰ ਚੰਦਨ ਥੀ ਆਦਿ ਲੈਕਰ ਜੋ ਵਾਸਨਾਂ ਨਾਸਕਾ ਸੂੰਘਤੀ ਹੈ ਸੋ ਚੈਤੰਨ ਹੀ ਕੋ ਧੂਪ ਚੜਤਾ ਹੈ ਅਰ ਜੇਤੀਆਂ ਪਵਣਾਂ ਘੁਲਤੀਆਂ ਹੈਂ ਅਰ ਜੋ ਦਸਵੇਂ ਦੁਆਰ ਪਵਣ ਚੜਤਾ ਹੈ ਸੋ ਜੀਵ ਕੋ ਚਵਰ ਹੋਤਾ ਹੈ ਅਰ ਓਅੰਕਾਰ ਕੇ ਜਾਪ ਕਰਕੇ ਜੋ ਰੋਮ ਰੋਮ ਪ੍ਰਸੰਨ ਹੋਤੇ ਹੈਂ ਸੋਈ ਬਨਾਸਪਤੀ ਫਲ ਫੂਲ ਹੋਤਾ ਹੈ ਸੋਈ ਬਨਾਸਪਤੀ ਕੇ ਫਲ ਫੂਲ ਉਸ ਬਨਾਸਪਤੀ ਪਰ ਚੜਤੇ ਹੈਂ ਸੋ ਹੋਰ ਕੈਸੀ ਆਰਤੀ ਹੋਵੇ ਅਰ ਅਨਹਦ ਸਬਦ ਜੋ ਦਸਵੈਂ ਦੁਆਰ ਵਜਤਾ ਹੈ ਸੋ ਭੇਰੀ ਹੈ ਤਾਂ ਇਹ ਵਚਨ ਸੁਨਕੇ ਪਾਂਡੇ ਚਰਨਾਂ ਪਰ ਗਿਰ ਪੜੇ ॥ ਅਤੇ ਫਿਰ ਰਾਤ ਕੋ ਜਗਨ ਨਾਥ ਸੁਪਨੇ ਮੈਂ ਆਇਆ ਅਰ ਤਿਨੋਂ ਪਾਂਡਿਓਂ ਕੋ ਕਹਾ ਕਿ ਮੈ ਹੀ ਨਾਨਕ ਰੂਪ ਧਾਰਿਆ ਹੈ ਜਗਤ ਦੇ ਉਧਾਰ ਵਾਸਤੇ ਸੋ ਤੁਸੀ ਪ੍ਰਿਥਮੇ ਜਿਸ ਅਸਥਾਨ ਤੇ ਬਾਬਾ ਬੈਠੇ ਹਨ ਤਿਸ ਜਾਗਾਂ ਦੀਵਾ ਅਰ ਪੂਜਾ ਕਰਨੀ ਅਤੇ ਪੀਛੇ ਮੇਰੀ ਪੂਜਾ ਕਰਨੀ ਅਰ ਜੋ ਬਾਬੇ ਜੀ ਦਾ ਸਿਖ ਹੋਵੇ ਅਤੇ ਐਸ ਜਗਾਂ ਆਵੇ ਤਾਂ ਤੁਸਾਂ ਮਨਹਿ ਨਹੀਂ ਕਰਨਾ ਭਾਵੇਂ ਕਿਸੇ ਤਰਾਂ ਆਵੇ ਤਾਂ ਬਾਬਾ ਜੀ ਉਥੋਂ ਉਠਕੇ ਸਮੁੰਦਰ ਦੇ ਕਿਨਾਰੇ ਆਇ ਬੈਠੇ ॥

ਸਾਖੀ ਬਘਿਆੜ ਦੀ ਚਲੀ

ਤਾਂ ਮਰਦਾਨਾ ਲਗਾ ਸਬਦ ਗਾਵਣ ਅਤੇ ਏਕ ਮਿਰਤਕ ਊਹਾਂ ਪੜਾ ਸੀ ਤਾਂ ਏਕ ਬਘਿਆੜ ਖੁਧਿਆਰਥੀ ਆਇਆ ਅਰ ਉਹ ਮਿਰਤਕ ਕਾ ਮੁਖ ਅਰ ਨਾਸਕਾ ਅਰ ਸ੍ਰਵਣ ਅਰ ਨੇਤ੍ਰ ਸੂੰਘ ਕੇ ਚਲਤਾ ਰਿਹਾ ਤਾਂ ਅਗੇ ਜਾਇਕੇ ਫਿਰ ਮੁੜ ਆਇਆ ਤਾਂ ਉਸਕੇ ਹਾਥ ਅਰ ਪਾਂਵ ਸੂੰਘ ਕੇ ਚਲਤਾ ਰਿਹਾ ਅਰ ਕੁਛਕ ਦੂਰ ਜਾਕੇ ਫਿਰ ਮੁੜ

ਆਇਆ ਅਤੇ ਫਿਰ ਉਸਕਾ ਰਿਦਾ ਅਰ ਮਸਤਕ ਸੂੰਘ ਕੇ ਚਲਤਾ ਰਿਹਾ ਤਾਂ ਮਰਦਾਨੇ ਪੁਛਿਆ ਜੀ ਇਹ ਖੁਧਿਆਰਥੀ ਬਘਿਆੜ ਏਸਨੂੰ ਛਡਕੇ ਕਿਉਂ ਚਲਤਾ ਰਿਹਾ ਤਾਂ ਸਾਹਿਬ ਨੇ ਬਘਿਆੜ ਕੋ ਬੁਲਾਇਆ ਤੇ ਪੁਛਿਆ ਜੋ ਤੂੰ ਖੁਧਿਆਰਥੀ ਹੋਇਕੇ ਕਿਉਂ ਚਲਤਾ ਰਹਿਓ



ਤਾਂ ਉਸਨੇ ਕਿਹਾ ਕਿ ਤੁਸਾਡੇ ਦਰਸਨ ਕਰਕ ਮੇਰਾ ਰਿਦਾ ਸੁਧ ਹੋਇਆ ਹੈ ਸੋ ਮੈ ਇਸਕੇ ਅੰਗ ਸੁੰਘ ਡਿਠੇ ਹਨ ਜੋ ਇਸਨੇ ਰਸਨਾ ਕਰਕੇ ਰਾਮ ਨਾਮ ਨਹੀਂ ਜਪਿਆ ਅਰ ਨੇਤ੍ਰਾਂ ਕਰਕੇ ਸੰਤਾਂ ਦਾ ਦਰਸਨ ਨਹੀਂ ਕੀਤਾ ਅਰ ਸ੍ਰਵਨਾਂ ਕਰਕੇ ਗੋਬਿੰਦ ਕਾ ਜਸ ਨਹੀਂ ਸੁਣਿਆ ਅਰ ਹਾਥਹੁ ਕਰਕੇ ਸੰਤਾਂ ਦੀ ਸੇਵਾ ਨਹੀਂ ਕੀਤੀ ਅਰ ਪੈਰਾਂ ਕਰਕੈ ਗੁਰਦੁਆਰੇ ਤੁਰ ਕਰ ਨਹੀਂ ਗਇਆ ਅਰ ਮਸਤਕ ਗੁਰਾਂ ਅਰ ਸੰਤਾਂ ਅਗੇ ਨਹੀਂ ਟੇਕਿਆ ਅਰ ਰਿਦੇ ਕਰਕੇ ਕਿਸੇ ਕਾ ਭਲਾ ਨਹੀਂ ਕੀਆ ਸੋ ਏਹ ਦੇਖਕੇ ਮੈਂ ਮਨ ਵਿਚ ਵਿਚਾਰਿਆ ਕਿ ਇਸਕੇ ਮਾਸ ਖਾਵਣੇ ਸੇ ਮੈਨੂੰ ਅਧੋਗਤ ਪ੍ਰਾਪਤ ਹੋਵੇਗੀ ਤਾਂਤੇ ਮੈਂ ਮੁਇਆ ਭਲਾ ਹੋਂ ਪਰ ਐਸੇ ਪਾਪੀ ਕਾ ਮਾਸ ਨਹੀਂ ਖਾਤਾ ਤਾਂ ਬਾਬੇ ਕਿਹਾ ਮਰਦਾਨਿਆਂ ਜੋ ਸਰੀਰ ਕਰਕੇ ਸੰਤਾਂ ਦਾ ਸੰਗ ਨਹੀਂ ਕਰਤੇ ਸੋ ਸਰੀਰ ਨਿਹਫਲ ਹੈ ॥

ਸਾਖੀ ਬਾਬਾ ਜੀ ਕੋ ਕਲਜੁਗ ਮਿਲਿਆ

ਤਾਂ ਐਸੀਆਂ ਬਾਰਤਾਂ ਬਾਬਾ ਜੀ ਮਰਦਾਨੇ ਨਾਲ ਕਰ ਰਹੇ ਸੇ ਜੋ ਦੂਰ ਸੇ ਇਕ ਵਾਇ ਵਿਰੋਲਾ ਉਠਿਆ ਤਾਂ ਮਰਦਾਨੇ ਕਹਿਆ ਕਿ ਗਰੀਬ ਨਿਵਾਜ ਏਹ ਕੋਈ ਰਾਖਸ ਚਲਿਆ ਆਵਤਾ ਹੈ ਸੋ ਏਹ ਹਮਾਰੇ ਕੋ ਖਾਇ ਜਾਵੇਗਾ ਤਾਂ ਬਾਬੇ ਕਹਿਆ ਮਰਦਾਨਿਆਂ ਤੂੰ ਰਬਾਬ ਵਜਾਇ ਅਰ ਸਬਦ ਗਾਉ ਸੋ ਏਹ ਤੇਰੇ ਅਗੇ ਮਥਾ ਟੇਕੇਗਾ ਤਉਲਗ ਕਲਜੁਗ ਇਕ ਸੂਖਮ ਸਰੀਰ ਧਾਰ ਕੇ ਅਰ ਸਿਰ ਪੈਰ ਸੇ ਨਗਨ ਹੋਇਕੇ ਜੋ ਜਿਸਨੇ ਇਕ ਹਾਥ ਸੇ ਰਸਨਾ ਪਕੜੀ ਹੋਈ ਅਰ ਇਕ ਹਥ ਇੰਦ੍ਰੀ ਪਕੜੀ ਹੋਈ ਆਨ ਮਥਾ ਟੇਕਿਆ ਤਾਂ ਬਾਬੇ ਪੁਛਿਆ ਤੂੰ ਕੌਣ ਹੈਂ ਅਰ ਨਗਨ ਕਿਉਂ ਕਰ ਆਇਆ ਹੈਂ ਤਾਂ ਉਸਨੇ ਕਹਿਆ ਕਿ ਮੈਂ ਕਲਜੁਗ ਹਾਂ ਅਰ ਆਪਣਾ ਸਰੂਪ ਦਿਖਾਵਣ ਆਇਆ ਹੋਂ ਜੋ ਕਲਜੁਗ ਦੇ ਐਸੇ ਜੀਵ ਹੋਵਹਿੰਗੇ ਅਰ ਇੰਦ੍ਰੀਆਂ ਕਾ ਅਰ ਰਸਨਾ ਕਾ ਰਸ

ਹੋਵੈਗਾ ਤਾਂ ਬਾਬੇ ਜੋ ਹਮਾਰੇ ਸਿਖ ਹੋਵਨਗੇ ਸੋ ਏਨਾਂ ਰਸਾਂ ਕਾ ਤਿਆਗ ਕਰਨਗੇ ਤਾਂ ਕਲਜੁਗ ਕਹਿਆ ਕਿ ਕੁਛ ਮੇਰੀ ਭੇਟ ਭੀ ਲੀਜੀਏ ਅਰ ਮੁਝ ਕੋ ਭੀ ਸਿਖ ਕਰੀਏ ॥

ਸ੍ਰੀ ਰਾਗ ਮਹਲਾ ੧ ॥ ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਇ ਜੜਾਉ ॥ ਕਸਤੂਰਿ ਕੁੰਗੂ ਅਗਰ ਚੰਦਨ ਲੀਪਿ ਆਵੈ ਚਾਉ ॥ ਮਤਿ ਦੇਖਿ ਭੂਲਾ ਵੀਸਰੈ ਤੇਰਾ ਚਿਤ ਨ ਆਵੈ ਨਾਉ ॥ ੧ ॥ ਹਰਿ ਬਿਨੁ ਜੀਉ ਜਲਿ ਬਲਿ ਜਾਉ ॥ ਮੈ ਆਪਣਾ ਗੁਰ ਪੂਛਿ ਦੇਖਿਆ ਅਵਰਿ ਨਾਹੀ ਥਾਉ ॥ ੧ ॥ ਰਹਾਉ ॥ ਧਰਤੀ ਤ ਹੀਰੇ ਲਾਲ ਜੜਤੀ ਪਲੰਘ ਲਾਲ ਜੜਾਉ ॥ ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗ ਪਸਾਉ ॥ ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤ ਨ ਆਵੈ ਨਾਉ ॥ ੨ ॥ ਸਿਧ ਹੋਵਾ ਸਿਧਿ ਲਾਈ ਰਿਧਿ ਆਖਾ ਆਉ ॥ ਗੁਪਤ ਪਰਗਟੁ ਹੋਇ ਬੈਸਾ ਲੋਕ ਰਾਖੈ ਭਾਉ ॥ ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤ ਨ ਆਵੈ ਨਾਉ ॥ ੩ ॥ ਸੁਲਤਾਨ ਹੋਵਾ ਮੇਲ ਲਸਕਰ ਤਖਤ ਰਾਖਾ ਪਾਉ ॥ ਹੁਕਮ ਹਾਸਲ ਕਰੀ ਬੈਠਾ ਨਾਨਕਾ ਸਭ ਵਾਉ ॥ ਮਤ ਦੇਖਿ ਭੂਲਾ ਵੀਸਰੈ ਤੇਰਾ ਚਿਤ ਨ ਆਵੈ ਨਾਉ ॥ ੪ ॥

ਜਿਸ ਸਮੇਂ ਕਲਜੁਗ ਕਹਿਆ ਕਿ ਮੈਂ ਤੇਰਾ ਸਿਖ ਹੋਣ ਆਇਆ ਹਾਂ ਸੋ ਜੇ ਤੁਮ ਆਖਿਆ ਕਰੋ ਤਾਂ ਤੁਮਾਰੇ ਬੈਠਣ ਵਾਸਤੇ ਮੋਤੀਆਂ ਦੇ ਮੰਦਰ ਬਣਵਾਇ ਦਿਆਂ ਅਰ ਰਤਨਾਂ ਦਾ ਜੜਾਇ ਕਰ ਦੇਵਾਂ ਅਰ ਕਸਤੂਰੀ ਅਰ ਅਗਰ ਚੰਦਨ ਕਾ ਲੇਪ ਕਰਾਇ ਦੇਵਾਂ ਤਾਂ ਬਾਬੇ ਕਹਿਆ ਕਿ ਮੈਨੂੰ ਏਹ ਪਦਾਰਥ ਦੇਖ ਕੇ ਮਤ ਪਰਮੇਸਰ ਭੁਲ ਜਾਂਦਾ ਹੋਵੈ ਅਰ ਪਰਮੇਸਰ ਦੇ ਨਾਮ ਬਿਨ ਮੇਰਾ ਮਨ ਜਲ ਬਲ ਜਾਵੈਗਾ ਕਜੋਂਕਿ ਮੈਂ ਆਪਣੇ ਗੁਰੂ ਸੇ ਪੁਛਿ ਦੇਖਿਆ ਹੈ ਸੋ ਮੁਝੇ ਨਾਮ ਤੀ ਬਿਨਾਂ ਔਰ ਕੋਈ ਆਸਰਾ ਨਹੀਂ॥੧॥ਤਾਂ ਫਿਰ ਕਲਜੁਗ ਕਹਿਆ ਕਿ ਜੇ ਇਥੇ ਟਿਕਾਣਾ ਕਰਣਾ ਹੋਵੇ ਤਾਂ ਧਰਤੀ ਨੂੰ ਰਤਨਾਂ ਨਾਲ ਜੜਾਇ ਦੇਵਾਂ ਅਰ ਮੋਹਣੀਆਂ ਐਸੀਆਂ ਲਿਆਇ ਦੇਵਾਂ ਜੋ ਜਿਨਾਂ ਦਾ ਮੁਖ ਮਣੀਆਂ ਜੈਸਾ ਚਮਕਦਾ ਹੋਵੇ ਅਰ ਜੋ ਦੇਖਣ ਦੇ ਨਾਲ ਹੀ ਜੀਆਂ ਕੋ ਮੋਹ ਲੈਣ ਤਾਂ ਬਾਬੇ ਕਹਿਆ ਕਿ ਮਤ ਉਨਕੋ ਦੇਖ ਕਰ ਮੈਂ ਪਰਮੇਸਰ ਤੋਂ ਭੁਲ ਜਾਵਾਂ॥੨॥ ਤਾਂ ਫਿਰ ਕਲਜੁਗ ਕਹੇ ਜੇ ਬਚਨ ਕਰੋ ਤਾਂ ਸਭ ਰਿਧਾਂ ਸਿਧਾਂ ਭੇਟ ਕਰਾਂ ਤਾਂ ਬਾਬੇ ਕਹਿਆ ਕਿ ਜੇ ਮੈਂ ਸਿਧ ਹੋਇ ਬੈਠਾਂ ਅਰ ਲੋਕੋਂ ਕੋ ਸਿਧਾਂ ਦਿਖਾਵੇਂ ਅਰ ਲੋਕ ਮੇਰਾ ਭਾਉ ਰਖਣ ਅਰ ਹੁਕਮ ਹਾਸਲ ਸਾਰੇ ਜਗਤ ਦਾ ਕਰਾਂ ਸੋ ਸਭ ਪਵਨਕੇ ਸਮਾਨ ਅਨਿਤ ਹੈਂ ਸੋ ਏਹ ਭੀ ਮੇਰੇ ਕਿਸੇ ਅਰਥ ਨਹੀਂ ਕਜੋਂਕਿ ਮਤ ਇਨ ਕੋ ਦੇਖ ਕਰ ਪਰਮੇਸਰ ਭੁਲ ਜਾਂਦਾ ਹੋਵੇ ॥ ੩ ॥ ਤਾਂ ਫਿਰ ਕਲਜੁਗ ਆਖਿਆ ਨੌਖੰਡ ਪ੍ਰਿਥਮੀ ਦਾ ਰਾਜ

ਲੈ ਦੇਂਦਾ ਹੋ ਜੋ ਸਭ ਹੁਕਮ ਹਾਸਲ ਬੈਠੇ ਕਰੋ ਤਾਂ ਬਾਬੇ ਕਹਿਆ ਕਿ ਮਤ ਰਾਜ਼ ਦੇ ਮਦ ਵਿਚ ਪਇਆਂ ਹੋਇਆਂ ਮਹਾਰਾਜ ਦਾ ਨਾਮ ਭੁਲ ਜਾਂਦਾ ਹੋਵੇ ਸੋ ਮੇਰੇ ਤਾਈਂ ਏਹ ਵਸਤੂ ਮੂਲੋਂ ਹੀ ਨਹੀਂ ਚਾਹੀਦੀਆਂ ਤਾਂ ਕਲਜੁਗ ਅਰਦਾਸ ਕੀਤੀ ਕਿ ਜੋ ਗੁਰਾਂ ਦੇ ਅਗੇ ਭੇਟ ਰਖੀਤੀ ਹੈ ਸੋ ਫੇਰ ਨਹੀਂ ਲਈਤੀ ਤਾਂ ਬਚਨ ਹੋਇਆ ਕਿ ਜੇ ਇਕ ਅਸਾਡਾ ਹੁਕਮ ਮੰਨੇ ਤੋ ਸਭ ਅਸੀਂ ਦਸਵੇਂ ਅਉਤਾਰ ਮੈ ਤੇਰੀਆ ਭੇਟਾਂ ਲਵਾਂਗੇ ਜੋ ਜਿਤ ਵੇਲੇ ਅਸਾਡਾ ਸਬਦ ਹੋਵੇ ਤਾਂ ਤੂੰ ਸਾਧ ਸੰਗਤ ਦੇ ਬਾਹਰ ਬੈਠਿਆ ਕਰੇਂ ਤਾਂ ਉਸ ਆਖਿਆ ਜੀ ਸਤ ਬਚਨ ਪਰ ਏਹ ਬੇਨਤੀ ਹੈ ਕਿ ਜਿਸ ਵੇਲੇ ਕੜਾਹ ਪ੍ਰਸਾਦ ਵਰਤੇ ਉਸ ਵੇਲੇ ਮੈਂ ਪ੍ਰਸਾਦਿ ਲੈਣ ਆਇਆ ਕਰਾਂਗਾ ਅਤੇ ਦੂਸਰਾ ਜਿਸ ਵੇਲੇ ਭੋਗ



ਪਵੇਗਾ ਤਦ ਮੈ ਆਇਆ ਕਰਾਂਗਾ ਸੋ ਜਦ ਏਹ ਬਾਤ ਸ੍ਰੀ ਗੁਰੂ ਨਾਨਕਦੇਵ ਜੀ ਨੇ ਸੁਣੀ ਤਾਂ ਸੁਣ ਕਰ ਤਿਸਨੂੰ ਸਿਖ ਕੀਤਾ ਅਰ ਨਾਮ ਦਾ ਉਪਦੇਸ ਦਿਤਾ ਤਾਂ ਫਿਰ ਕਲਜੁਗ ਮਥਾ ਟੇਕ ਕੇ ਚਲਦਾ ਰਿਹਾ।

ਸਾਖੀ ਮਰਦਾਨੇ ਨਾਲ

ਤਾਂ ਫਿਰ ਬਾਬੇ ਕਹਿਆ ਮਰਦਾਨਿਆ ਓਹ ਜੋ ਬਾਣੀਆਂ ਤੇਰੀ ਬੇਟੀ ਵਾਸਤੇ ਪਦਾਰਥ ਲਿਆਇਆ ਸੀ ਸੋ ਸਿੰਗਲਾ ਦੀਪ ਮੈਂ ਸਿਵਨਾਭ ਰਾਜੇ ਕੀ ਨਗਰੀ ਮੈਂ ਸੌਦਾਗਰੀ ਨੂੰ ਗਇਆ ਸੀ ਅਰ ਉਥੇ ਸਭ ਲੋਕ ਇਕਾਦਸੀ ਬਰਤ ਰਖਦੇ ਸੇ ਅਰ ਉਨਾਂ ਦਾ ਨੇਮ ਸੀ ਕਿ ਜੋ ਇਕਾਦਸੀ ਨਾ ਰਖੇ ਉਸਨੂੰ ਡੰਡ ਕਰਨਾ ਅਤੇ ਜਦ ਓਹ ਬਾਣੀਆ ਓਥੇ ਗਇਆ ਸੀ ਤਾਂ ਓਹ ਇਕਾਦਸੀ ਦਿਹਾੜੇ ਵਾਹਗੁਰੂ ਦਾ ਕੀਰਤਨ ਕਰੇ ਅਤੇ ਪ੍ਰਸਾਦਿ ਵੰਡ ਖਾਵੇ ਤਾਂ ਇਕ ਦਿਨ ਰਾਜੇ ਸਿਵਨਾਭ ਕੋਲ ਲੋਕਾਂ ਚੁਗਲੀ ਜਾਇ ਕੀਤੀ ਜੋ ਇਕ ਬਾਣੀਆ ਇਕ ਬਾਣੀਏ ਦੇ ਘਰ ਆਇਆ ਹੋਇਆ ਹੈ ਸੋ ਉਸ ਇਕਾਦਸੀ ਨਹੀਂ ਰਖੀ ਤਾਂ ਰਾਜੇ ਆਖਿਆ ਉਸ ਕੋ ਪਕੜ ਲਿਆਓ ਤਾਂ ਫਿਰ ਉਸਕੋ ਰਾਜੇ ਪਾਸ ਲਿਆਏ ਤਬ ਰਾਜੇ ਪੁਛਿਆ ਤੂੰ ਇਕਾਦਸੀ ਕਿਉਂ ਨਹੀਂ ਰਖੀ ਤਾਂ ਉਸ ਆਖਿਆ ਕਿ ਅਸਾਡੇ ਗੁਰਾਂ ਦਾ ਬਚਨ ਹੈ ਕਿ ਜੋ ਸੰਜਮ ਨਾਲ ਅਹਾਰ ਕਰਤੇ ਹੈਂ ਅਰ

ਮਹਾਰਾਜ ਕੋ ਭਜਤੇ ਹੈਂ ਸੋ ਸਦਾ ਇਕਾਦਸੀ ਉਨਾਂ ਦੇ ਘਰ ਰਹਿੰਦੀ ਹੈ ਅਤੇ ਜਗਤ ਮੈਂ ਪੰਧ੍ਰਵੇਂ ਦਿਨ ਆਵਤੀ ਹੈ ਤਾਂਤੇ ਏਹ ਭੀ ਅਲਪ ਅਹਾਰ ਖਾਵਣ ਅਤੇ ਮਹਾਰਾਜ ਦਾ ਭਜਨ ਕਰਨ ਤਾਂ ਰਾਜੇ ਪੁਛਿਆ ਤੇਰਾ ਗੁਰੂ ਕੌਣ ਹੈ ਤਾਂ ਉਸ ਕਹਿਆ ਮੈਂ ਗੁਰੂ ਨਾਨਕ ਜੀ ਕਾ ਸਿਖ ਹੋਂ ਤਾਂ ਰਾਜੇ ਕਹਿਆ ਮੈਂ ਗੁਰੂ ਨਾਨਕ ਜੀ ਕਾ ਦਰਸਨ ਕੀਤਾ ਚਾਹਤਾ ਹੋਂ ਸੋ ਮੁਝੇ ਕਜੋਂ ਕਰ ਦਰਸਨ ਹੋਵੈ ਤਾਂ ਬਾਣੀਏ ਕਿਹਾ ਕਿ ਤੂੰ ਸਤਨਾਮ ਕਾ ਜਾਪ ਕਰ ਅਰ ਧਰਮਸਾਲ ਈਹਾ ਬਣਾਇ ਅਰ ਆਏ ਗਏ ਸੰਤਾਂ ਦੀ ਸੇਵਾ ਕਰ ਤਾਂ ਬਾਬਾ ਨਾਨਕ ਜੀ ਭੀ ਤੈਨੂੰ ਦਰਸਨ ਆਨ ਦੇਵਨਗੇ ਤਾਂ ਰਾਜੇ ਕਹਿਆ ਕੇਹੜੇ ਭੇਖ ਵਿਚ ਗੁਰੂ ਨਾਨਕ ਜੀ ਰਹਿੰਦੇ ਹਨ ਤਾਂ ਬਾਣੀਏ ਕਹਿਆ ਉਸਦੇ ਸਭੇ ਭੇਖ ਹਨ ਭਾਵੇਂ ਕਿਸੇ ਭੇਖ ਵਿਚ ਦਰਸਨ ਦੇਵਣ ਤੂੰ ਸਿਦਕ ਕਰਕੇ ਚਿਤ ਕਰ ਤਾਂ ਉਸ ਰਾਜੇ ਨੇ ਸੁਕੇ ਹੋਏ ਬਾਗ ਮੈ ਧਰਮਸਾਲਾ ਬਣਾਈ ਹੈ ਅਰ ਆਏ ਗਏ ਸੰਤ ਸਾਧ ਦੀ ਸੇਵਾ ਕਰਦਾ ਹੈ ਸੋ ਅਸਾਂ ਭੀ ਉਥੇ ਜਰੂਰ ਜਾਵਣਾ ਹੈ ਤਾਂ ਮਰਦਾਨੇ ਕਹਿਆ ਭਲਾ ਜੀ ਜਿਵੇਂ ਤੁਸਾਡੀ ਰਜਾਇ ਤਾਂ ਉਥੋਂ ਬਾਬਾ ਤੇ ਮਰਦਾਨਾ ਤੁਰੇ ਸੋ ਅਗੇ ਵਡਾ ਉਦਿਆਨ ਬਨ ਆਇਆ ਅਤੇ ਫਿਰ ਕੌਡਾ ਰਾਕਸ ਉਸ ਉਦਿਆਨ ਵਿਖੇ ਆਇ ਮਿਲਿਆ ॥

ਸਾਖੀ ਕੌਡੇ ਰਾਕਸ਼ ਦੀ

ਤਾਂ ਮਰਦਾਨੇ ਕਹਿਆ ਜੀ ਤੁਸਾਂ ਸਾਨੂੰ ਆਨ ਮਰਵਾਇਆ ਕਯੋਂਕਿ ਇਹ ਰਾਕਸ ਸਾਨੂੰ ਖਾਇ ਜਾਵੈਗਾ ਤਾਂ ਬਾਬੇ ਕਹਿਆ ਮਰਦਾਨਿਆ ਇਸਦਾ ਭੀ ਅਸਾਂ ਉਧਾਰ ਕਰਨਾ ਹੈ ਤਉਲਗ ਕਉਡਾ ਰਾਕਸ਼ ਆਨ ਕਰ ਇਕ ਮੋਢੇ ਬਾਬੇ ਨਾਨਕ ਜੀ ਨੂੰ ਅਰ ਇਕ ਮੋਢੇ ਮਰਦਾਨੇ ਨੂੰ ਚੁਕ ਕੇ ਲੈ ਗਿਆ ਸੋ ਉਸਦਾ ਦਸਤੂਰ ਸੀ ਕਿ ਤੇਲ ਦੇ ਕੜਾਹੇ ਵਿਚ ਤਲ ਕੇ ਖਾਣਾ ਸੋ ਜਦ ਮਰਦਾਨੇ ਨੂੰ ਤੇਲ ਵਿਚ ਲਗਾ ਪਾਵਣ ਤਾਂ ਮਰਦਾਨੇ ਆਖਿਆ ਬਾਬਾ ਸਾਨੂੰ ਤਾਂ ਆਨ ਮਰਵਾਇਓ ਤਾਂ ਬਾਬੇ ਆਖਿਆ ਮਰਦਾਨਿਆਂ ਤੂੰ ਸਤਨਾਮ ਆਖਕੇ ਕੜਾਹੇ ਵਿਚ ਹਥ ਪਾਇ॥ ਸੋ ਜਿਸ ਵੇਲੇ ਮਰਦਾਨੇ ਸਤਨਾਮ ਆਖਕੇ ਕੜਾਹੇ ਵਿਚ ਹਥ ਪਾਇਆ ਤਾਂ ਕੜਾਹਾ ਤੇਲ ਦਾ ਤਪਿਆ ਹੋਇਆ ਠੰਡਾ ਹੋਇ ਗਇਆ ਤਾਂ ਫਿਰ ਬਾਬੇ ਸਬਦ ਬੋਲਿਆ॥



ਗਉੜੀ ਮਹਲਾ ੧ ॥ ਡਰਿ ਘਰਿ ਘਰਿ ਡਰਿ ਡਰੁ ਡਰੁ ਜਾਇ ॥ ਸੋ ਡਰੁ ਕੇਹਾ ਜਿਤੁ ਡਰਿ ਡਰੁ ਪਾਇ ॥ ਤੁਧ ਬਿਨ ਦੂਜੀ ਨਾਹੀ ਜਾਇ ॥ ਜੋ ਕਿਛ ਵਰਤੇ ਸਭ ਤੇਰੀ ਰਜਾਇ ॥ ੧ ॥ ਡਰੀਐ ਜੇ ਡਰੁ ਹੋਵੈ ਹੋਰੁ ॥ ਡਰਿ ਡਰਿ ਡਰਣਾ ਮਨਕਾ ਸੋਰ ॥ ੧ ॥ ਰਹਾਉ ॥ ਨਾ ਜੀਉ ਮਰੈ ਨ ਡੂਬੈ ਤਰੈ ॥ ਜਿਨ ਕਿਛ ਕੀਆ ਸੋ ਕਿਛ ਕਰੈ ॥ ਹੁਕਮੇ ਆਵੈ ਹੁਕਮੇ ਜਾਇ ॥ ਆਗੈ ਪਾਛੈ ਹੁਕਮਿ ਸਮਾਇ ॥ ੨ ॥ ਹੰਸ ਹੇਤ ਆਸਾ ਅਸਮਾਨੁ ॥ ਤਿਸ ਵਿਚ ਭੂਖ ਬਹੁਤ ਨੀਸਾਨੁ ॥ ਭਉ ਖਾਣਾ ਪੀਣਾ ਆਧਾਰ ॥ ਵਿਣ ਖਾਧੇ ਮਰ ਹੋਹਿ ਗਵਾਰ ॥ ਜਾਕੇ ਜੀਅ ਜੰਤ ਧਨ ਮਾਲ ॥ ਨਾਨਕ ਆਖਣ ਬਿਖਮ ਬੀਚਾਰ ॥

ਤਿਸਕਾ ਪਰਮਾਰਥ ਗੁਰੂ ਨਾਨਕ ਜੀ ਕਹੇ ਹੈਂ ਕਿ ਗੁਰਮੁਖਾਂ ਦਾ ਡਰ ਵਿਚ ਘਰ ਹੈ ਅਤੇ ਮਨਮੁਖ ਜੋ ਪਰਮੇਸਰ ਥੋਂ ਨਹੀਂ ਡਰਦੇ ਅਰ ਜੀਆਂ ਕੋ ਦੂਖ ਦੇਤੇ ਹੈਂ ਸੋ ਉਨਾਂ ਕੋ ਜਮ ਕਾ ਡਰ ਹੋਤਾ ਹੈ ਪਰ ਗੁਰਮੁਖ ਕਹਤੇ ਹੈਂ ਕਿ ਵਾਹਗੁਰੂ ਦੀ ਰਜਾਇ ਥੋਂ ਬਿਨਾ ਜੀਵਾਲਣ ਅਰ ਮਾਰਣ ਵਾਲਾ ਕੋਈ ਨਹੀਂ ਅਤੇ ਹੁਕਮ ਵਿਚ ਹੀ ਆਂਵਦਾ ਹੈ ਅਤੇ ਹੁਕਮ ਵਿਚ ਹੀ ਜਾਂਦਾ ਹੈ ਅਰ ਜੀਆਂ ਨੂੰ ਮਾਰ ਕੇ ਖਾਧਿਆ ਸਗੋਂ ਭੁਖ ਵਧਤੀ ਹੈ ਜੈਸੇ ਅਗਨਿ ਵਿਚ ਈਧਨ ਪਾਇਆਂ ਅਗਨਿ ਵਧਤੀ ਹੈ ਪਰ ਜੋ ਕੋਈ ਵਾਹਗੁਰੂ ਦਾ ਭੈ ਕਰਤੇ ਹੈਂ ਸੋਈ ਤ੍ਰਿਪਤਿ ਹੋਤੇ ਹੈਂ ਅਤੇ ਕੋਈ ਕਿਸੇ ਦਾ ਆਸਰਾ ਕਰਤਾ ਹੈ ਅਰ ਕੋਈ ਕਿਸੇ ਦਾ ਆਸਰਾ ਕਰਤਾ ਹੈ ਪਰ ਸੰਤਾਂ ਕੋ ਪਰਮੇਸਰ ਕਾ ਆਸਰਾ ਹੈ ਜੋ ਜਿਸਨੇ ਸਭ ਜੀਅ ਜੰਤ ਕੀਤੇ ਹਨ ਅਰ ਸੋਈ ਸੰਤਾਂ ਕਾ ਰਾਖਾ ਹੈ ਗੁਰੂ ਨਾਨਕ ਜੀ ਕਹਿੰਦੇ ਹੈਨ ਕਿ ਜੇ ਤੂੰ ਪਰਮੇਸਰ ਦਾ ਭਉ ਰਖੇਂਗਾ ਅਰ ਮਨੁਖਾਂ ਕੋ ਦੁਖ ਨ ਦੇਵੇਂਗਾ ਅਤੇ ਨਾਮ ਜਪੇਂਗਾ ਤਦ ਤੇਰਾ ਉਧਾਰ ਹੋਵੈਗਾ ਤਾਂ ਕੌਡਾ ਰਾਕਸ ਆਇ ਚਰਨੀ ਲਗਾ ਤੇ ਉਸ ਕਹਿਆ ਮਹਾਰਾਜ ਮੇਰੀ ਭੁਲ ਬਖਸੀਏ ਤਾਂ ਬਾਬੇ ਕਹਿਆ ਤੂੰ ਜੋ ਸਾਨੂੰ ਲਿਆਇਆ ਹੈਂ ਸੋ ਜੇ ਤੇਰਾ ਅਹਾਰ ਹੁੰਦਾ ਤਾਂ ਸਾਨੂੰ ਖਾਉ ਤਾਂ ਉਸ ਕਹਿਆ ਜੀ ਪਿਛਲੇ ਜਨਮ ਮੈਂ ਬ੍ਰਾਹਮਣ ਸੀ ਅਰ ਮੇਰੇ ਘਰ ਗੁਰੂ ਆਏ ਸਨ ਸੋ ਮੈਂ ਉਨਾਂ ਦਾ ਆਦਰ ਨਹੀਂ ਸੀ ਕੀਤਾ ਤਾਂ ਫਿਰ ਉਨਾਂ ਨੇ ਮੈਨੂੰ ਸਰਾਪ ਦਿਤਾ ਜੋ ਤੂੰ ਰਾਖਸ ਹੋਵੈਗਾ ਤਾਂ ਮੈ ਚਰਨਾਂ ਪਰ ਗਿੜਪੜਾ ਅਰ ਬੇਨਤੀ ਕੀਤੀ ਜੀ ਮੇਰਾ ਉਧਾਰ ਕਿਉਂਕਰ ਹੋਵੈਗਾ ਤਾਂ ਗੁਰਾਂ ਨੇ ਕਹਿਆ ਕਿ ਜਦ ਤੈਨੂੰ ਸੰਤਾਂ ਦਾ ਦਰਸਨ ਹੋਵੈਗਾ ਤਦ ਤੇਰਾ ਉਧਾਰ ਹੋਵੈਗਾ ਤਾਂ ਮੈਂ ਕਹਿਆ ਕਿ ਮੈਂ ਸੰਤਾਂ ਨੂੰ ਕਿਉਂ ਕਰ ਪਛਾਨਗਾ ਤਾਂ ਉਨਾਂ ਨੇ ਕਹਿਆ ਕਿ ਜਿਨਾਂ ਦੇ ਹਥ ਪਾਇਆ ਤੇਲ ਦਾ ਕੜਾਹਾ ਠੰਢਾ ਹੋ ਜਾਵੈ ਸੋ ਉਹ ਸੰਤ ਹੋਣਗੇ ਅਤੇ ਫਿਰ ਇਕ ਮੈਨੂੰ ਉਨਾਂ ਸੀਸਾ ਦੀਆ ਅਰ ਕਹਿਆ ਕਿ ਇਸ ਸੀਸੇ ਦੇ

ਵਿਚ ਜਿਨਾਂ ਦਾ ਮਨੁਖਾਂ ਦੀ ਨਿਆਈਂ ਮੁਖ ਨਜਰ ਆਵੇ ਸੋ ਉਨਾਂ ਨੂੰ ਤੂੰ ਸੰਤ ਜਾਣੀ ਸੋ ਉਹ ਸੀਸਾ ਬਾਬੇ ਦੇ ਰੋਬਰੋਂ ਲਿਆਇਆ ਤਾਂ ਬਾਬੇ ਆਖਿਆ ਕਿ ਮਰਦਾਨਿਆਂ ਤੂੰ ਸੀਸਾ ਵੇਖ ਸੋ ਜਦ ਮਰਦਾਨਾ ਸੀਸਾ ਲੈ ਕੇ ਵੇਖੇ ਤਾਂ ਜਿਤਨੇ ਮਿਰਤਕ ਪਏ ਹੋਏ ਸਨ ਸੋ ਕਿਸੇ ਦਾ ਮੁਖ ਬਘਿਆੜ ਦਾ ਅਰ ਕਿਸੇ ਦਾ ਗਿਦੜ ਦਾ ਅਰ ਕਿਸੇ ਦਾ ਕੁਤੇ ਦਾ ॥ ਪਰ ਬਾਬੇ ਦਾ ਅਤੇ ਆਪਣਾ ਮਨੁਖਾਂ ਦਾ ਮੁਖ ਡਿਠਾ ਅਤੇ ਬਾਬਾ ਜੀ ਕੌਡੇ ਰਾਕਸ ਤੇ ਪ੍ਰਸੰਨ ਹੋਇ ਕੇ ਸਤਨਾਮ ਦਾ ਉਪਦੇਸ ਦਿਤਾ ਤਾਂ ਫਿਰ ਕੌਡਾ ਆਪਣਾ ਸਰੀਰ ਤਿਆਗ ਕੇ ਅਰ ਦੇਵਤਿਆਂ ਕਾ ਸਰੂਪ ਧਾਰ ਕੇ ਦੇਵ ਲੋਕ ਨੂੰ ਚਲਿਆ ਗਿਆ ਤੇ ਮਰਦਾਨੇ ਕਹਿਆ ਬਾਬਾ ਜੀ ਏਹ ਸੀਸਾ ਨਾਲ ਲੈ ਚਲੀਏ ਤਾਂ ਬਾਬੇ ਕਹਿਆ ਮਰਦਾਨਿਆਂ ਏਹ ਸੀਸਾ ਵੀਚਾਰਦਾ ਹੈ ਵਿਚਾਰ ਰੂਪ ਸੀਸਾ ਹੈ ਤਾਂਤੇ ਗੁਰਾਂ ਦੇ ਸਬਦ ਦਾ ਵੀਚਾਰ ਜਿਨਾਂ ਦੇ ਅੰਦਰ ਹੋਂਦਾ ਹੈ ਸੋਈ ਸੀਸਾ ਹੈ ਅਤੇ ਉਸ ਸੀਸੇ ਦੇ ਅੰਦਰ ਮਨੁਖਾਂ ਦੀਆਂ ਅਤੇ ਪਸੂਆਂ ਦੀਆਂ ਪਰਕਿਰਤਾਂ ਨਜ਼ਰ ਆਉਂਦਾਆਂ ਹੈਂ ॥ ਤਬ ਬਾਬਾ ਤੇ ਮਰਦਾਨਾ ਉਸਤੋਂ ਅਗੇ ਟੁਰੇ ਸੋ ਅਗੇ ਤ੍ਰਿਆ ਰਾਜ ਵਿਚ ਜਾਇ ਪ੍ਰਾਪਤ ਭਏ ॥

ਸਾਖੀ ਤ੍ਰਿਆ ਰਾਜ ਮੈਂ ਗਏ

ਸੋ ੬ ` ਸਭ ਤਿਰਿਆਂ ਦਾ ਹੀ ਰਾਜ ਸੀ ਅਰ ਮਰਦਾਨਾ ਨਗਰੀ ਦੇ ਦੇਖਣ ਨੂੰ ਗਇਆ ਤਾਂ ਅਗੇ ਇਕ ਇਸਤਰੀ ਨੇ ਮਰਦਾਨੇ ਨੂੰ ਛਤ੍ਰਾ ਬਣਾ ਕੇ ਬੰਨ ਰਖਿਆ ਸੋ ਜਦ ਤੀਸਰਾ ਪਹਰ ਹੋਇਆ ਤਾਂ ਬਾਬਾ ਜੀ ਨੇ ਵੀਚਾਰਿਆ ਕਿ ਹੁਣ ਤੀਕਰ ਮਰਦਾਨਾ ਨਹੀਂ ਆਇਆ ਸੋ ਮਰਦਾਨੇ ਨੂੰ ਦੇਖੀਏ ਤਾਂ ਬਾਬਾ ਜੀ ਦੇਖਣ ਤੋ ਇਕ ਇਸਤ੍ਰੀ ਨੇ ਛਤ੍ਰਾ ਕਰਕੇ ਬੰਨ ਰਖਿਆ ਹੈ ਤਾਂ ਬਾਬੇ ਕਹਿਆ ਇਸ ਇਸਤ੍ਰੀ ਸਿਰ ਸਾਥ ਦੇਗਾ ਚਮੜ ਜਾਵੇ ਸੋ ਉਸਦੇ ਸਿਰ ਸਾਥ ਘੜਾ ਚੰਮੜ ਗਿਆ ਤਾਂ ਬਾਬੇ ਕਹਿਆ ਕਿ ਜੇ ਅਸਾਡੇ ਮਰਦਾਨੇ ਨੂੰ ਲਿਆਵੋਗੇ ਤਾਂ ਘੜਾ ਤੁਸਾਡੇ ਸਿਰੋਂ ਉਤਰੇਗਾ ਤਾਂ ਫਿਰ ਸਭ ਇਸਤ੍ਰੀਆਂ ਓਥੇ ਆਇ ਇਕਠੀਆਂ ਹੋਈਆਂ ਅਰ ਬਾਬੇ ਨੂੰ ਭੀ ਜੰਤ੍ਰ ਮੰਤ੍ਰ ਚਲਾਵਣ ਲਗੀਆਂ ਤਾਂ ਬਾਬੇ ਸ੍ਰੀ ਰਾਗ ਵਿਚ ਸਬਦ ਬੋਲਿਆ ॥

ਸ੍ਰੀ ਰਾਗੁ ਮਹਲਾ ੧ ॥ ਮਨਮੁਖ ਭੁਲੇ ਭੁਲਾਈਐ ਭੂਲੀ ਠਉਰ ਨ ਕਾਇ ॥
ਗੁਰ ਬਿਨ ਕੋਇ ਨ ਦਿਖਾਵਈ ਅੰਧੀ ਆਵੈ ਜਾਇ ॥ ਗਿਆਨ ਪਦਾਰਥ
ਖੋਇਆ ਠਗਿਆ ਮੁਠਾ ਜਾਇ ॥ ੧ ॥ ਬਾਬਾ ਮਾਇਆ ਭਰਮ ਭੁਲਾਇ ॥
ਭਰਮ ਭੁਲੀ ਡੋਹਾਗਣੀ ਨ ਪਿਰ ਅੰਕ ਸਮਾਇ ॥ ੧ ॥ ਰਹਾਉ ॥ ਭੂਲੀ

ਫਿਰੈ ਦਿਸੰਤਰੀ ਭੂਲੀ ਗ੍ਰਹ ਤਜਿ ਜਾਇ ॥ ਭੂਲੀ ਡੂਗਰ ਥਲ ਚੜੈ ਭਰਮੈ ਮਨ ਡੋਲਾਇ ॥ ਧੁਰਹੁ ਵਿਛੁੰਨੀ ਭੀ ਮਿਲੈ ਗਰਬ ਮੁਠੀ ਬਿਲਲਾਇ ॥ ੨ ॥ ਵਿਛੁੜਿਆ ਗੁਰ ਮੇਲਸੀ ਹਰਿ ਰਸ ਨਾਮੁ ਪਿਆਰ ॥ ਸਚ ਸਹਜ ਸੋਭਾ ਘਣੀ ਹਰਿ ਗੁਣ ਨਾਮੁ ਅਧਾਰ ॥ ਜਿਉ ਭਾਵੈ ਤਿਉ ਰਾਖ ਤੂੰ ਮੈ ਤੁਝ ਬਿਨ ਕਉਨ ਭਤਾਰ ॥ ੩ ॥ ਅਖਰ ਪੜਿ ਪੜਿ ਭੁਲੀਐ ਭੇਖੀ ਬਹੁਤ ਅਭਮਾਨ ॥ ਤੀਰਥ ਨਾਤਾ ਕਿਆ ਕਰੇ ਮਨ ਮੈਮੈਲ ਗੁਮਾਨ ॥ ਗੁਰ ਬਿਨ ਕਿਨ ਸਮਝਾਈਐ ਮਨ ਰਾਜਾ ਸੁਲਤਾਨ ॥ ੪ ॥ ਪ੍ਰੇਮ ਪਦਾਰਥ ਪ੍ਰਾਈਐ ਗੁਰਮਖਿ ਤਤੁ ਬੀਚਾਰੁ ॥ ਸਾਧਨ ਆਪ ਗਵਾਇਆ ਗੁਰ ਕੈ ਸਬਦ ਸੀਗਾਰ ॥ ਘਰ ਹੀ ਸੋ ਪਿਰ ਪਾਇਆ ਗੁਰ ਕੈ ਹੇਤਿ ਅਪਾਰ ॥ ੫ ॥

ਸੋ ਜਾਂ ਉਸ ਇਸਤ੍ਰੀ ਕਿਹਾ ਕਿ ਮੈਂ ਭੁਲੀ ਹਾਂ ਅਰ ਮਰਦਾਨੇ ਨੂੰ ਖੋਲ ਕੇ ਅਤੇ ਆਦਮੀ ਕਰਕੇ ਬਾਬੇ ਦੇ ਹਵਾਲੇ ਕੀਤਾ ਤਾਂ ਬਾਬਾ ਬੋਲਿਆ ਕਿ ਮਨਮੁਖ ਗੁਰਾਂ ਥੀਂ ਭੁਲਦੇ ਹਨ ਅਰ ਓਹ ਦੁਹਾਂ ਲੋਕਾਂ ਵਿਚ ਠੌਰ ਨਹੀਂ ਪਾਵਤੇ ਕਯੋਂਕਿ ਗੁਰਾਂ ਬਿਨਾਂ ਉਨਾਂ ਨੂੰ ਕੋਈ ਨਹੀਂ ਛਡਾਵਤਾ ਅਰ ਗੁਰਾਂ ਤੋਂ ਬਿਨਾਂ ਅਗਜਾਨੀ ਅੰਧੇ ਆਵਤੇ ਜਾਂਦੇ ਹਨ ਅਰ ਜਿਨਾਂ ਗੁਰਾਂ ਦਾ ਨਾਮ ਤੇ ਗਿਆਨ ਖੋਇਆ ਹੈ ਸੋ ਠਗੇ ਮੁਠੇ ਜਾਂਦੇ ਹਨ ਸੋ ਸਾਰਾ ਜਗਤ ਮਾਇਆ ਦੇ ਭਰਮ ਵਿਚ ਭੁਲਾਂ ਹੈ ਅਰ ਜੋ ਭੂਲੀ ਦੁਹਾਗਣੀ ਹੈ ਸੋ ਪਿਰ ਦੇ ਅੰਕ ਨਹੀਂ ਸਮਾਵਦੀ ਅਰ ਭੁਲੀ ਹੋਈ ਗ੍ਰਿਹ ਨੂੰ ਤਜ ਕੇ ਬਨ ਨੂੰ ਜਾਂਦੀ ਹੈ ਅਰ ਭੁਲੀ ਹੋਈ ਪਰਬਤ ਅਤੇ ਥਲਾਂ ਨੂੰ ਚੜਤੀ ਹੈ ਅਰ ਜੋ ਗਰਬ ਕਰਕੇ ਪਿਰ ਸੋ ਵਿਛੜੀ ਹੈ ਤਿਸਕਾ ਮਿਲਣਾ ਦੂਰ ਹੋਇ ਗਇਆ ਹੈ ਅਤੇ ਜੇੜੀ ਪਰਮੇਸਰ ਦਾ ਨਾਮ ਧਿਆਂਵਦੀ ਹੈ ਸੋ ਜਨਮ ਜਨਮ ਕੀ ਵਿਛੜੀ ਫਿਰ ਮਿਲਤੀ ਹੈ ਅਰ ਜਿਸਕੋ ਸਚ ਅਰ ਸਹਿਜ ਅਰ ਨਾਮ ਪ੍ਰਾਪਤ ਹੋਤਾ ਹੈ ਉਸੇ ਕੀ ਹੀ ਸੋਭਾ ਹੋਤੀ ਹੈ ਸੋ ਭਰਤਾ ਸਭਨਾਂ ਕਾ ਪਰਮੇਸਰ ਹੈ ਅਰ ਜੇ ਮਨ ਦੀ ਹਉਮੈ ਦੀ ਮੈਲ ਦੂਰ ਹੋਂਦੀ ਹੈ ਤਾਂ ਤੀਰਥਾਂ ਦਾ ਨਾਵਣ ਵੀ ਅਰ ਪੜਨਾ ਭੀ ਅਰ ਭੇਖਭੀ ਸੁਫਲਾ ਹੁੰਦਾ ਹੈ ਪਰ ਸਤਿਗੁਰ ਦੇ ਸਬਦ ਥੋਂ ਬਿਨਾ ਇਸ ਮੰਨ ਨੂੰ ਸਮਝ ਨਹੀਂ ਆਵਤੀ ਅਰ ਗੁਰਾਂ ਕੇ ਸਬਦ ਕਰ ਪ੍ਰੇਮ ਕਾ ਪਦਾਰਥ ਪ੍ਰਾਪਤ ਹੋਤਾ ਹੈ ਅਰ ਤਤ ਕੇ ਵਿਚਾਰ ਕਰ ਦੇਹ ਅਭਮਾਨ ਮਿਟ ਜਾਤਾ ਹੈ ਤਾਂ ਫਿਰ ਸਭਸੈ ਵਿਚ ਪਰਮੇਸਰ ਜਾਣਤਾ ਹੈ ਸੋ ਇਤਨਾ ਸੁਣ ਕਰ ਰਾਣੀ ਸਮੇਤ ਜਿਤਨੀਆਂ ਇਸਤ੍ਰੀਆਂ ਹੈ ਸਨ ਸੋ ਸਭ ਚਰਨਾਂ ਤੇ ਗਿਰ ਪੜੀਆਂ ਅਰ ਕਹਿਆ ਕਿ ਅਸਾਨੂੰ ਸਿਖ ਕਰੀਏ ਆਪਣਾ ਅਰ ਉਪਦੇਸ ਕਰੀਏ ਤਾਂ ਬਚਨ ਹੋਇਆ ਕਿ ਤੁਸਾਂ ਸਤਿਨਾਮ ਦਾ ਜਾਪ ਜਪਣਾ ਅਰ ਇਥੇ ਧਰਮਸਾਲਾ ਬਣਾਵਣੀ ਅਰ ਆਏ ਗਏ ਸੰਤਾਂ ਸਾਧਾਂ

ਦੀ ਸੇਵਾ ਕਰਨੀ ਅਰ ਸੰਗ੍ਰਾਂਦ ਅਮਸਿਆ ਕੇ ਦਿਨ ਗੁਰਪੁਰਬ ਕਰਨਾਂ ਅਰ ਕੜਾਹ ਕਰਨਾ ਅਰ ਕੀਰਤਨ ਕਰਨਾ ॥ ਅਤੇ ਜੋ ਵਾਹਗੁਰੂ ਦੇ ਭਜਨ ਵਾਲਾ ਹੋਵੇ ਤਿਸ ਅਗੇ ਮਥਾ ਟੇਕਣਾ ਅਰ ਜੰਤ੍ਰ ਮੰਤ੍ਰ ਨਹੀਂ ਚਲਾਵਣਾ ਤਾਂ ਸਭਨਾਂ ਏਹੁ ਵਚਨ ਮੰਨਿਆ ਅਰ ਬਾਬਾ ਜੀ ਵਚਨ ਮਨਾਇਕੇ ਅਗਾਂਹ ਟੁਰੇ ॥

ਪੌੜੀ ਸਤਾਈਵੀਂ ਚਲੀ

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ ॥
ਜਿਉਂ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ ॥
ਸਿੰਘ ਬੁਕੇ ਮ੍ਰਿਗਾਵਲੀ ਭੰਨੀ ਜਾਇ ਨ ਧੀਰ ਧਰੋਆ ॥
ਜਿਥੇ ਬਾਬਾ ਪੈਰ ਧਰੈ ਪੂਜਾ ਆਸਣ ਥਾਪਣ ਸੋਆ ॥
ਸਿੱਧ ਆਸਣ ਸਭ ਜਗਤ ਦੇ ਨਾਨਕ ਆਦਿ ਮਤੇ ਜੇ ਕੋਆ ॥
ਘਰ ਘਰ ਅੰਦਰ ਧਰਮਸਾਲ ਹੋਵੈ ਕੀਰਤਨ ਸਦਾ ਵਿਸੋਆ ॥
ਬਾਬੇ ਤਾਰੇ ਚਾਰ ਚੱਕ ਨੌ ਖੰਡ ਪ੍ਰਿਥਮੀ ਸਚਾ ਢੋਆ ॥
ਗੁਰਮੁਖ ਕਲਿ ਵਿਚ ਪਰਗਟ ਹੋਆ ॥ ੨੭ ॥

ਗੁਰੂ ਨਾਨਕ ਜੀ ਜੋ ਜਗਤ ਵਿਚਿ ਪ੍ਰਗਟੇ ਹਨ ਸੋ ਤਿਨਾ ਜਗਤ ਦੇ ਅਗਿਆਨ ਦੀ ਧੁੰਧ ਮਿਟਾਇਕੇ ਗਿਆਨ ਕਾ ਪ੍ਰਕਾਸ ਕੀਤਾ ਹੈ ਅਰ ਜੈਸੇ ਸੂਰਜ ਚੜੇ ਤੇ ਅੰਧਕਾਰ ਮਿਟ ਜਾਤਾ ਹੈ ਅਰ ਤਾਰੇ ਛਿਪ ਜਾਤੇ ਹਨ ਅਰ ਜੈਸੇ ਸਿੰਘਾਂ ਦੇ ਭਭਕਣ ਕਰ ਮ੍ਰਿਗਾਵਲੀ ਭਜ ਜਾਤੀ ਹੈ ਤੈਸੇ ਹੀ ਜਿਥੇ ਬਾਬੇ ਦਾ ਸਬਦ ਪੜੀਤਾ ਹੈ ਤਾਂ ਉਥੇ ਮੜੀਆਂ ਅਰ ਮਟਾਂ ਦੀ ਅਰ ਅਗਜਾਨੀਆਂ ਦੀ ਪੂਜਾ ਘਟ ਜਾਂਦੀ ਹੈ ਅਰ ਦੇਵੀ ਅਰ ਦੇਵਤਿਆਂ ਕੀ ਪੂਜਾ ਘਟ ਜਾਂਦੀ ॥ ਅਤੇ ਜਿਥੇ ਬਾਬਾ ਪੈਰ ਧਰਦਾ ਹੈ ਪੂਜਾ ਦਾ ਆਸਣ ਸੋਈ ਥਾਪਦੇ ਹਨ ਅਰ ਜਗਤ ਮੈਂ ਸੋਈ ਆਸਣ ਸਿਧ ਹੁੰਦਾ ਹੈ ਅਰ ਜਿਥੇ ਬਾਬੇ ਜੀ ਦੀ ਪੂਜਾ ਹੁੰਦੀ ਹੈ ਸੋ ਘਰਿ ਘਰਿ ਅੰਦਰ ਧਰਮਸਾਲਾ ਹੋਵੈਗੀ ਅਰ ਕੀਰਤਨ ਹੋਵੈਗਾ ਅਤੇ ਬਾਬਾ ਚਾਰੇ ਚਕਾਂ ਕੋ ਤਾਰੇਗਾ ਅਰ ਨੌਖੰਡ ਪ੍ਰਿਥਮੀ ਮੈ ਸਚਾ ਢੋਆ ਸਤਿਨਾਮ ਕਾ ਦੇਵੈਗਾ ਕਿਉਂਕਿ ਗੁਰਮੁਖਿ ਕਲ ਵਿਚ ਬਾਬਾ ਨਾਨਕ ਜੀ ਪ੍ਰਗਟ ਹੋਏ ਹਨ ॥ ੨੭ ॥

ਬਾਬਾ ਜੀ ਜਾਪਾ ਪਟਣ ਗਏ

ਤਾਂ ਬਾਬਾ ਤ੍ਰਿਆ ਰਾਜ ਸਿਉ ਟੁਰਿਆ ਸੋ ਊਹਾ ਸਿਉ ਟੁਰਕੇ ਬਿਦਰ ਤਿਜਾਵਰ ਮੈ ਜਾਇ ਪ੍ਰਾਪਤ ਭਏ ਤਾਂ ਫਿਰ ਉਥੋਂ ਕੇ ਲੋਕੋਂ ਕੋ ਸਤਨਾਮ ਕਾ ਮੰਤ੍ਰ

ਦ੍ਰਿੜਾਇਆ ਬਹੁੜੋ ਜਾਪਾ ਪਟਣ ਸ਼ਹਿਰ ਮੈਂ ਜਾਇ ਪ੍ਰਾਪਤਿ ਭਏ ਤਾਂ ਊਹਾ ਇਕ ਜੋਗੀ ਕੀ ਪੂਜਾ ਹੋਤੀ ਸੀ ਅਰ ਓਹ ਛਿਅ ਮਹੀਨੇ ਸਮਾਧ ਲਾਇ ਬੈਠਤਾ ਸੀ ਅਰ ਇਕ ਦਿਨ ਸਮਾਧ ਖੋਲਦਾ ਸੀ ਅਰ ਉਸ ਦਿਨ ਸਾਰੇ ਦੇਸ ਕਾ ਮੇਲਾ ਲਗਦਾ ਸੀ ਸੋ ਤਿਸ ਦਿਨ ਬਾਬਾ ਜੀ ਭੀ ਊਹਾਂ ਜਾਇ ਪ੍ਰਾਪਤ ਭਏ ਤਾਂ ਬਾਬੇ ਜੀ ਕੋ ਜੋਗੀ ਨੇ ਕਹਿਆ ਕਿ ਮੈਂ ਜਿਸ ਵੇਲੇ ਦਸਵੇਂ ਦੁਆਰ ਪੌਣ ਝੜਾਵਤਾ ਹੋਂ ਤਾਂ ਸਾਰੀ ਤ੍ਰਿਲੋਕੀ ਦੀ ਮੁਝ ਕੋ ਖਬਰ ਹੁੰਦੀ ਹੈ ਅਰ ਏਹ ਮੁਲਖ ਮੇਰਾ ਜਿਤਿਆ ਹੂਆ ਹੈ ਸੋ ਜੇ ਤੂੰ ਮੇਰੇ ਸਾਥ ਚਰਚਾ ਕਰੇਂ ਅਰ ਪ੍ਰਿਥਮੇਂ ਤੂੰ ਮੁਝ ਕਉ ਜੀਤੇਂ ਤਬ ਇਸ ਜਗਤ ਮਹਿ ਪ੍ਰਵੇਸ ਕਰ ਤਾਂ ਬਾਬੇ ਰਾਗ ਮਾਰੂ ਵਿਚ ਸਬਦ ਬੋਲਿਆ ॥

ਮਾਰੂ ਮਹਲਾ ੧॥ ਸੂਰ ਸਰ ਸੋਸਿ ਲੈ ਸੋਮ ਸਰੁ ਪਖਿ ਲੈ ਜੁਗਤਿ ਕਰ ਮਰਤੁ ਸੁ ਸਨਬੰਧੁ ਕੀਜੈ ॥ ਮਨ ਕੀ ਚਪਲ ਸਿਉ ਜੁਗਤਿ ਮਨ ਰਾਖੀਐ ਉਡੈ ਨਹ ਹੰਸੁ ਨਹ ਕੰਧੁ ਛੀਜੈ ॥ ੧ ॥ ਮੂੜੇ ਕਾਇਚੇ ਭਰਮ ਭੁਲਾ ਨਹ ਚੀਨਿਆ ਪਰਮਾਨੰਦੁ ਬੈਰਾਗੀ ॥ ੧ ॥ ਰਹਾਉ ॥ ਅਜਰ ਗਹੁ ਜਾਰਿ ਲੈ ਅਮਰ ਗਹੁ ਮਾਰਿ ਲੈ ਭ੍ਰਾਤਿ ਤਜਿ ਛੋਡਿ ਤਉ ਅਪਿਉ ਪੀਜੈ ॥ ਮੀਨ ਕੀ ਚਪਲ ਸਿਉ ਜਗਤਿ ਮਨ ਰਾਖੀਐ ਉਡੈ ਨਹ ਹੰਸੁ ਨਹ ਕੰਧੁ ਛੀਜੈ ॥ ੨ ॥ ਭਣਤਿ ਨਾਨਕੁ ਜਨੋ ਰਵੈ ਜੇ ਹਰਿ ਮਨੋ ਮਨ ਪਵਨ ਸਿਉ ਅੰਮ੍ਰਿਤ ਪੀਜੈ ॥ ਮੀਨ ਕੀ ਚਪਲ ਸਿਉ ਜੁਗਤਿ ਮਨ ਰਾਖੀਐ ਉਡੈ ਨਹ ਹੰਸੁ ਨਹ ਕੰਧੁ ਛੀਜੈ ॥ ੩ ॥

ਤਾਂ ਬਾਬਾ ਬੋਲਿਆ ਕਿ ਸੂਰਜ ਦੀ ਜੋ ਬਾਹਰ ਸੁਰ ਹੈ ਸੋ ਤਿਸਨੋ ਸੁਕਾਇ ਲਈਏ ਜੋ ਬਾਹਰ ਪ੍ਰਾਣਾ ਨੂੰ ਜਾਣ ਨ ਦ੍ਰਿਚੈ ਅਰ ਚੰਦ੍ਰਮਾਂ ਦੀ ਜੋ ਅੰਦਰ ਆਵਣ ਦੀ ਸੁਰ ਹੈ ਸੋ ਨਾਭ ਕਮਲ ਦੇ ਵਿਚ ਠਹਰਾਈਏ ਅਤੇ ਪ੍ਰਾਣਾ ਕੀ ਸੋਝੀ ਰਖੀਏ ਸੋ ਜੁਗਤ ਨਾਲ ਪ੍ਰਾਣਾ ਮੇਂ ਰਾਮ ਨਾਮ ਜਪਦੇ ਰਹੀਏ ਅਰ ਮਛੀ ਦੀ ਨਿਆਈ ਜੋ ਚਪਲ ਮਨ ਹੈ ਤਿਸਨੋ ਠਹਰਾਇ ਰਖੀਏ ਕਯੋਂਕਿ ਜੋ ਪ੍ਰਾਣ ਨਾ ਉਡਣ ਤਾਂ ਸਰੀਰ ਛਿਜਦਾ ਨਹੀਂ ॥ ੧ ॥ ਏ ਮੂਰਖ ਤੂੰ ਕਯੋਂ ਭੂਲਾ ਹੈ ਅਰ ਪਰਮਾਨੰਦ ਜੋ ਬੈਰਾਗੀ ਹੈ ਤਿਸਨੋ ਨਹੀਂ ਚੀਨਦਾ ॥ ਅਰ ਕਾਮ ਜੋ ਅਜਰ ਹੈ ਤਿਸਨੋ ਤੂੰ ਗਹੁ ਅਰ ਮਨ ਜੋ ਅਮਰ ਹੈ ਤਿਸਨੋ ਤੂੰ ਮਾਰ ਅਤੇ ਭਰਮ ਨੂੰ ਤਜ ਛਡ ਤਦ ਤੂੰ ਅੰਮ੍ਰਿਤ ਰੂਪੀ ਬਚਨ ਜੋ ਸੰਤਾਂ ਦੇ ਹਨ ਪੀਵੇਂਗਾ ਗੁਰੂ ਨਾਨਕ ਜੀ ਕਹਦੇ ਹਨ ਕਿ ਜੇ ਤੂੰ ਅਪਣੇ ਮਨ ਨੂੰ ਰਵੇਂ ਅਰ ਰਾਮ ਨਾਮ ਸਾਰ ਸੰਤਾਂ ਦੇ ਅੰਮ੍ਰਿਤ ਰੂਪੀ ਬਚਨ ਪੀਵੇਂ ਅਰ ਮਨ ਨੂੰ ਚਪਲਤਾਈ ਸੋਂ ਵਰਜ ਰਖੇਂ ਤਦ ਤੇਰਾ ਸਰੀਰ ਅਮਰ ਹੋਵੈਗਾ ਤਬ ਜੋਗੀ ਬੋਲਿਆ ਕਿ ਮੇਰੇ ਤਾਈ ਤ੍ਰਿਹੁ ਕਾਲਾਂ ਦੀ ਗੰਮਤਾ ਹੈ ਅਰ ਜੀਆਂ ਕੇ ਰਿਦਿਆਂ ਦੀਆਂ ਵਾਸਨਾਂ ਭੀ ਖੈਂਚ ਲੇਤਾ ਹੋਂ

ਅਰ ਛਿਆਂ ਮਹੀਨਿਆਂ ਵਿਚ ਮੈਂ ਚਾਰ ਸਿਰਸਾਹੀ ਅਨਾਜ ਖਾਤਾ ਹੋਂ ॥ ਸੋ ਏਹੁ ਕਲਾ ਮੁਝ ਮੈ ਹੈ ਤਾਂ ਬਾਬੇ ਕਹਿਆ ਏਹ ਕਲਾ ਹੀ ਤੁਝਕੋ ਬੰਧਨ ਰੂਪ ਹੈ ਤਾਂ ਫਿਰ ਜੋਗੀ ਮਟ ਅੰਦਰ ਬੈਠ ਕੇ ਦਰਵਾਜਾ ਚੁਣਾ ਬੈਠਾ ਅਰ ਬਾਬਾ ਜੀ ਉਹਾਂ ਹੀ ਰਹੇ ਤਾਂ ਸਭ ਲੋਕ ਗੁਰਾਂ ਦੀ ਬਾਣੀ ਪੜਨ ਸੁਣਨ ਲਗੇ ਅਰ ਸਤਸੰਗ ਕਰਨ ਸੋ ਉਨਾਂ ਦੀ ਬੁਧ ਉਜਲ ਹੋਈ ਸੋ ਜਦ ਛੇ ਮਹੀਨੇ ਬਾਬਾ ਜੀ ਨੂੰ ਰਹਿੰਦਿਆਂ ਹੋ ਗਏ ਅਰ ਓਹ ਜੋਗੀ ਦਾ ਮੇਲਾ ਫਿਰ ਆਇਆ ਤਾਂ ਬਾਬੇ ਕਹਿਆ ਕਿ ਇਸ ਮੇਲੇ ਪਰ ਜੋਗੀ ਕੋਲ ਕੋਈ ਨਾ ਜਾਵੇ ਅਰ ਕੁਛ ਦਿਨ ਪਿਛੋਂ ਮੇਲਾ ਕਰਨਾ ਸੋ ਜਾਂ ਉਸ ਦਿਨ ਮੇਲਾ ਨਾ ਹੋਇਆ ਅਰ ਅਠਾਂ ਦਿਨਾਂ ਪਿਛੋਂ ਮਟ ਦਾ ਦਰਵਾਜਾ ਖੋਲਿਆ ਤਾਂ ਕਿਆ ਦੇਖਣ ਜੋ ਜੋਗੀ ਦੇ ਪ੍ਰਾਣ ਛੁਟ ਗਏ ਹਨ ਤਾਂ ਬਚਨ ਹੋਇਆ ਕਿ ਜੋ ਰਿਦਾਂ ਸਿਧਾਂ ਕਰਦੇ ਹਨ ਸੋ ਜਨਮ ਮਰਨ ਨੂੰ ਪ੍ਰਾਪਤ ਹੁੰਦੇ ਹਨ ॥ ਤਾਂ ਸਭ ਉਸ ਦੇਸ ਦੇ ਸਿਧ ਅਰ ਸਾਧ ਅਰ ਰਾਜਾ ਪਰਜਾ ਜੋ ਹੈਸਨ ਸੋ ਸਭ ਚਰਨੀ ਲਗੇ ਅਰ ਚੰਗਾ ਭਾਟੜਾ ਜੋਗੀ ਦਾ ਸਿਖ ਸੀ ਸੋ ਓਹ ਭੀ ਚਰਨੀ ਆਇ ਲਗਾ ਅਰ ਉਸਨੇ ਕਹਿਆ ਕਿ ਅਸਾਨੂੰ ਅਜੇਹਾ ਉਪਦੇਸ ਕਰੋ ਜੋ ਸਾਡਾ ਉਧਾਰ ਹੋਵੇ ਤਾਂ ਬਚਨ ਹੋਇਆ ਕਿ ਤੁਸਾਂ ਹਉ ਦੀ ਮੈਲ ਖੋਵਣੀ ਅਰ ਸਤਨਾਮ ਦਾ ਜਾਪ ਕਰਨਾ ਸੋ ਉਸ ਨੂੰ ਉਪਦੇਸ ਦੇਕਰ ਬਾਬਾ ਜੀ ਸਿਵਨਾਭ ਦੇ ਬਾਗ ਵਿਚ ਜਾਇ ਉਤਰੇ ॥

ਸਾਖੀ ਰਾਜੇ ਸਿਵਨਾਭ ਦੀ

ਤਾਂ ਬਾਗ ਜੋ ਸੁਕਾ ਹੋਇਆ ਸੀ ਸੋ ਬਾਬੇ ਦੀ ਚਰਨ ਧੂੜ ਪਉਂਦਿਆਂ ਹੀ ਹਰਿਆ ਹੋਇਆ ਤਾਂ ਬਚਨ ਹੋਇਆ ਮਰਦਾਨਿਆ ਰਬਾਬ ਵਜਾਇ ਅਰ ਬਾਬਾ ਜੀ ਨੇ ਗਉੜੀ ਰਾਗ ਵਿਚ ਸਬਦ ਉਚਾਰਿਆ ॥

ਗਉੜੀ ਮਹਲਾ ੧ ॥ ਭਉਮਚੁ ਭਾਰਾ ਵਡਾ ਤੋਲੁ ॥ ਮਨ ਮਤਿ ਹਉਲੀ ਬੋਲੇ ਬੋਲੁ ॥ ਸਿਰਿ ਧਰ ਚਲੀਐ ਸਹੀਐ ਭਾਰੁ ॥ ਨਦਰੀ ਕਰਮੀ ਗੁਰ ਬੀਚਾਰੁ ॥ ੧ ॥ ਭੈ ਬਿਨੁ ਕੋਇ ਨ ਲੰਘਸਿ ਪਾਰ ॥ ਭੈ ਭਉ ਰਾਖਿਆ ਭਾਇ ਸਵਾਰਿ ॥ ੧ ॥ ਰਹਾਉ ॥ ਭੈ ਤਨ ਅਗਨਿ ਭਖੈ ਭੈ ਨਾਲਿ ॥ ਭੈ ਭਉ ਘੜੀਐ ਸਬਦਿ ਸਵਾਰਿ ॥ ਭੈ ਬਿਨੁ ਘਾੜਤ ਕਚੁ ਨਿਕਚ ॥ ਅੰਧਾ ਸਚਾ ਅੰਧੀ ਸਟ ॥ ੨ ॥ ਬੁਧੀ ਬਾਜੀ ਉਪਜੈ ਚਾਉ ॥ ਸਹਸ ਸਿਆਣਪ ਪਵੈ ਨ ਤਾਉ॥ ਨਾਨਕ ਮਨਮੁਖਿ ਬੋਲਣ ਵਾਉ॥ ਅੰਧਾ ਆਖਰੁ ਵਾਉ ਦੁਆਉ॥੩॥੧॥

ਸੋ ਬਾਗ ਸਾਵਾ ਦੇਖਕੇ ਜੋ ਬਾਗ ਦੇ ਟਹਲੀਏ ਹੈਸਨ ਸਭਨਾਂ ਮਥਾ ਆਨ

ਟੇਕਿਆ ॥ ਅਰ ਉਨਾਂ ਪੂਛਿਆ ਜੀ ਤੁਸਾਡਾ ਕੀ ਨਾਉਂ ਹੈ ਤਾਂ ਬਾਬੇ ਕਹਿਆ ਨਾਨਕ ਤਾਂ ਉਨਾਂ ਕਹਿਆ ਕਿ ਅਗੇ ਕਈ ਫਕੀਰ ਨਾਮ ਆਪਨਾ ਨਾਨਕ ਕਹਾਵਤੇ ਆਏ ਹੈਂ ਪਰ ਰਾਜੇ ਕੀਆਂ ਮੋਹਣੀਆਂ ਉਨਾਂ ਕੋ ਮੋਹ ਲੇ ਜਾਤੀਆਂ ਰਹੀਆਂ ਹੈਂ ਸੋ ਤੁਮਾਰੇ ਚਰਨੋ ਕਰ ਬਾਗ ਹਰਿਆ ਹੋਇਆ ਹੈ ਤਾਂ ਤੇ ਤੁਸਾਡੀ ਬਾਰਤਾ ਰਾਜੇ ਕੋ ਜਾਇ ਕਹਤੇ ਹੈਂ ਤਾਂ ਬਾਬੇ ਕਹਿਆ ਕਿ ਮਹਾਰਾਜ ਕਾ ਜੋ ਭਉ ਹੈ ਸੋ ਉਸਕਾ ਬਡਾ ਭਾਰਾ ਤੋਲ ਹੈ ॥

ਅਰ ਜੈਸੇ ਭਰਿਆ ਨਹੀਂ ਉਛਲਤਾ ਅਤੇ ਸਖਣਾ ਡੋਲਤਾ ਹੈ ਤੈਸੇ ਮਨ ਮਤ ਵਾਲਾ ਹੌਲਾ ਹੋਤਾ ਹੈ ਸੋ ਉਹ ਡੋਲਤਾ ਹੈ ਅਰ ਜੋ ਭਉ ਕੋ ਸਿਰ ਪਰ ਧਰਤੇ ਹੈਂ ਅਰ ਮਹਾਰਾਜ ਕਾ ਭਉ ਸਿਰਪਰ ਧਰਤੇ ਹੈਂ ਪਰ ਜਾਂ ਗੁਰਾਂ ਕੀ ਕ੍ਰਿਪਾ ਦ੍ਰਿਸਟ ਹੋਤੀ ਹੈ ਤਾਂ ਸਬਦ ਕਰ ਅਰਥ ਪ੍ਰਾਪਤਿ ਹੋਤਾ ਹੈ ਅਤੇ ਤਬ ਗਿਆਨ ਕੇ ਸਮੁੰਦਰ ਕੋ ਪਾਰ ਪਰਤਾ ਹੈ ਅਰ ਜੈਸੇ ਅਗਨ ਮੋਂ ਧਾਤ ਤਾਈ ਹੋਈਕਾ ਜੈਸਾ ਭਖਣ ਚਾਹਤੇ ਹੈਂ ਬਣਾ ਲੇਤੇ ਹੈਂ ਤੈਸੇ ਭਉ ਮੈਂ ਸਿਖਾਂ ਕਾ ਰਿਦਾ ਸੁਧ ਹੋਤਾ ਹੈ ਸੋ ਜੈਸਾ ਚਾਹੀਤਾ ਹੈ ਤੈਸਾ ਸਵਾਰ ਲੇਤੇ ਹੈਂ ਕਯੋਂਕਿ ਭੈ ਬਿਨਾ ਘਾੜਤ ਜੀਆਂ ਕੀ ਨਹੀਂ ਘੜੀਤੀ ਅਰ ਸਟ ਭੀ ਨਹੀਂ ਲਗਤੀ ਅਰ ਜੇ ਬਾਜੀ ਤੇ ਸਿਆਣਪ ਦੀ ਬੁਧ ਹੋਤੀ ਹੈ ਤਾਂ ਮਨ ਨੂੰ ਤਾਂ ਨਹੀਂ ਲਗਦਾ ਗੁਰੂ ਨਾਨਕ ਜੀ ਕਹਿਆ ਕਿ ਅਗਿਆਨ ਕਾ ਬੋਲਣਾ ਜੋ ਹੈ ਸੋ ਜੈਸੇ ਪਵਨ ਏਕ ਏਕ ਤਰਫ ਆਵਤੀ ਹੈ ਅਰ ਏਕ ਪਾਸੇ ਚਲੀ ਜਾਤੀ ਹੈ ਤੈਸੇ ਅਗਿਆਨੀਆਂ ਕੇ ਬਚਨ ਰਿਦੇ ਵਿਖੇ ਨਹੀਂ ਠਹਰਤੇ ਅਰ ਜੈਸੇ ਸਖਣੀਆਂ ਬੰਦੂਕਾਂ ਕਾ ਅਵਾਜ ਹੋਤਾ ਹੈ ਅਰ ਘਾਵ ਨਹੀਂ ਹੋਤਾ ਅਤੇ ਗੋਲੀਆਂ ਘਾਵ ਕਰਤੀਆਂ ਹੈਂ ਤੈਸੇ ਸੰਤਾਂ ਕਾ ਬਚਨ ਰਿਦੇ ਕਉ ਘਾਵ ਕਰ ਜਾਤਾ ਹੈ ਅਰ ਅਗਯਾਨੀਆਂ ਕਾ ਨਹੀਂ ਕਰਤਾ ਅਰ ਜੈਸੇ ਬੋਝ ਦੀ ਭਰੀ ਹੋਈ ਗਡੀ ਜਿਮੀਂ ਕਉ ਤੋੜਤੀ ਜਾਤੀ ਹੈ ਅਰ ਸਖਣੀ ਗਡੀ ਲਕੀਰ ਮਾਤ੍ਰ ਹੀ ਨਿਸਾਨੀ ਕਰਤੀ ਹੈ ਤੈਸੇ ਹੀ ਗੁਰਮੁਖਾਂ ਕਾ ਵਚਨ ਰਿਦੇ ਕਉ ਭੇਦ ਜਾਤਾ ਹੈ ਅਤੇ ਹੋਰ ਕਾ ਨਹੀਂ ਭੇਦਤਾ ਤਾਂ ਏਹ ਵਚਨ ਸੁਣ ਕੇ ਸਭ ਭੈ ਨੂੰ ਪ੍ਰਾਪਤ ਹੋਏ ਅਰ ਜਾਇਕੇ ਰਾਜੇ ਸਿਉਨਾਭ ਪਾਸ ਉਨਾਂ ਕਹਿਆ ਕਿ ਬਾਬਾ ਨਾਨਕ ਜੀ ਬਾਗ ਮੇਂ ਆਨ ਉਤਰੇ ਹੈਨ ਅਰ ਬਾਗ ਸਭ ਹਰਿਆ ਹੂਆ ਹੈ ਤਾਂ ਰਾਜਾ ਸੁਣ ਕੇ ਬਹੁਤ ਪ੍ਰਸੰਨ ਹੂਆ ਅਰ ਬਹੁਤ ਸੁੰਦਰ ਮੋਹਣੀਆਂ ਅਰ ਛਤ੍ਰੀ ਅੰਮ੍ਰਿਤ ਪ੍ਰਸਾਦਿ ਲੈ ਕੇ ਤੇ ਬਾਬੇ ਦੇ ਪਾਸ ਆਨ ਪਹੁੰਚੀਆਂ ਸੋ ਆਇ ਕਰ ਆਪਣੇ ਕਟਾਖ ਲਗੀਆਂ ਦਿਖਾਵਣੇ ਤਾਂ ਬਾਬੇ ਕਹਿਆ ਕਿ ਏਹ ਜੋ ਤੁਸਾਡੇ ਸਰੀਰ ਹੈਨ ਸੋ ਇਨ ਮੈਂ ਸੁੰਦਰਤਾਈ ਆਤਮਾਂ ਕੀ ਹੀ ਭਾਸਤੀ ਹੈ ਕਯੋਂਕਿ ਸਰੀਰ ਮੇਂ ਤੋ ਅਸਥ ਅਰ ਮਾਸ

ਅਰ ਰਕਤ ਅਰ ਵਿਸਟਾ ਹੈ ਸੋ ਇਸਕਾ ਕਿਆ ਸੁੰਦਰ ਭਾਸਣਾ ਹੈ ਅਰ ਜੇਹੜੇ ਅੰਮ੍ਰਿਤ ਭੋਜਨ ਪ੍ਰਸਾਦ ਖਾਈਤੇ ਹਨ ਸੋ ਭੀ ਵਿਸਟਾ ਹੋ ਜਾਤੇ ਹਨ ਤਾਂ ਉਹ ਜੋ ਸਭੇ ਮੋਹਣੀਆਂ ਸਨ ਸੋ ਉਨਾਂ ਕਹਯਾ ਕਿ ਸਾਨੂੰ ਵੀ ਕੁਝ ਉਪਦੇਸ ਕਰੋ ਤਬ ਬਾਬਾ ਨਾਨਕ ਜੀ ਬੋਲੇ ॥

ਬਸੰਤ ਮਹਲਾ ੧ ਅਸਟਪਦੀ ॥ ਜਗੁ ਕਊਆ ਨਾਮੁ ਨਹੀ ਚੀਤਿ ॥ ਨਾਮੁ ਬਿਸਾਰਿ ਗਿਰੇ ਦੇਖ ਭੀਤਿ ॥ ਮਨੂਆ ਡੋਲੈ ਚੀਤ ਅਨੀਤਿ ॥ ਜਗਸਿਉ ਤੂਟੀ ਝੂਠ ਪਰੀਤਿ ॥ ੧ ॥ ਕਾਮੁ ਕ੍ਰੋਧੁ ਬਿਖੁ ਬਜਾਰੁ ਭਾਰੁ ॥ ਨਾਮ ਬਿਨਾ ਕੈਸੇ ਗੁਨਚਾਰੁ ॥ ੧ ॥ ਰਹਾਉ ॥ ਘਰੁ ਬਾਲੂ ਕਾ ਘੂਮਨ ਘੇਰਿ ॥ ਬਰਖਸਿ ਬਾਣੀ ਬੁਦਬੁਦਾ ਹੇਰਿ ॥ ਮਾਤ੍ਰ ਬੂੰਦ ਤੇ ਧਰਿ ਚਕੁ ਫੇਰਿ ॥ ਸਰਬ ਜੋਤਿ ਨਾਮੇ ਕੀ ਚੇਰਿ ॥ ੨ ॥ ਸਰਬ ਉਪਾਇ ਗੁਰੂ ਸਿਰਿ ਮੋਰੁ ॥ ਭਗਤਿ ਕਰਉ ਪਗ ਲਾਗਉ ਤੋਰ ॥ ਨਾਮ ਰਤੋ ਚਾਹਉ ਤੁਝ ਅਰੁ ॥ ਨਾਮੁ ਦੁਰਾਇ ਚਲੈ ਸੋ ਚੋਰੁ ॥ ੩ ॥ ਪਤਿ ਖੋਈ ਬਿਖ ਅੰਚਲਿ ਪਾਇ ॥ ਸਚ ਨਾਮ ਰਤੋ ਪਤਿ ਸਿਉ ਘਰਿ ਜਾਇ ॥ ਜੋ ਕਿਛ ਕੀਨਸਿ ਪ੍ਰਭੁ ਰਜਾਇ ॥ ਭੈ ਮਾਨੈ ਨਿਰਭਉ ਮੇਰੀ ਮਾਇ ॥ ੪ ॥ ਕਾਮਨਿ ਚਾਹੈ ਸੁੰਦਰ ਭੋਗੁ ॥ ਪਾਨ ਫੂਲ ਮੀਠੇ ਰਸੁ ਰੋਗੁ ॥ ਖੇਲੈ ਬਿਗਾਸੈ ਤੇਤੋ ਸੋਗ ॥ ਪ੍ਰਭ ਸਰਣਾਗਤਿ ਕੀਨਸਿ ਹੋਗ ॥ ੫ ॥ ਕਾਪੜ ਪਹਿਰਹਿ ਅਧਿਕੁ ਸੀਗਾਰੁ ॥ ਮਾਟੀ ਫੂਲੀ ਰੂਪੁ ਬਿਕਾਰੁ ॥ ਆਸਾ ਮਨਸਾ ਬਾਂਧੇ ਬਾਰੁ ॥ ਨਾਮ ਬਿਨਾ ਸੂਨਾ ਘਰਿ ਬਾਰੁ ॥ ੬ ॥ ਗਾਛਹੁ ਪੁਤ੍ਰੀ ਰਾਜ ਕੁਆਰਿ ॥ ਨਾਮ ਭਣਹੁ ਸਚੁ ਦੋਤੁ ਸਵਾਰਿ ॥ ਪ੍ਰਿਉ ਸੇਵਹੁ ਪ੍ਰਭ ਪ੍ਰੇਮ ਅਧਾਰਿ ॥ ਗੁਰ ਸਬਦੀ ਬਿਖ ਤਿਆਸ ਨਿਵਾਰਿ ॥ ੭ ॥ ਮੋਹਨਿ ਮੋਹਿ ਲੀਆ ਮਨੁ ਮੋਹਿ ॥ ਗੁਰਕੇ ਸਬਦਿ ਪਛਾਨਾ ਤੋਹਿ ॥ ਨਾਨਕ ਠਾਂਢੇ ਚਾਹਹਿ ਪ੍ਰਭੂ ਦੁਆਰਿ ॥ ਤੇਰੇ ਨਾਮਿ ਸੰਤੋਖੇ ਕਿਰਪਾ ਧਾਰਿ ॥ ੮ ॥

ਤਿਸਕਾ ਪਰਮਾਰਥ ਗੁਰੂ ਨਾਨਕ ਸਾਹਿਬ ਜੀ ਕਹੇ ਹੈਂ ਕਿ ਜਗਤ ਜੋ ਹੈ ਸੋ ਕਊਆ ਹੈ ਜੋ ਵਿਖਿਆ ਰੂਪੀ ਵਿਸਟਾ ਖਾਵਤਾ ਹੈ ਅਰ ਇਕ ਪਰਮੇਸਰ ਕੋ ਨਹੀਂ ਜਾਣਤੇ ॥ ਪਰ ਜੋ ਨਾਮ ਵਿਸਾਰਤੇ ਹੈਂ ਸੋ ਸਭ ਭੈ ਕੋ ਪ੍ਰਾਪਤ ਹੋਤੇ ਹੈਂ ਅਰ ਮਨ ਜੋ ਹੈ ਸੋ ਅਨਿਤ ਪਦਾਰਥਾਂ ਨੂੰ ਦੌੜਤਾ ਹੈ ਅਰ ਗੁਰਮੁਖ ਜੋ ਹੈਂ ਸੋ ਝੂਠੀ ਪ੍ਰੀਤ ਕਉ ਤੋੜਤੇ ਹੈਂ ਅਰ ਕਾਮ ਕ੍ਰੋਧ ਜੋ ਹੈਂ ਸੋ ਵਿਖਕੇ ਬਜਰ ਭਾਰ ਹਨ ਪਰ ਨਾਮ ਤੋਂ ਬਿਨਾਂ ਗੁਣਾਂ ਕਾ ਆਚਾਰ ਨਹੀਂ ਪ੍ਰਾਪਤ ਹੋਤਾ ॥ ੧ ॥ ਅਰ ਇਹ ਸਰੀਰ ਜੋ ਹੈ ਸੋ ਰੇਤ ਕਾ ਘਰ ਹੈ ਅਰ ਕਾਮ ਕ੍ਰੋਧ ਜੋ ਹੈਂ ਸੋ ਘੁੰਮਨ ਘੇਰ ਹੈਂ ਅਰ ਸਰੀਰ ਬੁਦਬੁਦੇ ਕੀ

ਨਿਆਈਂ ਹੈਂ ਜੋ ਉਪਜਤੇ ਬਿਨਸਤੇ ਹੈਂ ॥ ਮਾਤਾ ਅਰ ਪਿਤਾ ਕੀ ਬੂੰਦ ਸੇ ਸਰੀਰ ਰੂਪੀ ਚਕ੍ਰ ਹੂਆ ਹੈ ਅਰ ਜੋਤ ਮਹਾਰਾਜ ਕੀ ਇਸਕੇ ਬੀਚ ਹੈ ਸੋ ਨਾਮ ਕਰਕੇ ਪ੍ਰਾਪਤ ਹੋਤੀ ਹੈ ਅਰ ਸਰਬ ਜੋ ਉਪਾਵ ਹੈਂ ਸੋ ਗੁਰੂ ਕੇ ਸਬਦ ਕਰ ਪ੍ਰਾਪਤ ਹੋੜੇ ਹੈਂ ॥ ੨ ॥ ਤਾਂਤੇ ਗੁਰਮੁਖਿ ਭਗਤਿ ਕਰਤੇ ਹੈਂ ਅਰ ਗੁਰਾਂ ਕੇ ਪਗ ਲਾਗਤੇ ਹੈਂ ਅਰ ਜੋ ਨਾਮ ਵਿਸਾਰਤੇ ਹੈਂ ਸੋ ਸੋਈ ਚੋਰ ਹੈਂ ॥ ੩ ॥ ਅਰ ਜਿਨਾਂ ਦੇ ਅੰਦਰ ਵਿਖਿਆਂ ਦੀ ਪ੍ਰੀਤ ਹੈ ਸੋਈ ਖੋਟੇ ਹੈਂ ॥ ਅਰ ਜੋ ਸਚੇ ਨਾਮ ਨਾਲ ਰਤੇ ਹੈਂ ਸੋਈ ਪਤਿ ਸਿਉਂ ਆਪਣੇ ਘਰ ਜਾਤੇ ਹੈਨ ਪਰ ਜੋ ਕੁਛ ਹੁੰਦਾ ਹੈ ਸੋ ਵਾਹਗੁਰੂ ਦੀ ਰਜ਼ਾਇ ਵਿਚ ਹੁੰਦਾ ਹੈ ॥ ਅਰ ਜੋ ਵਾਹਗੁਰੂ ਦਾ ਭੈ ਮਾਨਤੇ ਹੈਂ ਸੋਈ ਨਿਰਭਉ ਹੋਤੇ ਹਨ ॥ ੪ ॥ ਅਰ ਤੁਸੀਂ ਜੋ ਕਾਮਨੀਆਂ ਹੋ ਅਰ ਸੁੰਦਰ ਭੋਗ ਚਾਹਤੀਆਂ ਹੋ ॥

ਅਰ ਪਾਨ ਫੂਲ ਤੁਮਾਰੇ ਤਾਈ ਮੀਠੇ ਲਗਤੇ ਹਨ ਅਰ ਜੋ ਤੁਮਾਰੇ ਸਾਥ ਰਸ ਭੋਗ ਕਰਤਾ ਹੈ ਸੋ ਵਿਰਾਸਤਾ ਹੈ ਪਰ ਉਹ ਸੋਗੋ ਕੋ ਪ੍ਰਾਪਤ ਹੋਤਾ ਹੈ ॥ ੫ ॥ ਅਰ ਹਮ ਜੋ ਹੈ ਸੋ ਨਰਾਇਣ ਕੇ ਨਾਮ ਕੇ ਉਪਾਸਕੀ ਹੈਂ ਅਰ ਉਸਕਾ ਕੀਆ ਭਲਾ ਮਾਨਤੇ ਹੈਂ ਅਤੇ ਤੁਸੀਂ ਬਸਤਰ ਪਹਿਰਤੀਆਂ ਹੋਂ ਅਰ ਸਰੀਰ ਰੂਪੀ ਮਾਟੀ ਕਾ ਜੋ ਵਿਕਾਰ ਰੂਪ ਹੈ ਸੋ ਇਸਕੀ ਆਸਾ ਮਨਸਾ ਕਰਕੇ ਮਨ ਤੁਸਾਡਾ ਬਧਾ ਹੂਆ ਹੈ ਪਰ ਨਾਮ ਤੋਂ ਬਿਨਾ ਘਰ ਬਾਰ ਸਾਰਾ ਸੁੰਞਾ ਹੈ ਸੋ ਹੇ ਪੁਤ੍ਰੀਅਹੁ ਅਰ ਰਾਜਕੁਮਾਰਹੁ ਤੁਸੀ ਰਾਜੇ ਪਾਸ ਜਾਵਹੁ ਅਰ ਪਰਮੇਸਰ ਕਾ ਨਾਮ ਜਪੋ ਅਰ ਆਪਣਾ ਜਨਮ ਸਵਾਰਹੁ ਅਰ ਪਰਮੇਸਰ ਕਉ ਸੇਵਹੁ ਅਰ ਮਹਾਰਾਜ ਕੇ ਨਾਮ ਕਾ ਅਧਾਰ ਕਰੋ ਅਰ ਗੁਰਾਂ ਕੇ ਸਬਦ ਕਰ ਵਿਖਿਅਹੁ ਕੋ ਤਿਆਗਹੁ ॥੭॥ ਅਰ ਮੋਹਣ ਜੋ ਵਾਹਗੁਰੂ ਹੈ ਸੋ ਤਿਸਨੇ ਮੇਰਾ ਮਨ ਮੋਹਿ ਲੀਆ ਹੈ ਅਰ ਗੁਰਾਂ ਕੇ ਸਬਦ ਕਰਕੇ ਤਿਸਨੂੰ ਮੈਂ ਪਛਾਣਤਾ ਹੋਂ ਗੁਰੂ ਨਾਨਕ ਜੀ ਕਹਿੰਦੇ ਹੈਨ ਕਿ ਤਿਸਕੈ ਦੁਆਰੇ ਮੈ ਖਲੋਤਾ ਹੋਂ ਪਰ ਜਿਨਾਂ ਨੂੰ ਸਤਿਗੁਰਾਂ ਦੀ ਕ੍ਰਿਪਾ ਹੈ ਸੋ ਪਰਮੇਸਰ ਕੇ ਨਾਮ ਕਰ ਸੰਤੋਖੇ ਹਨ ਅਰ ਓਹ ਰਸਹੁ ਕਸਹੁ ਕਉ ਅਰ ਵਿਖਿਅਹੁ ਕਉ ਨਹੀਂ ਚਾਹਤੇ ॥ ੮ ॥ ਸੋ ਜਦ ਏਹ ਵਚਨ ਬਾਬੇ ਕਹਿਆ ਤਾਂ ਸਭੇ ਮੋਹਣੀਆਂ ਰਾਜੇ ਸਿਵਨਾਭ ਪਾਸ ਗਈਆਂ ਅਰ ਆਇ ਕਰ ਕਹਿਆ ਕਿ ਰਾਜਾ ਜੀ ਤੁਸਾਂ ਸਾਨੂੰ ਸਾਧ ਦੇ ਮੋਹਣ ਵਾਸਤੇ ਭੇਜਿਆ ਸੀ ਸੋ ਅਸੀਂ ਉਸ ਪਾਸ ਦੇਹ ਅਭਮਾਨ ਹਾਰ ਆਈਆਂ ਹਾਂ ਅਰ ਤੁਸੀ ਕਿਆ ਬੈਠ ਰਹੇ ਹੋ ਚਲੋ ਸਾਧ ਕਾ ਦਰਸਨ ਕਰੋ ਕਯੋਂਕਿ ਉਨਾਂ ਕੇ ਦਰਸਨ ਕੀਤਿਆਂ ਸਾਂਤ ਆਵਤੀ ਹੈ ਤਾਂ ਰਾਜੇ ਰਾਣੀ ਕੋ ਕਹਿਆ ਕਿ ਪ੍ਰਿਥਮੇ ਤੂੰ ਜਾਹ ਅਰ ਸਾਧ ਕਾ ਦਰਸਨ ਕਰ ਆਉ ਅਰ ਮੈਂ ਪੀਛੇ ਜਾਵੋਂਗਾ ॥ ਤਬ ਰਾਣੀ ਮੋਤੀਆਂ ਦੀ ਮਾਲਾ ਅਰ

ਥਾਲੀ ਪ੍ਰਸਾਦ ਕੀ ਲੈਕਰ ਮਥਾ ਆਇ ਟੇਕਿਆ ਅਰ ਇਕ ਮੁਠ ਪ੍ਰਸਾਦ ਕੀ ਮਰਦਾਨੇ ਨੂੰ ਦਿਤੀ ਤਾਂ ਬਚਨ ਹੋਇਆ ਕਿ ਮਾਲਾ ਤੇ ਪ੍ਰਸਾਦ ਫੇਰ ਲਿਜਾਓ ਤਾਂ ਉਸ ਆਖਿਆ ਜੀ ਇਕ ਇਕ ਮੋਤੀ ਹਜਾਰ ਹਜਾਰ ਰੁਪਯੇ ਦਾ ਹੈ ਤਾਂ ਬਚਨ ਹੋਇਆ ਕਿ ਇਨਾਂ ਮੋਤੀਆਂ ਨੇ ਨਾਲ ਨਹੀਂ ਨਿਭਨਾ ਅਰ ਵਾਹਗੁਰੂ ਦੇ ਨਾਮ ਨੇ ਨਾਲ ਜਾਣਾ ਹੈ ਸੋ ਉਹ ਧਨ ਅਸਾਡੇ ਕੋਲ ਹੈ ਤਾਂ ਰਾਣੀ ਸਭਨਾਂ ਸਖੀਆਂ ਨੂੰ ਵਖ ਕਰਕੇ ਬਾਬੇ ਦੇ ਚਰਨਾਂ ਤੇ ਗਿੜ ਪੜੀ ਅਰ ਕਹਿਆ ਕਿ ਹੇ ਮਹਾਰਾਜ ਦੋ ਬਰਸ ਹੋਏ ਹਨ ਤਾਂ ਮੇਰੇ ਘਰ ਬੇਟੀ ਜਨਮੀ ਸੀ ਅਰ ਮੈਂ ਰਾਜਾ ਨੂੰ ਡਰ ਦੇ ਮਾਰਿਆਂ ਜੋ ਹੋਰ ਵਿਆਹ ਨਾ ਕਰ ਲਵੇ ਕਹਿਆ ਕੇ ਪੁਤਰ ਜਨਮਿਆ ਹੈ ਅਤੇ ਹੋਰ ਰਾਜੇ ਨੂੰ ਕਹਿਆ ਕਿ ਪੰਡਤ ਕਹਦੇ ਹਨ ਜੋ ਤੁਸਾਂ ਚਾਰ ਵਰੇ ਪੁਤ੍ਰ ਦੇ ਮੁਖ ਨਹੀਂ ਲਗਣਾ ਸੋ ਦੋ ਬਰਸ ਬੀਤੇ ਹਨ ਅਰ ਦੋ ਬਰਸ ਰਹਿੰਦੇ ਹਨ ਤਾਂ ਤੇ ਮੇਰੇ ਮਨ ਮੈਂ ਬਡੀ ਚਿੰਤਾ ਹੈ ਅਰ ਸੰਭ ਚਿੰਤਾ ਮਿਟਾਉਣ ਜੋਗ ਹੈਂ ਤਾਂ ਬਚਨ ਹੋਇਆ ਕਿ ਮਹਾਰਾਜ ਸਮਰਥ ਹੈ ਚਾਹੇ ਤਾਂ ਇਸਤ੍ਰੀ ਕਾ ਪੁਰਖ ਕਰ ਲਵੇ ਅਰ ਚਾਹੇ ਤੋ ਪੁਰਖ ਕੋ ਇਸਤ੍ਰੀ ਕਰੇ ਸੋ ਤੂੰ ਪੁਰਖ ਭਗਵਾਨ ਕਾ ਧਿਆਨ ਕਰ ਅਰ ਮਹਾਰਾਜ ਕੇ ਜੋ ਭੇਖ ਕਾ ਸੰਤ ਸਾਧ ਆਵੇ ਤਿਸ ਕੀ ਸੇਵਾ ਕਰਨੀ ਅਰ ਛਲ ਨਹੀਂ ਕਰਨਾ ਕਜੋਂਕਿ ਭੇਖ ਮੋ ਅਲੇਖ ਹੋਤਾ ਹੈ ਅਤੇ ਇਸ ਲੜਕੇ ਕੋ ਇਸ ਤਾਲ ਮੈਂ ਇਸਨਾਨ ਕਰਵਾਇ ਸੋ ਜਬ ਉਸ ਨੇ ਬਸਤਰ ਬੇਟੀ ਕੇ ਉਤਾਰੇ ਤਾਂ ਉਸਦੇ ਸਭ ਅੰਗ ਲੜਕਿਆਂ ਕੇ ਦ੍ਰਿਸਟ ਆਏ ਤਬ ਉਸਨੇ ਪੁਤ੍ਰ ਕੋ ਇਸਨਾਨ ਕਰਾ ਕੇ ਜਿਤਨੇ ਮੋਤੀ ਅਤੇ ਭੂਖਣ ਲਿਆਈ ਸੀ ਸੋ ਸਭ ਪੁੰਨ ਕਰਕੇ ਅਥਿਤਾਕੋ ਦੇ ਦੀਏ ਅਰ ਬਾਬੇ ਦੇ ਅਗੇ ਮਥਾ ਟੇਕਿਆ ਅਰ ਸਤਿਨਾਮ ਕਾ ਉਪਦੇਸ ਸੁਣਕੇ ਬੇਟੇ ਕੋ ਨਾਲ ਲਿਆਈ ਅਰ ਰਾਜੇ ਨੂੰ ਕਹਿਆ ਕਿ ਜਉਨਸਾ ਬਾਬਾ ਨਾਨਕ ਸੁਣੀਦਾ ਸੀ ਸੋ ਇਹੀ ਹੈ ਕਜੋਂਕਿ ਮੈਂ ਤੇਰੇ ਭੈ ਕਰ ਬੇਟੀ ਕੋ ਬੇਟਾ ਕਹਿਆ ਥਾ ਪਰ ਉਸਨੇ ਬੇਟੀ ਕਾ ਬੇਟਾ ਕਰ ਦੀਆ ਹੈ ਤਾਂ ਰਾਜੇ ਨੇ ਏਹ ਬਚਨ ਸੁਣਕੇ ਬਡੇ ਪੁੰਨ ਕੀਏ ਅਰ ਆਪ ਪੈਰੋਂ ਨੰਗਾ ਆਇਆ ਅਰ ਆਕਰ ਸਤਿਗੁਰਾਂ ਦੀ ਚਰਨੀ ਲਗਾ ਤਾਂ ਬਚਨ ਹੋਇਆ ਪੁਰਖਾ ਤੇਰੀ ਸਰਧਾ ਕਰ ਈਹਾਂ ਆਏ ਹਾਂ ਅਤੇ ਜੋ ਪ੍ਰਸਨ ਕਰਨਾ ਹੈ ਸੋ ਕਰ ਤਾਂ ਉਸ ਆਖਿਆ ਬਰਤਾਂ ਮੈਂ ਬਰਤ ਵਿਸੇਖ ਕੌਨਸਾ ਹੈ ਤਾਂ ਬਚਨ ਹੋਇਆ ਨਾਮ ਕਾ ਬਰਤ ਸਭਸੇ ਵਿਸੇਖ ਹੈ ਤਾਂ ਉਸ ਕਹਿਆ ਕਿ ਇਕਾਦਸੀ ਭੀ ਵਸੇਖ ਕਹਤੇ ਹੈਂ ਤਬ ਬਚਨ ਹੋਇਆ ਕਿ ਇਕਾਦਸੀ ਭੀ ਵਸੇਖ ਹੈ ਪਰ ਜਿਸਮੋ ਨਾਮ ਚਿਤ ਆਵੇ ਸੋ ਤੂੰ ਆਪ ਕੋ ਸਰੀਰ ਦਾ ਸਾਖੀ ਜਾਣ ਸਰੀਰ ਹੀ ਨਾ ਜਾਨ ਕਜੋਂਕਿ ਜਿਸਕੀ ਜੋਤ ਕਰ ਅਪਵਿਤਰ ਸਰੀਰ ਪਵਿਤਰ ਹੋ ਖਲੋਤਾ ਹੈ ਤਾਂ ਰਾਜਾ ਸੁਣਕੇ ਪ੍ਰਸੰਨ ਹੋਇਆ ਅਰ ਕਹਯਾ ਕਿ

ਮੁਝੇ ਉਪਦੇਸ ਕਰੋ ਤਾਂ ਬਾਬਾ ਜੀ ਨੇ ਆਸਾ ਰਾਗ ਵਿਚ ਸਬਦ ਬੋਲਿਆ ॥

ਆਸਾ ਮਹਲਾ ੧ ॥ ਕਾਇਆਂ ਕਾਗਦ ਮਨ ਪਰਵਾਣਾ ॥ ਸਿਰ ਕੇ ਲੇਖਨ ਪੜੈ ਇਆਣਾ ॥ ਦਰਗਹਿ ਘੜੀਅਹਿ ਤੀਨੇ ਲੇਖ ॥ ਖੋਟਾ ਕਾਮਿ ਨ ਆਵੈ ਵੇਖ ॥ ੧ ॥ ਨਾਨਕ ਜੇ ਵਿਚ ਰੁਪਾ ਹੋਇ ॥ ਖਰਾ ਖਰਾ ਆਖੈ ਸਭ ਕੋਇ ॥ ੧ ॥ ਰਹਾਉ ॥ ਕਾਜੀ ਕੂੜ ਬੋਲਿਮਲੁ ਖਾਇ ॥ ਬ੍ਰਹਮਨ ਨਾਵੈ ਜੀਆ ਘਾਇ ॥ ਜੋਗੀ ਜੁਗਤ ਨ ਜਾਣੈ ਅੰਧੁ ॥ ਤੀਨੇ ਉਜਾੜੇ ਕਾ ਬੰਧੁ ॥ ੨ ॥ ਸੋ ਜੋਗੀ ਜੋ ਜੁਗਤ ਪਛਾਣੈ ॥ ਗੁਰਪਰਸਾਦੀ ਏਕੋ ਜਾਣੈ ॥ ਕਾਜੀ ਸੋ ਜੋ ਉਲਟੀ ਕਰੈ ਗੁਰਪਰਸਾਦੀ ਜੀਵਤ ਮਰੈ ॥ ੩ ॥ ਸੋ ਬ੍ਰਹਮਨ ਜੋ ਬ੍ਰਹਮ ਬੀਚਾਰੈ ॥ ਆਪ ਤਰੈ ਸਗਲੇ ਕੁਲ ਤਾਰੇ ॥ ਦਾਨਸ ਬੰਧ ਸੋਈ ਦਿਲ ਧੋਵੈ ॥ ਮੁਸਲਮਾਣ ਸੋਈ ਮਲ ਖੋਵੈ ॥ ਪੜਿਆ ਬੂਝੈ ਸੋ ਪਰਵਾਣ ॥ ਜਿਸ ਸਿਰ ਦਰਗਹ ਕਾ ਨੀਸਾਣ ॥ ੪ ॥

ਤਿਸਕਾ ਪਰਮਾਰਥ--ਸਾਹਿਬ ਬਚਨ ਕਰੈਂ ਹੈਂ ਕਿ ਇਹ ਕਾਇਆ ਜੋ ਸਰੀਰ ਹੈ ਸੋ ਇਹ ਕਾਗਦ ਅਰ ਮਨ ਜੋ ਹੈ ਸੋ ਇਸਕੇ ਊਪਰ ਪਰਵਾਨਾ ਲਿਖਿਆ ਹੂਆ ਹੈ ਅਤੇ ਜੋ ਕਾ ਲੇਖ ਹੈ ਸੋ ਪ੍ਰਥਮੇ ਹੀ ਇਸਕੇ ਸਰੀਰ ਪਰ ਲਿਖਿਆ ਹੂਆ ਹੈ ਅਰ ਮਾਤਾ ਕੇ ਗਰਭ ਮੈਂ ਜੋ ਇਹੁ ਆਪਣੀ ਚਤੁਰਾਈ ਕਰਤਾ ਹੈ ਅਰ ਸਿਰ ਕੇ ਲੇਖ ਕੋ ਨਹੀਂ ਜਾਣਤਾ ਸੋ ਦਰਗਾਹਿ ਮੈ ਤੀਨੋ ਗੁਣੋ ਕੇ ਲੇਖ ਲਿਖੇ ਹੈਂ ਪਰ ਜੋ ਅੰਦਰੋਂ ਖਰਾ ਹੋਤਾ ਹੈ ਸੋਈ ਕੰਮ ਆਵਤਾ ਜੈਸੇ ਰਾਜ ਦੁਆਰੇ ਪਰ ਟਕਸਾਲ ਮੇਂ ਤੀਨ ਘੜਤਾਂ ਘੜੀਤੀਆਂ ਹੈਂ ਜੋ ਸੋਨੇ ਕੀ ਅਰ ਰੁਪੇ ਕੀ ਅਰ ਤਾਂਬੇ ਕੀ ਪਰ ਜੋ ਵਿਚੋਂ ਖਰਾ ਹੋਤਾ ਹੈ ਸੋਈ ਕੰਮ ਆਵਤਾ ਹੈ ਤੈਸੇ ਤੀਨ ਪ੍ਰਕਾਰ ਕੇ ਮਨੁਖ ਹੈਨ ਸੋ ਤਿਨਾਂ ਵਿਚੋਂ ਇਕ ਤਾਮਸੀ ਹੈਨ ਸੋ ਅਠ ਪਹਰ ਜੁਧ ਮੈਂ ਰਹਤੇ ਹੈਂ ਪਰ ਉਹ ਭੀ ਜਪ ਦਾਨ ਕਰਤੇ ਹੈਂ ਅਰ ਨਾਮ ਜਪਦੇ ਹੈਂ ਤਾਂ ਅੰਦਰਹੁ ਸੁਧ ਹੋਤੇ ਹੈਂ ॥ ਅਰ ਏਕ ਰਾਜਸੀ ਆਪਣੇ ਵਿਵਹਾਰ ਵਾਲੇ ਹਨ ਸੋ ਭੀ ਜੇ ਪਰਮੇਸਰ ਕਾ ਨਾਮ ਜਪਤੇ ਹਨ ਅਰ ਵੰਡ ਖਾਤੇ ਹਨ ਤਾਂ ਉਹ ਭੀ ਸੁਧ ਹੋਤੇ ਹਨ ਅਰ ਏਕ ਸਾਂਤ ਕੀ ਜੋ ਭਜਨ ਸਿਮਰਨ ਵਾਲੇਹਨ ਸੋ ਉਨਕੇ ਅੰਦਰ ਭੀ ਅਭਮਾਨ ਨਹੀਂ ਹੋਤਾ ਅਰ ਸਭ ਕੋ ਪਰਮੇਸਰ ਰੂਪ ਕਰ ਜਾਣਤੇ ਹੈਂ ਤਾਂਤੇ ਸੋਈ ਵਿਸੇਖ ਹੈਂ ਜੋ ਅੰਦਰੋਂ ਸਚੇ ਹਨ ਅਰ ਜੋ ਪਖੰਡੀ ਹਨ ਸੋ ਕੰਮ ਨਹੀਂ ਆਵਤੇ ਕਜੋਂਕਿ ਜੋ ਕਾਜੀ ਅਰ ਰਾਜਾ ਹੋਇਕੇ ਨਿਆਉਂ ਨਹੀਂ ਕਰਤਾ ਸੋ ਵਿਖ ਕੋ ਖਾਤਾ ਹੈ ਅਰ ਨਰਕ ਕਉ ਜਾਤਾ ਹੈ ਅਰ ਬ੍ਰਹਮਣ ਜੋ ਉਪਰੋਂ ਇਸਨਾਨ ਕਰਤਾ ਹੈ ਅਰ ਅੰਦਰੋਂ ਜੀਆਂ ਕੋ ਦੁਖ ਦੇਤਾ ਹੈ ਅਰ ਪਰਾਈ ਲਛਮੀ ਲੈ ਲੈ ਖਾਤਾ ਹੈ ਸੋ ਨਰਕ ਕਉ ਪ੍ਰਾਪਤ ਹੋਤਾ ਹੈ ਅਰ

ਜੋ ਜੋਗੀ ਪ੍ਰਾਣਾ ਕੀ ਸੁਚੇਤਗੀ ਨਹੀਂ ਰਖਤਾ ਅਰ ਪਾਖੰਡ ਕਰਕੇ ਲੋਕਾਂ ਕੋ ਦਿਖਾਵਤਾ ਹੈ ਸੋ ਅਗਿਆਨੀ ਅੰਧ ਹੈ ਪਰ ਏਹ ਪ੍ਰਾਣ ਬਡਾ ਧੰਨ ਅਰ ਜੋ ਪ੍ਰਾਣਾ ਕਾ ਸੰਭਾਲਾ ਨਹੀਂ ਕਰਤਾ ਸੋ ਔਖਰ ਮੈਂ ਮੁਹਾਵਤਾ ਹੈ ਪਰ ਜੇ ਅੰਦਰ ਪਰਮੇਸਰ ਕਾ ਨਾਮ ਹੋਵੈ ਤੋ ਤੀਨੋ ਹੀ ਸਫਲ ਹੈ ਤਾਂਤੇ ਬੁਧਵਾਨ ਸੋਈ ਹੈ ਜੋ ਆਪਣੀ ਹਉਮੈ ਕੀ ਮਲ ਧੋਤਾ ਹੈ ਅਰ ਪੜਿਆ ਸੋਈ ਹੈ ਜੋ ਗੁਰਾਂ ਦੇ ਬਚਨ ਕਹੇ ਕਮਾਂਵਦਾ ਹੈ ॥ ਪਰ ਜੋ ਅੰਦਰਹੁ ਸੁਧ ਹੈ ਸੋਈ ਵਿਸੇਖ ਏਹ ਵਚਨ ਸੁਣਕੇ ਰਾਜਾ ਚਰਨਾ ਪਰ ਗਿਰ ਪੜਾ ਅਰ ਕਹਿਆ ਕਿ ਮੈਂ ਹਉਮੈ ਕੀ ਮੈਲ ਸੇ ਭਰਿਆ ਹੂਆ ਹੋਂ ਸੋ ਤੁਸੀਂ ਕਿਰਪਾ ਕਰਕੈ ਮੈਲ ਮੇਰੀ ਸਭ ਕਟੋ ਤਾਂ ਬਚਨੰ ਹੋਇਆ ਕਿ ਏਕ ਭਗਤੀ ਜੋਗ ਹੈ ਅਰ ਅਸਟਾਂਗ ਜੋਗ ਹੈ ਸੋ ਜੋ ਅਸਟਾਂਗ ਜੋਗ ਕਰਕੈ ਆਪਨੇ ਪ੍ਰਾਣਾ ਨੂੰ ਪਰਮੇਸਰ ਨਾਲ ਲਾਵਤੇ ਹੈਂ ਸੋ ਭੀ ਪਰਮੇਸਰ ਨੂੰ ਪ੍ਰਾਪਤਿ ਹੋਤੇ ਹੈਂ ਅਰ ਜੋ ਭਗਤੀ ਕਰਕੈ ਸੰਤਾਂ ਦੀ ਸੇਵਾ ਕਰਤੇ ਹੈਂ ਅਰ ਪਰਮੇਸਰ ਕੇ ਨਾਮ ਸਾਥ ਪ੍ਰੀਤ ਲਾਵਤੇ ਹੈਂ ਸੋ ਭੀ ਮੁਕਤ ਕਉ ਪ੍ਰਾਪਤ ਹੋਤੇ ਹੈਂ ਤਾਂ ਰਾਜੇ ਨੇ ਪੁਛਿਆ ਕਿ ਹਠ ਜੋਗ ਕੇ ਅਠ ਅੰਗ ਕੇਹੜੇ ਹਨ ਤਾਂ ਬਚਨ ਹੋਇਆ ਪ੍ਰਥਮੇ ਜੋਗ ਕੇ ਅਠ ਅੰਗ ਏਹ ਹਨ ੧. ਪ੍ਰਥਮੇਂ ਯਮ ਹੈ ਸੋ ਭੀ ਦਸ ਪ੍ਰਕਾਰ ਕੇ ਹੈਂ--ਛੰਦ ॥ ਪ੍ਰਥਮ ਅਹਿੰਸਾ ਧਰਤ ਜਾਨ ਅਸ ਤੇ ਸਤ ਆਗੇ ॥ ਬ੍ਰਹਮ ਚਰਜ ਦ੍ਰਿੜ ਕਰੈ ਖਿਮਾ ਧ੍ਰਿਤ ਸੋ ਅਨਰਾਗੇ ॥ ਦਇਆ ਬਡੋ ਗੁਨ ਹੋਇਆਰਜ ਵਰਿ ਦੇ ਸੋ ਆਨੇ ॥ ਮਿਤ ਅਹਾਰ ਪੁਨ ਕਰੇ ਸੋਚ ਨੀਕੀ ਬਿਧਠਾਨੇ ॥ ਏਹ ਦਸ ਪ੍ਰਕਾਰ ਕੇ ਯਮ ਕਹੇ ਹਠ ਪ੍ਰਦੀਪਕਾ ਗ੍ਰੰਥ ਮੈ ॥ ਜਬ ਪਹਲੇ ਏਹ ਸਾਧੇ ਤਬ ਚਲੇ ਜੋਗ ਕੇ ਪੰਥ ਮੈਂ ॥ ਅਥਨੇਮ ਲਿਖਜਤੇ ॥ ਤਪ ਸੰਤੋਖ ਗ੍ਰਹੇ ਬੁਧ ਆਸਥਕ ਮਨ ਆਨੇ ॥ ਦਾਂਨਿ ਸਮਝ ਕਰਦੇਇ ਮਾਨਸੀ ਪੂਜਾ ਠਾਨੈ ॥ ਵਚਨ ਸਿਧਾਂਤ ਸੁਣੇ ਲਾਜ ਮਤਿ ਦ੍ਰਿੜਤਾ ਰਾਖੈ ॥ ਜਾਪ ਕਰੈ ਮੁਖ ਮੋਨ ਤਹਾ ਲਗ ਬਚਨ ਨ ਭਾਖੈ ॥ ਹੋਮ ਕਰੈ ਰਸ ਇੰਦ੍ਰੀਆਂ ਜੈਸੀ ਬਿਧ ਸਤਿਗੁਰ ਕਹੇ ॥ ਏਹ ਦਸ ਪ੍ਰਕਾਰ ਕੇ ਨੇਮ ਹੈਂ ਭਾਗ ਬਿਨਾਂ ਕੈਸੇ ਲਹੇ ॥ ਬਹੁੜੋ ਤੀਸਰਾ ਪਦਮ ਦ੍ਰਿੜ ਰਾਖੈ ਪਦਮ ਆਸਨ ਕਰੀਏ ਜੋ ਖਬੇ ਸਥਲ ਉਤੇ ਸਜਾ ਪੈਰ ਰਖਣਾ ਅਰ ਸਜੇ ਸਥਲ ਤੇ ਖਬਾ ਪੈਰ ਰਖਣਾ ਅਰ ਦੋਹਾਂ ਹਥਾਂ ਨਾਲ ਦੋਵੇਂ ਅੰਗੂਠੇ ਪਕੜ ਰਖਣੇ ਅਰ ਤ੍ਰਿਕੁਟੀ ਵਲ ਧਿਆਨ ਰਖੇ ਅਰ ਸ੍ਵਾਸ ਸ੍ਵਾਸ ਪ੍ਰਤਿ ਸੋਹੰਕਾ ਜਾਪ ਕਰੇ ਸੋ ਏਹ ਆਸਣ ਹੈ ॥ ਅਰ ਚਉਥਾ ਪ੍ਰਾਣਾਯਾਮ ਜੋ ਸ੍ਵਾਸਾਂ ਕੋ ਬਾਹਰ ਕਉ ਖਿਚ ਕੇ ਅੰਦਰ ਕਉ ਲਿਆਵਤਾ ਹੈ ਸੋ ਸਨੇ ਸਨੇ ਲਿਆਂਵਦਾ ਭੀ ਸੋਹੰਕਾ ਜਾਪ ਕਰੇ ਅਰ ਫੇਰ ਨਾਭ ਮੇਂ ਠਹਰਾਏ ਤਹਾਂ ਭੀ ਸੋਹੰਕਾ ਜਾਪ ਅਰ ਫੇਰ ਸਨੇ ਸਨੇ ਬਾਹਰ ਲਿਆਵੇ ਸੋ ਬਾਹਰ ਲਿਆਂਵਦਿਆਂ ਭੀ ਸੋਹੰਕਾ ਜਾਪ ਕਰੈ ॥ ਅਰ ਬਾਹਰ ਭੀ ਥੰਭ ਰਖੇ ਤਦ ਭੀ

ਸੋਹੰਕਾ ਜਾਪ ਕਰੇ ਸੋ ਪ੍ਰਾਣਾਯਾਮ ਕਹੀਤਾ ਹੈ ਅਰ ਇਕਤ ਦੇਸ ਜਿਥੇ ਮਨੁਖ ਕੋਈ ਨ ਹੋਵੈ ਤਿਥੈ ਬੈਠਕੇ ਜਾਪ ਕਰੇ ਅਰ ਧਯਾਨ ਕਹੀਏ ਜੋ ਵਿਸਨ ਕੇ ਧਿਆਨ ਮੈਂ ਮਨ ਕੋ ਠਹਰਾਵਣਾ ਅਰ ਗੁਰਾਂ ਕੇ ਧਿਆਨ ਮੈਂ ਤ੍ਰਿਕੁਟੀ ਕੇ ਧਿਆਨ ਮੈਂ ਕੈ ਨਾਸਕਾ ਕੇ ਇਸ ਪ੍ਰਕਾਰ ਧਿਆਨ ਠਹਰਾਵਤਾ ਹੈ ਸੋ ਧਿਆਨ ਛੇਵਾਂ ਅੰਗ ਹੈ ਅਰ ਧਾਰਨਾ ਸਤਵਾਂ ਅੰਗ ਹੈ ਸੋ ਧਾਰਨਾਂ ਕਹੀਏ ਕਿ ਮਨ ਨਾਂ ਠਹਰੇ ਤਾਂ ਫੇਰ ਆਨ ਠਹਰਾਵਨਾਂ ॥ ਅਤੇ ਅਠਵਾਂ ਅੰਗ ਸਮਾਧ ਹੈ ਜੋ ਅਠ ਪਹਰ ਈਸਰ ਕੇ ਧਿਆਨ ਮੇਂ ਮਨ ਠਹਿਰਿਆ ਰਹੇ ਸੋ ਜੋਗ ਕੇ ਅਠ ਅੰਗ ਹੈਂ ਅਰ ਜੋ ਭਗਤੀ ਜੋਗ ਹੈ ਸੋ ਸਹਜ ਸਮਾਧ ਹੈ ਜੋ ਪਿਛਲੀ ਰਾਤ ਉਠ ਕੇ ਗੁਰਾਂ ਦੀ ਬਾਣੀ ਪੜਨੀ ਇਸਨਾਨ ਕਰਕੇ ਅਤੇ ਫੇਰ ਜੇ ਦਿਨ ਹੋਵੇ ਤਾਂ ਕਿਸੇ ਸਮੇਂ ਕੀਰਤਨ ਸੁਣਨਾ ਅਰ ਕਿਸੇ ਵੇਲੇ ਕਥਾ ਸੁਣਨੀ ਅਰ ਕਿਸੇ ਵੇਲੇ ਕੀਰਤਨ ਗਾਵਣਾ ਅਰ ਕਿਸੇ ਵੇਲੇ ਬਾਣੀ ਪੜਨੀ ਅਰ ਕਿਸੇ ਵੇਲੇ ਸੰਤਾਂ ਕੀ ਟਹਲ ਕਰਨੀ ਅਰ ਆਪਣੇ ਅੰਦਰ ਹਉਮੈਂ ਨਾ ਲਿਆਵਣੀ ਅਤੇ ਏਹ ਭਗਤ ਜੋਗ ਹੈ ਸੋ ਇਸ ਪ੍ਰਕਾਰ ਜੀਵਨ ਮੁਕਤ ਹੋਤਾ ਹੈ ਅਰ ਜੋ ਜੀਵ ਹੈਂ ਸੋ ਭਜਨ ਤੋਂ ਬਿਨਾ ਆਪਣਾ ਜੀਵਣਾ ਵਿਅਰਥ ਗਵਾਵਤੇ ਹੈਂ ਤਬ ਗੁਰੂ ਨਾਨਕ ਜੀ ਗਉੜੀ ਕੇ ਰਾਗ ਮੈਂ ਸਬਦ ਬੋਲਿਆ ॥

ਗਉੜੀ ਬੈਰਾਗਣਿ ਮਹਲਾ ੧ ॥ ਰੈਣਿ ਗਵਾਈ ਸੋਇਕੈ ਦਿਵਸੁ ਗਵਾਇਆ ਖਾਇ ॥ ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ ॥ ੧ ॥ ਨਾਮੁ ਨ ਜਾਨਿਆ ਰਾਮ ਕਾ ॥ ਮੂੜੇ ਫਿਰ ਪਾਛੈ ਪਛਤਾਹਿ ਰੇ ॥ ੧ ॥ ਰਹਾਉ ॥ ਅਨਤਾ ਧਨੁ ਧਰਣੀ ਧਰੇ ਅਨਤ ਨ ਚਾਹਿਆ ਜਾਇ ॥ ਅਨਤ ਕਉ ਚਾਹਨ ਜੋ ਗਏ ਸੋ ਆਏ ਅਨਤ ਗਵਾਇ ॥ ੨ ॥ ਆਪਣ ਲੀਆ ਜੇ ਮਿਲੈ ਤਾ ਸਭੁ ਕੋ ਭਾਗਠੁ ਹੋਇ ॥ ਕਰਮਾ ਉਪਰਿ ਨਿਬੜੈ ਜੇ ਲੋਚੈ ਸਭੁ ਕੋਇ ॥ ੩ ॥ ਨਾਨਕ ਕਰਣਾ ਜਿਨਿ ਕੀਆ ਸੋਈ ਸਾਰ ਕਰੇਇ ॥ ਹੁਕਮੁ ਨ ਜਾਪੀ ਖਸਮ ਕਾ ਕਿਸੈ ਵਡਾਈ ਦੇਇ ॥ ੪ ॥

ਤਿਸਕਾ ਪਰਮਾਰਥ:--ਸ੍ਰੀ ਗੁਰੂ ਨਾਨਕ ਦੇਵ ਜੀ ਕਹਤੇ ਹਨ ਕਿ ਇਹ ਜਗਤ ਦੇ ਜੋ ਜੀਵ ਹਨ ਸੋ ਰਾਤ ਨੂੰ ਸਉਂਕੇ ਗਵਾਇਦੇ ਹਨ ਅਰ ਦਿਨ ਖਾਵਣ ਦੇ ਧੰਧਿਆਂ ਵਿਚ ਗਵਾਇਦੇ ਹਨ ਪਰ ਏਕ ਏਕ ਜੋ ਸਵਾਸ ਹੈ ਸੋ ਹੀਰੇ ਜੈਸਾ ਅਰ ਮੋਤੀ ਜੈਸਾ ਹੈ ਅਰ ਓਹ ਵਿਖਿਆਂ ਕੇ ਭੋਗਹੁ ਵਿਖੇ ਗਵਾਵਤੇ ਹੈਂ ਅਤੇ ਜੋ ਸੁਖਾਲੀ ਸਾਸੀ ਵਾਹਗੁਰੂ ਨੂੰ ਧਿਆਵਦੇ ਹਨ ਸੋ ਮਰਦੀ ਵਾਰੀ ਪਛੋ ਨਹੀ ਤਾਵਦੇ ਅਰ ਅਨਿਤ ਧਨ ਜੋੜਾ ਹੈ ਸੋ ਪਾਪ ਕਰਕੇ ਇਕਤ੍ਰ ਕਰ ਕਰ ਧਰਤੀ ਵਿਚ ਦਬਤੇ ਹਨ ਅਰ ਇਕਠਾ ਕਰਤੇ ਹਨ

ਅਤੇ ਅਨੰਤ ਜੋ ਪਰਮੇਸਰ ਕਾ ਨਾਮ ਹੈ ਸੋ ਨਹੀਂ ਚਾਹਤੇ ਤਾਂਤੇ ਜੋ ਅਨਿਤ ਪਦਾਰਥਾਂ ਕਉ ਚਾਹਤੇ ਹੈਂ ਸੋ ਆਪਣਾ ਮਨੁਖਾ ਜਨਮ ਈਵੇਂ ਗਵਾਵਤੇ ਹੈਂ ਅਰ ਓਹ ਪਦਾਰਥ ਭੀ ਕਰਮਾਂ ਦੇ ਲੇਖ ਲਿਖੇ ਬਿਨਾ ਹਥ ਨਹੀਂ ਆਵਤੇ ਗੁਰੂ ਨਾਨਕ ਜੀ ਕਹਦੇ ਹਨ ਕਿ ਜਿਸ ਈਸਰ ਨੇ ਜਗਤ ਕਉ ਕੀਤਾ ਹੈ ਸੋਈ ਗੁਰੂ ਸੰਤ ਰੂਪ ਹੋਇਕੇ ਜੀਆਂ ਕੀ ਸਾਰ ਲੇਤਾ ਹੈ ਅਰ ਗਿਆਨ ਅਰ ਨਾਮ ਦੇਤਾ ਹੈ ਪਰ ਵਾਹਗੁਰੂ ਕਾ ਹੁਕਮ ਨਹੀਂ ਜਾਤਾ ਜਾਂਦਾ ਜੋ ਕਿਸ ਨੂੰ ਨਾਮ ਦੀ ਵਡਿਆਈ ਦੇਇ ਤਾਂ ਏਹ ਵਚਨ ਸੁਣਕੇ ਰਾਜੇ ਹਥ ਜੋੜ ਕੇ ਅਰਦਾਸ ਕੀਤੀ ਜੀ ਮਨ ਦਾ ਤਾਂ ਵਿਸਾਹੁ ਕੁਝ ਨਹੀਂ ਜੋ ਇਕਦੂੰ ਵਚਨ ਸੁਣਦਾ ਹੈ ਅਰ ਇਕ ਦੂੰ ਭਲਾਇ ਦੇਂਦਾ ਹੈ ਸੋ ਜੇ ਤੁਸਾਡਾ ਸਦੀਵ ਹੀ ਦਰਸਨ ਹੋਂਦਾ ਰਹੇ ਤਾਂ ਸਾਡਾ ਕਲਿਆਣ ਹੋਵੈ ਤਾਂ ਬਚਨ ਹੋਇਆ ਕਿ ਅਸਾਡੇ ਦੋਇ ਰੂਪ ਹੈਨ ਜੋ ਸਰਗੁਣ ਰੂਪ ਸਰੀਰ ਹੈ ਅਰ ਨਿਰਗੁਣ ਰੂਪ ਸਬਦ ਹੈਂ ਪਰ ਸਰੀਰਾਂ ਦਾ ਦਰਸਨ ਸਦਾ ਨਹੀਂ ਹੁੰਦਾ ਅਰ ਸਬਦ ਰੂਪ ਦਾ ਸਦਾ ਦਰਸਨ ਹੋਤਾ ਹੈ ਅਤੇ ਫਿਰ ਬਾਬਾ ਜੀ ਨੇ ਓਥੇ ਪ੍ਰਾਣ ਸੰਗਲੀ ਕਾ ਉਚਾਰ ਕੀਤਾ ਤਾਂ ਪੋਥੀ ਲਿਖਕੇ ਰਾਜੇ ਸਿਵਨਾਭ ਦੇ ਹਥ ਦਿਤੀ ਅਰ ਕਹਿਆ ਕਿ ਇਸ ਪੋਥੀ ਨੂੰ ਸਦੀਵ ਪੜਨਾ ਅਰ ਪ੍ਰਾਣਾ ਦਾ ਸੰਜਮ ਰਖਣਾ ਤਾਂ ਰਾਜੇ ਕਹਿਆ ਕਿ ਅਉਖਦ ਕੁਟੇ ਹੋਏ ਹੋਵਣ ਪਰ ਜੇ ਵੈਦ ਪਾਸ ਨ ਹੋਵੈ ਤਾਂ ਰੋਗ ਕਟੀਤਾ ਤੈਸੇ ਸਬਦ ਭੀ ਹੋਵੈ ਅਰ ਤੁਸੀ ਭੀ ਪਾਸ ਹੋਵੋਗੇ ਤਾਂ ਮੇਰਾ ਅਗਿਆਨ ਕਟੀਏਗਾ ਅਰ ਜੇ ਤੁਸੀਂ ਭੀ ਪਾਸ ਨਾ ਹੋਵੋਗੇ ਤਾਂ ਮੇਰਾ ਅਗਿਆਨ ਨਹੀਂ ਕਟੀਏਗਾ ਤਾਂ ਬਚਨ ਹੋਇਆ ਕਿ ਜੇ ਵੈਦ ਪਾਸ ਨ ਹੋਵੈ ਤਾਂ ਸਗਿਰਦ ਭੀ ਉਸਕੇ ਨਾੜਕਾ ਕੋ ਵੇਖਕੇ ਅਉਖਦ ਦੇਤੇ ਹਨ ਤਾਂ ਰੋਗ ਕਟੀਤਾ ਹੈ ਸੰਜਮ ਨਾਲ ॥ ਤੈਸੇ ਤੁਸਾਂ ਭੀ ਪ੍ਰਾਨ ਸੰਗਲੀ ਕਾ ਅਭਿਆਸ ਕਰਨਾ ਅਰ ਸਦਾ ਲੋਹ ਚੜੀ ਰਹੇ ਅਰ ਆਏ ਗਏ ਸੰਤ ਸਾਧ ਦੀ ਟਹਲ ਕਰਨੀ ਅਰ ਛਤ੍ਰੀ ਅੰਮ੍ਰਿਤ ਪ੍ਰਸਾਦ ਤਯਾਰ ਕਰਕੈ ਸਿਖਾਂ ਸੰਤਾਂ ਨੂੰ ਖਵਾਲਣੇ ਅਰ ਸੰਤਾਂ ਦਾ ਤੇ ਮੇਰਾ ਇਕ ਰੂਪ ਕਰ ਜਾਣਨਾ ॥

ਸਾਖੀ ਬਾਬਾ ਜੀ ਸਮੁੰਦਰ ਤੇ ਟੁਰੇ

ਤਾਂ ਏਹ ਉਪਦੇਸ ਦੇਇਕੇ ਬਚਨ ਹੋਇਆ ਮਰਦਾਨਿਆ ਚਲੀਏ ਪੰਜਾਬ ਦੀ ਧਰਤੀ ਮੇਂ ਤਾਂ ਮਰਦਾਨੇ ਆਖਿਆ ਜੀ ਅਸਾਂ ਮਾਨ ਸਰੋਵਰ ਨਹੀਂ ਡਿਠਾ ਤਾਂ ਬਚਨ ਹੋਇਆ ਮਰਦਾਨਿਆ ਤੂੰ ਰਬਾਬ ਉਤੇ ਅਸਵਾਰ ਹੋ ਅਤੇ ਅਸੀਂ ਖੜਾਵਾਂ ਉਤੇ ਅਸਵਾਰ ਹੋਂਦੇ ਹਾਂ ਅਤੇ ਤੂੰ ਸਾਡੇ ਪਿਛੇ ਚਲਿਆ ਆਵੇਂ ਅਤੇ ਵਾਹਗੁਰੂ ਵਾਹਗੁਰੂ ਆਖਦਾ ਆਵੇਂ ਤਾਂ ਮਰਦਾਨਾਂ ਵਾਹਗੁਰੂ ਵਾਹਗੁਰੂ ਆਖਦਾ ਆਵੇ ਅਰ ਬਾਬਾ ਜੀ ਤੇ ਮਰਦਾਨਾ

ਦੋਨੋਂ ਸਮੁੰਦਰ ਉਤੇ ਟੁਰੇ ਜਾਵਣ ਤਾਂ ਮਰਦਾਨੇ ਦਿਲ ਵਿਚ ਵਿਚਾਰਿਆ ਕਿ ਮੈਂ ਵੇਖਾਂ ਖਾਂ ਬਾਬਾ ਨਾਨਕ ਜੀ ਕੀ ਆਖਦੇ ਹਨ ਤਾਂ ਬਾਬਾ ਨਾਨਕ ਜੀ ਸੋਹੰ ਸੋਹੰ ਕਾ ਜਾਪ ਕਰੇ ਜਾਪ ਕਰੇ ਜਾਂਦੇ ਹੈਸਨ ਤਾਂ ਮਰਦਾਨਾ ਭੀ ਲਗਾ ਸੋਹੰ ਜਪਣ ਤਾਂ ਫਿਰ ਮਰਦਾਨਾ ਲਗੇ ਗੋਤੇ ਖਾਵਣ ਤਾਂ ਬਾਬੇ ਦੇਖਿਆ ਅਤੇ ਕਹਿਆ ॥ ਗੁਰ ਕਹਿਆਸਾ ਕਾਰ ਕਮਾਵਹੁ ਗੁਰੂ ਕੀ ਕਰਨੀ ਕਾਹੇ ਧਾਵਹੁ ॥ ਤਾਂ ਮਰਦਾਨਾ ਫੇਰ ਵਾਹਗੁਰੂ ਲੰਗਾ ਜਪਣ ਅਰ ਸਮੁੰਦਰ ਤੇ ਭੀ ਟੁਰਣ ਲਗਾ ਤਾਂ ਫਿਰ ਬਚਨ ਹੋਇਆ ਮਰਦਾਨਿਆ ਅਖੀ ਮੀਟ ਸੌ ਜਾਂ ਉਸ ਅਖਾਂ ਮੀਟੀਆਂ ਤਾਂ ਮਰਦਾਨਾ ਕਿਆ ਦੇਖੇ:--

ਸਾਖੀ ਹਾਰੂ ਸਹਿਰ ਦੀ

ਹਾਰੂ ਸਹਿਰ ਵਿਚ ਬੈਠੇ ਹੋਏ ਹੈਂ ਸੋ ਉਥੋਂ ਦਾ ਰਾਜਾ ਜੋਗੀ ਦਾ ਸਿਖ ਸੀ ਜੋਗੀ ਅਨੀਸਰਵਾਦੀ ਸਰੇਵੜਾ ਸੀ ਅਰ ਉਹ ਆਪ ਨੂੰ ਪਰਮੇਸਰ ਕਹਾਂਵਦਾ ਸੀ ਅਰ ਜਦ ਉਸ ਦੇਸ ਮੀਂਹ ਨਹੀਂ ਹੁੰਦਾ ਸੀ ਤਾਂ ਉਸ ਸਰੇਵੜੇ ਪਾਸ ਰਾਜਾ ਪਰਜਾ ਸਮੇਤ ਆਂਵਦਾ ਸੀ ਅਰ ਉਹ ਜੰਤ੍ਰ ਮੰਤ੍ਰ ਕਰ ਮੀਂਹ ਵਰਸਾਂਵਦਾ ਸੀ ਅਤੇ ਹੋਰ ਜੇ ਕੋਈ ਪੁਤ੍ਰ ਕਾਮਨਾ ਅਥਵਾ ਹੋਰ ਕੋਈ ਕਾਮਨਾ ਕਰ ਉਸ ਪਾਸ ਜਾਵੇ ਤਾਂ ਜੰਤਰ ਮੰਤਰ ਕਰਕੇ ਉਹ ਉਨਾਂ ਦੀ ਕਾਮਨਾ ਪੂਰੀ ਕਰ ਦੇਂਦਾ ਸੀ ਤਾਂਤੇ ਸਭੇ ਲੋਕ ਉਸੇ ਦਾ ਸਿਮਰਨ ਕਰਨ ਅਰ ਪਰਮੇਸਰ ਨੂੰ ਕੋਈ ਨਾ ਜਾਣੇ ਅਤੇ ਬਾਬਾ ਜੀ ਤੇ ਮਰਦਾਨਾ ਓਥੇ ਬੈਠਕੇ ਪਰਮੇਸਰ ਦੀ ਉਪਮਾ ਗਾਵਣ ਲਗੇ ਤਾਂ ਰਾਜਾ ਅਤੇ ਪਰਜਾ ਨੇ ਆਇ ਬਾਬੇ ਪਾਸ ਮਥਾ ਟੇਕਿਆ ਤਬ ਬਾਬੇ ਪੁਛਿਆ ਤੁਸੀਂ ਪਰਮੇਸਰ ਦਾ ਨਾਮ ਕਿਉਂ ਨਹੀਂ ਜਪਦੇ ਤਾਂ ਉਨਾਂ ਕਹਿਆ ਕਿ ਅਸਾਡਾ ਗੁਰੂ ਕਹਿੰਦਾ ਹੈ ਜੋ ਪਰਮੇਸਰ ਹੋਰ ਕੋਈ ਨਹੀਂ ਕਯੋਂਕਿ ਜੈਸੇ ਬ੍ਰਿਛ ਕੇ ਬੀਜ ਸੇ ਬ੍ਰਿਛ ਹੋਤਾ ਹੈ ਅਰ ਜੈਸਾ ਬੀਜ ਹੋਤਾ ਹੈ ਤੈਸਾ ਹੀ ਬ੍ਰਿਛ ਹੋਤਾ ਹੈ ਸੋ ਤੈਸੇ ਹੀ ਮਨੁਖ ਸੇ ਮਨੁਖ ਹੋਤਾ ਹੈ ਅਤੇ ਹੋਰ ਕੋਈ ਪਰਮੇਸਰ ਨਹੀਂ ਹੈ ਤਾਂਹੀ ਤੇ ਅਸੀਂ ਪੂਜਾ ਜੋਗੀ ਦੀ ਕਰਦੇ ਹਾਂ ਅਤੇ ਜੋ ਕਾਮਨਾ ਹੋਤੀ ਹੈ ਸੋ ਉਹ ਜੋਗੀ ਸਾਨੂੰ ਦੇਂਦਾ ਹੈ ਤਾਂ ਬਾਬੇ ਨੇ ਉਸ ਦੀ ਕਲਾ ਛਿਕ ਲਈ ਅਰ ਮੀਂਹ ਬਰਸਣ ਤੋਂ ਰਹਿ ਗਿਆ ਅਰ ਖੂਹ ਉਥੇ ਹੈ ਨਹੀਂ ਸਨ ਅਤੇ ਮੀਂਹਾਂ ਦੇ ਹੀ ਪਾਣੀ ਨੂੰ ਲੋਕ ਵਰਤਦੇ ਸਨ ਸੋ ਜਦ ਮੀਂਹ ਨਾ ਵਰਸਿਆ ਤਾਂ ਲੋਕ ਬਹੁਤ ਦੁਖੀ ਹੋਏ ਹਰ ਰਾਜਾ ਭੀ ਅਰ ਪਰਜਾ ਭੀ ਸਭ ਜੋਗੀ ਪਾਸ ਗਏ ਅਰ ਕਹਿਆ ਕਿ ਮੀਂਹ ਬਿਨਾ ਅਸੀਂ ਮਰਦੇ ਹਾਂ ਤਾਂ ਓਹ ਜੋਗੀ ਆਪਣੇ ਜੰਤਰ ਮੰਤਰ ਕਰ ਰਹਿਆ ਪਰ ਮੀਂਹ ਨਾ ਬਰਸਿਆ ਤਾਂ ਸਭ ਜੋਗੀ ਥੋਂ ਨਿਰਾਸ ਹੋਇਕੇ ਬਾਬੇ ਪਾਸ ਆਏ ਤਾਂ ਬਾਬੇ ਕਹਿਆ ਕਿ ਮੀਂਹ ਤਦ

ਬਖਸੇ ਜੋ ਤੁਸੀ ਸਤਿਨਾਮ ਕੋ ਜਾਪ ਕਰੋ ਅਰ ਗੁਰੂ ਕਾ ਕੜਾਹੁ ਕਰੋ ਅਤੇ ਜੋਗੀ ਨੂੰ ਨਾ ਮੰਨੋ ਤਾਂ ਉਨਾਂ ਆਖਿਆ ਜੀ ਭਲੀ ਬਾਤ ਤਾਂ ਉਨਾਂ ਸਭਨਾਂ ਨੇ ਇਕਠੇ ਹੋਇਕੇ ਕੜਾਹੁ ਕੀਤਾ ਤੇ ਸਤਿਨਾਮ ਕਾ ਮੰਤਰ ਪੜਿਆ ਅਰ ਹਥ ਜੋੜ ਕੇ ਅਰਦਾਸ ਕੀਤੀ ਤਾਂ ਬੜੀ ਮੇਘਾਂ ਕੀ ਬਰਖਾ ਹੋਈ ਤਾਂ ਫਿਰ ਜੋਗੀ ਸਰਮਿੰਦਾ ਹੋਇਕੇ ਗੁਰੂ ਨਾਨਕ ਜੀ ਦੀ ਚਰਨੀ ਆਇ ਲਗਾ ਤਾਂ ਬਾਬਾ ਜੀ ਨੇ ਉਸਨੂੰ ਭੀ ਸਤਨਾਮੁ ਕਾ ਮੰਤ੍ਰ ਦ੍ਰਿੜਾਇਆ ਅਰ ਸਭੇ ਸਿਖ ਹੋਏ ਤਾਂ ਉਨਾਂ ਅਰਦਾਸ ਕੀਤੀ ਜੀ ਗਰੀਬ ਨਿਵਾਜ ਤੁਸੀ ਏਥੇ ਸਦੀਵ ਵਸੋ ਤਾਂ ਬਚਨ ਹੋਇਆ ਕਿ ਅਸਾਡਾ ਸਰੀਰ ਸਰਗੁਣ ਰੂਪ ਹੈ ਅਰ ਬਾਣੀ ਨਿਰਗੁਣ ਰੂਪ ਹੈ ਸੋ ਮੇਰੀ ਬਾਣੀ ਦਾ ਤੁਸਾਂ ਅਭਿਆਸ ਸਦੀਵ ਕਰਨਾ ਅਤੇ ਜਦ ਤੁਸਾਨੂੰ ਕਾਮਨਾ ਹੋਵੈ ਤਦ ਕੜਾਹ ਕਰਕੇ ਅਰਦਾਸ ਕਰਨੀ ਅਰ ਸਬਦ ਪੜਨਾ ਤਦ ਤੁਸਾਡੀ ਕਾਮਨਾ ਵਾਹਗੁਰੂ ਪੂਰਨ ਕਰੇਗਾ ਸੋ ਏਹ ਉਪਦੇਸ ਦੇਕਰ ਬਾਬਾ ਜੀ ਟੁਰਨ ਲਗੇ ਤਾਂ ਰਾਜੇ ਨੇ ਆਖਿਆ ਜੋ ਜੀ ਤੁਸੀ ਕੁਝ ਭੇਟ ਲਹੋ ਸੋ ਮੋਤੀ ਅਰ ਜਵਾਹਰ ਦਾ ਅਗੇ ਢੇਰ ਆਨ ਕੀਤਾ ਤਾਂ ਬਚਨ ਹੋਇਆ ਕਿ ਅਸਾਡੇ ਪਾਸ ਨਾਮ ਰੂਪੀ ਜਵਾਹਰ ਹੈਨ ਅਰ ਏਹ ਅਸਾਨੂੰ ਨਹੀਂ ਚਾਹੀਤੇ ਤਾਂ ਮਰਦਾਨੇ ਕਹਿਆ ਗਰੀਬ ਨਿਵਾਜ ਕੋਈ ਤਾਂ ਲੈ ਲਈਏ ਤਾਂ ਬਚਨ ਹੋਇਆ ਕਿ ਮਰਦਾਨਿਆ ਏਹ ਮੋਤੀ ਜਿਤਨੇ ਹਨ ਸੋ ਦੁਖ ਰੂਪ ਹੈਨ ਅਰ ਪਰਮੇਸਰ ਕਾ ਨਾਮ ਜੋ ਹੈ ਸੋ ਸੁਖ ਦਾਈ ਹੈ ਸੋ ਤੈਨੂੰ ਪ੍ਰਾਪਤ ਹੋਇਆ ਹੈ ॥

ਬਾਬਾ ਜੀ ਕੋ ਰਾਕਸ਼ ਮਿਲੇ

ਤਾਂ ਬਾਬਾ ਜੀ ਉਥੋਂ ਟੁਰੇ ਅਰ ਮਹਾਂ ਉਦਿਆਨ ਦੇ ਰਾਹ ਰਾਕਸ ਪਾਉਂਦੇ ਸਨ ਸੋ ਉਸ ਰਾਹ ਆਏ ਤਾਂ ਅਗੋਂ ਰਾਕਸ ਆਨ ਮਿਲੇ ਤਾਂ ਮਰਦਾਨੇ ਆਖਿਆ ਜੀ ਸਾਨੂੰ ਤਾਂ ਰਾਕਸ ਖਾਇ ਜਾਵਨਗੇ ਤਾਂ ਬਚਨ ਹੋਇਆ ਮਰਦਾਨਿਆ ਤੂੰ ਸਬਦ ਪੜ ਅਰ ਰਾਕਸ ਤੇਰੇ ਅਗੇ ਮਥਾ ਆਇ ਟੇਕਨਗੇ ਤਾਂ ਮਰਦਾਨਾ ਅਤੇ ਬਾਬਾ ਦੋਨੋਂ ਬਿਰਛ ਦੇ ਤਲੇ ਬਹਿ ਗਏ ਤਾਂ ਮਰਦਾਨਾ ਲਗਾ ਸਬਦ ਗਾਵਣ ਤਾਂ ਜਿਉਂ ਜਿਉਂ ਰਾਕਸ ਨੇੜੇ ਆਵਣ ਤਿਉਂ ਤਿਉਂ ਉਨਾਂ ਦਾ ਰਿਦਾ ਸੁਧ ਹੁੰਦਾ ਜਾਵੇ ਅਤੇ ਫਿਰ ਬਾਬਾ ਜੀ ਕੇ ਪਾਸ ਤਿਨਾ ਆਇ ਮਥਾ ਟੇਕਿਆ ਤਾਂ ਬਾਬਾ ਜੀ ਨੇ ਪੁਛਿਆ ਭਾਈ ਤੁਸੀਂ ਕਵਨ ਹੋ ਉਨਾਂ ਆਖਿਆ ਜੀ ਅਸੀਂ ਰਾਕਸ ਹਾਂ ਅਤੇ ਮਨੁਖਾਂ ਦੇ ਅਹਾਰ ਕਰਨ ਵਾਲੇ ਹਾਂ ਅਤੇ ਅਸੀਂ ਬਹੁਤ ਦਿਨਾਂ ਦੇ ਭੁਖੇ ਸਾਂ ਪਰ ਤੁਸਾਡੇ ਦੀਦਾਰ ਕਰਕੇ ਸਾਨੂੰ ਸਾਂਤ ਆਈ ਹੈ ਤਾਂ ਬਚਨ ਹੋਇਆ ਤੁਸੀਂ ਸਾਨੂੰ ਅਹਾਰ ਕਰੋ ਤਾਂ ਫਿਰ ਉਨਾਂ ਆਖਿਆ ਜੀ ਸੁਆਮੀ ਤੁਸਾਡੇ

ਦਰਸਨ ਕਰਕੇ ਸਾਨੂੰ ਤ੍ਰਿਪਤ ਹੋ ਗਈ ਸੋ ਅਸੀਂ ਬਹੁਤ ਤ੍ਰਿਪਤਿ ਹੋਏ ਹਾਂ ਜੀ ਅਰ ਅਸੀਂ ਜਾਣਨੇ ਹਾਂ ਜੀ ਜੋ ਅਸਾਡਾ ਉਧਾਰ ਤੁਸਾਥੋਂ ਹੀ ਹੋਵੈਗਾ ਜੀ ਸੋ ਅਸਾਨੂੰ ਤੁਸੀ ਕੋਈ ਐਸਾ ਉਪਦੇਸ ਦੇਵੋ ਜੀ ਜੋ ਸਾਡੀ ਰਾਕਸ ਜੂਨ ਕਟੀਏ ਤਾਂ ਬਚਨ ਹੋਇਆ ਕਿ ਤੁਸਾਂ ਸਤਿਨਾਮੁ ਦਾ ਜਾਪ ਜਪਣਾ ਅਤੇ ਹਾਰੂ ਦੇਸ ਵਿਚ ਅਸੀਂ ਸਿਖੀ ਦ੍ਰਿੜਾਇ ਆਏ ਹਾਂ ਸੋ ਪ੍ਰਿਥਮੇ ਤਾਂ ਤੁਸਾਂ ਕੰਦ ਮੂਲ ਅਹਾਰ ਤੋਂ ਬਿਨਾਂ ਹੋਰ ਅਹਾਰ ਨਾ ਕਰਨਾ ਅਤੇ ਦੂਸਰਾ ਜਿਥੇ ਸਿਖ ਇਕਠੇ ਹੋਇ ਬੈਠਣ ਉਥੇ ਜਾਣਾ ਅਰ ਸਿਖਾਂ ਦੇ ਜੋੜੇ ਝਾੜਨੇ ਅਤੇ ਸਬਦ ਸੁਣਨਾ ਅਰ ਜੇ ਕੜਾਹ ਪ੍ਰਸਾਦ ਵਰਤੇ ਤਾਂ ਤੁਸਾਂ ਕੜਾਹ ਦਾ ਕੁਣਕਾ ਡਿਗਾ ਹੋਇਆ ਮੂਹ ਪਾਵਣਾ ਸੋ ਜਿਉਂ ਜਿਉਂ ਤੁਸੀਂ ਮੂਹ ਪਾਵੋਗੇ ਤਯੋਂ ਤਯੋਂ ਤੁਸੀਂ ਮੁਕਤ ਹੋਵੋਗੇ ਤਾਂ ਬਾਬਾ ਜੀ ਉਨਾਂ ਨੂੰ ਉਪਦੇਸ ਦੇਇਕੇ ਬੀਕਾਨੇਰ ਨੂੰ ਚਲੇ ਤਾਂ ਰਾਹ ਵਿਚ ਜਾਂਦਿਆਂ ਮਰਦਾਨੇ ਨੂੰ ਖੁਧਿਆ ਲਈ ਤਾਂ ਉਸ ਆਖਿਆ ਬਾਬਾ ਜੀ ਮੈਨੂੰ ਬਹੁਤ ਖੁਧਿਆ ਲਗੀ ਹੈ ਤਾਂ ਬਚਨ ਹੋਇਆ ਅਕਾਂ ਦੇ ਨਾਲ ਅੰਮ੍ਰਿਤ ਫਲ ਲਗੇ ਹਨ ਸੋ ਤੋੜ ਕੇ ਖਾਇ ਲੈ ॥

ਮਰਦਾਨੇ ਅਕਾਂ ਦੇ ਫਲ ਖਾਧੇ ਪਰ ਪਲੇ ਨਾ ਬੰਨੇ ਤਾਂ ਮਰਦਾਨਾ ਗਇਆ ਅਰ ਜਾਇਕੇ ਲਗਾ ਖਾਣ ਸੋ ਅੰਮ੍ਰਿਤ ਦਾ ਜੋ ਸੁਆਦ ਲਗੋਸ ਛਡ ਨ ਸਕਿਆ ਸੋ ਖਾਧੇ ਭੀ ਅਰ ਪਲੇ ਭੀ ਬੰਨ ਲੀਤੇ ਸੋ ਜਦ ਦੂਜਾ ਦਿਨ ਹੋਇਆ ਅਤੇ ਲਗਾ ਖਾਵਣ ਤਾਂ ਸਭੇ ਵਿਖ ਹੋਇ ਗਏ ਤਾਂ ਮਰਦਾਨੇ ਕਹਿਆ ਜੀ ਮੈਂ ਕੁਛ ਥੋੜੇ ਜਹੇ ਫਲ ਰਖ ਲਏ ਸੀ ਸੋ ਮੈਨੂੰ ਵਿਖਵਤ ਭਾਸਤੇ ਹਨ ਤਾਂ ਬਾਬੇ ਕਹਿਆ ਮਰਦਾਨਿਆ ਤੈਨੂੰ ਦਿਸਟਾਂਤ ਦਿਖਾਇਆ ਹੈ ਕਯੋਂਕਿ ਜੇੜੀ ਗੁਰਦੁਆਰੇ ਦੀ ਕੌਡੀ ਹੈ ਸੋ ਬਿਖਵਤ ਹੈ ਅਰ ਓਹ ਕਿਸੇ ਨੂੰ ਨਹੀਂ ਪਚਦੀ ਪਰ ਅਤਸੇ ਕਰਕੇ ਜੋ ਅਠੋ ਪਹਿਰ ਪਰਮੇਸਰ ਦਾ ਭਜਨ ਕਰੇ ਤਾਂ ਉਸਨੂੰ ਪਚਤੀ ਹੈ ਅਤੇ ਜੇੜਾ ਭੋਜਨ ਕਰੇ ਥੋੜਾ ਅਤੇ ਪਲੇ ਬਹੁਤਾ ਬੰਨ ਲਵੇ ਪੂਜਾ ਦੀ ਚੀਜ ਨੂੰ ਅਰ ਬਹੁਤ ਖਾਵੇ ਸੋ ਉਸਨੂੰ ਬਿਖਵਤ ਹੋ ਭਾਸਤੀ ਹੈ ਜੋ ਜੈਸੇ ਅਗਨ ਕਾ ਕੁੰਟ ਜਲਤਾ ਹੋਵੇ ਅਰ ਇਕ ਛੰਨਾ ਪਾਨੀ ਦਾ ਉਸ ਵਿਚ ਡਾਲ ਦਈਏ ਤਾਂ ਪਾਨੀ ਭੀ ਦਗਧ ਹੋ ਜਾਤਾ ਹੈ ਅਰ ਓਹ ਕੁੰਡ ਭੀ ਜਲਤਾ ਰਹਤਾ ਹੈ ਅਤੇ ਜੇ ਅਗਨ ਦੀਆਂ ਇਕ ਦੋ ਲਕੜੀਆਂ ਹੋਣ ਜਲਦੀਆਂ ਅਰ ਤਿਸ ਪਰ ਪਾਨੀ ਦਾ ਦੇਗਾ ਪਾਇ ਦਈਏ ਤਾਂ ਸਭ ਅਗਨ ਬੁਝ ਜਾਂਦੀ ਹੈ ਤੈਸੇ ਗੁਰਦੁਆਰੇ ਦੀ ਕੌਡੀ ਜੋ ਮਿਠੀ ਜਾਣ ਕੇ ਚਾਹਨਾਂ ਕਰਤੇ ਹੈਂ ਸੋ ਦੁਖੀ ਬਹੁਤ ਹੋਤੇ ਹਨ ਤਾਂ ਬਚਨ ਹੋਇਆ ਮਰਦਾਨਿਆ ਤੈਨੂੰ ਜੋ ਵਰਜਿਆ ਸੀ ਸੋ ਤੈਂ ਪਲੇ ਕਿਉਂ ਬਧੇ ਤਾਂ ਮਰਦਾਨੇ ਕਹਿਆ ਕਿ ਜੇ ਤੂੰ ਆਪਣੇ ਜੇਹਾ ਮੈਨੂੰ ਕਰੇਂ ਤਾਂ ਮੈਂ ਭੀ ਅਹਾਰ ਨਾ ਖਾਵਾਂ ਅਤੇ ਮੈਨੂੰ ਭੀ

ਸਾਂਤ ਪ੍ਰਾਪਤ ਹੋਵੈ ਤਾਂ ਬਚਨ ਹੋਇਆ ਮਰਦਾਨਿਆ ਜੇ ਤੈਨੂੰ ਖੁਧਿਆ ਲਗੇ ਤਾਂ ਜੋ ਖਬਲ ਹੈ ਘਾਹ ਸੋ ਉਸਨੂੰ ਘੋਟ ਕੇ ਅਰ ਵਿਚ ਨਿੰਮ ਦੇ ਪਤਰ ਰਲਾਇਕਰ ਅਰ ਮਹੀਨ ਕਰਕੇ ਅਰ ਸਾਫ ਕਰਕੇ ਪੀ ਲਇਆ ਕਰ ਸੋ ਤੇਰੇ ਤਾਈਂ ਅਨਾਜ ਦਾ ਅਹਾਰ ਹੋ ਜਾਇਆ ਕਰੇਗਾ ਅਰ ਜਿਥੇ ਕੋਈ ਸਹਿਰ ਹੋਵੈਗਾ ਤਿਥੇ ਤੈਨੂੰ ਪ੍ਰਸਾਦ ਖਵਾਵਾਂਗੇ ॥

ਸਾਖੀ ਬਾਬਾ ਜੀ ਬਿਸੰਭਰ ਪੁਰ ਕੋ ਗਏ

ਤਾਂ ਫਿਰ ਅਗੇ ਗੁਰੂ ਨਾਨਕ ਜੀ ਬਿਸੰਭਰ ਪੁਰ ਕੋ ਚਲੇ ਉਥੋਂ ਸੈਂਤਾਲੀ ਦਿਨ ਦਾ ਰਸਤਾ ਆਹਾ ਸੋ ਜਾਂਦਿਆਂ ਜਾਂਦਿਆਂ ਇਕ ਦਿਨ ਮਰਦਾਨੇ ਨੂੰ ਰਸਤੇ ਵਿਚ ਬਹੁਤ ਭੁਖ ਲਗੀ ਤਾਂ ਮਰਦਾਨੇ ਆਖਿਆ ਹੇ ਗੁਰੂ ਜੀ ਮੈ ਟੁਰ ਨਹੀਂ ਸਕਦਾ ਤਾਂ ਗੁਰੂ ਜੀ ਨੇ ਕਹਿਆ ਚਲ ਮਰਦਾਨਾ ਅਗੇ ਇਕ ਵਡਾ ਸਹਿਰ ਆਂਵਦਾ ਹੈ ਸੋ ਉਥੇ ਜੋ ਕੁਛ ਤੂੰ ਆਖੇਂਗਾ ਸੋ ਕਰੀਐਗੇ ਤਾਂ ਮਰਦਾਨੇ ਆਖਿਆ ਗੁਰੂ ਜੀ ਮੈਂ ਭੁਖਾ ਹਾਂ ਅਰ ਮੈਥੋਂ ਟੁਰਿਆ ਨਹੀਂ



ਜਾਂਦਾ ਤਾਂ ਗੁਰੂ ਜੀ ਮਰਦਾਨੇ ਨੂੰ ਵਿਲਾਇੰਦੇ ਵਿਲਾਇੰਦੇ ਅਰ ਮਸਾਂ ਮਸਾਂ ਆਂਦਾ ਅਰ ਤਾਂ ਸਹਰ ਨਜਰੀ ਆਇਆ ਪਰ ਅਜੇ ਭੀ ਸਹਰ ਤਿੰਨਾਂ ਕੋਹਾਂ ਉਪਰ ਤਾਂ ਗੁਰੂ ਜੀ ਕਹਿਆ ਮਰਦਾਨਿਆ ਅਹੁ ਦੇਖ ਸਹਰ ਹਈ ਤਾਂ ਮਰਦਾਨੇ ਕਹਿਆ ਗੁਰ ਜੀ ਮੇਰੇ ਪਲੇ ਭੀ ਕੁਛ ਨਹੀਂ ਅਤੇ ਗਿਰਾਊ ਭੀ ਕੋਈ ਨਹੀਂ ਜੀ ਖਬਰ ਨਹੀ ਤੁਹਾਨੂੰ ਕੋਈ ਸਹਰ ਨਜਰੀ ਆਉਂਦਾ ਹੋਵੇਗਾ ਪਰ ਮੈਂ ਹੁਣ ਮਰਦਾ ਹਾਂ ਤੁਸੀ ਮੁੜਦੇ ਨੂੰ ਘਸੀਟ ਕੇ ਲੈ ਜਾਸੋ ਅਤੇ ਜੇ ਕੁਛ ਹਥ ਪਲੇ ਹੋਵੇ ਤਾਂ ਭੀ ਧਰਵਾਸ ਹੋਵੇ ਜ ਸਹਿਰ ਵਿਚ ਚਲਕੇ ਕੁਛ ਲੈ ਖਾਵਾਂਗੇ ਅਰ ਜੇ ਨਾ ਕੁਛ ਹਥ ਪਲੇ ਹੋਵੇ ਨ ਸਹਿਰ ਹੋਵੇ ਤਾਂ ਆਪੇ ਹੀ ਸਾਂਈ ਨੇ ਮਾਰੇ ਤਾਂ ਗੁਰ ਜੀ ਨੇ ਕਹਿਆ ਮਰਦਾਨਿਆ ਹੁਣ ਸਹਿਰ ਨੇੜੇ ਹੈ ਤਾਂ ਮਰਦਾਨਾ ਬੋਲਿਆ ਹੇ ਗੁਰੂ ਜੀ ਮੇਰਾ ਸਰੀਰ ਤਾਂ ਬਲਤੇ ਹੀਨ ਹੋਇਆ ਹੈ ਅਰ ਕਿਤੇ ਮੋਇਆ ਪਿਆ ਰਹਾਂਗਾ ਅਰ ਮੈਂ ਹਛੀ ਤਰਾਂ ਨਿਸਚਾ ਕੀਤਾ ਹੈ ਜੋ ਹੁਣੇ ਹੀ ਖੁਦਾਇ ਨੇ ਮਾਰਿਆ ਅਰ ਮੈਂ ਆਪਦੇ ਚਰਨਾਂ ਤੇ ਵਿਛੜ ਜਾਵਾਂਗਾ ਅਤੇ ਜੋ

ਸਹਿਰ ਆਇਆ ਹੈ ਤਾਂ ਕਿਆ ਹੋਇਆ ਕਜੋਂਕਿ ਮੇਰੇ ਪੱਲੇ ਤਾਂ ਕੁਛ ਗੰਢ ਵਿਚ ਬਧਾ ਹੋਇਆ ਭੀ ਨਹੀਂ ਅਰ ਬਿਨਾਂ ਕੁਛ ਲਏ ਤੇ ਸਹਿਰ ਵਿਚ ਕੋਈਂ ਦੇਂਦਾ ਨਹੀਂ ਸੋ ਸਹਿਰ ਵਿਚ ਭੀ ਕੀ ਖਾਵਾਂਗੇ ਤਾਂ ਗੁਰੂ ਨਾਨਕ ਜੀ ਪੈਰਾਂ ਨਾਲ ਰੇਤ ਫਰੋਲੀ ਤਾਂ ਇਕ ਲਾਲ ਨਿਕਲ ਆਇਆ ਅਰ ਗੁਰੂ ਜੀ ਨੇ ਕਹਿਆ ਮਰਦਾਨਿਆ ਇਸਨੂੰ ਤੂੰ ਉਠਾਇ ਲੈ ਤਾਂ ਮਰਦਾਨੇ ਆਖਿਆ ਗੁਰੂ ਜੀ ਮੈਂ ਇਸ ਪਥਰ ਨੂੰ ਕਿਆ ਕਰਨਾ ਹੈ ਤਾਂ ਗੁਰੂ ਨਾਨਕ ਜੀ ਕਹਿਆ ਮਰਦਾਨਿਆ ਤੂੰ ਪੱਲੇ ਬੰਨਣ ਨੂੰ ਢੂੰਢਦਾ ਸੈ ਸੋ ਹੁਣ ਇਸ ਨੂੰ ਲੈਕੇ ਪੱਲੇ ਬੰਨ ਤਾਂ ਮਰਦਾਨੇ ਆਖਿਆ ਗੁਰੂ ਜੀ ਪੱਲੇ ਬੰਨਿਆਂ ਤਾਂ ਭੁਖ ਨਹੀਂ ਜਾਂਦੀ ਬਿਨਾ ਕੁਛ ਪੇਟ ਪਾਏ ਦੇ ਤਾਂ ਗੁਰੂ ਨਾਨਕ ਜੀ ਕਹਿਆ ਮਰਦਾਨਿਆ ਓਹ ਦੇਖ ਸਹਿਰ ਨਜਰੀਂ ਆਂਵਦਾ ਹੈ ਅਬ ਥੋੜਾ ਪੰਧ ਰਹਿ ਗਿਆ ਹੈ ਸੋ ਓਥੇ ਗਇਆਂ ਇਸ ਦੀ ਕਦਰ ਮਲੂਮ ਹੋਸੀ ਤਾਂ ਮਰਦਾਨੇ ਆਖਿਆ ਭਲਾ ਗੁਰੂ ਜੀ ਤਾਂ ਮਰਦਾਨੇ ਨੇ ਓਹ ਲਾਲ ਪੱਲੇ ਬੰਨ ਲੀਤਾ ਅਰ ਫੇਰ ਗੁਰੂ ਨਾਨਕ ਜੀ ਸਹਿਰ ਦੇ ਪਾਸ ਜਾਇ ਬੈਠੇ ਤਾਂ ਮਰਦਾਨੇ ਆਖਿਆ ਗੁਰੂ ਜੀ ਜੋ ਕੁਛ ਤੁਸੀਂ ਹੁਣ ਆਖੋ ਸੋਈ ਕਰੀਐ ਜੀ ਤਾਂ ਗੁਰੂ ਨਾਨਕ ਜੀ ਆਖਿਆ ਮਰਦਾਨਿਆ ਤੂੰ ਇਸ ਸਹਿਰ ਦਾ ਨਾਉਂ ਜਾਣਦਾ ਹੈਂ ਤਾਂ ਮਰਦਾਨੇ ਆਖਿਆ ਗੁਰੂ ਜੀ ਮੈਂ ਕਿਆ ਜਾਣਾ ਸਹਿਰ ਦਾ ਨਾਉ ਜੀ ਪਰ ਹੁਣ ਤੂੰ ਮੈਨੂੰ ਕੁਛ ਖਾਵਣ ਦੇਵੇਂਗਾ ਕਿ ਨਹੀਂ ਦੇਵੇਂਗਾ ਤਾਂ ਗੁਰੂ ਜੀ ਅਤਰਜਾਮੀ ਆਹਾ ਅਰ ਘਟਿ ਘਟਿ ਜੀਆਂ ਕੇ ਜਾਣਨਹਾਰਾ ਤਾਂ ਸ੍ਰੀ ਗੁਰੂਜੀ ਆਖਿਆ ਮਰਦਾਨਿਆ ਸਹਿਰ ਦਾ ਨਾਉਂ ਬਿਸੰਭਰ ਪੁਰ ਤਾਂ ਮਰਦਾਨੇ ਆਖਿਆ ਗੁਰੂ ਜੀ ਨਾਉਂ ਭਾਵੇਂ ਕੁਛ ਹੋਵੈ ਪਰ ਮੈਨੂੰ ਭੁਖ ਖਾਇ ਗਈ ਹੈ ਅਰ ਕਲੇਜੇ ਨੂੰ ਲਈ ਜਾਂਦੀ ਹੈ ਤਾਂ ਗੁਰੂ ਨਾਨਕ ਜੀ ਸਾਹਿਬ ਹਸ ਕਰ ਕਹਿਆ ਜਾਹੁ ਮਰਦਾਨਾ ਕੋਈ ਜਵਾਹਰੀ ਨੂੰ ਟੋਲ ਅਰ ਏਹ ਲਾਲ ਵੇਚ ਲਿਆਉ ਤਾਂ ਮਰਦਾਨੇ ਕਹਿਆ ਗੁਰੂ ਜੀ ਇਸ ਲਾਲ ਦਾ ਮੁਲ ਕੁਛ ਆਖ ਛਡੋ ਤਾਂ ਗੁਰੂ ਜੀ ਕਹਿਆ ਜੋ ਕੋਈ ਇਸ ਦਾ ਮੁਲ ਆਖੀਗਾ ਸੋ ਮੈਨੂੰ ਆਇ ਆਖੀ ਤਾਂ ਮਰਦਾਨਾ ਸਹਿਰ ਵਿਚ ਗਇਆ ਅਰ ਜਾਇਕਰ ਇਕ ਜਵਾਹਰੀ ਨੂੰ ਲਾਲ ਦਿਖਾਇਆ ਤਾਂ ਉਸ ਜਵਾਹਰੀ ਨੇ ਆਖਿਆ ਭਾਈ ਇਸ ਲਾਲ ਦਾ ਮੁਲ ਤਿੰਨ ਪੈਸੇ ਹੈਨ ਤਾਂ ਮਰਦਾਨੇ ਮਨ ਵਿਚ ਵਿਚਾਰ ਕੀਤਾ ਅਰ ਕਹਿਆ ਭਾਈ ਸੁਣ ਇਸ ਲਾਲ ਦਾ ਮੁਲ ਤਾਂ ਬਹੁਤ ਆਖਦੇ ਹਨ ਤਾਂ ਫੇਰ ਮਰਦਾਨੇ ਉਸ ਜਵਾਹਰੀ ਨੂੰ ਆਖਿਆ ਕਿ ਭਾਈ ਮੈਂ ਖਾਂਵਦ ਪਾਸੋਂ ਪੁਛ ਆਵਾਂ ਤਾਂ ਜਵਾਹਰੀ ਨੇ ਕਹਿਆ ਜਾਹੁ ਭਾਈ ਤੂੰ ਪੁਛਿਆ ਤਾਂ ਮਰਦਾਨੇ ਗੁਰੂ ਜੀ ਨੂੰ ਆਇ ਆਖਿਆ ਜੋ ਗੁਰੂ ਜੀ ਲਾਲ ਦੇ ਤਾਂ ਤਿੰਨ ਪੈਸੇ ਮੁਲ ਮਿਲਦੇ ਹਨ ਤਾਂ ਗੁਰੂ ਨਾਨਕ ਜੀ ਆਖਿਆ ਹੇ ਮਰਦਾਨਾ



ਹੁਣ ਤੂੰ ਕਿਸੇ ਵਡੇ ਜਵਾਹਰੀ ਦੇ ਪਾਸ ਇਹ ਲਾਲ ਲੈ ਜਾਹੁ ਤਾਂ ਮਰਦਾਨੇ ਕਹਿਆ ਗੁਰੂ ਜੀ ਮੈ ਵਡਾਂ ਛੋਟਾ ਜਵਾਹਰੀ ਕੋਈ ਨਹੀਂ ਜਾਣਦਾ ਤੁਸੀ ਮੈਨੂੰ ਪਤਾ ਦਸੋ ਜੀ ਤਾਂ ਮੈਂ ਜਾਵਾ ਜੀ ਤਾਂ ਗੁਰੂ ਨਾਨਕ ਜੀ ਕਹਿਆ ਮਰਦਾਨਿਆ ਉਸ ਜਵਾਹਰੀ ਦਾ ਨਾਉਂ ਸਾਲਸ ਰਾਇ ਹਈ ਤਾਂ ਮਰਦਾਨਾ ਸਹਿਰ ਮੈਂ ਜਾਇ ਕਰ ਲਗਾ ਪੁਛਣ ਜੋ ਯਾਰੋ ਸਾਲਸ ਰਾਇ ਜਵਾਹਰੀ ਦਾ ਦੁਕਾਨ ਕੇਹੜਾ ਹੈ ਤਾਂ ਲੋਕਾਂ ਨੇ ਕਹਿਆ ਹੇ ਭਾਈ ਓਹ ਆਪਣੇ ਘਰ ਹੀ ਰਹਿੰਦਾ ਹੈ ਤਾਂ ਮਰਦਾਨਾ ਉਸਦਾ ਘਰ ਪੁਛਦਾ ਗਿਆ ਅਰ ਘਰ ਜਾਕੇ ਅਵਾਜ ਕੀਤੀ ਤਾਂ ਓਸ ਜਵਾਹਰੀ ਨੇ ਅੰਦਰੋਂ ਆਪਣਾ ਗੁਲਾਮ ਭੇਜਿਆ ਤਾਂ ਗੁਲਾਮ ਨੇ ਮਰਦਾਨੇ ਨੂੰ ਕਹਿਆ ਕਿ ਭਾਈ ਤੂੰ ਕੌਣ ਹੈਂ ਤਾਂ ਮਰਦਾਨੇ ਕਹਿਆ ਮੈਂ ਕੁਛ ਸੌਦਾ ਵੇਚਣਾ ਹੈ ਤਾਂ ਗੁਲਾਮ ਨੇ ਅੰਦਰ ਜਾਇ ਕਰ ਕਹਿਆ ਕਿ ਸਾਹ ਜੀ ਕੋਈ ਸਾਹਿਬ ਦਾ ਬੰਦਾ ਹੈ ਅਰ ਉਹ ਆਖਦਾ ਹੈ ਜੋ ਮੈਂ ਕੁਛ ਸੌਦਾ ਵੇਚਣਾ ਹੈ ਤਾਂ ਜਵਾਹਰੀ ਨੇ ਆਪਣੇ ਗੁਲਾਮ ਨੂੰ ਕਹਿਆ ਜੋ ਤੂੰ ਜਾਇ ਕਰ ਉਸ ਨੂੰ ਅੰਦਰ ਲੈ ਆਉ ਤਾਂ ਓਹ ਗੁਲਾਮ ਆਇ ਕਰ ਮਰਦਾਨੇ ਨੂੰ ਅੰਦਰ ਲੈ ਗਿਆ ਤਾਂ ਜਵਾਹਰੀ ਲਗਾ ਪੁਛਣ ਕਿ ਕਹੁ ਭਾਈ ਕਿਆ ਸੌਦਾ ਕਰਨਾ ਹਈ ਤਾਂ ਮਰਦਾਨੇ ਨੇ ਲਾਲ ਕਢ ਕੇ ਜਵਾਹਰੀ ਦੇ ਹਥ ਦਿਤਾ ਅਰ ਜਵਾਹਰੀ ਨੇ ਲਾਲ ਲੈਕੇ ਹਥ ਵਿਚ ਦੇਖਿਆ ਅਰ ਉਸ ਲਾਲ ਉਪਰ ਲਿਖਿਆ ਹੋਇਆ ਸੀ ਕਿ ਜੋ ਕੋਈ ਏਹ ਲਾਲ ਲਿਆਵੇ ਵੇਚਣ ਨੂੰ ਸੋ ਤਿਸਨੂੰ ਸੌ ਰੁਪਯਾ ਮਿਹਮਾਨੀ ਦੇਵਣਾ ਪਰ ਮੁਲ ਤੋਂ ਬਿਨਾ ਹੀ ਭਾਵੇਂ ਖਾਵੰਦ ਵੇਚੇ ਭਾਵੇਂ ਨਹੀਂ ਵੇਚੇ ਤਾਂ ਉਸ ਜਵਾਹਰੀ ਨੇ ਮਰਦਾਨੇ ਨੂੰ ਸੌ ਰੁਪਯਾ ਗਿਣ ਕੇ ਦਿਤਾ ਅਤੇ ਫੇਰ ਆਖਿਆ ਆਖ ਭਾਈ ਇਸ ਲਾਲ ਦਾ ਮੁਲ ਕੀ ਲੈਣਾ ਹੈ ਤਾਂ ਮਰਦਾਨੇ ਆਖਿਆ ਭਾਈ ਜੀ ਮੈ ਇਸ ਦੇ ਮਾਲਕ ਪਾਸੋਂ ਪੁਛ ਆਵਾਂ ਤਾਂ ਜਵਾਹਰੀ ਨੇ ਲਾਲ ਆਪਣੇ ਪਾਸ ਰਖਿਆ ਅਤੇ ਮਰਦਾਨੇ ਨੂੰ ਆਖਿਆ ਜਾਹੁ ਪੁਛ ਆਉ ਤਾਂ ਮਰਦਾਨਾ ਸੌ ਰੁਪਯਾ ਲੈ ਕਰ ਗੁਰੂ ਜੀ ਦੇ ਪਾਸ ਆਇਆ ਅਤੇ ਰੁਪੈ ਅਗੇ ਆਣ ਰਖੇ ਤਾਂ ਗੁਰੂ ਜੀ ਨੇ ਕਹਿਆ ਮਰਦਾਨਿਆ ਏਹ ਸੌ ਰੁਪਯਾ ਕੇਹਾ ਹੈ ਤਾਂ ਮਰਦਾਨੇ ਕਹਿਆ ਗੁਰੂ ਜੀ ਏਹੁ ਸੌ ਰੁਪਯਾ ਉਸ ਜਵਾਹਰੀ ਨੇ ਦਿਤਾ ਹੈ ਸੋ ਮੈਂ ਲੈ ਆਇਆ ਹਾਂ ਤਾਂ ਗੁਰੂ ਜੀ ਆਖਿਆ

ਮਰਦਾਨਿਆ, ਤੂੰ ਉਸ ਜਵਾਹਰੀ ਨੂੰ ਜਾਇ ਕੇ ਪੁਛ ਆਓ ਜੋ ਹੇ ਸਾਹ ਜੀ ਏਹੁ ਸੌ ਰੁਪਯਾ ਕੇਹਾ ਹੈ ਜੋ ਤੁਸਾਂ ਦਿਤਾ ਹੈ ਤਾਂ ਮਰਦਾਨੇ ਕਹਿਆਂ ਭਲਾ ਗੁਰੂ ਜੀ ਤਾਂ ਮਰਦਾਨਾ ਜਵਾਹਰੀ ਦੇ ਪਾਸ ਆਇਆ ਅਰ ਜਵਾਹਰੀ ਨੂੰ ਲਗਾ ਪੁਛਣ ਜੋ ਹੇ ਸਾਹ ਜੀ ਖਾਵੰਦ ਆਖਦਾ ਹੈ ਕਿ ਏਹ ਸੌ ਰੁਪਯਾ ਦਿਤਾ ਹੈ ਸੋ ਲਾਲ ਦਾ ਮੁਲ ਦਿਤਾ ਹੈ ਜਾਂ ਕੋਈ ਹੋਰ ਦਿਤਾ ਹੈ ਤਾਂ ਉਸ ਜਵਾਹਰੀ ਨੇ ਆਖਿਆ ਭਾਈ ਇਸ ਲਾਲ ਦੇ ਉਪਰ ਲਿਖਿਆ ਹੈ ਕਿ ਜੋ ਕੋਈ ਏਹੁ ਲਾਲ ਵੇਚਣ ਲਿਆਵੇ ਤਿਸਨੂੰ ਸੌ ਰੁਪਯਾ ਮਿਹਮਾਨੀ ਦੇਵਣੀ ਦਰਸਨ ਕਰਵਾਈ ਅਤੇ ਲਾਲ ਤੁਹਾਡਾ ਅਮਾਨਤ ਪਇਆ ਹੈ ਸੋ ਤੂੰ ਖਾਵੰਦ ਪਾਸੋਂ ਪੁਛ ਆਓ ਤਾਂ ਮਰਦਾਨੇ ਗੁਰੂ ਜੀ ਨੂੰ ਆਇ ਆਖਿਆ ਕਿ ਜਵਾਹਰੀ ਇਉਂ ਆਖਦਾ ਹੈ ਜੋ ਇਸ ਲਾਲ ਉਪਰ ਲਿਖਿਆ ਹੋਇਆ ਹੈ ਕਿ ਜੋ ਕੋਈ ਇਸ ਲਾਲ ਨੂੰ ਵੇਚਣ ਲਿਆਵੇ ਤਿਸਨੂੰ ਸੌ ਰੁਪਯਾ ਮਿਹਮਾਨੀ ਦੇਵਣਾ ਭਾਵੇਂ ਖਾਵੰਦ ਲਾਲ ਵੇਚੇ ਭਾਵੇਂ ਨਾ ਵੇਚੇ ਤਾਂ ਸ੍ਰੀ ਗੁਰੂ ਜੀ ਕਹਿਆ ਕਹੁ ਮਰਦਾਨਿਆਂ ਲਾਲ ਵੇਚਦਾ ਹੈਂ ਤਾਂ ਮਰਦਾਨੇ ਆਖਿਆ ਗੁਰੂ ਜੀ ਮੈ ਕਿਆ ਜਾਨਾ ਤੁਸੀ ਹੀ ਜਾਣੋ ਤਾਂ ਸ੍ਰੀ ਗੁਰੂ ਨਾਨਕ ਜੀ ਨੇ ਕਹਿਆ ਮਰਦਾਨਿਆ ਵੇਚ ਲੈ ਤਾਂ ਮਰਦਾਨੇ ਆਖਿਆ ਗੁਰੂ ਜੀ ਮੈਂ ਨਾਹੀਂ ਜਾਣਦਾ ਸੋ ਮੈਥੋਂ ਕਿਸ



ਵਾਸਤੇ ਘੜੀ ਘੜੀ ਪੁਛਦੇ ਹੋ ਤਾਂ ਫੇਰ ਮਰਦਾਨੇ ਕਹਿਆ ਗੁਰੂ ਜੀ ਓਹ ਵਸਤ ਮੈਨੂੰ ਭੀ ਦਸੀਏ ਜੀ ਤਾਂ ਗੁਰੂ ਜੀ ਕਹਿਆ ਮਰਦਾਨਿਆ ਏਹ ਲਾਲ ਨਾਹੀਂ ਏਹ ਤਾਂ ਕਰਤਾਰ ਦਾ ਨਾਮ ਹਈ ਅਤੇ ਏਸ ਲਾਲ ਦਾ ਮੁਲ ਓਹ ਜਵਾਹਰੀ ਤਿੰਨ ਪੈਸੇ ਦਿੰਦਾ ਸੀ ਸੋ ਓਸਦੀ ਨਜਰ ਓਹੋ ਜੇਹੀ ਹੈਸੀ ਅਰ ਏਹ ਜਵਾਹਰੀ ਸੌ ਰੁਪਯਾ ਦੇਂਦਾ ਹੈ ਬਿਨਾ ਲੀਤੇ ਸੋ ਭਾਵੇਂ ਤੂੰ ਵੇਚ ਭਾਵੇਂ ਨਾ ਵੇਚ ਨਹੀਂ ਤਾਂ ਤੂੰ ਜਾਣ ਵੇਚ ਲੈ ਤਾਂ ਮਰਦਾਨੇ ਆਖਿਆ ਗੁਰੂ ਜੀ ਮੈਂ ਏਹ ਲਾਲ ਨਾਹੀਂ ਵੇਚਦਾ ਤਾਂ ਗੁਰ ਜੀ ਆਖਿਆ ਮਰਦਾਨਿਆ ਸੌ ਰੁਪਯਾ ਉਸਦਾ ਮੋੜ ਦੇਹ ਅਤੇ ਲਾਲ ਆਪਣਾ ਲੈ ਆਉ ਤਾਂ ਮਰਦਾਨੇ ਆਖਿਆ ਭਲਾ ਗੁਰੂ ਜੀ ਤਾਂ ਮਰਦਾਨਾ ਉਸ ਜਵਾਹਰੀ ਦੇ ਪਾਸ ਗਿਆ ਅਤੇ ਜਾਇ ਕੇ ਆਖਣ ਲਗਾ ਸਾਹ ਜੀ ਏਹੁ ਆਪਣਾ ਸੌ ਰੁਪਯਾ ਤੁਸੀਂ ਫੇਰ ਲਵੋ ਅਤੇ ਅਸਾਡਾ ਲਾਲ ਤੁਸੀਂ

ਸਾਨੂੰ ਦੇਉ ਕਜੋਂਕਿ ਖਾਵੰਦ ਵੇਚਦਾ ਨਹੀਂ ਜੀ ਤਾਂ ਜਵਾਹਰੀ ਨੇ ਆਖਿਆ ਲੈ ਭਾਈ ਆਪਣਾ ਲਾਲ ਤਾਂ ਜਵਾਹਰੀ ਨੇ ਲਾਲ ਮਰਦਾਨੇ ਨੂੰ ਕਢ ਦਿਤਾ ਤਾਂ ਮਰਦਾਨੇ ਲਾਲ ਜਵਾਹਰੀ ਪਾਸੋਂ ਲੀਤਾ ਅਤੇ ਓਹ ਸੌ ਰੁਪਯਾ ਮਰਦਾਨੇ ਨੇ ਜਵਾਹਰੀ ਨੂੰ ਦਿਤਾ ਅਤੇ ਆਖਿਓਸ ਜਵਾਹਰੀ ਜੀ ਏਹ ਰੁਪਯੇ ਆਪਣੇ ਗਿਣ ਲਵੋ ਜੀ ਤਾਂ ਜਵਾਹਰੀ ਨੇ ਕਹਿਆ ਅਰੇ ਭਾਈ ਇਸ ਲਾਲ ਦੇ ਉਪਰ ਲਿਖਿਆ ਹੋਇਆ ਹੈ ਕਿ ਜੋ ਕੋਈ ਇਹੁ ਲਾਲ ਲਿਆਵੇ ਤਿਸਨੂੰ ਸੌ ਰੁਪਯਾ ਮਿਹਮਾਨੀ ਦਾ ਦੇਵਣਾ ਸੋ ਇਹ ਸੌ ਰੁਪਯਾ ਤੁਮਾਰਾ



ਹੈ ਹਮਾਰਾ ਨਹੀਂ ਭਾਵੇਂ ਤੁਸੀਂ ਏਹੋ ਲਾਲ ਵੇਚੋ ਭਾਵੇਂ ਨਾ ਵੇਚੋ ਤਾਂ ਮਰਦਾਨੇ ਨੇ ਲਾਲ ਭੀ ਅਤੇ ਸੌ ਰੁਪਯਾ ਭੀ ਗੁਰੂ ਨਾਨਕ ਜੀ ਦੇ ਅਗੇ ਆਨ ਰਖਿਆ ਤਾਂ ਗੁਰੂ ਨਾਨਕ ਜੀ ਕਹਿਆ ਮਰਦਾਨਿਆਂ ਏਹੁ ਸੌ ਰੁਪਯੇ ਫੇਰ ਕਿਉਂ ਲੈ ਆਇਆ ਹੈਂ ਤਾਂ ਮਰਦਾਨੇ ਆਖਿਆ ਗੁਰੂ ਜੀ ਏਹ ਰੁਪਯੇ ਮੈਂ ਉਸਨੂੰ ਫੇਰਕੇ ਦੇ ਰਹਿਆ ਹਾਂ ਓਹ ਲੈਂਦਾ ਨਾਹੀਂ ਅਤੇ ਉਸ ਕਹਿਆ ਹੈ ਕਿ ਭਾਈ ਹਮਨੇ ਤੋ ਆਪਣਾ ਧਰਮ ਰਖਣਾ ਹੈ ਕਜੋਂ ਜੋ ਇਸ ਲਾਲ ਪਰ ਲਿਖਿਆ ਹੈ ਕਿ ਜੋ ਕੋਈ ਏਹ ਲਾਲ ਵੇਚਣ ਲਿਆਵੇ ਤਿਸ ਕੌ ਸੌ ਰੁਪਯਾ ਮਿਹਮਾਨੀ ਦੇਵਣਾ ਸੋ ਏਹੁ ਰੁਪਯੇ ਤੁਮਾਰੇ ਹਨ ਹਮਾਰੇ ਨਹੀਂ ਤਾਂਤੇ ਹੇ ਗੁਰੂ ਜੀ ਮੈਂ ਕਿਆ ਕਰਾਂ ਉਹ ਰੁਪਯੇ ਲੈਂਦਾ ਨਾਹੀਂ ਤਾਂ ਸ੍ਰੀ ਗੁਰੂ ਜੀ ਕਹਿਆ ਮਰਦਾਨਿਆ ਤੂੰ ਅਬ ਇਉਂ ਜਾਇਕੇ ਉਸਨੂੰ ਆਖ ਕਿ ਏਹੁ ਸੌ ਰੁਪਯਾ ਅਸੀਂ ਤਬ ਲਵੀਏ ਸਾਹ ਜੀ ਜਾਂ ਏਹੁ ਲਾਲ ਵੇਚੀਏ ਸੋ ਇਸ ਤਰਾਂ ਅਸੀਂ ਨਹੀਂ ਲੈਂਦੇ ਤਾਂ ਮਰਦਾਨੇ ਕਹਿਆ ਭਲਾ ਗੁਰੂ ਜੀ ਤਾਂ ਫੇਰ ਮਰਦਾਨਾ ਉਸ ਜਵਾਹਰੀ ਦੇ ਪਾਸ ਗਿਆ ਅਤੇ ਕਹਿਓਸ ਸਾਹ ਜੀ ਏਹੁ ਰੁਪਯੇ ਅਸੀਂ ਕੇਹੇ ਲਈਏ ਕਜੋਂਕਿ ਜੇ ਲਾਲ ਵੇਚੀਏ ਤਾਂ ਮਿਹਮਾਨੀ ਲਈਏ ਅਰ ਜੇ ਲਾਲ ਵੇਚੀਏ ਨਹੀਂ ਤਾਂ ਰੁਪਯੇ ਕੇਹੇ ਲਈਏ ਸੋ ਏਹ ਰੁਪਯੇ ਤੁਮਾਰੇ ਹੈਂ ਹਮਾਰੇ ਨਹੀਂ ਤਾਂਤੇ ਆਪਣੇ ਰੁਪਯੇ ਮੋੜ ਲਵੋ ਜੀ ਜੋ ਖਾਵੰਦ ਲਾਲ ਦਾ ਨਹੀਂ ਲੇਤਾ ਤਾਂ ਜਵਾਹਰੀ ਭੀ ਰੁਪਯੇ ਲਵੇ ਨਾਹੀਂ ਤਾਂ ਫੇਰ ਮਰਦਾਨਾ ਰੁਪਯੇ ਲੈਕੇ ਗੁਰੂ ਜੀ ਦੇ ਪਾਸ ਆਇਆ ਤਾਂ ਗੁਰੂ ਜੀ ਰੁਪਯੇ ਰਖਣ ਨਾਹੀਂ ਅਤੇ ਜਵਾਹਰੀ ਰੁਪਯੇ ਲਵੇ ਨਾਹੀਂ ਸੋ ਮਰਦਾਨੇ ਨੇ ਸਤ ਫੇਰੇ ਪਾਏ

ਅਰ ਅੰਤ ਨੂੰ ਮਰਦਾਨਾ ਛਿਤਾ ਹੋਇਕੇ ਰੁਪਯੇ ਜਵਾਹਰੀ ਦੇ ਘਰ ਸੁਟ ਆਇਆ ਤਾਂ ਸਾਲਸ ਰਾਇ ਜਵਾਹਰੀ ਨੇ ਆਪਣੇ ਜੀਅ ਵਿਚ ਵੀਚਾਰ ਕੀਤਾ ਜੋ ਭਾਈ ਏਹੁ ਰੁਪਯੇ ਮੈਨੂੰ ਰਖਣੇ ਜੋਗ ਨਹੀਂ ਅਤੇ ਏਹੁ ਵਸਤ ਭੀ ਇਜੇਹੀ ਹੈ ਜੋ ਜਿਸਨੇ ਸਨਕਾਦਿਕ ਬ੍ਰਹਮਾਦਿਕ ਮੋਹੇ ਹੈਨ ਅਤੇ ਏਹ ਲਾਲ ਭੀ ਅਚੰਭੇ ਦਾ ਦਿਸਦਾ ਹੈ ਜੋ ਜਿਸਦੇ ਉਪਰ ਲਿਖਿਆ ਹੈ ਕਿ ਸੌ ਰੁਪਯਾ ਮਿਹਮਾਨੀ ਦੇਵਣੀ ਮੁਲ ਬਿਨਾ ਹੀ ਤਾਂਤੇ ਜਰੂਰ ਏਹ ਲਾਲ ਕੁਦਰਤ ਦਾ ਹੈ ਪਰ ਹੁਣ ਉਸ ਖਾਵੰਦ ਨੂੰ ਭੀ ਦੇਖਣਾ ਅਰ ਮਿਲਨਾ ਚਾਹੀਏ ॥ ਤਾਂ ਜਵਾਹਰੀ ਨੇ ਅਧਰਕੇ ਗੁਲਾਮ ਨੂੰ ਕਹਿਆ ਅਰੇ ਅਧਰਕਾ ਤੂੰ ਤੁਰਤ ਚਲ ਜੋ ਓਹ ਫਕੀਰ ਮਤ ਕਹੀ ਚਲੇ ਜਾਵਨੀਂ ਸੋ ਤੂੰ ਉਨਾਂ ਨੂੰ ਕਿਧਰੇ ਜਾਵਣੇ ਨਹੀਂ ਦੇਵੀਂ ਅਤੇ ਮੈਂ ਭੀ ਤੇਰੇ ਪਿਛੇ ਪਿਛੇ ਆਇਆ ਜਾਨ ਤਾਂ ਅਧਰਕਾ ਗੁਲਾਮ ਤੁਰਤ ਹੀ ਸਹਿਰੋਂ ਬਾਹਰ ਨਿਕਲ ਆਇਆ ਸੋ ਜਦ ਆਇ ਕਰ ਦੇਖੇ ਤਾਂ ਇਕ ਓਹ ਜੇਹੜਾ ਰੁਪਯੇ ਮੋੜ ਕੇ ਦੇਵਣ ਵਾਲਾ ਹੈ ਅਤੇ ਇਕ ਸੰਤ ਹੋਰ ਹੈਨ ਅਰ ਦੋਏ ਇਕਠੇ ਬੈਠੇ ਹਨ ਤਾਂ ਅਧਰਕਾ ਗੁਲਾਮ ਉਨਾਂ ਨੂੰ ਦੇਖਕੇ ਦੂਰ ਸਾਰੇ ਬੈਠ ਰਹਿਆ ਅਤੇ ਮਰਦਾਨਾ ਭੁਖ ਨਾਲ ਛਿਤਾ ਹੋਇਆ ਬੈਠਾ ਲਹਿਰਾਂ ਕਰਦਾ ਹੈ ਅਰ ਬੋਲ ਨਹੀਂ ਸਕਦਾ ਭੁਖ ਨੇ ਐਸਾ ਕਲੇਜੇ ਨੂੰ ਦੁਖ ਦੇ ਛਡਿਆ ਹੈ ਅਰ ਕਲੇਜੇ ਨੂੰ ਭੁਖ ਪਈ ਖਾਂਦੀ ਹੈ ਕੋਈ ਗਲ ਆਖਣ ਦੀ ਨਹੀਂ ਅਰ ਡਰਦਾ ਮੂੰਹੋਂ ਬੋਲ ਨਹੀਂ ਸਕਦਾ ਅਰ ਭਾਈ ਬਾਲਾ ਚੁਪ ਕਰ ਰਹਿਆ ਹੈ ਸੋ ਜਦ ਇਕ ਘੜੀ ਗੁਜਰੀ ਤਾਂ ਸਾਲਸ ਰਾਇ ਜਵਾਹਰੀ ਆਇਆ ਅਤੇ ਨਾਲ ਰੁਪਯੇ ਅਰ ਮੇਵਾ ਔਨਾਲੇਪਕ-



ਵਾਨ ਮਠਿਆਈ ਬਹੁਤ ਵਸਤੂ ਸ੍ਰੀ ਗੁਰ ਜੀ ਦੇ ਅਗੇ ਆਣ ਰਖੀਆਂ ਅਤੇ ਸਾਲਸ ਰਾਇ ਜਵਾਹਰੀ ਨੇ ਸ੍ਰੀ ਗੁਰੂ ਸਾਹਿਬ ਜੀ ਅਗੇ ਮਥਾ ਟੇਕਿਆ ਅਤੇ ਫੇਰ ਹਥ ਜੋੜ ਕੇ ਖੜਾ ਹੋਇਆ ਤਾਂ ਗੁਰ ਨਾਨਕ ਜੀ ਆਖਿਆ ਸਾਲਸ ਰਾਇ ਜੀ ਕਿਉਂ ਤਾਂ ਸਾਲਸ ਰਾਇ ਨੇ ਕਹਿਆ ਹੇ ਸੰਤ ਜੀ ਅਰ ਹੇ ਗਰੀਬ ਨਿਵਾਜ ਏਹ ਸੌ ਰੁਪਯਾ ਤੇਰਾ ਹੈ ਏਹ ਤੁਮ ਲੇਵਹੁ ਜੀ ॥

ਤਾਂ ਗੁਰੂ ਨਾਨਕ ਜੀ ਕਹਿਆ ਹੇ ਸਾਲਸ ਰਾਇ ਜੇਕਰ ਜਵਾਹਰ ਵੇਚੀਏ ਤਾਂ ਮਿਹਮਾਨੀ ਲਈਏ ਅਤੇ ਜੇ ਨਾ ਵੇਚੀਏ ਤਾਂ ਮਿਹਮਾਨੀ ਕੇਹੀ ਲਈਏ ਤਾਂ ਸਾਲਸ ਰਾਇ

ਨੇ ਕਹਿਆ ਹੇ ਗਰੀਬ ਨਿਵਾਜ ਮੈਂ ਨਹੀਂ ਜਾਣਦਾ ਜੋ ਲਾਲ ਤੁਮਹੀ ਹੋ ਕਿ ਇਹੁ ਲਾਲ ਹੈ ਅਰ ਮੈਂ ਬਡਾ ਬਿਸਮਾਦ ਹੋਇ ਰਹਿਆ ਹੋ ਤਾਂ ਗੁਰੂ ਨਾਨਕ ਸਾਹਿਬ ਜੀ ਨੇ ਇਕ ਸਬਦ ਕਹਿਆ ॥

ਰਾਗ ਮਾਰੂ ਮਹਲਾ ੧ ॥ ਲਾਲੋ ਲਾਲ ਉਪਾਇਆ ਲਾਲੋ ਲਾਲ ਦਿਸੰਨ ॥ ਜਿਨਾ ਲਾਲੀ ਨੇਤ੍ਰ ਮਹਿ ਦੂਜਾ ਨਾ ਜਾਣੰਨ ॥ ੧ ॥ ਸੁਣਿ ਸਾਲਸ ਜਵਾਹਰੀ ਆਪਣਾ ਲਾਲ ਪਛਾਣ ॥ ਕੂੜੇ ਲਾਲ ਨ ਗੰਢ ਬੰਨ ਬਿਨ ਆਪਣੇ ਸਾਹੁ ਸੁਜਾਣ ॥ ੧ ॥ ਰਹਾਉ ॥ ਕੰਕਰ ਪਥਰ ਮੇਲ ਅਰ ਨਾਮ ਧਰਾਇਓ ਸਾਹੁ ॥ ਬਿਨ ਸਤਿਗੁਰ ਪੂਰੇ ਅੰਧ ਹੈ ਮੂਲ ਨ ਬੂਝੇ ਰਾਹੁ ॥ ੨ ॥ ਮੇਰਾ ਮੇਰਾ ਕਰ ਸੰਚਿਓ ਰਾਤੀ ਅਤੇ ਡੇਹੁ ॥ ਕਾਈ ਸਾਖ ਨ ਉਪਜੀਐ ਕਲਰ ਵੁਠੇ ਮੇਹੁ ॥੩॥ ਸੁਣ ਸਾਲਸ ਇਕ ਬਾਰਤਾ ਜੇ ਕਰਮ ਪਰਾਪਤਿ ਹੋਇ ॥ ਨਾਨਕ ਏਕ ਅਰਾਧੀਐ ਦੂਖ ਨ ਲਾਗੈ ਕੋਇ ॥ ੪ ॥

ਸਾਲਸ ਰਾਇ ਜਵਾਹਰੀ ਨੇ ਏਹ ਸਬਦ ਸੁਣਕੇ ਕਹਿਆ ਹੇ ਮਹਾਂ ਪੁਰਖ ਜੀ ਆਪ ਕਾ ਨਾਮ ਕਿਆ ਹੈ ਅਰ ਤੁਮ ਹੋਤੇ ਕੌਣ ਹੋ ਅਰ ਤੁਮਾਰਾ ਦੇਸ ਕਵਨ ਹੈ ਅਰ ਕਿਆ ਬਰਨ ਹੈ ਅਰ ਹਮ ਕੋ ਬਡੀ ਹੈਰਾਨਗੀ ਲਗ ਰਹੀ ਹੈ ਕਯੋਂਕਿ ਵਡੇ ਵਡੇ ਖਟਦਰਸਨ ਮੈਨੇ ਦੇਖੇ ਹਨ ਪਰ ਤੁਮਾਰਾ ਭੇਖ ਪਾਇਆ ਨਹੀਂ ਜਾਂਦਾ ਅਰ ਮੈਂ ਬਹੁਤ ਬਿਸਮਾਦ ਹੋਇ ਰਹਿਆ ਹੋਂ ਸੋ ਤੁਮ ਆਪ ਹੀ ਬਤਾਵੋ ਜੀ ਤਾਂ ਗੁਰੂ ਨਾਨਕ ਜੀ ਕਹਿਆ ਸੁਣ ਸਾਲਸ ਰਾਇ ਨਾਮ ਤੋਂ ਹਮਾਰਾ ਨਾਨਕ ਨਿਰੰਕਾਰੀ ਹੈ ਅਰ ਹੋਤੇ ਭੀ ਨਿਰੰਕਾਰ ਕੇ ਹੈਂ ਅਤੇ ਨਿਰੰਕਾਰ ਕੇ ਹੀ ਦੇਸ ਕੇ ਹੈਂ ਅਤੇ ਭੇਖ ਭੀ ਹਮਾਰਾ ਨਿਰੰਕਾਰੀ ਹੈ ਤਾਂ ਸਾਲਸ ਰਾਇ ਨੇ ਕਹਿਆ ਹੇ ਸੰਤ ਜੀ ਤੁਮ ਨਿਰੰਕਾਰ ਕੋ ਜਾਣਤੇ ਹੋ ਅਰ ਤੁਮਨੇ ਨਿਰੰਕਾਰ ਜੀ ਕੋ ਦੇਖਿਆ ਹੈ ਤਾਂ ਗੁਰੂ ਨਾਨਕ ਜੀ ਨੇ ਸਬਦ ਕਹਿਆ ॥

ਰਾਗ ਮਾਰੂ ਮਹਲਾ ੧ ॥ ਬਿਮਲ ਮਝਾਰ ਬਸਸਿ ਨਿਰਮਲ ਜਲ ਪਦਮਨਿ ਜਾਵਲਰੇ ॥ ਪਦਮਨ ਜਾਵਲ ਜਲ ਰਸ ਸੰਗਤਿ ਸੰਗ ਦੋਖ ਨਹੀਰੇ ॥ ੧ ॥ ਦਾਦਰ ਤੂੰ ਕਬਹਿ ਨ ਜਾਨਸ ਰੇ ॥ ਭਖਸ ਸਿਬਾਲ ਬਸਸਿ ਨਿਰਮਲ ਜਲ ਅੰਮ੍ਰਿਤ ਨਾ ਲਖਸਰੇ ॥੧॥ ਰਹਾਉ ॥ ਬਸੁ ਜਲ ਨਿਤ ਨਵ ਸਤੁ ਅਲੀਅਲ ਮੇਰ ਚਚਾ ਗੁਨਰੇ ॥ ਚੰਦ ਕੁਮਦਨੀ ਦੂਰਹੁ ਨਿਵਸਸ ਅਨ ਭੌ ਕਾਰਨਰੇ ॥ ਅੰਮ੍ਰਿਤ ਖੰਡ ਦੂਧ ਮਧ ਸੰਚਸ ਤੂੰ ਬਨ ਚਾਤਰ ਰੇ ॥ ਅਪਨਾ ਆਪ ਤੂੰ ਕਬਹੂ ਨ ਛੋਡਸ ਪਿਸਨ ਪ੍ਰੀਤ ਜਿਉ ਰੇ ॥ ੩ ॥ ਪੰਡਤ ਸੰਗ ਵਸਹਿ ਜਨ ਮੂਰਖ ਆਗਮ ਸਾਸ ਸੁਨੇ ॥ ਆਪਨਾ ਆਪ ਤੂੰ ਕਬਹੁ ਨ ਛੋਡਸ ਸੁਆਨ ਪੂਛ

ਜਿਉਂ ਰੇ ॥ ੪ ॥ ਇਕ ਪਾਖੰਡੀ ਨਾਮ ਨ ਰਾਚਹਿ ਇਕ ਹਰਿ ਹਰਿ ਚਰਨੀ ਰੇ ॥ ਪੂਰਬ ਲਿਖਿਆ ਪਾਵਸ ਨਾਨਕ ਰਸਨਾ ਨਾਮ ਜਪਰੇ ॥ ੫ ॥ ੧ ॥

ਜਾਂ ਏਹ ਸਬਦ ਸੁਣਿਆ ਤਾਂ ਜਵਾਹਰੀ ਨੇ ਹਥ ਜੋੜ ਕੇ ਅਰਦਾਸ ਕੀਤੀ ਜੀ ਸਚੇ ਪਾਤਸਾਹ ਗੁਰੂ ਜੀ ਮੇਰੇ ਤਾਂਈ ਆਪ ਉਪਦੇਸ ਕਰ ਨਿਹਾਲ ਕਰੋ ਜੀ ਅਰ ਆਪਣੇ ਰੁਪਯੇ ਲੇਵੋ ਤਾਂ ਗੁਰੂ ਨਾਨਕ ਜੀ ਕਹਿਆ ਹੇ ਸਾਲਸ ਰਾਇ ਏਹੁ ਰੁਪਯੇ ਸਾਡੇ ਕਿਸੇ ਕੰਮ ਨਹੀਂ ਕਜੋਂਕਿ ਏਹ ਤੁਸਾਨੂੰ ਰਖਣੇ ਮਿਲੇ ਹਨ ਅਰ ਤੁਹਾਨੂੰ ਹੀ ਸੋਭਦੇ ਹਨ ਅਤੇ ਅਸੀਂ ਅਤੀਤ ਫਕੀਰ ਹਾਂ ਤਾਂ ਉਸ ਜਵਾਹਰੀ ਨੇ ਕਹਿਆ ਹੇ ਗਰੀਬ ਨਿਵਾਜ ਏਹੁ ਮੇਵਾ ਪਕਵਾਨ ਤਾਂ ਅਚਵੋ ਤਾਂ ਗੁਰੂ ਨਾਨਕ ਜੀ ਅੰਗੀਕਾਰ ਕਰੇ ਨਾਹੀ ਅਰ ਮਰਦਾਨਾ ਮੂੰਹੋਂ ਬੋਲੇ ਨਾਹੀਂ ਪਰ ਅੰਦਰੋਂ ਆਖੇ ਕਿਵੇਂ ਗੁਰੂ ਨਾਨਕ ਜੀ ਪਕਵਾਨ ਲੇਵੈਂ ਤਦ ਹੀ ਭਲਾ ਹੈ ਕਜੋਂ ਜੋ ਮੈਂ ਖਰਾ ਭੁਖਾ ਹਾਂ ਤਾਂ ਗੁਰੂ ਜੀ ਨੇ ਰਾਗ ਮਾਰੂ ਵਿਚ ਸਬਦ ਬੋਲਿਆ ॥

ਰਾਗ ਮਾਰੂ ਮਹਲਾ ੧ ॥ ਪ੍ਰੀਤ ਪਕਵਾਨ ਸੋ ਭੋਜਨ ਕਹੀਏ ਲੁਚੀ ਲੋਚਾ ਪੂਰੀ ॥ ਮਿਠਿਆਈ ਰਸਨਾ ਰਸ ਕਸ ਬੋਲੈ ਤਾਮਨ ਰਹੈ ਹਜੂਰੀ ॥ ਸੁਣਿ ਭਾਈ ਤੂੰ ਸਾਲਸ ਮੇਰਾ ॥ ਸਮਝੋ ਪ੍ਰੀਤ ਤਾਂ ਹੋਇ ਨਿਬੇਰਾ ॥ ੧ ॥ ਰਹਾਉ ॥ ਮੇਵਾ ਮਿਲਨ ਤੁਮਾਰਾ ਕਹੀਐ ਸਤਕੇ ਬਗੇ ਜੋੜੇ ॥ ਖਾਵਣ ਖਾਇ ਅਘਾਵੈ ਸੋਈ ਜੋ ਬਿਖਤੇ ਮਨੂਆ ਮੋੜੇ ॥

ਏਹ ਸੁਨਕੇ ਸਬਦ ਅਧਰਕਾ ਗੁਲਾਮ ਸਾਲਸ ਰਾਇ ਨਾਲੋਂ ਅਗੇਤਰਾ ਹੀ ਗੁਰੂ ਜੀ ਕੀ ਚਰਨੀ ਜਾਇ ਪਿਆ ਅਤੇ ਗੁਰੂ ਜੀ ਅਧਰਕੇ ਗੁਲਾਮ ਤੇ ਬਹੁਤ ਹੀ ਪ੍ਰਸੰਨ ਹੋਏ ਤਾਂ ਫੇਰ ਗੁਰੂ ਨਾਨਕ ਜੀ ਸਬਦ ਦੀ ਪਉੜੀ ਆਖੀ ॥ ਉਤਮ ਜਨਮ ਨਾਰਾਇਣ ਕਹੀਅਹਿ ਨੀਚ ਨਾਰਾਇਨ ਪਾਇਆ ॥ ਲੋਭ ਲਹਿਰ ਤੇ ਸੋਈ ਛੂਟੈ ਜੋ ਸਾਧ ਸੰਗਤਿ ਗੁਣ ਗਾਇਆ ॥ ੩ ॥ ਸੁਣ ਸ਼ਾਲਸ ਇਹੁ ਗੋਲਾ ਤੇਰਾ ਆਪ ਨਰਾਇਣ ਮਾਨਾ ॥ ਨਾਨਕ ਭਗਤਾਂ ਸੰਗ ਮਿਲਾਇਆ ਊਚੇ ਪਦ ਠਹਿਰਾਨਾ ॥ ੪ ॥ ਤਾਂ ਸਾਲਸ ਰਾਇ ਨੇ ਬੇਨਤੀ ਕੀਤੀ ਅਰ ਹਥ ਜੋੜ ਕੇ ਅਧੀਨਗੀ ਦੇ ਸਾਥ ਕਹਿਆ ਕਿ ਹੇ ਗੁਰੂ ਜੀ ਮੇਰੀ ਭੀ ਗਤਿ ਕਰੋ ਜੀ ਅਰ ਆਪਣੇ ਸਾਂਈ ਦੇ ਵਾਸਤੇ ਸਾਨੂੰ ਇਸ ਬਲਾਇ ਵਿਚੋਂ ਕਢੋ ਜੀ ਤਾਂ ਗੁਰੂ ਜੀ ਨੇ ਕਹਿਆ ਸੁਣ ਸਾਲਸਰਾਇ ਤੂੰ ਆਪਣੇ ਅਧਰਕੇ ਗੁਲਾਮ ਦੇ ਪੈਰਾਂ ਤੇ ਢਹਿ ਪਉ ਤਾਂ ਤੇਰੀ ਗਤਿ ਹੋਵੇਗੀ ਤਾਂ ਸਾਲਸਰਾਇ ਕਹਿਆ ਗੁਰੂ ਜੀ ਅਧਰਕਾ ਤਾਂ ਸਾਧ ਹੈ ਅਤੇ ਜੇ ਤੁਸੀ ਆਖਹੁ ਤਾਂ ਮੈਂ ਕੁਤੇ ਦੀ ਪੈਰੀਂ ਪਵਾਂਗਾ ਤਾਂ ਗੁਰੂ ਨਾਨਕ ਜੀ ਸਾਲਸਰਾਇ ਊਪਰ ਬਹੁਤ ਖੁਸੀ ਹੋਏ ਤਾਂ ਗੁਰੂ ਨਾਨਕ ਜੀ



ਕਹਿਆ ਹੇ ਸਾਲਸਰਾਇ ਤੂੰ ਕਰਤਾਰ ਅਗੇ ਮਥਾ ਟੇਕ ਤਾਂ ਸਾਲਸਰਾਇ ਗੁਰੂ ਜੀ ਦੇ ਚਰਨਾਂ ਉਪਰ ਮਥਾ ਟੇਕਿਆ ਤਾਂ ਗੁਰੂ ਜੀ ਨੇ ਆਪਣੇ ਸਿਰ ਥੀਂ ਸਾਲਸਰਾਇ ਨੂੰ ਅੰਗੋਸਾ ਲਾਹਿ ਦਿਤਾ ਅਤੇ ਫਿਰ ਗੁਰੂ ਜੀ ਨੇ ਕਹਿਆ ਹੇ ਸਾਲਸਰਾਇ ਏਹ ਅੰਗੋਸਾ ਸਿਰ ਤੇ ਬੰਨ ਲੈ ਤਾਂ ਸਾਲਸ ਰਾਇ ਨੇ ਅੰਗੋਸਾ ਸਿਰ ਤੇ ਬੰਨ ਲੀਤਾ ਅਰ ਸਿਰ ਤੇ ਬੰਨਣ ਨਾਲ ਹੀ ਸਾਲਸਰਾਇ ਦੇ ਕਪਾਟ ਖੁਲ ਗਏ ਅਰ ਸਾਲਸਰਾਇ ਦਾ ਰੰਗ ਹੋਰ ਹੀ ਹੋਇ ਗਇਆ ਤਾਂ ਸਾਲਸਰਾਇ ਦੇ ਪਰਥਾਇ ਗੁਰੂ ਜੀ ਨੇ ਇਕ ਸਬਦ ਕੀਤਾ ॥

ਸਬਦ ॥ ਸਤਿਗੁਰੂ ਦਾਤਾ ਨਾਮ ਕਾ ਦੀਨੇ ਖੋਲਿ ਕਪਾਟ ॥ ਏਕ ਜੋ ਵਣਜ ਵਣੰਜਿਆ ਬਹੁਰ ਨ ਆਵੈ ਘਾਟ ॥ ੧ ॥ ਸਤਿਗੁਰ ਨਾਨਕ ਪੂਰਾ ॥ ਬਚਨਾ ਕਾ ਸੂਰਾ ॥ ੧ ॥ ਰਹਾਉ ॥ ਅਗਮ ਨਿਗਮ ਦਿਖਾਵਤਾ ਖੁਲੇ ਨੇਤ੍ਰ ਕਪਾਟ ਅਨੰਤ ॥ ਵਣਜਾਰਾ ਜਗ ਸਗਲ ਹੈ ਸਾਹੁ ਏਕ ਭਗਵੰਤ ॥ ੨ ॥ ਵਣਜ ਹਮਾਰਾ ਸਤਿਗੁਰੂ ਪੂੰਜੀ ਹਮਰੀ ਨਾਮ ॥ ਆਠ ਪਹਰ ਧੁਨਿ ਲਗ ਰਹੈ ਸੋਈ ਹਮਾਰੇ ਕਾਮ ॥ ੩ ॥ ਸਾਲਸ ਬਿਨਵੈ ਬੇਨਤੀ ਸੁਣਿ ਲੇਵਹੁ ਕਰਤਾਰ ॥ ਕਚਾ ਰੰਗ ਉਤਾਰ ਕੈ ਚਾੜਿਓ ਰੰਗ ਅਪਾਰ ॥ ੪ ॥ ੧ ॥

ਗੁਰੂ ਜੀ ਨੇ ਇਕ ਸਬਦ ਹੋਰ ਕਹਿਆ ਸਾਲਸ ਰਾਇ ਨੂੰ ਉਪਦੇਸ ਹੋਇਆ ॥ ਰਾਗ ਬਿਲਾਵਲ ਮਹਲਾ ੧ ॥ ਗੁਰ ਕਾ ਸਬਦ ਨਿਧਾਨ ਹੈ ਮਨਮੁਖ ਆਵਾਗਉਣ ॥ ਲਖ ਜੂਨੀ ਭਰਮਾਈਐ ਫਿਰ ਪਾਵੈਗਾ ਭਉਣ ॥ ੧ ॥ ਤੇਰਾ ਨਿਰਮਲ ਹੀਰਾ ਨਾਮੇ ਹੈ ਕੋਈ ਪਰਖੇਗਾ ਪਰਖਣਹਾਰ ॥ ੧ ॥ ਰਹਾਉ ॥ ਬੇਦੀ ਅੰਤੁ ਨ ਜਾਨਿਆ ਪੜ ਪੜ ਪੰਡਿਤ ਵੀਚਾਰ ॥ ਬੇੜਾ ਹਰਕਾ ਨਾਮ ਹੈ ਜਿਤ ਚੜ ਉਤਰੋ ਪਾਰ ॥ ਅੰਦਣ ਪਾਏ ਸਚਕੇ ਵੇਖਣ ਵਿਚ ਵਿਣਾਸ ॥ ਜਿਨ ਲੋਇਣ ਹਰਿ ਵੇਖੀਐ ਸੇ ਲੋਇਣ ਹੈ ਰਾਸ ॥ ੩ ॥ ਕੰਚਨ ਕੰਚਨ ਹੋਇਆ

ਮਾਣਕ ਧਰੇ ਅਪਾਰ ॥ ਜੰਦਰਾ ਖੁਲਾ ਕੋਠੜੀ ਜਨ ਨਾਨਕ ਧਰਮ ਦੁਆਰ ॥੪॥੧॥

ਤਾਂ ਸ੍ਰੀ ਗੁਰੂ ਜੀ ਨੇ ਅਧਰਕੇ ਗੁਲਾਮ ਨੂੰ ਅਤੇ ਸਾਲਸਰਾਇ ਨੂੰ ਬਿਸੰਭਰ ਪੁਰ ਵਿਚ ਸਿਖ ਕੀਤਾ ਅਰ ਦੁਹਾਂ ਨੂੰ ਮੰਜੀ ਬਹਾਇਆ ਅਤੇ ਆਖਿਆ ਸੁਣ ਸਾਲਸ ਰਾਇ ਜਿਤਨਾ ਚਿਰ ਤੂੰ ਜੀਵੇਂ ਤਿਤਨਾ ਚਿਰ ਤੇਰੀ ਮੰਜੀ ਅਤੇ ਜਦ ਤੇਰੀ ਦੇਹ ਛੁਟੇਗੀ ਤਾਂ ਅਧਰਕਾ ਗੁਲਾਮ ਬਹੇਗਾ ਅਰ ਹੋਰ ਤੇਰੀ ਔਲਾਦ ਦਾ ਕੰਮ ਨਾਹੀਂ ਅਰ ਸੁਣ ਭਾਈ ਪਹਿਲੇ ਮੰਜੀ ਤਾਂ ਇਸੇ ਦੀ ਹੈ ਪਰ ਅਸਾਂ ਤੇਰਾ ਭਾਰ ਰਖਿਆ ਹੈ



ਕਜੋਂਕਿ ਸੰਸਾਰੀ ਸੂਤ ਵਿਚ ਇਸਦਾ ਤੂੰ ਸਾਹਿਬ ਹੈਂ ਅਤੇ ਦਿਨ ਭੀ ਥੋੜੇ ਹੀ ਆਇ ਰਹੇ ਹਨ ਤੇਰੀ ਦੇਹ ਛੁਟਣ ਵਿਚ ਕਯੋਂ ਜੋ ਦੋਇ ਵਰੇ ਅਤੇ ਸਤ ਮਹੀਨੇ ਤੈਂ ਜੀਵਣਾ ਹੈ ਇਸ ਵਾਸਤੇ ਪਹਿਲੇ ਤੈਨੂੰ ਮੰਜੀ ਬਿਠਾਇਆ ਹੈ ਅਰ ਅਧਰਕੇ ਦੇ ਚਿਤ ਵਿਚ ਤਾਂ ਕਾਈ ਨਹੀਂ ਪਰ ਹੁਕਮ ਨਿਰੰਕਾਰ ਜੀ ਦਾ ਏਵੇਂ ਹੀ ਆਹਾ ਗੁਰੂ ਨਾਨਕ ਜੀ ਦੋਇ ਵਰੇ ਅਤੇ ਸਤ ਮਹੀਨੇ ਉਥੇ ਹੀ ਰਹੇ ਤਾਂ ਮਰਦਾਨੇ ਆਖਿਆ ਗੁਰੂ ਜੀ ਤੁਸੀਂ ਇਥੇ ਹੀ ਰਹਿਣ ਆਏ ਹੋ ਅਕੇ ਉਦਾਸੀ ਹੋਇ ਨਿਕਲੇ ਹੋ ਸੋ ਜਾਂ ਏਹ ਗਲ ਮਰਦਾਨੇ ਆਖੀ ਤਾਂ ਗੁਰੂ ਨਾਨਕ ਜੀ ਹੱਸੇ ਅਤੇ ਸ੍ਰੀ ਬਾਬਾ ਜੀ ਜੀਅ ਵਿਚ ਐਸਾ ਵਿਚਾਰਹਿ ਅਰ ਆਖੇਂ ਦੇਖੋ ਏਸ ਡੂੰਮ ਦੀਆਂ ਗਲਾਂ ਜੋ ਮਨਮਤ ਆਪਣੀ ਨਹੀਂ ਛਡਦਾ ਪਰ ਮੂਹੋਂ ਕੁਛ ਆਖੈਂ ਨਹੀਂ ਬਾਬਾ ਜੀ ਅਰ ਚੁਪ ਕਰ ਰਹੇ ਅਤੇ ਸਾਲਸਰਾਇ ਨੇ ਕਹਿਆ ਕਿ ਏਹੁ ਲਾਲ ਆਪਦਾ ਹੈ ਅਰ ਏਹ ਮਾਇਆ ਭੀ ਆਪਦੀ ਹੈ ਸੋ ਤੁਸੀ ਕਿਰਪਾ ਕਰਕੇ ਲਵੋ ਜੀ ਅਰ ਹੇ ਮਹਾਰਾਜ ਮੇਰੇ ਘਰ ਵਿਚ ਜੋ ਜਵਾਹਰ ਹੈ ਸੀ ਸੋ ਤਿਨਾਂ ਸਭਨਾਂ ਦੀ ਜੋਤ ਵਧ ਗਈ ਹੈ ਅਤੇ ਕੀਮਤ ਭੀ ਵਧ ਗਈ ਹੈ ਤਾਂ ਗੁਰੂ ਨਾਨਕ ਜੀ ਨੇ ਬਚਨ ਕੀਤਾ ਹੇ ਸਾਲਸ਼ ਰਾਇ ਏਹੁ ਲਾਲ ਭੀ ਤੁਸੀ ਰਖੋ ਕਜੋਂਕਿ ਜਦ ਅਸੀਂ ਦਸਵਾਂ ਜਾਮਾਂ ਪਹਿਰਾਂਗੇ ਤਦ ਅਸੀਂ ਲੈ ਲਵਾਂਗੇ ਏਹੁ ਬਾਰਤਾ ਕਹੀ ਅਤੇ ਜਦ ਦੋਇ ਬਰਸ ਅਤੇ ਸਤ ਮਹੀਨੇ ਪੂਰੇ ਹੋਇ ਗਏ ਤਾਂ ਸਾਲਸ ਰਾਇ ਦੀ ਦੇਹ ਛੁਟੀ ਅਰ ਸ੍ਰੀ ਗੁਰੂ ਜੀ ਨੇ ਅਧਰਕੇ ਗੁਲਾਮ ਨੂੰ ਮੰਜੀ ਤੇ ਬਹਾਇਆ ਅਤੇ ਆਪ ਵਿਦਾ ਲੀਤੀ ਅਰ ਉਥੋਂ:--

ਬਾਬਾ ਜੀ ਬੀਕਾਨੇਰ ਗਏ

ਬਾਬਾ ਤੇ ਮਰਦਾਨਾ ਬੀਕਾਨੇਰ ਨੂੰ ਆਏ ਤਾਂ ਅਗੇ ਸਰੇਵੜੇ ਉਥੋਂ ਦੇ ਪੂਜ ਸਨ ਅਰ ਰਾਜਾ ਜੋ ਉਥੋਂ ਦਾ ਸੀ ਸੋ ਸਰੇਵੜਿਆਂ ਦਾ ਸਿਖ ਸੀ ਤਾਂ ਬਾਬੇ ਕਹਿਆ ਤੁਸੀ ਜੋ ਇਸਨਾਨ ਨਹੀਂ ਕਰਦੇ ਕੀ ਕਾਰਣ ਹੈ ਕਯੋਂਕਿ ਜੀਵਦਿਆਂ ਅਰ ਮੁਇਆਂ ਨੂੰ ਪਵਿਤ੍ਰ ਕਰਨ ਵਾਲਾ ਹੈ ਤਾਂ ਉਨਾਂ ਕਹਿਆ ਕਿ ਜਲ ਦੇ ਇਸਨਾਨ ਕਰਕੇ ਜੀਵ ਮਰਦੇ ਹਨ ਅਰ ਅਗਨ ਬਾਲਣ ਕਰਕੇ ਭੀ ਜੀਵ ਮਰਦੇ ਹਨ ਤਾਂ ਬਚਨ ਹੋਇਆ ਜੀਆਂ ਕੇ ਜੀਵਾਲਣ ਅਰ ਮਾਰਨ ਵਾਲਾ ਈਸਵਰ ਹੈ ਅਰ ਜਿਸ ਕੋ ਉਹ ਮਾਰਦਾ ਹੈ ਤਾਂ ਜੀਵਾਲ ਕੋਈ ਨਹੀਂ ਸਕਤਾ ਅਰ ਜਿਸਕੋ ਜੀਵਾਲਤਾ ਹੈ ਤਿਸਕੋ ਮਾਰ ਕੋਈ ਨਹੀਂ ਸਕਤਾ॥ ਤਾਂ ਬਾਬੇ ਮਾਝ ਦੀ ਵਾਰ ਵਿਚ ਸਲੋਕ ਕਹਿਆ ॥

ਸਲੋਕ ਮ: ੧॥ ਸਿਰ ਖੋਹਾਇ ਪੀਅਹਿ ਮਲਵਾਣੀ ਜੂਠਾ ਮੰਗਿ ਮੰਗਿ ਖਾਹੀ ॥ ਫੋਲਿ ਫਦੀਹਤਿ ਮੁਹ ਲੈਨਿ ਭੜਾਸਾ ਪਾਣੀ ਦੇਖਿ ਸਗਾਹੀ ॥ ਭੇਡਾ ਵਾਗੀ ਸਿਰ ਖੋਹਾਇਨਿ ਭਰੀਅਨਿ ਹਥ ਸੁਆਹੀ ॥ ਮਾਊ ਪੀਊ ਕਿਰਤਿ ਗਵਾਇਨਿ ਟਬਰ ਰੋਵਨਿ ਧਾਹੀ ॥ ਓਨਾ ਪਿੰਡੁ ਨ ਪਤਲਿ ਕਿਰਿਆ ਨ ਦੀਵਾ ਮੁਏ ਕਿਥਾਊ ਪਾਹੀ ॥ ਅਠਸਠਿ ਤੀਰਥ ਦੇਨਿ ਨ ਢੋਈ ਬ੍ਰਹਮਣ ਅੰਨੁ ਨ ਖਾਹੀ ॥ ਸਦਾ ਕੁਚੀਲ ਰਹਹਿ ਦਿਨੁ ਰਾਤੀ ਮਥੈ ਟਿਕੇ ਨਾਹੀ ॥ ਝੁੰਡੀ ਪਾਇ ਬਹਨਿ ਨਿਤਿ ਮਰਣੈ ਦੜਿ ਦੀਬਾਣਿ ਨ ਜਾਹੀ ॥ ਲਕੀ ਕਾਸੇ ਹਥੀ ਫੁੰਮਣ ਅਗੋ ਪਿਛੀ ਜਾਹੀ॥ ਨਾ ਓਇ ਜੋਗੀ ਨਾ ਓਇ ਜੰਗਮ ਨਾ ਓਇ ਕਾਜੀ ਮੁੰਲਾ॥ ਦਯਿ ਵਿਗੋਏ ਫਿਰਹਿ ਵਿਗੁਤੇ ਫਿਟਾ ਵਤੈ ਗਲਾ॥ ਜੀਆ ਮਾਰਿ ਜੀਵਾਲੇ ਸੋਈ ਅਵਰੁ ਨ ਕੋਈ ਰਖੈ ॥ ਦਾਨਹੁ ਤੈ ਇਸਨਾਨਹੁ ਵੰਜੇ ਭਸੁ ਪਈ ਸਿਰਿ ਖੁਥੈ ॥ ਪਾਣੀ ਵਿਚਹੁ ਰਤਨ ਉਪੰਨੇ ਮੇਰੁ ਕੀਆ ਮਾਧਾਣੀ॥ ਅਠਸਠਿ ਤੀਰਥ ਦੇਵੀ ਥਾਪੇ ਪੁਰਬੀ ਲਗੈ ਬਾਣੀ॥ ਨਾਇ ਨਿਵਾਜਾ ਨਾਤੈ ਪੂਜਾ ਨਾਵਨਿ ਸਦਾ ਸੁਜਾਣੀ॥ ਮੁਇਆ ਜੀਵਦਿਆ ਗਤਿ ਹੋਵੈ ਜਾਂ ਸਿਰਿ ਪਾਈਐ ਪਾਣੀ॥ ਨਾਨਕ ਸਿਰਖੁਥੇ ਸੈਤਾਨੀ ਏਨਾ ਗਲ ਨ ਭਾਣੀ॥ ਵੁਠੈ ਹੋਇਐ ਹੋਇ ਬਿਲਾਵਲੁ ਜੀਆ ਜੁਗਤਿ ਸਮਾਣੀ॥ ਵੁਠੈ ਅੰਨੁ ਕਮਾਦੁ ਕਪਾਹਾ ਸਭਸੈ ਪੜਦਾ ਹੋਵੈ ॥ ਵੁਠੈ ਘਾਹੁ ਚਰਹਿ ਨਿਤਿ ਸੁਰਹੀ ਸਾ ਧਨ ਦਹੀ ਵਿਲੋਵੈ ॥ ਤਿਤੁ ਘਿਇ ਹੋਮ ਜਗ ਸਦ ਪੂਜਾ ਪਇਐ ਕਾਰਜੁ ਸੋਹੈ ॥ ਗੁਰੂ ਸਮੁੰਦੁ ਨਦੀ ਸਭਿ ਸਿਖੀ ਨਾਤੈ ਜਿਤੁ ਵਡਿਆਈ॥ ਨਾਨਕ ਜੇ ਸਿਰਖੁਥੇ ਨਾਵਨਿ ਨਾਹੀ ਤਾ ਸਤ ਚਟੇ ਸਿਰਿ ਛਾਈ ॥੧॥

ਤਿਸਕਾ ਪਰਮਾਰਥ ਗੁਰੂ ਨਾਨਕ ਸਾਹਿਬ ਜੀ ਕਹੈਂ ਹੈਂ ਕਿ ਇਹ ਜੋ ਬੋਧ ਹੈ ਸੋ ਸਿਰ ਖੁਹਾਇੰਦੇ ਹਨ ਅਰ ਮੈਲਾ ਪਾਣੀ ਪੀਂਦੇ ਹਨ ਅਰ ਜੂਠਾ ਪ੍ਰਸਾਦਿ ਮੰਗ ਮੰਗ ਖਾਂਵਦੇ ਹਨ ਅਰ ਆਪਣੇ ਵਿਸਟਾ ਨੂੰ ਫੋਲਕੇ ਭੜਾਂਸਾ ਲੈਂਦੇ ਹਨ ਅਤੇ ਪਾਣੀ ਦੇਖਕੇ ਸੰਗਦੇ ਹਨ ਅਰ ਭੇਡਾਂ ਦੀ ਨਿਆਈ ਸਿਰ ਖੁਹਾਵਦੇ ਹਨ ਅਰ ਸੁਆਹ ਨਾਲ ਹਥ ਭਰਕੇ ਸਿਰਤੇ ਮਾਰਦੇ ਹਨ ਅਰ ਮਾਤਾ ਪਿਤਾ ਕਰਮ ਛਡਦੇ ਹਨ ਅਤੇ ਟਬਰ ਉਨਾਂ ਦੇ ਢਾਹਾਂ ਮਾਰ ਮਾਰ ਰੋਂਦੇ ਹਨ ਜੋ ਪ੍ਰਸਾਦ ਘਰ ਨਹੀਂ ਪਕਾਂਵਦੇ ਅਰ ਮੁਇਆਂ ਦੇ ਪਿਛੇ ਪਿੰਡ ਪਤਲ ਨਹੀਂ ਕਰਦੇ ਅਰ ਆਖਦੇ ਹਨ ਕਿ ਕੇ ਜਾਪੇ ਮੁਇਆਂ ਕਿਥੇ ਜਾਇ ਪਉਂਦੇ ਹਨ ਅਰ ਅਠਸਠ ਤੀਰਥ ਭੀ ਉਨਾਂ ਨੂੰ ਦਰਸਨ ਨਹੀਂ ਦੇਂਦੇ ॥ ਅਤੇ ਬ੍ਰਹਮਣ ਭੀ ਉਨਾਂ ਦੇ ਪ੍ਰਸਾਦ ਨਹੀਂ ਖਾਂਦੇ ਅਰ ਦਿਨ ਰਾਤ ਇਸਨਾਨ ਨਹੀਂ ਕਰਦੇ ਅਰ ਸਦਾ ਕੁਚੀਲ ਰਹਿੰਦੇ ਹਨ ਅਰ ਮਥੇ ਮੈਂ ਟਿਕਾ ਭੀ ਨਹੀਂ ਰਖਦੇ ਅਰ ਝੂੰਗੀ ਪਾਇਕੇ ਸਿਆਪੇ ਵਾਂਗੂੰ ਬੈਠਦੇ ਹਨ ਅਰ ਦਰ ਦੀਵਾਨ ਨਹੀਂ ਜਾਤੇ ਅਰ ਲੱਕ ਨਾਲ ਕਾਸੇ ਬਧੇ ਹੋਏ ਅਰ ਹਥ ਵਿਚ ਫੂੰਮਨ ਅਰ ਅਗਲੇ ਫੂੰਮਣ ਨਾਲ ਪ੍ਰਿਥਵੀ ਝਾੜਦਾ ਹੈ ਅਤੇ ਪਿਛੇ ਉਸਦੇ ਸਭ ਚਲੇ ਜਾਂਦੇ ਹਨ ਅਰ ਨਾਉਹ ਨਾ ਜੋਗੀ ਅਰ ਨ ਜੰਗਮ ਅਤੇ ਨਾ ਕਾਜੀ ਹੈਨ ਅਤੇ ਨਾ ਮੁਲਾਂ ਹੈਨ ਅਰ ਪਰਮੇਸਰ ਦੇ ਵਿਗੋਏ ਹੋਏ ਵਿਗੁਤੇ ਵਤਦੇ ਹਨ ਜੈਸੇ ਉਠਾਂ ਦੇ ਗਲੇ ਮੈਂ ਅਤੇ ਘੋੜਿਆਂ ਮੇਂ ਜੇ ਏਕ ਭੀ ਬਦਨਾਵ ਕਾ ਰੋਗ ਕਢਤਾ ਹੈ ਤੋ ਸਭ ਕੋ ਓਹੀ ਰੋਗ ਹੋ ਜਾਤਾ ਹੈ ਤੈਸੇ ਜੋ ਉਨਾਂ ਦੇ ਨਾਲ ਮਿਲਤੇ ਹੈਂ ਸੋ ਭੀ ਫਿਟੇ ਜਾਤੇ ਹੈਂ ਅਰ ਅਨੀਸਰਵਾਦੀ ਹੋ ਜਾਤੇ ਹੈ ॥ ਅਰ ਜੇ ਕੋਈ ਕਹੇ ਜੋ ਉਨਾਂ ਦੀ ਨਿੰਦ ਕਰੀ ਹੈ ਸੋ ਜੀਆਂ ਕੇ ਕਲਿਆਣ ਵਾਸਤੇ ਕਹਿਆ ਹੈ ਕਿ ਜੋ ਉਨਾਂ ਮਿਲੇਗਾ ਸੋ ਭੀ ਫਿਟ ਜਾਵੇਗਾ ਜੈਸੇ ਕੋਈ ਅੰਧਾ ਹੋਵੈ ਅਤੇ ਅਗੇ ਖੂਹ ਹੋਵੈ ਤਾਂ ਉਸਨੂੰ ਆਖਣਾ ਧਰਮ ਹੈ ਸੋ ਜਗਤ ਅੰਧਾ ਹੈ ਤਾਂਤੇ ਅਨੀਸਰ ਕੋ ਮਿਲਕੇ ਅਨੀਸਰ ਵਾਦੀ ਨਹੀਂ ਹੋ ਜਾਣਾ ਚਾਹੀਦਾ ॥ ਅਰ ਅਠਸਠ ਤੀਰਥਾਂ ਮੈਂ ਦੇਵੀ ਦੇਵਤਿਆਂ ਦੇ ਅਸਥਾਨ ਹੈਂ ਅਰ ਪੁਰਬੀਆਂ ਉਥੇ ਲਗਦੀਆਂ ਹੈਨ ਅਰ ਨਾਇਕੇ ਪੂਜਾ ਭੀ ਕਰਦੇ ਹਨ ਅਤੇ ਨਿਮਾਜ ਭੀ ਪੜਦੇ ਹੈਨ ਤਾਂਤੇ ਜੋ ਸੁਜਾਣ ਹੈਨ ਸੋ ਸਦਾ ਇਸਨਾਨ ਕਰਤੇ ਹੈ ਗੁਰੂ ਨਾਨਕ ਜੀ ਆਖਦੇ ਹੈਨ ਕਿ ਏਹ ਸਿਰਖੁਥੇ ਸੈਤਾਨ ਹੈਨ ਸੋ ਇਹ ਇਨਾਂ ਨੂੰ ਨਹੀਂ ਭਾਂਵਦੀ ਅਰ ਮੇਘ ਦੇ ਵਰਸਿਆਂ ਸਭਸ ਨੂੰ ਬਿਲਾਵਲ ਹੁੰਦਾ ਹੈ ਅਰ ਬਨਾਸਪਤੀ ਹਰੀ ਹੋ ਆਂਵਦੀ ਹੈ ਅਰ ਜੀਆ ਜੰਤ ਭੀ ਪ੍ਰਸੰਨ ਹੋਂਦੇ ਹਨ ਅਤੇ ਜਾਂ ਮੇਘ ਵਰਸਦੇ ਹਨ ਤਾਂ ਅੰਨ ਕਪਾਹ ਸਭਸੇ ਨੂੰ ਪੜਦਾ ਹੁੰਦਾ ਹੈ ਇਨਾਂ ਦੇ ਕਰਕੇ ਅਰ ਗਊਆਂ ਘਾਸ ਚਰਤੀਆਂ ਹਨ ਅਰ ਇਸਤ੍ਰੀ ਪੁਰਸ ਦਹੀਂ ਵਿਲੋਕੇ ਮਖਣ ਕਢਤੇ ਹੈ ॥ ਸੋ

ਤਿਸ ਨਾਲ ਸਭ ਜਗ ਅਰ ਹੋਮ ਕਰਦੇ ਹਨ ਅਰ ਸਭ ਕਾਰਜ ਜਗਤ ਦਾ ਸੋਭਦਾ ਹੈ ਅਤੇ ਗੁਰ ਜੋ ਹੈ ਸੋ ਸਭ ਨਦੀਆਂ ਦਾ ਸਮੁੰਦ੍ਰ ਹੈ ਅਤੇ ਸਿਖ ਨਦੀਆਂ ਤੇ ਤਲਾਵ ਹੈ ਅਰ ਟਹਲੀਏ ਖੂਹ ਤੇ ਬਾਵਲੀਆਂ ਹੈ ॥ ਅਥਵਾ ਗੁਰਾਂ ਕੇ ਬਚਨ ਮਾਨ ਸਰੋਵਰ ਹੈਨ ਅਰ ਸਿਖੋਂ ਕਾ ਸੰਗਮ ਜੋ ਹੈ ਸੋ ਨਦੀਆਂ ਤਲਾਵ ਕੂਪ ਵਤੇ ਹੈਨ ਸੋ ਜੈਸੇ ਜਲ ਕੇ ਇਸਨਾਨ ਕਰ ਸਰੀਰ ਪਵਿਤ੍ਰ ਹੋਤਾ ਹੈ ਤੈਸੇ ਸਬਦ ਕੇ ਗਿਆਨ ਕਰ ਮਨ ਪਵਿਤਰ ਹੋਤਾ ਹੈਅਰ ਜਲ ਕੇ ਇਸਨਾਨ ਦੀ ਜੋ ਵਡਿਆਈ ਹੈ ਸੋ ਜਗਤ ਦੀ ਹੈ ਅਤੇ ਗਿਆਨ ਦੀ ਵਡਿਆਈ ਪਰਮੇਸਰ ਦੀ ਹੈ ਅਰ ਜੋ ਸਿਰਖੁਥੇ ਹਨ ਸੋ ਇਸਨਾਨ ਨਹੀਂ ਕਰਦੇ ਅਰ ਸਬਦ ਨਹੀਂ ਸੁਣਦੇ ਸੋ ਉਨਾਂ ਦੇ ਸਿਰ ਤੇ ਸਤ ਚਟੇ ਛਾਈ ਦੇ ਪਵਨਗੇ ਸੋ ਜਦ ਏਹ ਬਚਨ ਬਾਬੇ ਕਹੇ ਤਾਂ ਹੋਰ ਸਰੇਵੜੇ ਉਠ ਗਏ ਅਰ ਸਰੇਵੜਾ ਚਰਨਾਂ ਤੇ ਡਿਗ ਪਇਆ ਅਰ ਕਹਿਆ ਕਿ ਜੀ ਮੈਂ ਇਸਨਾਨ ਭੀ ਕਰਾਂਗਾ ਅਤੇ ਈਸੂਰ ਨੂੰ ਭੀ ਮੰਨਾਂਗਾ ਅਰ ਸਿਖਾਂ ਦੀ ਟਹਲ ਭੀ ਕਰਾਂਗਾ ਪਰ ਬਾਹਰ ਭੇਖ ਉਨਾਂ ਦਾ ਰਖਾਂਗਾ ਤਾਂ ਬਚਨ ਹੋਇਆ ਕਿ ਜੇ ਭੇਖ ਉਨਾਂ ਦਾ ਝੂਠਾ ਜਾਣੇਗਾ ਅਤੇ ਈਸੂਰ ਦੇ ਚਰਨਾਂ ਦਾ ਧਿਆਨ ਕਰੇਂਗਾ ਤਾਂ ਤੇਰਾ ਭੀ ਉਧਾਰ ਹੋਵੇਗਾ ॥

ਬਾਬਾ ਜੀ ਦੀਪਾਲ ਪੁਰ ਗਏ

ਤਾਂ ਬਾਬਾ ਉਥੇ ਉਪਦੇਸ ਦੇ ਕੇ ਦੀਪਾਲ ਪੁਰ ਨੂੰ ਆਇਆ ਅਰ ਉਥੇ ਇਕ ਸੰਨਿਆਸੀ ਰਹਿੰਦਾ ਸੀ ਸੋ ਜੋ ਲੋਕਾਂ ਨੂੰ ਓਹ ਵਰ ਸ੍ਰਾਪ ਦੇਵੇ ਤਾਂ ਉਨਾਂ ਲੋਕਾਂ ਨੂੰ ਲਗ ਜਾਵੇ ਤਾਂ ਬਾਬਾ ਜੀ ਉਥੇ ਹੀ ਉਤਰੇ ਅਰ ਸੰਨਿਆਸੀ ਪਾਸ ਆ ਡੇਰਾ ਕੀਤਾ ਅਤੇ ਉਸ ਨੂੰ ਪੁਛਿਆ ਕਿ ਸੰਨਿਆਸ ਦਾ ਧਰਮ ਕਿਆ ਹੈ ਤਾਂ ਉਸ ਕਹਿਆ ਘਰ ਬਾਰ ਛਡਣਾ ਅਰ ਸਰੀਰ ਦੇ ਰਸ ਛਡਣੇ ਅਰ ਤਪ ਕਰਨਾ ਸੋ ਏਹੀ ਸੰਨਿਆਸ ਹੈ ਤਾਂ ਬਾਬਾ ਬੋਲਿਆ ਜਉਲਗ ਆਸਾ ਕਾ ਬੰਧਨ ਪੜਾ ਹੈ ਤਉਲਗ ਸੰਨਿਆਸ ਨਹੀਂ ਹੋਤਾ ॥ ਅਤੇ ਜਬ ਰਿਦੇ ਕੀਆਂ ਵਾਸਨਾਂ ਖੈ ਹੋਵੈਂ ਤਉ ਸੰਨਿਆਸੀ ਹੋਤਾ ਹੈ ਤਾਂ ਉਸ ਕਹਿਆ ਤੁਸੀਂ ਕਵਨ ਹੋ ਤਾਂ ਬਾਬੇ ਕਹਿਆ ਅਸੀਂ ਉਦਾਸੀ ਹਾਂ ਤਾਂ ਉਸ ਕਹਿਆ ਉਦਾਸ ਦਾ ਕੀ ਧਰਮ ਹੈ ਤਾਂ ਬਾਬੇ ਕਹਿਆ ਜਗਤ ਦੀ ਵਰਤਣ ਸਭ ਰਖਣੀ ਅਰ ਆਪਣੀ ਨਾਂ ਜਾਣਨੀ ਵਾਹਗੁਰੂ ਦੀ ਜਾਣਨੀ ਅਰ ਜਗਿਆਸਾ ਸਦਾ ਵਾਹਗੁਰੂ ਦੀ ਰਖਣੀ ਅਰ ਜੇ ਜਗਿਆਸੀ ਏਕਲਾ ਹੋਤਾ ਤਾਂ ਉਸਕਾ ਨਾਮ ਸਿਖ ਹੋਤਾ ਹੈ ਅਰ ਸਦਾ ਪਰਮੇਸਰ ਨਾਲ ਜੁੜਿਆ ਰਹਿਤਾ ਹੈ ਅਰ ਜੇ ਦੋਇ ਹੋਤੇ ਹੈਂ ਤੋ ਆਪਸ ਮੇਂ ਓਹ ਚਰਚਾ ਕਰਤੇ ਹੈਂ ਸੋ ਤਿਸਕਾ ਨਾਮ

ਸਾਧ ਸੰਗਤ ਹੋਤਾ ਹੈ ਅਤੇ ਜੇ ਤੀਨ ਚਾਰ ਏਕਠੇ ਹੋਤੇ ਹੈਂ ਤਾਂ ਪਰਮੇਸਰ ਕੀ ਕਥਾ ਅਰ ਕੀਰਤਨ ਹੋਤਾ ਹੈ ਤਾਂ ਓਹ ਗੁਰਮੁਖ ਗੁਰੂ ਕਾ ਰੂਪ ਹੋਤੇ ਹੈਂ ਪਰ ਸੰਨਿਆਸੀ ਏਕਲਾ ਹੀ ਭਲਾ ਹੈ ਅਤੇ ਜੇ ਦੂਸਰਾ ਉਸਕੇ ਸਾਥ ਕੋਈ ਹੋਤਾ ਹੈ ਤਾਂ ਓਹ ਗ੍ਰਹਸਤੀ ਕਹੀਤਾ ਹੈ ਅਰ ਸਦਾ ਬ੍ਰਤੀਆਂ ਕੇ ਘਰਾਂ ਕੋ ਸੋਧਤਾ ਹੈ ਅਰ ਜੇ ਤੀਨ ਚਾਰ ਹੋਤੇ ਹੈਂ ਤੋ ਕੁਟੰਬੀ ਹੋਤੇ ਹੈਂ ਸੋ ਖਾਵਣ ਅਰ ਪੀਵਣ ਕਰ ਪਰਮੇਸਰ ਭੁਲ ਜਾਂਦਾ ਹੈ ਤਾਂ ਉਸ ਸੰਨਿਆਸੀ ਨੇ ਬਚਨ ਸੁਣ ਕੇ ਚਰਨਾਂ ਤੇ ਮਥਾ ਟੇਕਿਆ ਤਾਂ ਉਥੇ ਸਤਿਨਾਮ ਦਾ ਮੰਤ੍ਰ ਦੇ ਕੇ ਬਾਬਾ ਜੀ ਤਲਵੰਡੀ ਦੇ ਬਨ ਵਿਚ ਆਏ ਬੈਠੇ ॥

ਮਰਦਾਨਾ ਤਲਵੰਡੀ ਗਿਆ

ਤਾਂ ਮਰਦਾਨੇ ਆਖਿਆ ਜੀ ਮੈ ਘਰ ਦੇ ਲੋਕਾਂ ਨੂੰ ਮਿਲ ਆਵਾਂ ਤਾਂ ਬਚਨ ਹੋਇਆ ਮਰਦਾਨਿਆ ਅਜੇ ਤੇਰਾ ਮੋਹ ਤੁਟਾ ਨਹੀਂ ਤਾਂ ਮਰਦਾਨੇ ਆਖਿਆ ਜੀ ਤੁਸਾਡੀ ਕਿਰਪਾ ਕਰਕੇ ਸਨੇ ਸਨੇ ਮੋਹ ਟੁਟ ਜਾਵੇਗਾ ਤਾਂ ਬਚਨ ਹੋਇਆ ਮਰਦਾਨਿਆ ਜਾਇ ਪਰ ਸਾਡੇ ਘਰ ਖਬਰ ਨਾ ਕਰੇ ਜੋ ਬਾਬਾ ਬਾਹਰ ਆਇਆ ਹੈ ਤਾਂ ਮਰਦਾਨੇ ਆਖਿਆ ਜੀ ਜੇ ਮੇਰੇ ਪਾਸ ਭੀ ਕੁਝ ਹੋਵੇ ਤਾਂ ਮੈਂ ਉਨਾਂ ਨੂੰ ਖਰਚੀ ਦੇਵਾਂ ਤਾਂ ਬਾਬੇ ਆਖਿਆ ਕਿ ਉਨਾਂ ਦੀ ਭੀ ਅਤੇ ਤੇਰੀ ਭੀ ਵਾਹਗੁਰੂ ਪ੍ਰਤਿਪਾਲਾ ਕਰਦਾ ਹੈ ਤਾਂ ਉਸ ਆਖਿਆ ਜੀ ਭੀ ਮੇਰੇ ਪਾਸ ਕੁਝ ਹੋਵੇ ਤਾਂ ਬਚਨ ਹੋਇਆ ਕਿ ਮੁਠ ਰੋੜਾ ਦੀ ਪਲੇ ਬੰਨ ਕੇ ਲੈਜਾ ਤਾਂ ਮਰਦਾਨੇ ਰੋੜਾਂ ਦੀ ਮੁਠ ਪਲੇ ਬੰਨ ਲਈ ਸੋ ਜਬ ਘਰ ਗਇਆ ਤਬ ਸਭੇ ਘਰ ਦੇ ਆਇ ਮਿਲੇ ਅਤੇ ਜਦ ਪਲਾ ਖੋਲੇ ਤਾਂ ਓਹ ਸੁਇਨੇ ਦੇ ਰੋੜ ਬਣ ਗਏ ਸੋ ਓਹ ਆਪਣੇ ਘਰ ਦਿਤੇ ਤਾਂ ਕਾਲੂ ਸੁਣਿਆ ਕਿ ਮਰਦਾਨਾ ਆਇਆ ਹੈ ਤਾਂ ਮਨ ਵਿਚ ਵਿਚਾਰਿਆ ਕਿ ਬਾਬਾ ਭੀ ਆਇਆ ਹੋਵੇਗਾ ਤਾਂ ਫਿਰ ਮਨ ਵਿਚ ਵਿਚਾਰਿਆ ਕਿ ਮਰਦਾਨੇ ਦੇ ਘਰ ਪੁਛਣ ਚਲੀਏ ਸੋ ਏਹ ਵਿਚਾਰ ਕੇ ਮਰਦਾਨੇ ਦੇ ਘਰ ਆਇਆ ਅਰ ਮਰਦਾਨੇ ਪਾਸੋਂ ਪੁਛਿਆ ਤਾਂ ਮਰਦਾਨੇ ਕਹਿਆ ਬਾਬਾ ਜੀ ਇਸ ਦੇਸ ਆਏ ਹਨ ਪਰ ਕਿਆ ਜਾਣੀਏ ਕਿਧਰੇ ਗਏ ਹਨ ਤਾਂ ਕਾਲੂ ਆਖਿਆ ਕਿ ਜੇ ਆਪ ਜਾਵੇਂ ਤਾਂ ਮੈਨੂੰ ਵੀ ਲਈ ਚਲੀ ਤਾਂ ਉਸ ਆਖਿਆ ਕਿ ਗੁਰੂ ਨਾਨਕ ਜੀ ਕਿਆ ਜਾਣੀਐ ਕਿਥੈ ਹੋਵਨਗੇ ਪਰ ਤਿਥੋਂ ਦੀ ਖਬਰ ਲੈਕਰ ਬਾਲਾ ਸੰਧੂ ਆਵੇਗਾ ਤਾਂ ਕਾਲੂ ਫਿਰ ਘਰ ਆਇਆ ਅਤੇ ਫਿਰ ਤੁਰਦਿਆਂ ਹੋਇਆ ਮਰਦਾਨੇ ਕਹਿਆ ਕਿ ਬਾਬੇ ਕਹਿਆ ਹੈ ਜੋ ਏਹ ਉਪਦੇਸ ਸਾਡੇ ਘਰ ਜਾਕੇ ਦੇਣਾ ਕਿ ਜੈਸੇ ਸ੍ਰੀ ਕ੍ਰਿਸਨ ਨੇ ਨੰਦ ਆਦਿਕ ਗੋਪਾਂ ਨੂੰ ਵਿਛੋੜਾ ਦੇਇਕੇ ਅਤੇ ਫੇਰ ਗਿਆਨ

ਆਨ ਦ੍ਰਿੜਾਇਆ ਸੀ ਤੈਸੇ ਤੁਸਾਨੂੰ ਵਿਛੋੜਿਆ ਹੈ ਸੋ ਫੇਰ ਗਿਆਨ ਆਨ ਦ੍ਰਿੜਾਵਾਂਗਾ ਅਰ ਦੋਇ ਦਿਸਾ ਦੀ ਉਦਾਸੀ ਕਰ ਆਏ ਹਾਂ ਅਤੇ ਦੁਇ ਦਿਸਾ ਦੀ ਰਹਦੀ ਹੈ ਤਾਂ ਕਾਲੂ ਸੁਣਕੇ ਮਥਾ ਟੇਕਿਆ ਅਰ ਕਹਿਆ ਕਿ ਜੋ ਕੁਛ ਓਹ ਕਰਨਗੇ ਸੋ ਹਮਾਰੇ ਭਲੇ ਦੀ ਗਲ ਹੀ ਕਰਨਗੇ ਤਾਂ ਕਾਲੂ ਵਿਦਾ ਹੋਇਆ ਅਤੇ ਬਾਲਾ ਤੇ ਮਰਦਾਨਾ ਉਥੋਂ ਤੁਰੇ ਅਰ ਬਾਬੇ ਨੂੰ ਦੁਹਾਂ ਆਇ ਮਥਾ ਟੇਕਿਆ ਤਾਂ ਬਚਨ ਹੋਇਆ ਬਾਲਿਆ ਤੂੰ ਅਸਾਡੇ ਨਾਲ ਚਲੇਂਗਾ ਕੇ ਘਰ ਜਾਵੇਂਗਾ ਤਾਂ ਬਾਬੇ ਨੂੰ ਬਾਲੇ ਕਹਿਆ ਜੀ ਮੈ ਅਗੇ ਹੀ ਭੁਲਾ ਹਾਂ ਜੋ ਮੈਂ ਤੁਸਾਡੇ ਨਾਲ ਨਹੀਂ ਗਇਆ ਤਾਂ ਬਚਨ ਹੋਇਆ ਬਾਲਿਆ ਚਲ ਉਤਰ ਦਿਸ਼ਾ ਦੀ ਉਦਾਸੀ ਕਰ ਆਈਏ ॥ ਤਾਂ ਬਾਲਾ ਅਤੇ ਮਰਦਾਨਾ ਬਾਬੇ ਨਾਲ ਦੋਵੈਂ ਚਲੇ ਸੋ ਜਾਂ ਲਾਹੌਰ ਆਏ ਤਾਂ ਕਸਾਇ ਪੁਰ ਦੇ ਵਿਚ ਆਇ ਖਲੇ ਹੋਏ ਤਾਂ ਸਵਾ ਪਹਰ ਦਿਨ ਚੜੇ ਤੀਕਰ ਗਊ ਵਧ ਹੁੰਦਾ ਸੀ ਤਾਂ ਬਚਨ ਹੋਇਆ ॥ ਮ: ੧ ॥ ਲਹੌਰੁ ਸਹਰੁ ਜਹਰੁ ਕਹਰੁ ਸਵਾ ਪਹਰੁ ॥ ਬਚਨ ਹੋਇਆ ਭਾਈ ਬਾਲਿਆ ਤੇ ਮਰਦਾਨਿਆ ਅਸੀਂ ਲਊ ਦੀ ਨਗਰੀ ਜਾਣਕੇ ਏਥੇ ਆਏ ਸਾਂ ਪਰ ਏਥੇ ਮਲੇਛਾਂ ਦਾ ਜੋਗ ਹੈ ਇਸ ਵਾਸਤੇ ਸਵਾ ਪਹਰ ਤੀਕਰ ਜਹਰ ਕਹਰ ਵਸਦਾ ਰਹਿਆ ਹੈ ਸੋ ਅਸੀਂ ਦਸਵਾਂ ਅਵਤਾਰ ਧਾਰਕੇ ਮਲੇਛਾਂ ਦਾ ਨਾਸ ਕਰਾਂਗੇ ਅਤੇ ਤਦ ਭੀ ਧਰਮ ਦਾ ਰਾਜ ਕਰਾਂਗੇ ਸੋ ਅਬ ਚਲੋ ਰਾਵੀਓਂ ਪਾਰ ਸਹਦਰੇ ਚਲ ਰਹੀਏ ਤਬ ਬਾਬਾ ਤੇ ਬਾਲਾ ਅਤੇ ਮਰਦਾਨਾ ਰਾਵੀਓਂ ਪਾਰ ਜਾਇ ਰਹੇ ॥



ਏਮਨਾਬਾਦ ਦੀ ਸਾਖੀ

ਅਤੇ ਓਥੋਂ ਉਠਕੇ ਜਿਥੇ ਏਮਨਾਬਾਦ ਹੈ ਅਰ ਉਥੇ ਪਠਾਣਾ ਦਾ ਕਿਲਾ ਸੀ ਅਰ ਜਿਥੇ ਬਾਬੇ ਦੀ ਰੋੜੀ ਹੈ ਤਿਥੇ ਲਾਲੋ ਤਰਖਾਣ ਰਹਿੰਦਾ ਸੀ ਅਰ ਉਹ ਦਿਨੇ ਨਗਰੀ ਵਿਚ ਕਿਰਤ ਕਰ ਆਂਵਦਾ ਸੀ ਅਤੇ ਰਾਤੀ ਉਥੇ ਆਇ ਸੌਂਦਾ ਸੀ ਤਾਂ ਬਾਬਾ ਜੀ ਨੇ ਉਥੇ ਹੀ ਆਸਣ ਕੀਤਾ ਤਾਂ ਮਰਦਾਨੇ ਨੂੰ ਕਹਿਆ ਮਰਦਾਨਿਆ ਰਬਾਬ ਵਜਾਇ ਅਤੇ ਸਬਦ ਗਾਉ ਤਾਂ ਮਰਦਾਨਾ ਲਗਾ ਸਬਦ ਗਾਵਣ ਸੋ ਜਾਂ ਸਬਦ ਗਾਂਵਦਿਆਂ ਤੀਸਰਾ ਪਹਰ ਹੋਇਆ ਤਾਂ ਮਰਦਾਨੇ ਆਖਿਆ ਜੀ ਮੈਂ ਖੁਧਿਆ ਕਰਕੇ ਵਿਆਕੁਲ

ਹੋਇਆ ਹਾਂ ਤਾਂ ਹੁਕਮ ਹੋਇਆ ਸਹਰ ਚਿਤਾ ਲਿਆਉ ਤਾਂ ਮਰਦਾਨਾ ਇਕ ਬਜਾਰ ਗਇਆ ਅਤੇ ਦੂਸਰੇ ਜਾਇ ਨਿਕਲਿਆ ਅਰ ਸਭਸੇ ਕੋ ਕ਼ਰਤਾਰ ਕਰਤਾਰ ਕਹਿੰਦਾ ਫਿਰੇ ਪਰ ਕਿਸੇ ਵੀ ਭਿਛਿਆ ਨਾ ਪਾਈ ਤਾਂ ਫਿਰ ਥਕ ਕੇ ਮਰਦਾਨਾ ਮੁੜ ਆਇਆ ਬਾਬੇ ਜੀ ਦੇ ਪਾਸ ਅਰ ਆਨ ਕੇ ਕਹਿਆ ਜੀ ਪਰਮੇਸਰ ਦਾ ਨਾਮ ਕੋਈ ਨਹੀਂ ਮੰਨਦਾ ਅਰ ਇਕ ਪਠਾਣ ਕੈਫੀ ਨੇ ਸਗੋਂ ਮੈਨੂੰ ਧਕਾ ਦੇਇਕੇ ਸੁਟ ਘਤਿਆ ਹੈ ਏਹ ਬਾਬੇ ਨੂੰ ਕਹਿੰਦਾ ਹੀ ਸੀ ਕਿ ਇਤਨੇ ਚਿਰ ਨੂੰ ਸਹਰੋਂ ਕਿਰਤ ਕਰਕੇ ਭਾਈ ਲਾਲੋ ਆਇਆ ਅਰ ਭੁੰਨੇ ਹੋਏ ਦਾਣੇ ਬਾਬੇ ਜੀ ਦੇ ਅਗੇ ਆਣ ਰਖੇ ਤਾਂ ਬਾਬੇ ਬਚਨ ਕੀਤਾ ਭਾਈ ਬਾਲਿਆ ਅਧੇ ਦਾਣੇ ਤੂੰ ਲੈ ਅਤੇ ਅਧੇ ਮਰਦਾਨੇ ਨੂੰ ਦੇਹ ਅਤੇ ਫਿਰ ਬਾਬਾ ਜੀ ਨੇ ਰਾਗ ਤਿਲੰਗ ਵਿਚ ਸ਼ਬਦ ਉਚਾਰਿਆ ॥

ਤਿਲੰਗ ਮਹਲਾ ੧ ॥ ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥ ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨ ਵੇ ਲਾਲੋ॥ ਸਰਮੁ ਧਰਮੁ ਦੁਇ ਛਪਿ ਖਲੋਏ ਕੂੜ ਫਿਰੈ ਪਰਧਾਨੁ ਵੇ ਲਾਲੋ ॥ ਕਾਜੀਆਂ ਬਾਮਨਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ ॥ ਮੁਸਲਮਾਨੀਆਂ ਪੜਹਿ ਕਤੇਬਾ ਕਸਟ ਮਹਿ ਕਰਹਿ ਖੁਦਾਇ ਵੇ ਲਾਲੋ ॥ ਜਾਤ ਸਨਾਤੀ ਹੋਰ ਹਿੰਦਵਾਣੀਆਂ ਏਹ ਭੀ ਲੇਖੇ ਲਾਇ ਵੇ ਲਾਲੋ ॥ ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤਕਾ ਕੁੰਗੂ ਪਾਇ ਵੇ ਲਾਲੋ ॥ ਸਾਹਿਬ ਕੇ ਗੁਣ ਗਾਵੈ ਨਾਨਕ ਮਾਸ ਪੁਰੀ ਵਿਚਿ ਆਖਮਸੋਲਾ ਜਿਨਿ ਉਪਾਈ ਰੰਗਿ ਰਵਾਈ ਬੈਠਾ ਵੇਖੈ ਵਖ ਇਕੇਲਾ ॥ ਸਚਾ ਸੋ ਸਾਹਿਬੁ ਸਚੁ ਤਪਾਵਸੁ ਸਚੜਾ ਨਿਆਉ ਕਰੇਗੁ ਮਸੋਲਾ ॥ ਕਾਇਆ ਕਪੜ ਟੁਕ ਟੁਕ ਹੋਸੀ ਹਿੰਦੁਸਤਾਨ ਸਮਾਲਸੀ ਬੋਲਾ ॥ ਆਵਨਿ ਅਠਤਰੈ ਜਾਨਿ ਸਤਾਨਵੈ ਹੋਰੁ ਭੀ ਉਠਸੀ ਮਰਦ ਕਾ ਚੇਲਾ ॥ ਸਚ ਕੀ ਬਾਣੀ ਨਾਨਕੁ ਆਖੈ ਸਚ ਸੁਣਾਇਸੀ ਸਚ ਕੀ ਬੇਲਾ ॥੨॥

ਬਾਬਾ ਕਹਿੰਦਾ ਹੈ ਕਿ ਹੇ ਲਾਲੋ ਜੇ ਤੂੰ ਆਖੇ ਇਨਾਂ ਸਾਧਾ ਕੋਪ ਹੋਇ ਕਰ ਸ੍ਰਾਪ ਪਠਾਣਾਂ ਨੂੰ ਦਿਤਾ ਹੈ ਸੋ ਅਸਾਂ ਸਰਾਪ ਨਹੀਂ ਦਿਤਾ ਅਸੀ ਸਰਬ ਨੂੰ ਪਰਮੇਸਰ ਰੂਪ ਜਾਣਦੇ ਹਾਂ ਪਰ ਜੇਹੀ ਅਕਾਲ ਪੁਰਖ ਦੀ ਆਗਿਆ ਆਈ ਹੈ ਤੇਹਾ ਮੈਂ ਕਹਿੰਨਾਂ ਹਾਂ ਕਿ ਇਨਾਂ ਜੀਆਂ ਦੇ ਪਾਪਾਂ ਨੇ ਖੁਰਾਸਾਨ ਵਿਚ ਮੁਗਲਾਂ ਦਾ ਰੂਪ ਧਾਰਿਆ ਹੈ ਅਰ ਮੁਗਲਾਂ ਦਾ ਜੋ ਬਾਬਰ ਹੈ ਸੋ ਉਨਾਂ ਦਾ ਸਿਰਦਾਰ ਹੋਇਆ ਹੈ ਅਰ ਉਹ ਪਾਪਾਂ ਦੀ ਜੰਞ ਲੈ ਕਰਕੇ ਕਾਬਲਹੁ ਧਾਇਆ ਹੈ ਅਰ ਏਹ ਜੋ ਹਥ ਕਰਕੇ ਦਾਨ ਨਹੀਂ ਕਰਦੇ ਸੇ ਸੋ ਤਾਹੀ ਓਹ ਜੋਰੀ ਆਇਕੇ ਇਨਾਂ ਕੋ ਡੰਡ ਅਰ ਕਰ ਲਗਾਵੇਗਾ

ਕਯੋਂਕਿ ਸਰਮ ਧਰਮ ਦੋਨੋਂ ਕਲਜੁਗ ਵਿਚ ਛਾਪ ਖਲੋਤੇ ਹਨ ਅਰ ਕੂੜ ਪ੍ਰਧਾਨ ਫਿਰਦਾ ਹੈ ਅਤੇ ਕਾਜੀਆਂ ਬਾਮਣਾਂ ਕੀਆਂ ਜੋ ਗਲਾਂ ਸੁਣਕੇ ਵਿਵਾਹ ਕਰਦੇ ਸੇ ਸੋ ਭੁਲਾਇ ਦਿਤੇ ਹੈਨ ਅਰ ਸੈਤਾਨੀ ਨਿਕਾਹ ਬੰਨਦੇ ਹਨ ਜੋ ਜਿਸਦੀ ਇਸਤ੍ਰੀ ਸੁੰਦਰ ਦੇਖਦੇ ਹਨ ਸੋ ਤਿਸਨੂੰ ਖਸਕੇ ਨਿਕਾਹ ਬੰਨ ਲੈਦੇ ਹਨ ਅਰ ਮੁਸਲਮਾਨੀਆਂ ਕਤੇਬਾਂ ਪੜਦੇ ਹਨ ਅਰ ਸਭਸੇ ਮੈਂ ਖ਼ੁਦਾਇ ਹੈ ਸੋ ਏਹ ਗਲ ਨਹੀਂ ਜਾਣਦੇ ਅਰ ਜੀਆਂ ਨੂੰ ਦੁਖ ਦੇਂਦੇ ਹਨ ਅਰ ਨੀਚ ਜਾਤ ਅਤੇ ਹਿੰਦਵਾਣੀਆਂ ਨੂੰ ਭੀ ਜੋਰ ਨਾਲ ਵਿਵਾਹ ਲੈਂਦੇ ਹਨ ਸੋ ਇਨਾਂ ਦਾ ਇਥੇ ਖੂਨ ਹੋਵੇਗਾ ਅਰ ਈਹਾਂ ਇਨਾਂ ਦੇ ਸੋਹਿਲੇ ਗਾਵੀਅਨਗੇ ਅਰ ਰਤ ਇਨਾਂ ਦੀ ਦਾ ਕੁੰਗੂ ਪਵੇਗਾ ਅਰ ਜੇਹੜੀ ਸਸਤ੍ਰਾਂ ਤੇ ਰਤ ਪਵੇਗੀ ਸੋਈ ਕੁੰਗੂ ਪਵੇਗਾ ਪਰ ਸਾਹਿਬ ਦੇ ਗੁਣ ਗੁਰੂ ਨਾਨਕ ਜੀ ਕਹਿੰਦੇ ਹਨ ਕਿ ਇਨਾਂ ਦੇ ਜੀਉ ਨੂੰ ਭਿੰਨ ਕਰਕੈ ਮਾਸ ਦੀ ਧੁਰੀ ਹੋ ਜਾਵੇਗੀ ਕਯੋਂਕਿ ਜਿਸਨੇ ਜਗਤ ਉਤਪਤਿ ਕਰਕੇ ਰੰਗ ਵਿਚ ਲਾਇਆ ਹੈ ਸੋ ਰੰਗ ਦੇ ਵਿਚ ਲੋਕ ਪਰਚ ਗਏ ਹਨ ਅਤੇ ਸਾਹਿਬ ਨੂੰ ਭੁਲਾਇ ਛਡਿਆ ਨੇ ਪਰ ਉਹ ਇਕੇਲਾ ਬੈਠਾ ਵੇਖਦਾ ਹੈ ਅਰ ਓਹ ਸਚਾ ਸਾਹਿਬ ਹੈ ਅਰ ਸਚ ਤਪਾਉਸ ਅਤੇ ਸਚ ਨਿਆਉ ਮਸੋਲੇ ਮੂਜਬ ਕਰਦਾ ਹੈ ਤਾਂਤੇ ਕਾਇਆਂ ਜੋ ਇਨਾਂ ਦੀਆਂ ਹੈਨ ਸੋ ਕਪੜੇ ਵਾਗਣ ਟੁਕੜੇ ਟੁਕੜੇ ਹੋਸਨ ਅਤੇ ਹਿੰਦਸਤਾਨ ਇਸ ਬੋਲ ਨੂੰ ਸੰਭਾਲੇਗਾ ਅਤੇ ਪੰਦਰਾਂ ਸੌ ਅਠਤਰੇ ਚਉਗਤੇ ਹਿੰਦਸਤਾਨ ਮੈਂ ਆਵਨਗੇ ਅਰ ਹਿੰਦ ਰਾਜ ਦੋ ਸੈ ਉਂਨੀ ਬਰਸ ਰਹਿੰਗੇ ਅਰ ਸਤਾਰਾਂ ਸੌ ਛਿਆਨਵੇਂ ਮੈ ਈਰਾਨ ਸੇ ਇਕ ਮੁਗਲ ਆਵੇਗਾ ਅਰ ਗੁਰੂ ਜੀ ਦਾ ਜਾਪ ਜਪਾਵੇਗਾ ਅਰ ਇਨਾਂ ਰਾਜ ਜੀਤ ਕੇ ਫੇਰ ਦੋ ਸੈ ਸਤਾਨਵੇਂ ਨੂੰ ਅਰ ਸਤਾਰਾਂ ਸੈ ਸਤਾਨਵੇਂ ਮੈਂ ਉਠ ਜਾਵੇਗਾ ਅਤੇ ਉਸਤੋਂ ਪਿਛੋਂ ਦਸਵਾਂ ਅਉਤਾਰ ਅਸਾਡਾ ਨਰ ਰੂਪ ਹੋਵੇਗਾ ਸੋ ਉਹ ਜੋ ਮਰਦ ਹੈ ਉਸਦੇ ਸਿਖ ਖਾਲਸਾ ਸਦਾਇਨਗੇ ਅਰ ਸਨੇ ਸਨੇ ਹਿੰਦਸਤਾਨ ਦਾ ਰਾਜ ਖੋਹ ਲਵਨਗੇ ਸੋ ਜੇ ਆਪਸ ਵਿਚ ਇਤਫਾਕ ਕਰਨਗੇ ਤਾਂ ਹੋਰਨਾਂ ਵਲਾਇਤਾਂ ਦਾ ਰਾਜ ਭੀ ਮਲ ਲਵਨਗੇ ਅਤੇ ਜੇ ਆਪਸ ਮੈਂ ਵਿਰੋਧ ਕਰਨਗੇ ਤਾਂ ਹਿੰਦਸਤਾਨ ਵਿਚ ਹੀ ਦੁਖ ਪਏ ਪਾਵਨਗੇ ਤਾਂਤੇ ਸਚ ਦੀ ਬਾਣੀ ਗੁਰੂ ਨਾਨਕ ਜੀ ਕਹੀ ਹੈ ਅਰ ਜਿਸ ਵੇਲੇ ਪ੍ਰਤਖ ਹੋਵੈਂਗਾ ਤਾਂ ਜੀਵ ਜਾਣਨਗੇ ਅਰ ਲਾਲੋ ਨੂੰ ਕਹਿਆ ਕਿ ਚਾਰ ਕੋਹ ਇਥੋਂ ਤਲਾਬ ਹੈ ਸੋ ਤੂੰ ਸਭ ਪਦਾਰਥ ਆਪਣੇ ਲੈਕਰ ਉਥੇ ਜਾਇ ਰਹੁ ਕਯੋਂ ਜੋ ਰਾਤ ਨੂੰ ਇਥੇ ਬਾਬਰ ਪਾਉਣਾ ਹੈ ਅਰ ਵਡਾ ਕਸਟ ਲੋਕਾਂ ਨੂੰ ਹੋਣਾ ਹੈ ਤਾਂ ਲਾਲੋ ਆਪ ਭੀ ਅਰ ਹੋਰ ਭੀ ਹਮਸਾਇਆਂ ਨੂੰ ਨਾਲ ਲੈਕੇ ਓਥੇ ਜਾਇ ਰਹਿਆ ਤਾਂ ਰਾਤ ਨੂੰ ਪੰਜਾਹਾਂ ਕੋਹ ਤੋਂ ਬਾਬਰ ਆਇ ਪਇਆ ਸੋ ਥੋੜੀ

ਜੇਹੀ ਲੜਾਈ ਹੋਈ ਅਰ ਕਿਲਾ ਮਾਰ-ਲੀਤਾ ਅਰ ਪਠਾਣ ਕਤਲ ਕੀਤੇ ਤਾਂ ਸਿਖਾਂ ਨੇ ਭਾਈ ਮਨੀ ਸਿੰਘ ਜੀ ਪਾਸ ਪ੍ਰਸਨ ਕੀਤਾ ਜੁ ਖਾਲਸਾ ਤਾਂ ਸਤਾਰਾਂ ਸੈ ਪੰਜਾਹ ਸੰਮਤ ਅਰ ਵਰਤਿਆ ਤਾਂ ਭਾਈ ਕਹਿਆ ਚਾਲੀ ਬਰਸ ਖਾਲਸਾ ਅਗੇ ਹੀ ਵਰਤਾਇਆ ਹੈ ਪਰ ਤੇਜ ਇਨਾਂ ਦਾ ਸਤਾਰਾਂ ਸੌ ਸਤਾਨਵੇਂ ਹੀ ਮੈ ਹੋਵੇਗਾ .ਅਰ ਫਿਰ ਸਬਦ ਹੋਇਆ ॥

ਆਸਾ ਮਹਲਾ ੧ ॥ ਜਿਨ ਸਿਰਿ ਸੋਹਨਿ ਪਟੀਆਂ ਮਾਂਗੀ ਪਾਇ ਸੰਧੂਰੁ ॥ ਸੇ ਸਿਰ ਕਾਤੀ ਮੁੰਨੀਅਨਿ ਗਲਿ ਵਿਚ ਆਵੈ ਧੂੜ ॥ ਮਹਲਾ ਅੰਦਰਿ ਹੋਦੀਆਂ ਹੁਣ ਬਹਣਿ ਨ ਮਿਲਨਿ ਹਦੂਰ ॥ ੧ ॥ ਆਦੇਸੁ ਬਾਬਾ ਆਦੇਸੁ ॥ ਆਦਿ ਪੁਰਖ ਤੇਰਾ ਅੰਤ ਨ ਪਾਇਆ ਕਰਿ ਕਰਿ ਦੇਖਹਿ ਵੇਸੁ ॥ ੧ ॥ ਰਹਾਉ ॥ ਜਦਹੁ ਸੀਆ ਵੀਆਹੀਆ ਲਾੜੇ ਸੋਹਨਿ ਪਾਸ ॥ ਹਿੰਡੋਲੀ ਚੜਿਆਈਆਂ ਦੰਦ ਖੰਡ ਕੀਤੇ ਰਾਸ॥ ਉਪਰਹੁ ਪਾਣੀ ਵਾਰੀਐ ਝਲੇ ਝਿਮਕਨਿ ਪਾਸਿ ॥੨॥ ਇਕ ਲਖੁ ਲਹਨਿ ਬਹਿਰੀਆਂ ਲਖੁ ਲਹਨਿ ਖੜੀਆ॥ ਗਰੀ ਛੁਹਾਰੇ ਖਾਂਦੀਆਂ ਮਾਣਨ ਸੇਜੜੀਆਂ॥ ਤਿਨ ਗਲਿ ਸਿਲਕਾ ਪਾਈਆਂ ਤੁਟਨਿ ਮੋਤ ਧਰੀਆ ॥ ੩ ॥ ਧਨੁ ਜੋਬਨ ਦੋਇ ਵੈਰੀ ਹੋਏ ਜਿਨੀ ਰਖੇ ਰੰਗ ਲਾਇ ॥ ਦੂਤਾ ਨੋ ਫਰਮਾਇਆ ਲੈ ਚਲੇ ਪਤਿ ਗਵਾਇ॥ ਜੇ ਤਿਸੁ ਭਾਵੈ ਦੇ ਵਡਿਆਈ ਜੇ ਭਾਵੈ ਦੇਇ ਸਜਾਇ ॥ ੪ ॥ ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ ॥ ਸਾਹਾ ਸੁਰਤਿ ਗਵਾਇਆ ਰੰਗਿ ਤਮਾਸੈ ਚਾਇ ॥ ਬਾਬਰ ਵਾਣੀ ਫਿਰਿ ਗਈ ਕੁਇਰੁ ਨ ਰੋਟੀ ਖਾਇ ॥੫॥ ਇਕਨਾ ਵਖਤ ਖੁਆਈਅਹਿ ਇਕਨਾ ਪੂਜਾ ਜਾਇ॥ ਚਉਕੇ ਵਿਣ ਹਿੰਦਵਾਣੀਆਂ ਕਿਉ ਟਿਕੇ ਕਢਹਿ ਨਾਇ ॥ ਰਾਮ ਨ ਕਬਹੂ ਚੇਤਿਓ ਹੁਣਿ ਕਹਣਿ ਨ ਮਿਲੈ ਖੁਦਾਇ ॥ ੬ ॥ ਇਕ ਘਰ ਆਵਹਿ ਆਪਣੇ ਇਕਿ ਮਿਲਿ ਮਿਲਿ ਪੁਛਹਿ ਸੁਖ ॥ ਇਕਨਾ ਏਹੋ ਲਿਖਿਆ ਬਹਿ ਬਹਿ ਰੋਵਹਿ ਦੁਖ॥ ਜੋ ਤਿਸੁ ਭਾਵੈ ਸੋ ਥੀਐ ਨਾਨਕ ਕਿਆ ਮਾਨੁਖ ॥੭॥

ਤਿਸਕਾ ਪਰਮਾਰਥ :-ਗੁਰੂ ਨਾਨਕ ਸਾਹਿਬ ਜੀ ਕਹੇ ਹੈਂ ਕਿ ਜਿਸ ਵੇਲੇ ਬਾਬਰ ਆਇਆ ਤਾਂ ਆਕਰ ਉਸਨੇ ਪਠਾਣਾਂ ਨੂੰ ਕਤਲਾਮ ਕੀਤਾ ਅਰ ਉਨਾਂ ਦੀਆਂ ਇਸਤ੍ਰੀਆਂ ਬੰਨ ਲਈਆਂ ਅਰ ਘਰਾਂ ਦੇ ਪਦਾਰਥ ਸਭ ਲੁਟ ਲਏ ਅਰ ਜਿਨਾਂ ਦੇ ਸਿਰ ਤੇ ਮਹਾ ਪਟੀਆਂ ਸੋਭਦੀਆਂ ਹੈਸਨ ਅਰ ਸੰਧੂਰਾਂ ਦੀਆਂ ਮਾਂਗਾ ਭਰਵਾਉਂਦੀਆਂ ਹੈਸਨ ਸੋ ਉਨਾਂ ਦੇ ਸਿਰ ਦੇ ਕੇਸ ਕਾਤੀਆਂ ਨਾਲ ਵਢ ਕੇ ਭੂਖਣ ਉਤਾਰ ਲੈਂਦੇ ਹਨ ਅਤੇ ਉਨਾਂ ਦੇ ਅੰਗਾਂ ਵਿਚੋਂ ਸਭ ਭੂਖਣ ਉਤਾਰ ਲੈਂਦੇ ਹਨ ॥ ਅਤੇ ਉਨਾਂ ਦੇ ਮੂੰਹ

ਸੁਆਹ ਨਾਲ ਭਰਕੇ ਕਹਦੇ ਹਨ ਜੋ ਹੋਰ ਮਾਇਆ ਦੇਹੋ ਅਤੇ ਉਨਾਂ ਦੇ ਗਲ ਵਿਚ ਸੁਆਹ ਆਂਵਦੀ ਹੈ ਅਰ ਜੇਹੜੇ ਮੁਖ ਕਰਕੇ ਛਤ੍ਰੀ ਅੰਮ੍ਰਿਤ ਭੋਜਨ ਖਾਂਦੇ ਹੈਸਨ ਅਤੇ ਵਾਹਗੁਰੂ ਦਾ ਭੋਜਨ ਨਹੀਂ ਸੀ ਕੀਤਾ ਸੋ ਉਨਾਂ ਦਾ ਏਹ ਹਵਾਲ ਹੋਂਦਾ ਹੈ ਅਰ ਜਦ ਮਹਲਾਂ ਦੇ ਅੰਦਰ ਬੈਠਦੀਆਂ ਹੈਸਨ ਅਤੇ ਸੰਤਾਂ ਦਾ ਸੰਗ ਨਹੀਂ ਸਨ ਕਰਦੀਆਂ ਸੋ ਤਿਨਾਂ ਨੂੰ ਹੁਣ ਪਾਸ ਭੀ ਨਹੀਂ ਬੈਠਣਾ ਮਿਲਦਾ ॥ ੧ ॥ ਤਾਂਤੇ ਉਸ ਵਾਹਗੁਰੂ ਨੂੰ ਨਮਸਕਾਰ ਕੀਤਾ ਚਾਹੀਤਾ ਹੈ ਕਜੋਂ ਜੋ ਉਸ ਵਾਹਗੁਰੂ ਦਾ ਅੰਤ ਨਹੀਂ ਪਾਇਆ ਜਾਂਦਾ ਅਰ ਉਸਦਾ ਅੰਤ ਪਾਵਣ ਵਾਸਤੇ ਰਖੀਸਰ ਅਰ ਮੁਨੀਸਰ ਭੇਖ ਕਰ ਕਰ ਥਕ ਪਏ ਹੈਨ ਅਰ ਜਦ ਏਹੁ ਵੀਆਹੀਆਂ ਹੈਸਨ ਤਾਂ ਭਰਤੇ ਇਨਾਂ ਦੇ ਪਾਸ ਸੋਭਾ ਪਾਂਵਦੇ ਹੈਸਨ ਅਰ ਦੰਦ ਖੰਡ ਦਿਆਂ ਹਿੰਡੋਲਿਆਂ ਤੇ ਚੜ ਆਈਆਂ ਹੈਸਨ ਅਰ ਉਪਰੇ ਪਾਣੀ ਵਾਰ ਵਾਰ ਸਸੂ ਤੇ ਮਾਊ ਪੀਂਦੀਆਂ ਹੈਸਨ ਅਰ ਉਨਾਂ ਦੇ ਪਖਿਆਂ ਦੇ ਨਾਲ ਸੀਸੇ ਝਮਕਦੇ ਹੈਸਨ ਅਰ ਜਿਥੇ ਜਾਇਕੇ ਬੈਠਦੀਆਂ ਹੈਸਨ ਤਿਥੇ ਲਖ ਪਦਾਰਥ ਉਨਾਂ ਨੂੰ ਆਂਵਦੇ ਹੈਸਨ ਅਰ ਗਰੀ ਛੁਹਾਰੇ ਖਾਂਦੀਆਂ ਹੈਸਨ ਅਤੇ ਭਰਤਾ ਦੀਆਂ ਸੇਜਾਂ ਮਾਣਦੀਆਂ ਹੈਸਨ ਸੋ ਹੁਣ ਤਿਨਾਂਦੇ ਗਲ ਸਿਲਕਾ ਪੈਂਦੀਆਂ ਹੈਸਨ ਅਰ ਮੋਤੀਆਂ ਦੀਆਂ ਮਾਲਾਂ ਤੋੜ ਲਈਅਨਗੇ ਅਰ ਧਨ ਜੋਬਨ ਨਾਲ ਜੋ ਰੰਗ ਮਾਣਦੇ ਹੈਸਨ ਸੋ ਦੋਵੇਂ ਹੁਣ ਵੈਰੀ ਹੋਏ ਹਨ ਕਯੋਂਕਿ ਜੋਬਨ ਵਾਲੀ ਭੀ ਹੁਣ ਪਕੜੀਤੀ ਹੈ ਅਤੇ ਧਨ ਵਾਲਾ ਭੀ ਪਕੜੀਦਾ ਹੈ ਅਰ ਦੂਤਾਂ ਨੂੰ ਬਾਬਰ ਫੁਰਮਾਉਂਦਾ ਹੈ ਕਿ ਜੋ ਧਨ ਜੋਬਨ ਵਾਲਾ ਹੈ ਸੋ ਹੁਣ ਪਕੜ ਲਿਆਵੋ ਅਰ ਪਤ ਗਵਾਇਕੇ ਲੈ ਚਲੋ ਤਾਂਤੇ ਜੋ ਵਾਹਗੁਰੂ ਨੂੰ ਭਾਂਵਦਾ ਹੈ ਤਾਂ ਵਡਿਆਈ ਦੇਂਦਾ ਹੈ ਅਤੇ ਜੇੜੇ ਉਸਦਾ ਭਾਣਾ ਨਹੀਂ ਮੰਨਦੇ ਤਿਨਾਂ ਨੂੰ ਸਜਾਈ ਦੇਂਦਾ ਹੈ ਪਰ ਜੋ ਅਗੋਂ ਹੀ ਚੇਤਤਾ ਹੈ ਤਾਂ ਉਸਨੂੰ ਕਿਉਂ ਸਜਾਇ ਮਿਲਦੀ ਹੈ ਅਰ ਪਾਤਸਾਹਾਂ ਨੇ ਅਰ ਅੰਬੀਰਾਂ ਨੇ ਜੋ ਮਹਾਰਾਜ ਦੇ ਭਜਨ ਦੀ ਅਰ ਦਾਨ ਦੀ ਸੁਰਤ ਗਵਾਇਕੇ ਰੰਗ ਤਮਾਸਿਆਂ ਦੇ ਵਿਚ ਪੈ ਗਏ ਹਨ ਤਾਹੀਂ ਤੇ ਬਾਬਰ ਦੀ ਦੁਹਾਈ ਫਿਰ ਗਈ ਅਰ ਜੇਹੜੇ ਉਨਾਂ ਦੇ ਕੁਇਰ ਹੈਸਨ ਤਿਨਾਂ ਨੂੰ ਬੰਨ ਮਾਰੀਦ ਹੈ ਅਤੇ ਰੋਟੀ ਭੀ ਖਾਵਣ ਨੂੰ ਨਹੀਂ ਮਿਲਦੀ ਅਰ ਇਕਨਾਂ ਦੇ ਨਿਵਾਜ ਦੇ ਵਕਤ ਘੁਸਦੇ ਜਾਂਦੇ ਹਨ ਅਰ ਇਕਨਾ ਦਾ ਪੂਜਾ ਦਾ ਸਮਾਂ ਬੀਤਤਾ ਜਾਂਦਾ ਹੈ ਅਰ ਜੇਹੜੀਆਂ ਹਿੰਦਵਾਣੀਆਂ ਇਸਨਾਨ ਕਰਕੇ ਅਤੇ ਚਉਕਾ ਪਾਇਕੇ ਅਤੇ ਮਥੇ ਅਰ ਟਿਕਾ ਲਾਇਕੇ ਅਤੇ ਚੌਂਕੇ ਵਿਚ ਬਹਿਕੇ ਰੋਟੀਆਂ ਖਾਂਦੀਆਂ ਸਨ ਸੋ ਹੁਣ ਬਧੀਦੀਆਂ ਤੇ ਮਾਰੀਦੀਆਂ ਹੈਨਗੀਆਂ ਅਰ ਰੋਟੀ ਖਾਵਣ ਨੂੰ ਨਹੀਂ ਮਿਲਦੀ ਅਰ ਜਿਨਾਂ ਅਗੇ ਸੁਖਾਲੀ ਸਾਸੀ ਵਾਹਗੁਰੂ ਨਾਹ ਚਿਤ ਕੀਤਾ ਸੋ ਸੁਣ ਉਨਾਂ ਨੂੰ ਖੁਦਾਇ ਭੀ ਨਹੀਂ


ਕਹਿਣਾ ਮਿਲਦਾ ਅਰ ਇਕ ਉਨਾਂ ਦੇ ਘਰ ਵਿਚ ਆਇਕੇ ਸੁਖ ਦੁਖ ਪੁਛਦੇ ਹਨ ਅਤੇ ਇਕ ਮੁਇਆਂ ਨੂੰ ਚਿਤ ਕਰਕੇ ਉਨਾਂ ਦੇ ਦੁਖ ਬਹਿ ਬਹਿ ਰੋਂਦੀਆਂ ਹਨ ਸੋ ਜਿਵੇਂ ਵਾਹਗੁਰੂ ਨੂੰ ਭਾਂਵਦਾ ਹੈ ਹੁੰਦਾ ਹੈ ਹੋਰ ਮਨੁਖ ਦੇ ਹਥ ਕੀ ਹੈ ਸੋ ਜਦ ਅੰਮ੍ਰਿਤ ਵੇਲੇ ਬਾਬੇ ਦੇ ਅਗੇ ਮਰਦਾਨੇ ਏਹ ਸਬਦ ਗਾਵਿਆ ਤਾਂ ਬਾਬੇ ਨੇ ਇਕ ਹੋਰ ਸਬਦ ਉਚਾਰਿਆ ॥

ਆਸਾ ਮਹਲਾ ੧ ॥ ਕਹਾ ਸੁਖੇਲ ਤਬੇਲਾ ਘੋੜੇ ਕਹਾ ਭੇਰੀ ਸਹਨਾਈ ॥ ਕਹਾ ਸੁ ਤੇਗ ਬੰਦ ਗਾਡੇਰੜਿ ਕਹਾ ਸੁ ਲਾਲ ਕਵਾਈ ॥ ਕਹਾ ਸੁ ਆਰਸੀਆ ਮੁਹ ਬੰਕੇ ਐਥੇ ਦਿਸਹਿ ਨਾਹੀ ॥ ੧ ॥ ਇਹੁ ਜਗੁ ਤੇਰਾ ਤੂੰ ਗੋਸਾਈਂ ॥ ਏਕ ਘੜੀ ਮੈ ਥਾਪਿ ਉਥਾਪੇ ਜਰੁ ਵੰਡਿ ਦੇਵੈ ਭਾਈ ॥ ੧ ॥ ਰਹਾਉ ॥ ਕਹਾ ਸੁ ਘਰ ਦਰ ਮੰਡਪ ਮਹਲਾ ਕਹਾ ਸੁ ਬੰਕ ਸਰਾਈ ॥ ਕਹਾ ਸੁ ਸੇਜ ਸੁਖਾਲੀ ਕਾਮਣਿ ਜਿਸੁ ਵੇਖਿ ਨੀਦ ਨ ਪਾਈ ॥ ਕਹਾ ਸੁ ਪਾਨ ਤੰਬੋਲੀ ਹਰਮਾ ਹੋਈਆ ਛਾਈ ਮਾਈ ॥ ੨ ॥ ਇਸ ਜਰ ਕਾਰਣਿ ਘਣੀ ਵਿਗੁਤੀ ਇਨਿ ਜਰਿ ਘਣੀ ਖੁਆਈ ॥ ਪਾਪਾਂ ਬਾਝਹੁ ਹੋਵੈ ਨਾਹੀ ਮੁਇਆਂ ਸਾਥਿ ਨ ਜਾਈ ॥ ਜਿਸਨੋ ਆਪਿ ਖੁਆਏ ਕਰਤਾ ਖੁਸਿ ਲਏ ਚੰਗਿਆਈ ॥੩॥ ਕੋਟੀ ਹੂ ਪੀਰ ਵਰਜਿ ਰਹਾਏ ਜਾ ਮੀਰੁ ਸੁਣਿਆ ਧਾਇਆ ॥ ਥਾਨ ਮੁਕਾਮ ਜਲੇ ਬਿਜ ਮੰਦਰ ਮੁਛਿ ਮੁਛਿ ਕੁਇਰ ਰੁਲਾਇਆ ॥ ਕੋਈ ਮੁਗਲੁ ਨ ਹੋਆ ਅੰਧਾ ਕਿਨੈ ਨ ਪਰਚਾ ਲਾਇਆ ॥੪॥ ਮੁਗਲ ਪਠਾਨਾ ਭਈ ਲੜਾਈ ਰਣਿ ਮਹਿ ਤੇਗ ਵਗਾਈ ॥ ਓਨੀ ਤੁਪਕ ਤਾਣਿ ਚਲਾਈ ਓਨੀ ਹਸਤਿ ਚਿੜਾਈ ॥ ਜਿਨਕੀ ਚੀਰੀ ਦਰਗਹ ਫਾਟੀ ਤਿਨਾਂ ਮਰਣਾ ਭਾਈ ॥ ੫ ॥ ਇਕ ਹਿੰਦਵਾਣੀ ਅਵਰ ਤਰਕਾਣੀ ਭਟਿਆਣੀ ਠਕੁਰਾਣੀ ॥ ਇਕਨਾ ਪੇਰਣ ਸਿਰ ਖੁਰ ਪਾਟੇ ਇਕਨਾ ਵਾਸੁ ਮਸਾਣੀ ॥ ਜਿਨਕੇ ਬੰਕੇ ਘਰੀ ਨ ਆਇਆ ਤਿਨ ਕਉ ਰੈਣ ਵਿਹਾਣੀ ॥ ੬ ॥ ਆਪੇ ਕਰੇ ਕਰਾਏ ਕਰਤਾ ਕਿਸਨੋ ਆਖਿ ਸੁਣਾਈਐ ॥ ਦੁਖ ਸੁਖ ਤੇਰੈ ਭਾਣੈ ਹੋਵੈ ਕਿਸ ਥੈ ਜਾਇ ਰੂਆਈਐ ॥ ਹੁਕਮੀ ਹੁਕਮਿ ਚਲਾਏ ਵਿਗਸੈ ਨਾਨਕ ਲਿਖਿਆ ਪਾਈਐ ॥੭॥

ਤਿਸਕਾ ਪਰਮਾਰਥ :--ਸ੍ਰੀ ਗੁਰੂ ਨਾਨਕ ਜੀ ਕਹੈ ਹੈ ਕਿ ਇਨਾਂ ਪਠਾਣਾਂ ਦੇ ਘੋੜੇ ਅਰ ਤਬੇਲੇ ਕਹਾਂ ਗਏ ਅਰ ਭੇਰੀ ਸਹਨਾਈ ਜੋ ਵਜਦੀਆਂ ਹੈਸਨ ਇਨਾਂ ਦੀਆਂ ਸੋ ਕਹਾਂ ਗਈਆਂ ਅਰ ਉਨ ਕੇ ਰਥ ਸਨ ਅਰ ਲਾਲ ਕਵਾਈ ਸਨ ਸੋ ਕਹਾਂ ਗਈਆਂ ਅਰ ਆਰਸੀਆਂ ਮੈਂ ਜੋ ਬੰਕੇ ਮੁਖ ਦੇਖਦੇ ਸਨ ਸੋ ਕਹਾਂ ਗਏ ਅਰ ਓਹ ਇਥੇ ਨਹੀਂ ਦਿਸਦੇ ਤਾਂ ਭੀ ਜਗਤ ਤੇਰਾ ਹੈ ਅਰ ਤੂੰ ਜਗਤ ਦਾ ਸਾਂਈ ਹੈਂ ਅਰ ਜਗਤ ਨੂੰ

ਇਕ ਘੜੀ ਵਿਚ ਤੂੰ ਥਾਪਦਾ ਹੈਂ ਅਤੇ ਨਾਸ ਭੀ ਕਰਦਾ ਹੈਂ ਅਰ ਏਹ ਜਰ ਜੋ ਹੈ ਸੋ ਤੂੰ ਹੈਹੀ ਦੇਂਦਾ ਹੈ ਅਰ ਤੂਹੈ ਹੀ ਲੈਂਦਾ ਹੈ ॥ ਅਰ ਦਰ ਅਤੇ ਘਰ ਅਰ ਮੰਡਪ ਅਤੇ ਮਾੜੀਆਂ ਅਰ ਮਹੱਲ ਅਰ ਸਰਾਈ ਸੋ ਕਹਾਂ ਹਨ ਅਰ ਸੇਜਾਂ ਜੋ ਸੁਖਾਲੀਆਂ ਅਤੇ ਇਸਤ੍ਰੀਆਂ ਤੰਬੋਲ ਤੰਬੋਲ ਖਾਵਣ ਵਾਲੀਆਂ ਸੋ ਕਹਾਂ ਗਈਆਂ ਹਨ ਅਰ ਇਸ ਜਰ ਵਾਸਤੇ ਘਣੇ ਲੋਕਾਂ ਦੁਖ ਪਾਇਆ ਹੈ ਪਰ ਪਾਪਾਂ ਬਾਝਹੁ ਜਰ ਇਕਠੀ ਨਹੀਂ ਹੁੰਦੀ ਅਤੇ ਮੁਇਆਂ ਸਾਥਿ ਨਹੀਂ ਜਾਂਦੀ ਪਰ ਜਿਸਨੂੰ ਵਾਹਗੁਰੂ ਕਿਰਪਾ ਕਰਦਾ ਹੈ ਸੋ ਪਰਉਪਕਾਰ ਤੇ ਜਰ ਲਾਂਵਦਾ ਹੈ ਅਰ ਜਿਸਨੂੰ ਕਰਤੇ ਖੁਆਉਣ ਹੁੰਦਾ ਹੈ ਸੋ ਵਿਕਾਰਾਂ ਤੇ ਲਾਇੰਦਾ ਹੈ ॥ ੩ ॥ ਅਰ ਜਿਸ ਵੇਲੇ ਕਾਬਲਹੁ ਬਾਬਰ ਧਾਇਆ ਤਾਂ ਸਭ ਪੀਰਾਂ ਫਕੀਰਾਂ ਨੂੰ ਮਹਾਰਾਜ ਵਰਜ ਰਖਿਆ ਕਿ ਬਾਬਰ ਮੇਰੀ ਆਗਿਆ ਵਿਚ ਆਇਆ ਹੈ ਅਰ ਕਿਸੇ ਦੇ ਥਾਨ ਮੁਕਾਮ ਢਾਹੁਣ ਵਾਸਤੇ ਅਰ ਪਾਪੀਆਂ ਦੇ ਸਜਾਇ ਦੇਣ ਵਾਸਤੇ ਭੇਜਿਆ ਹੈ ਸੋ ਭਾਵੇਂ ਕਿਸੇ ਨੂੰ ਮਾਰੇ ਤੁਸਾਂ ਕਰਾਮਾਤ ਨਹੀਂ ਦਿਖਾਵਣੀ ਕਯੋਂਕਿ ਮੈਂ ਇਸਦੇ ਸਹਾਈ ਹੋਂ ਸੋ ਰਾਤ ਕੋ ਬਾਬਰ ਅਤੇ ਪਠਾਨਾਂ ਦੀ ਲੜਾਈ ਹੋਈ ਤਾਂ ਪਠਾਨਾਂ ਨੇ ਹਾਥੀ ਨੂੰ ਸੀਗਾਰ ਕੇ ਦਰਵਾਜੇ ਤੇ ਖਲਾ ਦਿਤਾ ਅਰ ਮੁਗਲਾਂ ਆਕੇ ਤੁਫੰਗਾਂ ਦੀਆਂ ਸਲਕਾ ਕੀਤੀਆਂ ਤਾਂ ਸਿਰਦਾਰਾਂ ਚੰਗਿਆਂ ਨੂੰ ਤੁਫੰਗਾ ਦੀਆਂ ਗੋਲੀਆਂ ਲਗੀਆਂ ਅਰ ਪਠਾਣ ਕਿਲੇ ਦਾ ਦਰਵਾਜਾ ਖੋਲ ਕੇ ਅੰਦਰ ਜਾ ਵੜੇ ਅਰ ਮੁਗਲ ਭੀ ਉਨਾਂ ਦੇ ਨਾਲ ਵੜ ਗਏ ਸੋ ਕਈ ਪਠਾਣ ਕਤਲਾਮ ਹੋਏ ਅਰ ਕਈ ਬੰਨ ਲੀਤੇ ਅਰ ਹਿੰਦਵਾਣੀਆਂ ਅਰ ਤੁਰਕਾਣੀਆਂ ਅਰ ਭਟਿਆਣੀਆਂ ਅਰ ਠਕੁਰਾਣੀਆਂ ਸਭ ਬਨ ਲੀਤੀਆਂ ਅਰ ਇਕਨਾਂ ਦੇ ਪਿਗਹਣ ਸਿਰ ਤੇ ਖੁਰ ਤੀਕਰ ਪਾਟ ਗਏ ਅਰ ਇਕ ਮਰ ਗਈਆਂ ਅਰ ਜਿਨਾਂ ਦੇ ਪੁਤ੍ਰ ਅਤੇ ਖਸਮ ਮਾਰੇ ਗਏ ਉਨਾਂ ਨੂੰ ਭੀ ਦੁਖ ਦੀ ਰਾਤ ਵਿਹਾਣੀ ਪਰ ਕਰਣ ਕਾਰਣ ਜੋ ਆਪ ਸੁਖ ਦੁਖ ਦੇਤਾ ਹੈ ਤਾਂ ਪੁਕਾਰ ਕਿਸ ਪਾਸ ਕਰੀਏ ਅਰ ਵਾਹਗੁਰੂ ਦੇ ਹੁਕਮ ਵਿਚ ਹੀ ਸਭ ਕੁਛ ਹੋਤਾ ਹੈ ਸੋ ਕਰਤਾ ਵੇਖ ਵੇਖ ਵਿਗਸਤਾ ਹੈ ਅਤੇ ਏਹ ਜੀਅ ਪਾਪਾਂ ਪੁਨਾਂ ਦਾ ਫਲ ਪਏ ਭੋਗਦੇ ਹਨ ਸੋ ਜਾਂ ਏਹੁ ਵਚਨ ਬਾਬੇ ਕਹਿਆ ਤਾਂ ਇਕ ਮੁਗਲ ਘੋੜਿਆਂ ਦੇ ਦਾਣੇ ਦੇ ਪੀਹਣ ਵਾਸਤੇ ਵਗਾਰੀ ਫੜਦਾ ਫਿਰਦਾ ਸੀ ਅਰ ਤਿਸਨੂੰ ਵਗਾਰੀ ਕੋਈ ਹਥਿ ਨਹੀਂ ਸੀ ਆਇਆ ਤਾਂ ਓਹ ਬਾਬੇ ਅਤੇ ਮਰਦਾਨੇ ਨੂੰ ਫੜ ਕੇ ਲੈ ਗਿਆ ਅਰ ਦੋਹਾਂ ਅਗੇ ਚਕੀਆਂ ਦਾਨਾ ਪੀਹਣ ਵਾਸਤੇ ਦਿਤੀਆਂ ਤਾਂ ਮਰਦਾਨਾ ਸਬਦ ਗਾਵੇ ਅਰ ਬਾਬਾ ਜੀ ਸਮਾਧ ਲਾਕੇ ਬੈਠ ਰਹੇ ਅਰ ਚਕੀਆਂ ਆਪੇ ਪਈਆਂ ਫਿਰਨ ਤਾਂ ਲੋਕਾਂ ਨੇ ਬਾਬਰ ਨੂੰ ਖਬਰ ਜਾਇ ਕਰੀ ਜੋ ਦੋਇ ਫਕੀਰ ਵਗਾਰੀ ਪਕੜੇ ਗਏ ਹਨ ਅਰ ਤਿਨਾਂ ਨੂੰ ਦਾਨਾ ਦਲਣ ਵਾਸਤੇ

ਚਕੀਆਂ ਮਿਲੀਆਂ ਸਨ ਸੋ ਓਹ ਤਾਂ ਚੁਪ ਕਰਕੇ ਬੈਠ ਰਹੇ ਹਨ ਅਰ ਉਨਾਂ ਦੀਆਂ ਚਕੀਆਂ ਆਪੇ ਪਈਆਂ ਫਿਰਦੀਆਂ ਹਨ ॥ ਤਾਂ ਬਾਬਰ ਇਕਲਾ ਵਜੀਰ ਨੂੰ ਨਾਲਿ ਲੈਕੇ ਬਾਬੇ ਦੀ ਚਰਨੀ ਆ ਲਗਾ ਤਾਂ ਉਸ ਪੁਛਿਆ ਏ ਫਕੀਰ ਚਕੀਆਂ ਆਪੇ ਕਿਉਂ ਕਰ ਫਿਰਦੀਆਂ ਹਨ ਤਾਂ ਬਾਬੇ ਕਹਿਆ ਬਾਬਰ ਜੀਅ ਦੀ ਚਕੀ ਕਿਆ ਦੇਖਦਾ ਹੈਂ ਤੂੰ ਈਸਰ ਦੀ ਚਕੀ ਫਿਰਦੀ ਦੇਖ ਜੋ ਅਕਾਸ ਜਿਸਦਾ ਉਪਰਲਾ ਪੁੜ ਹੈ ਅਰ ਪ੍ਰਿਥਵੀ ਹੇਠਲਾ ਪੁੜ ਹੈ ਅਰ ਸੂਰਜ ਚੰਦ੍ਰਮਾਂ ਚਕੀ ਦੇ ਦਸਤੇ ਹਨ ਅਰ ਜੀਅ ਜੰਤ ਸਭ ਦਾਨੇ ਹਨ ਅਰ ਸਾਧ ਸੰਗਤ ਕਿਲੀ ਹੈ ॥ ਸੋ ਸਰਬ ਜੀਆਂ ਦੀ ਆਰਜਾ ਸੂਰਜ ਚੰਦ੍ਰਮਾ ਪਾਇਆ ਖਾਂਦਾ ਹੈ ਤਾਂਤੇ ਜੋ ਸਾਧ ਸੰਗਤ ਦੀ ਸਰਨ ਪਏ ਹਨ ਤਿਨਾਂ ਦੀ ਆਰਜਾ ਸਫਲ ਹੋਈ ॥ ਹੈ ਤਾਂ ਬਾਬਰ ਚਰਨਾਂ ਤੇ ਢਹਿ ਪਇਆ ਅਰ ਅਗੇ ਭੇਟ ਆਣ ਰਖੀ



ਅਰ ਕਹਿਆ ਕਿ ਮੇਰੀ ਭੇਟ ਅੰਗੀਕਾਰ ਕਰੀਏ ਜੋ ਮੈਨੂੰ ਅਟਲ ਰਾਜ ਮਿਲੇ ਤਾਂ ਮਰਦਾਨੇ ਆਖਿਆ ਬਾਬਾ ਜੀ ਪਦਾਰਥਾਂ ਨੂੰ ਹਥ ਨਹੀਂ ਲਾਂਵਦਾ ਪਰ ਤੂੰ ਮੇਰੇ ਵਾਸਤੇ ਸਤ ਮੁੰਠੀਆਂ ਸੁਖੇ ਦੀਆਂ ਲਿਆਇ ਦੇ ਸੋ ਮੈਂ ਤੈਨੂੰ ਸਤਾਂ ਪੀੜੀਆਂ ਦਾ ਰਾਜ ਲੈ ਦੇਵਾਂਗਾ ਤਾਂ ਬਾਬਰ ਫਿਰ ਬੇਨਤੀ ਕੀਤੀ ਜੀ ਗਰੀਬ ਨਿਵਾਜ ਕੋਈ ਕਤਰਾ ਭੰਗਦਾ ਤਾਂ ਤੁਸੀ ਭੀ ਲਵੋ ਤਾਂ ਰਾਗ ਤਿਲੰਗ ਵਿਚ ਬਾਬਾ ਜੀ ਨੇ ਸਬਦ ਉਚਾਰਿਆ ॥

ਤਿਲੰਗ ਮਹਲਾ ੧ ॥

ਭਉ ਤੇਰਾ ਭਾਂਗ ਖਲੜੀ ਮੇਰਾ ਚੀਤੁ ॥ ਮੈ ਦੇਵਾਨਾ ਭਇਆ ਅਤੀਤੁ ॥ ਕਰ ਕਾਸਾ ਦਰਸਨ ਕੀ ਭੂਖ ॥ ਮੈਂ ਦਰ ਮਾਂਗਉ ਨੀਤਾ ਨੀਤ ॥ ੧ ॥ ਤਉ ਦਰਸਨ ਕੀ ਕਰਉ ਸਮਾਇ ॥ ਮੈ ਦਰ ਮਾਂਗਉ ਭੀਖਿਆ ਪਾਇ ॥ ੧ ॥

ਰਹਾਉ ॥ ਕੇਸਰ ਕੁਸਮ ਮਿਰਗ ਮੈ ਰਹਣਾ ਸਰਬ ਸਰੀਰੀ ਚਰਣਾ ॥ ਚੰਦਨ ਭਗਤਾ ਜੋਤਿ ਇਨੇਹੀ ਸਰਬੇ ਪਰਮਲ ਕਰਣਾ ॥ ੨ ॥ ਘਿਅ ਪਟ ਭਾਂਡਾ ਕਹੈ ਨ ਕੋਇ ॥ ਐਸਾ ਭਗਤਿ ਵਰਨ ਮਹਿ ਹੋਇ ॥ ਤੇਰੈ ਨਾਮਿ ਨਿਵੇ ਰਹੈ ਲਿਵ ਲਾਇ ਨਾਨਕ ਤਿਨ ਦਰਿ ਭੀਖਿਆ ਪਾਇ ॥ ੩ ॥

ਤਿਸਕਾ ਪਰਮਾਰਥ:--ਬਾਬਾ ਜੀ ਕਹੇ ਹੈਂ ਕਿ ਮੇਰਾ ਚਿਤ ਖਲੜੀ ਹੈ ਅਤੇ ਕਰਤੇ ਦਾ ਭਉ ਵਿਚ ਭਾਂਗ ਡਾਰੀ ਹੈ ਸੋ ਉਸਦੇ ਦਰਸਨ ਵਾਸਤੇ ਮੈਂ ਦਿਵਾਨਾ ਅਰ ਅਤੀਤ ਭਇਆ ਹੋਂ ਅਰ ਮੈਂ ਸਤਿਗੁਰਾਂ ਦੇ ਦਰ ਏਹੀ ਭਿਖਿਆ ਮਾਂਗਤਾ ਹੋਂ ਜੋ ਮੁਝੇ ਕਰਤੇ ਕਾ ਦਰਸਨ ਹੋਵੈ ਜੈਸੇ ਕੇਸਰ ਤੇ ਫੁਲ ਅਰ ਕਸਤੂਰੀ ਅਤੇ ਮ੍ਰਿਗਛਾਲਾ ਸਭ ਸੇ ਨੂੰ ਪਵਿਤਰ ਭਾਸਤੀ ਹੈ ਅਰ ਘਿਉ ਕਾ ਭਾਂਡਾ ਭੀ ਪਵਿਤਰ ਹੋ ਜਾਤਾ ਹੈ ਸੋ ਤੂੰ ਭੀ ਪਰਮੇਸਰ ਦੀ ਭਗਤੀ ਕਰੇਂ ਤਾਂ ਤੂੰ ਭੀ ਪਵਿਤਰ ਹੋ ਜਾਵੇਂ ਅਰ ਜੋ ਵਾਹਗੁਰੂ ਦਾ ਨਾਮ ਜਪਦੇ ਹਨ ਸੋ ਜੋ ਕੁਛ ਉਨਾਂ ਦੀ ਇਛਿਆ ਹੁੰਦੀ ਹੈ ਵਾਹਗੁਰੂ ਉਨਾਂ ਨੂੰ ਭਿਛਿਆ ਪਾਂਵਦਾ ਹੈ ਅਤੇ ਅਚਲ ਰਾਜ ਤਾਂ ਕਿਸੇ ਦਾ ਨਹੀਂ ਰਹਿਆ ਪਰ ਜੇ ਤੁਸੀ ਪਰਮੇਸਰ ਦਾ ਭਜਨ ਕਰਦੇ ਰਹੋਗੇ ਅਰ ਸਾਧਾਂ ਅਗੇ ਨੀਵੇ ਰਹੋਗੇ ਸਤ ਪਾਤਸਾਹੀਆਂ ਰਾਜ ਭੋਗੋਗੇ ਅਰ ਜੇ ਸੰਤਾਂ ਦਾ ਰਿਦਾ ਦੁਖਾਇਆ ਕਰੋਗੇ ਤਾਂ ਤੁਹਾਡਾ ਰਾਜ ਨਸਟ ਹੋ ਜਾਵੇਗਾ ॥ ਸੋ ਜਦ ਬਾਬਰ ਨੇ ਇਹ ਬਚਨ ਸੁਣੇ ਤਾਂ ਚਰਨਾਂ ਤੇ ਡਿਗ ਪਇਆ ਅਰ ਬੇਨਤੀ ਕੀਤੀ ਕਿ ਮੁਝੇ ਕੁਝ ਉਪਦੇਸ ਕਰੋ ਤਾਂ ਬਚਨ ਹੋਇਆ ਧਰਮ ਦਾ ਨਿਆਉ ਕਰਨਾ ਅਰ ਬਜੁਰਗਾਂ ਦੀ ਖਿਜਮਤ ਕਰਨੀ ਅਰ ਗਰੀਬਾਂ ਨਾਲ ਵੰਡ ਖਾਣਾ ਅਰ ਖੁਦਾ ਦੀ ਬੰਦਗੀ ਕਰਨੀ ਤਾਂ ਤੁਹਾਡਾ ਰਾਜ ਥਿਰ ਰਹੇਗਾ ਅਰ ਜਉ ਲਉ ਉਪਦੇਸ ਤੁਹਾਨੂੰ ਚਿਤ ਰਹੇਗਾ ਤਉ ਲਉ ਮਨ ਤੁਹਾਡਾ ਸਾਂਤ ਰਹੇਗਾ ਅਰ ਹੋਰ ਏਹ ਬਾਤ ਕਰੋ ਕਿ ਜਿਤਣੀ ਬੰਦ ਹੈ ਸੋ ਸਭ ਛਡ ਦਿਓ ਅਰ ਸਿਧਾ ਦਿਲੀ ਕੋ ਚਲਿਆ ਜਾ ਅਰ ਜੋ ਕੋਈ ਰਸਤੇ ਵਿਚ ਮਿਲੇ ਉਸਨੂੰ ਰਯਤ ਕਰਕੇ ਵਸਾਉਂਦਾ ਜਾ ਤਾਂ ਤੂੰ ਦਿਲੀ ਦੇ ਤਖਤ ਤੇ ਜਾਇ ਬੈਠੇਂਗਾ ॥ ਅਤੇ ਏਹ ਉਪਦੇਸ ਸੁਣਕੇ ਮਥਾ ਟੇਕਿਆ ਅਰ ਵਿਦਿਆ ਹੋਇਆ ਅਰ ਭਾਈ ਬਾਲਾ ਜੋ ਲਾਲੋ ਨਾਲ ਪਹੁਚਾਵਣ ਗਿਆ ਸੀ ਤਾਂ ਫਿਰ ਭਾਈ ਬਾਲਾ ਅਤੇ ਲਾਲੋ ਦੁਹਾਂ ਆਇ ਬਾਬੇ ਨੂੰ ਮਥਾ ਟੇਕਿਆ ਤਾਂ ਬਚਨ ਹੋਇਆ ਭਾਈ ਲਾਲੋ ਆਪਣੇ ਕਬੀਲੇ ਨੂੰ ਇਥੇ ਲਿਆਉ ਅਰ ਤੁਸਾਂ ਧਰਮ ਦੀ ਕਿਰਤ ਕਰਨੀ ਅਤੇ ਸਬਦ ਪੜਨਾ ਅਤੇ ਆਏ ਗਏ ਦੀ ਟਹਿਲ ਕਰਨੀ ਤਾਂ ਬਾਬਰ ਉਥੋਂ ਕੂਚ ਕਰਕੇ ਲਾਹੌਰ ਨੂੰ ਗਇਆ ਅਰ ਬਾਬਾ ਜੀ ਅਤੇ ਬਾਲਾ ਮਰਦਾਨਾ ਭੀ ਤਿਨੇ ਸਿਆਲਕੋਟ ਨੂੰ ਗਏ ।

ਬਾਬਾ ਜੀ ਸਿਆਲਕੋਟ ਗਏ

ਸਿਆਲਕੋਟ ਦੀ ਬੇਰ ਦੇ ਹੇਠ ਜਾਇ ਬੈਠੇ ਤਾਂ ਗੁਰੂ ਨਾਨਕ ਜੀ ਮਰਦਾਨੇ ਨੂੰ ਇਕ ਟਕਾ ਦਿਤਾ ਅਤੇ ਕਹਿਆ ਮਰਦਾਨਿਆ ਇਕ ਪੈਸੇ ਦਾ ਝੂਠ ਲਿਆਉ ਅਤੇ ਇਕ ਪੈਸੇ ਦਾ ਸਚ ਲਿਆਉ ਤਾਂ ਮਰਦਾਨਾ ਟਕਾ ਲੈਕਰ ਸਾਰੇ ਬਜਾਰ ਨੂੰ ਟੋਲਦਾ ਟੋਲਦਾ ਮੂਲੇ ਦੀ ਹਟੀ ਆਇਆ ਅਤੇ ਮੂਲਾ ਧਰਮਸਾਲ ਰੋਜ ਇਕ ਵੇਲੇ ਜਾਂਦਾ ਸੀ ਅਰ ਸਬਦ ਸੁਣਦਾ ਸੀ ਸੋ ਉਸਨੇ ਟਕਾ ਲੈਕਰ ਆਪਣੇ ਪਾਸ ਰਖਿਆ ਅਤੇ ਕਾਗਦ ਤੇ ਲਿਖ ਦਿਤਾ ਜੋ ਮਰਣਾ ਸਚ ਹੈ ਅਤੇ ਜੀਵਣ ਝੂਠ ਹੈ ਸੋ ਜਦ ਬਾਬੇ ਨੇ ਕਾਗਦ ਡਿਠਾ ਤਾਂ ਬਾਬੇ ਆਖਿਆ ਮਰਦਾਨਿਆ ਜਿਸ ਨੇ ਮਰਣਾ ਸਚ ਜਾਤਾਹੈਅਰ ਜੀਵਣਾ ਝੂਠ ਜਾਤਾਂ ਹੈ ਚਲ ਤਿਸਦਾ ਦਰਸਨ ਕਰੀਏ ਤਬ ਬਾਬਾ ਜੀ ਤੇ ਮਰਦਾਨਾ ਭੀ ਅਰ ਬਾਲਾ ਭੀ ਤੁਰੇ ਮੂਲੇ ਦੀ ਹਟੀ ਆਇ ਬੈਠੇ ਅਰ ਬਾਬੇ ਪੁਛਿਆ ਮੂਲਿਆ ਤੁਧ ਮਰਣਾ ਸਚ ਜਾਤਾ ਹੈ ਤਾਂ ਉਸ ਕਹਿਆ ਜੀ ਮੈਂ ਸੁਣਿਆ ਹੋਇਆ ਹੈ ਪਰ ਤੁਸਾਡੀ ਕਿਰਪਾ ਕਰਕੇ ਸਚ ਭੀ ਜਾਣਾਂਗਾ ਤਾਂ ਬਚਨ ਹੋਇਆ ਜੇ ਤੂੰ ਅਸਾਡੇ ਨਾਲ ਚਲੇ ਤਾਂ ਤੈਨੂੰ ਸਚ ਦ੍ਰਿੜਾਈਏ ਤਾਂ ਉਸ ਆਖਿਆ ਭਲਾ ਜੀ ਸੋ ਫਿਰ ਮੂਲਾ ਭੀ ਹਟੀ ਲੁਟਾਇ ਕੇ ਬਾਬੇ ਨਾਲ ਤਯਾਰ ਹੋਇਆ ਤਾਂ ਬਾਬਾ ਜੀ ਉਥੋਂ ਰਮਤੇ ਰਮਤੇ ਕਸਮੀਰ ਕਉ ਜਾਤੇ ਭਏ।



ਸਾਖੀ ਕਸਮੀਰ ਦੇ ਪੰਡਤਾਂ ਨਾਲ ਹੋਈ

ਤਾਂ ਸੁਣ ਕੇ ਓਥੇ ਕਸਮੀਰ ਦੇ ਪੰਡਤ ਆਇ ਇਕਠੇ ਹੋਏ ਤਾਂ ਬਾਬੇ ਕਹਿਆ ਤੁਸੀਂ ਕੀ ਕਰਮ ਕਰਦੇ ਹੋ ਤਾਂ ਉਨਾਂ ਕਹਿਆ ਅਸੀਂ ਨਿਤ ਨਮਿਤ ਕਰਮ ਕਰਦੇ ਹਾਂ ਤਾਂ ਬਾਬੇ ਕਹਿਆ ਜੇ ਤੁਸੀਂ ਨਾਮ ਜਪੋ ਤਾਂ ਤੁਸਾਡੇ ਕਰਮ ਪਵਿਤ੍ਰ ਹੋਵਨਗੇ ਅਰ ਜੇ ਤੁਸੀਂ ਨਾਮ ਨ ਜਪੋਗੇ ਤਾਂ ਤੁਸ਼ਾਡੇ ਕਰਮ ਨਿਹਫਲ ਹੋਵਣਗੇ ਅਰ ਲੇਖੇ ਕੋਈ ਨਾ ਪਵੇਗਾ ਕਯੋਂਕਿ ਜਿਤਨੇ ਵੇਦ ਅਰ ਸਾਸਤ੍ਰ ਅਰ ਪੁਰਾਣ ਹੈਨ ਸੋ ਸਭਨਾਂ ਦਾ ਮਤ ਏਕ ਰਾਮ ਨਾਮ ਹੀ ਹੈ ਤਾਂ ਫਿਰ ਗੁਰੂ ਨਾਨਕ ਜੀ ਸਬਦ ਬੋਲਿਆ ॥

ਰਾਮਕਲੀ ਮਹਲਾ ੧ ॥ ਕੋਈ ਪੜਤਾ ਸਹਸਾ ਕਿਰਤਾ ਕੋਈ ਪੜੈ ਪੁਰਾਨਾ ਹੀ ॥ ਕੋਈ ਨਾਮ ਜਪੈ ਜਪ ਮਾਲੀ ਲਾਗੈ ਤਿਸੈ ਧਿਆਨਾ ॥ ਅਬ ਹੀ ਕਬ ਹੀ ਕਛੂ ਨ ਜਾਨਾ ਤੇਰਾ ਏਕੋ ਨਾਮ ਪਛਾਨਾ ॥ ੧ ॥ ਨਾ ਜਾਣਾ ਹਰੇ ਮੇਰੀ ਕਵਨ ਗਤੇ ॥ ਹਮ ਮੂਰਖ ਅਗਿਆਨ ਸਰਨ ਪ੍ਰਭ ਤੇਰੀ ਕਰਿ ਕਿਰਪਾ ਰਾਖਹੁ ਮੇਰੀ ਲਾਜ ਪਤੇ ॥ ੧ ॥ ਰਹਾਉ ॥ ਕਬਹੂੰ ਜੀਅੜਾ ਊਭ ਚੜਤ ਹੈ ਕਬਹੂੰ ਜਾਇ ਪਇਆਲੇ ॥ ਲੋਭੀ ਜੀਅੜਾ ਥਿਰ ਨਾ ਰਹਤ ਹੈ ਚਾਰੇ ਕੂੰਡਾਂ ਵਾਲੇ ॥ ੨ ॥ ਮਰਣ ਲਿਖਾਇ ਮੰਡਲ ਮਹਿ ਆਏ ਜੀਵਣ ਸਾਜਹਿ ਮਾਈ ॥ ਏਕ ਚਲੇ ਹਮ ਦੇਖਹ ਸੁਆਮੀ ਭਾਹਿ ਬਲੰਤੀ ਆਈ ॥ ੩ ॥ ਨਾ ਕਿਸੀ ਕਾ ਮੀਤ ਨਾ ਕਿਸੀ ਕਾ ਭਾਈ ਨਾ ਕਿਸੈ ਬਾਪ ਨ ਮਾਈ ॥ ਪ੍ਰਣਵਤਿ ਨਾਨਕ ਜੇ ਤੂੰ ਦੇਵਹਿ ਅੰਤੇ ਹੋਇ ਸਖਾਈ ॥ ੪ ॥

ਤਿਸਕਾ ਪਰਮਾਰਥ :--ਸ੍ਰੀ ਗੁਰੂ ਨਾਨਕ ਜੀ ਕਹੇ ਹੈਂ ਕਿ ਕੋਈ ਸਹੰਸਕ੍ਰਿਤ ਪੜਦੇ ਹਨ ਅਰ ਕੋਈ ਪਰਾਣ ਪੜਦੇ ਹਨ ਅਰ ਕੋਈ ਜਪਮਾਲਾ ਕਰਕੇ ਨਾਮ ਜਪਦੇ ਹਨ ਪਰ ਮੈਂ ਪਰਮੇਸਰ ਦੇ ਨਾਮ ਤੋਂ ਬਿਨਾ ਹੋਰ ਕੁਛ ਨਹੀਂ ਜਾਣਦਾ ॥ ੧ ॥ ਅਰ ਮੈਂ ਨਹੀਂ ਜਾਣਦਾ ਹੈ ਮਹਾਰਾਜ ਮੇਰੀ ਕਵਨ ਗਤਿ ਹੋਵੇਗੀ ਕਯੋਂਕਿ ਮੈਂ ਮੂਰਖ ਅਰ ਅਗਿਆਨੀ ਹਾਂ ਅਰ ਨਾਮ ਦੀ ਸਰਨ ਆਇਆ ਹਾਂ ਪਰ ਜੇ ਕਿਰਪਾ ਕਰੇ ਤਾਂ ਮੇਰੀ ਲਾਜਪਤ ਰਹੇ ਕਯੋਂਕਿ ਕਦੀ ਏਹ ਜੀਉ ਅਕਾਸ ਦੇ ਸੁਖਾਂ ਨੂੰ ਚਾਹੁੰਦਾ ਹੈ ॥ ਅਰ ਕਦੀ ਚਿੰਤਾ ਕਰਕੇ ਨਰਕਾਂ ਦੇ ਦੁਖਾਂ ਨੂੰ ਪ੍ਰਾਪਤ ਹੋਂਦਾ ਹੈ ਅਰ ਏਹ ਲੋਭੀ ਮਨ ਥਿਰ ਨਹੀਂ ਰਹਦਾ ਅਰ ਚਾਰੇ ਕੂੰਡਾਂ ਭਾਲਦਾ ਫਿਰਦਾ ਹੈ ॥ ੨ ॥ ਅਰ ਏਸ ਜਗਤ ਮਹਿ ਪਹਿਲੇ ਹੀ ਮਰਣ ਲਿਖਾਇ ਆਏ ਹੈਂ ਅਰ ਜੀਵਣ ਦੀ ਆਸਾ ਬੰਨ ਬੈਠੇ ਹਨ ਅਰ ਇਕ ਆਪਨੇ ਅਖਾਂ ਦਿਆਂ ਵੇਖਦਿਆਂ ਮਰ ਗਏ ਹੈਨ ਅਤੇ ਸਾਨੂੰ ਭੀ ਚਿਖਾ ਬਲਦੀ ਨਜਰ ਆਂਵਦੀ ਹੈ ॥ ੩ ॥ ਅਰ ਨਾ ਕਿਸੇ ਦੇ ਮੀਤ ਨਾਲ ਜਾਵਣਾ ਹੈ ਅਰ ਨਾ ਕਿਸੇ ਕੇ ਭਾਈ ਨਾਲਿ ਜਾਵਣਾ ਹੈ ਅਰ ਨਾ ਕਿਸੇ ਕੇ ਬਾਪ ਨਾਲ ਜਾਵਣਾ ਹੈ ਅਰ ਨਾ ਮਾਤਾ ਨੇ ਕਿਸੇ ਦੇ ਨਾਲ ਜਾਵਣਾ ਹੈ ਗੁਰੂ ਨਾਨਕ ਜੀ ਕਹਤੇ ਹੈਂ ਕਿ ਜਿਸ ਕਿਸੇ ਨੂੰ ਸਤਿਗੁਰੂ ਨਾਮ ਦੇਤੇ ਹੈਂ ਸੋ ਤਿਸਕੋ ਨਾਮ ਸਹਾਈ ਹੁੰਦਾ ਹੈ ॥ ੪ ॥ ਤਾਂ ਉਨਾਂ ਪੰਡਤਾਂ ਕਹਿਆ ਕਿ ਨਾਮ ਤਾਂ ਉਸਦਾ ਜਪੀਤਾ ਹੈ ਜੇਹੜਾ ਆਪ ਤੋਂ ਭਿੰਨ ਹੁੰਦਾ ਹੈ ਅਰ ਜੋ ਆਪਣਾ ਆਪ ਹੈ ਤਿਸਕਾ ਕਿਆ ਨਾਮ ਜਪਣਾ ਹੈ ਤਾਂ ਬਾਬੇ ਕਹਿਆ ਕਿ ਜੈਸੇ ਆਰਸੀ ਕੋ ਜੰਗਾਲ ਚੜ ਜਾਤਾ ਹੈ ਸੋ ਜਬ ਸੁਧ ਉਸਕੋ ਕਰੀਤਾ ਹੈ ਤਬ ਵਿਚੋਂ ਆਪਣਾ ਮੁਖ ਭਾਸਤਾ ਹੈ ਸੋ ਤੈਸੇ ਮਨ ਕੋ ਹਉਮੈਂ ਕੀ ਮੈਲ ਲਗੀ ਹੈ

ਅਰ ਤਿਸ ਮੈਲ ਕਰ ਆਤਮਾਂ ਕਾ ਦਰਸਨ ਨਹੀਂ ਹੋਤਾ ਸੋ ਜੇ ਮਹਾਰਾਜ ਕਾ ਨਾਮ ਜਪੀਤਾ ਹੈ ਤਾਂ ਹਉਮੈਂ ਕੀ ਮੈਲ ਦੂਰ ਹੋਤੀ ਹੈ ਤਬ ਆਤਮਾਂ ਕਾ ਦਰਸਨ ਹੋਤਾ ਹੈ ਸੋ ਏਹ ਬਾਤ ਸੁਨਕੇ ਸਬ ਬਾਬੇ ਦੇ ਚਰਨਾਂ ਤੇ ਡਿਗ ਪਏ ਤਾਂ ਬਾਬਾ ਜੀ ਨੇ ਉਪਦੇਸ ਕੀਤਾ ਜੋ ਧਰਮਸਾਲਾ ਬਣਾਵਣੀ ਅਰ ਆਏ ਗਏ ਦੀ ਟਹਲ ਕਰਨੀ ਅਤੇ ਨਾਮ ਜਪਣਾ ਅਰ ਸੰਤਾਂ ਦੀ ਟਹਿਲ ਕਰਨੀ ਸੋ ਏਹ ਉਪਦੇਸ ਕਰਕੇ ਬਾਬਾ ਜੀ ਉਥੋਂ ਤੁਰੇ ਅਰ ਰਮਤੇ ਰਮਤੇ ਬਾਬਾ ਜੀ ਪਿਸਉਰ ਕੋ ਆਏ ॥ ਤਾਂ ਉਥੇ ਇਕ ਜੋਗੀ ਦਾ ਮਟ ਹੈਸੀ ਸੋ ਤਹਾਂ ਬਾਬਾ ਜੀ ਜਾਇ ਉਤਰੇ ਤਾਂ ਜਿਉ ਜਿਉ ਲੋਕਾਂ ਨੇ ਸੁਣਿਆ ਕਿ ਬਾਬਾ ਨਾਨਕ ਜੀ ਇਥੇ ਆਏ ਹਨ ਤਾਂ ਸਭ ਜਿਤਨੇ ਪੀਰਾਂ ਅਰ ਫਕੀਰ ਹੈਸਨ ਸਭ ਬਾਬਾ ਜੀ ਦੇ ਦਰਸਨ ਵਾਸਤੇ ਆਏ ਅਰ ਜੋਗੀ ਨੇ ਬਾਬਾ ਜੀ ਪਾਸੋਂ ਪੁਛਿਆ ਕਿ ਪਰਮੇਸਰ ਦੀ ਕਿਸਤਰਾਂ ਪ੍ਰਾਪਤੀ ਹੋਵੇ ਤਾਂ ਬਾਬੇ ਕਹਿਆ ਕਿ ਆਪਣਾ ਅੰਦਰ ਹੀ ਸੋਧੇ ਕਰੋਂ ਜੋ ਸਭ ਕਿਸੇ ਨੂੰ ਅੰਦਰੋਂ ਹੀ ਲਭਾ ਹੈ ਤਾਂ ਉਨਾਂ ਕਹਿਆ ਅੰਦਰ ਆਪਣਾ ਕਿਸਤਰਾਂ ਸੋਧੇ ਤਬ ਬਾਬਾ ਜੀ ਨੇ ਰਾਮਕਲੀ ਸਬਦ ਬੋਲਿਆ ॥

ਰਾਮਕਲੀ ਮਹਲਾ ੧ ॥ ਸੁਰਤਿ ਸਬਦ ਸਾਖੀ ਮੇਰੀ ਸਿੰਙੀ ਬਾਜੈ ਲੋਕ ਸੁਣੇ ॥
ਪਤਿ ਝੋਲੀ ਮੰਗਣ ਕੈ ਤਾਈ ਭੀਖਿਆ ਨਾਮ ਪੜੇ ॥ ਬਾਬਾ ਗੋਰਖ ਜਾਗੈ ॥
ਗੋਰਖ ਸੋ ਜਿਨਿ ਗੋਇ ਉਠਾਲੀ ਕਰਤੇ ਬਾਰਨ ਲਾਗੈ ॥ ੧ ॥ ਰਹਾਉ ॥
ਪ੍ਰਾਣੀ ਪ੍ਰਾਣ ਪਵਣ ਬੰਧ ਰਾਖੈ ਰਾਖੇ ਚੰਦ ਸੂਰਜ ਮੁਖ ਦੀਵੇ॥ ਮਰਣ ਜੀਵਣ
ਕਉ ਧਰਤੀ ਦੀਨੀ ਏਤੇ ਗੁਣ ਵਿਸਰੇ ॥੨॥ ਸਿਧ ਸਾਧਕ ਅਰ ਜੋਗੀ ਜੰਗਮ
ਪੀਰ ਪੁਰਸ ਬਹੁ ਤੇਰੇ ॥ ਜੇ ਤਿਨ ਮਿਲਾ ਤਾ ਕੀਰਤ ਆਖਾਂ ਤਾਂ ਮਨ ਸੇਵ ਕਰੇ
॥ ੩ ॥ ਕਾਗਦ ਲੂਣ ਰਹੈ ਘ੍ਰਿਤ ਸੰਗੈ ਪਾਣੀ ਕਮਲ ਰਹੇ॥ ਐਸੇ ਭਗਤਿ
ਮਿਲਹਿ ਜਨ ਨਾਨਕ ਤਿਨ ਜਮ ਕਿਆ ਕਰੈ ॥

ਤਿਸਕਾ ਪਰਮਾਰਥ:--ਸ੍ਰੀ ਗੁਰੂ ਨਾਨਕ ਜੀ ਕਹੇ ਹੈਂ ਕਿ ਅਨਾਹਦ ਦੇ ਸਬਦ ਦੀ ਅਤੇ ਗੁਰਾਂ ਦੇ ਸਬਦ ਦੀ ਜੋ ਸੁਰਤਿ ਹੈ ਸੋ ਮੇਰੀ ਸਿੰਙੀ ਵਜਤੀ ਹੈ ਅਰ ਸਭ ਲੋਕ ਸੁਣਤੇ ਹੈਂ ਅਰ ਮੈਂ ਮਨ ਰੂਪੀ ਪਤ੍ਰ ਬਣਾਇਆ ਹੈ ਅਰ ਬੁਧਿ ਝੋਲੀ ਕੀਤੀ ਹੈ ਅਰ ਸਤਿਗੁਰਾਂ ਥੀ ਨਾਮ ਕੀ ਭਿਖਿਆ ਮਾਂਗਤਾ ਹੋਂ ॥ ਅਰ ਹੇ ਬਾਬਾ ਗੋਰਖ ਜੋ ਭਗਵਾਨ ਹੈ ਸੋ ਸਦਾ ਜਾਗਤਾ ਹੈ ਪਰ ਗੋਰਖ ਸੋਈ ਹੈ ਜਿਨਿ ਗੋਇ ਉਠਾਲੀ ਹੈ ਸੋ ਉਸਨੂੰ ਦੇਂਦਿਆਂ ਢਿਲ ਨਹੀਂ ਲਗਤੀ ਅਤੇ ਜਿਸਨੇ ਪ੍ਰਾਣਾ ਕੋ ਇਸ ਸਰੀਰ ਮੇਂ ਬੰਨ ਰਖਿਆ ਹੈ ਅਰ ਪਉਣ ਕੋ ਅਕਾਸ ਮੋਂ ਬੰਧ ਰਖਿਆ ਅਰ ਚੰਦ੍ਰਮਾ ਅਤੇ ਸੂਰਜ ਦੋਵੇਂ ਦੀਵੇ ਬਣਾਏ ਅਰ ਮਨ ਤੇ ਨੇਤ੍ਰ ਸਰੀਰ ਮੋ ਦੀਪਕ ਰਚੇ ਹਨ ਅਰ ਮਰਣ

ਜੀਵਣ ਕੋ ਧਰਤੀ ਦਿਤੀ ਹੈ ਸੋ ਇਤਨੇ ਉਸ ਮਹਾਰਾਜ ਦੇ ਗੁਣ ਵਿਸਰ ਗਏ ਹਨ ਅਤੇ ਸਿਧ ਸਾਧਕ ਜੋਗੀ ਅਰ ਜੰਗਮ ਅਰ ਪੀਰ ਫਕੀਰ ਆਪਣੇ ਜਸ ਦੇ ਗਾਵਣ ਵਾਸਤੇ ਕੀਤੇ ਹਨ ਸੋ ਜੇ ਉਨਾਂ ਨੂੰ ਮਿਲੀਦਾ ਹੈ ਤਾਂ ਪਰਮੇਸਰ ਚਿਤ ਆਂਵਦਾ ਹੈ ਅਰ ਮਨ ਨੀਵਾਂ ਹੋਇ ਕਰ ਸੇਵਾ ਕਰਦਾ ਹੈ ਅਰ ਜੇ ਉਨਾਂ ਦਾ ਉਪਦੇਸ ਰਿਦੇ ਵਿਚ ਧਾਰੀਦਾ ਹੈ ਤਾਂ ਜੈਸੇ ਕਾਗਦ ਤੇ ਲੂਣ ਘੀ ਸਾਥ ਚੋਪੜਿਆ ਹੋਇਆ ਸਨੇ ਸਨੇ ਗਲਤਾ ਹੈ ਤੁਰਤ ਨਹੀਂ ਗਲਦਾ ਤੈਸੇ ਮਨ ਉਨਾਂ ਦੇ ਉਪਦੇਸ ਕਰ ਤੁਰਤ ਵਿਖਿਆਂ ਮੇਂ ਨਹੀਂ ਰਚਦਾ ਅਰ ਜੈਸੇ ਜਲ ਸੇ ਕਮਲ ਨਿਰਾਲਾ ਰਹਤਾ ਹੈ ਤੈਸੇ ਮਨ ਵਿਖਿਆਂ ਮੇਂ ਨਿਰਾਲਾ ਰਹਤਾ ਹੈ ਅਰ ਜੇ ਐਸੇ ਸੰਤਾਂ ਦਾ ਸੰਗ ਸਦੀਵ ਹੋਵੈ ਤੋ ਜਮ ਭੀ ਨੇੜੇ ਨਹੀਂ ਆਵੈ ਸੋ ਜਦ ਏਹ ਵਚਨ ਬਾਬਾ ਬੋਲਿਆ ਤਾਂ ਸਭੇ ਚਰਨਾਂ ਤੇ ਗਿਰ ਪਏ ਅਰ ਕਹਯਾ ਕਿ ਤੁਸਾਡੇ ਵਚਨ ਸੁਣਕੇ ਅਸੀਂ ਆਪਣੇ ਕਰਮਾਂ ਦੇ ਸਾਖੀ ਹੋਏ ਹਾਂ ਸੋ ਜੋ ਤੁਸੀਂ ਇਥੇ ਰਹੋ ਤਾਂ ਅਸਾਡੇ ਖੋਟੇ ਕਰਮ ਸਭ ਮਿਟ ਜਾਵਣ ਤਾਂ ਬਚਨ ਹੋਇਆ ਕਿ ਮੇਰਾ ਸਰਗੁਣ ਰੂਪ ਦੇਹ ਹੈ ਅਤੇ ਨਿਰਗੁਣ ਰੂਪ ਸਬਦ ਹੈ ਸੋ ਤੁਸੀਂ ਸਬਦ ਦਾ ਅਭਿਆਸ ਕਰੋ ਤਾਂ ਤੁਸਾਡੇ ਸਭ ਖੋਟੇ ਕਰਮ ਮਿਟ ਜਾਵਣਗੇ ਸੋ ਏਹ ਉਪਦੇਸ ਦੇਕਰ ਬਾਬਾ ਜੀ ਅਗੇ ਕੋ ਚਲੇ ॥

ਬਾਬਾ ਜੀ ਕਾਬਲ ਕੋ ਗਏ

ਤਾਂ ਫਿਰ ਬਾਬਾ ਜੀ ਅਤੇ ਮਰਦਾਨਾ ਅਰ ਬਾਲਾ ਰਮਤੇ ਰਮਤੇ ਕਾਬਲ ਆਸਾ ਦੇਵੀ ਦੇ ਅਸਥਾਨ ਤੇ ਜਾਇ ਬੈਠੇ ਤਾਂ ਸੁਣ ਕਰ ਬਾਬਾ ਜੀ ਕੇ ਨਾਮ ਕੋ ਜਿਤਨੇ ਉਥੋਂ ਦੇ ਪੀਰ ਅਰ ਫਕੀਰ ਅਰ ਸਰਦਾਰ ਥੇ ਸਭ ਆਏ ਅਰ ਆਕਰ ਕਹਿਆ ਕਿ ਤੁਸੀਂ ਹਿੰਦੂ ਫਕੀਰ ਹੋ ਅਤੇ ਏਹ ਮੁਸਲਮਾਨਾਂ ਦੀ ਧਰਤੀ ਹੈ ਸੋ ਤੁਸਾਂ ਸੰਭਾਲ ਕਰ ਪੈਰ ਰਖਣਾ ਤਾਂ ਬਾਬੇ ਕਹਿਆ ਕਿ ਨੂਰ ਖੁਦਾਇ ਦਾ ਸਭਨਾ ਮੈਂ ਇਕ ਹੀ ਹੈ ਅਉ ਜੋ ਤਨ ਹੈ ਅਰ ਬਿਆ ਨਾ ਸਰਦਾ ਹੈ ਸੋ ਇਸ ਤਨ ਨੂੰ ਕਿਸੇ ਸੁੰਨਤ ਬਹਾਇ ਕੇ ਮੁਸਲਮਾਨ ਕਹਿਆ ਅਰ ਕਿਸੇ ਜੰਞੂ ਅਰ ਟਿਕਾ ਲਾਇ ਕੇ ਹਿੰਦੂ ਕਹਿਆ ਪਰ ਅਸੀਂ ਇਸ ਤਨ ਦੇ ਸਾਹਿਦ ਹਾਂ ॥ ਤਾਂ ਬਾਬੇ ਸਲੋਕ ਕਹਿਆ ॥

ਸਲੋਕ ॥ ਹਿੰਦੂ ਕਹਾ ਤਾ ਮਾਰੀਆ ਮੁਸਲਮਾਨ ਭੀ ਨਾਹਿ ॥
ਪੰਚ ਤਤ ਕਾ ਪੁਤਲਾ ਖੇਲਹਿ ਗੈਬੀ ਮਾਹਿ ॥


ਬਾਬੇ ਕਹਿਆ ਕਿ ਮੈਂ ਤੁਸਾਨੂੰ ਖਬਰ ਪਹੁਚਾਵਣ ਆਇਆ ਹਾਂ ਜੋ ਏਹ ਗਲ ਯਾਦ ਰਖੋ ਕਿ ਜੇ ਬੰਦਗੀ ਖੁਦਾ ਦੀ ਕਰੋਗੇ ਤਾਂ ਤੁਸੀਂ ਖੁਸੀ ਰਹੋਗੇ ਅਤੇ ਜੇ ਨਾ

ਕਰੋਗੇ ਤਾਂ ਦੁਖ ਪਾਉਗੇ ਸੋ ਏਹ ਉਪਦੇਸ ਦੇ ਕਰ ਅਰ ਉਨਾਂ ਨੂੰ ਵਿਦਿਆ ਕਰਕੇ ਲੋਹ ਗੜ ਜਾਇ ਬਾਬਾ ਜੀ ਰਹੇ ॥ ਅਰ ਮੂਲੇ ਨੂੰ ਕਹਿਆ ਕਿ ਤੇਰੀ ਮੰਗੀ ਹੋਈ ਜੋ ਇਸਤ੍ਰੀ ਹੈ ਸੋ ਸਤੀ ਹੋਂਦੀ ਹੈ ਅਰ ਤੇਰੀ ਖਬਰ ਉਸਨੂੰ ਨਹੀਂ ਪਹੁਤੀ ਤਾਂ ਮੂਲੇ ਕਹਿਆ ਜੀ ਮੈਂ ਹੁਣ ਪਹੁਚ ਨਹੀਂ ਸਕਦਾ ਤਾਂ ਬਚਨ ਹੋਇਆ ਕਿ ਤੂੰ ਬੁਕ ਭਰ ਕੇ ਕੰਕਰਾਂ ਦੀ ਝੋਲੀ ਵਿਚ ਪਾਲ ਅਰ ਅਸੀਂ ਤੈਨੂੰ ਪਹੁਚਾ ਦੇਨੇ ਹਾਂ ।

ਸਾਖੀ ਭਾਈ ਮੂਲੇ ਨਾਲ ਹੋਈ

ਅਰ ਫਿਰ ਬਚਨ ਹੋਇਆ ਮੂਲਯਾ ਅਖੀ ਮੀਟ ਸੋ ਜੇ ਮੂਲਾ ਅਖੀ ਮੀਟ ਕੇ ਖੋਲੇ ਤਾਂ ਸਿਆਲ ਕੋਟ ਦੇ ਵਿਚ ਖਲੋਤਾ ਹੋਇਆ ਹੈ ਅਰ ਝੋਲੀ ਰੁਪਯਾ ਦੀ ਅਤੇ ਮੁਹਰਾਂ ਦੀ ਭਰੀ ਹੋਈ ਹੈ ਤਾਂ ਉਸ ਆਪਨੇ ਸਹੁਰੇ ਖਬਰ ਭੇਜੀ ਸੋ ਜਬ ਉਸਦੇ ਸਹੁਰਿਆਂ ਨੇ ਸੁਣਿਆ ਜੋ ਮੂਲਾ ਆ ਗਿਆ ਹੈ ਅਰ ਬਡ ਪਦਾਰਥ ਲਿਆਇਆ ਹੈ ਤਾਂ ਉਨਾਂ ਨੂੰ ਬਡੀ ਖੁਸੀ ਹੋਈ ਅਰ ਉਸਦੀ ਇਸਤ੍ਰੀ ਭੀ ਸਤੀ ਹੋਣ ਥੋਂ ਬਚ ਰਹੀ ਅਰ ਮੂਲੇ ਦਾ ਵਿਆਹ ਭੀ ਬੜੇ ਅਨੰਦ ਮੰਗਲ ਸੇ ਹੋਇਆ ॥

ਸਾਖੀ ਸਾਹ ਵਲੀ ਨਾਲ ਹੋਈ



ਬਾਬਾ ਜੀ ਜਬ ਲੋਹਗੜ ਗਏ ਤਬ ਪੀਰ ਫਕੀਰ ਉਥੋਂ ਦੇ ਆਇ ਮਿਲੇ ਤਾਂ ਬਾਬੇ ਕਹਿਆ ਹੇ ਬਾਲਾ ਤੇ ਮਰਦਾਨਾ ਜੇ ਸੰਜਮ ਨਾਲ ਅਹਾਰ ਕਰੋਗੇ ਤਾਂ ਇਸ ਧਰਤੀ ਪਰ ਤੁਸਾਡਾ ਨਿਰਬਾਹ ਹੋਵੇਗਾ ॥ ਤਾਂ ਉਨਾਂ ਕਹਿਆ ਜੀ ਜਿਵੇਂ ਤੁਸੀਂ ਕਹੋਗੇ ਤਿਵੇਂ ਸੰਜਮ ਕਰਾਂਗੇ ਤਾਂ ਬਚਨ ਹੋਇਆ ਤੁਸਾਂ ਚਿਟਾ ਖਬਲ ਨਿੰਮ ਦੇ ਪਤ੍ਰ ਪਾ ਕੇ ਅਰ ਹਿਕ ਵੇਲੇ ਘੋਟਕੇ ਪੀਤਾ ਕਰੋ ਸੋ ਤੁਸਾਨੂੰ ਅਨਾਜ ਦਾ ਭੀ ਅਰ ਜਲ ਦਾ ਅਧਾਰ ਰਹੇਗਾ ਤਾਂ ਉਨਾਂ ਮਥਾ ਟੇਕਿਆ ਅਰ ਫਿਰ ਬੇਨਤੀ ਕੀਤੀ ਅਰ ਕਹਯਾ ਜੀ ਗਰੀਬ ਨਿਵਾਜ ਇਸਨਾਨ ਵਾਸਤੇ ਅਤੇ ਪੰਜ ਇਸਨਾਨਾ ਵਾਸਤੇ ਪਾਨੀ ਲੋੜੀਦਾ ਹੈ ਤਾਂ ਬਾਬੇ ਨੇ ਚਰਨ ਦੇ ਸਜੇ ਅੰਗੂਠੇ ਨਾਲਿ ਲਕੀਰ ਖਟੀ ਤਾਂ ਉਥੋਂ ਜਲ ਨਿਕਲ ਆਇਆ ਅਤੇ ਬਾਬੇ ਕਹਿਆ ਕਿ ਇਸ ਚਰਨ

ਗੰਗਾ ਦੇ ਜਲ ਵਿਚੋਂ ਪੰਜ ਇਸਨਾਨਾ ਭੀ ਕਰੋ ਅਤੇ ਇਸਨਾਨ ਭੀ ਕਰੋ ਤਾਂ ਓਹ ਰਾਤ ਉਥੇ ਰਹੇ ਅਰ ਉਸੇ ਜਲ ਨਾਲ ਵਰਤਣ ਕੀਤੀ ਅਤੇ ਫਿਰ ਬਾਬਾ ਜੀ ਉਥੋਂ ਟੂਰੇ ਅਰ ਅਗੇ ਕੰਧਾਰ ਜਾਇ ਪ੍ਰਾਪਤ ਭਏ ਤਾਂ ਸਾਹ ਵਲੀ ਉਥੋਂ ਦਾ ਫਕੀਰ ਸੀ ਸੋ ਉਹ ਆਇ ਮਿਲਿਆ ਅਰ ਉਸ ਆਖਿਆ ਕੁਝ ਮੈਨੂੰ ਉਪਦੇਸ ਕਰੋ ਤਾਂ ਬਾਬਾ ਜੀ ਨੇ ਰਾਗ ਤਿਲੰਗ ਵਿਚ ਸਬਦ ਬੋਲਿਆ ॥

ਤਿਲੰਗ ਮਹਲਾ ੧॥ ਯਕ ਅਰਜ ਗੁਫਤਮ ਪੇਸਿ ਤੋ ਦਰਗੋਸ ਕੁਨ ਕਰਤਾਰ॥ ਹਕਾ ਕਬੀਰ ਕਰੀਮ ਤੂੰ ਬੇ ਐਬ ਪਰਵਦਗਾਰ ॥੧॥ ਦੁਨੀਆਂ ਮਕਾਮੇ ਫਾਨੀ ਤਹਕੀਕ ਦਿਲ ਦਾਨੀ ॥ ਮਮਸਰ ਮੂਏ ਅਜਰਾਈਲ ਗਿਰਫਤਹ ਦਿਲ ਹੇਚਿ ਨ ਦਾਨੀ ॥੧॥ ਰਹਾਉ ॥ ਜਨ ਪਿਸਰ ਪਦਰ ਬਿਰਾਦਰਾ ਕਸ ਨੇਸ ਦਸਤੰਗੀਰ ॥ ਆਖਿਰ ਬਿਅਫਤਮ ਕਸਨ ਦਾਰਦ ਚੂੰ ਸਵਦ ਤਕਬੀਰ ॥੨॥ ਸਬਰੋਜ ਗਸਤਮ ਦਰ ਹਵਾ ਕਰਦੇਮ ਬਦੀ ਖਿਆਲ ॥ ਗਾਹੇ ਨ ਨੇਕੀ ਕਾਰ ਕਰਦਮ ਮਮ ਈ ਚਨੀ ਅਹਵਾਲ ॥੩॥ ਬਦਬਖਤ ਹਮਚੁ ਬਖੀਲ ਗਾਫਿਲ ਬੇਨਜਰ ਬੇਬਾਕ ॥ ਨਾਨਕ ਬਗੋਯਦ ਜਨੁ ਤੁਰਾ ਤੇਰੇ ਚਾਕਰਾਂ ਪਾਖਾਕ ॥੪॥

ਤਿਸਕਾ ਪਰਮਾਰਥ:--ਸ੍ਰੀ ਗੁਰੂ ਨਾਨਕ ਦੇਵ ਜੀ ਕਥਨ ਕਰੇ ਹੈ ਕਿ ਮੈਂ ਇਕ ਅਰਜ ਕਰਤਾਰ ਅਗੇ ਕਰਨਾ ਹੈ ਜੋ ਹੇ ਕਰਤਾਰ ਮੇਰੀ ਇਕ ਅਰਜ ਕੰਨ ਦੇ ਕਰ ਤੂੰ ਸੁਣ ਕਯੋਂਕਿ ਸਚਾ ਭੀ ਤੂੰ ਹੈਂ ਅਤੇ ਵਡਾ ਭੀ ਤੂੰ ਹੈਂ ਅਰ ਕਿਰਪਾ ਕਰਨ ਵਾਲਾ ਹੈਂ ਅਰ ਐਬ ਤੋਂ ਰਹਿਤ ਹੈ ਅਰ ਸੰਪੂਰਨ ਸ੍ਰਿਸਟੀ ਦੇ ਪਾਲਨ ਵਾਲਾ ਹੈ ॥ ੧ ॥ ਅਰ ਏਹ ਜੋ ਦੁਨੀਆ ਹੈ ਅਤੇ ਅਸਥਾਨ ਹੈਨ ਸੋ ਨਾਸਵੰਤ ਹੈਂ ਤਾਂਤੇ ਹੇ ਮਨ ਤਹਿਕੀਕ ਏਹ ਗਲ ਜਾਣ ਅਰ ਮੇਰੇ ਜੋ ਸਿਰ ਦੇ ਕੇਸ ਹਨ ਸੋ ਅਜਰਾਈਲ ਨੇ ਫੜੇ ਹੋਏ ਹਨ ਸੋ ਹੇ ਮਨ ਤੂੰ ਅਜੇ ਨਹੀਂ ਜਾਨਦਾ ॥ ੧ ॥ ਅਰ ਇਸਤ੍ਰੀ ਜੋ ਹੈ ਅਰ ਪੁਤ੍ਰ ਜੋ ਹੈਨ ਅਰ ਪਿਤਾ ਜੋ ਹੈ ਅਰ ਭਿਰਾਉ ਜੋ ਹੈਨ ਸੋ ਕਿਸੇ ਨੇ ਭੀ ਨਹੀਂ ਹਥਾਂ ਕਰਕੇ ਜਮਾਂ ਤੋਂ ਪਕੜਨਾ ਅਤੇ ਅਖੀਰ ਨੂੰ ਜਦ ਸਰੀਰ ਗਿੜੇਗਾ ਤਾਂ ਕਿਸੇ ਭੀ ਨਹੀਂ ਰਖਣਾ ਆਰਬਲਾ ਦੇ ਪੂਰਿਆ ਹੋਇਆਂ ॥ ੨ ॥ ਅਰ ਅਸੀਂ ਦਿਨੇ ਰਾਤੀ ਆਸਾ ਦੇ ਵਿਚ ਫਿਰਦੇ ਰਹੇ ਅਰ ਬਦ ਖਿਆਲ ਕਰਦੇ ਰਹੇ ਅਰ ਅਸਾਂ ਕਦੇ ਭੀ ਭਲਿਆਈ ਨਾ ਕੀਤੀ ਸੋ ਹੇ ਕਰਤਾਰ ਸਾਡਾ ਏਹ ਹਾਲ ਹੈ ॥ ਪਰ ਏਹ ਹੈ ਕਿ ਬਦਬਖਤ ਭੀ ਹੋਵਨ ਅਤੇ ਬਖੀਲ ਭੀ ਹੋਵਨ ਅਤੇ ਪਰਮੇਸਰ ਦੇ ਭੁਲਾਵਣ ਵਾਲੇ ਭੀ ਹੋਵਨ ਅਤੇ ਜਿਨਾਂ ਨੂੰ ਸਤਿਗੁਰਾਂ ਦੀ ਨਜਰ ਭੀ ਨਾ ਹੋਵੇ ਅਤੇ ਮਰਣ ਦਾ ਭੈ ਵੀ ਜੇਕਰ ਨਾ ਹੋਵੇ ਤਾਂ ਓਹ ਭੀ ਜੇ ਆਇ ਕਰ ਸੰਤਾਂ ਦੀ ਸੇਵਾ ਕਰਨ ਅਤੇ ਚਰਨਾਂ ਦੀ ਧੂੜ ਲਾਵਨ ਗੁਰ

ਨਾਨਕ ਜੀ ਕਹਿੰਦੇ ਹਨ ਤਾਂ ਉਨਾਂ ਦਾ ਭੀ ਉਧਾਰ ਹੋਵੈ ਹੈ ਤਾਂ ਵਲੀਸਾਹ ਏਹ ਵਚਨ ਸੁਣਕੇ ਗੁਰੂ ਨਾਨਕ ਜੀ ਦੇ ਚਰਨਾਂ ਤੇ ਗਿਰ ਪਇਆ ਅਤੇ ਸਭਨਾਂ ਪਠਾਣਾਂ ਨੂੰ ਸਦਕੇ ਆਣ ਰੁਜੂ ਕੀਤਾ ਤਾਂ ਉਨਾਂ ਕਹਿਆ ਜੋ ਜੀ ਹੁਣ ਤੀਕ ਅਸੀਂ ਮਰਨ ਦਾ ਭੈ ਨਾਸੇ ਕਰਦੇ ਪਰ ਤੇਰੇ ਵਚਨ ਸੁਣਕੇ ਅਸਾਨੂੰ ਭੈ ਪ੍ਰਾਪਤ ਹੋਇਆ ਤਾਂਤੇ ਤੁਸੀਂ ਸਾਨੂੰ ਆਪਣਿਆਂ ਚਰਨਾਂ ਦੀ ਧੂੜ ਬਖਸੋ ਤਾਂ ਬਚਨ ਹੋਇਆ ਇਕ ਚਰਨਾਂ ਦੀ ਧੂੜ ਹੈ ਅਤੇ ਇਕ ਮੁਖ ਦੀ ਧੂੜ ਹੈ ਸੋ ਚਰਨਾਂ ਦੀ ਧੂੜ ਏਹ ਹੈ ਕਿ ਜਿਥੇ ਅਸੀਂ ਬੈਠੇ ਹਾਂ ਏਥੇ ਦੀ ਪੂਜਾ ਕੀਤਾ ਕਰੋ ਅਰ ਦੀਵਾ ਬਾਲਿਆ ਕਰੋ ਅਰ ਮੁਖ ਧੂੜ ਏਹ ਹੈ ਜੋ ਮੇਰੇ ਬਚਨਾਂ ਨੂੰ ਰਿਦੇ ਵਿਚ ਧਾਰਨਾ ਸੋ ਏਹ ਉਪਦੇਸ ਦੇਕੇ ਬਾਬਾ ਜੀ ਉਥੋਂ ਟੁਰੇ ਅਰ ਮਸਹਦ ਨੂੰ ਆਏ ਅਰ ਦਰਵਾਜੇ ਤੋਂ ਬਾਹਰ ਡੇਰਾ ਜਾਇ ਕੀਤਾ ਤਾਂ ਸਭ ਲੋਕ ਆਨ ਇਕਠੇ ਹੋਏ ਅਰ ਉਨਾਂ ਆਕਰ ਕਹਿਆ ਹੇ ਫਕੀਰ ਤੂੰ ਰਸੂਲ ਨੂੰ ਮੰਨਦਾ ਹੈਂ ਕਿ ਨਹੀਂ ਮੰਨਦਾ ਤਾਂ ਬਾਬੇ ਕਹਿਆ ਤਾਂ ਇਕ ਕਾਸਤ ਦਾ ਨਾਉ ਹੈ ਅਰ ਅਕਾਲ ਪੁਰਖ ਦੇ ਦੁਆਰੇ ਕਈ ਰਸੂਲ ਅਤੇ ਅਵਤਾਰ ਹੈਨ ਤਾਂ ਉਨਾਂ ਲੋਕਾਂ ਏਹ ਬਾਤ ਸੁਣਕੇ ਅਰ ਪਿੰਡ ਵਿਚ ਜਾਇਕੇ ਧੁੰਮ ਪਾਈ ਜੋ ਸਾਡੇ ਪੈਕੰਬਰ ਨੂੰ (ਕਾਸਤ) ਫਕੀਰ ਆਖਦਾ ਹੈ ਸੋ ਜਾਂ ਸਭ ਮੁਲਾ ਅਰ ਮੁਲਵਾਣੇ ਬਾਬਾ ਜੀ ਪਾਸ ਆਣ ਇਕਠੇ ਹੋਏ ਤਾਂ ਉਨਾਂ ਪੁਛਿਆ ਹੇ ਫਕੀਰ ਤੂੰ ਖੁਦਾ ਦੇ ਪੈਗੰਬਰ ਨੂੰ ਕਜੋਂ ਦੁਸਨਾਮ ਦਿਤੀ ਹੈ ਤਾਂ ਬਾਬੇ ਕਹਿਆ ਕਿ ਪੈਗੰਬਰ ਓਸਨੂੰ ਕਹਿੰਦੇ ਹਨ ਜੋ ਪੈਗਾਮ ਨੂੰ ਲਜਾਣ ਵਾਲਾ ਹੋਵੇ ਅਰ ਤੁਹਾਡਾ ਜੋ ਰਸੂਲ ਹੈ ਸੋ ਖੁਦਾਇ ਦਾ ਸੰਨੇਹਾ ਲਿਆਇਆ ਹੈ ਤਾਂਤੇ ਜੇ ਬੰਦਗੀ ਕਰੋਗੇ ਤਾਂ ਬਹਿਸਤ ਨੂੰ ਜਾਉਗੇ ਅਤੇ ਜੇ ਵੈਰ ਵਿਰੋਧ ਕਰੋਗੇ ਤਾਂ ਦੋਜਕ ਨੂੰ ਜਾਓਗੇ ਤਾਂ ਉਨਾਂ ਕਹਿਆ ਕਿ ਤੁਧ ਰਸੂਲ ਦਾ ਹੁਕਮ ਮੰਨਿਆ ਹੈ ਕਿ ਨਹੀਂ ਮੰਨਿਆ ਤਾਂ ਬਾਬੇ ਕਹਿਆ ਕਿ ਅਗੇ ਰਸੂਲ ਭੀ ਤੁਸਾਡੇ ਮਨਾਵਣ ਵਾਸਤੇ ਆਇਆ ਸੀ ਅਤੇ ਹੁਣ ਮੈ ਭੀ ਖੁਦਾਇ ਦਾ ਹੁਕਮ ਮਨਾਵਣ ਵਾਸਤੇ ਆਇਆ ਹਾਂ ਤਾਂਤੇ ਤੁਸਾਂ ਜੋ ਖੁਦਾਇ ਨੂੰ ਭੁਲਾਇਆ ਸੋ ਤੁਹਾਡੇ ਤੇ ਸਾਡਾ ਉਪਦੇਸ ਹੈ ਅਤੇ ਅਸੀਂ ਤਾਂ ਅਠੇ ਪਹਰ ਭਜਨ ਕਰਦੇ ਹਾਂ ਸੋ ਅਸੀ ਕਿਸਦੀ ਕਾਣ ਮੰਨਣੀ ਹੈ ਤਾਂ ਉਨਾਂ ਕਹਿਆ ਕਿ ਪੈਕੰਬਰ ਦੇ ਉਤੇ ਤਾਂ ਹੋਰ ਕਿਸੇ ਪੈਕੰਬਰ ਨਹੀ ਹੋਵਣਾ ਤਾਂ ਬਾਬੇ ਕਹਿਆ ਕਿ ਜੇ ਤੁਸੀ ਪੈਕੰਬਰ ਦਾ ਕਹਿਆ ਮੰਨਦੇ ਰਹੋ ਆਹਾ ਤਦ ਤੁਸਾਡੇ ਪੈਕੰਬਰ ਤੇ ਹੋਰ ਕੋਈ ਨਾ ਹੋਵੈ ਆਹਾ ਪਰ ਤੁਸਾਂ ਜੋ ਖੁਦਾਇ ਦਾ ਫੁਰਮਾਨ ਨਹੀਂ ਮੰਨਿਆ ਤਾਹੀ ਤੇ ਅਸੀਂ ਤੁਸਾਡੇ ਉਪਦੇਸ ਆਏ ਹਾਂ ਤਾਂ ਉਨਾਂ ਕਹਿਆ ਕਿ ਇਥੇ ਈਰਾਨ ਵਿਚ ਇਕ ਪੀਰ ਹੋਂਦਾ ਹੈ ਅਰ ਅਬਦੁਲ ਰਹਿਮਾਨ ਉਸਕਾ ਨਾਮ ਹੈ ਸੋ ਉਸਦੇ ਪਾਸ ਅਸੀਂ ਤੁਸੀਂ

ਚਲਦੇ ਹਾਂ ਤਾਂਤੇ ਜੋ ਉਹ ਕਹੇਗਾ ਸੋ ਮੰਨਾਂਗੇ ਤਾਂ ਬਾਬੇ ਆਖਿਆ ਅਸੀਂ ਤਾਂ ਉਥੇ ਜਾਂਦੇ ਹਾਂ ਅਰ ਤੁਸਾਂ ਭੀ ਓਥੇ ਆਵਣਾ ਤਾਂ ਫਿਰ ਬਾਬੇ ਆਖਿਆ ਮਰਦਾਨਿਆ ਅਤੇ ਬਾਲਿਆ ਤੁਸੀਂ ਅਖੀਆਂ ਮੀਟੋ ਸੋ ਜਦ ਉਨਾਂ ਅਖੀਆਂ ਮੀਟੀਆਂ ਅਰ ਜੋ ਫੇਰ ਖੋਲਣ ਤਾਂ ਕਿਆ ਦੇਖਣ ਜੋ ਅਸੀਂ ਤਾਂ ਈਰਾਨ ਵਿਚ ਬੈਠੇ ਹਾਂ ॥

ਸਾਖੀ ਅਬਦੁਲ ਰਹਿਮਾਨ ਦੀ

ਤਾਂ ਫਿਰ ਸਾਹ ਅਬਦੂਲ ਰਹਮਾਨ ਆਇ ਮਿਲਿਆ ਅਰ ਉਸਨੇ ਕਹਿਆ ਕਿ ਏਧਰ ਤਾਂ ਅਗੇ ਹਿੰਦੂ ਫਕੀਰ ਕੋਈ ਨਹੀਂ ਸੀ ਆਂਵਦਾ ਸੋ ਤੁਸੀਂ ਕਜੋਂ ਕਰ ਆਏ ਹੋ ਤਾਂ ਬਾਬੇ ਆਖਿਆ ਕਿ ਅਸੀਂ ਖੁਦਾਇ ਦੇ ਭੇਜੇ ਆਏ ਹਾਂ ਸੋ ਫਿਰ ਬਾਬਾ ਜੀ ਓਥੇ ਬਹੁਤ ਦਿਨ ਰਹੇ ਅਤੇ ਫਿਰ ਪਿਛਲੇ ਮਸਹਦ ਵਾਲੇ



ਭੀ ਆਏ ਅਰ ਬਾਬੇ ਦੇ ਪਾਸ ਆਇ ਬੈਠੇ ਅਤੇ ਫਿਰ ਉਨਾਂ ਪੂਛਿਆ ਕਿ ਸੁੰਨੀ ਜੋ ਹੈਨ ਮੁਹੰਮਦ ਨੂੰ ਮੰਨਦੇ ਹਨ ਅਤੇ ਅਸੀਂ ਜੋ ਹਾਂ ਸੋ ਅਲੀ ਨੂੰ ਮੰਨਦੇ ਹਾਂ ॥ ਸੋ ਤੁਸੀ ਕਹੋ ਕਿ ਦੁਹਾਂ ਵਿਚੋਂ ਵਿਸੇਖ ਕਵਣ ਹੋਇਆ ਹੈ ਤਾਂ ਬਾਬੇ ਕਹਿਆ ਕਿ ਜੁਆਂ ਮਰਦੀ ਕਰਕੈ ਅਰ ਸਸਤ੍ਰਾਂ ਕਰਕੈ ਅਲੀ ਵਧੀਕ ਹੋਇਆ ਹੈ ਅਤੇ ਇਲਮ ਕਰਕੈ ਮਹੰਮਦ ਵਧੀਕ ਹੋਇਆ ਹੈ ਪਰ ਸਮਝ ਕਰਕੈ ਦੋਨੋਂ ਇਕੋ ਜੇਹੇ ਹੈਂ ਅਰ ਨੂਰ ਖੁਦਾਇ ਦਾ ਚਵਾਂ ਯਾਰਾਂ ਵਿਚ ਭੀ ਅਰ ਮਹੰਮਦ ਵਿਚ ਭੀ ਇਕੋ ਜਿਹਾ ਹੈ ਅਰ ਤੁਸਾਡੇ ਵਿਚ ਭੀ ਓਹੋ ਨੂਰ ਹੈ ਪਰ ਖੁਦੀ ਕਰਕੈ ਤੁਸਾਨੂੰ ਖੁਦਾਦਿ ਭੂਲ ਗਇਆ ਹੈ ਸੋ ਜੇ ਤੁਸੀਂ ਸੰਤਾਂ ਨੂੰ ਮਿਲੋ ਅਤੇ ਖੁਦੀ ਆਪਣੀ ਦੂਰ ਕਰੋ ਤਾਂ ਖੁਦਾਇ ਨੂੰ ਪਾਵੋ ਤਾਂ ਫਿਰ ਉਨਾਂ ਕਹਿਆ ਸਾਨੂੰ ਕੁਝ ਉਪਦੇਸ ਕਰਹੁ ਤਬ ਬਾਬਾ ਜੀ ਨੇ ਤਿਲੰਗ ਵਿਚ ਸਬਦ ਬੋਲਯਾ ॥

ਤਿਲੰਗ ਮਹਲਾ ੧ ॥ ਇਹੁ ਤਨੁ ਮਾਇਆ ਪਾਹਿਆ ਪਿਆਰੇ ਲੀਤੜਾ ਲਬ ਰੰਗਾਏ ॥ ਮੇਰੇ ਕੰਤ ਨ ਭਾਵੈ ਚੋਲੜਾ ਪਿਆਰੇ ਕਿਉ ਧਨ ਸੇਜੈ ਜਾਏ ॥੧॥ ਹਉ ਕੁਰਬਾਨੈ ਜਾਉ ਮਿਹਰਬਾਨਾ ਹਉ ਕੁਰਬਾਨੈ ਜਾਉ ॥ ਹਉ ਕੁਰਬਾਨੈ

ਜਾਉ ਤਿਨਾ ਕੈ ਲੈਨਿ ਜੁ ਤੇਰਾ ਨਾਉ ॥ ਲੈਨਿ ਜੁ ਤੇਰਾ ਨਾਉ ਤਿਨਾ ਕੈ ਹੰਉ ਸਦ ਕੁਰਬਾਨੈ ਜਾਉ ॥ ੧ ॥ ਰਹਾਉ ॥ ਕਾਇਆ ਰੰਙਣਿ ਜੇ ਥੀਐ ਪਿਆਰੇ ਪਾਈਐ ਨਾਉ ਮਜੀਠ ॥ ਰੰਙਣ ਵਾਲਾ ਜੇ ਰੰਙੈ ਸਾਹਿਬੁ ਐਸਾ ਰੰਗੁ ਨ ਡੀਠ ॥ ੨ ॥ ਜਿਨ ਕੇ ਚੋਲੇ ਰਤੜੇ ਪਿਆਰੇ ਕੰਤੁ ਤਿਨਾ ਕੈ ਪਾਸਿ ॥ ਧੂੜ ਤਿਨਾ ਕੀ ਜੇ ਮਿਲੈ ਜੀ ਕਹੁ ਨਾਨਕ ਕੀ ਅਰਦਾਸਿ ॥ ੩ ॥ ਆਪੇ ਸਾਜੇ ਆਪੇ ਰੰਗੇ ਆਪੇ ਨਦਰਿ ਕਰੇਇ ॥ ਨਾਨਕ ਕਾਮਣਿ ਕੰਤੈ ਭਾਵੈ ਆਪੇ ਹੀ ਰਾਵੇਇ ॥ ੪ ॥

ਤਿਸਕਾ ਪਰਮਾਰਥ :--ਸ੍ਰੀ ਗੁਰੂ ਨਾਨਕ ਦੇਵ ਜੀ ਕਹੇ ਹੈਂ ਕਿ ਅਸਾਡਾ ਜੋ ਸਰੀਰ ਹੈ ਸੋ ਤਿਸਨੂ ਮਾਇਆ ਦੀ ਪਾਹ ਲਗੀ ਹੋਈ ਹੈ ਅਤੇ ਲਬ ਨਾਲ ਰੰਗਿਆ ਗਇਆ ਹੈ ਸੋ ਏਹ ਚੋਲਾ ਖੁਦਾਇ ਨੂੰ ਨਹੀਂ ਭਾਵਦਾ ਤਾਂ ਫਿਰ ਇਹ ਮਨੁਖ ਕਾਦਰ ਦੀ ਸਮਝ ਨੂੰ ਕਯੋਂ ਕਰ ਜਾਣੈ ਪਰ ਇਜੇਹੇ ਘੋਰ ਪ੍ਰੇਮ ਦੀ ਰੰਙਣ ਹੋਈ ਅਰ ਖੁਦਾਇ ਦਾ ਯਾਦ ਕਰਨਾ ਮੰਜੀਠ ਹੈ ਪਰ ਜੇ ਪੀਰ ਮੁਰਸਦ ਰੰਗਣ ਵਾਲੇ ਹੋਵਨ ਤਾਂ ਐਸਾ ਰੰਗ ਚੜੇ ਜੋ ਉਤਰੇ ਨਹੀਂ ਤਾਂਤੇ ਜਿਨਾਂ ਦੇ ਦਿਲ ਖੁਦਾਇ ਦੀ ਯਾਦ ਨਾਲ ਰੰਗੀਨ ਹੋਏ ਹੈਂ ਸੋ ਖੁਦਾਏ ਨਜੀਕ ਹੈਂ ਅਰ ਉਨ੍ਹਾਂ ਦੇ ਕਦਮਾਂ ਦੀ ਖਾਕ ਜਿਸਨੂੰ ਮਿਲੇ ਉਸਦੇ ਦਿਲ ਦੀ ਮੈਲ ਧੋਤੀ ਜਾਂਦੀ ਹੈ ਤਾਂ ਉਨ੍ਹਾਂ ਕਹਿਆ ਮੈਲ ਤਾਂ ਪਾਨੀ ਨਾਲ ਧੋਈਦੀ ਹੈ ਸੋ ਖਾਕ ਨਾਲ ਕਿਉਂ ਕਰ ਧੋਤੀ ਜਾਂਦੀ ਹੈ ॥ ਤਾਂ ਬਚਨ ਹੋਇਆ ਕਿ ਬਜ਼ੁਰਗਾਂ ਦੇ ਬਚਨ ਜੋ ਹੈਨ ਸੋ ਆਬ ਹੈ ਅਰ ਖਾਕ ਜੋ ਹੈ ਸੋ ਸਾਬੂਣ ਹੈ ਸੋ ਜਿਸਤਰਾਂ ਆਬ ॥ ਸਾਬੂਣ ਦੋਨੋਂ ਮੈਲ ਕੋ ਧੋਤੇ ਹੈਂ ਤਿਸੀ ਤਰਾਂ ਬਜੁਰਗਾਂ ਦੇ ਚਰਨਾਂ ਦੀ ਖਾਕ ਅਰ ਜੁਬਾਨ ਦੇ ਸੁਖਨ ਦਿਲ ਦੀ ਗੁਬਾਰ ਨੂੰ ਗਵਾਂਵਦੇ ਹਨ ਤਾਂਤੇ ਜੋ ਪੀਰਾਂ ਅਰ ਮੁਰਸਦਾਂ ਨੂੰ ਪਸੰਦ ਆਵਦੇ ਹਨ ਸੋ ਆਪੇ ਹੀ ਉਨ੍ਹਾਂ ਨੂੰ ਬਜੁਰਗਾਂ ਦੀ ਸੋਹਬਤ ਦੇਂਦੇ ਹਨ ਅਤੇ ਖੁਦਾਇ ਦਾ ਯਾਦ ਦੇਕੇ ਖੁਦਾ ਨੂੰ ਮੇਲਦੇ ਹਨ ਸੋ ਜਦ ਗੁਰੂ ਨਾਨਕ ਦੇਵ ਜੀ ਏਹ ਵਚਨ ਕੀਤੇ ਤਾਂ ਫਿਰ ਅਬਦੁਲ ਰਹਿਮਾਨ ਸਾਹਿ ਪੁਛਿਆ ਜੀ ਅਸੀਂ ਤਾਂ ਅਲੀ ਦੇ ਉਪਾਸਕ ਹਾਂ ਤਾਂ ਬਚਨ ਹੋਇਆ ਕਿ ਇਕ ਸਮੈਂ ਪੈਕੰਬਰ ਮੈਂਰਾਜ ਨੂੰ ਗਇਆ ਸੀ ਅਰ ਜਿਥੇ ਖੁਦਾਇ ਦਾ ਦੀਦਾਰ ਕਰਦਾ ਸੀ ਉਸ ਦਰਵਾਜੈ ਉਤੇ ਸੇਰ ਦਹਾਨ ਕੁਸਾ ਦਾ ਖਲੋਤਾ ਹੋਇਆ ਸੀ ਅਰ ਜਬਰਾਈਲ ਕਹਿਆ ਕਿ ਜੇ ਸੇਰ ਨੂੰ ਕੁਛ ਖੁਰਾਕ ਦੇਵੋਂਗੇ ਤਾਂ ਏਹ ਰਾਹ ਛਡੇਗਾ ਤਾਂ ਫਿਰ ਪੈਕੰਬਰ ਨੇ ਆਪਨੇ ਦਸਤ ਦੀ ਅੰਗੁਸਤਰੀ ਡਾਰੀ ਤਾਂ ਸੇਰ ਰਾਹ ਖਲਾਸ ਕਰਕੇ ਕਿਨਾਰੇ ਹੋਇ ਗਇਆ ਸੋ ਜਦ ਖੁਦਾਇ ਨੂੰ ਮਿਲਕੇ ਪੈਕੰਬਰ ਆਪਨੇ ਮਕਾਨ ਤੇ ਆਇਆ ਤਾਂ ਅੰਗੁਸਤਰੀ ਮੁਹਰ ਲਾਉਣ ਵਾਲੇ

ਨੇ ਤਲਬ ਕੀਤੀ ਅਰ ਅਲੀ ਨੇ ਆਪਣੇ ਜੇਬ ਵਿਚੋਂ ਕਢ ਕੇ ਹਵਾਲੇ ਕੀਤੀ ਤਾਂ ਜਾਬਰਾਈਲ ਕਹਿਆ ਰੇ ਪੈਕੰਬਰ ਅਲੀ ਖੁਦਾਇ ਦਾ ਸੇਰ ਹੈ ਸੋ ਇਤਨੀ ਬਾਤ ਸੁਣਕੇ ਉਨਾਂ ਨੇ ਕਹਿਆ ਕਿ ਫਕੀਰ ਜੀ ਅਸਾਂ ਸੁਣਿਆ ਹੈ ਜੋ ਬਾਬਰ ਸੁੰਨੀ ਨੂੰ ਹਿੰਦੁਸਤਾਨ ਦੀ ਪਾਤਸਾਹੀ ਤੁਸੀਂ ਬਖਸ ਆਏ ਹੋ ਸੋ ਅਸਾਨੂੰ ਭੀ ਕਾਈ ਪਾਤਿਸਾਹੀ ਬਖਸੋ ਤਾਂ ਬਾਬੇ ਨੇ ਇਕ ਗੁਰਜ ਅਬਦੁਲ ਮਹਿਮਾਨ ਨੂੰ ਬਖਸੀਆ ਅਰ ਬਚਨ ਹੋਇਆ ਕਿ ਜੋ ਅਸਾਡੇ ਕਉਲ ਉਤੇ ਚਉਗਤੇ ਕਾਇਮ ਰਹਿਣਗੇ ਤਾਂ ਹਿੰਦੁਸਤਾਨ ਦੀ ਪਾਤਸਾਹੀ ਕਰਨਗੇ ਅਤੇ ਜੇ ਸਾਡੇ ਕਉਲ ਉਤੋ ਪੁਸਤ ਦਿਤੀ ਤਾਂ ਤੁਸਾਡਾ ਬਲ ਉਨਾਂ ਦੇ ਉਤੇ ਪਾਇ ਦੇਵਾਂਗੇ ਅਰ ਏਹ ਗੁਰਜ ਜੋ ਤੁਸਾਨੂੰ ਬਖਸਿਆ ਹੈ ਸੋ ਤਿਸ ਕਰਕੇ ਤੁਸੀਂ ਗੁਰਜੀ ਨਾਮ ਸਦਾਵੋਗੇ ਅਰ ਅਸੀਂ ਤੁਸਾਡੀ ਮਦਦ ਮਦਤ ਕਰਾਂਗੇ ਤਾਂ ਕੋਈ ਦਿਨ ਤੁਸਾਂ ਹਿੰਦਸਤਾਨ ਠਹਰਣਾ ਭੀ ਤੁਸਾਨੂੰ ਕੋਈ ਮੁਲਖ ਅਰ ਦੇਸ ਹੋਰ ਬਹੁਤ ਦੇਵਾਂਗੇ ਅਰ ਉਸ ਤੋਂ ਉਪਰੰਤ ਹਿੰਦਸਤਾਨ ਵਿਚ ਖਾਲਸਾ ਪੈਦਾ ਹੋਵੇਗਾ ॥ ਤਾਂ ਏਹ ਜਨਮ ਛਡਕੇ ਤੂੰ ਹੋਰ ਜਾਮਾ ਧਾਰੇਂਗਾ ਸੋ ਹੁਣ ਦੋਸੈ ਬੀਸ ਬਰਸ ਰਹਿੰਦੇ ਹਨ ਸੋ ਏਹ ਬਾਤਾ ਬਾਬਾ ਜੀ ਕਰਦੇ ਹੀ ਪਏ ਸਨ ਕਿ ਅਕਾਸ ਬਾਣੀ ਹੋਈ ਕਿ ਏਹ ਸੁਖਨ ਤੁਸਾਂ ਸਚ ਜਾਣਨਾ ਕਜੋਂ ਜੋ ਏਹ ਸੁਖਨ ਖੁਦਾਇ ਦਾ ਹੈ ਤਾਂ ਫਿਰ ਬਚਨ ਹੋਇਆ ਕਿ ਤੁਸੀਂ ਆਏ ਗਏ ਫਕੀਰਾਂ ਦੀ ਖਿਦਮਤ ਕਰੋ ਅਤੇ ਖੁਦਾਇ ਨੂੰ ਯਾਦ ਕਰੋ ਕਜੋਂਕਿ ਅਸੀਂ ਖੁਦਾਇ ਫਰਸਤਾਦੇਆਏ ਹੈਂ ਤਾਂ ਅਬਦੁਲ ਰਹਿਮਾਨ ਕਹਿਆ ਜੋ ਅਜੇਹੇ ਮੁਸਲਮਾਨ ਦੇ ਦੇਸ ਵਿਚ ਤੁਧ ਹੁਕਮ ਚਲਾਇਆ ਹੈ ਤਾਂਤੇ ਤੂੰ ਆਪ ਖੁਦਾਇ ਦਾ ਨੂਰ ਨਜਰ ਆਂਵਦਾ ਹੈ ॥ ਫਰਦ ਮਿਆਜੀਨਈਸਾਹ ਅਜਾਦਹਈ ॥ ਫਰਸਤੰਦਹਈਨੇਫਰ ਸਤਾਂ ਦਹਈ ॥ ਤਾਂ ਪੀਰ ਕਹਿਆ ਜੋ ਸਿਕੰਦਰ ਪ੍ਰਿਥਵੀ ਅਰ ਅਕਾਸ ਨੂੰ ਜਿਤਕੇ ਅਰ ਪਤਾਲ ਵਿਚ ਇਕ ਨੌਸਾਬਾ ਇਸਤ੍ਰੀ ਦਾ ਕਿਲਾ ਸੀ ਅਰ ਦਸ ਜੋਜਨ ਉਸਦੇ ਘਰ ਤੋ ਚਾਰੇ ਕਿਲੇ ਦੇ ਦਰਵਾਜੇ ਸਨ ਸੋ ਉਸ ਹੁਕਮ ਕੀਤਾ ਹੋਇਆ ਸੀ ਕਿ ਜੇ ਸਿਕੰਦਰ ਦਾ ਏਲਚੀ ਏਥੇ ਆਵੇ ਤਾਂ ਉਸਨੂੰ ਬਾਹਰੋਂ ਅਨਾਜ ਪਾਣੀ ਨਾ ਲਿਆਉਣ ਦੇਣਾ ਅਰ ਜੇ ਸਹਰ ਦੇ ਵਿਚੋਂ ਮੋਤੀਆਂ ਤੇ ਜਵਾਹਰਾਂ ਨਾਲ ਬਰਾਬਰ ਪਾਣੀ ਮੰਗੇ ਅਰ ਅਨਾਜ ਮੰਗੇ ਤਾਂ ਨਹੀਂ ਦੇਵਣਾ ਸੋ ਏਹ ਖਬਰ ਸੁਣਕੇ ਏਲਚੀ ਸਕੰਦਰ ਦਾ ਆਵੇ ਕੋਈ ਨਹੀਂ ਤਾਂ ਫਿਰ ਸਕੰਦਰ ਆਪ ਨੌਸਾਬਾ ਪਾਸ ਗਇਆ ਅਰ ਆਪਣਾ ਆਪ ਛਪਾਇਆ ਤਾਂ ਨੌਸਾਬਾ ਨੂੰ ਸਕੰਦਰ ਨੇ ਏਹ ਫਰਦ ਕਹਿਆ ਜੋ ਤੂੰ ਏਲਚੀ ਨਹੀਂ ਆਪ ਪਾਤਸਾਹ ਹੈਂ ਤਾਂ ਉਸ ਕਹਿਆ ਮੈਂ ਪਾਤਿਸਾਹ ਨਹੀਂ ਤਾਂ ਉਸਨੇ ਉਸਦੀ ਮੂਰਤ ਕਢ ਦਿਖਾਈ ਤਾਂ ਸਿਕੰਦਰ ਮਸਟ ਹੋਇ ਰਿਹਾ ਤਾਂ ਫਿਰ ਉਸਨੇ ਸਿਕੰਦਰ ਨੂੰ

ਆਦਰ ਕਰਕੈ ਤਖਤ ਤੇ ਬੈਠਾਇਆ ਤਾਂ ਫਿਰ ਉਸਨੇ ਸਖੀਆਂ ਨੂੰ ਸਾਰਤ ਕੀਤੀ ਅਰ ਉਨਾਂ ਨੇ ਮੋਤੀਆਂ ਦੀਆਂ ਥਾਲੀਆਂ ਅਰ ਜਵਾਹਰਾਂ ਲਾਲਾਂ ਦੀਆਂ ਥਾਲੀਆਂ ਭਰਕੇ ਅਗੇ ਆਨ ਰਖੀਆਂ ਤਾਂ ਸਿਕੰਦਰ ਕਹਿਆ ਕਿ ਕੁਝ ਮੈਨੂੰ ਅਨਾਜ ਲਿਆ ਦੇ ਤਾਂ ਉਸ ਕਹਿਆ ਕਿ ਸਰੀਰ ਦੀ ਭੁਖ ਤਾਂ ਦੋਂਹ ਰੋਟੀਆਂ ਨਾਲ ਦੂਰ ਹੋ ਜਾਂਦੀ ਹੈ ਅਤੇ ਮਨ ਦੀ ਭੁਖ ਤ੍ਰਿਲੋਕੀ ਦੇ ਪਦਾਰਥਾਂ ਨਾਲ ਨਹੀਂ ਉਤਰ ਦੀ ਤਾਂਤੇ ਮਨ ਦੀ ਭੁਖ ਦੇ ਦੂਰ ਕਰਨ ਦਾ ਫਿਕਰ ਚਾਹਯੇ ਤਾਂ ਉਨਾਂ ਆਖਿਆ ਜੈਸੇ ਸਿਕੰਦਰ ਆਪ ਨੌਸਾਬਾ ਪਾਸ ਗਇਆ ਸੀ ਤੈਸੇ ਤੁਸੀਂ ਆਪ ਖੁਦਾਇ ਦਾ ਰੂਪ ਹੋ ਅਰ ਅਸਾਡੇ ਕਲਿਆਣ ਵਾਸਤੇ ਆਏ ਹੋ ਤਾਂ ਫਿਰ ਉਨਾਂ ਨੇ ਬਹੁਤ ਸਾਰੇ ਲਾਲ ਅਰ ਜਵਾਹਰ ਅਗੇ ਆਨ ਰਖੇ ਤਾਂ ਬਾਬੇ ਆਖਿਆ ਕਿ ਏਹ ਅਸਾਡੇ ਕੰਮ ਨਹੀਂ ਤਾਂ ਫ਼ਿਰ ਬਾਬੇ ਰੁਬਾਈ ਕਹੀ॥ ਰੁਬਾਈ॥ ਹਜਾਰ ਕਾਨ ਜਵਾਹਰ ਹਜਾਰ ਗੰਜ ਗੌਹਰ ਫਿਦਾਕੁਨੇਮ ਹਮਹਿ ਰਾਜਿ ਨਾਮ ਅਲਾਹ ਅਕਬਰ ਨਤਰਸ ਦੁਜਨ ਸੁਲਤਾਨ ਖੌਫ ਬਾਰ ਗਿਰਾ॥ ਜਹੇਖਜਾਨਹ ਅਬਦੀ ਚਿਦਰ ਜਰ ਚਿ ਸਫਰ॥ ਤਾਂ ਬਾਬੇ ਕਹਿਆ ਕਿ ਜਵਾਹਰਾਂ ਦੀਆਂ ਖਾਣਾ ਅਤੇ ਮੋਤੀਆਂ ਦੇ ਗੰਜ ਸੋ ਸਭ ਪਰਮੇਸਰ ਦੇ ਨਾਮ ਤੋ ਸਦਕੇ ਕਰ ਘਤਦੇ ਆਹੇ ਅਰ ਨਾ ਭੈ ਚੋਰਾਂ ਦਾ ਹੈ ਅਰ ਨਾ ਭੈ ਪਾਤਸਾਹਾਂ ਦਾ ਹੈ ਅਰ ਨਾ ਬੋਝ ਉਠਾਉਣ ਦਾ ਹੈ ਅਰ ਖੁਦਾਇ ਦਾ ਜੋ ਨਾਉ ਹੈ ਇਸ ਦੁਨੀਆਂ ਵਿਚ ਭੀ ਨਾਲ ਹੁੰਦਾ ਹੈ ਅਤੇ ਸਰੀਰ ਦੇ ਤਿਆਗਿਆ ਭੀ ਨਾਲ ਹੁੰਦਾ ਹੈ ਸੋ ਏਹ ਉਪਦੇਸ ਕਰਕੇ ਬਾਬਾ ਜੀ ਟੁਰੇ॥

ਸਾਖੀ ਠੱਗਾਂ ਨਾਲ

ਤਾਂ ਰਸਤੇ ਵਿਚ ਟੁਰਦਿਆਂ ਨੂੰ ਚਹੁੰ ਠਗਾਂ ਨੇ ਦੇਖਿਆ ਅਰ ਜੀਅ ਵਿਚ ਵਿਚਾਰਿਆ ਕਿ ਇਨਾਂ ਫਕੀਰਾਂ ਪਾਸ ਬੜਾ ਹੀ ਧਨ ਹੋਣਾ ਹੈ ਕਯੋਂ ਜੋ ਇਨਾਂ ਦਾ ਮਸਤਕ ਬੜਾ ਚਮਕਤਾ ਹੈ ਅਰ ਤੋਰ ਭੀ ਬੜੇ ਪਦਾਰਥਾਂ ਵਾਲਿਆਂ ਦੀ ਹੈ ਸੋ ਐਸਾ ਵਿਚਾਰ ਕੇ ਬਾਬੇ ਦੇ ਨਾਲ ਟੁਰ ਪਏ ਅਤੇ ਬਾਬਾ ਜੀ ਫਿਰ ਸਨੇ ਸਨੇ ਰੂਮ ਵਿਚ ਜਾ ਪਹੁਚੇ ਅਰ ਸਹਰ ਦੇ ਬਾਹਰ ਡੇਰਾ ਜਾ ਕੀਤਾ ਅਰ ਬਾਲੇ ਨੂੰ ਆਖਿਆ ਕਿ ਤੂੰ ਧੂਣੀ ਇਕਠੀ ਕਰ ਲਿਆਉ ਅਰ ਮਰਦਾਨੇ ਨੂੰ ਕਹਿਆ ਕਿ ਤੂੰ ਸਬਦ ਗਾਉ ਅਰ ਠਗਾਂ ਨੂੰ ਕਹਿਆ ਕਿ ਓਹ ਜੋ ਚਿਖਾ ਬਲਦੀ ਨਜਰ ਆਂਵਦੀ ਹੈ ਓਥੇ ਜਾਇਕੇ ਇਕ ਬਲਦੀ ਲਕੜ ਲੈ ਆਉ ਤਾਂ ਦੋਇ ਠਗ ਬਾਬੇ ਦੇ ਪਾਸ ਬੈਠੇ ਅਰ ਦੋਇ ਅਗ ਲੈਣ ਗਏ ਸੋ ਜਦ ਓਥੇ ਜਾਇ ਕੇ ਵੇਖਣ ਤਾਂ ਦੋਇ ਪੁਰਸ ਭਇਆਨਕ ਹਨ ਅਤੇ ਦੋਇ ਪੁਰਸ ਸੁੰਦਰ ਹਨ ਅਰ ਉਨਾਂ ਭਇਆਨਕਾਂ ਨੂੰ ਸੁੰਦਰ ਮਾਰ ਰਹੇ ਹਨ ਤਾਂ ਫਿਰ

ਠਗਾਂ ਨੇ ਪੁਛਿਆ ਤੁਸੀਂ ਕਵਨ ਹੋ ਅਰ ਏਹ ਕਵਨ ਹੈ ਅਤੇ ਏਹ ਚਿਖਾ ਕੇਹੀ ਬਲਦੀ ਹੈ ਤਾਂ ਉਨਾਂ ਕਹਿਆ ਕਿ ਏਹ ਇਕ ਪਾਪੀ ਜੀਵ ਮਰ ਗਿਆ ਸੀ



ਅਰ ਅਸੀਂ ਧਰਮਰਾਜਾਂ ਦੇ ਦੂਤ ਹਾਂ ਅਰ ਏਸਨੂੰ ਲੈਣ ਆਏ ਸਾਂ ॥ ਅਤੇ ਏਹ ਜੋ ਹੈਂ ਸੋ ਵਿਸਨ ਦੇ ਦੂਤ ਹਨ ਤਾਂ ਓਹ ਜੇੜੇ ਵਿਸਨ ਜੀ ਦੇ ਦੂਤ ਸਨ ਉਨਾਂ ਠਗਾਂ ਨੂੰ ਕਹਿਆ ਕਿ ਅੱਬ ਸਾਡੀ ਬਾਤ ਸੁਣੋ ਜੋ ਏਹ ਪੁਰਸ ਬੜਾ ਪਾਪੀ ਸੀ ਪਰ ਜਿਸ ਫਕੀਰ ਦੇ ਨਾਲ ਤੁਸੀ ਤੁਰੇ ਜਾਂਦੇ ਹੋ ਓਸ ਫਕੀਰ ਨੇ ਏਸ ਮੁਰਦੇ ਦੀ ਚਿਖਾ ਵਲ ਦੇਖਿਆ ਹੈ ਅਰ ਏਸ ਵਲ ਆਪਣੀ ਉਂਗਲੀ ਕੀਤੀ ਸੋ ਇਸ ਕਰਕੇ ਇਸਦੇ ਸਭ ਪਾਪ ਦੂਰ ਹੋ ਗਏ ਹਨ ਤਾਂਤੇ ਅਸੀਂ ਇਸਨੂੰ ਬਕੁੰਠਾਪੁਰੀ ਲਜਾਣਾ ਹੈ ਕਯੋਂਕਿ ਓਹ ਫਕੀਰ ਐਸਾ ਹੈ ਕਿ ਜਿਸ ਉਪਰ ਉਸਦੀ ਖੁਸੀ ਹੋਵੈ ਸੋ ਬੈਕੁੰਠ ਨੂੰ ਜੀਵ ਜਾਂਦਾ ਹੈ ਅਰ ਜਿਸ ਉਪਰ ਉਸਦੀ ਕਰੋਪੀ ਹੁੰਦੀ ਹੈ ਸੋ ਨਰਕਾਂ ਨੂੰ ਜਾਂਦਾ ਹੈ ਸੋ ਏਹ ਗਲ ਸੁਣਕੇ ਉਨਾਂ ਠਗਾਂ ਨੇ ਅਗ ਲੈ ਲਈ ਅਰ ਭੈਭੀਤ ਹੋ ਕਰ ਬਾਬੇ ਜੀ ਦੇ ਪਾਸ ਆਏ ਅਰ ਅਗ ਬਾਬਾ ਜੀ ਕੋ ਦਈ ਅਰ ਜੋ ਦੋ ਠਗ ਬਾਬਾ ਜੀ ਦੇ ਪਾਸ ਬੈਠੇ ਸਨ ਤਿਨਾਂ ਨੂੰ ਭੀ ਸਬ ਵਾਰਤਾ ਹਰਗਣਾ ਤੇ ਯਮਗਣਾ ਦੀ ਸੁਣਾਈ ਤਾਂ ਓਹ ਸਬ ਬਾਬਾ ਜੀ ਦਾ ਤੇਜ ਪ੍ਰਤਾਪ ਲਖ ਕਰ ਬਾਬਾ ਜੀ ਕੀ ਸਰਨ ਕੋ ਪ੍ਰਾਪਤ ਹੋਏ ਅਰ ਬਾਬੇ ਦਿਆਂ ਚਰਨਾਂ ਤੇ ਡਿਗ ਪਏ ਅਰ ਕਹਯਾ ਕਿ ਸਾਨੂੰ ਆਪਣੇ ਚੇਲੇ ਕਰੋ ਤਾਂ ਬਚਨ ਹੋਇਆ ਕਿ ਅਸੀਂ ਜੁਆਲਾ ਨੂੰ ਜਾਂਦੇ ਆਹੇ ਸੋ ਤੁਸੀਂ ਭੀ ਓਥੇ ਚਲੋ ਤਪ ਕਰੋ ਅਰ ਸਤਿਨਾਮ ਕਾ ਜਾਪ ਕਰੋ ਤਾਂ ਬਾਬਾ ਜੀ ਸਭਨਾਂ ਦੇ ਸਮੇਤ ਰਮਤੇ ਰਮਤੇ ਜੁਆਲਾ ਜੀ ਆਏ ਅਰ ਉਨਾਂ ਠਗਾਂ ਨੂੰ ਕਹਿਆ ਜੋ ਤ੍ਰਿਕੁਟੀ ਦਾ ਧਿਆਨ ਕਰਨਾ ਅਤੇ ਸਾਸ ਸਾਸ ਸੋਹੰ ਕਾ ਜਾਪ ਕਰਨਾ ਅਤੇ ਤੁਸਾਂ ਏਥੇ ਬੈਠਿਆਂ ਰਹਣਾ ਤਾਂ ਮਰਦਾਨੇ ਆਖਿਆ ਜੀ ਅਸਾਂ

ਨਉਖੰਡ ਪ੍ਰਿਥਮੀ ਦਾ ਦਰਸਨ ਨਹੀਂ ਕੀਤਾ ਤਾਂ ਬਚਨ ਹੋਇਆ ਕਿ ਭਾਰਤ ਖੰਡਤਾਂ ਏਹੋ ਹੈ ਜੋ ਜੇਹੜਾ ਤੈਨੂੰ ਦਿਖਾਇਆ ਹੈ ਅਰ ਕਿੰਪਰਸ ਦੀ ਖੰਡ ਭੀ ਉਸਨੂੰ ਕਹਦੇ ਹਨ ਅਰ ਉਸ ਦੇਸ ਜੋ ਪੁਰਖ ਹੋਵਨਗੇ ਸੋ ਰਾਤ੍ਰੀ ਇਸਤ੍ਰੀ ਹੋ ਜਾਵਨ ਸੋ ਚਲ ਅਬਜਨੀ ਖੰਡ ਕਉ ਚਲਤੇ ਹੈ ਤਾਂ ਫਿਰ ਬਚਨ ਹੋਇਆ ਕਿ ਭਾਈ ਬਾਲਾ ਅਤੇ ਮਰਦਾਨਾ ਤੁਸੀਂ ਅਖੀਆਂ ਮੀਟੋ ਸੋ ਜਾਂ ਉਨਾਂ ਅਖੀਆਂ ਮੀਟਕੇ ਖੋਲੀਆਂ ॥

ਸਾਖੀ ਅਬਜੰਨੀ ਖੰਡ ਦੀ

ਤਾਂ ਕਿਆ ਵੇਖਨ ਜੋ ਅਸੀਂ ਅਬਜੰਨੀ ਖੰਡ ਵਿਚ ਬੈਠੇ ਹਾਂ ਤਾਂ ਸਭ ਲੋਕ ਉਥੋਂ ਦੇ ਆਏ ਬਾਬੇ ਦੇ ਦਰਸਨ ਨੂੰ ਅਰ ਧਰਮਪਤ ਉਥੋਂ ਦਾ ਰਾਜਾ ਸੀ ਸੋ ਭੀ ਬਾਬੇ ਦੀ ਚਰਨੀ ਆਇ ਲਗਾ ਅਰ ਉਸਨੇ ਹਥ ਜੋੜ ਕੇ ਅਰਦਾਸ ਕੀਤੀ ਜੋ ਗਰੀਬ ਨਿਵਾਜ ਕੁਝ ਪ੍ਰਸਾਦ ਕ੍ਰਿਪਾ ਕਰ ਮੇਰੇ ਘਰ ਛਕੋ ਤਾਂ ਬਾਬੇ ਨੇ ਕਹਿਆ ਬਾਲੇ ਨੂੰ ਕਿ ਹੇ ਭਾਈ ਬਾਲਾ ਤੂੰ ਸੇਰ ਦਾ ਰੂਪ ਧਾਰ ਲੈ ਤਾਂ ਬਾਲੇ ਨੇ ਸੇਰ ਦਾ ਰੂਪ ਧਾਰ ਲਿਆ ਤਾਂ ਫਿਰ ਰਾਜਾ ਬਾਬੇ ਨੂੰ ਅਤੇ ਮਰਦਾਨੇ ਨੂੰ ਅਰ ਸੇਰ ਨੂੰ ਭੀ ਘਰ ਲੈ ਗਿਆ ਤਾਂ ਬਾਬੇ ਕਹਿਆ ਕਿ ਪਹਲੇ ਮੇਰੇ ਸੇਰ ਦਾ ਅਹਾਰ ਦੇਵੋਗੇ ਤਾਂ ਪਿਛੋਂ ਅਹਾਰ ਮੈਂ ਕਰਾਂਗਾ ਤਾਂ ਫਿਰ ਉਨਾਂ ਕਹਿਆ ਕਿ ਜੋ ਤੁਸੀ ਕਹੋ ਸੋ ਅਸੀਂ ਅਹਾਰ ਦੇਵੀਏ ਤਾਂ ਬਚਨ ਹੋਇਆ ਜੇਹੜਾ ਤੁਸਾਡਾ ਬੇਟਾ ਹੈ ਸੋ ਤੁਸੀਂ ਮਾਤਾ ਪਿਤਾ ਸੋਕਤੇ ਰਹਤ ਹੋਕੇ ਸੇਰ ਅਗੇ ਪਾਵੋ ਸੋ ਇਹ ਬਾਤ ਸੁਣਕੇ ਸਜੀ ਬਾਂਹ ਪਿਤਾ ਪਕੜੀ ਅਰ ਖਬੀ ਬਾਂਹ ਮਾਤਾ ਨੇ ਪਕੜੀ ਅਰ ਸੇਰ ਅਗੇ ਆਣ ਪਾਇਆ ਤਾਂ ਫਿਰ ਬਾਬੇ ਕਹਿਆ ਕਿ ਤੁਸੀਂ ਸਚ ਕਹੋ ਤੁਸਾਡੇ ਮਨ ਸੋਕ ਨਹੀਂ ਆਇਆ ਤਾਂ ਉਨਾਂ ਕਹਿਆ ਕਿ ਮੋਹ ਦੀ ਬੁਧ



ਨੇ ਤਾਂ ਸੋਕ ਦਿਤਾ ਸੀ ਪਰ ਉਪਾਸਨਾਂ ਦੀ ਬੁਧ ਅਸਾਡੇ ਮਨ ਥੀਂ ਸੋਕ ਹਟਾਇ ਛਡਿਆ ਹੈ ਤਾਂ ਮਰਦਾਨਾ ਬੋਲਿਆ ਰਾਜਾ ਸੋਕ ਦੀ ਭੀ ਬਾਹਰ ਕਹੁ ਅਤੇ ਉਪਾਸਨਾਂ ਦੀ ਭੀ ਬਾਹਰ ਕਹੋ ਤਾਂ ਰਾਜੇ ਆਖਿਆ ਕਿ ਪ੍ਰਿਥਮੇ ਮੈਂ ਪੰਜਾਹ ਰਾਣੀਆਂ ਵਿਵਾਹੀਆਂ ਸਨ ਅਰ ਤਿਨਾਂ ਵਿਚੋਂ ਪੁਤ੍ਰ ਨਹੀਂ ਸੀ ਹੋਂਦਾ ਤਾਂ ਫਿਰ ਮੈਂ ਦੇਵੀ ਦੇਵਤਿਆਂ ਅਰ ਪੀਰਾਂ ਫਕੀਰਾਂ ਅਤੇ ਸੰਤਾਂ ਸਾਧਾਂ ਦੀ ਮੰਨਤਾ ਅਰ ਪ੍ਰਸਾਦ ਅਰ ਸੀਰਨੀਆਂ ਕੇ ਮੰਨ ਕੇ ਮੇਰੇ ਪੁਤ੍ਰ ਹੋਇਆ ਸੀ ਅਰ ਸਾਰੇ ਇਸ ਖੰਡ ਵਿਚ ਘਰ ਘਰ ਵਧਾਈਆਂ ਹੋਈਆਂ ਸੀ ਅਰ ਬਹੁਤ ਦਾਨ ਅਤੇ ਪੁੰਨ ਕੀਤੇ ਕਜੋਂ ਜੋ ਮੇਰੇ ਰਾਜ ਦਾ ਤਿਲਕ ਜੰਮਿਆ ਅਤੇ ਮਾਤਾ ਨੂੰ ਮੇਰੇ ਨਾਲਹੁ ਭੀ ਬਹੁਤ ਪਿਆਰ ਸੀ ਜੋ ਸਭਨਾਂ ਰਾਣੀਆਂ ਦੇ ਸਿਰ ਤੇ ਇਸ ਪੁਤ੍ਰ ਕਰ ਪਟਰਾਣੀ ਹੋਈ ਸੀ ਅਰ ਲੜਕਾ ਬੁਧਵਾਨ ਸੀ ਅਤੇ ਬਹੁਤ ਸੁੰਦਰ ਸੀ ਅਰ ਰਾਜ ਦੀਆਂ ਰੀਤਾਂ ਮੈਂ ਸਭੇ ਸਿਖਾਈਆਂ ਸਨ ਸੋ ਇਸ ਕਰਕੇ ਮੇਰੇ ਮਨ ਸੋਕ ਸੀ ਅਰ ਸੋਕ ਮੇਰਾ ਇਸ ਕਰਕੇ ਦੂਰ ਹੋਇਆ ਕਿ ਸੰਤ ਅਰ ਗੁਰੂ ਅਰ ਭਗਵਾਨ ਏਹ ਤੀਨੋਂ ਏਕ ਰੂਪ ਹਨ ਤਾਂਤੇ ਜੋ ਇਨਾਂ ਦੇ ਕੰਮ ਆਇਆ ਸੋ ਉਸਦਾ ਭੀ ਭਲਾ ਹੋਇਆ ਅਰ ਹਮਾਰਾ ਭੀ ਭਲਾ ਹੋਇਆ ਕਜੋਂ ਜੋ ਇਨਾਂ ਆਵਦਿਆਂ ਨਾਲ ਪੁਤ੍ਰ ਮੰਗਿਆ ਤਾਂਤੇ ਇਸ ਕਰ ਮੇਰੀ ਭੀ ਭਲਾਈ ਹੋਵੈਗੀ ਤਾਂ ਮਰਦਾਨੇ ਕਹਿਆ ਕਿ ਉਸੇ ਲੋਹੇ ਦਾ ਕੁਲਫ ਹੋਤਾ ਹੈ ਜੋ ਘਰ ਦੇ ਬੰਧਨ ਵਾਲਾ ਅਰ ਉਸ ਲੋਹੇ ਦੀ ਕੁੰਜੀ ਹੋਤੀ ਹੈ ਦਰਵਾਜੇ ਦੀ ਜੋ ਖੋਲਣ ਵਾਲੀ ਹੈ ॥ ਪਰ ਪ੍ਰਿਥਮੇਂ ਜੋ ਤੂੰ ਪੁਤ੍ਰ ਭਾਉ ਜਾਣ ਕੇ ਮੋਹ ਕੀਤਾ ਹੈ ਸੋ ਤੂੰ ਏਹ ਸਮਝ ਕਿ ਪ੍ਰਿਥਮੇਂ ਤੋ ਤੇਰਾ ਅਰ ਇਸਦਾ ਸਨਬੰਧ ਕੋਈ ਨਹੀਂ ਜੋ ਇਸ ਆਪਣੇ ਕਰਮ ਭੋਗਣੇ ਅਤੇ ਤੁਧ ਆਪਣੇ ਕਰਮ ਭੋਗਣੇ ਹਨ ਅਰ ਦੂਜਾ ਜੇ ਇਸ ਦੇ ਮਸਤਕ ਪਰ ਰਾਜ ਦਾ ਤਿਲਕ ਲਿਖਿਆ ਹੈ ਤਾਂ ਕਿਸੇ ਮਿਟਾਇ ਹੀ ਨਹੀਂ ਸਕਣਾ ਕਜੋਂਕਿ ਜਦ ਏਹ ਤ੍ਰੈ ਵਸਤਾਂ ਇਕਠੀਆਂ ਹੋਣ ਤਾਂ ਮਨੁਖ ਦਾ ਕਾਲ ਹੁੰਦਾ ਹੈ ਜੋ ਇਕ ਤਾਂ ਪ੍ਰਿਥਵੀ ਅਰ ਦੂਜਾ ਸਮਾਂ ਅਰ ਤੀਜਾ ਕਾਰਨ ਜੋ ਜਿਸ ਵਿਘਨ ਕਰ ਸਰੀਰ ਛੁਟਣਾ ਹੋਂਦਾ ਹੈ ਸੋ ਜੇ ਏਹ ਸਬਬ ਹੋਣ ਤਾਂ ਸਰੀਰ ਛੁਟਦਾ ਹੈ ਅਰ ਏਹ ਭੀ ਸਮਝ ਕਿ ਜੇ ਸੇਰ ਨੇ ਖਾਣਾ ਹੈ ਤਾਂ ਰਖ ਕੋਈ ਨਹੀਂ ਸਕਦਾ ਅਰ ਜੇ ਇਸ ਕੋਈ ਹੋਰ ਸਸਤ੍ਰ ਕੇ ਟਪ ਯਾ ਹੋਰ ਬਹਾਨੇ ਮਰਨਾ ਹੈ ਤਾਂ ਇਸ ਨੂੰ ਕੋਈ ਮਾਰ ਨਹੀਂ ਸਕਦਾ ਤਾਂਤੇ ਤੁਸੀਂ ਸੋਕ ਨਾ ਕਰੋ ਤਾਂ ਫਿਰ ਮਰਦਾਨੇ ਨੇ ਉਸ ਲੜਕੇ ਨੂੰ ਪੁਛਿਆ ਕਿ ਤੈਨੂੰ ਰਾਜ ਪਿਆਰਾ ਹੈ ਕਿ ਸੇਰ ਦਾ ਖਾਵਣਾ ਪਿਆਰਾ ਹੈ ਤਾਂ ਉਸ ਆਖਿਆ ਕਿ ਰਾਜ ਭੀ ਮੇਰਾ ਸਰ ਭੀ ਅਰ ਏਹ ਸੇਰ ਭੀ ਅਤੇ ਮੇਰੇ ਮਾਤਾ ਪਿਤਾ ਭੀ ਅਰ ਤੁਸੀਂ ਭੀ ਸਭ ਮੈਨੂੰ ਸੁਪਨੇ ਦੇ ਭਾਸਤੇ ਹੋ

ਕਯੋਂਕਿ ਜਦ ਦਾ ਮੈਂ ਗੁਰੂ ਨਾਨਕ ਜੀ ਦਾ ਦਰਸਨ ਕੀਤਾ ਹੈ ਅਤੇ ਇਨਾਂ ਦੇ ਵਚਨ ਸੁਣੇ ਹਨ ਤਦ ਦਾ ਜਗਤ ਨੂੰ ਸੁਪਨਾ ਜਾਣਿਆ ਹੈ ਸੋ ਜੈਸੇ ਸੁਪਨੇ ਮੈਂ ਸੇਰ ਖਾਵੇ ਤਾਂ ਦੁਖ ਨਹੀਂ ਅਰ ਜੇ ਸੁਪਨੇ ਮੈਂ ਰਾਜ ਭੋਗੇ ਤਾਂ ਜਾਗੇ ਹੋਏ ਸੁਖ ਰਾਜ ਦਾ ਨਹੀਂ ਤੈਸੇ ਮੈਨੂੰ ਸੇਰ ਦੇ ਖਾਧਿਆਂ ਹੋਇਆਂ ਕੁਛ ਦੁਖ ਨਹੀਂ ਕਿਉਂਕਿ ਮੈਂ ਚੈਤਨ ਹਾਂ ਅਰ ਮੇਰਾ ਸਰੀਰ ਨਾਲ ਤ੍ਰੈਕਾਲ ਸਨਬੰਧ ਨਹੀਂ ਮੈਂ ਅਗਿਆਨ ਕਰਕੇ ਆਪ ਨੂੰ ਸਰੀਰ ਮੰਨਦਾ ਸਾਂ ਤਾਂ ਦੁਖ ਸੁਖ ਸੀ ਪਰ ਹੁਣ ਗੁਰਾਂ ਦੇ ਮਿਲਣ ਕਰ ਮੇਰਾ ਹਰਖ ਸੋਗ ਮਿਟ ਗਇਆ ਹੈ ਤਾਂ ਫਿਰ ਮਰਦਾਨੇ ਸੇਰ ਨੂੰ ਕਹਿਆ ਕਿ ਹੇ ਸੇਰ ਤੂੰ ਭੁਖਾ ਹੈ ਤੇ ਬਾਬੇ ਤੈਨੂੰ ਏਹ ਅਹਾਰ ਦਿਤਾ ਹੈ ਸੋ ਤੂੰ ਖਾਂਦਾ ਕਿਉਂ ਨਹੀਂ ਤਾਂ ਸੇਰ ਕਹਿਆ ਭੁਖ ਤਾਂ ਮੈਨੂੰ ਲਗੀ ਹੋਈ ਹੈ ਪਰ ਮੈਂ ਕਹਨਾਂ ਹਾਂ ਜੋ ਮੈਂ ਪਿਛਲੇ ਪਾਪ ਕਰ ਸਰੀਰ ਧਾਰਿਆ ਹੈ ਤਾਮਸੀ ਅਤੇ ਜੇ ਐਸੇ ਗਿਆਨਵਾਨ ਲੜਕੇ ਨੂੰ ਮੈਂ ਖਾਵਾਂਗਾ ਤਾਂ ਮਤ ਕੋਈ ਬਹੁਤ ਪਾਪ ਮੈਨੂੰ ਹੋ ਜਾਂਦਾ ਹੋਵੇ ਅਰ ਮਤ ਵਧੇਰੇ ਪਾਪ ਹੋਵਨ ਅਰ ਮਤ ਤਾਂਮਸੀ ਜੂਨਾਂ ਭੋਗਣੀਆਂ ਪਾਉਂਦੀਆਂ ਹੋਵਨ ਸੋ ਇਸ ਵਾਸਤੇ ਮੈਂ ਮਨ ਨੂੰ ਹਟਾਇ ਰਖਿਆ ਹੈ ਤਾਂ ਮਰਦਾਨੇ ਕਹਿਆ ਹੇ ਸੇਰ ਜੇ ਤੇਰੀ ਏਹ ਲੜਕਾ ਪ੍ਰਾਲਬਧ ਹੈ ਤਾਂ ਤੂੰ ਅਵਸ ਹੀ ਖਾਵੇਂਗਾ ਤਾਂ ਫਿਰ ਸੇਰ ਕਹਿਆ ਕਿ ਜੇਹੜੇ ਮਹਾ ਪੁਰਖ ਹਨ ਸੋ ਪ੍ਰਾਲਬਧ ਨੂੰ ਭੀ ਜੀਤਤੇ ਹਨ ਜੈਸੇ ਜੋਗੀ ਪ੍ਰਾਣਾਯਾਮ ਕਰਕੇ ਸ੍ਵਾਸਾਂ ਕੋ ਨਹੀਂ ਜਾਣ ਦੇਤੇ ਅਰ ਸੰਜਮ ਕਰਕੇ ਅਲਪ ਅਹਾਰ ਕਰਤੇ ਹਨ ਅਰ ਭੋਗਾਂ ਨੂੰ ਘਟਾਂਵਦੇ ਹਨ ਅਤੇ ਆਪਣੀ ਆਰਜਾ ਨੂੰ ਅਰ ਪਰਾਲਬਧ ਨੂੰ ਜੀਤਤੇ ਹਨ ਤੈਸੇ ਮੈਂ ਭੀ ਉਦਮ ਕਰਕੇ ਪ੍ਰਾਲਬਧ ਕੋ ਜੀਤੋਂਗਾ ਤਾਂ ਏਹ ਬਚਨ ਸੁਣਕੇ ਬਾਬਾ ਪ੍ਰਸੰਨ ਹੋਇਆ ਅਰ ਬਾਬੇ ਕਹਿਆ ਹੇ ਸੇਰ ਤੂੰ ਆਪਣਾ ਸਰੀਰ ਧਾਰ ਲੈ ਤਾਂ ਸੇਰ ਬਾਲੇ ਦਾ ਸਰੀਰ ਧਾਰਕੇ ਬਾਬੇ ਅਗੇ ਮਥਾ ਟੇਕਿਆ ਤਾਂ ਰਾਜਾ ਭੀ ਅਰ ਰਾਣੀ ਭੀ ਅਰ ਰਾਜੇ ਦੇ ਬੇਟੇ ਭੀ ਸਭਨਾਂ ਨੇ ਚਰਨਾਂ ਤੇ ਮਥਾ ਟੇਕਿਆ ਤਾਂ ਬਾਬੇ ਕਹਿਆ ਕਿ ਅਸੀਂ ਤੁਸਾਡੀ ਜਗਿਆਸਾ ਦੇਖਦੇ ਸਾਂ ਸੋ ਅਬ ਬੇਟੇ ਤੁਸਾਡੇ ਦਾ ਸਾਰੇ ਖੰਡ ਵਿਚ ਰਾਜ ਹੋਵੇਗਾ ਅਰ ਤੁਸਾਂ ਸਤਿਨਾਮ ਦਾ ਜਾਪ ਜਪਣਾ ਅਰ ਆਏ ਗਏ ਸੰਤਾਂ ਸਾਧਾਂ ਦੀ ਟਹਲ ਕਰਨੀ ਅਤੇ ਧਰਮਸਾਲਾ ਬਣਾਵਣੀ ਤਾਂ ਏਹ ਬਾਤ ਸੁਣਕੇ ਉਸ ਰਾਜੇ ਨੇ ਬੇਨਤੀ ਕੀਤੀ ਕਿ ਇਸ ਮੇਰੇ ਬੇਟੇ ਨੂੰ ਚਰਨਾਂ ਦੀ ਪਾਹੁਲ ਦੇਣੀ ਅਰ ਤਿਲਕ ਭੀ ਆਪਣੀ ਹਥੀ ਦੇਵਣਾ ਤਾਂ ਸਾਹਿਬਾਂ ਨੇ ਆਪਣੇ ਸਜੇ ਅੰਗੂਠੇ ਦੀ ਪਾਹੁਲ ਦਿਤੀ ਅਰ ਰਾਜ ਤਿਲਕ ਭੀ ਦਿਤਾ ਅਤੇ ਨਾਉਂ ਉਸਦਾ ਸੁਭਨੀਕ ਰਖਿਆ ਅਰ ਬਡਾ ਕੜਾਹੁ ਕਰਵਾਇਕੈ ਸਾਰੇ ਸਹਰ ਵਿਚ ਵਰਤਾਇਆ ਤਾਂ ਫਿਰ ਬਾਬਾ ਜੀ ਉਥੋਂ ਟੁਰੇ ॥

ਸਾਖੀ ਕੇਸੀ ਖੰਡ ਦੀ ਚਲੀ

ਤਾਂ ਫਿਰ ਬਚਨ ਹੋਇਆ ਮਰਦਾਨਿਆ ਅਰ ਬਾਲਿਆ ਤੁਸੀਂ ਅਖੀਆਂ ਮੀਟੋ ਸੋ ਉਨਾਂ ਜਦ ਅਖੀਆਂ ਮੀਟ ਕੇ ਖੋਲੀਆਂ ਤਾਂ ਕਿਆ ਦੇਖਨ ਜੋ ਅਸੀਂ ਕੇਸੀ ਖੰਡ ਵਿਚ ਬੈਠੇ ਹਾਂ ਅਰ ਹਰਿਵਰਖ ਖੰਡ ਭੀ ਉਸਦਾ ਨਾਮ ਹੈ ਸੋ ਜਬ ਉਨਾਂ ਸੁਣਿਆ ਤਾਂ ਉਥੋਂ ਦੇ ਰਾਜਾ ਅਰ ਪਰਜਾਂ ਸਭਨਾਂ ਨੇ ਬਾਬਾ ਜੀ ਦੇ ਚਰਨਾਂ ਤੇ ਆਇ ਮਥਾ ਟੇਕਿਆ ਅਤੇ ਰਾਣੀਆਂ ਭੀ ਆਇ ਮਥਾ ਟੇਕਿਆ ਅਰ ਰਾਣੀ ਕਹਿਆ ਹੇ ਗਰੀਬ ਨਿਵਾਜ ਮੇਰੇ ਘਰ ਪੁਤ੍ਰ ਕੋਈ ਨਹੀਂ ਹੁੰਦਾ ਅਤੇ ਰਾਜਾ ਭੀ ਮੇਰੇ ਪਰ ਪ੍ਰਸੰਨ ਨਹੀਂ ਰਹਤਾ ਸੋ ਜੇ ਤੁਸੀਂ ਕਿਰਪਾ ਕਰੋ ਤਾਂ ਮੇਰੇ ਘਰ ਪੁਤ੍ਰ ਹੋਵੈ ਤਾਂ ਸਾਹਿਬ ਬਚਨ ਕੀਤਾ ਕਿ ਸੰਤਾਂ ਦੇ ਅਗੇ ਨਿਵ ਚਲਿਆ ਕਰ ਅਰ ਜੋ ਕੁਛ ਪਰਮੇਸਰ ਵਲੋਂ ਸੁਖ ਜਾਂ ਦੁਖ ਹੋਵੈ ਸੋ ਸਹਾਰ ਲਿਆ ਕਰ ਅਰ ਰਸਨਾ ਕਰ ਸਭ ਸੇ ਨੂੰ ਮਿਠਾ ਬੋਲਿਆ ਕਰ ਅਤੇ ਫਿਰ ਬਾਬਾ ਜੀ ਨੇ ਦੋਇ ਲੌਂਗ ਇਕ ਲਾਚੀ ਦਿਤੀ ਅਰ ਕਹਿਆ ਕਿ ਤੁਸਾਂ ਸਤਿਨਾਮ ਦਾ ਜਾਪ ਕਰਨਾ ਸੋ ਤੇਰੇ ਗ੍ਰਿਹਿ ਵਿਖੇ ਦੋਇ ਬੇਟੇ ਅਰ ਇਕ ਬੇਟੀ ਹੋਵੈਗੀ ਤਾਂ ਰਾਜੇ ਆਖਿਆ ਜੀ ਤੁਸੀਂ ਕਿਰਪਾ ਕਰਕੈ ਕੋਈ ਕਾਲ ਏਥੇ ਹੀ ਰਹੋ ਤਾਂ ਬਚਨ ਹੋਇਆ ਕਿ ਤੁਸੀਂ ਕਿਰਪਾ ਕਰਕੇ ਕੜਾਹ ਕਰੋ ਤਾਂ ਉਸਨੇ ਬਡਾ ਕੜਾਹ ਕੀਤਾ ਅਰ ਸਾਰੇ ਸਹਰ ਵਿਚ ਵਰਤਾਇਆ ਤਾਂ ਬਾਬੇ ਕਹਿਆ ਕਿ ਜੋ ਸਬਦ ਤੁਸੀਂ ਰਿਦੇ ਵਿਚ ਧਾਰੋਗੇ ਤਾਂ ਸਦੀਵ ਸਾਡਾ ਦਰਸਨ ਹੋਵੇਗਾ ਕਜੋਂ ਜੋ ਸਾਡਾ ਏਹੋ ਰੂਪ ਹੈ ਤਾਂ ਫਿਰ ਬਾਬਾ ਜੀ ਨੇ ਸਲੋਕ ਉਚਾਰਿਆ ॥ ਸਲੋਕ ਮ: ੧ ॥ ਨਿਵਣ ਸੁ ਅਖਰ ਖਿਵਣੁ ਗੁਣ ਜਿਹਬਾ ਮਣੀਆਂ ਮੰਤੁ ॥ ਇਹ ਤ੍ਰੈ ਭੈਣੇ ਵੇਸ ਕਰ ਤਾਂ ਵਸਿ ਆਵੀ ਕੰਤੁ ॥ ੧ ॥ ਤਾਂ ਬਚਨ ਹੋਇਆ ਕਿ ਇਕ ਪੁਤ੍ਰ ਦਾ ਨਾਉ ਨਿਵਣ ਰਖਣਾ ਅਤੇ ਦੂਸਰੇ ਦਾ ਨਾਉ ਖਵਣ ਰਖਣਾ ਅਰ ਬੇਟੀ ਦਾ ਨਾਉ ਮਣੀਆਂ ਮੰਤ ਰਖਣਾ ਅਤੇ ਫਿਰ ਰਾਣੀ ਨੂੰ ਕਹਿਆ ਕਿ ਜੇ ਏਹ ਤ੍ਰੈ ਵਚਨ ਨੂੰ ਦ੍ਰਿੜ ਰਖੇ ਤਾਂ ਤੇਰੇ ਵਸ ਵਿਚ ਭਰਤਾ ਆਵੇਗਾ ਅਰ ਰਾਜੇ ਨੂੰ ਕਹਿਆ ਕਿ ਜੇ ਤੂੰ ਏਹ ਵਚਨ ਦ੍ਰਿੜ ਰਖੇਂਗਾ ਤਾਂ ਪਰਮੇਸਰ ਤੇਰੇ ਵਸ ਆਵੇਗਾ ਤਾਂ ਫਿਰ ਬਾਬਾ ਜੀ ਉਥੋਂ ਉਪਦੇਸ ਦੇ ਕੇ ਕੁਰਖੰਡ ਵਿਖੇ ਜਾਤੇ ਭਏ ॥

ਸਾਖੀ ਕੁਰਖੰਡ ਦੀ

ਅਰ ਉਥੋਂ ਦੇ ਜੋ ਲੋਕ ਸਨ ਸੋ ਏਹ ਰੀਤ ਕਰਦੇ ਸਨ ਜੋ ਜੇਕਰ ਉਨਾਂ ਦੇ ਘਰ ਪੁਤ੍ਰ ਜਨਮ ਦਾ ਸੀ ਤਾਂ ਰੋਂਦੇ ਸਨ ਅਰ ਜੇ ਮਰਦਾ ਸੀ ਤਾਂ ਹਸਦੇ ਸਨ ਤਾਂ

ਮਰਦਾਨੇ ਆਖਿਆ ਜੀ ਏਸ ਖੰਡ ਦੇ ਲੋਕ ਬਡੇ ਕੌਤਕੀ ਹੈਨ ਤਾਂ ਬਚਨ ਹੋਇਆ ਕਿ ਏਹ ਅਗਿਆਨੀ ਹੈਨ ਕਯੋਂ ਜੋ ਵਾਹਗੁਰੂ ਦੇ ਭੇਜੇ ਹੋਏ ਨੂੰ ਹਸਦੇ ਹਨ ਅਤੇ ਘਲੇ ਹੋਏ ਨੂੰ ਰੋਂਦੇ ਹਨ ਤਾਂ ਮਰਦਾਨੇ ਕਹਿਆ ਜੀ ਗਯਾਨੀ ਕੇਹੇ ਹੁੰਦੇ ਹਨ ਤਾਂ ਬਚਨ ਹੋਇਆ ॥ ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥ ਜੋ ਵਾਹਗੁਰੂ ਦੇ ਘਲੇ ਆਂਵਦੇ ਹੈਂ ਤਾਂ ਭੀ ਪ੍ਰਸੰਨ ਰਹਦੇ ਹੈਨ ਅਤੇ ਕੜਾਹ ਕਰਦੇ ਹਨ ਅਰ ਕੀਰਤਨ ਕਰਦੇ ਹਨ ਅਰ ਪ੍ਰਸੰਨ ਰਹਿੰਦੇ ਹਨ ਤਾਂਤੇ ਸੇਈ ਗਯਾਨੀ ਹੈਨ ॥ ਤਾਂ ਫਿਰ ਮਰਦਾਨੇ ਉਨਾਂ ਨੂੰ ਕਹਿਆ ਕਿ ਤੁਸੀਂ ਮਰਦਿਆਂ ਨੂੰ ਕਿਉਂ ਹਸਦੇ ਹੋ ਅਰ ਜੰਮਦਿਆਂ ਨੂੰ ਕਯੋਂ ਰੋਂਦੇ ਹੋ ਤਾਂ ਉਨਾਂ ਕਹਿਆ ਏਹ ਮਾਨੁਖ ਜੋ ਪਰਮੇਸਰ ਤੇ ਵਿਛੜਤਾ ਹੈ ਇਸ ਵਾਸਤੇ ਅਸੀਂ ਰੋਂਦੇ ਹਾਂ ਅਰ ਮੁਇਆਂ ਹੋਇਆਂ ਫੇਰ ਜਾਇ ਮਿਲਦਾ ਹੈ ਸੋ ਇਸ ਵਾਸਤੇ ਅਸੀਂ ਹਸਦੇ ਹਾਂ ਤਾਂ ਮਰਦਾਨੇ ਕਹਿਆ ਕਿ ਇਹ ਜੀਵ ਤਾਂ ਮਹਾਰਾਜ ਦੀ ਮਾਇਆ ਕਰ ਕਈ ਜਨਮਾਂ ਵਿਚ ਭਟਕਦਾ ਆਂਵਦਾ ਹੈ ਅਰ ਮੁਇਆਂ ਭੀ ਕਈ ਜੂਨਾਂ ਜਨਮਾਂ ਨੂੰ ਜਾਇ ਪ੍ਰਾਪਤ ਹੋਂਦਾ ਹੈ ਅਰ ਇਸਦਾ ਮਿਲਣਾ ਸਾਧ ਸੰਗਤ ਬਿਨਾ ਅਸਚਰਜ ਹੈ ਕਯੋਂਕਿ ਜਿਨਾਂ ਹੁਕਮ ਸਤ ਕਰ ਮੰਨਿਆ ਹੈ ਉਨਾਂ ਨੂੰ ਸਦਾ ਅਨੰਦ ਹੈ ਅਰ ਜਿਨਾਂ ਆਤਮਾ ਸਤ ਕਰ ਜਾਤਾ ਹੈ ਅਤੇ ਪੂਰਨ ਕਰ ਜਾਤਾ ਹੈ ਸੋ ਨਾ ਕਦੇ ਵਿਛੜਦੇ ਹੈਨ ਨਾ ਮਿਲਦੇ ਹਨ ਕਯੋਂਕਿ ਵਿਛੜਨ ਦੀ ਜਾਗਾਂ ਕੋਈ ਨਹੀਂ ਜੋ ਜਿਥੇ ਆਤਮਾ ਨਾ ਹੋਵੇ ਅਰ ਓਹ ਵਿਛੜਨ ਕਯੋਂ ਜੋ ਆਤਮਾਂ ਅਕਾਸ ਦੀ ਨਿਆਈ ਪੂਰਨ ਹੈ ਇਸ ਵਾਸਤੇ ਕਿਸਨੂੰ ਮਿਲਣਾ ਹੈ ਅਰ ਕਿਸਥੀ ਵਿਛੜਨਾ ਹੈ ਤਾਂਤੇ ਤੁਸਾਡਾ ਹਸਣਾ ਅਰ ਰੋਵਣਾ ਬਿਅਰਥ ਹੈ ਸੋ ਏਹ ਬਚਨ ਜਾਂ ਸੁਣੇ ਤਾਂ ਉਨਾਂ ਸਭਨਾਂ ਨੇ ਮਥਾ ਆਇ ਟੇਕਿਆ ਅਰ ਹਥ ਜੋੜ ਕਰ ਬੇਨਤੀ ਕਰੀ ਜੋ ਗਰੀਬ ਨਿਵਾਜ ਸਾਨੂੰ ਆਪ ਕੁਛ ਉਪਦੇਸ ਕਰੋ ਕਿ ਜਿਸ ਕਰ ਅਸਾਡਾ ਕਲਿਆਣ ਹੋਵੇ ਤਾਂ ਮਰਦਾਨੇ ਅਰਦਾਸ ਕੀਤੀ ਜੀ ਗਰੀਬ ਨਿਵਾਜ ਤੁਸੀਂ ਇਨਾਂ ਨੂੰ ਉਪਦੇਸ ਕਰੋ ਤਾਂ ਬਾਬਾ ਜੀ ਨੇ ਰਾਗ ਬਸੰਤ ਵਿਚ ਸਬਦ ਬੋਲਿਆ ॥

ਰਾਗ ਬਸੰਤੁ ਮਹਲਾ ੧ ॥ ਮਾਹਾ ਮਾਹ ਮੁਮਾਰਖੀ ਚੜਿਆ ਸਦਾ ਬਸੰਤ ॥
ਪਰਫੜ ਚਿਤ ਸਮਾਲ ਸੋਇ ਸਦਾ ਸਦਾ ਗੋਬੰਦ ॥ ੧ ॥ ਭੋਲਿਆ ਹਉਮੈ
ਸੁਰਤਿ ਵਿਸਾਰ ॥ ਹਉਮੈ ਮਾਰ ਬੀਚਾਰਿ ਮਨ ਗੁਣ ਵਿਚਿ ਗੁਣ ਲੈ ਸਾਰ ॥
॥ ੧ ॥ ਰਹਾਉ ॥ ਕਰਮ ਪੇਡ ਸਾਖਾ ਹਰੀ ਧਰਮ ਫੁਲ ਫਲ ਗਿਆਨ ॥
ਪਤਿ ਪਰਾਪਤਿ ਛਾਵ ਘਣੀ ਚੂਕਾ ਮਨ ਅਭਿਮਾਨ ॥ ੨ ॥ ਅਖੀ ਕੁਦਰਤਿ
ਕੰਨੀ ਬਾਣੀ ਮੁਖਿ ਆਖਣੁ ਸਚੁ ਨਾਮੁ ॥ ਪਤਿ ਕਾ ਧਨ ਪੂਰਾ ਹੋਆ ਲਾਗਾ

ਸਹਜਿ ਧਿਆਨ ॥ ੩ ॥ ਮਹਾ ਰੁਤੀ ਆਵਣੇ ਵੇਖਹੁ ਕਰਮ ਕਮਾਇ ॥
ਨਾਨਕ ਹਰੇ ਨ ਸੂਕਈ ਜੇ ਗੁਰਮੁਖ ਰਹੇ ਸਮਾਇ ॥ ੪ ॥

ਸਾਹਿਬ ਬਚਨ ਕਰੈ ਕਿ ਜੈਸੇ ਮਾਘ ਦੇ ਮਹੀਨੇ ਬਸੰਤ ਚੜਤਾ ਹੈ ਅਤੇ ਸਭ ਨੂੰ ਮੁਮਾਰਖ ਹੋਂਦੀ ਹੈ ਤੈਸੇ ਜਗਿਆਸੀਆਂ ਨੂੰ ਸਾਧ ਸੰਗਤਿ ਵਿਚ ਹੋਂਦਾ ਹੈ ਅਤੇ ਨਾਮ ਪ੍ਰਾਪਤ ਹੋਂਦਾ ਹੈ ਤਾਂ ਉਨਾਂ ਨੂੰ ਸਦਾ ਬਸੰਤ ਹੈ ਪਰ ਬਸੰਤ ਦੇ ਫੁਲ ਸਮੇ ਕਰਕੇ ਕੁਮਲਾ ਜਾਂਦੇ ਹਨ ਅਤੇ ਜਿਨਾਂ ਨੂੰ ਸਾਧ ਸੰਗਤ ਪ੍ਰਾਪਤ ਹੋਂਦਾ ਹੈ ਸੋ ਸਦਾ ਪ੍ਰਫੁਲਤ ਰਹਿੰਦੇ ਹਨ ਤਾਂਤੇ ਹੇ ਮੂਰਖ ਜੀਆ ਹੋ ਹਉਮੈਂ ਦੀ ਸੁਰਤ ਵਿਸਾਰਹੁ ਅਰ ਮਨ ਵਿਚ ਵੀਚਾਰ ਕਰਹੁ ਜੋ ਹਉਮੈਂ ਕਿਸ ਤੇ ਕਰਦੇ ਹੋ ਕਜੋਂਕਿ ਜੇ ਸਰੀਰ ਤੇ ਕਰਦੇ ਤਾਂ ਸਰੀਰ ਛਿਨ ਭੰਗਰ ਹੈ ਅਤੇ ਜੇ ਪਦਾਰਥਹੁ ਤੇ ਕਰਦੇ ਹੋ ਤਾਂ ਪਦਾਰਥ ਸੁਪਨ ਵਤ ਝੂਠੇ ਹਨ ਤਾਂਤੇ ਤੁਸੀਂ ਮਨ ਨੀਵਾਂ ਕਰਕੇ ਪਰਮੇਸਰ ਨੂੰ ਚਿਤ ਕਰੋ ਅਰ ਦੇਖੋ ਜੋ ਤੁਸਾਡੇ ਉਪਰ ਪਰਮੇਸਰ ਨੇ ਕੇਡੇ ਕੇਡੇ ਗੁਣ ਕੀਤੇ ਹਨ ਜੋ ਦੇਹ ਅਰੋਗ ਦਿਤੀ ਹੈ ਅਰ ਪ੍ਰਿਥਵੀ ਵਸਨੇ ਕੋ ਦਿਤੀ ਹੈ ਅਰ ਰਸ ਭੋਗਣੇ ਕਉਂ ਦਿਤੇ ਹਨ ਅਰ ਸਬਦ ਗਿਆਨ ਕੇ ਉਜਾਲੇ ਕਉ ਦਿਤਾ ਹੈ ਤਾਂਤੇ ਪਰਮੇਸਰ ਕੇ ਗੁਣ ਕਹੇ ਨਹੀਂ ਜਾਂਦੇ ਸੋ ਤੁਸੀਂ ਉਸਨੋਂ ਚਿਤ ਕਰਦੇ ਰਹੋ ਅਤੇ ਏਹ ਜੋ ਸਰੀਰ ਹੈ ਸੋ ਕਰਮਾਂ ਦਾ ਪੇਡ ਹੈ ਅਰ ਹਰੀਆਂ ਸਾਖਾਂ ਦੇਹ ਅਰੋਗ ਪਰਮੇਸਰ ਦੇ ਭਜਨ ਦਾ ਉਦਮ ਹੈ ਅਰ ਧਰਮ ਇਸਦਾ ਫੁਲ ਹੈ ਅਤੇ ਫਲ ਗਿਆਨ ਪਾਉਂਦਾ ਹੈ ਅਰ ਜੋ ਆਪਣੀ ਪ੍ਰਾਪਤ ਤੇ ਰਾਜੀ ਰਹਣਾ ਹੈ ਸੋ ਪਤ੍ਰ ਹੈ ਕਜੋਂਕਿ ਪ੍ਰਾਪਤ ਦੀ ਛਾਇਆ ਤਲੇ ਸੁਖ ਘਣਾ ਹੋਂਦਾ ਹੈ ਅਤੇ ਜੇ ਆਪਣੀ ਪ੍ਰਾਲਭਦ ਤੇ ਰਾਜੀ ਰਹੀਦਾ ਹੈ ਤਾਂ ਮਨ ਦਾ ਅਭਿਮਾਨ ਦੂਰ ਹੋ ਜਾਂਦਾ ਹੈ ਅਰ ਗੁਰਮੁਖ ਜੋ ਅਖੀ ਨਾਲ ਦੇਖਦੇ ਹਨ ਸੋ ਸੰਤਾਂ ਦਾ ਦਰਸ਼ਨ ਕਰਦੇ ਹਨ ਅਤੇ ਕੁਦਰਤ ਦੇਖਦੇ ਹਨ ਅਰ ਜੋ ਕੰਨਾਂ ਨਾਲ ਸੁਣਦੇ ਹਨ ਤਾਂ ਸਤਿਗੁਰਾਂ ਦੀ ਬਾਣੀ ਸੁਣਦੇ ਹਨ ਅਰ ਰਸਨਾ ਨਾਲ ਨਾਮ ਉਚਾਰਨ ਕਰਦੇ ਹਨ ਸੋ ਜਿਨਾਂ ਨੂੰ ਸਹਜ ਨਾਲ ਅਰ ਗੁਰਾਂ ਦੇ ਸਬਦ ਨਾਲ ਧਿਆਨ ਲਗਦਾ ਹੈ ਤਿਨਾਂ ਦੀ ਪਤ ਦਾ ਧਨ ਪੂਰਾ ਹੋਂਦਾ ਹੈ ਕਜੋਂ ਜੋ ਰੁਤੀ ਆਂਵਦੀਆਂ ਜਾਂਦੀਆਂ ਹਨ ਅਰ ਸੁਭ ਕਰਮ ਨਾਲ ਨਿਭਦੇ ਹਨ ਤਾਂਤੇ ਜਿਨਾਂ ਦਾ ਗੁਰਾਂ ਦੇ ਬਚਨਾਂ ਕਰ ਮਨ ਹਰਿਆ ਹੋਂਦਾ ਹੈ ਸੋ ਫੇਰ ਓਹ ਸੁਕਦੇ ਨਹੀਂ ਸੋ ਜਦ ਏਹ ਵਚਨ ਗੁਰੂ ਨਾਨਕ ਜੀ ਕਹਿਆ ਤਾਂ ਸਭ ਚਰਨੀ ਆ ਲਗੇ ਤਾਂ ਬਚਨ ਹੋਇਆ ਭਾਈ ਸਚਿਆਂ ਰਹਣਾ ਅਰ ਸਤਨਾਮ ਦਾ ਜਾਪ ਜਪਣਾ ਅਰੇ ਜੇ ਆਪਸ ਵਿਚ ਮਿਲੋ ਤਾਂ ਕਰਤਾਰ ਕਰਤਾਰ ਕਹਣਾ ਅਰ ਜੇ ਹੋਰ ਕੋਈ ਤੁਹਾਨੂੰ ਕਰਤਾਰ ਕਰਤਾਰ ਕਹੇ ਤਾਂ ਅਗੋਂ ਤੁਸਾਂ ਉਸਨੂੰ

ਸਤ ਕਰਤਾਰ ਕਹਿਣਾ ॥

ਸਾਖੀ ਇਲਾ ਪਰਬਤ ਖੰਡ ਦੀ

ਤਾਂ ਫਿਰ ਬਾਬਾ ਜੀ ਉਥੋਂ ਦੇ ਲੋਕਾਂ ਨੂੰ ਉਪਦੇਸ ਕਰਕੇ ਫਿਰ ਚੌਥਾ ਖੰਡ ਜੋ ਇਲਾ ਪਰਬਤ ਹੈ ਦੇ ਜਿਤਨੇ ਲੋਕ ਹੈਸਨ ਸਭਨਾਂ ਦੀ ਹਜਾਰਾਂ ਬਰਸਾਂ ਦੀ ਆਰਜਾ ਅਤੇ ਸਦਾ ਜੁਆਨ ਰਹਦੇ ਸੇ ॥ ਸੋ ਸਭ ਆਇ ਬਾਬੇ ਦੇ ਚਰਨੀ ਲਗੇ ਤਾਂ ਮਰਦਾਨੇ ਪੁਛਿਆ ਹੇ ਭਾਈ ਕਲਜੁਗ ਦੀ ਸੌ ਬਰਸ ਦੀ ਆਰਜਾ ਹੈ ਅਤੇ ਚਾਹਲੀਆਂ ਬਰਸਾਂ ਤੇ ਉਪਰੰਤ ਹੋਇਆ ਮਨੁਖ ਨੂੰ ਬੁਢੇਪਾ ਆਂਵਦਾ ਹੈ ਅਰ ਤੁਸਾਡੇ ਹਜਾਰਾਂ ਬਰਸਾਂ ਦੇ ਸਰੀਰ ਹਨ ਅਰ ਸਦਾ ਜੁਆਨ ਰਹਿੰਦੇ ਹੋ ਸੋ ਤੁਸਾਡੇ ਵਿਚ ਕੀ ਗੁਣ ਹੈ ਤਾਂ ਉਨਾਂ ਕਹਿਆ ਅਸੀਂ ਸਚ ਬੋਲਦੇ ਹਾਂ ਅਰ ਸਚ ਕਮਾਂਵਦੇ ਹਾਂ ਅਰ ਸਦਾ ਪ੍ਰਾਣਾ ਦਾ ਸੰਜਮ ਕਰਦੇ ਹਾਂ ਅਤੇ ਕਲਜੁਗ ਓਥੇ ਪ੍ਰਵਿਰਤਦਾ ਹੈ ਜਿਥੇ ਕੂੜ ਕੁਸਤ ਹੋਂਦਾ ਹੈ ਤਾਂ ਮਰਦਾਨੇ ਕਹਿਆ ਕਿ ਅਸੀਂ ਸਤ ਸਾਸਤ੍ਰ ਦਾ ਅਭਿਆਸ ਕਰਦੇ ਹਾਂ ਅਤੇ ਸੰਤਾਂ ਦਾ ਸੰਗ ਕਰਦੇ ਹਾਂ ਤਾਂ ਮਰਦਾਨੇ ਕਹਿਆ ਪਰਮੇਸਰ ਦਾ ਨਾਮ ਭੀ ਜਪਦੇ ਹੋ ਕਿ ਨਹੀਂ ਜਪਦੇ ਤਾਂ ਉਨਾਂ ਕਹਿਆ ਕਿ ਹੁਣ ਤੁਸਾਡੇ ਦਰਸਨ ਕਰਕੇ ਪਰਮੇਸਰ ਦਾ ਨਾਮ ਭੀ ਜਪਾਂਗੇ ਤਾਂ ਫਿਰ ਬਾਬੇ ਦਾ ਬਚਨ ਹੋਇਆ ਕਿ ਪਰਮੇਸਰ ਦਾ ਨਾਉਂ ਜੋ ਹੈ ਤਿਸਤੇ ਜਗਤ ਦੇ ਕਾਰਜ ਭੀ ਸਭੇ ਸਿਧ ਹੁੰਦੇ ਹਨ ਅਤੇ ਪ੍ਰਲੋਕ ਦੀ ਭੀ ਗਤ ਹੋਸੀ ਤਾਂਤੇ ਤੁਸਾਂ ਸਤਨਾਮ ਦਾ ਜਾਪ ਜਪਣਾ ਅਰ ਧਰਮ ਦੀ ਕਿਰਤ ਕਰਕੇ ਵੰਡ ਖਾਣਾ ਅਰ ਆਪਣੇ ਲਾਹੇ ਵਿਚੋਂ ਦਸਵੰਧ ਗੁਰੂ ਕਾ ਕਢਣਾ ਸੋ ਏਹ ਉਪਦੇਸ ਕਰਕੈ ਗੁਰੂ ਨਾਨਕ ਜੀ ਪੰਜਵਾਂ ਜੋ ਇਲਾਬ੍ਰਤ ਖੰਡ ਹੈ ਉਸਨੂੰ ਚਲੇ ॥ ਅਰ ਜਾਕਰ ਤਿਸਦੇ ਬਨ ਵਿਚ ਜਾਇ ਉਤਰੇ ਸੋ ਓਥੇ ਕਈ ਕਰੋੜ ਸਿੰਘਾਂ ਦੇ ਬੈਠੇ ਹੈਸਨ ਤਾਂ ਮਰਦਾਨਾ ਅਤੇ ਬਾਲਾ ਸਿੰਘਾਂ ਨੂੰ ਵੇਖਕੇ ਬਹੁਤ ਭੈਮਾਨ ਹੋਏ ਤਾਂ ਬਾਬੇ ਕਹਿਆ ਮਰਦਾਨਿਆ ਤੂੰ ਸਬਦ ਗਾਉ ਸੋ ਸਭ ਸੇਰ ਤੇਰੇ ਅਗੇ ਆਨਾ ਮਥਾ ਟੇਕਣਗੇ ਤਾਂ ਮਰਦਾਨਾ ਲਗਾ ਸਬਦ ਗਾਵਣ ਤਾਂ ਸਭ ਜਿਤਨੇ ਸੇਰ ਹੈਸਨ ਸੋ ਉਠ ਉਠ ਕਰ ਬਾਬੇ ਅਗੇ ਅਰ ਬਾਲੇ ਅਗੇ ਅਰ ਮਰਦਾਨੇ ਅਗੇ ਆਨ ਮਥਾ ਟੇਕਣ ਤਾਂ ਬਾਬੇ ਪੁਛਿਆ ਤੁਸੀਂ ਕਵਣ ਹੋ



ਤਾਂ ਉਨਾਂ ਕਹਿਆ ਜੀ ਅਸੀਂ ਤਾਮਸੀ ਜੂਨ ਹਾਂ ਕਯੋਂਕਿ ਜੇ ਅਸਾਂ ਪਿਛੇ ਬਡੇ ਪਾਪ ਕੀਤੇ ਹੈਂਨ ਤਾਂ ਸੇਰਾਂ ਦੀ ਜੂਨ ਹੋਈ ਹੈ ਸੋ ਹੁਣ ਤੁਸਾਡਾ ਦਰਸਨ ਪ੍ਰਾਪਤ ਹੋਇਆ ਹੈ ਤਾਂਤੇ ਅਸੀਂ ਜਾਣਨੇ ਹਾਂ ਜੋ ਹੁਣ ਸਾਡੀ ਜੂਨ ਕਟੀਏਗੀ ਤਾਂ ਬਚਨ ਹੋਇਆ ਤੁਸਾਡੀ ਕਿਸ ਤਰਾਂ ਗੁਜਰਾਨ ਹੈ ਤਾਂ ਉਨਾਂ ਆਖਿਆ ਜੀ ਜਉਲਗ ਇਸ ਬਨ ਵਿਚ ਪਸੂ ਆਦਿਕ ਹੁੰਦੇ ਸਨ ਤਾਂ ਉਨ੍ਹਾਂ ਨੂੰ ਅਹਾਰ ਕਰਦੇ ਸਾਂ ਤੇ ਹੁਣ ਸੌ ਸੌ ਜੋਜਨ ਤੀਕ ਅਸਾਂ ਪਸੂ ਚੁਣ ਖਾਧੇ ਹੈਨ ਸੋ ਹੁਣ ਅਸੀਂ ਆਪਸ ਵਿਚ ਜਾਗਦੇ ਰਹਿੰਦੇ ਹਾਂ ਅਰ ਸੁਚੇਤ ਰਹਿੰਦੇ ਹਾਂ ਸੋ ਜੇਹੜਾ ਸਾਡੇ ਵਿਚੋਂ ਉਘਲਾਇ ਜਾਂਦਾ ਹੈ ਤਿਸਨੂੰ ਅਸੀਂ ਰਲਕੇ ਖਾਇ ਜਾਂਦੇ ਹਾਂ ਸੋ ਅਬ ਏਹ ਅਸਾਡਾ ਅਹਾਰ ਹੈ ਪਰ ਹੁਣ ਅਸੀਂ ਏਹ ਸਮਝਨੇ ਹਾਂ ਕਿ ਅਸਾਡੀ ਗਤਿ ਜੋ ਹੋਵਣੀ ਹੈ ਸੋ ਤੁਸਾਡੇ ਕਰਕੇ ਹੋਵਣੀ ਹੈ ਤਾਂ ਬਾਬਾ ਬੋਲਿਆ ਅਸੀਂ ਤੁਸਾਨੂੰ ਮਨੁਖਾ ਜਨਮ ਦੇਵਾਂਗੇ ਅਤੇ ਆਪਣੇ ਸਿਖ ਕਰਾਂਗੇ ਸੋ ਜੇ ਤਾਂ ਤੁਸਾਂ ਸਬਦ ਦਾ ਅਭਿਆਸ ਰਖਿਆ ਤਾਂ ਤੁਸਾਨੂੰ ਸਾਂਤ ਹੋਵੇਗੀ ਅਤੇ ਨਾਲੇ ਜਗਤ ਦਾ ਰਾਜ ਭੋਗੋਗੇ ਅਰ ਜੇ ਸਬਦ ਨਾਲ ਅਭਿਆਸ ਨਾ ਕਰੋਗੇ ਤਾਂ ਰਾਜ ਤਾਂ ਤੁਸਾਨੂੰ ਦਿਤਾ ਹੈ ਪਰ ਆਪਸ ਵਿਚ ਲੜ ਲੜ ਕੇ ਨਰਕਾਂ ਨੂੰ ਜਾਇ ਪ੍ਰਾਪਤ ਹੋਵਹੁਗੇ ॥

ਸਾਖੀ ਜੰਬੂ ਖੰਡ ਦੀ

ਤਾਂ ਫਿਰ ਉਨਾਂ ਸਿੰਘਾਂ ਨੂੰ ਉਪਦੇਸ ਦੇਕੇ ਬਾਬਾ ਜੀ ਨਗਰ ਨੂੰ ਜਾਇ ਪ੍ਰਾਪਤ ਭਏ ਤਾਂ ਨਗਰ ਦਿਆਂ ਲੋਕਾਂ ਆਇ ਨਮਸਕਾਰ ਕੀਆ ਤਾਂ ਉਨਾਂ ਕਹਿਆ ਜੀ ਏਥੇ ਤਾਂ ਸੌ ਸੌ ਜੋਜਨ ਲਗ ਸਿੰਘਾਂ ਨੇ ਕੋਈ ਮਨੁਖ ਪਸੂ ਛੋਡਿਆ ਨਹੀਂ ਸੋ ਤੁਸੀਂ ਕਿਸ ਤਰਾਂ ਆਏ ਹੋ ਅਰ ਇਸ ਪਰਬਤ ਦੇ ਦਰੇ ਉਪਰਿ ਤੋਂ ਪਖਾਨਾਂ ਨਿਤ ਛੁਟਦਾ ਹੈ ਤਉ ਏਹ ਨਗਰੀਆਂ ਵਸਦੀਆਂ ਹੈਨ ਅਸਾਂਨੂੰ ਰਾਤ ਦਿਨ ਉਨਾਂ ਦਾ ਵਿਸਵਾਸ ਰਹਿੰਦਾ ਹੈ ਤਾਂ ਬਾਲੇ ਕਹਿਆ ਕਿ ਬਾਬਾ ਜੀ ਸਭਨਾਂ ਸਿੰਘਾਂ ਨੂੰ ਆਪਣੇ ਸਿਖ ਕਰ ਆਏ ਹਨ ਅਤੇ ਦੋ ਸੈ ਬਰਸ ਲਗ ਇਨਾਂ ਸਭਨਾਂ ਦਾ ਸਰੀਰ ਮੁਕਤ ਹੋਵੇਗਾ ਅਰ ਹੁਣ ਰਵਾਣਨਗੇ ਕਿਸੇ ਨੂੰ ਨਹੀਂ ਤਾਂ ਸੁਣ ਕਰ ਸਭ ਰਾਜਾ ਪਰਜਾ ਚਰਨੀ ਆਇ ਲਗੇ ਅਰ ਆਇ ਕਰ ਕਹਯਾ ਕਿ ਅਸਾਨੂੰ ਭੀ ਉਪਦੇਸ ਦੇਹੋ ਜੋ ਅਸਾਡਾ ਭੀ ਕਲਿਆਣ ਹੋਵੇ ਤਾਂ ਬਚਨ ਹੋਇਆ ॥

ਰੋਸ ਕੀਜੈ ਅੰਮ੍ਰਿਤ ਪੀਜੈ ਰਹਣ ਨਹੀ ਸੰਸਾਰੇ ॥ ਰਾਜੇ ਰਾਇ ਰੰਕ ਨਹੀ
ਰਹਣਾ ਆਇ ਜਾਇ ਜੁਗ ਚਾਰੇ ॥ ਰਹਣ ਕਹਣ ਤੇ ਰਹੈ ਨ ਕੋਈ ਕਿਸੁ ਪਹਿ
ਕਰਉ ਬਿਨੰਤੀ ॥ ਏਕ ਸਬਦ ਰਾਮ ਨਾਮ ਨਿਰੋਧਰ ਗੁਰ ਦੇਵੈ ਪਤਿ ਮਤੀ ॥

ਤਾਂ ਬਾਬੇ ਕਹਿਆ ਕਿ ਕਿਸੇ ਨਾਲ ਗੁਸਾ ਨਾ ਕੀਜੈ ਅਰ ਗੁਰਾਂ ਦਾ ਜੋ ਸਬਦ ਅੰਮ੍ਰਿਤ ਹੈ ਤਿਸਨੂੰ ਪੀਜੈ ਕਜੋਂਕਿ ਇਸ ਜਗਤ ਮਹਿ ਰਹਣਾ ਕਿਸੇ ਨਹੀਂ ਤਾਂਤੇ ਜੋ ਭਲਿਆਈ ਅਰ ਦਾਨ ਕਰਨਗੇ ਸੋ ਨਾਲ ਲੈ ਜਾਵਨਗੇ ਅਤੇ ਜੋ ਛਡ ਮਰਨਗੇ ਸੋ ਨਾਲ ਨਾ ਨਿਭੇਗਾ ਅਰ ਪਛੋਤਾਵਣਗੇ ਕਜੋਂਕਿ ਚਾਰੇ ਜੁਗਾਂ ਦਾ ਚਕਰ ਪੲਿਆ ਫਿਰਦਾ ਹੈ ਅਤੇ ਮੁਖਹੁ ਪੜੀਦਾ ਸੁਣੀਦਾ ਹੈ ਪਰ ਕਮਾਵਣ ਕਿਸੇ ਵਿਰਲੇ ਦੇ ਵਿਚ ਆਂਵਦਾ ਹੈ ਸੋ ਮੈਂ ਆਪਣੀ ਬੇਨਤੀ ਉਸਦੇ ਅਗੇ ਕਰਨਾ ਪਰ ਗੁਰਾਂ ਦਾ ਜੁ ਸਬਦ ਨਿਰਧਾਰ ਹੈ ਜੋ ਉਸਨੂੰ ਮੰਨਦੇ ਹਨ ਤਾਂ ਉਨਾਂ ਦੀ ਮਤ ਭੀ ਅਤੇ ਪਤ ਭੀ ਹੋਂਦੀ ਹੈ ਤਾਂਤੇ ਤੁਸਾਂ ਭਜਨ ਭੀ ਕਰਨਾ ਅਤੇ ਦਾਨ ਪੁੰਨ ਭੀ ਕਰਨਾ ਅਤੇ ਸੰਤਾਂ ਦਾ ਸੰਗ ਕਰਨਾ ਤੇ ਫਿਰ ਉਨਾਂ ਨੂੰ ਚਰਨਾਂ ਦੀ ਪਾਹਲ ਦਿਤੀ ਤਾਂ ਫਿਰ ਬਾਬਾ ਜੀ ਅਤੇ ਹੋਰ ਸਭ ਜੰਬੂ ਖੰਡ ਜੋ ਖਸਟਮ ਖੰਡ ਹੈ ਅਰ ਭਦ੍ਰ ਖੰਡ ਭੀ ਜਿਸਦਾ ਨਾਉ ਹੈ ਤਾਂ ਜਾਇ ਪਹੁਚੇ ਤਾਂ ਰਾਜਾ ਕੌਲਨਾਭ ਬਾਬੇ ਦੀ ਚਰਨੀ ਆ ਲਗਾ ਤਾਂ ਉਸਨੇ ਕਹਿਆ ਕਿ ਚਾਰ ਆਸ੍ਰਮ ਜੋ ਹੈਨ ਬ੍ਰਹਮਚਾਰੀ, ਗ੍ਰਿਹੀ, ਬਾਨਪ੍ਰਸਤੀ, ਸੰਨਿਆਸੀ ਸੋ ਇਨਾਂ ਵਿਚੋਂ ਕਉਨ ਸਾ ਆਸ੍ਰਮ ਵਿਸੇਖ ਹੈ ਤਾਂ ਬਾਬੇ ਕਹਿਆ ਕਿ ਗ੍ਰਹਸਤ ਸਭਨਾਂ ਆਸ੍ਰਮਾਂ ਥੀਂ ਵਸੇਖ ਹੈ ਕਜੋਂਕਿ ਜੈਸੇ ਸਮੁੰਦ੍ਰ ਥੀ ਸਭੇ ਮੋਤੀ ਨਿਕਲੇ ਹਨ ਅਤੇ ਸਮੁੰਦ੍ਰ ਹੀ ਸਭਨਾਂ ਦਾ ਆਸਰਾ ਹੈ ਤੈਸੇ ਗ੍ਰਹਸਤ ਵਿਚੋਂ ਸਭੇ ਆਸ੍ਰਮ ਨਿਕਲਦੇ ਹਨ ਅਤੇ ਗ੍ਰਿਹਸਤ ਕਰਕੇ ਹੀ ਸਭਨਾਂ ਦੀ ਪਾਲਨਾ ਹੁੰਦੀ ਹੈ ਅਰ ਜੈਸੇ ਕਵਲ ਜਲ ਵਿਚੋਂ ਹੀ ਉਪਜਦਾ ਹੈ ਅਤੇ ਜਲ ਹੀ ਉਸਦੀ ਪਾਲਨਾ ਕਰਦਾ ਹੈ ਤੈਸੇ ਜਿਤਨੇ ਆਸ੍ਰਮ ਹੈਨ ਸੋ ਗ੍ਰਹਸਤ ਵਿਚੋਂ ਹੀ ਉਪਜੇ ਹਨ ਅਰ ਗ੍ਰਹਸਤ ਹੀ ਪਾਲਨਾ ਕਰਦਾ ਹੈ ਪਰ ਗ੍ਰਹਸਤੀ ਸੋ ਭਲਾ ਹੈ ਜੋ ਦਾਨ ਪੁੰਨ ਕਰੇ ਅਰ ਵੰਡ ਖਾਵੇ ਕਜੋਂਕਿ ਕੂਪਕਾ ਜੋ ਜਲ ਹੈ ਸੋ ਨਿਕਸਣੇ ਤੇ ਹੀ ਮਿਠਾ ਰਹਤਾ ਹੈ ਅਰ ਠਹਰਣੇ ਤੇ ਗੰਦਾ ਹੋਤਾ ਹੈ ਤੈਸੇ ਗ੍ਰਹਸਤੀ ਜੋ ਦਾਨ ਪੁੰਨ ਅਰ ਸੇਵਾ ਸਾਧਾਂ ਸੰਤਾਂ ਦੀ ਕਰਦਾ ਹੈ ਸੋ ਸਫਲ ਹੋਤਾ ਅਰ ਜੋ ਦਾਨ ਪੁੰਨ ਨਹੀਂ ਕਰਤਾ ਸੋ ਕਲਰ ਕੰਧ ਦੀ ਨਿਆਈ ਗਿੜ ਪੜਤਾ ਹੈ ਅਰ ਫਿਰ ਬਾਬਾ ਜੀ ਨੇ ਸਬਦ ਬੋਲਿਆ ॥

ਸ੍ਰੀ ਰਾਗ ਮਹਲਾ ੧ ॥ ਧ੍ਰਿਗ ਜੀਵਣ ਦੋਹਾਗਣੀ ਮੁਠੀ ਦੂਜੇ ਭਾਇ ॥ ਕਲਰ ਕੇਰੀ ਕੰਧ ਜਿਉ ਅਹਿਨਿਸ ਕਿਰਿ ਢਹਿ ਪਾਇ ॥ ਬਿਨ ਸਬਦੈ ਸੁਖ ਨਾ ਥੀਐ ਪਿਰ ਬਿਨ ਦੂਖ ਨ ਜਾਇ ॥ ੧ ॥ ਮੁੰਧੇ ਪਿਰ ਬਿਨ ਕਿਆ ਸੀਗਾਰ ॥ ਦਰ ਘਰ ਢੋਈ ਨ ਲਹਹਿ ਦਰਗਹ ਝੂਠੁ ਖੁਆਰੁ ॥ ੧ ॥ ਰਹਾਉ ॥ ਆਪ ਸੁਜਾਣ ਨ ਭੁਲਈ ਸਚਾ ਵਡ ਕਿਰਸਾਣ ॥ ਪਹਲਾ ਧਰਤੀ ਸਾਧ ਕੈ ਸਚੁ

ਨਾਮੁ ਦੇ ਦਾਣ ॥ ਨਉਨਿਧਿ ਉਪਜੈ ਨਾਮੁ ਏਕ ਕਰਮ ਪਵੈ ਨੀਸਾਣ ॥ ੨ ॥ ਗੁਰ ਕਉ ਜਾਨ ਨ ਜਾਣਈ ਕਿਆ ਤਿਸ ਚਜੁ ਅਚਾਰੁ ॥ ਅੰਧਲੇ ਨਾਮੁ ਵਿਸਾਰਿਆ ਮਨਮੁਖ ਅੰਧ ਗੁਬਾਰੁ ॥ ਆਵਣ ਜਾਣ ਨ ਚੁਕਈ ਮਰਿ ਜਨਮੈ ਹੋਇ ਖੁਆਰ ॥ ੩ ॥ ਚੰਦਨ ਮੋਲ ਅਣਾਇਆ ਕੁੰਗੂ ਮਾਂਗ ਸੰਧੂਰ ॥ ਚੋਆ ਚੰਦਨ ਬਹੁ ਘਣਾ ਪਾਨਾ ਨਾਲ ਕਪੂਰ ॥ ਜੇ ਧਨ ਕੰਤ ਨ ਭਾਵਈ ਤਾਂ ਸਭ ਅਡੰਬਰ ਕੂੜ ॥ ੪ ॥ ਸਭ ਰਸ ਭੋਗਣ ਬਾਦਹਹਿ ਸਭ ਸੀਗਾਰ ਵਿਕਾਰ ॥ ਜਬ ਲਗ ਸਬਦ ਨ ਭੇਦੀਐ ਕਿਉ ਸੋਹੈ ਗੁਰ ਦੁਆਰ ॥ ਨਾਨਕ ਧਨ ਸੁਹਾਗਣੀ ਜਿਨ ਸਹਿ ਨਾਲਿ ਪਿਆਰ ॥ ੫ ॥

ਤਿਸਕਾ ਪਰਮਾਰਥ:--ਬਾਬਾ ਬੋਲਿਆ ਕਿ ਜਿਨਾਂ ਮਨੁਖਾਂ ਨੇ ਮਨੁਖ ਜਨਮ ਪਾਇਕੇ ਵਾਹਗੁਰੂ ਨੂੰ ਭੁਲਾਇਆ ਹੈ ਤਿਨਾਂ ਦਾ ਜੀਵਣਾ ਧ੍ਰਿਗ ਹੈ ਅਰ ਸਰੀਰ ਦਿਆਂ ਭੋਗਾਂ ਨਾਲ ਜਿਨਾ ਪਿਆਰ ਲਾਇਆ ਹੈ ਸੋ ਤਿਨਾਂ ਦਾ ਸਰੀਰ ਕਲਰ ਦੀ ਕੰਧ ਦੀ ਨਿਆਈ ਗਿਰ ਪੜਨਾ ਹੈ ਕਯੋਂਕਿ ਜਯੋਂ ਜਯੋਂ ਸੁਆਸ ਬੀਤਦੇ ਹਨ ਤਿਵ ਤਿਵ ਆਰਜਾ ਖੀਣ ਹੁੰਦੀ ਜਾਂਦੀ ਤਾਂਤੇ ਗੁਰਾਂ ਦੇ ਸਬਦ ਤੋਂ ਬਿਨਾ ਸੁਖ ਨਹੀਂ ਹੁੰਦਾ ਅਤੇ ਪਰਮੇਸਰ ਦੇ ਨਾਮ ਤੋਂ ਬਿਨਾਂ ਵਿਛੋੜੇ ਦਾ ਦੁਖ ਨਹੀਂ ਜਾਂਦਾ ॥ ੧ ॥ ਜੈਸੇ ਇਸਤ੍ਰੀ ਦਾ ਭਰਤੇ ਬਿਨਾ ਸੀਗਾਰ ਕਿਤੇ ਲੇਖੇ ਨਹੀਂ ਤੈਸੇ ਜਗਿਆਸੀ ਕਾ ਜੋ ਝੂਠਾ ਭੇਖ ਸੋ ਤਿਸਨੂੰ ਖੁਆਰ ਕਰਦਾ ਅਰ ਜੈਸੇ ਕਿਰਸਾਣ ਜੋ ਹੈਨ ਸੋ ਭੁਲਦੇ ਨਹੀਂ ਕਯੋਂ ਜੋ ਪਹਲੇ ਧਰਤੇ ਨੂੰ ਸਾਧਤੇ ਹਨ ਅਰ ਪਿਛੇ ਬੀਉ ਪਾਂਵਦੇ ਹਨ ਤੈਸੇ ਸਤਿਗੁਰ ਜਗਯਾਸੀ ਤੋਂ ਪਹਲੇ ਜਪ ਤਪ ਕਰਾਂਵਦੇ ਹਨ ਅਰ ਪਿਛੋਂ ਨਾਮ ਦਾਨ ਦੇਂਦੇ ਹਨ ਅਤੇ ਫਿਰ ਨਾਮ ਤੋਂ ਹੀ ਸਭੇ ਨਵਨਿਧਾਂ ਉਪਜਤੀਆਂ ਹੈਂ ਪਰ ਜਿਸਦੇ ਕਰਮ ਹੁੰਦੇ ਤਿਸਨੋਂ ਏਹ ਨੀਸਾਣ ਉਪਜਤਾ ਹੈ ॥ ੨ ॥ ਅਰ ਜਿਨਾਂ ਨੇ ਸਤਿਗੁਰੂ ਨਹੀਂ ਜਾਣਿਆਂ ਸੋ ਤਿਨਾਂ ਦਾ ਚਜ ਅਰ ਅਚਾਰ ਕਿਤੇ ਲੇਖੇ ਨਹੀਂ ਅਰ ਜਿਨਾਂ ਨੇ ਪਰਮੇਸਰ ਕਾ ਨਾਮ ਵਿਸਾਰਿਆ ਹੈ ਸੋਈ ਮਨੁਖ ਅੰਧੇ ਅਰ ਜਨਮਤੇ ਮਰਤੇ ਹੈਂ ਅਰ ਜੈਸੇ ਇਸਤ੍ਰੀ ਚੰਦਨ ਅਰ ਕਪੂਰ ਸਾਥ ਸੀਗਾਰ ਕਰਤੀ ਹੈ ਸੋ ਜੇ ਕੰਤ ਨੂੰ ਨਹੀਂ ਭਾਂਵਦੀ ਤਾਂ ਸਭੇ ਸੀਗਾਰ ਉਸਦੇ ਝੂਠੇ ਹਨ ਤੈਸੇ ਜਗਿਯਾਸੀ ਭੇਖ ਕਰਦਾ ਹੈ ਸੋ ਜੇ ਰਿਦਯੋਂ ਸਚਾ ਨਹੀਂ ਹੁੰਦਾ ਤਾਂ ਸਚਾ ਨਹੀਂ ਹੁੰਦਾ ॥ ੪ ॥ ਅਰ ਸਭ ਰਸ ਭੋਗਣੇ ਅਰ ਸਭ ਸੀਗਾਰ ਕਰਨੇ ਪਰ ਜਉਲਗ ਸਬਦਿ ਦਾ ਭੇਦ ਨਹੀਂ ਪਾਂਵਦਾ ਤਉਲਗ ਕੰਮ ਨਹੀਂ ਆਂਵਦੇ ਜੈਸੇ ਇਸਤ੍ਰੀ ਭਰਤੇ ਨਾਲ ਪਿਆਰ ਕਰਦੀ ਹੈ ਤਾਂ ਸੋਭਾ ਪਾਂਵਦੀ ਹੈ ਤੈਸੇ ਜਗਿਯਾਸੀ ਜੇ ਪਰਮੇਸਰ ਨਾਲ ਪਿਆਰ ਕਰਦੇ ਹੈਨ ਤਾਂ ਪਰਮੇਸਰ ਨਾਲ ਸੋਭਾ ਪਾਂਵਦੇ ਹਨ ॥ ੫ ॥

ਸੋ ਜਬ ਬਾਬੇ ਏਹ ਸਬਦ ਬੋਲਿਆ ਤਾਂ ਸਭ ਆਏ ਚਰਨੀ ਲਗੇ ਤਾਂ ਫਿਰ ਉਨਾਂ ਨੂੰ ਬਾਬਾ ਜੀ ਨੇ ਸ਼ਤਿਨਾਮ ਦਾ ਉਪਦੇਸ ਦਿਤਾ ਅਰ ਕਹਯਾ ਕਿ ਆਏ ਗਏ ਦੀ ਟਹਲ ਕਰਨੀ ਅਰ ਧਰਮਸਾਲਾ ਬਣਾਵਣੀ ਤਾਂ ਉਨਾਂ ਨੂੰ ਉਪਦੇਸ ਦੇ ਕਰ ਬਾਬਾ ਜੀ ॥

ਸਾਖੀ ਹਿਰਨ ਖੰਡ ਦੀ

ਹਿਰਨ ਖੰਡ ਜੋ ਸਪਤਾਵਾਂ ਖੰਡ ਹੈ ਤਿਸ ਵਿਖੇ ਜਾਇ ਪ੍ਰਾਪਤ ਭਏ ਪਰ ਉਸ ਖੰਡ ਦੀ ਜੋ ਪ੍ਰਿਥਮੀ ਹੈਸੀ ਸੋ ਸ੍ਵਰਨ ਦੀ ਨਿਆਈ ਸੁੰਦਰ ਸੀ ਅਰ ਜੀਵ ਸਭ ਉਥੋਂ ਦੇ ਜਵਾਨ ਰਹਿੰਦੇ ਸਨ ਅਰ ਘਰਾਂ ਦੇ ਵਿਚ ਮਰਦਾ ਕੋਈ ਨਹੀਂ ਸੀ ਅਰ ਜਿਸਦੀ ਮਿਰਤ ਨਿਕਟ ਆਂਵਦੀ ਸੀ ਸੋ ਪਰਬਤ ਉਪਰ ਚੜ ਜਾਂਦਾ ਸੀ ਅਰ ਉਥੇ ਬੈਠਕੇ ਜੋਗ ਸਾਧਨਾ ਕਰਦਾ ਸੀ ਅਤੇ ਬ੍ਰਹਮਰੰਧ੍ਰ ਨੂੰ ਫੋੜ ਕਰ ਪ੍ਰਾਣ ਤਿਸਦੇ ਫਿਰ ਨਿਕਸ ਜਾਂਦੇ ਸਨ ਸੋ ਜਦ ਉਸ ਸਥਾਨ ਬਾਬਾ ਜੀ ਜਾਇ ਪ੍ਰਾਪਤ ਭਏ ਤਾਂ ਬਚਨ ਹੋਇਆ ਭਾਈ ਏਹ ਉਪਦੇਸ ਤੁਹਾਨੂੰ ਕਿਸ ਨੇ ਦਿਤਾ ਹੈ ਤਾਂ ਉਨਾਂ ਨੇ ਕਹਿਆ ਜੀ ਗੋਰਖ ਅਸਾਡਾ ਗੁਰੂ ਹੈ ਸੋ ਉਸਨੇ ਸਾਨੂੰ ਪ੍ਰਾਣਾ ਦਾ ਸੰਜਮ ਦਸਿਆ ਹੈ ਅਰ ਤਿਸ ਸੰਜਮ ਕਰਕੇ ਅਰ ਬਲਾ ਭੀ ਸਾਡੀਆਂ ਬਡੀਆਂ ਹੋਤੀਆਂ ਹਾਂ ਅਤੇ ਧਨ ਭੀ ਬਹੁਤ ਹੁੰਦਾ ਹੈ ਪਰ ਸਾਨੂੰ ਸਾਂਤ ਨਹੀਂ ਪ੍ਰਾਪਤ ਹੋਤੀ ਤਾਂਤੇ ਕੋਈ ਤੁਸੀਂ ਸਾਨੂੰ ਉਪਦੇਸ ਕਰੋ ਜੋ ਸਾਨੂੰ ਸਾਂਤ ਪ੍ਰਾਪਤ ਹੋਵੇ ਤਾਂ ਫਿਰ ਸ੍ਰੀ ਰਾਗ ਵਿਚ ਬਾਬਾ ਜੀ ਨੇ ਸਬਦ ਬੋਲਿਆ ॥

ਸ੍ਰੀ ਰਾਗ ਮਹਲਾ ੧ ॥ ਹਰਿ ਹਰਿ ਜਪਹੁ ਪਿਆਰਹੋ ਗੁਰਮਤਿ ਲੇ ਹਰਿ ਬੋਲ ॥ ਮਨ ਵਿਚ ਕਸਵਟੀ ਲਾਈਐ ਤੁਲੀਐ ਪੂਰੇ ਤੋਲ ॥ ਕੀਮਤ ਕਿਨੈ ਨ ਪਾਈਐ ਰਿਦ ਮਾਣਕ ਮੋਲਿ ਅਮੋਲ ॥ ਭਾਈ ਰੇ ਹਰਿ ਹੀਰਾ ਗੁਰ ਮਾਹਿ ॥ ਸਤਿ ਸੰਗਤਿ ਸਤਿਗੁਰ ਪਾਈਐ ਅਹਿਨਿਸ ਸਬਦ ਸਾਲਾਹਿ ॥੧॥ ਰਹਾਉ ॥ ਸਚੁ ਵਖਰ ਧਨ ਰਾਸਿ ਲੈ ਪਾਈਐ ਗੁਰਪਗਾਸਿ ॥ ਜਿਉ ਅਗਨ ਮਰੈ ਜਲ ਪਾਈਐ ਤ੍ਰਿਉ ਤ੍ਰਿਸਨਾ ਦਾਸਨਿ ਦਾਸ ॥ ਜਮ ਜੰਦਾਰ ਨ ਲਗਈ ਇਉ ਭਉਜਲ ਤਰੈ ਤਰਾਸਿ ॥ ੨ ॥ ਗੁਰਮੁਖਿ ਕੂੜਨ ਭਾਵਈ ਸਚਿ ਰਤੇ ਸਚਿ ਭਾਇ ॥ ਸਾਕਤਿ ਸਚ ਨ ਭਾਵਈ ਕੂੜੇ ਕੂੜੀ ਪਾਇ ॥ ਸਚਿ ਰਤੇ ਗੁਰ ਮੇਲਿਐ ਸਚੇ ਸਚਿ ਸਮਾਇ ॥ ੩ ॥ ਮਨ ਮਹਿ ਮਾਣਕ ਲਾਲ ਨਾਮ ਰਤਨ ਪਦਾਰਥ ਹੀਰ ॥ ਸਚ ਵਖਰ ਧਨ ਨਾਮੁ ਹੈ ਘਟਿ ਘਟਿ ਗਹਿਰ ਗੰਭੀਰ ॥ ਨਾਨਕ ਗੁਰਮੁਖਿ ਪਾਈਐ ਦਇਆ ਕਰੇ ਹਰਿ ਹੀਰ ॥ ੪ ॥

ਤਿਸਕਾ ਪ੍ਰਮਾਰਥ :--ਬਾਬਾ ਬੋਲਿਆ ਕਿ ਹੇ ਪਿਆਰਿਓ ਤੁਸੀਂ ਕਰਤਾਰ

ਕਰਤਾਰ ਜਪੋ ਅਰ ਜੈਸੇ ਗੁਰਾਂ ਮਤ ਦਿਤੀ ਹੈ ਸੋ ਅੰਤਰ ਮੁਖ ਹੋਇਕੇ ਜਪੋ ਕਜੋਂ ਜੋ ਮਨ ਨੂੰ ਸਚੀ ਕਸਵਟੀ ਜੋ ਗੁਰਾਂ ਕਾ ਸਬਦ ਹੈ ਤਿਸ ਨਾਲ ਲਾਈਦਾ ਹੈ ਤਾਂ ਗੁਰਮੁਖ ਪੂਰ ਤੋਲ ਉਤਰਦੇ ਹਨ ਅਰ ਮਨਮੁਖਾਂ ਦਾ ਤੋਲ ਊਣਾਂ ਹੋ ਜਾਂਦਾ ਹੈ ਸੋ ਵਾਹਗੁਰੂ ਦੀ ਕੀਮਤ ਕੋਈ ਪਾ ਨਹੀਂ ਸਕਦਾ ਤਾਂਤੇ ਨਾਮ ਰੂਪੀ ਅਮੋਲਕ ਮਾਣਕ ਹੈ ਸੋ ਹੇ ਭਾਈਓ ਹਰਿ ਜੋ ਹੀਰਾ ਹੈ ਸੋ ਗੁਰਾਂ ਦੇ ਪਾਸ ਹੈ ਅਰ ਸਤ ਸੰਗਤ ਨੂੰ ਮਿਲ ਕੇ ਪਛਾਣੀਦਾ ਹੈ ਅਤੇ ਜੋ ਦਿਨੇ ਰਾਤ ਨਾਮ ਜਪਦੇ ਹਨ ਤਾਂ ਸਚਾ ਵਖਰ ਜੋ ਹੈ ਸੋ ਗੁਰੂ ਦੀ ਕਿਰਪਾ ਤੇ ਤਿਨਾਂ ਨੂੰ ਹਥ ਲਗਦਾ ਹੈ ਅਤੇ ਜੈਸੇ ਜਲ ਪਾਇਆਂ ਅਗਨ ਬੁਝ ਜਾਂਦੀ ਹੈ ਤੈਸੇ ਗੁਰਾਂ ਦੇ ਸਬਦ ਕਰ ਤ੍ਰਿਸਨਾ ਬੁਝ ਜਾਂਦੀ ਹੈ ਤੇ ਜਮ ਕਾ ਡੰਡ ਨਹੀਂ ਲਗਦਾ ਅਰ ਗੋਪਦ ਦੀ ਨਿਆਈ ਭਵਜਲ ਤਰ ਜਾਂਦਾ ਹੈ ॥ ੨ ॥ ਅਰ ਗੁਰਮੁਖਾਂ ਨੂੰ ਕੂੜ ਨਹੀਂ ਭਾਂਵਦਾ ਅਰ ਮਨਮੁਖਾਂ ਨੂੰ ਸਚ ਨਹੀਂ ਭਾਂਵਦਾ ਪਰ ਜੇੜ੍ਹੇ ਸਚ ਨਾਲ ਰਤੇ ਹੈਨ ਸੋ ਗੁਰੂ ਉਨਾਂ ਨੂੰ ਪਰਮੇਸਰ ਨਾਲ ਮਿਲਾ ਲੈਂਦਾ ਹੈ ॥ ੩ ॥ ਅਰ ਲਾਲ ਰੂਪ ਨਾਮ ਜਿਸਨੂੰ ਪ੍ਰਾਪਤ ਹੋਇਆ ਉਨਾਂ ਘਟਿ ਘਟਿ ਪ੍ਰਮਾਤਮਾ ਸਿਞਾਤਾ ਹੈ ਗੁਰੂ ਨਾਨਕ ਜੀ ਕਹਦੇ ਹਨ ਕਿ ਗੁਰਮੁਖਾਂ ਨੂੰ ਮਿਲੀਦਾ ਹੈ ਤਾਂ ਹਰਿ ਹੀਰਾ ਪ੍ਰਾਪਤ ਹੁੰਦਾ ਹੈ ਸੋ ਜਾਂ ਏਹ ਬਚਨ ਬਾਬੇ ਨੇ ਬੋਲਿਆ ਤਾਂ ਸਭ ਚਰਨਾਂ ਤੇ ਗਿਰ ਪੜੇ ਤਾਂ ਬਾਬਾ ਬੋਲਿਆ ਕਿ ਤੁਸੀਂ ਸਤਿਨਾਮ ਜਪਿਆ ਕਰੋ ਅਰ ਧਰਮ ਦੀ ਕਿਰਤ ਕੀਤਾ ਕਰੋ ਅਰ ਵੰਡ ਖਾਇਆ ਕਰੋ ॥ ਸੋ ਏਹ ਉਪਦੇਸ ਦੇਕਰ ਬਾਬਾ ਜੀ ਅਗੇ ਕੋ ਟੁਰੇ ਤਾਂ ਫਿਰ ॥

ਸਾਖੀ ਕੇਤਮਾਲ ਖੰਡ ਦੀ

ਤਾਂ ਫਿਰ ਕੇਤਮਾਲ ਜੋ ਅਠਵਾਂ ਖੰਡ ਹੈ ਸੋ ਉਥੇ ਜਾਇ ਪ੍ਰਾਪਤ ਭਏ ਸੋ ਉਥੋਂ ਦੇ ਸਭ ਲੋਕ ਦੇਵੀ ਦੀ ਪੂਜਾ ਕਰਦੇ ਸਨ ਅਤੇ ਇਕ ਪਰਬਤ ਬਹੁਤ ਉਚਾ ਸੀ ਸੋ ਹਜਾਰ ਕੋਹ ਧੁਜਾ ਦੀ ਨਿਆਈ ਹੈਸੀ ਤਾਂ ਬਾਬਾ ਅਰ ਬਾਲਾ ਅਤੇ ਮਰਦਾਨਾ ਓਥੇ ਜਾਇ ਬੈਠੇ ਤਾਂ ਰਾਜੇ ਦੇ ਲੋਕਾਂ ਨੇ ਬਾਲੇ ਨੂੰ ਪਕੜ ਲਿਆ ਅਰ ਰਾਜੇ ਪਾਸ ਲੈ ਗਏ ਤਾਂ ਰਾਜੇ ਕਹਿਆ ਕਿ ਅਜ ਮੈਂ ਇਸ ਨੂੰ ਭੇਟ ਦੇਵੀ ਦੀ ਦੇਵਾਂਗਾ ਸੋ ਢੋਲ ਵਜਾਇਕੇ ਅਰ ਨਾਲ ਬਾਲੇ ਨੂੰ ਲੈ ਕਰ ਰਾਜਾ ਦੇਵੀ ਦੇ ਮੰਦਰ ਪਰ ਗਿਆ ਅਰ ਨਾਲ ਬਹੁਤ ਲੋਕ ਗਏ ਸੋ ਸਭ ਲੋਕ ਉਥੇ ਦੇਵੀ ਦੇ ਡੇਹਰੇ ਪਰ ਜਾਇ ਇਕਠੇ ਹੋਏ ਤਾਂ ਇਧਰੋਂ ਬਾਬਾ ਭੀ ਅਰ ਮਰਦਾਨਾ ਭੀ ਜਾਇ ਖੜੇ ਹੂਏ ਤਾਂ ਮਰਦਾਨੇ ਪੁਛਿਆ ਹੇ ਬਾਲਿਆ ਤੈਨੂੰ ਤਾਂ ਹੁਣ ਝਟਕਾ ਕਰਦੇ ਹਨ ਤਾਂ ਬਾਲੇ ਕਹਿਆ ਕਿ ਸਰੀਰ ਤਾਂ ਅਗੇ ਹੀ ਅਨਿਤ ਹੈ ਅਰ ਜਿਹੜਾ ਆਤਮਾ ਹੈ ਸੋ ਸਤ ਹੈ ਅਰ ਓਹ ਤਾਂ ਕਦੇ ਮਰਨ ਵਿਚ ਆਂਵਦਾ

ਹੀ ਨਹੀਂ ਤਾਂਤੇ ਏਹੋ ਝੂਠ ਹੈ ਜੋ ਕਹਦੇ ਹੋਂ ਝਟਕਾ ਕਰਦੇ ਹਨ ਅਰ ਏਹ ਜੋ ਸਰੀਰ ਹੈਂ ਸੋ ਪੰਜਾਂ ਤਤਾਂ ਦਾ ਇਕਠਾ ਹੋਇਆ ਅੰਸ ਹੈ ਅਰ ਜਿਸ ਵੇਲੇ ਸਰੀਰ ਬਿਨਸਤਾ ਹੈ ਤਾਂ ਏਹ ਤਤਾਂ ਦੇ ਅੰਸ ਆਪਣਿਆਂ ਤਤਾਂ ਦੇ ਅੰਸਾਂ ਵਿਚ ਜਾਇ ਇਕਠੇ ਹੁੰਦੇ ਹਨ ਅਤੇ ਆਤਮਾ ਤਾਂ ਅਗੇ ਹੀ ਸਰਬ ਵਿਚ ਵਿਆਪਿਆ ਹੋਇਆ ਹੈ ਤਾਂਤੇ ਮਰਨਾ ਅਰ ਜੀਵਣਾ ਭਰਮ ਕਰਕੇ ਭਾਸਤਾ ਹੈ ਅਤੇ ਸਰੀਰ ਤਾਂ ਕਾਲ ਦਾ ਗ੍ਰਾਸ ਹੈ ਤਾਂਤੇ ਜੇ ਕਾਲ ਦਾ ਸਮਾਂ ਹੋਬਿਆ ਹੈ ਤਾਂ ਕਿਸੇ ਰਖ ਨਹੀਂ ਸਕਣਾ ਅਰ ਜੇ ਉਸਦਾ ਸਮਾਂ ਨਹੀਂ ਆਇਆ ਤਾਂ ਓਹ ਇਸਕਾ ਆਪ ਰਾਖਾ ਹੈ ਤਾਂ ਰਾਜੇ ਨੇ ਚੰਡਾਲ ਨੂੰ ਕਹਿਆ ਜੋ ਇਸਦਾ ਝਟਕਾ ਕਰੋ ਸੋ ਜਿਸ ਵੇਲੇ ਚੰਡਾਲ ਨੇ ਤਲਵਾਰ ਉਠਾਈ ਤਾਂ ਦੇਵੀ ਦੀ ਜੋ ਪ੍ਰਿਤਮਾ ਸੀ ਤਿਸਨੇ ਚੰਡਾਲ ਦੇ ਹਥੋਂ ਤਲਵਾਰ ਨੂੰ ਖੋਹ ਕੇ ਰਾਜੇ ਨੂੰ ਮਾਰੀ ਤਾਂ ਰਾਜੇ ਦਾ ਸਿਰ ਵਖਰ ਹੋਇ ਗਇਆ ਅਰ ਫੇਰ ਦੇਵੀ ਕ੍ਰੋਧ ਕਰਕੇ ਹੋਰਨਾਂ ਲੋਕਾਂ ਨੂੰ ਤਲਵਾਰ



ਚਲਾਵਣ ਲਗੀ ਤਾਂ ਬਾਬੇ ਨੇ ਦੇਵੀ ਹਥੋਂ ਤਲਵਾਰ ਲੈਲਈ ਤਾਂ ਬਾਬੇ ਕਹਿਆ ਹੇ ਦੇਵੀ ਏਹ ਰਾਜਾ ਤੇਰਾ ਉਪਾਸਕ ਹੈਸੀ ਅਤੇ ਬਾਲਾ ਤਾਂ ਕਰਤਾਰ ਦਾ ਉਪਾਸਕ ਸੀ ਸੋ ਤੁਧ ਬਾਲੇ ਤੋਂ ਚਿੜਕੇ ਰਾਜੇ ਨੂੰ ਕਿਉਂ ਮਾਰਿਆ ਤਾਂ ਦੇਵੀ ਕਹਿਆ ਕਿ ਜੋ ਕਰਤਾਰ ਦੇ ਉਪਾਸਕੀ ਹੈਨ ਤਿਨਾਂ ਦੀ ਮੈਂ ਦਾਸੀ ਹੋਂ ॥ ਤਾਂ ਜਿਤਨੇ ਲੋਕ ਹੈਸਨ ਸੋ ਸਭ ਬਾਬੇ ਦੇ ਅਤੇ ਮਰਦਾਨੇ ਦੇ ਅਰ ਬਾਲੇ ਦੇ ਚਰਨਾਂ ਤੇ ਗਿੜ ਪਏ ਅਤੇ ਬੇਨਤੀ ਕਰਕੇ ਕਹਿਆ ਕਿ ਰਾਜਾ ਮਹਾਂ ਪਾਪੀ ਹੈਸੀ ਪਰ ਤੁਸੀ ਸੰਤ ਪਤਤ ਪਾਵਨ ਹੋ ਸੋ ਇਸਦਾ ਉਧਾਰ ਤੁਸਾਂ ਥੋਂ ਹੀ ਹੋਵਣਾ ਹੈ ਤਾਂ ਬਾਬੇ ਕਹਿਆ ਇਸਦੇ ਬੇਟੇ ਨੂੰ ਤਿਲਕ ਦੇਂਦੇ ਹਾਂ ਤਾਂ ਫਿਰ ਰਾਜੇ ਦਾ ਸਿਸਕਾਰ ਕੀਤਾ ਅਤੇ ਉਸਦੇ ਬੇਟੇ ਨੂੰ ਰਾਜ ਤਿਲਕ ਦਿਤਾ ਅਤੇ ਨਾਉਂ ਉਸਦਾ ਧਰਮਜਸ ਰਖਿਆ ਅਤੇ ਫਿਰ ਉਸਨੂੰ ਉਪਦੇਸ ਕੀਤਾ ਜੋ ਆਏ ਗਏ ਸੰਤ ਸਾਧ ਦੀ ਟਹਿਲ ਕਰਨੀ ਅਤੇ ਤੂੰ ਸਤਿਨਾਮ ਦਾ ਮੰਤ੍ਰ ਜਪਿਆ ਕਰ ਤਾਂ ਫਿਰ ਉਥੋਂ ਬਾਬਾ ਜੀ ਅਗੇ ਟੁਰੇ ਤਾਂ ॥

ਸਾਖੀ ਅਰਥ ਖੰਡ ਦੀ

ਅਰਥ ਖੰਡ ਜੋ ਨਾਵਾਂ ਖੰਡ ਹੈ ਅਰ ਹਰਿਵਰਖ ਖੰਡ ਭੀ ਉਸਨੂੰ ਕਹਿੰਦੇ ਹਨ ਤਿਸ ਜਾਗਾਂ ਬਾਬਾ ਜੀ ਗਏ ਅਰ ਅਰਥ ਖੰਡ ਦਾ ਜੋ ਰਾਜਾ ਸੀ ਸੋ ਆਏ ਚਰਨੀ ਲਗਾ ਅਰ ਅਰਦਾਸ ਕੀਤੀ ਜੋ ਮੁਝੇ ਕੁਛ ਉਪਦੇਸ ਕਰੋ ਤਾਂ ਫਿਰ ਬਾਬਾ ਜੀ ਨੇ ਮਾਰੂ ਰਾਗ ਵਿਚ ਸਬਦ ਉਚਾਰਿਆ ॥

ਰਾਗ ਮਾਰੂ ਮਹਲਾ ੧ ॥ ਬਿਮਲ ਮਝਾਰ ਬਸਸਿ ਨਿਰਮਲ ਜਲ ਪਦਮਨਿ ਜਾਵਲਰੇ ॥ ਪਦਮਨਿ ਜਾਵਲ ਜਲ ਰਸ ਸੰਗਤਿ ਸੰਗ ਦੋਖ ਨ ਹੀਰੇ ॥ ੧ ॥ ਦਾਦਰ ਤੂੰ ਕਬਹੁ ਨ ਜਾਨਸਿ ਰੇ ॥ ਭਖਸਿ ਸਬਾਲ ਬਸਸਿ ਨਿਰਮਲ ਜਲੁ ਅੰਮ੍ਰਿਤ ਨ ਲਖਸਰੇ ॥੧॥ ਰਹਾਉ ॥ ਬਸੁ ਜਲੁ ਨਿਤ ਨਵ ਸਤ ਅਲੀਅਲ ਮੇਰ ਚਚਾ ਗੁਨ ਰੇ ॥ ਚੰਦ ਕੁਮਾਦਨੀ ਦੂਰਹੁ ਨਿਵਸਸ ਅਨਭਵ ਕਾਰਨ ਰੇ ॥ ੨॥ਅੰਮ੍ਰਿਤ ਖੰਡ ਦੂਧਮਧ ਸਿੰਚਸ਼ ਤੂੰ ਬਨ ਚਾਤਰ ਰੇ॥ਅਪਨਾ ਆਪ ਤੂੰ ਕਬਹੁ ਨ ਛੋਡਸ ਪਿਸਨ ਪ੍ਰੀਤ ਜਿਉ ਰੇ ॥ ੩ ॥ ਪੰਡਤ ਸੰਗ ਵਸਹਿ ਜਨ ਮੂਰਖ ਅਗਮ ਸਾਸ ਸੁਨੇ ॥ ਅਪਨਾ ਆਪ ਤੂੰ ਕਬਹੁ ਨ ਛੋਡਸ ਸੁਆਨ ਪੂਛ ਜਿਉਰੇ ॥ ੪ ॥ ਇਕ ਪਾਖੰਡੀ ਨਾਮ ਨ ਰਾਚਹਿ ਇਕ ਹਰਿ ਹਰਿ ਚਰਣੀ ਰੇ ॥ ਪੂਰਬ ਲਿਖਿਆ ਪਾਪਸਿ ਨਾਨਕ ਰਸਨਾ ਨਾਮ ਜਪਿ ਰੇ ॥ ੫ ॥

ਤਿਸਕਾ ਪਰਮਾਰਥ--ਸ੍ਰੀ ਗੁਰੂ ਨਾਨਕ ਦੇਵ ਜੀ ਕਹੇ ਹੈਂ ਕਿ ਜਿਸ ਤਲਾਵ ਮੈਂ ਨਿਰਮਲ ਜਲ ਹੈ ਅਰ ਤਿਸ ਮੈਂ ਕਵਲਾਂ ਕੇ ਸਮੂੰਹ ਬਸਤੇ ਹੈਂ ਅਰ ਡਡੂ ਭੀ ਜਲ ਵਿਚ ਵਸਦਾ ਹੈ ਪਰ ਡਡੂ ਸਿਬਾਲ ਖਾਂਦਾ ਹੈ ਪਰ ਅੰਮ੍ਰਿਤ ਰੂਪੀ ਜੋ ਕੰਵਲ ਹੈਨ ਤਿਨਕੋ ਨਹੀਂ ਜਾਣਦਾ ਅਤੇ ਭਵਰ ਅਰ ਭਵਰੀਆਂ ਬਾਸਾਂ ਦੇ ਬਨ ਵਿਚ ਵਸਦੀਆਂ ਹੈਨ ਪਰ ਕਉਲਾਂ ਕੀ ਵਾਸਨਾ ਆ ਲੇਤੀਆਂ ਹਨ ਅਰ ਚੰਦ੍ਰਮਾਂ ਅਕਾਸ ਮੋ ਹੋਤਾ ਹੈ ਅਤੇ ਕਵੀਆਂ ਜਲ ਮੋ ਹੋਤੀਆਂ ਹੈਨ ਪਰ ਜਿਧਰ ਜਿਧਰ ਚੰਦ੍ਰਮਾਂ ਜਾਤਾ ਹੈ ਤਿਧਰ ਤਿਧਰ ਨਿਵਤੀਆਂ ਜਾਤੀਆਂ ਹੈਨ ਤੈਸੇ ਜਗਤ ਰੂਪੀ ਇਕ ਤਲਾਵ ਹੈ ਅਰ ਮਹਾਰਾਜ ਦੇ ਗੁਣਾਨਵਾਦ ਅਰ ਸੰਤ ਜੋ ਹੈਨ ਸੋ ਕਵਲ ਹੈ ਅਰ ਕੁਸੰਗੀ ਡਡੂ ਹੈ ਅਰ ਵਿਖਿਆ ਰੂਪੀ ਸਿਬਾਲ ਹੈ ਸੋ ਕੁਸੰਗੀ ਵਿਖਿਆਂ ਨੂੰ ਭੋਗਦੇ ਹਨ ਪਰ ਪਰਮੇਸਰ ਦਾ ਨਾਮ ਅਤੇ ਸੰਤਾਂ ਦਾ ਸੰਗ ਨਹੀਂ ਕਰਦੇ ॥ ਅਰ ਜੇਹੜੇ ਜਗਿਆਸੀ ਭਵਰੇ ਹੈਨ ਸੋ ਦੂਰ ਸੇ ਆਇਕੇ ਮਹਾਰਾਜ ਦਾ ਜਸ ਸੁਣਦੇ ਹਨ ਅਰ ਸਤ ਸੰਗਤ ਕਰਦੇ ਹਨ ਅਰ ਕਵੀ

ਰੂਪੀ ਜੋ ਜਗਿਆਸੀਆਂ ਦੇ ਮਨ ਹੈਨ ਸੋ ਚੰਦ੍ਰ ਰੂਪੀ ਗੁਰਾਂ ਦੇ ਵਚਨ ਸੁਣ ਕਰ ਪਏ ਨਿਵਦੇ ਹੈਨ ॥ ਅਰ ਅੰਮ੍ਰਿਤ ਤੇ ਖੰਡ ਅਰ ਦੁਧ ਅਤੇ ਮਾਖਿਓਂ ਜੇ ਤੂੰਬੇ ਵਿਚ ਪਾਈਏ ਤਾਂ ਤੂੰਬਾ ਮਿਠਾ ਨਹੀਂ ਹੋ ਜਾਂਦਾ ਅਥਵਾ ਬਾਂਦਰਾਂ ਅਗੇ ਮਿਠਿਆਈਆਂ ਪਾਈਐ ਤਾਂ ਰਾਜੀ ਨਹੀਂ ਹੁੰਦੇ ਪਰ ਚਣਿਆਂ ਤੇ ਰਾਜੀ ਹੁੰਦੇ ਹਨ ਤੈਸੇ ਅੰਮ੍ਰਿਤ ਰੂਪੀ ਸਬਦ ਸਾਕਤਾਂ ਨੂੰ ਸੁਣਾਈਐ ਅਰ ਭੜਾਈਐ ਤਾਂ ਉਨਾਂ ਦੀ ਹਉਮੈ ਨਹੀਂ ਜਾਂਦੀ ਅਰ ਜੈਸੇ ਪ੍ਰੇਤ ਤੇ ਚੁਗਲ ਆਪਣੀ ਪ੍ਰਕਿਰਤ ਨਹੀਂ ਛੋਡਦੇ ਤੈਸੇ ਸਾਕਤ ਆਪਣਾ ਖੋਟਾ ਸੁਭਾਵ ਨਹੀਂ ਛੋਡਦੇ ਅਰ ਜੈਸੇ ਕੁਤੇ ਦੀ ਪੂਸ਼ਲ ਭੀ ਸਿਧੀ ਨਹੀਂ ਹੁੰਦੀ ਤੈਸੇ ਪੰਡਤਾਂ ਅਰ ਸਾਧਾਂ ਦੀ ਸੰਗਤ ਭੀ ਕਰਦੇ ਹਨ ਪਰ ਖੋਟੇ ਕਰਮ ਨਹੀਂ ਛੋਡਤੇ ॥ ਅਰ ਇਕ ਪਖੰਡ ਵਾਸਤੇ ਪੜਦੇ ਸੁਣਦੇ ਹਨ ਅਰ ਇਕ ਪਰਮੇਸਰ ਦੀ ਪ੍ਰੀਤ ਕਰਦੇ ਹਨ ਸੋ ਪੂਰਬਲਾ ਲੇਖ ਉਨਾਂ ਨੂੰ ਪ੍ਰਾਪਤ ਹੋਂਦਾ ਹੈ ਤਾਂਤੇ ਤੁਸੀਂ ਰਸਨਾ ਕਰਕੇ ਰਾਮ ਨਾਮ ਜਪਦੇ ਰਹੋ ਸੋ ਤੁਸਾਡਾ ਉਧਾਰ ਇਸੇ ਕਰ ਹੋਸੀ ਤਾਂ ਏਹ ਵਚਨ ਸੁਣਕੇ ਸਭ ਚਰਨੀ ਆ ਲਗੇ ਤਾਂ ਮਰਦਾਨੇ ਕਹਿਆ ਕਿ ਬਾਬਾ ਜੀ ਜੋ ਗੋਰਖ ਦੇ ਤਪ ਦੀ ਜਾਗਾਂ ਹੈ ਅਰ ਗੋਰਖ ਨੇ ਇਕ ਇਕ ਤਿਲ ਖਾਕੇ ਜਿਥੇ ਜੋਗ ਸਾਧਨਾ ਕੀਤੀ ਹੈ ਅਰ ਤਿਲਗਾਚੀ ਜਿਸ ਸਹਰ ਦਾ ਨਾਉਂ ਹੈ ਅਰ ਸੁਣਿਆ ਹੈ ਕਿ ਓਥੇ ਸਭੇ ਸਿਧ ਰਹਿੰਦੇ ਹਨ ਸੋ ਉਸ ਜਾਹਗਾਂ ਦਾ ਭੀ ਦਰਸਨ ਕਰੀਏ ॥

ਸਾਖੀ ਤਿਲਗਾਚੀ ਦੀ

ਤਾਂ ਫਿਰ ਬਾਬਾ ਜੀ ਉਥੋਂ ਤੁਰ ਕੇ ਤਿਲਗਾਚੀ ਦੇ ਬਾਹਰ ਆਇ ਉਤਰੇ ਅਰ ਓਥੇ ਸਭੇ ਸਿਧ ਇਕਠੇ ਆਣ ਹੋਏ ਤਾਂ ਉਨਾਂ ਆਪਸ ਵਿਚ ਕਹਿਆ ਕਿ ਜੇ ਅਸੀਂ ਨਾਨਕ ਵੇਦੀ ਨੂੰ ਨਹੀਂ ਜੀਤਦੇ ਤਾਂ ਅਸਾਡਾ ਮਾਣ ਜਗਤ ਵਿਚ ਨਹੀਂ ਰਹਿੰਦਾ ਸੋ ਇਹ ਵਿਚਾਰ ਕੇ ਉਨਾਂ ਇਕ ਤਿਲ ਪ੍ਰਸਾਦ ਬਾਬੇ ਦੇ ਅਗੇ ਆਣ ਰਖਿਆ ਅਰ ਜਿਤਨਾ ਜਲਆਹ ਸੋ ਸਿਧਾਂ ਨੇ ਛਪਾ ਛਡਿਆ ਅਰ ਏਹ ਸਿਧਾਂ ਮਨ ਵਿਚ ਵਿਚਾਰਿਆ ਕਿ ਇਕ ਤਿਲ ਬਾਬਾ ਕਿਉਂ ਕਰ ਵਰਤਾਵੇਗਾ ਤਾਂ ਬਾਬੇ ਨੇ ਐਸਾ ਕੀਆ ਕਿ ਜੋ ਗੋਰਖ ਦਾ ਤੂੰਬਾ ਭਰਿਆ ਹੋਇਆ ਜਲਦਾ ਸੀ ਸੋ ਰੁੜਾਇ ਦਿਤਾ ਤਾਂ ਨਦੀ ਹੋ ਚਲੀ ਅਰ ਬਾਲੇ ਨੂੰ ਆਗਿਆ ਕੀਤੀ ਕਿ ਇਸਨੂੰ ਘੋਟ ਸੋ ਘੋਟ ਕੇ ਅਰ ਜਲ ਦਾ ਤੂੰਬਾ ਭਰਪੂਰ ਕਰਕੇ ਸਭਨਾਂ ਸਿਧਾਂ ਵਿਚ ਪ੍ਰਸਾਦਿ ਵਰਤਾਇਆ ਤਾਂ ਸਿਧ ਇਸ ਕਉਤਕ ਨੂੰ ਦੇਖਕੇ ਬਹੁਤ ਭੈਮਾਨ ਹੋਏ ਤਾਂ ਫਿਰ ਮੰਗਲ ਨਾਥ ਬੋਲਿਆ ਕਿ ਹੇ ਨਾਨਕ ਜੀ ਅਗੇ ਇਥੇ ਬਹੁਤ ਤਪਵਾਨ



ਆਏ ਹੈ ਪਰ ਸਿਧਾਂ ਦਾ ਬਲ ਸਭਨਾਂ ਤੇ ਰਹਿਆ ਅਰ ਤੁਧ ਸਿਧਾਂ ਉਤੇ ਆਪਣਾ ਬਲ ਧਾਰਿਆ ਹੈ ਤਾਂਤੇ ਤੂੰ ਬਡਾ ਸਚਿਆਰ ਪੁਰਖ ਦ੍ਰਿਸਟ ਆਵਨਾ ਹੈ ਤਾਂ ਬਾਬੇ ਜੀ ਨੇ ਕਹਿਆ ਮਹਾਰਾਜ ਦੇ ਨਾਮ ਦਾ ਪ੍ਰਤਾਪ ਹੈ ਅਤੇ ਸਰੀਰ ਤਾਂ ਪੰਜ ਭੂਤਾਂ ਦੇ ਹੈਨ ਅਰ ਆਤਮਾ ਸਭ ਵਿਚ ਇਕੋ ਹੀ ਹੈ ਪਰ ਕਰਤਾਰ ਦੇ ਨਾਮ ਬਿਨ ਸਭ ਅਧੋਗਤਿ ਨੂੰ ਪ੍ਰਾਪਤ ਹੋਂਦੇ ਹਨ ਤਾਂਤੇ ਜੋ ਨਾਮ ਜਪਦੇ ਹਨ ਸੋ ਨਾਮ ਨੂੰ ਪ੍ਰਾਪਤ ਹੋਂਦੇ ਹਨ ਤਾਂ ਸਿਧਾਂ ਕਹਿਆ ਕਿ ਗਿਆਨ ਬਿਨਾ ਮੁਕਤਿ ਨਹੀਂ ਕਹੀ ਤਾਂ ਬਾਬੇ ਕਹਿਆ ਕਿ ਜੋ ਅਠ ਪਹਰ ਨਾਮ ਦਾ ਅਭਯਾਸ ਕਰਦੇ ਹਨ ਸੋ ਉਨਾਂ ਨੂੰ ਈਸਰ ਦੀ ਕ੍ਰਿਪਾ ਕਰ ਗਿਆਨ ਭੀ ਪ੍ਰਾਪਤ ਹੋਂਦਾ ਹੈ ਤਾਂ ਫਿਰ ਬਾਬਾ ਜੀ ਨੇ ਰਾਮਕਲੀ ਰਾਗ ਵਿਚ ਇਕ ਅਸਟਪਦੀ ਆਖੀ ॥

ਰਾਗੁ ਰਾਮਕਲੀ ਮਹਲਾ ੧ ॥ ਜਗ ਪਰਬੋਧਹਿ ਮੜੀ ਬੰਧਾਵਹਿ ॥ ਆਸਣ ਤਿਆਗ ਕਾਹੇ ਸਚ ਪਾਵਹਿ ॥ ਮਮਤਾ ਮੋਹ ਕਾਮਣ ਹਿਤਕਾਰੀ ॥ ਨਅਊ ਧੂਤੀ ਨਾ ਸੰਸਾਰੀ ॥ ੧ ॥ ਜੋਗੀ ਬੈਸ ਰਹਹੁ ਦੁਬਿਧਾ ਦੁਖ ਭਾਗੈ ॥ ਘਰਿ ਘਰਿ ਮਾਗਤ ਲਾਜ ਨ ਲਾਗੈ ॥ ੧ ॥ ਰਹਾਉ ॥ ਗਾਵਹਿ ਗੀਤ ਨ ਚੀਨਹਿ ਆਪੁ ॥ ਕਿਉ ਲਾਗੀ ਨਿਵਰਹਿ ਪਰਤਾਪੁ ॥ ਗੁਰਕੈ ਸਬਦਿ ਰਚੈ ਮਨ ਭਾਇ ॥ ਭਿਖਿਆ ਸਹਜਿ ਵਿਚਾਰੀ ਖਾਇ ॥ ੨ ॥ ਭਸਮ ਚੜਾਇ ਕਰਹਿ ਪਾਖੰਡ ॥ ਮਾਇਆ ਮੋਹਿ ਸਹਹਿ ਜਮਡੰਡ ॥ ਫੂਟੈ ਖਾਪਰ ਭੀਖ ਨ ਪਾਇ ॥ ਬੰਧਨ ਬਾਂਧਿਆ ਆਵੈ ਜਾਇ ॥ ੩ ॥ ਬਿੰਦ ਨ ਰਾਖਹਿ ਜਤੀ ਕਰਾਵਹਿ ॥ ਮਾਈ ਮਾਂਗਤ ਤ੍ਰੈ ਲੋਭਾਵਹਿ ॥ ਨਿਰਦਇਆ ਨਹੀ ਜੋਤਿ ਉਜਾਲਾ ॥ ਬੂਡਤ ਬੂਡੇ ਸਰਬ ਜੰਜਾਲਾ ॥੪॥ ਭੇਖ ਕਰਹਿ ਖਿੰਥਾ ਬਹੁ ਥਟੂਆ ॥ ਝੂਠੋ ਖੇਲ ਖੇਲੈ ਬਹੁ ਨਟੂਆ ॥ ਅੰਤਰਿ ਅਗਨਿ ਚਿੰਤਾ ਬਹੁ ਜਾਰੇ ॥ ਵਿਣ ਕਰਮਾ ਕੈਸੇ ਉਤਰਸ ਪਾਰੇ ॥ ੫ ॥ ਮੁੰਦ੍ਰਾ ਫਟਕ ਬਨਾਈ ਕਾਂਨ ॥ ਮੁਕਤਿ ਨਹੀ ਬਿਦਿਆ ਬਿਗਿਆਨ ॥ ਜਿਹਵਾ ਇੰਦ੍ਰੀ ਸਾਦ ਲਭਾਨਾ ॥ ਪਸੂ ਭਏ ਨਹੀ ਮਿਟੈ ਨੀਸਾਨਾ ॥ ੬ ॥ ਤ੍ਰਿਬਿਧਿ ਲੋਗਾ ਤ੍ਰਿਬਿਧ ਜੋਗਾ ॥ ਸਬਦਿ ਵੀਚਾਰੇ ਚੂਕਸਿ

ਸੋਗਾ ॥ ਉਜਲ ਸਾਚ ਸੁ ਸਬਦ ਹੋਇ ॥ ਜੋਗੀ ਜੁਗਤਿ ਵੀਚਾਰੈ ਸੋਇ ॥ ੭ ॥
ਤੁਝ ਪਹਿ ਨਉਨਿਧਿ ਤੂੰ ਕਰਣੈ ਜੋਗੁ ਥਾਪਿ ਉਥਾਪੇ ਕਰੈ ਸੁ ਹੋਗੁ ॥ ਜਤ
ਸਤ ਸੰਜਮ ਸਾਚ ਸੁਚੀਤ ॥ ਨਾਨਕ ਜੋਗੀ ਤ੍ਰਿਭਵਣ ਮੀਤ ॥ ੮ ॥

ਤਾਂ ਫਿਰ ਜੋਗੀਆਂ ਕਹਿਆ ਕਿ ਏਸ ਸਬਦ ਦਾ ਸਾਨੂੰ ਅਰਥ ਸੁਣਾਵੋ ਤਾਂ ਬਾਬੇ ਕਹਿਆ ਕਿ ਜੋਗੀ ਜੋ ਹੁੰਦੇ ਹਨ ਸੋ ਤਿਨਾਂ ਦੇ ਰਿਦੇ ਵਿਚ ਮਾਇਆ ਦਾ ਮੋਹ ਹੁੰਦਾ ਹੈ ਅਰ ਜਗਤ ਨੂੰ ਪ੍ਰਬੋਧ ਦੇ ਹਨ ਅਤੇ ਮੜੀਆਂ ਬੰਧ ਬੈਠਦੇ ਹਨ ਅਤੇ ਆਸਣ ਨੂੰ ਤਿਆਗ ਕੇ ਦੁਆਰੇ ਦੁਆਰੇ ਪਰ ਪਏ ਫਿਰਦੇ ਹਨ ਪਰ ਸਚ ਕਿਥੋਂ ਪ੍ਰਾਪਤਿ ਹੋਵੇ ਕਜੋਂ ਜੋ ਮਮਤਾ ਦੇ ਮੋਹੇ ਹੋਏ ਅਰ ਇਸਤ੍ਰੀਆਂ ਦੇ ਹਿਤਕਾਰੀ ਹੈਨ ਅਰ ਨਾ ਓਹ ਅਉਧੂਤ ਹੈਨ ਅਰ ਨਾ ਉਹ ਸੰਸਾਰੀ ਹੈਨ ॥ ੧ ॥ ਤਾਂਤੇ ਹੇ ਜੋਗੀ ਜੇ ਤੂੰ ਆਪਣੇ ਆਸਣ ਉਪਰ ਬੈਠਾ ਰਹੇਂ ਤਾਂ ਤੇਰੀ ਪ੍ਰਾਲਬਧ ਤਾਂ ਓਥੇ ਹੀ ਅਪੜੇ ਸੋ ਤਦ ਦੁਬਿਦਾ ਤੇਰੇ ਮਨ ਵਿਚੋਂ ਦੂਰ ਹੋਵੇ ਅਤੇ ਜੋ ਆਸਣ ਨੂੰ ਛਡਕੇ ਘਰ ਘਰ ਮੰਗਦਾ ਫਿਰਦਾ ਹੈਂ ਸੋ ਤੁਝਕੋ ਸਰਮ ਨਹੀਂ ਆਂਵਦੀ ਸੋ ਤੂੰ ਕਰਤਾਰ ਦੇ ਸਿਦਕ ਤੇ ਠਹਿਰਿਆ ਰਹੁ ॥ ਤੇ ਸਬਦ ਗਾਉਨਾ ਹੈਂ ਅਰ ਆਪਣੇ ਸਰੂਪ ਨੂੰ ਨਹੀਂ ਚੀਨਦਾ ਅਰ ਤ੍ਰਿਸਨਾਂ ਦੀ ਜੋ ਅਗਨਿ ਹੈ ਸੋ ਭਲੀ ਪ੍ਰਕਾਰ ਜਲਾਉਂਦੀ ਰਹਦੀ ਹੈ ਅਰ ਬੁਝਦੀ ਨਹੀਂ ਸੋ ਜੇ ਗੁਰਾਂ ਦੇ ਸਬਦ ਨਾਲਿ ਰਪੇ ਤੇ ਭਾਉ ਕਰੇ ਅਤੇ ਭਿਖਿਆ ਸਹਜ ਦੀ ਆਈ ਹੋਈ ਵੀਚਾਰ ਕੇ ਖਾਏ ਤਾਂ ਈਸਰ ਨੂੰ ਪ੍ਰਾਪਤ ਹੋਵੇਂ ਅਤੇ ਜੇਹੜੇ ਪਖੰਡ ਵਾਸਤੇ ਭਭੂਤ ਲਾਂਵਦੇ ਹਨ ਸੋ ਮਾਇਆ ਦੇ ਮੋਹੇ ਹੋਏ ਜਮਦਾ ਡੰਡ ਸਹਿੰਦੇ ਹਨ ਪਰ ਜਬ ਲਗ ਸਤਿਗੁਰਾਂ ਨੂੰ ਮਿਲਕੇ ਨਾਮ ਦੀ ਭਿਖਿਆ ਨਾ ਲਵੇ ਤਾਂ ਸਰੀਰ ਛੂਟੇਗਾ ਅਰ ਵਾਸਨਾ ਦੇ ਬੰਧਨਾ ਦਾ ਬਧਾ ਆਵੇ ਜਾਵੈਗਾ ॥ ੩ ॥ ਅਰ ਜੋ ਬਿੰਦ ਨੂੰ ਨਹੀਂ ਰਖਦੇ ਅਤੇ ਆਪ ਨੂੰ ਜਤੀ ਕਹਾਵਦੇ ਹੈਨ ਅਤੇ ਮਾਇਆ ਨੂੰ ਮੰਗਣ ਵਾਸਤੇ ਤ੍ਰਿਲੋਕੀ ਵਿਚ ਭਉਂਦੇ ਫਿਰਦੇ ਹੈਨ ਅਰ ਦਇਆ ਜੀਆਂ ਉਤੇ ਨਹੀਂ ਕਰਦੇ ਅਤੇ ਗਿਆਨ ਦੀ ਜੋਤਿ ਦਾ ਉਜਾਲਾ ਉਨਾਂ ਦੇ ਮਨ ਵਿਚ ਨਹੀਂ ਹੋਇਆ ਸੋ ਸਭ ਜੰਜਾਲਾ ਵਿਚ ਡੁਬੇ ਹੋਏ ਹਨ ਅਰ ਬਾਹਰੋਂ ਭੇਖ ਬਣਾਉਂਦੇ ਹੈਨ ਅਤੇ ਖਿੰਥਾ ਪਾਉਂਦੇ ਹੈਨ ਅਰ ਥਾਟ ਬਣਾਉਂਦੇ ਹਨ ਸੋ ਝੂਠਾ ਖੇਲ ਨਟਾਂ ਦੀ ਨਿਆਈ ਕਰਦੇ ਹੈਨ ਅਰ ਅੰਤਰ ਚਿੰਤਾ ਦੀ ਅਗਨਿ ਕਰ ਪਏ ਦਘਦ ਹੁੰਦੇ ਹਨ ਸੋ ਨਾਮ ਦਾਨ ਇਸਨਾਨ ਦੇ ਪਾਰਿ ਕੈਸੇ ਉਤਰੇ ॥ ੫ ॥ ਅਰ ਫਟਕ ਦੀਆਂ ਮੁੰਦ੍ਰਾਂ ਕੰਨਾਂ ਵਿਚ ਪਾਉਂਦੇ ਹੈਨ ਅਤੇ ਗਿਆਨ ਦੀ ਵਿਦਿਆ ਪ੍ਰਾਪਤ ਨਹੀਂ ਹੋਈ ਤਾਂ ਮੁਕਤ ਨਹੀਂ ਹੋਤੀ ਅਰ ਜੋ ਰਸਨਾਂ ਤੇ ਇੰਦ੍ਰੀ ਦੇ ਸੁਆਦ ਵਿਚ ਲੋਭੇ ਹੋਏ ਹੈਨ ਸੋ ਪਸੂਆਂ ਦੇ ਸਮਾਨ ਹੈਂ ਅਰ ਆਰਜਾ ਭੀ ਪਸੂਆਂ ਦੇ ਸਮਾਨ

ਤਿੰਨਾਂ ਦੀ ਬੀਤਦੀ ਹੈ ॥ ਅਤੇ ਲੋਕ ਭੀ ਤਿੰਨਾਂ ਗੁਣਾਂ ਵਿਚ ਬਿਆਪੇ ਹੋਏ ਹਨ ਅਰ ਜੋਗੀ ਭੀ ਤਿੰਨਾਂ ਗੁਣਾਂ ਵਿਚ ਬਿਆਪੇ ਹੋਏ ਹਨ ਤਾਂਤੇ ਜੋ ਗੁਰਾਂ ਦੇ ਸਬਦ ਨੂੰ ਵਿਚਾਰਦੇ ਹਨ ਉਨਾਂ ਦੇ ਮਨ ਦਾ ਸੋਗ ਮਿਟ ਜਾਂਦਾ ਹੈ ਅਰ ਸਚੇ ਸਬਦ ਕਰਕੇ ਮਨ ਉਨਾਂ ਦੇ ਉਜਲ ਹੋਂਦੇ ਹਨ ਅਤੇ ਜੋਗ ਦੀ ਜੁਗਤ ਭੀ ਸੋਈ ਵਿਚਾਰਦੇ ਹਨ ॥ ੭ ॥ ਸਤਿਗੁਰਾਂ ਪਾਸ ਨਉਨਿਧਾਂ ਹੈ ਅਰ ਓਹ ਕਰਨੇ ਜੋਗ ਹੈਨ ਸੋ ਜੇ ਓਹ ਚਾਹਨ ਤਾਂ ਅਗਿਆਨੀਆਂ ਨੂੰ ਗਿਆਨ ਦੇ ਕੇ ਤੇ ਮੁਕਤ ਕਰ ਲੈਨ ਪਰ ਸਤ ਅਰ ਜਤ ਅਰ ਸੰਜਮ ਜਿਸ ਦੇ ਚਿਤ ਵਿਚ ਹੁੰਦੇ ਹਨ ਗੁਰੂ ਨਾਨਕ ਜੀ ਕਹਿੰਦੇ ਹੈਨ ਕਿ ਸੋਈ ਜੋਗੀ ਤ੍ਰਿਹੁ ਭਵਣਾਂ ਨੂੰ ਮੀਤ ਹੈ ਸੋ ਜਾਂ ਏਹ ਸਬਦ ਬਾਬੇ ਕਹਿਆ ਤਾਂ ਜੋਗੀਆਂ ਕਹਿਆ ਕਿ ਮਨ ਵਿਚ ਵਿਖਿਆਂ ਦੀਆਂ ਵਾਸਨਾਂ ਖਰਤ ਹੋ ਰਹੀਆਂ ਹੈਨ ਅਰ ਮਨ ਥੀ ਟਲਦੀਆਂ ਨਹੀਂ ਸੋ ਓਹ ਮਨ ਥੀਂ ਕਿਸ ਪ੍ਰਕਾਰ ਟਲਣ ਤਾਂ ਬਾਬੇ ਕਹਿਆ ਕਿ ਜਗਤ ਨੂੰ ਝੂਠ ਕਰ ਜਾਨੇ ਤਾਂ ਵਾਸਨਾਂ ਮਿਟਦੀਆਂ ਹਨ ॥ ਅਰ ਜੋਗੀ ਜੋ ਹੈਨ ਸੋ ਜਿਤ ਵੇਲੇ ਸਮਾਧ ਲਾਇੰਦੇ ਹੈਨ ਤਾਂ ਵਾਸਨਾਂ ਮਿਟ ਜਾਂਦੀਆਂ ਹੈਨ ਪਰ ਜਿਤ ਵੇਲੇ ਸਮਾਂਧ ਥੀਂ ਲਹਦੇ ਹੈਨ ਤਾਂ ਫੇਰ ਵਾਸਨਾਂ ਉਪਜ ਆਉਂਦੀਆਂ ਹੈਨ ਅਤੇ ਜੋ ਗਯਾਨੀ ਜੋਗੀ ਹੁੰਦੇ ਹਨ ਸੋ ਸਮਾਧ ਥੀਂ ਵਿਚ ਤਾਂ ਉਨਾਂ ਨੂੰ ਵਾਸਨਾਂ ਫੁਰਦੀਆਂ ਹੀ ਨਹੀਂ ਪਰ ਫੇਰ ਜਿਤ ਵੇਲੇ ਸਮਾਧ ਥੀਂ ਉਤਰਦੇ ਹੈਨ ਤਿਤ ਵੇਲੇ ਵੇਦਾਂਤ ਦਾ ਪ੍ਰਚਾਰ ਕਰਦੇ ਹੈਨ ਅਤੇ ਜਗਤ ਉਨਾਂ ਨੂੰ ਅਨਿਤ ਭਾਸਤਾ ਹੈ ਤਾਂਤੇ ਉਨਾਂ ਨੂੰ ਵਾਸਨਾਂ ਕਦਾਚਿਤ ਨਹੀਂ ਫੁਰਤੀਆਂ ਤਾਂ ਸਿਧਾਂ ਪੁਛਿਆ ਜੋਗ ਕਰਕੇ ਵਾਸਨਾ ਤੁਰਤ ਖੀਣ ਹੁੰਦੀਆਂ ਹੈਨ ਤਾਂ ਬਾਬੇ ਕਹਿਆ ਅਧਕਾਰੀ ਉਤੇ ਵਾਰਤਾ ਹੈ ਜੋ ਜਿਨਾਂ ਸਭ ਪਦਾਰਥ ਘਰ ਬਾਹਰ ਦੇ ਤਿਆਗ ਛਡੇ ਹੈਨ ਉਨਾਂ ਨੂੰ ਜੋਗ ਕਰ ਤੁਰਤ ਗਿਆਨ ਹੋਂਦਾ ਹੈ ਅਤੇ ਜੇਹੜੇ ਬਿਵਹਾਰੀ ਹੈਨ ਅਰ ਉਨਾਂ ਥੀਂ ਜੋਗ ਨਹੀਂ ਹੋਂਦਾ ਸੋ ਓਹ ਭਗਤ ਕਰ ਗਿਆਨ ਨੂੰ ਪ੍ਰਾਪਤ ਹੋਂਦੇ ਹਨ ਕਜੋਂਕਿ ਗਯਾਨ ਰੂਪੀ ਪੰਖੀ ਦੇ ਭਗਤ ਅਰ ਜੋਗ ਦੋਨੋਂ ਪੰਖ ਹੈਨ ਸੋ ਜੇ ਦੋਨੋਂ ਪ੍ਰਾਪਤ ਹੋਂਦੇ ਹਨ ਤੋਂ ਗਿਆਨ ਇਸਥਿਰ ਹੋਂਦਾ ਹੈ ਅਰ ਜੇ ਇਕ ਭੀ ਹੋਂਦਾ ਹੈ ਤਾਂ ਭੀ ਸਤਿਗੁਰਾਂ ਨੂੰ ਮਿਲਕੇ ਗਿਆਨ ਪ੍ਰਾਪਤ ਹੋਂਦਾ ਹੈ ਤਾਂ ਅਗੋਂ ਦੋਨੋਂ ਸਹਾਇਕ ਹੋ ਵਰਤਤੇ ਹਨ ਅਰ ਜਿਸ ਸਮੇਂ ਇਕੰਤ ਹੋਂਦਾ ਹੈ ਤਾਂ ਇੰਦ੍ਰੀਆਂ ਤੇ ਵਾਸਨਾ ਰੋਕ ਕੇ ਸਮਾਧ ਇਸਥਿਤ ਹੋਂਦਾ ਹੈ ਅਰ ਜਿਸ ਬਿਵਹਾਰ ਵਲ ਸੁਰਤਿ ਆਂਵਦੀ ਹੈ ਤਾਂ ਮਨ ਨੂੰ ਸਬਦ ਵਿਚ ਇਕੇ ਨਾਮ ਵਿਚ ਜੋੜਦਾ ਹੈ ਅਰ ਜੇ ਕੋਈ ਵਿਵਹਾਰ ਦੀ ਕਿਰਯਾ ਹੋਂਦੀ ਹੈ ਤਾਂ ਭੀ ਈਸੁਰ ਨੂੰ ਸਚਾ ਜਾਣ ਕੇ ਅਤੇ ਸਚਾ ਹੋ ਕੇ ਕਰਮ ਕਰਦੇ ਹੈਨ ਅਰ ਜੇ ਅਹਾਰ ਦੀ ਕਿਰਿਆ ਕਰਨੀ ਹੋਂਦੀ ਹੈ ਤਾਂ ਭੀ

ਈਸੂਰ ਦਾ ਧਿਆਨ ਕਰਕੈ ਅਤੇ ਗੁਰਾਂ ਦਾ ਧਿਆਨ ਕਰਕੈ ਸੰਜਮ ਨਾਲ ਅਲਪ ਅਹਾਰ ਕਰਦਾ ਹੈ ਅਰ ਭਗਤਾਂ ਤੇ ਗੁਰਾਂ ਦੀ ਸੇਵਾ ਟਹਲ ਕਰਦਾ ਹੈ ਅਤੇ ਸੁਆਸਾਂ ਕਰ ਵਾਹਗੁਰੂ ਦਾ ਨਾਮ ਜਪਦਾ ਹੈ ਸੋ ਇਸ ਭਗਤ ਕਰ ਤੁਰਤ ਗਿਆਨ ਪ੍ਰਾਪਤ ਹੋਂਦਾ ਹੈ ਪਰ ਜੋਗ ਬਿਨਾਂ ਗਿਆਨ ਦੇ ਮੁਕਤ ਨਹੀਂ ਕਰਦਾ ਅਤੇ ਜੋ ਮਹਾਰਾਜ ਦੀ ਭਗਤਿ ਹੈ ਸੋ ਗਿਆਨ ਬਿਨਾਂ ਹੀ ਈਸੂਰ ਨੂੰ ਜਾਇ ਪ੍ਰਾਪਤ ਕਰਦੀ ਹੈ ਅਰ ਜਦ ਈਸੂਰ ਮਾਇਆ ਦੀ ਉਪਾਧ ਛੋਡ ਕਰ ਸੁਧਸਰੂਪ ਵਿਚ ਲੀਣ ਹੁੰਦਾ ਹੈ ਸੋ ਭਗਤ ਭੀ ਉਸੇ ਸਰੂਪ ਵਿਚ ਜਾਇ ਪ੍ਰਾਪਤ ਹੁੰਦਾ ਹੈ ਅਤੇ ਭਗਤਿ ਦੇ ਅਧਿਕਾਰੀ ਬਹੁਤ ਹੈਨ ਅਰ ਜੋਗ ਦਾ ਕੋਈ ਵਿਰਲਾ ਹੈ ਅਰ ਜੋਗੀ ਭੀ ਹੰਕਾਰ ਬਿਨਾਂ ਭਗਤਿ ਦਾ ਰਿਦਾ ਜਿਸਦਾ ਹੁੰਦਾ ਹੈ ਸੋਭਾ ਪਾਂਵਦਾ ਹੈ ਤਾਂਤੇ ਭਗਤਿ ਸਭਸ ਦਾ ਮੁਕਟ ਹੈ ਅਤੇ ਜੋਗੀ ਨੂੰ ਮਹਾਰਾਜ ਦੀ ਮਾਇਆ ਛਲ ਲੈ ਜਾਂਦੀ ਹੈ ਅਰ ਕਰਮ ਕਾਂਡੀ ਨੂੰ ਭੀ ਮਹਾਰਾਜ ਦੀ ਮਾਇਆ ਛਲ ਲੈ ਜਾਂਦੀ ਹੈ ਅਰ ਬੈਰਾਗੀ ਨੂੰ ਭੀ ਛਲਦੀ ਹੈ ਅਰ ਤਪ ਵਾਲਿਆਂ ਨੂੰ ਭੀ ਛਲਦੀ ਹੈ ਪਰ ਇਕ ਭਗਤਾਂ ਨੂੰ ਨਹੀਂ ਛਲ ਸਕਦੀ ਕਯੋਂਕਿ ਮਾਇਆ ਮਹਾਰਾਜ ਦੀ ਨਟਣੀ ਹੈ ਅਰ ਭਗਤੀ ਮਹਾਰਾਜ ਦੀ ਪ੍ਰਤਿਬ੍ਰਤਾ ਇਸਤ੍ਰੀ ਹੈ ਸੋ ਪਤੀਬ੍ਰਤਾ ਤੇ ਨਟਣੀ ਦਾ ਬਲ ਨਹੀਂ ਪੈ ਸਕਤਾ ਅਤੇ ਗਿਆਨ ਤੇ ਆਦਿ ਲੈਕਰ ਜਿਤਨੇ ਕਰਮ ਹੈਨ ਸੋ ਸਭ ਪੁਰਖ ਹੈਨ ਅਰ ਭਗਤੀ ਜੋ ਹੈ ਸੋ ਨਾਰੀ ਹੈ ਸੋ ਪੁਰਖ ਨੂੰ ਨਾਰੀ (ਇਸਤ੍ਰੀ) ਮੋਂਹਦੀ ਹੈ ਪਰ ਇਸਤ੍ਰੀ ਨੂੰ ਇਸਤ੍ਰੀ ਨਹੀਂ ਮੋਹ ਸਕਤੀ ਤਾਂਤੇ ਮਹਾਰਾਜ ਦੀ ਭਗਤੀ ਸਭ ਸੇ ਵਿਸੇਖ ਹੈ ਤਾਂ ਸਿਧਾ ਪੁਛਿਆ ਅਤੀਤ ਵਿਚ ਭਗਤੀ ਵਿਸੇਖ ਹੋਂਦੀ ਹੈ ਕਿ ਗ੍ਰਹਸਤੀ ਵਿਚ ਤਾਂ ਬਾਬੇ ਕਹਿਆ ਕਿ ਜਿਸ ਵਿਚ ਮਹਾਰਾਜ ਦੀ ਨਿਹਕਪਟ ਭਗਤਿ ਹੋਵੇ ਵਿਸੇਖ ਹੈ ਪਰ ਗ੍ਰਿਹਸਤੀ ਦੀ ਜੋ ਭਗਤਿ ਹੈ ਸੋ ਸਾਧ ਸੰਗਤ (ਸੰਤ) ਦੀ ਟਹਿਲ ਕਰਨੀ ਅਤੇ ਅਤੀਤ ਦੀ ਜੋ ਭਗਤਿ ਹੈ ਸੋ ਤਪ ਕਰਨਾ ਅਰ ਅਭਿਮਾਨ ਤੇ ਕ੍ਰੋਧ ਨਾ ਕਰਨਾ ॥ ਅਰ ਰਾਜਸੀ ਤਪ ਇੰਦ੍ਰੀਆਂ ਨੂੰ ਵਿਕਰਮਾਂ ਵਲੋਂ ਹਟਾ ਕੇ ਸਬਦ ਵਲ ਲਾਵਣਾ ॥ ਅਤੇ ਸਾਂਤਕੀ ਤਪ ਵਾਸਨਾ ਨੂੰ ਮਿਟਾ ਕੇ ਮਨ ਸਬਦ ਵਲ ਲਾਵਣਾ ਕਯੋ ਜੋ ਕ੍ਰੋਧਰੂਪੀ ਜੇਹੜੀ ਅਗਨਿ ਹੈ ਸੋ ਤਪ ਦੇ ਬਨ ਨੂੰ ਦਗਧ ਕਰਦੀ ਹੈ ਤਾਂਤੇ ਤੁਸੀ ਭੀ ਨਿੰਮ੍ਰਿਤਾ ਨੂੰ ਰਿਦੇ ਵਿਖੇ ਧਾਰੋ ਤਾਂ ਸਿਧਾਂ ਕਹਿਆ ਜੋਗ ਤੋਂ ਬਿਨਾ ਅੰਤਾਂਕਰਨ ਸੁਧ ਨਹੀਂ ਹੋਤਾ ਤਾਂ ਬਾਬੇ ਕਹਿਆ ਕਿ ਜੋ ਮਨ ਨੂੰ ਗੁਰਾਂ ਦੇ ਸਬਦ ਵਿਚ ਜੋੜਨਾ ਹੈ ਸੋ ਏਹੋ ਜੋਗ ਹੈ ਅਰ ਏਸੇ ਕਰਕੇ ਅੰਤਾਕਰਨ ਸੁਧ ਹੋਤਾ ਹੈ ਕਯੋਂਕਿ ਮਹਾਰਾਜ ਦੇ ਮਿਲਣ ਦੇ ਚਾਰ ਦੁਆਰੇ ਹੈਨ ਸੋ ਪ੍ਰਿਥਮੇ ਸਤਸੰਗ ਹੈ ਅਰ ਬਹੁੜੋ ਸਤ ਹੈ ਜੋ ਸਚ ਬੋਲਣਾ ਅਤੇ ਤੀਸਰਾ ਸੰਤੋਖ ਹੈ

ਅਤੇ ਚੌਥਾ ਸਮਦਮ ਹੈ ॥ ਸੋ ਇਨਾਂ ਚਹੁੰ ਦੁਆਰਿਆਂ ਵਿਚ ਭਾਵੇਂ ਕੇਹੜਿਓਂ ਦੁਆਰਿਓਂ ਆਵੇ ਤਾਂ ਵਾਹਗੁਰੂ ਨੂੰ ਪ੍ਰਾਪਤ ਹੁੰਦਾ ਹੈ ਜੋ ਭਾਵੇਂ ਅਤੀਤ ਹੋਵੇ ਅਰ ਭਾਵੇਂ ਗ੍ਰਿਹਸਤੀ ਹੋਵੈ ਸੋ ਇਨਾਂ ਚਹੁੰ ਦੁਆਰਿਆਂ ਵਿਚ ਜੋ ਆਵੈਗਾ ਸੋਈ ਗੁਰੂ ਨੂੰ ਪ੍ਰਾਪਤ ਹੋਵੈਗਾ ਅਤੇ ਸਤਸੰਗਤ ਜੋ ਹੈ ਸੋ ਇਹ ਕਲਜੁਗ ਰੂਪੀ ਸਮੁੰਦਰ ਵਿਚ ਜਹਾਜ ਹੈ ਅਤੇ ਸਤਸੰਗਤ ਵਿਚ ਚਾਰੇ ਦੁਆਰੇ ਪ੍ਰਾਪਤ ਹੁੰਦੇ ਹਨ ਜੈਸੇ ਬਨਮੋ ਅਗਨਿ ਲਗਦੀ ਹੈ ਤਾਂ ਸਭ ਮ੍ਰਿਗ ਦਗਧ ਹੋ ਜਾਂਦੇ ਹਨ ਪਰ ਜੌਨਸੇ ਮ੍ਰਿਗ ਭਜ ਕੇ ਨਦੀ ਵਿਚ ਜਾਇ ਪ੍ਰਵੇਸ ਕਰਦੇ ਹਨ ਸੋ ਬਨ ਦਿਆਂ ਮ੍ਰਿਗਾਂ ਨੂੰ ਸੜਦਿਆ ਵੇਖ ਕੇ ਆਪ ਸੀਤਲ ਰਹਿੰਦੇ ਹਨ ॥ ਅਤੇ ਪ੍ਰਸੰਨ ਰਹਿੰਦੇ ਹਨ ॥ ਸੋ ਤੈਸੇ ਜਗਤ ਜੋ ਹੈ ਸੋ ਤ੍ਰਿਸਨਾ ਦੀ ਅਗਨ ਵਿਚ ਪਇਆ ਜਲਦਾ ਹੈ ਪਰ ਸਾਧਸੰਗਤ ਵਿਚ ਜੋ ਆਇ ਪਇਦੇ ਹੈਨ ਸੋ ਸੀਤਲ ਹੋ ਜਾਂਦੈ ਹਨ ਅਰ ਗੰਗਾ ਜੋ ਨਦੀ ਹੈ ਸੋ ਅਸਥਾਵਰ ਹੈ ਕਰੋਂਕਿ ਜੋ ਵਿਧ ਸੰਜੁਗਤ ਉਥੇ ਜਾਇ ਇਸਨਾਨ ਕਰਦੇ ਹਨ ਤਾਂ ਉਨਾਂ ਦਿਆਂ ਪਿਛਲਿਆਂ ਪਾਪਾਂ ਨੂੰ ਕਟਦੀ ਹੈ ਅਤੇ ਅਗੋਂ ਉਸਦਿਆਂ ਪਾਪਾਂ ਦੇ ਮਿਟਾਵਣ ਨੂੰ ਸਾਮਰਥਤਾ ਨਹੀਂ ਕਰਦੀ ॥ ਅਰ ਸਾਧ ਸੰਗਤ ਜੋ ਹੈ ਸੋ ਇਸਦੇ ਵਿਚ ਆਇਆਂ ਹੋਇਆਂ ਪਿਛਲੇ ਪਾਪ ਤਾਂ ਮਿਟ ਜਾਂਦੇ ਹਨ ਅਰ ਜੇ ਉਨਾਂ ਦੇ ਬਚਨ ਸੁਣੀਦੇ ਹੈਨ ਤਾਂ ਅਗੋਂ ਪਾਪਾਂ ਦੀਆਂ ਸਰਧਾ ਹਟ ਜਾਂਦੀਆਂ ਹੈਨ ਅਤੇ ਗੰਗਾ ਵਿਚ ਜੋ ਪਰਵੇਸ ਕਰਦਾ ਹੈ ਸੋ ਸਮੁੰਦਰ ਨੂੰ ਪ੍ਰਾਪਤ ਹੁੰਦਾ ਹੈ ਅਤੇ ਜੋ ਸਾਧ ਸੰਗਤ ਵਿਚ ਸਬਦ ਦਾ ਅਭਿਆਸ ਕਰਦਾ ਹੈ ਸੋ ਗੁਰੂ ਨੂੰ ਜਾਇ ਪ੍ਰਾਪਤ ਹੋਂਦਾ ਹੈ ਅਤੇ ਸਾਧ ਸੰਗਤ ਜੋ ਹੈ ਸੋ ਸੰਗਮ ਗੰਗਾ ਹੈ ਸੋ ਏਹ ਵਚਨ ਸੁਣਕੇ ਸਿਧ ਚਰਨੀ ਲਗੇ ॥ ਤਾਂ ਮਰਦਾਨੇ ਕਹਿਆ ਜੀ ਏਥੇ ਸੇਤ ਬੰਦ ਰਾਮੇਸਰ ਜੋ ਹੈ ਜਿਥੇ ਰਾਮ ਜੀ ਨੇ ਪਰਬਤਾਂ ਦੀ ਪੁਲ ਬਧੀ ਹੈ ਸੋ ਉਸ ਜਾਗਾਂ ਦਾ ਭੀ ਦਰਸਨ ਕਰੀਏ ॥

ਸਾਖੀ ਰਾਮੇਸਰ ਦੀ

ਤਾਂ ਬਾਬਾ ਅਤੇ ਮਰਦਾਨਾ ਅਰ ਬਾਲਾ ਤਿਨੇ ਪੁਲ ਤੇ ਆਏ ਤਾਂ ਮਰਦਾਨੇ ਪੁਛਿਆ ਬਾਬਾ ਜੀ ਸਿਵ ਦਾ ਜੋ ਏਥੇ ਲਿੰਙ ਹੈ ਸੋ ਕਿਸਨੇ ਥਾਪਿਆ ਹੈ ਤਾਂ ਬਾਬਾ ਬੋਲਿਆ ਜਬ ਮਹਾਰਾਜ ਸਮੁੰਦਰ ਸੇ ਪਾਰ ਉਤਰਣ ਲਗੇ ਹੈਨ ਤਾਂ ਬਾਂਦਰਾਂ ਨੂੰ ਆਗਿਆ ਕੀਤੀ ਜੋ ਪਹਾੜ ਉਠਾ ਲਿਆਵੋ ਸੋ ਪ੍ਰਿਥਮੇ ਜੋ ਆਰੰਭ ਕਰੀਤਾ ਹੈ ਤੋ ਗੁਰਦੇਵ ਜੀ ਦੀ ਪੂਜਾ ਅਰ ਅਰਦਾਸ ਕਰ ਲਈਦੀ ਹੈ ਤਾਂ ਫਿਰ ਵਿਘਨ ਕੋਈ ਨਹੀਂ ਪਉਂਦਾ ਸੋ ਇਸੀ ਲੀਏ ਮਹਾਰਾਜ ਨੇ ਇਥੇ ਸਿਵ ਦਾ ਲਿੰਗ ਅਸਥਾਪਨ ਕਰਕੈ ਪ੍ਰਿਥਮੈ ਪੂਜਾ ਕੀਤੀ ਹੈ ਤਾਂ ਬਹੁੜੋ ਪਰਬਤਾਂ ਤੇ ਰਾਮ ਕਾ ਨਾਮ ਲਿਖਿਆ ਹੈ ਤਾਂ

ਸਮੁੰਦਰ ਪਰ ਪੁਲ ਬੰਨ ਕੇ ਪਾਰ ਲੰਘੇ ਤਾਂ ਮਰਦਾਨੇ ਕਹਿਆ ਜੀ ਓਹ ਤਾਂ ਕਰਨ ਕਾਰਨ ਹੈਸਨ ਸੋ ਨਾਮ ਲਿਖਕੇ ਪਾਰ ਕਿਸ ਵਾਸਤੇ ਲੰਘੇ ਹੈਨ ਕਜੋਂਕਿ ਜੇ ਚਾਹਨਆਹ ਤਾਂ ਸਮੁੰਦ੍ਰ ਸੁਕਾਇ ਲਵਨਆਹ ਤਾਂ ਬਾਬਾ ਬੋਲਿਆ ਕਿ ਮਹਾਰਾਜ ਨੇ ਵਿਚਾਰਿਆ ਮੇਰਾ ਤਾਂ ਦਰਸਨ ਸਭਨਾ ਨਹੀਂ ਕਰਣਾ ਅਤੇ ਨਾਮ ਜਪ ਕੇ ਸਭਨਾ ਪਾਰ ਉਤਰਨਾ ਹੈ ॥ ਤਾਂਤੇ ਮੈਂ ਆਪਣੇ ਨਾਮ ਕਾ ਮਹਾਤਮ ਆਪੇ ਲਖਾਇ ਜਾਵੋਂ ਤਾਂ ਫਿਰ ਬਾਬੇ ਕਹਿਆ ਚਲੋ ਤੁਸਾਨੂੰ ਲੰਕਾ ਦਾ ਭੀ ਦਰਸਨ ਕਰਵਾਈਏ ਤਾਂ ਮਰਦਾਨੇ ਕਹਿਆ ਪੁਲ ਦੇ ਉਪਰ ਹੀ ਲੰਘੇ ਚਲੀਏ ਤਾਂ ਬਾਬੇ ਕਹਿਆ ਪੁਲ ਤਾਂ ਟੁਟੀ ਹੋਈ ਹੈ ਪਰ ਜਿਸ ਨਾਮ ਕਰਕੇ ਪੁਲ ਬਧੀ ਹੈ ਉਸੇ ਨਾਮ ਦੇ ਆਸਰੇ ਤੁਸਾਨੂੰ ਪਾਰ ਲੈ ਜਾਵਾਂਗੇ ਤਾਂ ਬਾਬਾ ਜੀ ਮਰਦਾਨੇ ਨੂੰ ਅਤੇ ਬਾਲੇ ਨੂੰ ਲੈਕਰ ਟੁਰਿਆ ॥

ਸਾਖੀ ਮਛ ਦੀ

ਤਾਂ ਅਗੇ ਜਾਂਦੇ ਜਾਂਦੇ ਜਾਂ ਇਕ ਮਛ ਪਇਆ ਹੈਸੀ ਸੋ ਪਚੀਸ ਜੋਜਨ ਲੰਬਾ ਸੀ ਅਤੇ ਜੋਜਨ ਭਰ ਚੌੜਾ ਸੀ ਤਾਂ ਬਾਬਾ ਅਤੇ ਮਰਦਾਨਾ ਤਿੰਨੇ ਉਸੇ ਰਾਹੋਂ ਹੀ ਚਲੇ ਸੋ ਜਾਂਦੇ ਜਾਂਦੇ ਜਾਂ ਮਛ ਦੇ ਸਿਰਤੇ ਪਹੁਚੇ ਤਾਂ ਮਛ ਦਾ ਵਡਾ ਸਿਰ ਵੇਖਕੇ ਮਰਦਾਨੇ ਕਹਿਆ ਬਾਬਾ ਜੀ ਜੇ ਏਹ ਮਛ ਸਾਨੂੰ ਚਾਹੇ ਤਾਂ ਨਿਗਲ ਲਵੇ ਪਰ ਪ੍ਰਮੇਸਰ ਦੇ ਭੈ ਤੋਂ ਡਰਦਾ ਕਹਿੰਦਾ ਕੁਛ ਨਹੀਂ ਤਾਂ ਬਾਬੇ ਕਹਿਆ ਤੁਸੀਂ ਇਥੇ ਬੈਠ ਜਾਵੋ ਅਸਾਂ ਮਛ



ਨਾਲ ਇਕ ਦੋਇ ਗਲਾਂ ਕਰਨੀਆਂ ਹੈਨ ਤਾਂ ਬਾਬਾ ਭੀ ਅਰ ਮਰਦਾਨਾ ਤੇ ਬਾਲਾ ਭੀ ਤਿੰਨੇ ਬੈਠ ਗਏ ਤਾਂ ਬਾਬੇ ਪੁਛਿਆ ਭਾਈ ਤੂੰ ਕਵਣ ਹੈਂ ਅਰ ਤੁਧ ਮਛ ਦਾ ਰੂਪ ਕਿਸ ਕਰਕੇ ਧਾਰਿਆ ਹੈ ਤਾਂ ਉਸ ਕਹਿਆ ਜੀ ਮੈਂ ਰਾਜੇ ਜਨਕ ਦਾ ਸਿਖ ਸਾਂ ਅਰ ਇਕ ਸਮੇਂ ਮੈ ਬਾਰਾਂ ਬਰਸਾਂ ਦੀ ਜਲਦੀ ਤਪਸਿਆ ਦਾ ਆਰੰਭ ਕੀਤਾ ਸੀ ਅਰ ਨਦੀ ਵਿਚ ਕੰਠ ਪ੍ਰਯੰਤ ਜਲ ਵਿਚ ਬੈਠਾ ਰਹਿੰਦਾ ਸਾਂ ਅਤੇ ਜਦ ਯਾਰਾਂ ਬਰਸ ਬੀਤੇ ਤਾਂ ਰਾਜਾ ਜਨਕ ਨਦੀ ਤੇ ਇਸਨਾਨ ਕਰਨ ਆਇਆ ਤਾਂ ਮੈ ਜਾਇ ਚਰਨੀ ਲਗਾ ਤਾਂ ਰਾਜੇ ਕਹਿਆ ਤੁਧ ਬਹੁਤ ਤਪ

ਕੀਤਾ ਹੈ ਸੋ ਹੁਣ ਚਲ ਕਰ ਸੰਤਾਂ ਦੀ ਸੇਵਾ ਕਰ ਅਤੇ ਗੋਬਿੰਦ ਦਾ ਜਸ ਸੁਣ ਜੋ ਤੇਰਾ ਉਧਾਰ ਹੋਵੇ ਤਾਂ ਮੈਂ ਕਹਿਆ ਜੀ ਇਕ ਬਰਸ ਮੇਰੀ ਹੋਰ ਤਪਸਿਆ ਰਹਿੰਦੀ ਹੈ ਤਾਂ ਰਾਜੇ ਕਹਿਆ ਤੁਧ ਅਸਾਡੀ ਆਗਿਆ ਨਹੀਂ ਮੰਨੀ ਤਾਂਤੇ ਤੂੰ ਕੋਈ ਬਡਾ ਜਲ ਦਾ ਜੀਵ ਹੋਵੈਂਗਾ ਸੋ ਤੇਰੇ ਉਤੇ ਚਰਨ ਰਖਣਗੇ ਤਦ ਤੇਰਾ ਉਧਾਰ ਹੋਵੇਗਾ ਤਾਂ ਮੈਂ ਚਰਨਾ ਤੇ ਡਿਗ ਪਿਆ ਅਰ ਬੇਨਤੀ ਕਰੀ ਜੋ ਮੇਰਾ ਉਧਾਰ ਕਿਉਂਕਰ ਹੋਵੈਗਾ ਤਾਂ ਬਚਨ ਹੋਇਆ ਜਦ ਮਹਾਰਾਜ ਪੂਰਨ ਬ੍ਰਹਮ ਕਲਜੁਗ ਦੇ ਉਧਾਰ ਵਾਸਤੇ ਗੁਰੂ ਨਾਨਕ ਜੀ ਦਾ ਅਵਤਾਰ ਧਾਰਨਗੇ ਅਰ ਤੂੰ ਮਛ ਹੋਵੈਂਗਾ ਸੋ ਤੇਰੇ ਉਤੇ ਚਰਨ ਰਖਣਗੇ ਤਦ ਤੇਰਾ ਉਧਾਰ ਹੋਵੇਗਾ ਤਾਂ ਮੈਂ ਕਹਿਆ ਜੀ ਮੈਂ ਕਿਉਂ ਕਰ ਜਾਣਾਗਾ ਜੋ ਏਹ ਗੁਰੂ ਨਾਨਕ ਜੀ ਹੈਨ ਤਾਂ ਬਚਨ ਹੋਇਆ ਕਿ ਜਦ ਤੇਰੇ ਉਤੇ ਚਰਨ ਰਖਣਗੇ ਤਾਂ ਤੈਨੂੰ ਪਿਛਲੇ ਜਨਮ ਦੀ ਸੋਝੀ ਹੋਇ ਆਵੇਗੀ ਸੋ ਹੁਣ ਤੁਸਾਡੇ ਦਰਸਨ ਕਰਕੇ ਮੈਨੂੰ ਸੋਝੀ ਹੋਇ ਆਈ ਤਾਂਤੇ ਤੁਸੀਂ ਹੁਣ ਕਿਰਪਾ ਕਰੋ ਜੋ ਮੇਰਾ ਉਧਾਰ ਹੋਵੇ ਤਾਂ ਬਚਨ ਹੋਇਆ ਕਿ ਸਤਜੁਗ ਵਿਚ ਲਖ ਬਰਸ ਤਪ ਕੀਤਿਆਂ ਜੋ ਫਲ ਹੁੰਦਾ ਸੀ ਅਰ ਤ੍ਰੇਤੇ ਵਿਚ ਦਸ ਹਜਾਰ ਬਰਸ ਤਪ ਕੀਤਿਆਂ ਜੋ ਫਲ ਹੁੰਦਾ ਸੀ ਅਰ ਦੁਆਪਰ ਵਿਚ ਇਕ ਹਜਾਰ ਬਰਸ ਤਪ ਕੀਤਯਾਂ ਫਲ ਹੁੰਦਾ ਸੀ ਸੋ ਕਲਜੁਗ ਦੇ ਵਿਚ ਇਕ ਦਿਨ ਦਿਆਂ ਭਜਨ ਕੀਤਿਆਂ ਫਲ ਹੁੰਦਾ ਹੈ ਤਾਂਤੇ ਤੂੰ ਅਠ ਪਹਿਰ ਵਾਹਗੁਰੂ ਵਾਹਗੁਰੂ ਜਪਦਾ ਰਹੁ ਸੋ ਅਸੀਂ ਭੀ ਅਜ ਡੇਰਾ ਏਥੇ ਹੀ ਕਰਦੇ ਹਾਂ ਅਰ ਭਲਕੇ ਤੇਰਾ ਉਧਾਰ ਕਰਕੇ ਅਸੀਂ ਜਾਵਾਂਗੇ ਤਾਂ ਓਹ ਅਠ ਪਹਰ ਵਾਹਗੁਰੂ ਜਪਦਾ ਰਹਿਆ ਸੋ ਜਾਂ ਭਲਾਂਗ ਹੋਈ ਤਾਂ ਉਹ ਮਛ ਦਾ ਸਰੀਰ ਛੋਡਕੇ ਅਤੇ ਜੋਤ ਦਾ ਸਰੂਪ ਧਾਰਕੇ ਅਰ ਬਾਬੇ ਦੇ ਅਗੇ ਮਥਾ ਟੇਕਕੇ ਬੈਕੁੰਠ ਧਾਮ ਨੂੰ ਜਾਇ ਪ੍ਰਾਪਤ ਭਇਆ ਅਰ ਅਕਾਸ ਮੰਡਲ ਮੈਂ ਬਹੁਤ ਮੰਗਲ ਕੇ ਬਾਜੇ ਬਜੇ ਅਰ ਜ ਜੈ ਕਾਰ ਸਭਨਹੁ ਦੇਵਤਿਅਹੁ ਨੇ ਕੀਆ ॥ ਤਾਂ ਫਿਰ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਬਾਲੇ ਅਰ ਮਰਦਾਨੇ ਨੂੰ ਕਹਿਆ ਕਿ ਤੁਸੀਂ ਅਖੀਆਂ ਮੀਟੋ ਸੋ ਜਦ ਉਨਾਂ ਅਖੀਆਂ ਮੀਟ ਕੇ ਖੋਲੀਆਂ ਤਾਂ ਕੀ ਵੇਖਨ ਜੋ ਲੰਕਾ ਦਾ ਬੁਰਜ ਅਤੇ ਕਿਲਾ ਪਿਆ ਨਜਰ ਆਂਵਦਾ ਹੈ



ਅਤੇ ਬਹੁਤ ਰਾਕਸ ਫਿਰਦੇ ਹੈਨ ਤਾਂ ਮਰਦਾਨਾ ਦੇਖਕੇ ਬਹੁਤ ਭੈਮਾਨ ਹੋਇਆ ਜੋ ਏਹ

ਰਾਖਸ ਸਾਨੂੰ ਭਖ ਜਾਵਨਗੇ ਤਾਂ ਬਾਬੇ ਨੇ ਆਖਿਆ ਹੇ ਮਰਦਾਨਿਆ ਤੂੰ ਸਬਦ ਸੁਣਦਾ ਭੀ ਅਰ ਪੜਦਾ ਭੀ ਹੈਂ ਕਿ ਜਉਲਗ ਤੇਰਾ ਭਰਮ ਨ ਮਿਟਹਿਗਾ ਤਾਂ ਜਿਵੇਂ ਕਿਸੇ ਨੂੰ ਭੂਤ ਚੰਬੜਦਾ ਹੈ ਤੇ ਉਸਨੂੰ ਆਪਣਾ ਸਰੂਪ ਭੁਲ ਜਾਂਦਾ ਹੈ ਅਤੇ ਉਹ ਆਪ ਨੂੰ ਭੂਤ ਹੀ ਕਰ ਜਾਣਤਾ ਹੈ ਤੇ ਉਹ ਸੁਖੀ ਨਹੀਂ ਹੋਤਾ ਪਰ ਜੇ ਉਸਨੂੰ ਮੰਤ੍ਰ ਝਾੜਦੇ ਹਨ ਅਰ ਭੂਤ ਉਸਦਾ ਦੂਰ ਹੋ ਜਾਂਦਾ ਹੈ ਤੇ ਫਿਰ ਉਸਨੂੰ ਮਹਾਂ ਸੁਖ ਦੀ ਪ੍ਰਾਪਤੀ ਹੁੰਦੀ ਹੈ ਸੋ ਤੈਸੇ ਤੈਨੂੰ ਦੇਹ ਅਭਮਾਨ ਰੂਪੀ ਪ੍ਰੇਤ ਚੰਬੜਿਆ ਹੋਇਆ ਹੈ ਪਰ ਸਤਿਗੁਰਾਂ ਦੇ ਬਚਨ ਜੇਹੜੇ ਹੈਨ ਸੋ ਜੇ ਤੂੰ ਇਨਾਂ ਨੂੰ ਰਿਦੇ ਵਿਚ ਵਸਾਵੇਂਗਾ ਤਾਂ ਤੇਰਾ ਦੇਹ ਅਭਮਾਨ ਮਿਟ ਜਾਵੈਗਾ ॥

ਸਾਖੀ ਲੰਕਾ ਪੁਰੀ ਦੀ

ਅਰ ਫਿਰ ਮਹਾ ਅਨੰਦ ਦੀ ਪ੍ਰਾਪਤੀ ਹੋਵੈਗੀ ਤਾਂ ਮਰਦਾਨੇ ਕਹਿਆ ਜੀ ਮੈ ਅਗੇ ਪੜਦਾ ਸੁਣਦਾ ਸਾਂ ਪਰ ਸਮਝ ਨਾਹੀਂ ਸੀ ਆਂਵਦੀ ਤੇ ਹੁਣ ਤੁਸਾਡੇ ਵਚਨਾਂ ਕੋ ਸੁਣਕਰ ਸਮਝ ਆਈ ਹੈ ਸੋ ਅਬ ਮੈਂ ਦੇਹ ਨੂੰ ਅਨਿਤ ਕਰ ਜਾਤਾ ਹੈ ਸੋ ਹੁਣ ਭਾਵੇਂ ਸੌ ਬਰਸ ਜੀਵੇ ਤੇ ਭਾਵੇਂ ਹੁਣੇ ਮਿਟ ਜਾਵੇ ਅਰ ਮੈਨੂੰ ਇਸਦੇ ਨਾਲ ਪਰਜੋਜਨ ਅਤੇ ਕੋਈ ਨਹੀਂ ਜੈਸੇ ਸਰਪ ਕੁੰਜ ਨੂੰ ਸੁਟਘਤਦਾ ਹੈ ਅਰ ਚਿੰਤਾ ਉਸਦੀ ਫੇਰ ਨਹੀਂ ਕਰਦਾਂ ਸੋ ਤੈਸੇ ਹੀ ਮੈਂ ਦੇਹ ਅਭਮਾਨ ਸੁਟਘਤਜਾ ਹੈ ਤਾਂਤੇ ਹੁਣ ਮੈਨੂੰ ਸਭੇ ਭੈ ਦੂਰ ਹੋ ਗਏ ਹਨ ਸੋ ਏਹੀ ਚਰਚਾ ਬਾਬਾ ਜੀ ਜਦ ਕਰਦੇ ਹੈਸਨ ਤਉਲਗ ਦੋਇ ਰਾਕਸ ਆਨ ਖੜੇ ਹੋਏ ਅਰ ਉਨਾਂ ਕਹਿਆ ਤੁਸੀਂ ਕਵਣ ਹੋ ਅਰ ਕਿਧਰੋਂ ਆਏ ਹੋ ਤਾਂ ਬਾਬੇ ਕਹਿਆ ਅਸੀ ਰਾਮ ਚੰਦ ਕੇ ਦੂਤ ਹਾਂ ਅਤੇ ਭਭੀਛਨ ਨੂੰ ਮਿਲਣ ਆਏ ਹਾਂ ਤਾਂ



ਉਨਾਂ ਰਾਕਸਾਂ ਨੇ ਭਭੀਛਨ ਨੂੰ ਜਾਇ ਕਹਿਆ ਕਿ ਤਿੰਨ ਮਨੁਖ ਬਾਗ ਵਿਚ ਆਇ ਬੈਠੇ ਹਨ ਅਰ ਕਹਿੰਦੇ ਹਨ ਕਿ ਅਸੀਂ ਸ੍ਰੀ ਰਾਮਚੰਦ ਕੇ ਦੂਤ ਆਏ ਹਾਂ ਤਾਂ ਉਸੇ ਵੇਲੇ ਭਭੀਛਨ ਉਠ ਤੁਰਿਆ ਅਰ ਪੈਰੀ ਜੋੜਾ ਭੀ ਨ ਪਾਇਆ ਅਰ

ਨਾਲ ਦੋਇ ਮੰਤ੍ਰੀ ਲੈਕਰ ਨਠ ਤੁਰਿਆ ਅਰ ਉਨਾਂ ਰਾਕਸਾਂ ਨੂੰ ਅੰਗੇ ਕਰਕੇ ਬਾਬਾ ਜੀ ਦੇ ਅਗੇ ਮਥਾ ਆਣ ਟੇਕਿਆ ਅਰ ਅਗੇ ਪ੍ਰਸਾਦਿ ਆਣ ਰਖਿਆ ਅਰ ਰਾਮ ਰਾਮ ਆਣ ਕੇ ਉਚਾਰਨ ਕੀਤਾ ਤਾਂ ਬਾਬੇ ਕਹਿਆ ਜਦ ਦਾ ਤੂੰ ਸ੍ਰੀ ਰਾਮਚੰਦ ਜੀ ਤੋਂ ਵਿਛੜਿਆ ਹੈਂ ॥ ਸੋ ਜਦ ਦੀ ਤੇਰੀ ਕਿਉਂਕਰ ਗੁਜਰਨਾਨ ਹੋਂਦੀ ਹੈ ਤਾਂ ਭਭੀਛਨ ਕਹਿਆ ਜੋ ਜੀ ਜਦ ਦਾ ਸ੍ਰੀ ਰਾਮ ਜੀ ਤੋਂ ਵਿਛੜਿਆ ਹਾਂ ਸੋ ਓਦੋਂ ਦਾ ਨਾਮ ਮੈਂ ਉਨਾਂ ਦਾ ਰਿਦੇ ਵਿਖੇ ਧਾਰਿਆ ਹੈ ਸੋ ਤਦਦਾ ਹੀ ਮੈ ਆਪ ਨੂੰ ਵਿਛੜਿਆ ਨਹੀਂ ਜਾਣਦਾ ਕਹੋਂ ਜੋ ਮਹਾਰਾਜ ਮੈਨੂੰ ਕਹਿਆ ਸੀ ਕਿ ਸਰੀਰਾਂ ਦਾ ਮਿਲਣਾ ਅਤੇ ਵਿਛੜਨਾ ਹੋਂਦ ਹੈ ਅਤੇ ਜੋ ਨਾਮ ਨੂੰ ਰਿਦੇ ਵਿਚ ਧਾਰਦੇ ਹੈਨ ਸੋ ਕਦੀ ਨਹੀਂ ਵਿਛੜਦੇ ਤਾਂਤੇ ਮੈਂ ਨਾਮ ਅਤੇ ਨਾਮੀ ਨੂੰ ਅਭੇਦ ਜਾਣਨਾ ਹਾਂ ਅਤੇ ਜਦ ਮੈਂ ਅੰਗਦ ਦੇ ਨਾਲ ਸ੍ਰੀ ਰਾਮ ਜੀ ਨੂੰ ਜਾਇ ਮਿਲਿਆ ਸੀ ਤਾਂ ਪ੍ਰਿਥਮੇ ਮੇਰੇ ਮਨ ਵਿਚ ਇਹ ਸਰਧਾ ਸੀ ਕਿ ਮਹਾਰਾਜ ਮੈਨੂੰ ਲੰਕਾ ਦਾ ਰਾਜ ਦੇ ਦੇਵਨਗੇ ਪਰ ਜਦ ਮੈਂ ਸ੍ਰੀ ਰਾਮ ਜੀ ਦਾ ਦਰਸਨ ਕੀਤਾ ਅਤੇ ਉਨਾਂ ਦੇ ਵਚਨ ਸੁਣੇ ਤਾਂ ਮੈਂ ਕਹਿਆ ਕਿ ਰਾਜ ਤਾਂ ਅੰਧਰੂਪ ਹੈ ਅਰ ਇਸਦੇ ਧੰਧਿਆਂ ਵਿਚ ਪਇਆਂ ਹੋਇਆਂ ਮੈਨੂੰ ਫੇਰ ਮਹਾਰਾਜ ਦਾ ਦਰਸਨ ਕਦ ਹੋਵਣਾ ਹੈ ਤਾਂ ਮੈਂ ਨਿਹਕਾਮ ਹੋਕੇ ਅਸਟਾਂਗ ਡੰਡਉਤ ਕੀਤੀ ਤਾਂ ਅਗੋਂ ਮਹਾਰਾਜ ਬਚਨ ਕੀਤਾ ਆਉ ਲੰਕੇਸ ਤਾਂ ਮੈਂ ਬੇਨਤੀ ਕੀਤੀ ਜੋ ਮੇਰੇ ਮਨ ਵਿਚ ਤਾਂ ਰਾਜ ਦੀ ਆਸਾ ਕਾਈ ਨਹੀਂ ਤਾਂ ਆਗਿਆ ਹੋਈ ਕਿ ਜਦ ਤੂੰ ਘਰ ਥੀ ਟੁਰਿਆ ਸਾਂਏ ਤਉ ਤੇਰੇ ਮਨ ਵਿਚ ਚਾਹ ਹੈਸੀ ਅਤੇ ਹੁਣ ਦਰਸਨ ਕਰਕੇ ਤੂੰ ਨਿਰਚਾਹ ਹੋਇਆ ਹੈ ਪਰ ਅਸਾਡਾ ਬਿਰਦ ਹੈ ਜੋ ਪ੍ਰਿਥਮੇ ਤਾਂ ਅਸੀਂ ਜਗਿਆਸੀਆਂ ਦੀਆਂ ਕਾਮਨਾਂ ਪੂਰੀਆਂ ਕਰਦੇ ਹਾਂ ਅਤੇ ਪਿਛੋਂ ਉਸਨੂੰ ਨਿਹਕਾਮ ਪਦਵੀ ਦੇਂਦੇ ਹਾਂ ॥

ਜੋ ਜੈਸੇ ਜਰਾਹ ਅਥਵਾ ਜੋ ਨਾਈ ਹੈ ਸੋ ਪ੍ਰਿਥਮੇ ਘਾਉਂਦੀਆਂ ਗਿਰਝਾਂ ਧੋਂਵਦਾ ਹੈ ਅਰ ਪਿਛੋਂ ਮਲਮ ਲਾਇਕੇ ਘਾਉ ਨੂੰ ਅਛਾ ਕਰਦਾ ਹੈ ਅਤੇ ਜੇ ਗਿਰਝਾਂ ਵਿਚੇ ਰਹਿੰਦੀ-ਆਂ ਹੈਨ ਤਾਂ ਫੇਰ ਫੁਟ ਨਿਕਲਦਾ ਹੈ ਤੈਸੇ ਹੀ ਜੇ ਪਹਿਲੇ ਜਗਿਆਸੀ ਦੀਆਂ ਕਾਮਨਾ ਪੂਰੀਆਂ ਕਰੀਦੀਆਂ ਹੈਨ ਤਾਂ ਪਿਛੋਂ ਉਸਨੂੰ ਗਿਆਨ ਦਿਚਦਾ ਹੈ ਨਹੀਂ ਤਾਂ ਵਾਸਨਾ ਫੇਰ ਵਿਖਿਆਂ ਵਲ ਵਰਤ ਜਾਂਦੀਆਂ ਹੈਨ ਤਾਂਤੇ ਤੂੰ ਰਾਜ ਭੀ ਕਰ ਅਤੇ ਕਥਾ ਕੀਰਤਨ ਭੀ ਸੁਣਿਆਂ ਕਰ ਅਰ ਜੈਸੇ ਕੂਪ ਮੈ ਲਜ ਪਾਈਦੀ ਹੈ ਤਾਂ ਪੁਰਸ ਕੂਪਸੇ ਨਿਕਸ ਆਂਵਦਾ ਹੈ ਤੈਸੇ ਜੋ ਮਹਾਰਾਜ ਦੀ ਕਥਾ ਕੀਰਤਨ ਸੁਣਦੇ ਰਹਿੰਦੇ ਹੈਨ ਸੋ ਰਾਜ ਵਿਚ ਭੀ ਉਨਾਂ ਨੂੰ ਨਿਹਕਾਮ ਪਦਵੀ ਪ੍ਰਾਪਤ ਹੋਂਦੀ ਹੈ ਤਾਂਤੇ ਰਾਮ ਨਾਮ ਸਭ ਸਦਾ ਉਧਾਰ ਕਰਤਾ ਹੈ ਤਾਂ ਬਾਬੇ ਕਹਿਆ ਤੂੰ ਧੰਨ ਹੈਂ ਅਰ ਚਿਰੰਜੀਵ ਦੀ ਪਦਵੀ

ਤੈਨੂੰ ਤਉਹੀ ਦਿਤੀ ਹੈ ਜੋ ਤੇਰੇ ਭੈਕਰ ਸਭ ਰਾਕਸ ਭੈ ਵਿਚ ਰਹਿੰਦੇ ਹਨ ਤਾਂ ਭਭੀਛਨ ਕਹਿਆ ਕਿ ਮਹਾਰਾਜ ਦੀ ਆਗਿਆ ਹੈ ਜੋ ਮੈ ਈਸੂਰ ਅਵਤਾਰ ਨਮਿਤ ਮਾਤਰ ਧਾਰਦਾ ਹਾਂ ਅਤੇ ਸੰਤ ਅਵਤਾਰ ਮੇਰੇ ਨਿਤ ਹਨ ਸੋ ਤੁਸਾਂ ਨੇ ਸੰਤਾਂ ਵਿਚ ਅਰ ਮੇਰੇ ਵਿਚ ਭੇਦ ਨਹੀਂ ਜਾਣਨਾ ਤਾਂਤੇ ਹੇ ਮਹਾਰਾਜ ਤੁਸੀਂ ਮੈਨੂੰ ਕੁਛ ਉਪਦੇਸ ਕਰੋ ਤਾਂ ਬਾਬਾ ਬੋਲਿਆ ॥ ਗੁਰਮੁਖਿ ਬਾਧਿਓ ਸੇਤ ਬਿਧਾਤੇ ॥ ਲੰਕਾ ਲੂਟੀ ਦੈਂਤ ਸੰਤਾਪੇ ॥ ਰਾਮਚੰਦ ਮਾਰਿਓ ਅਹਿ ਰਾਵਣ ॥ ਭੇਦ ਬਿਭੀਖਣ ਗੁਰਮੁਖਿ ਪਰਚਾਇਣ॥ ਗੁਰਮੁਖਿ ਸਾਇਰ ਪਾਹਨਤਾਰੇ ॥ ਗੁਰਮੁਖਿ ਕੋਟਿ ਤੇਤੀਸ ਉਧਾਰੇ ॥

ਜਿਸ ਸਮੇਂ ਮਹਾਰਾਜ ਨੇ ਸਮੁੰਦ੍ਰ ਤੇ ਪੁਲ ਬਧੀ ਹੈ ਤਾਂ ਗੁਰਾਂ ਦਾ ਧਿਆਨ ਕਰਕੇ ਰਾਮ ਨਾਮ ਪਰਬਤਾਂ ਤੇ ਲਿਖਿਆ ਸੋ ਜਲ ਤੇ ਤਰੇ ਤਾਂ ਲੰਕਾ ਨੂੰ ਲੁਟਿਆ ਅਤੇ ਦੈਤਾਂ ਨੂੰ ਤੁਪਾਇਆ ਅਰ ਰਾਮ ਜੀ ਨੇ ਸਰਪ ਦੀ ਨਿਆਈਂ ਜੋ ਰਾਵਣ ਹੈਸੀ ਤਿਸ ਨੂੰ ਮਾਰਿਆ ਪਰ ਭਭੀਛਨ ਤੂੰ ਜੋ ਗੁਰਮੁਖਿ ਹੈ ਸੋ ਤੁਧ ਭੇਦ ਦਿਤਾ ਸੋ ਗੁਰਾਂ ਦੇ ਸਬਦ ਕਰਕੇ ਸਮੁੰਦਰ ਤੇ ਪਰਬਤ ਤਰੇ ਹੈਨ ਅਤੇ ਗੁਰਮੁਖਿ ਜੋ ਰਾਮ ਜੀ ਹੈਨ ਸੋ ਤਿਨਾਂ ਕੋਟਿ ਤੇਤੀਸ ਦੇਵਤਿਆਂ ਦਾ ਛੁਟਕਾਰਾ ਕੀਤਾ ਅਰ ਦੂਜਾ ਅਰਥ ਏਹ ਹੈ ਕਿ ਗੁਰਾਂ ਦੇ ਵਚਨ ਜੋ ਹੈਨ ਸੋ ਭਉਜਲ ਦੇ ਵਿਚ ਪੁਲ ਬਧਾ ਹੈ ਅਰ ਲੰਕਾ ਜੋ ਅਵਿਦਿਆ ਹੈ ਸੋ ਤਿਨਾ ਲੁਟੀ ਹੈ ਅਰ ਕਾਮ ਕ੍ਰੋਧ ਆਦਿਕ ਜੋ ਦੈਂਤ ਹੈਨ ਸੋ ਤਿਨਾ ਨੂੰ ਮਾਰਿਆ ਹੈ ਅਰ ਸ੍ਰੀ ਰਾਮ ਜੀ ਦਾ ਨਾਮ ਚੰਦ੍ਰਮਾ ਵਤ ਹੈ ਸੋ ਉਸਦੇ ਅਭਿਆਸ ਕਰ ਮਨਰੂਪੀ ਭੁਜੰਗ ਜੋ ਸਰਬ ਦੇ ਰੁਆਵਣ ਹੈ ਤਿਸਨੂੰ ਮਾਰ ਕਰ ਵਸ ਕੀਤਾ ਹੈ ਅਰ ਗੁਰਮੁਖਿ ਜੋ ਸੰਤ ਹੈਨ ਸੋ ਉਨਾਂ ਨੇ ਮਨਦੇ ਮਾਰਨ ਦਾ ਭੇਦ ਦਸਿਆ ਹੈ ਅਰ ਗੁਰਾਂ ਦੇ ਵਚਨ ਕਰ ਅਗਿਆਨ ਰੂਪੀ ਸਮੁੰਦਰ ਵਿਚ ਪਥਰ ਰੂਪੀ ਜੋ ਅਗਿਆਨੀ ਸਨ ਸੋ ਉਨਾਂ ਨੂੰ ਤਾਰਿਆ ਅਰ ਤੇਤੀਸ ਕਰੋੜੀ ਜਗਿਆਸੀ ਦੇਵਤਿਆਂ ਦੀ ਨਿਆਈ ਹੈਸਨ ਤਿਨਾਂ ਦਾ ਉਧਾਰ ਕੀਤਾ ਸੋ ਤੁਸਾਂ ਗੁਰਾਂ ਦੇ ਵਚਨਾਂ ਦਾ ਅਭਿਆਸ ਅਤੇ ਰਾਮ ਨਾਮ ਦਾ ਭਜਨ ਕਰਨਾ ਅਰ ਸੰਤਾਂ ਦਾ ਸੰਗ ਕਰਨਾ ਸੋ ਏਹੋ ਤੁਹਾਨੋ ਸਚਾ ਉਪਦੇਸ ਹੈ ਤਾਂ ਮਰਦਾਨੇ ਕਹਿਆ ਇਥੇ ਹਨੂੰਮਾਨ ਸੁਣੀਦਾ ਸੀ ਤਾਂ ਭਭੀਛਨ ਕਹਿਆ ਰਾਵਣ ਦੀ ਚਿਖਾ ਤੇ ਰਾਮ ਜੀ ਹਨੂੰਮਾਨ ਨੂੰ ਬੈਠਾਇਆ ਹੈ ਸੋ ਜੇ ਤੁਸੀਂ ਬਚਨ ਕਰੋ ਤਾਂ ਸਦ ਲਿਆਵੀਏ ਪਰ ਓਹ ਸ੍ਰੀ ਰਾਮ ਜੀ ਤੋਂ ਬਿਨਾ ਹੋਰ ਕਿਸੇ ਨੂੰ ਮਥਾ ਨਹੀਂ ਟੇਕਦਾ ਤਾਂ ਬਾਬੇ ਕਹਿਆ ਉਸਨੂੰ ਅਸੀਂ ਸ੍ਰੀ ਰਾਮ ਜੀ ਦਾ ਰੂਪ ਹੀ ਧਾਰ ਕੇ ਦਰਸਨ ਦੇਵਾਂਗੇ ਤਾਂ ਭਭੀਛਨ ਦਾ ਦੂਤ ਜਾਇਕੇ ਹਨੂੰਮਾਨ ਨੂੰ ਬੁਲਾਇ ਲਿਆਇਆ ਤਾਂ ਫਿਰ ਬਾਬਾ ਜੀ ਰਾਮ ਜੀ ਦਾ ਰੂਪ ਧਾਰਿਆ ਅਰ ਬਾਲੇ ਨੂੰ ਲਛਮਨ ਕਾ ਰੂਪ ਕੀਆ ਅਤੇ ਮਰਦਾਨੇ

ਨੂੰ ਸੀਤਾ ਕਾ ਰੂਪ ਕੀਆ ਤਾਂ ਹਨੂੰਮਾਨ ਨੇ ਮਥਾ ਟੇਕਿਆ ਤਾਂ ਬਚਨ ਹੋਇਆ ਤੂੰ ਜੋ ਸਾਨੂੰ ਸਰਬ ਬਿਆਪੀ ਜਾਣੇਗਾ ਤਾਂ ਵਿਛੜੇਗਾ ਕਦੀ ਨਹੀਂ ਸੋ ਤੂੰ ਏਹ ਜਾਣ ਜੋ ਜਿਤਨੇ ਸਰੂਪ ਹੈ ਸੋ ਸੀਤਾ ਦੇ ਧਾਰੇ ਹੋਏ ਹੈਨ ਅਰ ਸੋਈ ਰਾਮ ਅਰ ਲਛਮਨ ਕਾ ਰੂਪ ਧਾਰਿਆ ਹੈ ਸੋਈ ਸੀਤਾ ਹਨੂੰਮਾਨ ਅਰ ਸੁਗ੍ਰੀਵ ਅਰ ਜਾਮਵੰਤ ਅਰ ਕਪਾਂ ਭਾਲਕਾਂ ਦਾ ਰੂਪ ਧਾਰਿਆ ਹੈ ਅਰ ਸੋਈ ਸੀਤਾ ਰਾਵਨ ਅਰ ਭਭੀਛਨ ਅਰ ਹੋਰ ਰਾਕਸਾਂ ਦਾ ਰੂਪ ਧਾਰਿਆ ਹੈ ਅਰ ਸ੍ਰੀ ਰਾਮ ਜੀ ਕੀ ਸਤਿਆ ਕਰ ਹੀ ਜਗਤ ਨੂੰ ਉਤਪਤ ਕੀਆ ਕਰਤੀ ਹੈ ਅਰ ਸੀਤਾ ਹੀ ਪਰਲੈ ਕਰਤੀ ਹੈ ਅਰ ਇਸਥਿਰ ਕਰਤੀ ਹੈ ਅਰ ਸ੍ਰੀ ਰਾਮ ਜੀ ਸਰਬ ਬਿਆਪੀ ਹੈ ਅਰ ਅਫੁਰ ਹੈਂ ਤੇ ਤੂੰ ਆਪ ਨੂੰ ਕਿਆ ਜਾਣਨਾ ਹੈਂ ਤਾਂ ਹਨੂੰਮਾਨ ਕਹਿਆ ਜੋ ਕਰਮਾਂ ਕਰਕੇ ਤਾਂ ਮੈਂ ਆਪ ਨੂੰ ਜੀਵ ਜਾਣਨਾ ਹਾਂ ਅਰ ਤੁਸਾਨੂੰ ਪਰਮੇਸਰ ਕਰ ਜਾਣਨਾਂ ਹਾਂ ਅਰ ਉਪਾਸਨਾ ਕਰਕੇ ਆਪ ਨੂੰ ਦਾਸ ਜਾਣਨਾ ਹਾਂ ਅਰ ਗਿਆਨ ਕਰਕੇ ਤੁਸੀਂ ਹੀ ਵਿਆਪੇ ਹੋਏ ਹੋ ਅਰ ਮੈਂ ਕੁਝ ਨਹੀਂ ਤਾਂ ਬਚਨ ਹੋਇਆ ਤੂੰ ਜਾਹੁ ਜਿਥੋਂ ਆਇਆ ਹੈ ਅਰ ਓਥੇ ਹੀ ਚਲਕੇ ਬੈਠ ਕਜੋਂ ਜੋ ਤੇਰਾ ਕਾਰਜ ਹੋਇਆਂ ਹੈ ਤਾਂ ਹਨੂੰਮਾਨ ਕਹਿਆ ਜੀ ਮੈਂ ਆਖਦਾ ਹਾਂ ਜੋ ਤੁਸਾਡੇ ਨਾਲ ਰਹਾਂ ਤਾਂ ਬਚਨ ਹੋਇਆ ਕਿ ਜਿਥੇ ਕਥਾ ਕੀਰਤਨ ਹੋਂਦਾ ਹੈ ਓਥੇ ਮੈਂ ਹੁੰਦਾ ਹਾਂ ਸੋ ਤੂੰ ਓਥੇ ਜਾਇ ਬੈਠਾ ਕਰ ਤਾਂ ਹਨੂੰਮਾਨ ਨੂੰ ਵਿਦਿਆ ਕੀਤਾ ਅਰ ਫਿਰ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਆਪਣਾ ਸਰੂਪ ਧਾਰਿਆ।



ਸਾਖੀ ਮਰਦਾਨੇ ਨਾਲ

ਤਾਂ ਫਿਰ ਮਰਦਾਨੇ ਪੁਛਿਆ ਜੀ ਗਰੀਬ ਨਿਵਾਜ ਚਿਰਜੀਵ ਕਿਤਨੇ ਹੈਨ ਤਾਂ ਬਾਬਾ ਬੋਲਿਆ ॥

ਦੋਹਰਾ ॥ ਕ੍ਰਿਪੀਅਨੁਜ ਬਲ ਬਿਆਸ ਤਨ ਹਨੂੰ ਬਿਭੀਖਨ ਜਾਨ ॥ ਦਰੋਣਸੂਅ ਜਮਦਗਨਸੂਅ ਸਪਤ ਚਿਰੰਜੀਵਮਾਨ ॥ ਤਿਸਦਾ ਵੀਚਾਰ ॥ ਕਿਰਪਾ ਚਾਰਜ ਰਾਜਾ ਬਲ ਵਿਆਸ ॥ ਹਨੂੰਮਾਨ ਭਭੀਛਨ ਅਸ੍ਵਥਾਮਾ ਪਰਸਰਾਮ ਏਹ ਸਪਤ ਚਿਰੰਜੀਵ ਹਨ ॥

ਤਾਂ ਫੇਰ ਮਰਦਾਨੇ ਪੁਛਿਆ ਦਿਗਪਾਲ ਕਿਤਨੇ ਹਨ ਤਾਂ ਬਚਨ ਹੋਇਆ ॥

ਦੋਹਰਾ ॥ ਇੰਦ੍ਰਹੁਤਾ ਸਨਅਰਕਸੁਤਨਿਚਰਜ ਲਪਤੰਜਾਨ॥ ਪਉਨਕੁਬੇਰ ਪਿਨਾਕਪਤਿ ਏਦਿਗਪਾਲ ਬਖਾਨ ॥

ਤਿਸਦਾ ਵੀਚਾਰ :--ਇੰਦ੍ਰ ਅਗਨ ਧਰਮਰਾਇ ਰਾਕਸ ਵਰਨੰ ਪਵਨ ਕੁਵੇਰਸਿਵਜੀ ਦਾ ਅਰ ਸਿਵ ਜੀ ਏਹ ਅਠ ਦਿਗਪਾਲ ਹੈਨ ॥ ਤਾਂ ਫਿਰ ਮਰਦਾਨੇ ਪੁਛਿਆ ਜੀ ਪੰਜ ਧੁਨਾ ਅਨਹਦ ਦੀਆਂ ਕੇਹੜੀਆਂ ਹੈਨ ਤਾਂ ਬਚਨ ਹੋਇਆ ॥

ਦੋਹਰਾ ॥ ਤਤੁਤੰਤੀ ਬਿਭਚਰਮਕਾ ਘਨਕਾ ਸੀ ਕੋ ਜਾਨ ॥ ਨਾਦ ਸਬਦ ਘਟਕਾ ਕਹਤ ਸੁਖਰਸੁਆਸਪਹਿਚਾਨ ॥ ਤਿਸਦਾ ਵੀਚਾਰ ॥ ਤੰਤਦਾ ੧ ਚਰਮਕਾ ੨ ਧਾਤਾਂ ਦਾ ੩ ਘੜੇਕਾ ੪ ਫੂਕਕਾ ੫ ਏਹ ਪੰਚ ਸਬਦ ਹੈਂ ॥

ਬਹੁੜੋ ਮਰਦਾਨੇ ਕਹਿਆ ਜੀ ਖੰਡ ਕਿਤਨੇ ਹਨ ਤਾਂ ਬਚਨ ਹੋਇਆ ॥

ਦੋਹਰਾ ॥ ਕੁਲਹ ਹਿਰਨਮੈਂ ਇਲਾਬ੍ਰਿਤ ਕੇਤਮਾਲ ਹਰਵਰਖ ॥ ਰਿਮਕਪੁਨ ਕਿਮਪੁਰਖ ਭਮ ਭ੍ਰਦਾਖ ਸੁਅਰਭਰਥ ॥

ਤਿਸਦਾ ਵੀਚਾਰ ਪਹਿਲਾ ਕੁਰਖੰਡ ਦੂਜਾ ਹਿਰਨ ਮੈਂ ਖੰਡਾ ਤੀਜਾ ਇਲਾਬ੍ਰਤ ਖੰਡ ਚੌਥਾ ਕੇਤਮਾਲ ਖੰਡ ਪੰਜਵਾਂ ਹਰਵਰਖ ਖੰਡ ਛੇਵਾਂ ਰੰਮਕ ਖੰਡ ਸਤਵਾਂ ਕਿੰਪੁਰਖ ਖੰਡ ਅਠਵਾਂ ਭਦ੍ਰਖੰਡ ਨਾਵਾਂ ਭਾਰਤ ਖੰਡ ਸੋ ਏ ਨੌ ਖੰਡ ਹੈ ॥ ਫਿਰ ਮਰਦਾਨੇ ਕਹਾ ਜੀ ਉਪਦ੍ਰਵ ਕਿਤਨੇ ਹਨ ਤਾਂ ਬਾਬਾ ਬੋਲਿਆ ॥

ਦੋਹਰਾ ॥ ਅਭਿਬਿਸਟ ਅਨਬ੍ਰਿਸਟ ਮੂਖਕਸਲ ਭਪਹਿਚਾਨ ॥ ਸੁਕਸਚੱਕ੍ਰ ਪਰ ਚਕ੍ਰਭਨਸਾਤੋਈ ਬਖਿਆਨ ॥

ਤਿਸਦਾ ਵੀਚਾਰ:--ਪਹਿਲਾ ਅਤਬਰਖਾ ਦੂਜਾ ਅਣਬਰਖਾ ਤੀਜਾ ਚੂਹੇ ਚੌਥਾ ਮਕੜੀ ਪੰਜਵਾਂ ਤੋਤੇ ਛੀਵਾਂ ਆਪਨਾ ਰਾਜਾ ਬਿਗਾਨੇ ਦੇਸ ਚੜੇ ਅਰ ਸਪਤਮਾਂ ਬਿਗਾਨਾ ਰਾਜਾ ਆਪਣੇ ਦੇਸ ਪਰ ਚੜੇ ਸੋ ਏਹ ਸਪਤ ਉਪਦ੍ਰਵ ਹੈਨ ॥ ਤਾਂ ਫਿਰ ਪੁਛਿਆ ਜੀ ਸੂਰਜ ਕਿਤਨੇ ਹਨ ਤਾਂ ਬਾਬਾ ਬੋਲਿਆ ॥

ਦੋਹਰਾ ॥ ਮਾਘਅਰਨ ਸੂਰਜ ਵੇਦਾਂਗਭਾਨ ਇੰਦ੍ਰਵਜਾਨ ॥ ਗਭਸਭ ਯਮਸੁਵਰਨ ਰੇਤਾਦੇਵਾਕਰਮਿਤ੍ਰਵਿਸਨ ਪੋਖ ਪਹਿਚਾਨ ॥ ਏਹ ਦੁਆਦਸ ਸੂਰਜ ਹੈਨ ॥

ਤਾਂ ਫਿਰ ਪੁਛਿਆ ਦੇਵਤਿਆਂ ਦੀਆਂ ਕਿਤਨੀਆਂ ਜਾਤਾਂ ਤਾਂ ਬਾਬੇ ਕਹਾ ਸਤ ਜਾਤਾਂ ਦੇਵਤਿਆਂ ਜੋ ਸੁਰਗੰਧ੍ਰਬ ਇਤ ਯਾਦਕ ਸੁਪਤਜਾਤਾਂ ਤਾਂ ਮਰਦਾਨੇ ਕਹਾ ਜੀ ਵਿਸਥਾਰ ਪੂਰਬਕ ਸੁਨਾਵੋ ॥ ਤਾਂ ਬਾਬੇ ਕਹਾ ॥

ਦੋਹਰਾ ॥ ਸੁਰਗੰਧ੍ਰਬ ਪੁਨਜਛ ਭਨੋਕਿੰਨਰ ਗੁਹਯਕਜਾਨ ॥ ਬਿਦਿਆਧਰ ਅਰਸਿਧ ਕਹੈ ਸਾਤੋਸੁਰਇਹਮਾਨ ॥

ਤਾਂ ਫਿਰ ਪੁਛਿਆ ਸਮੁੰਦਰ ਕਿਤਨੇ ਹਨ ਤਾਂ ਬਾਬੇ ਕਹਾ ॥

ਦੋਹਰਾ ॥ ਖਾਰੀਖੀਰਜੁਗਲਭਨੋਦਧ ਕ੍ਰਿਤਚਤਰਥਜਾਨ ॥ ਇਖਸੁਰਾਮਧਜਲ ਸੁਧਕ ਸਾਤੋ ਸਮੁੰਦ੍ਰਬਖਾਨ ॥

ਤਿਸਦਾ ਵੀਚਾਰ ਖਾਰੀ ਸਮੁੰਦਰ ਥੀ ਆਦਿ ਲੇਕਰ ਸਪਤ ਸਮੁੰਦਰ ਹੈਨ ਤਾਂ ਫਿਰ ਮਰਦਾਨੇ ਪੁਛਿਆ ਦੀਪ ਕਿਤਨੇ ਹਨ ਤਾਂ ਬਾਬੇ ਕਹਾ ॥

ਦੋਹਰਾ ॥ ਜੰਬੂਕੁਸਪੁਨ ਲਖਨਭਨਸ੍ਰੋਤ ਚਤੁਰਤੂੰ ਜਾਨ ॥ ਕਰੁਚਸਕ ਪੁਸਕਰ ਕਹਤ ਸਾਤੋ ਦੀਪ ਬਖਾਨ ॥

ਤਿਸਦਾ ਵੀਚਾਰ ਕਿ ਜੰਬੂਦੀਪ ਥੀ ਆਦ ਸਪਤ ਦੀਪ ਹੈਨ ਤਾਂ ਫਿਰ ਪੁਛਿਆ ਪਤਾਲ ਕੇਤੇ ਹਨ ਤਾਂ ਬਾਬੇ ਕਹਾ ॥

ਦੋਹਰਾ ॥ ਅਤਲ ਪਤਲ ਪੁਨ ਬਿਤਲ ਭਨ ਸੁਤਲ ਰਸਾਤਲ ਜਾਨ ॥ ਤਲਾਤਲ ਮਰਤਲ ਕਹਤ ਹੈ ਸਪਤ ਪਤਾਲ ਬਖਾਨ ॥

ਤਿਸਦਾ ਵੀਚਾਰ :--ਜੋ ਅਤਲ ਪਤਾਲਥੀ ਆਦ ਸਪਤ ਪਤਾਲ ਹੈਨ ॥

ਬਾਬਾ ਜੀ ਸਤ ਦੀਪ ਦੇਖਣ ਗਏ

ਤਾਂ ਮਰਦਾਨੇ ਫਿਰ ਬੇਨਤੀ ਕੀਤੀ ਜੀ ਅਕਾਸ਼ ਕਿਤਨੇ ਹੈਨ ਤੋ ਕਹਾ ਦੋਹਰਾ ਪ੍ਰਿਥੀ ਅੰਤਰਿਖ ਸੁਰ ਭਨੋ ਬਹੁਰੋਮਹਿਰ ਬਤਾਇ ॥ ਜਨਸਤ ਸਪਤ ਏ ਲੋਕ ਹੈ ਸਾਤੋ ਕਹੇ ਬਨਾਇ ॥ ਤਿਸਕਾ ਵੀਚਾਰ ਜੋ ਪ੍ਰਿਥੀ ਤੀਂ ਆਦਿ ਸਪਤ ਅਕਾਸ ਹੈਂ ਤਾਂ ਫਿਰ ਪੁਛਿਆ ਜੀ ਰਿਖ ਕੇਤੇ ਹਨ ਤਾਂ ਕਹਾ ਦੋਹਰਾ ॥ ਮਰੀਚ ਅੰਗਰਾਅਤ੍ਰ ਪੁਨ ਪੁਲਹ ਪੁਲਸਤ ਪਛਾਨ ॥ ਭ੍ਰਿਗ ਵਸਿਸਟ ਏਹ ਸਾਤ ਰਿਖ ਵੇਦਨਕਹੇ ਬਖਾਨ ॥ ਤਿਸਦਾ ਵੀਚਾਰ ਜੋ ਮਰੀਚ ਥੀ ਆਦ ਸਪਤ ਰਿਖੀ ਹਨ ਤਾਂ ਮਰਦਾਨੇ ਕਹਿਆ ਜੀ ਸਪਤ ਭੀ ਦੇਖਣੇ ਚਾਹੀਦੇ ਹੈਨ ਤਾਂ ਬਚਨ ਹੋਇਆ ਮਰਦਾਨਿਆ ਬੀਜਣ ਦੇ ਵਾਸਤੇ ਤਾਂ ਧਰਤੀ ਨਵਖੰਡ ਹੈਨ ਅਰ ਸਤ ਦੀਪ ਜੋ ਹੈਨ ਸੋ ਭੋਗਣ ਦੀ ਧਰਤੀ ਹੈ ਸੋ ਤੈਨੂੰ ਓਹ ਭੀ ਦਿਖਾਵਦੇ ਹਾਂ ਤਾਂ ਫਿਰ ਬਾਬਾ ਜੀ ਨੇ ਬਾਲੇ ਤੇ ਮਰਦਾਨੇ ਨੂੰ ਕਹਿਆ ਕਿ ਅਖੀਆਂ ਮੀਟੋ ॥ ਸੋ ਜਦ ਅਖੀਆਂ ਮੀਟ ਕੇ ਖੋਲੀਆਂ ਤਾਂ ਜੰਬੂ ਦੀਪਕੋ ਤਿਆਗ ਕੇ ਕੁਸਦੀਪ ਵਿਚ ਆ ਗਏ ਪ੍ਰਤੀਤ ਹੋਇਆ ਸੋ ਜਬ ਓਥੋਂ ਦਿਆਂ ਲੋਕਾਂ ਸੁਣਿਆ ਤਾਂ ਸਭ ਚਰਨੀ ਆ ਲਗੇ ॥

ਤਾਂ ਬਾਬਾ ਜੀ ਨੇ ਉਨਕੋ ਭਲੀ ਪ੍ਰਕਾਰ ਸਤਿਨਾਮ ਦਾ ਉਪਦੇਸ ਦੇ ਕਰ ਅਗੇ ਲਖਨਦੀਪ ਨੂੰ ਚਲੇ ਗਏ ਅਰ ਫਿਰ ਓਥੋਂ ਦੇ ਲੋਕਾਂ ਨੂੰ ਭੀ ਸਤਿਨਾਮ ਦਾ ਉਪਦੇਸ ਦੇਕਰ ਅਗੇ ਸ੍ਵੇਤਦੀਪ ਨੂੰ ਗਏ ਅਤੇ ਜਬ ਉਥੋਂ ਦੇ ਲੋਕ ਆਇ ਚਰਨੀ ਲਗੇ ਤਾਂ ਉਨਾਂ ਨੂੰ ਭੀ ਸਤਨਾਮ ਦਾ ਉਪਦੇਸ ਦੇਕਰ ਫਿਰ ਕ੍ਰੌਚ ਦੀਪ ਨੂੰ ਗਏ ਤਾਂ ਓਥੇ ਭੀ ਜਾਕਰ ਸਭ ਨੂੰ ਸਤਨਾਮ ਕਾ ਉਪਦੇਸ ਦੀਆ ਅਰ ਫੇਰ ਅਗੇ ਬਾਬਾ ਜੀ ਸਾਪ ਦੀਪ ਨੂੰ ਗਏ ਅਰ ਓਥੇ ਭੀ ਸਤਨਾਮ ਦਾ ਉਪਦੇਸ ਦੇਕਰ ਪੁਸਕਰ ਦੀਪ ਨੂੰ ਫਿਰ ਚਲੇ ਗਏ ਸੋ ਪੁਸਕਰ ਦੀਪ ਵਿਚ ਬਡੇ ਬਡੇ ਕੌਤਕ ਦੇਖੇ ਜੋ ਬਾਗ ਅਰ ਫੂਲ ਅਰ ਫਲ ਲਗ ਰਹੇ ਹਨ ਅਰ ਕਈ ਅਸੋਕ ਬਨ ਹੈਨ ਅਰ ਦੁਧ ਦੀਆਂ ਨਦੀਆਂ ਵਗਰੀਆਂ ਹੈਨ ਅਰ ਮਿਸਰੀਆਂ ਕੇ ਪਰਬਤ ਹੈ ਅਰ ਸਭ ਪਦਾਰਥ ਭੋਗਣ ਵਾਸਤੇ ਹੈਨ ॥

ਬਾਬਾ ਜੀ ਸਤਵੇਂ ਦੀਪ ਗਏ

ਅਰ ਜਿਨਾਂ ਨੇ ਪ੍ਰਿਥਮੀ ਪੁੰਨ ਕੀਤੇ ਹਨ ਸੋ ਉਥੇ ਭੋਗਤੇ ਹਨ ਤਾਂ ਸਭ ਰਾਜਾ ਪਰਜਾ ਬਾਬੇ ਦੇ ਚਰਨੀਂ ਆ ਲਗੇ ਤਾਂ ਬਾਬੇ ਕਹਿਆ ਤੁਸੀਂ ਪ੍ਰਸੰਨ ਰਹਿੰਦੇ ਹੋ ਤਾਂ ਉਨਾਂ ਕਹਿਆ ਕਿ ਅਸੀਂ ਭੋਗਾਂ ਕਰ ਤਾਂ ਪ੍ਰਸੰਨ ਹਾਂ ਪਰ ਇਥੇ ਆਪ ਸੇ ਜੋ ਵਡਾ ਜਾਣੀਤਾ ਹੈ ਉਸ ਨਾਲ ਈਰਖਾ ਕਰੀਦੀ ਹੈ ਅਰ ਜੋ ਆਪਣੇ ਜੇਹਾ ਜਾਣੀਦਾ ਹੈ ਉਸ ਨਾਲ ਬਰਾਬਰੀ ਕਰੀਦੀ ਹੈ ਅਰ ਜੋ ਆਪ ਤੇ ਛੋਟਾ ਹੋਤਾ ਹੈ ਉਸਦੇ ਉਪਰ ਅਭਮਾਨ ਕਰੀਦਾ ਹੈ ਤਾਂ ਬਾਬੇ ਕਹਿਆ ਤੁਸੀਂ ਸਤਨਾਮ ਦਾ ਜਾਪ ਜਪੋ ਅਰ ਪਰਮੇਸਰ ਨੂੰ ਸਭ ਵਿਚ ਇਕੋ ਜੇਹਾ ਜਾਣੋ ਤਾਂ ਤੁਸਾਡੀ ਦੁਬਿਧਾ ਦੂਰ ਹੋ ਜਾਵੈਗੀ ਅਰ ਕੜਾਹ ਪ੍ਰਸਾਦਿ ਕਰਨਾ ਅਰ ਆਏ ਗਏ ਦੀ ਸੇਵਾ ਟਹਲ ਕਰਨੀ ਤਾਂ ਉਥੋਂ ਉਪਦੇਸ ਦੇਕਰ ਸੁਮੇਰ ਪਰਬਤ ਦੇ ਪਾਸ ਇਕ ਨਗਰ ਸਭ ਸੁਅਰਨ ਕਾ ਉਤਮਸਾ ਅਰ ਰਾਜਾ ਪਰਜਾ ਓਥੋਂ ਦੇ ਹਮੇਸਾਂ ਜੁਆਨ ਹੀ ਰਹਿੰਦੇ ਸੇ ਸੋ ਉਥੇ ਆਏ ਅਰ ਓਥੋਂ ਦੇ ਮਨੁਖ ਮਹਾਂ ਹੀ ਸੁੰਦਰ ਅਰ ਹਜਾਰਾਂ ਬਰਸਾਂ ਦੀ ਆਰਬਲਾ ਸੋ ਜਬ ਉਨਾਂ ਨੇ ਸੁਣਿਆ ਤਾਂ ਸਭ ਆਇ ਬਾਬੇ ਜੀ ਦੀ ਚਰਨੀ ਲਗੇ ਤਾਂ ਬਾਬਾ ਜੀ ਨੇ ਉਨਾਂ ਨੂੰ ਸਤਨਾਮ ਦਾ



ਉਪਦੇਸ ਦਿਤਾ ਅਰ ਕਹਿਆ ਕਿ ਨਾਮ ਜਪਣਾ ਅਰ ਦਾਨ ਕਰਣਾ ਅਰ ਇਸਨਾਨ ਕਰਨਾ ਅਰ ਸਤਸੰਗ ਕਰਨਾ ਅਰ ਜਦ ਤੁਸਾਨੂੰ ਕੋਈ ਕਾਮਨਾ ਹੋਵੇ ਤਾਂ ਤੁਸਾਂ ਅਰਦਾਸ ਕਰਨੀ ਅਰ ਕੜਾਹੁ ਕਰਨਾ ਸੋ ਤੁਸਾਡਾ ਕਾਰਜ ਵਾਹਗੁਰੂ ਪੂਰਾ ਕਰੇਗਾ ਸੋ ਓਥੇ ਉਪਦੇਸ ਦੇਕਰ ਬਾਬਾ ਜੀ ਮੀਨੇ ਪਰਬਤ ਪਰ ਆਏ ਤਾਂ ਓਥੇ ਹਨੀਫਾ ਸਿਧ ਰਹਿੰਦਾ ਸੀ ਸੋ ਜਬ ਬਾਬਾ ਜੀ ਓਥੇ ਗਏ ਤਾਂ ਸਭੇ ਸਿਧ ਤੇ ਹਨੀਫਾ ਬਾਬੇ ਨੂੰ ਆਇ ਮਿਲੇ ਅਰ ਕਹਿਆ ਤੂੰ ਬਾਲਾ ਹੈਂ ਅਰ ਇਥੇ ਮਹਾ ਸਿਧਾਂ ਦੀ ਜਾਗਾਂ ਹੈ ॥

ਸਾਖੀ ਹਨੀਫੇ ਸਿਧ ਨਾਲ

ਸੋ ਤੂੰ ਕਿਸ ਸਕਤ ਕਰ ਈਹਾਂ ਆਇਆ ਹੈਂ ਤਾਂ ਬਾਬੇ ਕਹਿਆ ਇਕ ਪਰਮਾਤਮਾ ਸਰਬ ਬਿਆਪੀ ਹੈ ਅਰ ਆਵਣ ਜਾਣ ਤੁਸਾਡੇ ਭਰਮ ਸੇ ਭਾਸਤਾ ਹੈ ਅਰ ਆਤਮਾ ਮੇਂ ਆਵਣ ਜਾਣ ਹੋਇਆ ਹੀ ਨਹੀਂ ਤਾਂ ਫਿਰ ਓਨਾਂ ਕਹਿਆ ਜੈਸੇ ਦਰਪਣ ਸਿਕਲ ਬਿਨਾ ਉਜਲ ਨਹੀਂ ਹੋਤਾ ਤੈਸੇ ਜੋਗ ਬਿਨਾ ਮਨ ਨਿਰਮਲ ਨਹੀਂ ਹੋਤਾ ਸੋ ਤੁਮ ਜੋਗ ਕੈਸੇ ਸਾਧਿਆ ਹੈ ਤਾਂ ਬਾਬੇ ਜੀ ਨੇ ਕਹਿਆ ਕਿ ਪ੍ਰਾਣਾਯਾਮ ਕੇ ਤੀਨ ਕਰਮ ਹੈਨ ਜੋ ਪੂਰਕ ਕੁੰਭਕ ਰੇਚਕ ਸੋ ਪੂਰਕ ਪ੍ਰਾਣਾ ਕੋ ਖੈਂਚਤੇ ਹੈਂ ਅਰ ਕੁੰਭਕ ਠਹਿਰਾਵਤੇ ਹੈਂ ਅਰ ਰੇਚਕ ਛੋਡਤੇ ਹੈਂ ਸੋ ਅਸਾਂ ਨੇ ਸਤਿਗੁਰਾਂ ਕੇ ਜੋ ਸੁਭ ਬਚਨ ਹੈਨ ਸੋ ਪ੍ਰਾਣਾ ਸੇ ਖੈਂਚੇ ਹਨ ਅਰ ਬਾਰੰਬਾਰ ਅਭਿਆਸ ਕਰਕੇ ਠਹਿਰਾਏ ਹਨ ਅਰ ਜੋ ਵਿਕਾਰ ਹਨ ਸੋ ਮਨਸੋ ਛੋਡੇ ਹਨ ਤਾਂ ਸਿਧਾਂ ਆਖਿਆ ਭਾਈ ਏਹ ਸੁਮੇਰ ਪਰਬਤ ਤੇ ਜਾਤਾ ਹੈ ਅਰ ਓਥੇ ਗੋਰਖਨਾਥ ਅਰ ਮਛਿੰਦ੍ਰ ਨਾਥ ਆਦਿਕ ਔਰ ਸਿਧ ਹੈ ਸੋ ਊਹਾਂ ਇਸਕੇ ਸਾਥ ਚਰਚਾ ਕਰੈਂਗੇ ॥

ਸਾਖੀ ਕਾਕ ਭਸੁੰਡ ਦੀ

ਤਾਂ ਬਾਬਾ ਅਰ ਮਰਦਾਨਾ ਅਤੇ ਭਾਈ ਬਾਲਾ ਬਹੁਤਿਆਂ ਪਰਬਤਾਂ ਤੋਂ ਲੰਘ ਕਰ ਕਾਕਭਸੁੰਡ ਪਾਸ ਸੁਮੇਰ ਪਰਬਤ ਤੇ ਜਾਇ ਪਹੁਚੇ ਅਰ ਸਭ ਰਿਖ ਉਥੇ ਪੰਖੀਆਂ ਦਾ ਰੂਪ ਧਾਰ ਕੈ ਕਥਾ ਜਾਇ ਸੁਣਦੇ ਸੇ ਸੋ ਜਬ ਕਾਂਗਭਸੁੰਡ ਕਥਾ ਕਰ ਰਹਿਆ ਤਾਂ ਬਾਬੇ ਬਚਨ ਕੀਤਾ ਮਰਦਾਨਿਆ ਰਬਾਬ ਵਜਾਇ ਤਾਂ ਮਰਦਾਨਾ ਕੀਰਤਨ ਕਰਨ ਲਗਾ ਅਰ ਕਾਂਗਭਸੁੰਡ ਸੁਣਕੇ ਬਹੁਤ ਪ੍ਰਸੰਨ ਹੋਇਆ ਕਯੋਂ ਜੋ ਕਲਜੁਗ ਮੈਂ ਕਥਾ ਕੀਰਤਨ ਹੀ ਮਹਾਰਾਜ ਨੇ ਜਗਤ ਦੇ ਉਧਾਰ ਵਾਸਤੇ ਕੀਤੇ

ਹਨ ॥ ਤਾਂ ਫਿਰ ਕਾਂਗਭਸੁੰਡ ਪੁਛਿਆ ਇਹ ਸਬਦ ਕਿਸਦੇ ਉਚਾਰਨ ਕੀਤੇ ਹੋਏ



ਹੈਨ ਤਾਂ ਮਰਦਾਨੇ ਕਹਿਆ ਏਹ ਗੁਰੂ ਨਾਨਕ ਜੀ ਕੇ ਬਚਨ ਹੈਨ ਤਾਂ ਕਾਂਗਭਸੁੰਡ ਕਹਿਆ ਗੁਰੂ ਨਾਨਕ ਜੀ ਅਉਰ ਹੋਏ ਹੈਂ ਤਾਂ ਮਰਦਾਨੇ ਕਹਿਆ ਏਈ ਹੈਂ ਜੋ ਤੁਸਾਡੇ ਪਾਸ ਬੈਠੇ ਹੈਂ ਤਾਂ ਕਾਂਗਭਸੁੰਡ ਨੇ ਬਾਬੇ ਅਗੇ ਮਥਾ ਟੇਕਿਆ ਤਾਂ ਬਾਬੇ ਕਹਿਆ ਪੰਜ ਪ੍ਰਕਾਰ ਦੇ ਸ੍ਰੋਤੇ ਕੀਰਤਨ ਕੇ ਹੋਤੇ ਹੈਂ ਜੋ ਇਕ ਰਾਗ ਰਾਗਣੀਆਂ ਨੂੰ ਸਮਝਤੇ ਹੈਨ ਅਰ ਇਕ ਸੁਰ ਨੂੰ ਸਮਝਦੇ ਹੈਨ ਅਰ ਇਕ ਤਾਰ ਨੂੰ ਸਮਝਦੇ ਹਨ ਅਰ ਇਕ ਸਾਜਾਂ ਨੂੰ ਸਮਝਦੇ ਹੈਨ ਅਰ ਇਕ ਸਬਦ ਦੇ ਤਾਤਪਰਜ ਨੂੰ ਸਮਝਦੇ ਹਨ ਪਰ ਤੁਸੀ ਬਡੇ ਉਤਮ ਸ੍ਰੋਤੇ ਹੋ ਜੋ ਸਬਦ ਦੇ ਤਾਤਪਰਜ ਨੂੰ ਸਮਝਦੇ ਹੋ ਤਾਂ ਕਾਂਗਭਸੁੰਡ ਕਹਿਆ ਕਿ ਜੋ ਮਹਾਰਾਜ ਦੇ ਕੀਰਤਨ ਦੇ ਤਾਤਪਰਜ ਨੂੰ ਸਮਝਤੇ ਹਨ ਸੋ ਰਸ ਖਾਵਤੇ ਹੈਂ ਅਰ ਜੋ ਰਾਗਾਂ ਨੂੰ ਅਰ ਤਾਰਾਂ ਨੂੰ ਸਮਝਤੇ ਹਨ ਸੋ ਛਿਲ ਖਾਵਤੇ ਹਨ ਤਾਂ ਬਾਬੇ ਪੁਛਿਆ ਕਿ ਤੁਸੀਂ ਭਗਤ ਤਾਂ ਐਸੇ ਹੋ ਤੇ ਤੁਸਾਨੂੰ ਕਾਕ ਦਾ ਜਨਮ ਕਿਸਤਰਾਂ ਹੋਇਆ ॥

ਤਾਂ ਕਾਂਗਭਸੁੰਡ ਬੋਲਿਆ ਜੋ ਪ੍ਰਿਥਮੈਂ ਮੇਰਾ ਜਨਮ ਬ੍ਰਾਹਮਨ ਸਾਂ ਅਤੇ ਮੈਂ ਸਰਗੁਣ ਦੀ ਉਪਾਸਨਾ ਕਰਦਾ ਹੁੰਦਾ ਸੀ ਤਾਂ ਮੈਨੂੰ ਸਤਿਗੁਰਾਂ ਨੇ ਨਿਰਗੁਣ ਦੀ ਉਪਾਸਨਾ ਕਹੀ ਅਰ ਮੈਂ ਉਨਾਥੋਂ ਫੇਰ ਫੇਰ ਸਰਗੁਣ ਦੀ ਉਪਾਸਨਾ ਪੁਛਾਂ ਤਾਂ ਉਨਾਂ ਆਖਿਆ ਤੂੰ ਕਾਕ ਦੀ ਨਿਆਈਂ ਕੀ ਲਉਨਾ ਹੈਂ ਸੋ ਜਬ ਮੈਂ ਇਹ ਵਚਨ ਸੁਣਿਆ ਤਾਂ ਮੈਂ ਉਨਾਂ ਦਿਆਂ ਚਰਨਾਂ ਤੇ ਗਿੜ ਪੜਾ ਜੋ ਤੁਸੀ ਸਤਵਾਦੀ ਹੋ ਅਰ ਮੈਂ ਸਮਝਣਾ ਕਿ ਕਾਕ ਦਾ ਜਨਮ ਮੈਨੂੰ ਹੋਵੇਗਾ ਪਰ ਇਹ ਬੇਨਤੀ ਹੈ ਕਿ ਮੇਰੇ ਰਿਦੇ ਵਿਚੋਂ ਮਹਾਰਾਜ ਕਾ ਨਾਮ ਨਾ ਭੂਲੇ ॥ ਸੋ ਇਹ ਮੈਨੂੰ ਕ੍ਰਿਪਾ ਕਰਕੇ ਦਾਨ ਦੇਵੋ ਤਾਂ ਸਤਿਗੁਰਾਂ ਨੇ ਵਰ ਦਿਤਾ ਜੋ ਸਦਾ ਤੇਰੇ ਰਿਦੇ ਵਿਚ ਮਹਾਰਾਜ ਦੀ ਭਗਤੀ ਰਹੇਗੀ ਅਰ ਮਰਨਾ ਭੀ ਤੇਰੇ ਹਥ ਹੋਵੇਗਾ ਸੋ ਜੇ ਚਾਹੇਗਾ ਤਾਂ ਸਰੀਰ ਤਿਆਗੇਂਗਾ ਅਰ ਨਾ ਚਾਹੇਂਗਾ ਤਾਂ ਨਾ ਤਿਆਗੇਂਗਾ ਸੋ ਮੇਰਾ ਪਿਤਾ ਜੋ ਸੀ ਸੋ ਚੰਡਨਾਮਾ ਕਾਕ ਸੀ ਅਰ ਅੰਬਕਾ ਦੇਵੀ ਦਾ ਵਾਹਨ ਸੀ ਸੋ ਦੇਵੀ ਬ੍ਰਹਮਾ ਦੇ ਦਰਸਨ ਵਾਸਤੇ ਆਈ ਸੀ ਅਰ ਬ੍ਰਹਮਾਂ ਦੀਆਂ ਹੰਸਣੀਆਂ ਅਰ ਕਾਕ ਆਪਸ ਮੈਂ ਲਗੇ ਕਲੋਲ ਕਰਨ ਸੋ ਫਿਰ ਉਨਾਂ ਕੇ ਬੀਚ ਸੇ

ਕਈ ਕਾਕ ਪੁਤ੍ਰ ਹੂਏ ਅਰ ਮੈਂ ਭੀ ਉਨਸੇ ਉਤਪਤ ਹੂਆ ਅਰ ਮੁਝੇ ਜੋ ਗੁਰਾਂ ਦੀ ਆਗਿਆ ਸੀ ਕਿ ਰਾਮ ਕਾ ਨਾਮ ਅਰ ਸੁਾਸਾਂ ਕਾ ਸੰਜਮ ਸੋ ਮੁਝੇ ਚੀਤ ਰਹਿਆ ਅਰ ਹੋਰ ਜੋ ਮੇਰੇ ਭਾਈ ਥੇ ਸੋ ਸ਼ਮਾਂ ਪਾਇਕੇ ਬਿਨਸ ਗਏ ਅਰ ਮੁਝ ਕੋ ਸ੍ਰੀ ਰਾਮ ਕੇ ਨਾਮ ਕਾ ਰਸ ਆਇਆ ਹੈ ਇਸ ਵਾਸਤੇ ਮੈਂ ਸਰੀਰ ਕਾ ਤਿਆਗ ਨਹੀਂ ਕਰਤਾ ਅਰ ਕਈ ਪਰਲੋ ਮੇਰੇ ਦੇਖਤੇ ਹੋਈਆਂ ਹੈਂ ਪਰ ਏਹ ਬਾਤ ਹੈ ਕਿ ਜੇ ਜਲਦੀ ਪਰਲੋ ਹੋਵੇ ਤਾਂ ਮੈਂ ਜਲ ਰੂਪ ਹੋ ਜਾਂਦਾ ਹਾਂ ਅਰ ਜਦ ਅਗਨ ਦੀ ਪਰਲੋ ਹੁੰਦੀ ਹੈ ਤਾਂ ਮੈਂ ਅਗਨ ਰੂਪ ਹੋ ਜਾਤਾ ਹੋਂ ਸੋ ਜੈਸੀ ਜੈਸੀ ਪਰਲੋ ਹੋਤੀ ਹੈ ਮੈਂ ਤੈਸਾ ਹੀ ਰੂਪ ਧਾਰ ਲੇਤਾ ਹੋਂ ਤਾਂਤੇ ਕਈ ਵੇਰੀ ਮੇਰੇ ਦੇਖਤਿਆ ਬ੍ਰਹਮਾਂ ਜਨਮਿਆਂ ਅਰ ਕਈ ਵੇਰੀ ਮਰ ਗਿਆ ਪਰ ਮੈਨੂੰ ਜੋ ਸੁਾਸਾਂ ਦਾ ਸੰਜਮ ਪ੍ਰਾਪਤ ਹੋਇਆ ਹੋਇਆ ਹੈ ਇਸ ਵਾਸਤੇ ਮੈਂ ਨਹੀਂ ਮਰਦਾ ਤਾਂ ਮਰਦਾਨੇ ਕਹਿਆ ਜੀ ਅਗੇ ਜੋ ਤੁਸਾਂ ਸਤ ਚਿਰੰਜੀਵ ਕਹੈਆਹੇ ਸੋ ਤਿਨਾਂ ਵਿਚ ਤਾਂ ਤੁਸਾਂ ਕਾਕ ਭਸੁੰਡ ਦਾ ਨਾਮ ਨਹੀਂ ਸੀ ਲਇਆ ਤਾਂ ਬਾਬੇ ਕਹਿਆ ਕਾਕ ਭਸੁੰਡ ਅਰ ਰੋਮ ਰਿਖੀਸਰ ਇਹ ਬਡੇ ਚਿਰੰਜੀਵ ਹੈਂ ਅਰ ਭਭੀਛਨ ਆਦਿਕ ਜੋ ਚਿਰੰਜੀਵ ਹੈਨ ਸੋ ਇਨਾਂ ਦੇ ਦੇਖਦਿਆਂ ਕਈ ਕਈ ਹੋਇ ਗਏ ਹੈਨ ਤਾਂ ਬਾਬੇ ਕਹਿਆ ਹੇ ਭਾਈ ਬਾਲਾ ਅਤੇ ਮਰਦਾਨਾ ਤੁਸੀਂ ਏਥੇ ਰਹੋ ਕਜੋਂ ਜੋ ਏਹ ਪਰਬਤ ਦਾ ਸਿੰਗਮਣੀਆਂ ਸੰਜੁਗਤ ਬਡਾ ਉਜਲ ਹੈ ਅਤੇ ਅੰਬ ਦਾ ਕਲਪ ਬ੍ਰਿਛ ਹੈ ਕਜੋਂਕਿ ਜੋ ਮੰਗੀਦਾ ਹੈ ਸੋਈ ਮਿਲਦਾ ਹੈ ਅਰ ਨਾਲੇ ਏਸ ਦੀ ਕਥਾ ਸੁਣੋ ਅਤੇ ਨਾਲੇ ਆਪ ਕੀਰਤਨ ਸੁਣਾਓ ਸੋ ਉਨਾਂ ਨੂੰ ਓਥੇ ਛਡ ਕੇ ॥

ਸਿਧਾਂ ਨਾਲ ਗੋਸਟ

ਬਾਬਾ ਗੋਰਖ ਨਾਥ ਦੇ ਪਾਸ ਆਇਆ ਅਰ ਓਥੇ ਸਭ ਸਿਧ ਇਕਠੇ ਹੋਏ ਸਨ ਤਾਂ ਬਾਬਾ ਜੀ ਨੇ ਜਾਇਕੇ ਆਦੇਸ ਆਦੇਸ ਕਹਿਆ ਤਾਂ ਸਿਧਾਂ ਪੁਛਿਆ ਹੇ ਬਾਲੇ ਤੂੰ ਇਥੇ ਕਿਸਦੇ ਬਲ ਕਰਕੇ ਆਇਆ ਹੈਂ ਅਰ ਕਲਜੁਗ ਮੈਂ ਕੀ ਵਰਤਾਰਾ ਵਰਤਿਆ ਹੋਇਆ ਹੈ ਤਾਂ ਬਾਬਾ ਜੀ ਨੇ ਰਾਮਕਲੀ ਰਾਗ ਵਿਚ ਸਲੋਕ ਬੋਲਿਆ ਜੋ ਵਾਰ ਵਿਚ ਹੈ ॥

ਸਲੋਕ ਮ: ੧ ॥ ਸਤੀ ਪਾਪੁ ਕਰ ਸਤੁ ਕਮਾਹਿ ॥ ਗੁਰ ਦੀਖਿਆ ਘਰਿ ਦੇਵਣ ਜਾਹਿ ॥ ਇਸਤ੍ਰੀ ਪੁਰਖੈ ਖਟੈ ਭਾਉ ॥ ਭਾਵੈ ਆਵਉ ਭਾਵੈ ਜਾਉ ॥ ਸਾਸਤ੍ਰ ਬੇਦਨ ਮਾਨੈ ਕੋਇ ॥ ਆਪੋ ਆਪੈ ਪੂਜਾ ਹੋਇ ॥ ਕਾਜੀ ਹੋਇਕੇ ਬਹੇ ਨਿਆਇ ॥ ਫੇਰ ਤਸਬੀ ਕਰੇ ਖੁਦਾਇ ॥ ਵਢੀ ਲੈਕੇ ਹਕ ਗਵਾਏ ॥

ਜੇ ਕੋ ਪੁਛੇ ਤਾਪੜਿ ਸੁਣਾਇ ॥ ਤੁਰਕ ਮੰਤ੍ਰ ਕੰਨ ਰਿਦੈ ਸਮਾਹਿ ॥ ਲੋਕ ਮੁਹਾਵਹਿ ਚਾੜੀ ਖਾਹਿ ॥ ਚਉਕਾ ਦੇ ਕੇ ਸੁਚਾ ਹੋਇ ॥ ਐਸਾ ਹਿੰਦੂ ਵੇਖਹੁ ਕੋਇ ॥ ਜੋਗੀ ਗਿਰਹੀ ਜਟਾ ਬਿਭੂਤ ॥ ਆਗੈ ਪਾਛੈ ਰੋਵਹਿ ਪੂਤ ॥ ਜੋਗ ਨ ਪਾਇਆ ਜੁਗਤਿ ਗਵਾਈ ॥ ਕਿਤਕਾਰਨ ਸਿਰ ਛਾਈ ਪਾਈ ॥ ਨਾਨਕ ਕਲਕਾ ਏਹ ਪਰਵਾਨ ॥ ਆਪੇ ਆਖਣਿ ਆਪੇ ਜਾਣ ॥ ੧ ॥

ਤਾਂ ਬਾਬਾ ਬੋਲਿਆ ਕਿ ਕਲਜੁਗ ਮੈਂ ਜੋ ਸਤੀ ਹੈਨ ਸੋ ਪਾਪ ਕਰਕੇ ਮਾਇਆ ਇਕਠੀ ਕਰਤੇ ਹੈਂ ਅਰ ਉਸ ਮੈਂ ਜੋ ਥੋੜਾ ਬਹੁਤ ਦਾਨ ਕਰਤੇ ਹੈਂ ਤਾਹੀਂ ਤੇ ਆਪ ਕਉ ਸਤੀ ਕਹਾਵਤੇ ਹੈਂ ਅਰ ਜੋ ਆਪ ਕਉ ਗੁਰ ਕਹਾਵਤੇ ਹੈਂ ਸੋ ਸਿਖਾਂ ਕੇ ਘਰ ਮੈਂ ਸਿਖਿਆ ਦੇਵਣ ਜਾਤੇ ਹੈਂ ਅਰ ਓਨਾਂ ਤੋਂ ਮਾਇਆ ਲਿਆਵਤੇ ਹਨ ਅਤੇ ਇਸਤ੍ਰੀ ਕਾ ਪੁਰਖ ਨਾਲ ਖਟਣ ਕਰਕੇ ਹੀ ਭਾਵ ਹੈ ਕਯੋਂਕਿ ਜਦ ਆਵੈ ਤਦ ਭੀ ਮਾਇਆ ਮੰਗਤੀ ਹੈ ਅਰ ਜੇ ਜਾਵੈ ਤਦ ਭੀ ਮਾਇਆ ਹੀ ਮੰਗਤੀ ਹੈ ਅਰ ਸਾਸਤ੍ਰ ਅਰ ਵੇਦਾਂ ਨੂੰ ਮੰਨਦਾ ਕੋਈ ਨਹੀਂ ਅਤੇ ਸੁਣਦੇ ਭੀ ਨਹੀਂ ਅਰ ਆਪੋ ਆਪਣੀ ਪੂਜਾ ਕਰਾਵਤੇ ਹਨ ਅਤੇ ਜੋ ਕਾਜੀ ਤਸਬੀ ਫੇਰਤੇ ਹਨ ਅਰ ਨਿਆਉਂ ਕਰਤੇ ਹਨ ਸੋ ਵਢੀ ਲੈਕਰ ਸਚਿਆਂ ਕੋ ਝੂਠਾ ਕਰਤੇ ਹੈਂ ਅਰ ਝੂਠਿਆਂ ਨੂੰ ਸਚਿਆਂ ਕਰਤੇ ਹਨ ਅਰ ਹਿੰਦੂ ਜੋ ਹੈਨ ਸੋ ਤੁਰਕਾਂ ਦੀ ਬਾਂਗ ਕੰਨਾਂ ਨਾਲ ਸੁਣਦੇ ਹਨ ਅਰ ਚੁਗਲੀ ਖਾਇਕੇ ਅਹਾਰ ਕਰਦੇ ਹਨ ਅਰ ਚੌਂਕਾ ਦੇਇ ਕਰ ਸੁਚਾ ਹੋਇ ਬੈਠਦੇ ਹਨ ਸੋ ਐਸੇ ਹਿੰਦੂ ਹੈ ਅਰ ਜੋਗੀ ਜੋ ਹੈਨ ਸੋ ਜਟਾਂ ਰਖਤੇ ਹਨ ਅਰ ਬਿਭੂਤ ਮਲਤੇ ਹਨ ਅਰ ਚੇਲੇ ਬਹੁਤ ਕਰਤੇ ਹੈਨ ਅਰ ਮੱਟ ਬਣਾਇ ਬੈਠਤੇ ਹਨ ਅਰ ਪ੍ਰਾਣਾਂ ਕਾ ਸੰਜਮ ਨਹੀਂ ਜਾਣਤੇ ਅਰ ਸਿਰ ਛਾਈ ਪਾਵਤੇ ਹਨ ਅਰ ਜੋ ਆਪਣੇ ਮੁਖਤੇ ਕਹਤੇ ਹਨ ਤਿਸਨੂੰ ਕਮਾਵਤੇ ਨਹੀਂ ਗੁਰੂ ਨਾਨਕ ਜੀ ਕਹਤੇ ਹੈਂ ਕਿ ਹੋਰ ਭੀ ਕੁਛ ਕਲਜੁਗ ਕੀਆਂ ਵਾਰਤਾ ਸੁਣਾਵਤਾ ਹੋਂ ॥

ਮ: ੧ ॥ ਹਿੰਦੂ ਕੈ ਘਰਿ ਹਿੰਦੂ ਆਵੈ ॥ ਸੂਤ ਜਨੇਊ ਪੜਿ ਗਲ ਪਾਵੈ ॥ ਸੂਤ ਪਾਇ ਕਰੇ ਬੁਰਿਆਈ ॥ ਨਾਤਾ ਧੋਤਾ ਥਾਇ ਨ ਪਾਈ ॥ ਮੁਸਲਮਾਨ ਕਰੇ ਬੁਰਿਆਈ ॥ ਵਿਣ ਗੁਰ ਪੀਰੈ ਕੋ ਥਾਇ ਨ ਪਾਈ ॥ ਰਾਹੁ ਦਸਾਇ ਓਥੈ ਕੋ ਜਾਇ ॥ ਕਰਣੀ ਬਾਝਹੁ ਭਿਸਤ ਨ ਪਾਇ ॥ ਜੋਗੀ ਕੈ ਘਰਿ ਜੁਗਤ ਦਸਾਈ ॥ ਕਿਤ ਕਾਰਣ ਕੰਨ ਮੁੰਦ੍ਰਾ ਪਾਈ ॥ ਮੁੰਦ੍ਰਾ ਪਾਈ ਫਿਰੈ ਸੰਸਾਰਾ ॥ ਜਿਥੈ ਕਿਥੈ ਸਿਰਜਣਹਾਰ ॥ ਜੇਤੇ ਜੀਅ ਤੇਤੇ ਵਾਟਾਊ ॥ ਚੀਰੀ ਆਈ ਢਿਲ ਨ ਕਾਊ ॥ ਏਥੈ ਜਾਣੈ ਸੋ ਜਾਣ ਸਿਞਾਣੈ ॥ ਹੋਰ ਫਕੜ ਹਿੰਦੂ ਮੁਸਲਮਾਣੈ ॥

ਸਭਨਾ ਕਾ ਦਰ ਲੇਖਾ ਹੋਇ ॥ ਕਰਣੀ ਬਾਝਹੁ ਤਰੈਨ ਕੋਇ ॥ ਸਚੋ ਸਚ ਵਖਾਣੈ ਕੋਇ ॥ ਨਾਨਕ ਆਗੈ ਪੁਛ ਨ ਹੋਇ ॥ ੨ ॥

ਹਿੰਦੂਆਂ ਕੇ ਘਰ ਬੇਟੇ ਜਨਮਤੇ ਹਨ ਅਰ ਸੂਤ ਦਾ ਜਨੇਊ ਅਤੇ ਤਿਲਕ ਲਾਇ ਕਰ ਕਹਿੰਦੇ ਹਨ ਜੋ ਹਿੰਦੂ ਹੋਇ ਹੈਨ ਪਰ ਜਿਸ ਤਰਾਂ ਸੂਤ ਕਚਾ ਟੁਟ ਜਾਂਦਾ ਹੈ ਤੈਸੇ ਪਾਪ ਕਰ ਧਰਮ ਟੁਟ ਜਾਂਦਾ ਹੈ ਅਰ ਸੂਤ ਪਾਇਕੇ ਫਿਰ ਪਾਪ ਕਰਦੇ ਹਨ ਤਾਂਤੇ ਉਨਾਂ ਦਾ ਨਾਤਾ ਧੋਤਾ ਥਾਇ ਨਹੀਂ ਪਉਂਦਾ ਅਰ ਮੁਸਲਮਾਣ ਜੋ ਸੁੰਨਤ ਕਰਦੇ ਹਨ ਅਰ ਜਾਮੇ ਦੀ ਬਾਂਹਾਂ ਨੂੰ ਕਤਰਾਂਵਦੇ ਹਨ ਅਰ ਪੈਰਾਂ ਦੀ ਸੁਥਣ ਭੀ ਹੇਠੋਂ ਕਪ ਛਡਦੇ ਹਨ ਅਰ ਮੁਛਾਂ ਵਿਚੋਂ ਕਤਰ ਛਡਦੇ ਹਨ ਜੋ ਮਾਨੋਂ ਏਹ ਨੀਸਾਨੀ ਮੁਸਲਮਾਨਾਂ ਦੀ ਕਹਦੇ ਹਨ ਕਿ ਮੁਖ ਨਾਲ ਝੂਠ ਨਹੀਂ ਬੋਲਣਾ ਅਰ ਹਥਾਂ ਨਾਲ ਚੋਰੀ ਨਹੀਂ ਕਰਨੀ ਅਰ ਪੈਰਾਂ ਨਾਲ ਕੁਸੰਗ ਨਹੀਂ ਕਰਨਾ ਅਰ ਇੰਦ੍ਰੀ ਨਾਲ ਪਰਾਈ ਇਸਤ੍ਰੀ ਸਾਥ ਸੰਗ ਨਹੀਂ ਕਰਨਾ ਅਰ ਸਿਰ ਜੋ ਮੁੰਨਦੇ ਹਨ ਸੋ ਆਪ ਨੂੰ ਸਿਰ ਮੁੰਨਿਆ ਗੁਲਾਮ ਜਾਣਨਾ ਹੈ ਪਰ ਮੁਸਲਮਾਨ ਸੁੰਨਤ ਕਰਕੇ ਬਦ ਫੈਲੀਆਂ ਕਰਦੇ ਹਨ ਅਰ ਜੋ ਗੁਰ ਪੀਰ ਰਾਹ ਦਸਦੇ ਹਨ ਸੋ ਉਸ ਰਾਹ ਉਪਰ ਨਹੀਂ ਚਲਦੇ ਸੋ ਓਹ ਬਹਿਸਤ ਨੂੰ ਨਹੀਂ ਪ੍ਰਾਪਤ ਹੁੰਦੇ ਅਰ ਜੋਗੀ ਜੋ ਕੰਨ ਵਿਚ ਮੁੰਦ੍ਰਾ ਪਾਇਦੇ ਹਨ ਅਰ ਬਿਭੂਤ ਮਲਦੇ ਹਨ ਸੋ ਏਹ ਉਪਦੇਸ ਦੇਂਦੇ ਹਨ ਜੋ ਕੰਨ ਵਿਚ ਏਹ ਉਪਦੇਸ ਸਮਝਣਾ ਕਿ ਲਖ ਮੋ ਅਲੱਖ ਜਾਣਨਾ ਅਰ ਮਨ ਆਪਣੇ ਨੂੰ ਭਸਮ ਦੀ ਨਿਆਈ ਕਰਨਾ ॥ ਪਰ ਓਹ ਜੋਗੀ ਮੁੰਦ੍ਰਾਂ ਪਾਇਕੇ ਸੰਸਾਰ ਵਿਚ ਫਿਰਦੇ ਹਨ ਅਰ ਮਾਇਆ ਦਾ ਮੋਹ ਨਹੀਂ ਛਡਦੇ ਸੋ ਏਹ ਜਿਤਨੇ ਜੀਅ ਹੈਨ ਸਭ ਵਟਾਊ ਹਨ ਕਯੋਂਕਿ ਜਿਸ ਵੇਲੇ ਚੀਰੀ ਆਵੈਗੀ ਉਠ ਜਾਵਣਗੇ ਅਰ ਜਿਨਾਂ ਨੂੰ ਆਈ ਹੈ ਸੋ ਉਠ ਗਏ ਹੈਨ ਪਰ ਜੋ ਇਥੇ ਵਾਹਗੁਰੂ ਨੂੰ ਸਿਵਾਣਦੇ ਹਨ ਸੋ ਅਗੇ ਭੀ ਜਾਇ ਮਿਲਦੇ ਹਨ ਅਰ ਜਿਤਨੇ ਹਿੰਦੂ ਮੁਸਲਮਾਨ ਹੈਨ ਸੋ ਜੇ ਗੁਰਪੀਰ ਦੇ ਆਖੇ ਨਹੀਂ ਚਲਦੇ ਤਾਂ ਉਨਾਂ ਨੂੰ ਸਦਾ ਫਕੜੀ ਇਸ ਲੋਕ ਭੀ ਅਰ ਅਗੇ ਭੀ ਹੋਵੇਗੀ ਕਯੋਂਕਿ ਸਭਨਾਂ ਦਾ ਲੇਖਾ ਧਰਮ ਰਾਇ ਦੇ ਹੋਵਣਾ ਹੈ ਅਰ ਕਰਣੀ ਬਾਝਹੁ ਕਿਸੇ ਨਹੀਂ ਛੁਟਣਾ ਗੁਰੂ ਨਾਨਕ ਜੀ ਕਹਦੇ ਹੈਨ ਕਿ ਜੋ ਕੋਈ ਸਚ ਬੋਲੇਗਾ ਅਰ ਸਚ ਕਮਾਵੇਗਾ ਉਸਨੂੰ ਅਗੇ ਪੁਛ ਨਹੀਂ ਹੋਣੀ ਅਰ ਕਲਜੁਗ ਦੇ ਜੀਅ ਅਰ ਸਭ ਸੰਸਾਰ ਗੁਰਪੀਰ ਥੀ ਮੁੜ ਖੜੋਤੇ ਹਨ ਸੋ ਹੇ ਜੋਗੀਸਰੇ ਏਹ ਸੰਸਾਰ ਤੇ ਵਰਤਾਰਾ ਵਰਤ ਰਹਿਆ ਤਾਂ ਫਿਰ ਬਾਬਾ ਜੀ ਨੇ ਰਾਗ ਰਾਮਕਲੀ ਵਿਚ ਇਕ ਸਬਦ ਆਖਿਆ :--

ਰਾਗ ਰਾਮਕਲੀ ਮਹਲਾ ੧ ॥ ਨਾਸਤਿ ਦੁਖੀਆ ਨਾਸਤਿ ਸੁਖੀਆ ਨਾਸਤਿ

ਪਾਨੀ ਜੰਤ ਫਿਰਹਿ ॥ ਨਾਸਤਿ ਮੂੰਡ ਮੁੰਡਾਈ ਕੇਸੀ ਨਾਸਤਿ ਪੜਿਆ ਦੇਸ ਫਿਰਹਿ ॥ ਨਾਸਤਿ ਰੁਖੀ ਬਿਰਖੀ ਪਥਰ ਆਪ ਤਛਾਵਹਿ ਦੁਖ ਸਹਹਿ ॥ ਨਾਸਤਿ ਹਸਤੀ ਬਧੇ ਸੰਗਲ ਨਾਸਤਿ ਗਾਈ ਘਾਹੁ ਚਰਹਿ ॥ ਜਿਸ ਹਥਿ ਸਿਧ ਦੇਵੈ ਜੇ ਸੋਈ ਜਿਸਨੋ ਦੇਇ ਤਿਸ ਆਇ ਮਿਲੈ ॥ ਨਾਨਕ ਤਾਕਉ ਮਿਲੈ ਵਡਾਈ ਜਿਸ ਘਟਿ ਭੀਤਰ ਸਬਦ ਰਵੈ ॥ ਸਭ ਘਟ ਮੇਰੇ ਹਉ ਸਭਨਾ ਅੰਦਰਿ ਜਿਸਹਿ ਖੁਆਈ ਤਿਸ ਕਉਣ ਕਹੈ ॥ ਜਿਸਹਿ ਦਿਖਾਲੈ ਵਾਟੜੀ ਤਿਸਹਿ ਭੁਲਾਵੈ ਕਉਣ ॥ ਜਿਸਹਿ ਭੁਲਾਈ ਪੰਧ ਸਿਰ ਤਿਸਹਿ ਦਿਖਾਵੈ ਕਉਣ ॥ ੧ ॥

ਤਾਂ ਬਾਬਾ ਬੋਲਿਆ ਸਤਿ ਪ੍ਰਾਪਤ ਹੁੰਦਾ ਹੈ ਸੋ ਪ੍ਰਮਾਤਮਾਂ ਦੇ ਗਿਆਨ ਤੇ ਹੁੰਦਾ ਹੈ ਅਤੇ ਜਉ ਲਗ ਦੇਹ ਅਭਮਾਨ ਹੈ ਤਉ ਲਗ ਸਤ ਨਹੀਂ ਪ੍ਰਾਪਤ ਹੈ ਕਜੋਂ ਜੋ ਦੁਖ ਦੇ ਸਹਾਰਨੇ ਤੇ ਭੀ ਸਤਿ ਨਹੀਂ ਪ੍ਰਾਪਤ ਹੁੰਦਾ ਅਰ ਸੁਖ ਦੇ ਭੋਗਣੇ ਤੇ ਭੀ ਨਹੀਂ ਪ੍ਰਾਪਤ ਹੁੰਦਾ ਅਤੇ ਜੇ ਪਾਨੀ ਉਤੇ ਟੁਰਿਆਂ ਸਤਿ ਪ੍ਰਾਪਤ ਹੁੰਦਾ ਹੋਵੇ ਤਾਂ ਗੰਗੇਰੀ ਜੋ ਕੀੜਾ ਹੁੰਦਾ ਹੈ ਸੋ ਸਦੀਵ ਜਲ ਤੇ ਟੁਰਦਾ ਹੈ ਅਰ ਜੇ ਸਿਰ ਮੁਨਾਇਆ ਸਤ ਪ੍ਰਾਪਤ ਹੁੰਦਾ ਹੋਵੇ ਤਾਂ ਭੇਡਾਂ ਛਿਆਂ ਮਹੀਨਿਆਂ ਵਿਚ ਮੁੰਨੀਦੀਆਂ ਹੈਂਨ ਅਰ ਜੇ ਪੜਿਆਂ ਸਤਿ ਪ੍ਰਾਪਤ ਹੁੰਦਾ ਹੋਵੈ ਤਾਂ ਤੋਤੇ ਸਾਰਕਾ ਪੜਾਈ ਦੀਆਂ ਹੈਨ ਅਰ ਜੇ ਦੇਸਾਂ ਦੇ ਭਵਿਆਂ ਸਤ ਪ੍ਰਾਪਤ ਹੁੰਦਾ ਹੋਵੇ ਤਾਂ ਕੂੰਜਾਂ ਦੇਸ ਨੂੰ ਛਡਕੇ ਪਰਦੇਸ ਫਿਰਦੀਆਂ ਹਨ ਅਰ ਜੇ ਰੁਖਾਂ ਬਿਰਖਾਂ ਵਿਚ ਰਹਿਆਂ ਸਤ ਪ੍ਰਾਪਤ ਹੁੰਦਾ ਹੋਵੇ ਤਾਂ ਮਿਰਗ ਬਨਾਂ ਵਿਚ ਰਹਿੰਦੇ ਹਨ ਅਰ ਜੇ ਸਰੀਰ ਦੇ ਤਛਾਇਆਂ ਸਤ ਪ੍ਰਾਪਤ ਹੁੰਦਾ ਹੋਵੇ ਤਾਂ ਪਰਬਤ ਤੇ ਬ੍ਰਿਛ ਆਪਨੂੰ ਤਛਾਉਂਦੇ ਹਨ ਅਰ ਤਿਨਾਂ ਦੀਆਂ ਪ੍ਰਿਤਮਾਂ ਬਣਦੀਆਂ ਹਨ ਅਰ ਜੇ ਇੰਦ੍ਰੀਆਂ ਵਿਚ ਸੰਗਲ ਪਾਇਆਂ ਸਤਿ ਪ੍ਰਾਪਤ ਹੁੰਦਾ ਹੋਵੇ ਤਾਂ ਹਸਤੀ ਸੰਗਲਾਂ ਨਾਲ ਬਧੇ ਮਰਦੇ ਹਨ ਅਰ ਜੇ ਕੰਦ ਮੂਲ ਖਾਧਿਆਂ ਸਤ ਪ੍ਰਾਪਤਿ ਹੁੰਦਾ ਹੋਵੇ ਤਾਂ ਗਾਈਆਂ ਘਾਹੁ ਚਰਦੀਆਂ ਹਨ ਤਾਂਤੇ ਸਤਿ ਦੀ ਸ਼ਿਧਿ ਸਤਿਗੁਰਾਂ ਦੇ ਹਥ ਹੈ ਅਰ ਸਭਨਾਂ ਘਟਾਂ ਵਿਚ ਆਤਮਾ ਵਿਆਪਿਆ ਹੋਇਆ ਹੈ ਪਰ ਜਿਸਨੂੰ ਆਪ ਸਤਿਗੁਰ ਵਾਟ ਦਿਖਾਂਵਦੇ ਹੈਨ ਉਸਨੋ ਕੋਈ ਨਹੀਂ ਭੁਲਾਂਵਦਾ ਅਰ ਜਿਸਨੂੰ ਭੁਲਾਂਵਦੇ ਹਨ ਉਸਨੂੰ ਕੋਈ ਨਹੀਂ ਦਿਖਾਂਵਦਾ ॥ ਤਾਂ ਈਸਰ ਨਾਥ ਬੋਲਿਆ:-

ਸੋ ਗਿਰਹੀ ਜੋ ਨਿਗ੍ਰਹਿ ਕਰੈ ॥ ਜਪ ਤਪ ਸੰਜਮ ਭੀਖਿਆ ਕਰੈ ॥ ਪੁੰਨਦਾਨ ਕਾ ਕਰੈ ਸਰੀਰ ॥ ਸੋ ਗਿਰਹੀ ਗੰਗਾ ਕਾ ਨੀਰ ॥ ਬੋਲੈ ਈਸਰ ਸਤ ਸਰੂਪ ॥ ਪਰਮ ਤਤ ਮਹਿ ਰੇਖਨ ਰੂਪ ॥

ਤਿਸਕਾ ਪਰਮਾਰਥ :--ਗਿਰਹੀ ਸੋ ਹੈ ਜੋ ਆਪਣੇ ਮਨ ਨੂੰ ਵਸ ਕਰਦਾ ਹੈ ਅਰ ਜਪ ਤਪ ਤੇ ਸੰਜਮ ਗੁਰਾਂ ਤੇ ਮੰਗਦਾ ਹੈ ਅਰ ਸਰੀਰ ਪਾਸੋਂ ਜੋ ਪੁੰਨਦਾਨ ਹੋ ਸਕਦੇ ਹਨ ਸੋ ਕਰਦਾ ਹੈ ਤਾਂਤੇ ਸੋ ਗਿਰਹੀ ਗੰਗਾ ਦੇ ਜਲ ਦੀ ਨਿਆਂਈ ਨਿਰਮਲ ਹੁੰਦਾ ਹੈ ॥ ਤਾਂ ਫਿਰ ਗੋਰਖ ਨਾਥ ਬੋਲਿਆ :-

ਸੋ ਅਉਧੂਤੀ ਜੋ ਧੂਪੈ ਆਪ ॥ ਭਿਖਿਆ ਭੋਜਨ ਕਰੈ ਸੰਤਾਪ ॥ ਅਉਹਟ ਪਟਣ ਕੀ ਭੀਖਿਆ ਕਰੈ ॥ ਸੋ ਅਉਧੂਤੀ ਸਿਵਪੁਰ ਚੜੈ ॥ ਬੋਲੈ ਗੋਰਖ ਸਤਸ ਰੂਪ ॥ ਪਰਮ ਤਤ ਮਹਿ ਰੇਖਨ ਰੂਪ ॥

ਗੋਰਖ ਬੋਲਿਆ ਕਿ ਅਉਧੂਤ ਸੋਈ ਹੈ ਜੋ ਆਪਨੇ ਅੰਤਹਕਰਣ ਨੂੰ ਸੁਧ ਕਰਤਾ ਹੈ ਅਰ ਅਠ ਇੰਦ੍ਰੀਆਂ ਨੂੰ ਤਪਾਂਵਤਾ ਹੈ ਅਰ ਤਿਸਕਾ ਭੋਜਨ ਕਰਤਾ ਹੈ ਅਰ ਖਰਚ ਕਰਕੈ ਜੋ ਹਟ ਹੈ ਤਿਸ ਮੈਂ ਆਪਨਿਆਂ ਪ੍ਰਾਣਾਂ ਨੂੰ ਭੀਖਿਆ ਮੰਗਾਂਵਤ ਹੈ ਅਰ ਤ੍ਰਿਕਟੀ ਜੋ ਸਿਵਪੁਰੀ ਹੈ ਤਿਸਮੈ ਜਾਇ ਠਹਿਰਾਵਤਾ ਹੈ ਗੋਰਖ ਕਹਤਾ ਹੈ ਕਿ ਓਹ ਪਰਮ ਤਤ ਕੋ ਪ੍ਰਾਪਤ ਹੂੰਦਾ ਹੈ ਫਿਰ ਗੋਪੀ ਚੰਦ ਬੋਲਿਆ :--

ਸੋ ਉਦਾਸੀ ਜੋ ਪਾਲੈ ਉਦਾਸ ॥ ਅਰਧ ਕਰੈ ਨਿਰੰਜਨ ਵਾਸ ॥ ਚੰਦ ਸੂਰਜ ਕੀ ਪਾਏ ਗੰਢ ॥ ਤਿਸ ਉਦਾਸੀ ਕਾ ਪੜੈ ਨ ਕੰਧ ॥ ਬੋਲੇ ਗੋਪੀ ਚੰਦ ਸਤਿ ਸਰੂਪ ॥ ਪਰਮ ਤਤ ਮਹਿ ਰੇਖਨ ਰੂਪ ॥

ਗੋਪੀ ਚੰਦ ਕਹਤਾ ਹੈ ਕਿ ਉਦਾਸੀ ਸੋਈ ਹੈ ਜੋ ਉਦਾਸ ਨੂੰ ਪਾਲਦਾ ਹੈ ਅਰ ਓਹ ਜੇ ਸ੍ਵਾਸ ਤਲੇ ਜਾਵਨ ਤਦ ਭੀ ਸੋਹੰਦਾ ਜਾਪ ਜਪਦਾ ਹੈ ਅਰ ਜੇ ਬਾਹਰ ਜਾਵਨ ਤਦ ਭੀ ਸੋਹੰਦਾ ਜਾਪ ਜਪਦਾ ਹੈ ਅਰ ਸਜੀ ਤੇ ਖਬੀ ਜੋ ਚੰਦ੍ਰਮਾ ਤੇ ਸੂਰਜ ਦੀਆਂ ਦੋਨੋਂ ਸੁਰਾਂ ਹੈਨ ਸੋ ਤ੍ਰਿਕੁਟੀ ਨਾਲ ਗੰਢ ਬੰਨਦਾ ਹੈ ਸੋ ਫਿਰ ਉਸਦਾ ਸਰੀਰ ਨਹੀਂ ਗਿੜਦਾ ਗੋਪੀ ਚੰਦ ਕਹਿੰਦਾ ਹੈ ਕਿ ਜਿਸ ਪਰਮ ਤਤ ਕਾ ਰੇਖ ਰੂਪ ਨਹੀਂ ਸੋ ਤਿਸਨੂੰ ਪ੍ਰਾਪਤ ਹੁੰਦਾ ਹੈ ॥ ਤਾਂ ਫਿਰ ਚਰਪਟ ਨਾਥ ਬੋਲਿਆ :--


ਸੋ ਪਾਖੰਡੀ ਜੋ ਕਾਇਆਂ ਪਖਾਲੇ ॥ ਕਾਂਇਆ ਕੀ ਅਗਨ ਬ੍ਰਹਮ ਪਰ ਜਾਲੇ ॥ ਸੁਪਨੇ ਬਿੰਦ ਨ ਦੇਈ ਝਰਨਾ ॥ ਤਿਸ ਪਾਖੰਡੀ ਜਰਾ ਨ ਮਰਨਾ ॥ ਬੋਲੈ ਚਰਪਟ ਸਤਸ ਰੂਪ ॥ ਪਰਮ ਤਤ ਮੈਂ ਰੇਖਨ ਰੂਪ ॥

ਚਰਪਟ ਨਾਥ ਬੋਲਿਆ ਕਿ ਸੋਈ ਪਖੰਡੀ ਹੈ ਜੋ ਆਪਣੀ ਕਾਇਆ ਨੂੰ ਧੋਵੈ ਅਰ ਕਾਇਆਂ ਨੂੰ ਗਿਆਨ ਦੀ ਅਗਨ ਕਰ ਦਗਦ ਕਰੈ ਅਰ ਆਪਣੇ ਬੀਰਜ ਨੂੰ ਸੁਪਨੇ ਵਿਚ ਭੀ ਗਿਰਨ ਨ ਦੇਵੇ ॥ ਸੋ ਫਿਰ ਉਸ ਪਾਖੰਡੀ ਕੋ ਜਰਾ ਭੀ ਨਹੀਂ ਅਰ ਮਰਨਾ ਭੀ ਨਹੀਂ ਚਰਪਟ ਕਹਿੰਦਾ ਹੈ ਕਿ ਸਤ ਸਰੂਪ ਨੂੰ ਓਹ ਪ੍ਰਾਪਤ ਹੁੰਦਾ ਹੈ

ਜੋ ਜਿਸ ਪਰਮ ਤਤ ਕਾ ਰੇਖ ਰੂਪ ਨਹੀਂ ॥ ਭਰਥਰੀ ਨਾਥ ਫਿਰ ਬੋਲਤਾ ਭਇਆ :--

ਸੋ ਬੈਰਾਗੀ ਜੋ ਉਲਟੈ ਬ੍ਰਹਮ ॥ ਗਗਨ ਮੰਡਲ ਮਹਿ ਰੋਕੈ ਥੰਮ ॥ ਅਹਿਨਿਸਿ ਅੰਤਰਿ ਕਰੇ ਧਿਆਨ ॥ ਤੇ ਬੈਰਾਗੀ ਸਤਿ ਸਮਾਨ ॥ ਬੋਲੈ ਭਰਥਰ ਸਤ ਸਰੂਪ ॥ ਪਰਮ ਤਤ ਮਹਿ ਰੇਖ ਨ ਰੂਪ ॥

ਭਰਥਰ ਬੋਲਿਆ ਕਿ ਬੈਰਾਗੀ ਸੋਈ ਹੈ ਜੋ ਅਪਾਨ ਵਾਉਕਉ ਉਲਟ ਕੈ ਅਰ ਪ੍ਰਾਣਾਂ ਨਾਲ ਰਲਾਇ ਕਰ ਦਸਵੇਂ ਦੁਆਰ ਠਹਿਰਾਵੈ ਅਰ ਦਿਨੇ ਰਾਤ ਆਪਣੇ ਸੰਜਮ ਸ੍ਵਾਵਾਂ ਵਿਚ ਰਹੇ ਤਾਂਤੇ ਉਹ ਜੋ ਬੈਰਾਗੀ ਹੈ ਸੋ ਸਤਿ ਵਿਚ ਸਮਾਂਵਦਾ ਹੈ ਭਰਥਰੀ ਕਹਿੰਦਾ ਹੈ ਕਿ ਸਤ ਸਰੂਪ ਜੋ ਹੈ ਅਰ ਜਿਸਦਾ ਰੇਖ ਰੂਪ ਕੋਈ ਨਹੀਂ ਸੋ ਉਹ ਤਿਸਦੇ ਵਿਚ ਜਾਇ ਸਮਾਂਵਦਾ ਹੈ ਅਰ ਉਸ ਵਿਚ ਲੀਨ ਹੁੰਦਾ ਹੈ ॥ ਤਾਂ ਫਿਰ ਮਛਿੰਦਰ ਨਾਥ ਬੋਲਿਆ ॥



ਕਿਉ ਮਰੈ ਮੰਦਾ ਕਿਉਂ ਜੀਵੈ ਜੁਗਤ ॥ ਕੰਨ ਪੜਾਇ ਕਿਆ ਖਾਜੈ ਭੁਗਤ ॥

ਤਿਸਕਾ ਵੀਚਾਰ ਕਿ ਮੰਦੇ ਕਰਮ ਜੋ ਹੈਨ ਸੋ ਕਿਉਂ ਕਰ ਮਰਨ ਅਰ ਗੁਰਾਂ ਦੀ ਜੁਗਤ ਕਰਕੇ ਕਿਸ ਤਰਾਂ ਜੀਵੀਐ ਅਰ ਕੰਨ ਪੜਾਇ ਕੇ ਕਿਆ ਭੁਗਤਿ ਖਾਣੀ ਚਾਹੀਐ ॥ ਤਾਂ ਬਾਬਾ ਬੋਲਿਆ :--

ਆਸਤ ਨਾਸਤ ਏਕੋ ਨਾਉ ॥ ਕਉਣ ਸੁ ਅਖਰ ਜਿਤ ਰਹੈ ਹਿਆਉ ॥ ਧੂਪ ਛਾਪ ਜੇ ਸਮਕਰ ਸਹੈ ॥ ਤਾਂ ਨਾਨਕ ਆਖੈ ਗੁਰ ਕਉ ਲਹੈ ॥ ਛਿਅ ਵਰਤਾਰੇ ਵਰਤਹਿ ਪੂਤ ॥ ਨਾ ਸੰਸਾਰੀ ਨਾ ਅਉਧੂਤ ॥ ਨਿਰੰਕਾਰ ਜੋ ਰਹੈ ਸਮਾਇ ॥ ਕਾਹੇ ਭੀਖਿਆ ਮੰਗਣ ਜਾਇ ॥

ਤਿਸਕਾ ਵੀਚਾਰ :--ਜਗਤ ਅਰ ਸਰੀਰ ਦੇ ਉਪਜਣੇ ਅਰ ਬਿਨਸਣੇ ਵਿਚ ਮਹਾਰਾਜ ਦਾ ਨਾਮ ਜਪੇ ਅਰ ਪਰਮੇਸਰ ਦੇ ਨਾਮ ਕਰਕੇ ਰਿਦੇ ਨੂੰ ਠਹਿਰਾਵੇ ਅਰ ਧੂਪ ਤੇ ਛਾਂਵ ਨੂੰ ਅਰ ਦੁਖਾਂ ਅਤੇ ਸੁਖਾਂ ਨੂੰ ਇਕੋ ਜੇਹਾ ਕਰ ਜਾਣੇ ਗੁਰੂ ਨਾਨਕ ਜੀ ਕਹਿੰਦੇ ਹਨ ਕਿ ਤਦ ਗੁਰਾਂ ਨੂੰ ਪ੍ਰਾਪਤ ਹੁੰਦਾ ਹੈ ਅਰ ਖਟ ਦਰਸਨ ਦੇ ਵਰਤਾਰੇ ਵਰਤਦੇ ਹਨ ਅਰ ਸਤਿਗੁਰਾਂ ਦੇ ਵਚਨਾਂ ਨੂੰ ਨਹੀਂ ਮੰਨਦੇ ਸੋ ਨਾ ਸੰਸਾਰੀ ਹੈਨ ਅਰ ਨਾ ਅਉਧੂਤ ਹੈਨ ਅਤੇ ਮੁਖ ਤੇ ਕਹਤੇ ਹਨ ਕਿ ਨਿਰੰਕਾਰ ਸਰਬ ਵਿਚ ਸਮਾਇ ਰਹਿਆ ਹੈ ਅਰ ਗੁਰਾਂ ਦੇ ਦੁਆਰੇ ਨੂੰ ਛਡਕੇ ਤੇ ਘਰ ਘਰ ਮੰਗਦੇ ਫਿਰਦੇ ਹਨ ॥ ਤਾਂ ਫਿਰ ਬਾਬਾ ਜੀ ਨੇ ਰਾਮਕਲੀ ਰਾਗ ਵਿਚ ਸ਼ਬਦ ਬੋਲਿਆ ॥

ਰਾਗ ਰਾਮਕਲੀ ਮਹਲਾ ੧ ॥ ਸੁਣ ਮਛਿੰਦ੍ਰਾ ਨਾਨਕ ਬੋਲੈ ॥ ਵਸਿਗਤ ਪੰਚ ਕਰੇ ਨਹ ਡੋਲੈ ॥ ਐਸੀ ਜੁਗਤਿ ਜੋਗ ਕਉ ਪਾਲੇ ॥ ਆਪ ਤਰੈ ਸਗਲੇ ਕੁਲਤਾਰੇ ॥ ੧ ॥ ਸੋ ਅਉਧੂਤ ਐਸੀ ਮਤਿ ਪਾਵੈ ॥ ਅਹਿਨਿਸਿ ਸੁੰਨ ਸਮਾਧਿ ਸਮਾਵੈ ॥ ੧ ॥ ਰਹਾਉ ॥ ਭਿਖਿਆ ਭਾਇ ਭਗਤਿ ਭੈ ਚਲੈ ॥ ਹੋਵੈ ਤ੍ਰਿਪਤਿ ਸੰਤੋਖ ਅਮੁਲੈ ॥ ਧਿਆਨ ਰੂਪ ਹੋਇ ਆਸਣ ਪਾਵੈ ॥ ਸਚ ਨਾਮ ਤਾੜੀ ਚਿਤ ਲਾਵੈ ॥ ੨ ॥ ਨਾਨਕ ਬੋਲੈ ਅੰਮ੍ਰਿਤ ਬਾਣੀ ॥ ਸੁਣਿ ਮਾਛਿੰਦ੍ਰਾ ਅਉਧੂ ਨੀਸਾਣੀ ॥ ਆਸਾ ਮਾਹਿ ਨਿਰਾਸ ਵਲਾਏ ॥ ਨਿਹਚਉ ਨਾਨਕ ਕਰਤੇ ਪਾਏ ॥ ੩ ॥ ਪ੍ਰਣਵਤਿ ਨਾਨਕ ਅਗਮ ਸੁਣਾਏ ॥ ਗੁਰ ਚੇਲੇ ਕੀ ਸੰਧ ਮਿਲਾਏ ॥ ਦੀਖਿਆ ਦਾਰੂ ਭੋਜਨ ਖਾਇ ॥ ਛਿਅ ਦਰਸਨ ਕੀ ਸੋਝੀ ਪਾਇ ॥ ੪ ॥

ਤਿਸਕਾ ਵੀਚਾਰ :--ਸੁਣ ਮਾਛਿੰਦ੍ਰਾ ਨਾਨਕ ਜੀ ਕਹਤੇ ਹੈਂ ਕਿ ਜੋ ਕਾਮ ਕ੍ਰੋਧ ਆਦਿਕਾਂ ਨੂੰ ਵਸ ਕਰਤੇ ਹੈਂ ਸੋ ਤਿਨਾਂ ਦਾ ਮਨ ਨਹੀਂ ਡੋਲਦਾ ਅਤੇ ਐਸੀ ਜੁਗਤਿ ਕਰ ਕਰਕੇ ਜੋ ਜੋਗ ਨੂੰ ਪਾਲਦਾ ਹੈ ਸੋ ਆਪ ਭੀ ਤਰਦਾ ਹੈ ਤੇ ਸਗਲੇ ਕੁਲ ਨੂੰ ਭੀ ਤਾਰਦਾ ਹੈ ਅਰ ਅਉਧੂਤ ਸੋਈ ਹੈ ਜਿਸਨੂੰ ਆਪਣੇ ਮਨ ਵਸ ਕਰਨ ਦੀ ਮਤਿ ਆਈ ਹੈ ਅਰ ਆਂਵਦੀ ਹੈ ਅਰ ਅਉਧੂ ਕੀ ਨੀਸਾਨੀ ਏਹ ਹੈ ਕਿ ਦਿਨੇ ਰਾਤ ਸੁੰਨ ਸਮਾਧ ਲਾਈ ਰਹੇ ਅਰ ਭਿਖਿਆ ਜੋ ਕਰੇ ਸੋ ਭਾਇ ਭਗਤਿ ਦੀ ਕਰੇ ਅਤੇ ਭੈ ਕਰਕੇ ਚਲੈ ਅਰ ਸੰਤੋਖ ਕਰਕੈ ਤ੍ਰਿਪਤ ਰਹੈ ਅਰ ਮਹਾਰਾਜ ਦੇ ਧਿਆਨ ਦਾ ਆਸਣ ਹੋਵੇ ਅਤੇ

ਸਚੇ ਨਾਮ ਦੀ ਤਾੜੀ ਲਾਵੈ ਗੁਰੂ ਨਾਨਕ ਜੀ ਕਹਿੰਦੇ ਹੈਨ ਕਿ ਏਹ ਅੰਮ੍ਰਿਤ ਬਾਣੀ ਸੁਣ ਮਾਛਿੰਦਾ ਅਉਧੂ ਕੀ ਨੀਸਾਣੀ ਹੈ ਜੋ ਸਭਨਾਂ ਆਸਾਂ ਵਿਚ ਨਿਰਾਸ ਹੋਵੇ ਅਰ ਸਭ ਅਸਥਾਨਾਂ ਵਿਚ ਕਰਤੇ ਨੂੰ ਜਾਣੈ ਗੁਰੂ ਨਾਨਕ ਜੀ ਕਹਿੰਦੇ ਹਨ ਕਿ ਏਹ ਵੇਦਾਂ ਦੀ ਗਲ ਸੁਣਾਈ ਹੈ ਅਰ ਜੀਵ ਅਰ ਈਸੂਰ ਕੀ ਏਕਤਾ ਵਾਸਤੇ ਗੁਰ ਅਰ ਚੇਲੇ ਦੀ ਏਕਤਾ ਮਿਲਾਏ ਅਰ ਗੁਰਾਂ ਦੀ ਦੀਖਿਆ ਦਾ ਭੋਜਨ ਖਾਏ ਕਜੋਂ ਜੋ ਛਿਅ ਦਰਸਨਾਂ ਦੀ ਸੰਧ ਗਿਆਨ ਕਰਕੈ ਮਿਲਦੀ ਹੈ ਤਾਂ ਫਿਰ ਬਾਬਾ ਜੀ ਨੇ ਗੋਰਖ ਕੋ ਕਹਿਆ ॥

ਰਾਗ ਰਾਮਕਲੀ ਮਹਲਾ ੧ ॥ ਸੁਰਤਿ ਸਬਦਿ ਸਾਖੀ ਮੇਰੀ ਸਿੰਙੀ ਬਾਜੈ ਲੋਕ ਸੁਣੈ ॥ ਪਤੁ ਝੋਲੀ ਮੰਗਣ ਕੈ ਤਾਈ ਭੀਖਿਆ ਨਾਮ ਪੜੈ ॥ ੧ ॥ ਬਾਬਾ ਗੋਰਖ ਜਾਗੈ ॥ ਗੋਰਖ ਸੋ ਜਿਨਿ ਗੋਇ ਉਠਾਲੀ ਕਰਤੇ ਬਾਰ ਨ ਲਾਗੈ ॥ ੧ ॥ ਰਹਾਉ ॥ ਪਾਣੀ ਪ੍ਰਾਣ ਪਵਣ ਬੰਧ ਰਾਖੇ ਚੰਦ ਸੂਰਜ ਮੁਖਿ ਦੀਏ ॥ ਮਰਣ ਜੀਵਣ ਕਉ ਧਰਤੀ ਦੀਨੀ ਏਤੇ ਗੁਣ ਵਿਸਰੇ ॥ ੨ ਸਿਧ ਸਾਧਕ ਅਰ ਜੋਗੀ ਜੰਗਮ ਪੀਰ ਪੁਰਸ ਬਹੁਤੇਰੇ ॥ ਜੇ ਤਿਨ ਮਿਲਾਂ ਤਾਂ ਕੀਰਤ ਆਖਾਂ ਤਾਂ ਮਨ ਸੇਵ ਕਰੈ ॥ ੩ ॥ ਕਾਗਦ ਲੂਣ ਰਹੈ ਘ੍ਰਿਤ ਸੰਗੇ ਪਾਣੀ ਕਮਲ ਰਹੇ ॥ ਐਸੇ ਭਗਤਿ ਮਿਲਹਿ ਜਨ ਨਾਨਕ ਤਿਨ ਜਮ ਕਿਆ ਕਰੈ ੪ ॥

ਤਾਂ ਗੋਰਖ ਕਹਿਆ ਹੇ ਬਾਲਿਆ ਜੇ ਤੂੰ ਅਸਾਡਾ ਸਿਖ ਹੋਵੇਂ ਤਾਂ ਮੁੰਦ੍ਰਾਂ ਪਾਇ ਅਰ ਸਿੰਙੀ ਲੈ ਅਰ ਝੋਲੀ ਲੈ ਸੋ ਤੇਰਾ ਸਾਰੇ ਜਗਤ ਵਿਚ ਪ੍ਰਤਾਪ ਕਰਦੇਵਾਂਗੇ ਤਾਂ ਬਾਬਾ ਬੋਲਿਆ ਕਿ ਮੇਰੀ ਜੋ ਗੁਰਾਂ ਦੇ ਸਬਦਿ ਵਲ ਸੁਰਤਿ ਹੈ ਸੋ ਸਿੰਙੀ ਵਜਦੀ ਹੈ ਅਰ ਜੋ ਅਨਾਹਦ ਦਾ ਸਬਦ ਹੈ ਸੋ ਮੈ ਨਾਦ ਸੁਣਦਾ ਹੋਂ ਅਰ ਆਤਮਾਂ ਜੋਤ ਦੇਖਦਾ ਹੋਂ ਅਰ ਜੇ ਹੋਰ ਕੋਈ ਲੋਕ ਚਾਹੇ ਤਾਂ ਉਸਕੋ ਭੀ ਦਿਖਾਇ ਦੇਤਾ ਹੋਂ ਅਰ ਆਪਣੀ ਪਤਿ ਜੋ ਗੁਰਾਂ ਦੇ ਬਚਨਾਂ ਨਾਲ ਰਖੀ ਹੈ ਸੋ ਮੈਂ ਝੋਲੀ ਕੀਤੀ ਹੈ ਅਰ ਸਤਿਗੁਰਾਂ ਪਾਸੋਂ ਨਾਮ ਦੀ ਭਿਖਿਆ ਮੰਗਤਾਂ ਹੋਂ ਕਜੋਂਕਿ ਮੇਰਾ ਗੋਰਖ ਹੋਰ ਹੈ ਜੋ ਜਿਸਨੇ ਗੋ ਰੂਪੀ ਬ੍ਰਹਮੰਡ ਨੂੰ ਉਤਪਤਿ ਕੀਆ ਹੈ ਅਰ ਪਾਲਨਾ ਕਰਦਾ ਹੈ ਅਰ ਗੋ ਰਪੀ ਇੰਦ੍ਰੀਆਂ ਦੀ ਰਖਿਆ ਕਰਦਾ ਹੈ ਅਰ ਜਿਸਨੂੰ ਜਗਤ ਦੇ ਉਤਪਤ ਅਰ ਪਰਲੈ ਕਰਨੇ ਮੈਂ ਬਾਰ ਨਹੀਂ ਲਗਦੀ ਅਰ ਜਿਸਨੇ ਜਲ ਵਿਚ ਧਰਤੀ ਬੰਧ ਰਖੀ ਹੈ ਅਰ ਜੀਆਂ ਦੇ ਵਰਤਣ ਵਾਸਤੇ ਪ੍ਰਾਣਾਂ ਨੂੰ ਸਰੀਰ ਵਿਚ ਬੰਧ ਰਖਿਆ ਹੈ ਅਰ ਚੰਦ੍ਰਮਾ ਸੂਰਜ ਪ੍ਰਕਾਸ ਵਾਸਤੇ ਦੀਵੇ ਰਚ ਦੀਏ ਹਨ ਅਰ ਮਰਣ ਜੀਵਣ ਦੇ ਭੋਗ ਵਾਸਤੇ ਧਰਤੀ ਰਚ ਦਈ ਹੈ ਸੋ ਐਸੇ ਮਹਾਰਾਜ ਦੇ ਗੁਣ ਅਸਾਂ ਵਿਸਾਰ ਦਿਤੇ ਹਨ ਅਤੇ

ਓਹ ਅਸਾਡੇ ਅਉਗਣਾਂ ਵਲ ਨਹੀਂ ਦੇਖਦਾ ਤਾਂਤੇ ਉਸ ਗੋਰਖ ਨਾਥ ਦੇ ਅਸੀਂ ਚੇਲੇ ਹਾਂ ਅਰ ਹੋਰ ਜੋ ਅਸੀਂ ਸਿਧਾਂ ਨੂੰ ਅਰ ਸਾਧਕਾਂ ਨੂੰ ਅਤੇ ਜੋਗੀਆਂ ਨੂੰ ਅਰ ਜੰਗਮਾਂ ਨੂੰ ਅਤੇ ਪੀਰਾਂ ਅਰ ਪੁਰਸਾਂ ਨੂੰ ਮਿਲਦੇ ਹਾਂ ਸੋ ਉਸ ਗੋਰਖ ਦੇ ਕੀਰਤਨ ਸੁਣਨ ਅਤੇ ਆਖਣ ਵਾਸਤੇ ਮਿਲਦੇ ਹਾਂ ਅਰ ਅਸਾਡਾ ਜੋ ਮਨ ਹੈ ਸੋ ਸੰਤਾਂ ਨੂੰ ਮਿਲਕੇ ਸੇਵਾ ਕਰਦਾ ਹੈ ॥ ਅਰ ਜੈਸੇ ਕਾਗਤ ਅਤੇ ਲੂਣ ਘ੍ਰਿਤ ਨਾਲ ਚੋਪੜਿਆ ਹੋਇਆ ਪਾਣੀ ਵਿਚ ਤੁਰਤ ਨਹੀਂ ਗਲਦਾ ਤੈਸੇ ਸੰਤਾਂ ਦੇ ਉਪਦੇਸ ਸੁਣਿਆ ਹੋਇਆ ਪ੍ਰਾਣ ਬਿਰਥੇ ਨਹੀਂ ਜਾਂਦੇ ਗੁਰੂ ਨਾਨਕ ਜੀ ਕਹਿੰਦੇ ਹੈਨ ਕਿ ਤੁਸਾਨੂੰ ਆਪਨੇ ਗੁਰੂ ਦੇ ਜਸ ਸੁਣਨ ਵਾਸਤੇ ਆ ਮਿਲੇ ਹਾਂ ॥ ਅਰ ਜੈਸੇ ਪਾਣੀ ਸੇ ਕਮਲ ਨਿਰਾਲਾ ਰਹਿੰਦਾ ਹੈ ਤੈਸੇ ਸੰਤ ਜਗਤ ਥੀ ਨਿਰਾਲੇ ਰਹਿੰਦੇ ਹਨ ॥

ਪਉੜੀ ਅਠਾਈਵੀਂ ਚਲੀ

ਬਾਬੇ ਡਿੱਠੀ ਪਿਰਥਮੀ ਨਵੈ ਖੰਡ ਜਿੱਥੈ ਤਕ ਆਹੀ ॥
ਫਿਰ ਜਾ ਚੜ੍ਹੇ ਸੁਮੇਰ ਪਰ ਸਿੱਧ ਮੰਡਲੀ ਦ੍ਰਿਸ਼ਟੀ ਆਈ ॥
ਚਉਰਾਸੀਹ ਸਿੱਧ ਗੋਰਖਾਦਿ ਮਨ ਅੰਦਰ ਗਿਣਤੀ ਵਰਤਾਈ ॥
ਸਿੱਧ ਪੁੱਛਣ ਸੁਣ ਬਾਲਿਆ ਕੌਣ ਸ਼ਕਤਿ ਤੁਹਿ ਏਥੇ ਲਿਆਈ ॥
ਹਉਂ ਜਪਿਆ ਪਰਮੇਸ਼ਰੋ ਭਾਉ ਭਗਤਿ ਸੰਗ ਤਾੜੀ ਲਾਈ ॥
ਆਖਣ ਸਿੱਧ ਸੁਣ ਬਾਲਿਆ ਅਪਨਾ ਨਾਉਂ ਤੁਮ ਦੇਹੁ ਬਤਾਈ ॥
ਬਾਬਾ ਆਖੇ ਨਾਥ ਜੀ ਨਾਨਕ ਨਾਮ ਜਪੇ ਗਤਿ ਪਾਈ ॥
ਨੀਚ ਕਹਾਇ ਊਚ ਘਰ ਆਈ ॥ ੨੮ ॥

ਪਉੜੀ ਉਣਤਵੀਂ ਚਲੀ

ਫਿਰ ਪੁੱਛਣ ਸਿੱਧ ਨਾਨਕਾ ਮਾਤਲੋਕ ਵਿਚ ਕਜਾ ਵਰਤਾਰਾ ॥
ਸਭ ਸਿੱਧੀਂ ਏਹ ਬੁੱਝਿਆ ਕਲਿ ਤਾਰਣ ਨਾਨਕ ਅਵਤਾਰਾ ॥
ਬਾਬੇ ਕਹਿਆ ਨਾਥ ਜੀ ਸੱਚ ਚੰਦ੍ਰਮਾਂ ਕੂੜ ਅੰਧਾਰਾ ॥
ਕੂੜ ਅਮਾਵਸ ਵਰਤਿਆ ਹਉ ਭਾਲਣ ਚੜ੍ਹਿਆ ਸੰਸਾਰਾ ॥
ਪਾਪ ਗਿਰਾਸੀ ਪਿਰਥਮੀ ਧੌਲ ਖੜਾ ਧਰ ਹੇਠ ਪੁਕਾਰਾ ॥
ਸਿੱਧ ਛਪ ਬੈਠੇ ਪਰਬਤੀਂ ਕੌਣ ਜਗਤ ਕਉ ਪਾਰ ਉਤਾਰਾ ॥
ਜੋਗੀ ਗਜਾਨ ਵਿਹੂਣਿਆਂ ਨਿਸਦਿਨ ਅੰਗ ਲਗਾਇਨ ਛਾਰਾ ॥
ਬਾਝ ਗੁਰੂ ਡੁੱਬਾ ਜੱਗ ਸਾਰਾ ॥ ੨੯ ॥

ਪਉੜੀ ਤੀਹਵੀਂ ਚਲੀ

ਕਲਿ ਆਈ ਕੁੱਤੇ ਮੁਹੀ ਖਾਜ ਹੋਆ ਮੁਰਦਾਰ ਗੁਸਾਈ ॥
ਰਾਜੇ ਪਾਪ ਕਮਾਂਵਦੇ ਉਲਟੀ ਵਾੜ ਖੇਤ ਕਉ ਖਾਈ ॥
ਪਰਜਾ ਅੰਧੀ ਗਯਾਨ ਬਿਨ ਕੂੜ ਕੁਸੱਤ ਮੁਖਹੁ ਆਲਾਈ ॥
ਚੇਲੇ ਸਾਜ ਵਜਾਇੰਦੇ ਨੱਚਣ ਗੁਰੂ ਬਹੁਤ ਬਿਧਿ ਭਾਈ ॥
ਸੇਵਕ ਬੈਠਨ ਘਰਾਂ ਵਿਚ ਗੁਰ ਉਠ ਘਰੀਂ ਤਿਨਾੜੇ ਜਾਈ ॥
ਕਾਜ਼ੀ ਹੋਏ ਰਿਸ਼ਵਤੀ ਵੱਢੀ ਲੈਕੇ ਹੱਕ ਗਵਾਈ ॥
ਇਸਤ੍ਰੀ ਪੁਰਖੈ ਦਾਮ ਹਿਤ ਭਾਵੇਂ ਆਇ ਕਿਥਾਊਂ ਜਾਈ ॥
ਵਰਤਿਆ ਪਾਪ ਸਭਸ ਜਗ ਮਾਂਹੀ ॥ ੩੦ ॥

ਤਿਸਦਾ ਵੀਚਾਰ ॥ ਬਾਬਾ ਜੀ ਨੇ ਨਉਖੰਡ ਅਤੇ ਸਤ ਦੀਪ ਪ੍ਰਿਥਮੀ ਡਿਠੀ ਅਰ ਫੇਰ ਸੁਮੇਰ ਤੇ ਜਾਇ ਚੜੇ ਅਰ ਸਿਧਾਂ ਦਾ ਦਰਸਨ ਜਾਕਰ ਕੀਆ ਤਾਂ ਚੌਰਾਸੀ ਸਿਧ ਜੋ ਆਹੇ ਗੋਰਖ ਥੀ ਆਦਿ ਤਿਨਾਂ ਦੇ ਮਨ ਗਿਣਤੀ ਆਈ ਜੋ ਏਹ ਬਾਲਾ ਸੁਮੇਰ ਪਰਬਤ ਤੇ ਕਿਉਂਕਰ ਆਇਆ ਅਤੇ ਜਦ ਬਾਬੇ ਥੋਂ ਉਨਾਂ ਪੁਛਿਆ ਜੋ ਤੂੰ ਕੌਨ ਸੀ ਸਕਤ ਕਰ ਈਹਾਂ ਆਇਆ ਹੈਂ ਕਯੋਂਕਿ ਅਸੀਂ ਹਜਾਰਾਂ ਬਰਸ ਸਮਾਧਾਂ ਲਾਇਦੇਂ ਹਾਂ ਤਾਂ ਈਹਾਂ ਪਹੁਚਤੇ ਹੈਂ ਤਾਂ ਬਾਬੇ ਕਹਿਆ ਮੈਂ ਪਰਮੇਸਰ ਦਾ ਜਾਪ ਜਪਿਆ ਹੈ ਅਰ ਭਾਉ ਭਗਤਿ ਦੀ ਸਮਾਧ ਲਾਈ ਹੈ ਤਾਂ ਫਿਰ ਸਿਧਾਂ ਕਹਿਆ ਬਾਲੇ ਤੂੰ ਆਪਣਾ ਨਾਉਂ ਦਸ ਤਾਂ ਬਾਬੇ ਕਹਿਆ ਨਾਨਕ ਮੇਰਾ ਨਾਉਂ ਹੈ ਅਰ ਨਾਮ ਜਪ ਕਰ ਗਤ ਪਾਈ ਹੈ ਅਰ ਆਪ ਨੂੰ ਨੀਚ ਕਹਿਆ ਹੈ ਤਾਂ ਊਚ ਘਰ ਆਇਆ ਹੋਂ ॥ ੨੮ ॥ ਤਾਂ ਫਿਰ ਸਿਧ ਪੁਛਣ ਲਗੇ ਹੇ ਨਾਨਕ ਜੀ ਮਾਤ ਲੋਕ ਦਾ ਕੀ ਵਰਤਾਰਾ ਹੈ ਅਰ ਫਿਰ ਸਭਨਾਂ ਸਿਧਾਂ ਨੇ ਮਛਿੰਦ੍ਰ ਨਾਥ ਨੂੰ ਅਤੇ ਗੋਰਖ ਨਾਥ ਨੂੰ ਪੁਛਿਆ ਕਿ ਮਹਾਰਾਜ ਜੀ ਤੁਸੀਂ ਜੋ ਆਖਦੇ ਸੇ ਕਿ ਕਲਜੁਗ ਵਿਚ ਮਹਾਰਾਜ ਨਾਨਕ ਅਵਤਾਰ ਧਾਰਨਗੇ ਸੋ ਓਹ ਨਾਨਕ ਜੀ ਏਹੋ ਹੈ ॥ ਤਾਂ ਬਾਬੇ ਆਖਿਆ ਸੁਣਹੋ ਨਾਥ ਜੀ ਸਚ ਕਲਜੁਗ ਵਿਚ ਛਪਿ ਗਇਆ ਹੈ ਜੋ ਅਮਾਵਸ ਦੇ ਚੰਦ੍ਰਮਾਂ ਦੀ ਨਿਆਈ ਅਤੇ ਕੂੜ ਦਾ ਹਨੇਰਾ ਅਮਾਵਸ ਦੀ ਨਿਆਈ ਪਸਰ ਰਹਿਆ ਹੈ ਅਰ ਮੈਂ ਸਚ ਦੇ ਭਾਲਣ ਵਾਸਤੇ ਆਇਆ ਹਾਂ ਕਯੋਂਕਿ ਪਾਪ ਜੋ ਹੈ ਸਾਰੀ ਪ੍ਰਿਥਮੀ ਵਿਚ ਵਿਆਪ ਰਹਿਆ ਹੈ ਅਰ ਧੌਲ ਜੋ ਧਰਮ ਹੈ ਸੋ ਪ੍ਰਿਥਮੀ ਦੇ ਹੇਠ ਭਾਰ ਸਹਾਰ ਨਹੀਂ ਸਕਿਆ ਅਰ ਉਸਨੇ ਮਹਾਰਾਜ ਅਗੇ ਪੁਕਾਰ ਆਨ ਕੀਤੀ ਜੋ ਸਿਧ ਪਰਬਤਾਂ ਤੇ ਛਪ ਬੈਠੇ ਹਨ ਤਾਂ ਤੇ ਜਗਤ ਨੂੰ ਕੌਣ ਗਿਆਨ ਦੇ ਕਰ ਉਧਾਰੇਗਾ ਅਰ ਜੇੜੇ ਜੋਗੀ ਅਰ ਸੰਨਿਆਸੀ ਜਗਤ ਵਿਚ ਹੈਨ ਸੋ ਸਰੀਰਾਂ ਨੂੰ ਬਿਭੂਤ ਮਲਦੇ ਹੈਨ ਅਰ ਗਿਆਨ

ਧਿਆਨ ਨਹੀਂ ਜਾਣਦੇ ॥ ਤਾਂਤੇ ਗੁਰਾਂ ਦੇ ਬਿਨਾ ਸਾਰਾ ਸੰਸਾਰ ਡੁਬਾ ਹੋਇਆ ਹੈ ॥ ੨੯ ॥ ਕੁਤਿਆਂ ਦੇ ਮੂਹਿ ਕਲਆਈ ਹੈ ਅਰ ਖਾਜ ਜੋ ਹੋਇਆ ਹੈ ਸੋ ਮੁਰਦਾਰ ਅਰ ਹਰਾਮ ਹੋਇਆ ਹੈ ਅਰ ਕੋਈ ਕਿਸੇ ਨਾਲ ਵੰਡ ਨਹੀਂ ਖਾਂਵਦਾ ਅਰ ਰਾਜੇ ਜੋ ਹੈਨ ਸੋ ਪਾਪ ਕਮਾਂਵਦੇ ਹੈਨ ਜੋ ਉਲਟੀ ਵਾੜ ਖੇਤ ਨੂੰ ਖਾਵਣ ਲਗੀ ਹੈ ਅਰ ਪਰਜਾ ਜੋ ਹੈ ਸੋ ਅੰਧੀ ਹੈ ਗਿਆਨ ਤੋਂ ਬਿਨਾ ਜੋ ਕੂੜ ਅਤੇ ਕੁਸਤ ਬੋਲਦੇ ਹਨ ਅਤੇ ਚੇਲੇ ਸਾਜ ਬਜਾਂਵਦੇ ਹੈਨ ਅਰ ਗੁਰੂ ਨਚਦੇ ਹਨ ਅਰ ਸੇਵਕ ਘਰਾਂ ਵਿਚ ਬੈਠਤੇ ਹਨ ਤੇ ਗੁਰ ਉਲਟੇ ਉਨਾਂ ਦੇ ਘਰ ਵਿਚ ਮੰਗਣ ਜਾਂਦੇ ਹਨ ਅਰ ਕਾਜੀ ਜੋ ਹੈਨ ਸੋ ਵਢੀ ਖੋਰੇ ਹੋ ਗਏ ਹੈਨ ਜੋ ਵਢੀ ਲੈਕਰ ਸਚੇ ਨੂੰ ਝੂਠਾ ਕਰਦੇ ਹਨ ਅਰ ਝੂਠੇ ਨੂੰ ਸਚਾ ਕਰਦੇ ਹੈਨ ਅਰ ਇਸਤ੍ਰੀ ਪੁਰਖ ਦਾ ਮਾਇਆ ਨਾਲ ਹੀ ਪਿਆਰ ਹੈ ਸੋ ਭਾਵੇਂ ਆਵੇ ਪੁਰਖ ਅਤੇ ਭਾਵੇਂ ਜਾਵੈ ਸੋ ਅਬ ਸਾਰੇ ਜਗਤ ਵਿਚ ਕੂੜ ਹੀ ਵਰਤ ਰਹਯਾ ਹੈ ਅਰ ਸਭ ਕੋਈ ਝੂਠ ਨੂੰ ਹੀ ਪਸਿੰਦ ਕਰਦਾ ਹੈ ॥ ੩੦ ॥

ਪਉੜੀ ਇਕੱਤੀਵੀਂ ਚਲੀ

ਸਿੱਧੀ ਮਨੋਂ ਬਿਚਾਰਿਆ ਕਿਵੈਂ ਦਰਸ਼ਨ ਏਹ ਲੇਵੇ ਬਾਲਾ ॥
ਐਸਾ ਜੋਗੀ ਕਲੀ ਮਾਹਿ ਹਮਰੋ ਪੰਥ ਕਰੇ ਉਜਿਆਲਾ ॥
ਖੱਪਰ ਦਿੱਤਾ ਨਾਥ ਜੀ ਪਾਣੀ ਭਰ ਲੈਵਣ ਉਠ ਚਾਲਾ ॥
ਬਾਬਾ ਆਯਾ ਪਾਣੀਐ ਡਿੱਠੇ ਰਤਨ ਜਵਾਹਰ ਲਾਲਾ ॥
ਸਤਿਗੁਰ ਅਗਮ ਅਗਾਧ ਪੁਰਖ ਕੇਹੜਾ ਝੱਲੇ ਗੁਰ ਦੀ ਝਾਲਾ॥
ਫਿਰ ਆਯਾ ਗੁਰਨਾਥ ਜੀ ਪਾਣੀ ਠਉੜ ਨਹੀਂ ਉਸ ਤਾਲਾ ॥
ਸ਼ਬਦ ਜਿਤੀ ਸਿੱਧ ਮੰਡਲੀ ਕੀਤੋਸੁ ਅਪਣਾ ਪੰਥ ਨਿਰਾਲਾ ॥
ਕਲਿਜੁਗ ਨਾਨਕ ਨਾਮ ਸੁਖਾਲਾ ॥ ੩੧ ॥

ਤਾਂ ਸਿਧਾਂ ਮਨ ਵਿਚ ਵੀਚਾਰਿਆ ਕਿ ਕਿਵੇਂ ਏਸ ਬਾਲੇ ਨੂੰ ਦਰਸਨ ਦੇਵੀਏ ਕਯੋਂਕਿ ਇਜੇਹਾ ਜੇ ਜੋਗੀ ਸਾਡੇ ਪੰਥ ਵਿਚ ਹੋਵੇਗਾ ਤਾਂ ਸਾਰੇ ਪੰਥ ਨੂੰ ਉਜਾਲਾ ਕਰੇਗਾ ਜੈਸੇ ਬਾਵਨ ਚੰਦਨ ਸਾਰੇ ਬਨ ਨੂੰ ਚੰਦਨ ਕਰਦਾ ਹੈ ॥ ਤਾਂ ਫਿਰ ਗੋਰਖ ਖਪਰ ਦਿਤਾ ਅਰ ਕਹਿਆ ਕੇ ਜਾਇ ਕਰ ਇਸਨੂੰ ਜਲ ਦਾ ਭਰ ਲਿਆਉ ਤਾਂ ਬਾਬਾ ਪਾਣੀ ਭਰਨ ਗਇਆ ਸੋ ਅਗੇ ਜਾਕਰ ਕਯਾ ਦੇਖੇ ਜੋ ਲਾਲ ਅਰ ਰਤਨ ਅਰ ਜਵਾਹਰ ਅਨੇਕ ਪਏ ਹੋਏ ਹਨ ਤਾਂ ਫੇਰ ਗੋਰਖ ਪਾਸ ਆਇਆ ਅਰ ਬਾਬਾ ਜੀ ਨੇ ਆ ਕਰ ਕਹਿਆ ਕਿ ਏਹ ਜੋ ਤੁਸਾਡੇ ਲਾਲ ਅਰ ਜਵਾਹਰ ਅਤੇ ਰਤਨ ਹੈਨ ਸੋ ਪਥਰਾਂ ਦੇ ਹੈਨ ਅਤੇ ਅਸਾਡੇ ਪਾਸ ਨਾਮ ਰੂਪੀ ਲਾਲ ਜਵਾਹਰ ਹੈਨ ਜੋ ਇਸ ਲੋਕ

ਵਿਚ ਭੀ ਅਰ ਪਰਲੋਕ ਵਿਚ ਭੀ ਕਦੇ ਨਹੀਂ ਨਿਖੁਟਦੇ ਤਾਂ ਫਿਰ ਜਪਜੀ ਦਾ ਗੋਸਟ ਕਰਕੇ ਸਾਰੀ ਸਿਧ ਮੰਡਲੀ ਨੂੰ ਜਿਤਿਆ ਅਰ ਆਪਣਾ ਪੰਥ ਨਿਰਾਲਾ ਕੀਤਾ ਕਜੋਂ ਜੋ ਕਲਜੁਗ ਦੇ ਵਿਚ ਜਪ ਅਰ ਤਪ ਖਰੇ ਕਠਨ ਹੈਨ ਅਰ ਨਾਮ ਸੁਖਾਲਾ ਹੈ ਤਾਂਤੇ ਨਾਮ ਹੀ ਦ੍ਰਿੜਾਇਆ ਹੈ ਕਜੋਂ ਜੋ ਭਾਵੈ ਗ੍ਰਿਹਸਤ ਵਿਚ ਹੋਵਨ ਅਰ ਭਾਵੇਂ ਫਕੀਰੀ ਵਿਚ ਹੋਵਨ ਸੋ ਨਾਮ ਹੀ ਕਲਿਆਣ ਕਰਦਾ ਹੈ ॥ ੩੧ ॥

ਤਾਂ ਫਿਰ ਸਿਖਾਂ ਪ੍ਰਸਨ ਕੀਤਾ ਜੀ ਜਪਜੀ ਗੋਸਟ ਕਿਸ ਪ੍ਰਕਾਰ ਹੋਈ ਸੋ ਭਾਈ ਜੀ ਕਥਨ ਕਰੇ ਹੈਂ ॥ ਕਿ ਉਨਾਂ ਸਿਧਾਂ ਨੇ ਪੁਛਿਆ ਕਿ ਤੁਸੀਂ ਤਾਂ ਬਾਲੇ ਹੋ ਅਰ ਇਥੇ ਕਿਸਦੇ ਬਲ ਕਰਕੇ ਆਏ ਹੋ ॥

ਜਪਜੀ ਗੋਸਟ

ਤਾਂ ਬਾਬੇ ਕਹਿਆ ਇਕਓਅੰਕਾਰ ੧ਓ ਤਿਸਕਾ ਵੀਚਾਰ ॥ ਇਕ ਜੋ ਵਾਹਗੁਰੂ ਪ੍ਰਮਾਤਮਾ ਹੈ ਸੋ ਉਸਨੇ ਚਾਹਿਆ ਕਿ ਮੈਂ ਏਕ ਤੇ ਅਨੇਕ ਹੋਵਹੁ ਤਾਂ ਓਸ ਆਪਨੀ ਧੁਨਿ ਕੀਤੀ ਤਾਂ ਅਰਧ ਚੰਦ੍ਰ ਕਾ ਮਾਇਆ ਹੋਈ ਤਾਂ ਮਾਇਆ ਸੇ ਤਿਨ ਦੇਵਤੇ ਹੂਏ ਜੋ ਊੜੇ ਵਿਚੋਂ ਬ੍ਰਹਮਾ ਹੋਇਆ ਅਰ ਆਇੜੇ ਵਿਚੋਂ ਵਿਸਨ ਹੋਇਆ ਅਰ ਮਮੇ ਵਿਚੋਂ ਮਹਾਦੇਵ ਹੋਇਆ ਤਾਂ ਬ੍ਰਹਮੇ ਨੂੰ ਰਾਜਸ ਗੁਣ ਦੇਕਰ ਜਗਤ ਦੇ ਉਤਪਤਿ ਕਰਣ ਵਿਚ ਲਾਇਆ ਅਰ ਵਿਸਨੂੰ ਨੂੰ ਸਾਂਤਕ ਗੁਣ ਦੇਕਰ ਜਗਤ ਦੇ ਪਾਲਨ ਵਿਚ ਲਾਇਆ ਅਰ ਮਹਾਂ ਦੇਵ ਨੂੰ ਤਾਂਮਤ ਗੁਣ ਦੇਕਰ ਸੰਘਾਰ ਕਰਨ ਵਿਚ ਲਾਇਆ ਸੋ ਜਿਸਨੇ ਸਭ ਨੂੰ ਧੰਧੇ ਲਾ ਛਡਿਆ ਤਿਸਦੇ ਬਲ ਕਰਕੇ ਅਸੀਂ ਆਇ ਪਹੁੰਚੇ ਹਾਂ ਤਾਂ ਉਨਾਂ ਪੁਛਿਆ ਉਸਦਾ ਨਾਓ ਕੀ ਹੈ ਅਰ ਰੂਪ ਕੀ ਹੈ ਤਾਂ ਬਾਬੇ ਕਹਿਆ ਸਤਿਨਾਮੁ ਕਰਤਾ ਪੁਰਖੁ ਜੋ ਸਤ ਉਸਦਾ ਨਾਮ ਹੈ ਅਰ ਜਗਤ ਦਾ ਕਰਤਾ ਹੈ ਅਤੇ ਸਰਬ ਵਿਚ ਪੂਰਿਆ ਹੋਇਆ ਹੈ ਸੋ ਪੁਰਖਾਂ ਕੇ ਤਿੰਨ ਅਰਥ ਹੈਂ ਕਿ ਜਿਤਨੇ ਜੋ ਸਰੀਰ ਹਨ ਸੋ ਪੁਰੀਆਂ ਹਨ ਸੋ ਤਿਨਾਂ ਸਭਨਾ ਪੁਰੀਆਂ ਵਿਚ ਮਹਾਰਾਜ ਕੀ ਜੋਤਿ ਇਸਥਿਤ ਹੈ ਦੂਸਰਾ ਪੁਰਖ ਪੂਰਨ ਕਾ ਭੀ ਨਾਉਂ ਹੈ ਅਰ ਪੁ ਨਾਮੁ ਹੈ ਨਰਕਾਂ ਦਾ ॥ ਸੋ ਤਿਸ ਤੋਂ ਜੋ ਰਖਿਆ ਕਰੈ ਸੋ ਪੁਰਖ ਕਹੀਐ ॥ ਤਾਂ ਸਿਧਾਂ ਕਹਿਆ ਕਿ ਨਾਮ ਅਤੇ ਰੂਪਤਾਂ ਮਾਇਆ ਕਰਕੇ ਕੀਤੇ ਹੋਏ ਹਨ ਅਰ ਏਹ ਤਾਂ ਦੋਵੇਂ ਝੂਠੇ ਅਰ ਮਿਥਿਆ ਹਨ ਤਾਂਤੇ ਏਸ ਕਰਕੇ ਕੀ ਸਿਧ ਹੋਵਣਾ ਹੈ ਅਰ ਜੇ ਤੁਸੀਂ ਕਹੋਗੇ ਕਿ ਸਚੇ ਹਨ ਤਾਂ ਵੇਦਾਂ ਸਾਸਤ੍ਰਾਂ ਨਾਲ ਤੁਸਾਡਾ ਵਿਰੋਧ ਹੋਵੇਗਾ ਤਾਂ ਗੁਰੂ ਨਾਨਕ ਜੀ ਬੋਲੇ ਕਿ ਜੋ ਮਿਥਿਆ ਹੁੰਦਾ ਹੈ ਸੋ ਅਧਾਰ ਦੇ

ਆਸਰੇ ਹੁੰਦਾ ਹੈ ਜੈਸੇ ਸਰਪ ਜੋ ਭਾਸਤਾ ਹੈ ਤਾਂ ਰਸੜੀ ਦੇ ਆਸਰੇ ਭਾਸਤਾ ਹੈ ਅਰ ਰੁਪਾ ਜੋ ਭਾਸਤਾ ਸੋ ਸਿਪੀ ਦੇ ਆਸਰੇ ਭਾਸਤਾ ਹੈ ਅਰ ਰੜੇ ਵਿਚ ਜੋ ਜਲ ਭਾਸਤਾ ਹੈ ਸੋ ਸੂਰਜ ਦੀਆਂ ਕਿਰਣਾ ਦੇ ਆਸਰੇ ਭਾਸਤਾ ਹੈ ਤੈਸੇ ਹੀ ਮਿਥਿਆ ਅਧਾਰ ਦੇ ਉਪਰ ਭਾਸਤਾ ਹੈ ਸੋ ਕਰਤਾਰ ਅਕਾਲ ਪੁਰਖ ਜੋ ਹੈ ਸੋ ਸਭਸੇ ਦਾ ਆਧਾਰ ਹੈ ਅਰ ਜੋ ਕਰਤੇ ਨੂੰ ਨਹੀਂ ਜਾਣਤੇ ਅਤੇ ਜਗਤ ਦਾ ਨਾਮ ਭੀ ਅਰ ਰੂਪ ਭੀ ਜਾਣਤੇ ਹਨ ਸੋ ਜਗਤ ਭੀ ਹੈ ਅਤੇ ਨਾਮ ਤੇ ਰੂਪ ਭੀ ਝੂਠ ਹੈ ਅਰ ਜੋ ਕਰਤਾਰ ਹੈ ਤਿਸਦਾ ਨਾਮ ਭੀ ਸਚ ਹੈ ਅਤੇ ਰੂਪ ਭੀ ਸਚ ਹੈ ਜੈਸੇ ਰੜੇ ਦਾ ਜਲ ਤਾਂ ਮਿਥਿਆ ਹੈ ਪਰ ਰੜਾ ਤਾਂ ਸਤਿ ਹੈ ਤੈਸੇ ਜਗਤ ਦਾ ਨਾਮ ਰੂਪ ਤਾਂ ਮਿਥਿਆ ਹੈ ਪਰ ਕਰਤਾਰ ਤਾਂ ਸਤਿ ਹੈ ਅਰ ਜੇ ਤੁਸੀਂ ਕਹੋਗੇ ਕਿ ਕਰਤਾਰ ਦਾ ਨਾਮ ਅਰ ਰੂਪ ਮਿਥਿਆ ਹੈ ਤਾਂ ਕਰਤਾਰ ਦਾ ਅਧਾਰ ਭੂਤ ਕੌਣ ਠਹਿਰਾਵੋਗੇ ਅਰ ਜੋ ਤੁਸੀ ਅਧਾਰ ਭੂਤ ਠਹਿਰਾਵੋਗੇ ਸੋਈ ਅਸੀਂ ਕਰਤਾਰ ਠਹਰਾਵਾਂਗੇ ਤਾਂਤੇ ਕਰਤਾਰ ਦਾ ਨਾਮ ਭੀ ਸਤ ਹੈ ਅਰ ਰੂਪ ਭੀ ਸਤਿ ਹੈ ॥ ਨਿਰਭਉ ਨਿਰਵੈਰੁ ॥ ਨਿਰਭਉ ਹੈ ਭੈ ਉਸਨੂੰ ਕਿਸੀ ਦਾ ਨਹੀਂ ਅਰ ਨਿਰਵੈਰ ਹੈ ਉਸਨੂੰ ਵੈਰ ਕਿਸੇ ਨਾਲ ਨਹੀਂ ਕਯੋਂਕਿ ਭਉ ਅਰ ਵੈਰ ਆਪਸੇ ਦੂਸਰੇ ਨਾਲ ਹੁੰਦਾ ਹੈ ਸੋ ਵਾਹਗੁਰੂ ਤੋਂ ਬਿਨਾਂ ਤਾਂ ਕੋਈ ਹੋਰ ਹੋਇਆ ਹੀ ਨਹੀਂ ॥ ਅਕਾਲ ਮੂਰਤਿ ॥ ਅਕਾਲ ਤਿਸਦੀ ਮੂਰਤਿ ਹੈ ਤਾਂ ਸਿਧਾ ਕਹਿਆ ਸਰਗੁਨ ਰੂਪ ਅਕਾਲ ਕਹਿੰਦੇ ਹੋ ਕੇ ਨਿਰਗੁਨ ਰੂਪ ਅਕਾਲ ਕਹਿੰਦੇ ਹੋ ਤਾਂ ਬਾਬੇ ਕਹਿਆ ਸਰਗੁਨ ਭੀ ਅਕਾਲ ਹੈ ਅਰ ਨਿਰਗੁਣ ਭੀ ਅਕਾਲ ਹੈ ਤਾਂ ਸਿਧਾਂ ਕਹਿਆ ਕਿ ਜੋ ਸਰਗੁਨ ਮੂਰਤਾਂ ਹੈ ਸੋ ਤਾਂ ਬਿਨਸਤੀਆਂ ਹੈਂ ਤਾਂ ਬਾਬੇ ਕਹਿਆ ਕਿ ਜੇ ਸਰਗੁਨ ਰੂਪ ਦੂਰ ਹੁੰਦਾ ਹੈ ਪਰ ਸੰਤ ਜਨਾਂ ਦੇ ਰਿਦੇ ਵਿਚੋਂ ਤਾਂ ਦੂਰ ਨਹੀਂ ਹੁੰਦਾ ਅਰ ਜੋ ਨਿਰਗੁਨ ਰੂਪ ਹੈ ਸੋ ਉਸਕੀ ਤੋ ਮੂਰਤ ਹੀ ਕੋਈ ਨਹੀਂ ਅਰ ਜੋ ਕਾਲ ਅਰ ਵਸਤੁ ਅਰ ਦੇਸਤੇ ਰਹਤ ਹੋਵੇ ਸੋ ਅਕਾਲ ਮੂਰਤਿ ਕਹੀਤਾ ਹੈ ॥ ਅਜੂਨੀ ਸੈਭੰ ॥ ਅਰ ਅਜੂਨੀ ਉਸਨੂੰ ਕਹਿੰਦੇ ਹਨ ਜੋ ਮਾਤਾ ਦੇ ਗਰਭ ਵਿਖੇ ਨਹੀਂ ਆਇਆ ਤਾਂ ਉਨਾਂ ਕਹਿਆ ਅਵਤਾਰ ਜੋ ਹੋਏ ਹਨ ਸੋ ਤਾਂ ਜੂਨ ਵਿਚੋਂ ਹੀ ਉਤਪਤਿ ਹੋਏ ਹੈਨ ਤਾਂ ਬਾਬੇ ਕਹਿਆ ਸੈਭੰ ਹੋਰ ਜੋ ਜੀਵ ਹਨ ਸੋ ਕਰਮਾਂ ਦੇ ਬਧੇ ਹੋਏ ਹੈਨ ਪਰ ਅਵਤਾਰ ਕੇ ਏਹ ਲਖਣ ਹੈਂ ਜੋ ਆਪਣੀ ਇਛਾ ਕਰਕੇ ਹੋਵੇ ਅਰ ਸੰਸਿਆਂ ਦੇ ਭੰਗਨ ਕਰਨ ਵਾਲਾ ਹੋਵੇ ਅਰ ਅਭੰਗ ਹੋਵੇ ਅਰ ਜੋ ਨਾਸਤੋ ਰਹਿਤ ਹੋਵੇ ਸੋ ਅਜੂਨੀ ਸੈਭੰ ਕਹੀਤਾ ਹੈ ਤਾਂ ਓਨਾਂ ਆਖਿਆ ਹੋਰ ਸਭ ਕਿਛ ਦ੍ਰਿਸਟ ਆਵਤਾ ਹੈ ਅਤੇ ਵਾਹਗੁਰੂ ਕਯੋਂ ਨਹੀਂ ਦ੍ਰਿਸਟ ਆਵਤਾ ਤਾਂ ਬਾਬੇ ਆਖਿਆ ॥ ਗੁਰਪ੍ਰਸਾਦਿ ॥ ਗੁਰਾਂ ਦੀ ਕਿਰਪਾ ਕਰਕੈ ਨਜਰ ਆਂਵਦਾ ਹੈ ਜੈਸੇ ਨੇਤ੍ਰਾਂ ਦੀਆਂ ਜੋ

ਪੁਤਲੀਆਂ ਹੈਂ ਸੋ ਸਾਰੇ ਜਗਤ ਨੂੰ ਵੇਖਦੀਆਂ ਹੈਨ ਅਤੇ ਆਪ ਨੂੰ ਨਹੀਂ ਵੇਖਦੀਆਂ ਪਰ ਜੇ ਆਰਸੀ ਅਗੇ ਰਖੀਏ ਤਾਂ ਆਪਨੂੰ ਭੀ ਦੇਖਦੀਆਂ ਹਨ ਤੈਸੇ ਉਸ ਮਹਾਰਾਜ ਦੀ ਸਤਿਆਕਰ ਸਭਸ ਨੂੰ ਵੇਖਦਾ ਹੈ ਤੇ ਆਪ ਨੂੰ ਨਹੀਂ ਵੇਖਦਾ ਪਰ ਜੇ ਗੁਰਾਂ ਦੇ ਸਬਦ ਨੂੰ ਅਗੇ ਰਖਦਾ ਹੈ ਤਾਂ ਆਪਨੂੰ ਭੀ ਦੇਖਦਾ ਹੈ ਤਾਂ ਫਿਰ ਸਿਧਾਂ ਨੇ ਪ੍ਰਸਨ ਕਰਿਆ ਕਿ ਜਦ ਜਗਤ ਨਹੀਂ ਸਾ ਕਰਿਆ ਤਾਂ ਉਸਦਾ ਨਾਮ ਸਤਿ ਹੋਵੇਗਾ ਪਰ ਜਦ ਜਗਤ ਨੂੰ ਕੀਤਾ ਅਤੇ ਕਰਤਾ ਭੁਗਤਾ ਹੋਇਆ ਤਦ ਤੋ ਸਤਿ ਨ ਹੋਵੇਗਾ ਜੈਸੇ ਦੂਧ ਮੈਂ ਦਹੀਂ ਹੋਤਾ ਹੈ ਅਤੇ ਜਬ ਦੂਧ ਕੀ ਦਹੀਂ ਹੋ ਜਾਵੇ ਤੋ ਫੇਰ ਦੂਧ ਨਹੀਂ ਹੋਤਾ ਅਰ ਜੈਸੇ ਕਣਕ ਤੇ ਆਟਾ ਹੁੰਦਾ ਹੈ ਅਰ ਫੇਰ ਆਟੇ ਤੇ ਕਣਕ ਨਹੀਂ ਹੁੰਦੀ ਤੈਸੇ ਬ੍ਰਹਮ ਥੀਂ ਈਸੂਰ ਹੋਵੈਗਾ ਫੇਰ ਬ੍ਰਹਮ ਨ ਹੋਵੈਗਾ ਤਾਂ ਬਾਬੇ ਕਹਿਆ ਕਿ ਈਹਾਂ ਵਿਵਰਤ ਵਾਦ ਹੈ ਕਯੋਂਕਿ ਜੈਸੇ ਜਲ ਤੇ ਤਰੰਗ ਨਹੀਂ ਹੋਏ ਤਬ ਭੀ ਜਲ ਹੈ ਅਰ ਜਬ ਤਰੰਗ ਉਪਜੇ ਹੈਂ ਤਉ ਭੀ ਜਲ ਹੈ ਅਰ ਜਬ ਤਰੰਗ ਕਲੋਲ ਕਰਤੇ ਹੈਂ ਤਉ ਭੀ ਜਲ ਹੈ ਅਰ ਜਬ ਬਿਨਸ ਜਾਵੈਂਗੇ ਤਉ ਭੀ ਜਲ ਹੈ ॥ ਜਪੁ ॥ ਆਦਿ ਸਚੁ ਜੁਗਾਦਿ ਸਚੁ ॥ ਹੈਭੀ ਸਚੁ ਨਾਨਕ ਹੋਸੀ ਭੀ ਸਚੁ ॥ ੧ ॥ ਆਦਿ ਜਾਂ ਜਗਤ ਨਹੀਂ ਸੀ ਹੋਇਆ ਤਉ ਭੀ ਬ੍ਰਹਮ ਸਤਿ ਸੀ ਅਰ ਜਬ ਜੁਗ ਹੋਏ ਤਉ ਭੀ ਬ੍ਰਹਮ ਸਤਿ ਸੀ ਅਰ ਹੁਣ ਜੋ ਵਰਤਮਾਨ ਹੈ ਤਉ ਭੀ ਬ੍ਰਹਮ ਸਤਿ ਹੈ ਅਰ ਜਬ ਜਗਤ ਨਾਸ ਹੋਵੇਗਾ ਤਬ ਭੀ ਬ੍ਰਹਮ ਸਤ ਹੋਸੀ ॥ ਤਾਂ ਫਿਰ ਉਨਾਂ ਸਿਧਾਂ ਪੁਛਿਆ ਕਿ ਇਕ ਸਾਸਤ੍ਰ ਕਹਿੰਦੇ ਹਨ ਜੋ ਸੁਚ ਪਵਿਤਰ ਸਦਾ ਸਰੀਰ ਰਹਤਾ ਹੈ ਤਉ ਪਰਮੇਸਰ ਮਿਲਦਾ ਹੈ ॥ ਅਰ ਇਕ ਕਹਿੰਦੇ ਹਨ ਜੋ ਚੁਪ ਕਰਕੇ ਸਮਾਧ ਲਾਈਦੀ ਹੈ ਤਾਂ ਪਰਮੇਸਰ ਮਿਲਤਾ ਹੈ ਅਤੇ ਅਲਪ ਅਹਾਰ ਕਰੀਤਾ ਹੈ ਤਾਂ ਖੁਧਿਆ ਜਾਗਤੀ ਰਹਤੀ ਹੈ ਤਉ ਮਿਲਤਾ ਹੈ ਅਰ ਇਕ ਕਹਿੰਦੇ ਹਨ ਕਿ ਵੇਦ ਸ਼ਾਸਤ੍ਰ ਸਮਝਕੇ ਆਤਮਾ ਤੇ ਦੇਹ ਨੂੰ ਭਿੰਨ ਜਾਣੀਦਾ ਹੈ ਅਰ ਸਭ ਵਿਦਿਆ ਮੋਂ ਚਤਰ ਹੋਈਤਾ ਹੈ ਤਾਂ ਮਿਲਤਾ ਹੈ ਤਾਂ ਬਾਬੇ ਕਹਿਆ ਏਹ ਵਚਨ ਸਭ ਸਚ ਹੈ ਪਰ ਜੈਸੇ ਗੁਰਾਂ ਦਾ ਰਿਦਾ ਹੈ ਜੇ ਤੈਸੇ ਸਮਝੀਤਾ ਹੈ ਤਾਂ ਪਰਮੇਸਰ ਪ੍ਰਾਪਤਿ ਹੋਂਦਾ ਹੈ ਤਾ ਬਾਬਾ ਬੋਲਿਆ ॥

ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ ॥ ਚੁਪੈ ਚੁਪ ਨ ਹੋਵਈ ਜੇ ਲਾਇ
ਰਹਾ ਲਿਵਤਾਰ ॥ ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ ॥ ਸਹਸ
ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ ॥ ਕਿਵ ਸਚਿਆਰਾ ਹੋਈਐ
ਕਿਵ ਕੂੜੈ ਤੁਟੈ ਪਾਲਿ ॥ ਹੁਕਮੁ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥੧॥

ਸਰੀਰ ਦੀ ਸੋਚ ਜੋ ਹੋਂਦੀ ਹੈ ਸੋ ਜਲ ਮ੍ਰਿਤਕਾਂ ਕਰ ਹੋਂਦੀ ਹੈ ਅਰ ਬਸਤ੍ਰ ਜਲ

ਅਰ ਸਬੂਣ ਨਾਲਿ ਸੁਚੇਤ ਹੋਤੇ ਹੈਂ ਪਰ ਮਨ ਵਿਚ ਹਉਮੈ ਦੀ ਅਰ ਰਾਗ ਦ੍ਵੈਖ ਦੀ ਮੈਲ ਲਗੀ ਹੋਈ ਹੈ ਤਾਂਤੇ ਓਹ ਨਾਮ ਤੇ ਗਿਆਨ ਕਰ ਦੂਰ ਹੁੰਦੀ ਹੈ ਅਰ ਜੇ ਬਾਹਰੋਂ ਸਰੀਰ ਲਖ ਵਾਰੀ ਸੋਚ ਕਰੈ ਪਰ ਜਉ ਲਗ ਹਉਮੈਂ ਦੀ ਮੈਲ ਨਹੀਂ ਧੋਂਦਾ ਤਉਲਗ ਸੁਚਾ ਨਹੀਂ ਹੁੰਦਾ ਅਰ ਜੇ ਬਾਹਰੋਂ ਪ੍ਰਾਣ ਅਤੇ ਇੰਦ੍ਰੀਆਂ ਨੂੰ ਰੋਕ ਕੇ ਚੁਪ ਕਰ ਰਹੇ ਪਰ ਜਉਲਗ ਮਨ ਕੇ ਸੰਕਲਪ ਨਹੀਂ ਰੋਕਤਾ ਤਉਲਗ ਲਿਵ ਦੀ ਤਾਰ ਨਹੀਂ ਲਗਦੀ ਅਰ ਜਉ ਲਗ ਜਗਤ ਦੇ ਪਦਾਰਥ ਅਨਿਤ ਨਹੀਂ ਜਾਨਦਾ ਤਉਲਗ ਮਨ ਦੀ ਭੁਖ ਨਹੀਂ ਉਤਰਦੀ ਭਾਵੇਂ ਚਉਦਾਂ ਪੁਰੀਆਂ ਦੇ ਪਦਾਰਥ ਭਾਰਾਂ ਦੀ ਨਿਆਈ ਬੰਨ ਕੇ ਇਸ ਦੇ ਹਵਾਲੇ ਕੀਚਨ ॥ ਅਰ ਜਉਲਗ ਸਤਿਗੁਰਾਂ ਨੂੰ ਮਿਲਕੈ ਆਤਮ ਗਿਆਨ ਨੂੰ ਨਹੀਂ ਪਛਾਨਦਾ ਤਾਂ ਭਾਵੇਂ ਕੇਹੀਆਂ ਸਿਆਣਪਾਂ ਸਿਖੇ ਸੋ ਜਉਲਗ ਆਪਨੂੰ ਨਹੀਂ ਪਛਾਣੇਗਾ ਤਉਲਗ ਹੋਰ ਸਿਆਣਪ ਕਾਈ ਨਾਲ ਨਹੀਂ ਚਲੇਗੀ ਅਤੇ ਜੇ ਤੁਸੀਂ ਪੁਛੋ ਅਸੀਂ ਸਚਿਆਰ ਕਿਵ ਕਰ ਹੋਵੀਏ ਅਰ ਏਹ ਜੋ ਸਰੀਰ ਦੀ ਹਉਮੈਂ ਦੀ ਕੂੜੀ ਕੰਧ ਉਸਰੀ ਹੈ ਏਹ ਕਿਉਂ ਕਰ ਢਹੇ ਸੋ ਜੋ ਕਿਛ ਵਾਹਗੁਰੂ ਦੇ ਹੁਕਮ ਵਿਚ ਹੋਵੇ ਸੋ ਮਿਠਾ ਕਰ ਮੰਨੇ ਅਰ ਉਸਦੀ ਰਜਾਇ ਨਾਲ ਚਲੇ ਅਰ ਏਹ ਸਮਝੇ ਕਿ ਜੋ ਕੋਈ ਸਾਡਾ ਲੇਖ ਲਿਖਿਆ ਹੈ ਸੋ ਸਾਡੇ ਨਾਲ ਹੈ ਅਰ ਓਹ ਅਵਸ ਹੀ ਮਿਲੇਗਾ ॥ ੧ ॥

ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ॥ ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ ॥ ਹੁਕਮੀ ਉਤਮੁ ਨੀਚ ਹੁਕਮਿ ਲਿਖ ਦੁਖ ਸੁਖ ਪਾਈਅਹਿ ॥ ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ ॥ ਹੁਕਮੈ ਅੰਦਰਿ ਸਭ ਕੋ ਬਾਹਰਿ ਹੁਕਮੁ ਨ ਕੋਇ ॥ ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥ ੨ ॥

ਅਰ ਜੇ ਤੁਸੀਂ ਪੁਛੋ ਜੋ ਹੁਕਮ ਕਿਉਂਕਰ ਮੰਨੀਦਾ ਹੈ ਤਾਂ ਵਾਹਗੁਰੂ ਦੇ ਹੁਕਮ ਵਿਚ ਸਾਰੀ ਸ੍ਰਿਸਟ ਦੇ ਅਕਾਰ ਹੋਏ ਹੈਨ ਸੋ ਵਾਹਗੁਰੂ ਦੇ ਹੁਕਮ ਨੂੰ ਕਹਿਆ ਨਹੀਂ ਜਾਂਦਾ ਕਯੋਂਕਿ ਕਿਸੇ ਦਾ ਅਕਾਰ ਸੁੰਦਰ ਕੀਤਾ ਹੈਸ ਅਰ ਕਿਸੇ ਦਾ ਅਸੁੰਦਰ ਕੀਤਾ ਹੈਸ ਪਰ ਜੋ ਕੀਤੇ ਹੈਸ ਸੋ ਹਛੇ ਹੀ ਕੀਤੇ ਹੈਸ ਤਾਂਤੇ ਉਸੇ ਵਾਹਗੁਰੂ ਦੇ ਹੁਕਮ ਵਿਚ ਵਡਿਆਈਆਂ ਮਿਲਦੀਆਂ ਹੈਨ ਅਰ ਕਿਸੇ ਨੂੰ ਰਾਜ ਮਿਲਦਾ ਹੈ ਅਰ ਕਿਸੇ ਨੂੰ ਭਜਨ ਮਿਲਦਾ ਹੈ ਅਰ ਉਸੇ ਵਾਹਗੁਰੂ ਦੇ ਹੁਕਮ ਕਰਕੈ ਉਤਮ ਹੁੰਦੇ ਹਨ ਸਾਂਤਕੀ ਅਰ ਕਈ ਨੀਕ ਹੁੰਦੇ ਹਨ ਤਾਂਮਸੀ ਅਰ ਹੁਕਮ ਵਿਚ ਹੀ ਸੁਖ ਤੇ ਦੁਖ ਹੁੰਦੇ ਹਨ ਜੋ ਜਿਨਾਂ ਪਾਪ ਕੀਤੇ ਹਨ ਸੋ ਦੁਖ ਪਾਵਤੇ ਹਨ ਅਰ ਜਿਨਾਂ ਪੁੰਨ ਕੀਤੇ ਹਨ ਸੋ ਸੁਖ ਪਾਵਤੇ ਹਨ ਅਰ ਜਿਨਾਂ ਵਾਹਗੁਰੂ ਦਾ ਨਾਮ ਜਪਿਆ ਹੈ ਅਤੇ ਹੁਕਮ ਮਿਠਾ ਮੰਨਿਆ ਹੈ ਤਿਨਾਂ

ਨੂੰ ਬਖਸੀਸ ਹੋਈ ਹੈ ਪਰ ਜਿਨਾਂ ਨੇ ਹੁਕਮ ਨਹੀਂ ਮੰਨਿਆ ਸੋ ਆਵਾਗਉਨ ਵਿਖੇ ਭਉਂਦੇ ਫਿਰਦੇ ਹਨ ਤਾਂ ਤੇ ਸਭ ਕੁਛ ਵਾਹਗੁਰੂ ਦੇ ਹੁਕਮ ਵਿਚ ਹੈ ਬਾਹਰ ਕੁਛ ਨਾਹੀਂ ਅਰ ਜੋ ਕੋਈ ਵਾਹਗੁਰੂ ਦਾ ਹੁਕਮ ਮਿਠਾ ਕਰਕੇ ਮੰਨਦਾ ਹੈ ਸੋ ਹਉਮੈਂ ਨਹੀਂ ਕਰਦਾ ॥ ੨ ॥

ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ ॥ ਗਾਵੈ ਕੋ ਦਾਤਿ ਜਾਣੈ ਨੀਸਾਣੁ ॥ ਗਾਵੈ ਕੋ ਗੁਣ ਵਡਿਆਈਆ ਚਾਰ ॥ ਗਾਵੈ ਕੋ ਵਿਦਿਆ ਵਿਖਮੁ ਵੀਚਾਰੁ ॥ ਗਾਵੈ ਕੋ ਸਾਜਿ ਕਰੇ ਤਨੁ ਖੇਹ ॥ ਗਾਵੈ ਕੋ ਜੀਅ ਲੈ ਫਿਰਿ ਦੇਹ ॥ ਗਾਵੈ ਕੋ ਜਾਪੈ ਦਿਸੈ ਦੂਰਿ ॥ ਗਾਵੈ ਕੋ ਵੇਖੈ ਹਾਦਰਾ ਹਦੂਰਿ ॥ ਕਥਨਾ ਕਥੀ ਨ ਆਵੈ ਤੋਟਿ ॥ ਕਥਿ ਕਥਿ ਕਥੀ ਕੋਟੀ ਕੋਟਿ ਕੋਟਿ ॥ ਦੇਦਾ ਦੇ ਲੈਦੇ ਥਕਿ ਪਾਹਿ ॥ ਜੁਗਾ ਜੁਗੰਤਰਿ ਖਾਹੀ ਖਾਹਿ ॥ ਹੁਕਮੀ ਹੁਕਮੁ ਚਲਾਏ ਰਾਹੁ ॥ ਨਾਨਕ ਵਿਗਸੈ ਵੇਪਰਵਾਹੁ ॥ ੩ ॥

ਤਿਸਕਾ ਬੀਚਾਰ:-ਤਾਂ ਬਾਬੇ ਕਹਿਆ ਕਿ ਜੇੜੇ ਵਾਹਗੁਰੂ ਦੇ ਅਰ ਗੁਰੂ ਦੇ ਗੁਣ ਗਾਵਤੇ ਹੈਂਨ ਸੋ ਹੁਕਮ ਤਿਨਾਂ ਨੂੰ ਹੀ ਮਿਠਾ ਲਗਦਾ ਹੈ ਅਰ ਜੇ ਕੋਈ ਆਖੇ ਕਿ ਮੈ ਤਾਣ ਕਰਕੇ ਵਾਹਗੁਰੂ ਨੂੰ ਗਾਵਾਂ ਤਾਂ ਕਿਸਦਾ ਤਾਣ ਹੁੰਦਾ ? ਅਰ ਜੇ ਤੁਸੀਂ ਕਹੋ ਜੋ ਪਿਛਲਿਆਂ ਜਨਮਾਂ ਦੇ ਕਰਮਾਂ ਦਾ ਫਲ ਹੋਤਾ ਹੈ ਤਦ ਗਾਵੀਤਾ ਹੈ ਤਾਂ ਪਿਛਲੇ ਜੋ ਸੁਭ ਕਰਮਾਂ ਦੇ ਫਲ ਹੁੰਦੇ ਹਨ ਸੋ ਭੀ ਵਾਹਗੁਰੂ ਦੀ ਬਖਸੀਸ ਹੈ ਅਤੇ ਜੋ ਕੋਈ ਵਾਹਗੁਰੂ ਦੇ ਸਦ ਨੂੰ ਗਾਵੈ ਤਾਂ ਏਹ ਜਾਣੈ ਜੋ ਮੈਨੂੰ ਵਾਹਗੁਰੂ ਦੀ ਦਾਤਿ ਦੀ ਨੀਸਾਨੀ ਹੋਈ ਹੈ ਅਰ ਕੇਈ ਜੋ ਹੈਨ ਸੋ ਵਾਹਗੁਰੂ ਦੇ ਗੁਣ ਅਰ ਵਡਿਆਈਆਂ ਜੋ ਸੁੰਦਰ ਹੈਨ ਸੋ ਗਾਂਵਦੇ ਹਨ ਜੋ ਦੇਖੋ ਪ੍ਰਿਥਮੀ ਵਸਣ ਵਾਸਤੇ ਬਣਾਇ ਦਿਤੀ ਹੈ ਅਰ ਸੁਜਲ ਅਰ ਅਗਨਿ ਅਰ ਪੌਣ ਅਰ ਸੂਰਜ ਅਰ ਚੰਦ੍ਰਮਾਂ ਸਭ ਜੀਆਂ ਦੇ ਵਾਸਤੇ ਸੋ ਕਿਤਨੀਆਂ ਵਡਿਆਈਆਂ ਕੀਤੀਆਂ ਹਨ ਅਰ ਕਈ ਵਿਆਕਰਨ ਤੀਆਦਿ ਲੈਕਰ ਕਠਨ ਜੋ ਵਿਦਿਆ ਹਨ ਸੋ ਵੀਚਾਰ ਵਿਚਾਰ ਕਰ ਗਾਂਵਦੇ ਹੈਨ ਅਰ ਕਈ ਇਸ ਪ੍ਰਕਾਰ ਗਾਂਵਦੇ ਹਨ ਕਿ ਜੀਆਂ ਨੂੰ ਸਾਜਦਾ ਭੀ ਓਹੀ ਹੈ ਅਰ ਖੇਹ ਭੀ ਓਹੋ ਕਰਦਾ ਹੈ ਅਰ ਕਈ ਗਾਂਵਦੇ ਹਨ ਕਿ ਜਗਤ ਨੂੰ ਲੈ ਭੀ ਓਹੋ ਕਰਦਾ ਹੈ ਅਰ ਉਤਪਤਿ ਭੀ ਓਹੋ ਕਰਦਾ ਹੈ ਅਰ ਕਈ ਗਾਂਵਦੇ ਹੈਨ ਕਿ ਜਾਣੀਦਾ ਹੈ ਪਰਮੇਸਰ ਪਰ ਦ੍ਰਿਸਟ ਵਿਚੋਂ ਦੂਰ ਹੈ ਅਰ ਬੈਕੁੰਠ ਵਿਚ ਵਸਦਾ ਹੈ ਅਰ ਕਈ ਗਾਂਵਦੇ ਹਨ ਕਿ ਸਭਨਾਂ ਘਟਾਂ ਵਿਚ ਹਾਜਰ ਹਜੂਰ ਹੀ ਵੇਖਦਾ ਹੈ ਤਾਂਤੇ ਵਾਹਗੁਰੂ ਦੇ ਗੁਣ ਕਥਿਆਂ ਹੋਇਆਂ ਤੋਟਿ ਨਹੀਂ ਆਂਵਦੀ ਕਯੋਂ ਜੋ ਪ੍ਰਿਥਮੇ ਵਿਸਨ ਨੇ ਦੁਆਦਸ਼ ਤਤੰਵਮਸੇ ॥ ਪ੍ਰਗਿਆਨੰਦ ਬ੍ਰਹਮ

॥ ੨ ॥ ਆਇਅੰਆਤਮਾ ਬ੍ਰਹਮ ॥ ੩ ॥ ਮਹਾਂਵਾਕ ਕਥੈ ਹੈਨ ਬਹੁੜੋ ਬ੍ਰਹਮੇ ਨੇ ਚਾਰੋ ਵੇਦ ਕਥੇ ਹੈਂ ਸੋ ਉਸਨੇ ਭੀ ਬਿਅੰਤ ਕਹਿਆ ਹੈ ਅਰ ਹੋਰ ਕੋਟਾਨ ਕੋਟ ਹੀ ਰਖੀਸਰ ਅਰ ਮੁਨੀਸਰਾਂ ਨੇ ਕਥਿਆ ਹੈ ਪਰ ਮਹਾਰਾਜ ਦੇ ਗੁਣਾਂ ਨੂੰ ਬਿਅੰਤ ਹੀ ਕਹਿਆ ਨੇ ਅਰ ਵਾਹਗੁਰੂ ਸਭਨਾਂ ਜੀਆਂ ਨੂੰ ਰਿਜਕ ਦੇਂਦਾ ਹੈ ਅਤੇ ਲੈਣ ਵਾਲੇ ਥਕ ਪਉਂਦੇ ਹਨ ਕਯੋਂ ਕਿ ਜਿਨੇ ਜੁਗ ਪਿਛੇ ਬੀਤੇ ਹਨ ਸੋ ਖਾਂਦੇ ਆਏ ਹੈਨ ਅਰ ਹੋਰ ਅਗੇ ਜੋ ਹੋਵਣਗੇ ਸੋ ਖਾਵਣਗੇ ਅਤੇ ਵਾਹਗੁਰੂ ਹੁਕਮੀ ਹੈ ਜੋ ਆਪਨੇ ਹੁਕਮ ਕਰਕੇ ਸਭੇ ਪੰਥ ਚਲਾਏ ਹੈਨ ਗੁਰੂ ਨਾਨਕ ਜੀ ਕਹਿੰਦੇ ਹਨ ਕਿ ਵਾਹਗੁਰੂ ਵੇਖ ਵੇਖ ਵਿਗਸਤਾ ਹੈ ॥ ਅਰ ਅਨੰਦ ਹੋਤਾ ਹੈ ॥ ੩ ॥

ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰੁ ॥ ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰੁ ॥ ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ ॥ ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ ॥ ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥ ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ ॥ ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ ॥ ੪ ॥

ਸਚਾ ਓਹ ਸਾਹਿਬ ਹੈ ਅਰ ਸਚ ਹੀ ਉਸਦਾ ਨਾਮ ਹੈ ਸੋ ਉਸਨੂੰ ਜੋ ਗਾਵੀਐ ਸੋ ਅਪਾਰ ਪ੍ਰੀਤ ਕਰਕੈ ਗਾਵੀਐ ਅਰ ਜੇ ਅਪਾਰ ਪ੍ਰੀਤ ਨ ਹੋਵੈ ਤਾਂ ਵਾਹਗੁਰੂ ਅਗੇ ਅਰਦਾਸ ਕਰੀਏ ਅਰ ਮੰਗੀਏ ਜੋ ਹੇ ਮਹਾਰਾਜ ਤੂੰ ਸਾਨੂੰ ਪ੍ਰੀਤ ਦੇਹ ਕਜੋਂ ਜੋ ਵਾਹਗੁਰੂ ਦਾਤਾ ਹੈ ਅਤੇ ਓਹ ਦਾਤ ਕਰੇਗਾ ਤਾਂ ਉਨਾਂ ਸਿਧਾਂ ਪੁਛਿਆ ਕਿ ਜੋ ਕੋਈ ਕਿਸੀ ਨੂੰ ਮਿਲਣ ਜਾਂਦਾ ਹੈ ਤਾਂ ਕੁਛ ਅਗੇ ਭੇਟ ਰਖਤਾ ਹੈ ਅਰ ਮੁਹੋਂ ਕੁਛ ਉਸਦੀ ਉਸਤਤਿ ਕਰਦਾ ਹੈ ਜੋ ਜਿਸ ਕਰਕੇ ਓਹ ਪ੍ਰਸਿੰਨ ਹੁੰਦਾ ਹੈ ਤੇ ਵਾਹਗੁਰੂ ਨੂੰ ਜੋ ਲੈਕੇ ਮਿਲੀਏ ਸੋ ਕੀ ਲੈਕਰ ਮਿਲੀਏ ਕਜੋਂਕਿ ਸਭੋ ਕੁਛ ਤਾਂ ਵਾਹਗੁਰੂ ਦਾ ਹੈ ਅਤੇ ਮੂੰਹੋਂ ਕੀ ਬੋਲ ਬੋਲੀਏ ਜੋ ਜਿਸ ਕਰ ਸਾਡੇ ਨਾਲ ਪਿਆਰ ਧਰੇ ਤਾਂ ਗੁਰੂ ਨਾਨਕ ਜੀ ਕਹਿੰਦੇ ਹਨ ਕਿ ਅੰਮ੍ਰਿਤ ਵੇਲੇ ਵਾਹਗੁਰੂ ਦੀਆਂ ਵਡਿਆਈਆਂ ਅਤੇ ਉਸਦਾ ਨਾਮ ਵੀਚਾਰੀਏ ਤਾਂ ਸਿਧਾਂ ਪੁਛਿਆ ਕਿ ਅੰਮ੍ਰਿਤ ਵੇਲਾ ਕਵਣ ਹੈ ਤਾਂ ਬਾਬੇ ਕਹਿਆ ਮਨੁਖਾ ਜਨਮ ਭੀ ਅੰਮ੍ਰਿਤ ਵੇਲਾ ਹੈ ਅਰ ਪਹਰ ਰਾਤ ਜੋ ਪਿਛਲੀ ਰਹਿੰਦੀ ਹੈ ਸੋ ਭੀ ਅੰਮ੍ਰਿਤ ਵੇਲਾ ਹੈ ਸੋ ਉਸ ਵੇਲੇ ਇਸਨਾਨ ਕਰਕੈ ਅੰਮ੍ਰਿਤ ਵੇਲੇ ਨਾਮ ਜਪੀਏ ਅਤੇ ਸੁਭ ਕਰਮਾਂ ਕਰਕੇ ਏਹ ਸਰੀਰ ਰੂਪੀ ਕਪੜਾ ਆਇਆ ਹੈ ਅਰ ਓਹ ਜੋ ਤੁਚਾ ਹੈ ਸੋਈ ਕਪੜਾ ਹੈ ਪਰ ਜਬ ਸਤਿਗੁਰਾਂ ਦੀ ਨਦਰ ਹੋਂਦੀ ਹੈ ਤਾਂ ਮੁਕਤਿ ਦੁਆਰਾ ਕਿਉ ਕਰ ਜਾਣੀਦਾ ਹੈ ਜੋ ਸਭਸ ਵਿਚ ਵਾਹਗੁਰੂ ਸਚਾ ਜਾਣੀਦਾ ਹੈ ॥੪॥

ਤਾਂ ਸਿਧਾਂ ਪੁਛਿਆ ਜੋ ਵਾਹਗੁਰੂ ਕਿਸਨੇ ਥਾਪਿਆ ਹੈ ਅਤੇ ਕਿਸਨੇ ਕੀਤਾ ਹੈ ਅਰ ਉਸਦੀ ਸੇਵਾ ਕਿਉਂ ਕਰ ਹੋਂਦੀ ਹੈ ਤਾਂ ਬਚਨ ਹੋਇਆ ॥

ਥਾਪਿਆ ਨ ਜਾਇ ਕੀਤਾ ਨ ਹੋਇ ॥ ਆਪੇ ਆਪਿ ਨਿਰੰਜਨੁ ਸੋਇ ॥
ਜਿਨਿ ਸੇਵਿਆ ਤਿਨਿ ਪਾਇਆ ਮਾਨੁ ॥ ਨਾਨਕ ਗਾਵੀਐ ਗੁਣੀ ਨਿਧਾਨੁ ॥
ਗਾਵੀਐ ਸੁਣੀਐ ਮਨਿ ਰਖੀਐ ਭਾਉ ॥ ਦੁਖੁ ਪਰਹਰਿ ਸੁਖੁ ਘਰਿ ਲੈ ਜਾਇ ॥ ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ ॥
ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ ॥ ਜੇ ਹਉ ਜਾਣਾ ਆਖਾ ਨਾਹੀ ਕਹਣਾ ਕਥਨੁ ਨ ਜਾਈ ॥ ਗੁਰਾ ਇਕ ਦੇਹਿ ਬੁਝਾਈ ॥ ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥ ੫ ॥

ਤਿਸਕਾ ਬੀਚਾਰ :--ਸ੍ਰੀ ਬਾਬਾ ਜੀ ਬੋਲਤੇ ਭਏ ਕਿ ਵਾਹਗੁਰੂ ਜੋ ਹੈ ਸੋ ਕਿਸੇ ਦਾ ਥਾਪਿਆ ਹੋਇਆ ਨਹੀਂ ਅਰ ਨਾ ਕਿਸੇ ਦਾ ਕੀਤਾ ਹੋਇਆ ਹੈ ਕਜੋਂਕਿ ਉਸ ਜੇਹਾ ਕੋਈ ਹੋਵੈਆਹ ਤਾਂ ਕੋਈ ਉਸਨੋ ਥਾਪੇਆਹ ਓਹ ਤੇ ਆਪੇ ਆਪ ਹੈ ਅਰ ਮਾਇਆ ਦੀ ਉਪਾਧ ਤੇ ਰਹਿਤ ਹੈ ਅਥਵਾ ਸਰਬ ਦਾ ਆਪਨਾ ਆਪ ਓਹੀ ਹੈ ਅਰ ਜਿਸਨੇ ਉਸਦੀ ਸੇਵਾ ਕੀਤੀ ਹੈ ਓਸ ਨੂੰ ਹੀ ਮਾਨ ਅਤੇ ਵਡਿਆਈਆਂ ਮਿਲਦੀਆਂ ਹੈਨ ਤਾਂਤੇ ਐਸਾ ਜੋ ਗੁਣਾਂ ਦੀ ਨਿਧ ਹੈ ਤਿਸਨੂੰ ਸੇਵਿਆ ਚਾਹੀਤਾ ਹੈ ਪਰ ਸੇਵਾ ਦੇ ਤੀਨ ਗੁਣ ਕਹੇ ਹੈਨ ਕਿ ਗਾਵਣਾ ਅਰ ਸੁਣਨਾ ਅਰ ਨਿਧਜਾਸਨ ਕਰਨਾ ਅਰ ਮਨ ਮੈ ਭਾਉ ਰਖਣਾ ਤਾਂ ਜਿਤਨੇ ਦੁਖ ਹੈਨ ਸੋ ਨਾਸ ਹੋ ਜਾਂਦੇ ਹੈਨ ਅਰ ਗਾਵਣਾ ਸੁਖਾਂ ਦੇ ਘਰ ਵਿਚ ਲੈ ਜਾਂਦਾ ਹੈ ਅਰ ਗੁਰ ਜੋ ਹੈਨ ਅਕਾਲ ਪੁਰਖ ਸੋ ਉਸਦੇ ਮੁਖ ਥੀ ਨਾਮ ਹੋਇਆ ਹੈ ਓਅੰਕਾਰ ਤਾਂਤੇ ਗੁਰਾਂ ਦੇ ਮੁਖ ਦੇ ਨਾਮ ਥੀਂ ਹੀ ਬ੍ਰਹਮੇ ਨੇ ਵੇਦ ਚਾਰੇ ਕੀਤੇ ਹਨ ਅਤੇ ਗੁਰਾਂ ਦੇ ਮੁਖਾਗਰ ਦੇ ਜੋ ਵਾਕ ਹੈਨ ਸੋ ਓਹ ਸਾਰੇ ਜਗਤ ਵਿਚ ਸਮਾਇ ਰਹੇ ਹਨ ਅਰ ਸਾਰੇ ਜਗਤ ਦੀ ਉਤਪਤ ਭੀ ਓਅੰਕਾਰ ਕਰਕੈ ਹੋਈ ਹੈ ਅਰ ਉਧਾਰ ਭੀ ਓਅੰਕਾਰ ਕਰਕੈ ਹੋਤਾ ਹੈ ਅਤੇ ਓਅੰਕਾਰ ਦੀ ਹੀ ਧੁਨਿ ਥੀ ਈਸੂਰ ਜੋ ਸਿਵ ਹੈ ਸੋ ਹੋਇਆ ਹੈ ਅਰ ਓਅੰਕਾਰ ਦੀ ਹੀ ਧੁਨਿ ਥੀ ਗੋ ਦੇ ਰਖਣ ਵਾਲਾ ਜੋ ਵਿਸਨ ਹੈ ਸੋ ਹੋਇਆ ਹੈ ਤਾਂ ਸਿਧਾਂ ਪੁਛਿਆ ਤੁਸੀਂ ਗੋ ਕਿਸਨੋ ਕਹਿੰਦੇ ਹੋ ਤਾਂ ਬਾਬੇ ਕਹਿਆ ਗੋ ਪ੍ਰਿਥਵੀ ਦਾ ਨਾਉ ਭੀ ਹੈ ਅਰ ਗੋ ਇੰਦ੍ਰੀਆਂ ਦਾ ਨਾਉਂ ਭੀ ਹੈ ਅਰ ਗੋ ਗਊਆਂ ਦਾ ਨਾਉਂ ਭੀ ਹੈ ਅਰ ਗੋ ਵੇਦਾਂ ਦਾ ਭੀ ਨਾਉਂ ਹੈ ਅਰ ਗੋ ਬਾਨੀ ਦਾ ਨਾਉਂ ਭੀ ਹੈ ਤਾਂਤੇ ਸਭਨਾਂ ਦੀ ਜੋ ਰਖਿਆ ਕਰੇ ਸੋ ਗੋਰਖ ਕਹੀਦਾ ਹੈ ਅਰ ਉਸੇ ਓਅੰਕਾਰ ਦੀ ਧੁਨਿ ਥੋਂ ਹੀ ਬ੍ਰਹਮਾ ਹੋਇਆ ਹੈ ਅਰ

ਓਸੇ ਓਅੰਕਾਰ ਤੋਂ ਮਾਇਆ ਲਛਮੀ ਹੋਈ ਹੈ ਸੋ ਓਸੇ ਪਾਰਬਤੀ ਕਾ ਰੂਪ ਧਾਰਿਆ ਅਰ ਫੇਰ ਮਹਾਰਾਜ ਆਗਿਆ ਕਰੀ ਜੋ ਏਸਨੋ ਵਰੋ ਤਾਂ ਉਨਾਂ ਕਹਿਆ ਅਸੀਂ ਮਾਤਾ ਨੂੰ ਕਿਉਂਕਰ ਵਰੀਏ ਤਾਂ ਫਿਰ ਮਾਇਆ ਨੇ ਤ੍ਰੈ ਰੂਪ ਧਾਰੇ ਜੋ ਸਾਵਿਤ੍ਰੀ ਰੂਪ ਧਾਰ ਕੇ ਬ੍ਰਹਮੇ ਨੂੰ ਵਰਿਆ ਅਰ ਲਛਮੀ ਰੂਪ ਧਾਰ ਕੇ ਵਿਸਨ ਨੂੰ ਵਰਿਆ ਅਰ ਪਾਰਬਤੀ ਰੂਪ ਧਾਰਕੇ ਸਿਵ ਨੂੰ ਵਰਿਆ ਤਾਂ ਸਿਧਾਂ ਨੇ ਪੁਛਿਆ ਗੁਰ ਤੁਸਾਂ ਬ੍ਰਹਮੇਂ ਨੂੰ ਕਹਿਆ ਕਿ ਪਾਰਬਤੀ ਨੂੰ ਕਹਿਆ ਹੈ ਤਾਂ ਬਾਬੇ ਕਹਿਆ ਕਿ ਜੈਸੇ ਦੀਵਾ ਬਾਲ ਕੇ ਦਲੀਜ ਦੇ ਵਿਚ ਰਖੀਦਾ ਹੈ ਤਾਂ ਅੰਦਰ ਭੀ ਪ੍ਰਗਾਸ ਕਰਦਾ ਹੈ ਅਰ ਬਾਹਰ ਭੀ ਪ੍ਰਗਾਸ ਕਰਦਾ ਹੈ ਤੈਸੇ ਛੰਦ ਦੀ ਧਾਰਨਾ ਵਾਸਤੇ ਇਕ ਜਾਗਾ ਗੁਰ ਕਹਿਆ ਹੈ ਸੋ ਬ੍ਰਹਮੇਂ ਨੂੰ ਭੀ ਪ੍ਰਗਾਸ ਕਰਦਾ ਹੈ ਅਰ ਪਾਰਬਤੀ ਨੂੰ ਭੀ ਪ੍ਰਗਾਸ ਕਰਦਾ ਹੈ ਅਰ ਦੂਜਾ ਅਰਥ ਇਸਦਾ ਏਹੁ ਹੈ ਕਿ ਗੁਰਮੁਖਿ ਜੋ ਹੈਨ ਸੋ ਨਾਦ ਜੋ ਕੀਰਤਨ ਦੀਆਂ ਧੁਨਾਂ ਹੈਨ ਸੋ ਕਿਸੇ ਸਮੇਂ ਤਿਸ ਵਿਚ ਪਰਚੇ ਰਹਿੰਦੇ ਹਨ ਅਰ ਕਿਸੇ ਸਮੇਂ ਵੇਦਾਂ ਦਾ ਪ੍ਰਚਾਰ ਕਰਦੇ ਹਨ ਅਰ ਕਿਸੇ ਸਮੇਂ ਸਮਾਧ ਲਾਇਕੇ ਸੁਮਾਇ ਰਹਿੰਦੇ ਹਨ ਤਾਂ ਉਨਾਂ ਕਹਿਆ ਕਿ ਉਨਾਂ ਦਾ ਗੁਰੂ ਕਉਣ ਹੈ ਤਾਂ ਬਾਬੇ ਕਹਿਆ ਸਿਵ ਦੇ ਉਪਾਸਕੀ ਸਮਾਧ ਲਾਂਵਦੇ ਹਨ ਅਤੇ ਵਿਸਨ ਦੇ ਉਪਾਸਕੀ ਕੀਰਤਨ ਕਰਦੇ ਹਨ ਅਤੇ ਬ੍ਰਹਮੇਂ ਦੇ ਉਪਾਸਕੀ ਵੇਦ ਪੜਦੇ ਹਨ ਅਰ ਪਾਰਬਤੀ ਦੇ ਉਪਾਸਕੀ ਦਾਨ ਪੁੰਨ ਕਰਦੇ ਹਨ ਤਾਂ ਸਿਧਾਂ ਨੇ ਕਹਿਆ ਜਿਸ ਤੋਂ ਏਹ ਤਿੰਨੇ ਹੋਏ ਹਨ ਤਿਸਦਾ ਸਾਨੂੰ ਰੰਗ ਦਸੋ ਤਾਂ ਬਾਬੇ ਆਖਿਆ ਜੇ ਮੈਂ ਜਾਣਦਾ ਹੋਵਾਂ ਆਹ ਤਾਂ ਮੈਂ ਆਖਾਂ ਨਾ ਆਹ ਤਾਂ ਸਿਧਾਂ ਆਖਿਆ ਤੈਥੋਂ ਕੁਛ ਛਿਪਿਆ ਹੋਇਆ ਭੀ ਹੈ ਤਾਂ ਬਾਬੇ ਆਖਿਆ ਓਹ ਜੋ ਨਿਰਗੁਣ ਹੈ ਅਰ ਜਾਣਨ ਵਿਚ ਆਂਵਦਾ ਹੈ ਤੇ ਕਹਣ ਵਿਚ ਨਹੀਂ ਆਂਵਦਾ ਸੋ ਹੇ ਗੁਰ ਹੋ ਮੈਨੂੰ ਇਕ ਬੂਝ ਦੇਵੋ ਕਿ ਸਭਨਾਂ ਜੀਆਂ ਦਾ ਜੋ ਇਕ ਦਾਤਾ ਹੈ ਸੋ ਮੈਥੋਂ ਵਿਸ਼ਰਹਿ ਨਹੀ ਅਥਵਾ ਸਤਿਗੁਰਾਂ ਨੇ ਮੁਝੇ ਏਹ ਬੂਝ ਦਿਤੀ ਹੈ ਜੋ ਮੈਂ ਨਾਮ ਨਹੀਂ ਵਿਸਾਰਦਾ ॥ ੫ ॥

ਤੀਰਥਿ ਨਾਵਾ ਜੇ ਤਿਸੁ ਭਾਵਾ ਵਿਣੁ ਭਾਣੇ ਕਿ ਨਾਇ ਕਰੀ ॥ ਜੇਤੀ ਸਿਰਠਿ ਉਪਾਈ ਵੇਖਾ ਵਿਣੁ ਕਰਮਾ ਕਿ ਮਿਲੈ ਲਈ ॥ ਮਤਿ ਵਿਚਿ ਰਤਨ ਜਵਾਰਹ ਮਾਨਿਕ ਜੇ ਇਕ ਗੁਰ ਕੀ ਸਿਖ ਸੁਣੀ ॥ ਗੁਰਾ ਇਕ ਦੇਹਿ ਬੁਝਾਈ॥ ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥ ੬ ॥

ਤਾਂ ਸਿਧਾਂ ਨੇ ਕਹਿਆ ਸੁਣੋ ਮਹਾਰਾਜ ਜੀ ਅਸੀਂ ਤਾਂ ਸਭਨਾਂ ਤੀਰਥਾਂ ਦੇ ਇਸਨਾਨ ਕਰ ਆਂਵਨੇ ਹਾਂ ਤਾਂ ਅਸੀਂ ਸੁਮੇਰ ਪਰਬਤ ਪਰ ਆਇ ਆਸਨ ਕਰਣੇ

ਹਾਂ ਸੋ ਤੁਧ ਭੀ ਤੀਰਥਾਂ ਦਾ ਇਸਨਾਨ ਕੀਤਾ ਹੈ ਕਿ ਨਹੀਂ ਕੀਤਾ ਤਾਂ ਬਾਬੇ ਕਹਿਆ ਵਾਹਗੁਰੂ ਦਾ ਜੋ ਭਾਣਾ ਮੰਨਦਾ ਹੈ ਸੋ ਸਭੇ ਤੀਰਥ ਤਿਸਦੇ ਵਿਚ ਵਸਦੇ ਹਨ ਅਰ ਜੇ ਭਾਣਾ ਨਾ ਮੰਨੀਏ ਤਾਂ ਤੀਰਥਾਂ ਨੂੰ ਨਾਇਕੇ ਕਿਆ ਕਰਨਾ ਹੈ ਅਰ ਜਿਤਨੀ ਸ੍ਰਿਸਟਿ ਵਿਚ ਪਦਾਰਥ ਹੋਏ ਹਨ ਸੋ ਆਪੋ ਆਪਣੇ ਕਰਮਾਂ ਦੇ ਅਨੁਸਾਰ ਮਿਲਦੇ ਹਨ ਅਰ ਏਹ ਜੋ ਗੁਰਾਂ ਦੀ ਮਤ ਹੈ ਸੋ ਸਚੇ ਮੋਤੀਏ ਮਾਣਕ ਹੈਨ ਤਾਂਤੇ ਏਹ ਭੀ ਵਚਨ ਸੁਣ ਕੇ ਮੰਨੇ ਅਰ ਸਤਿਗੁਰਾਂ ਦੇ ਅਗੇ ਅਰਦਾਸ ਕਰੇ ਜੋ ਮੈਨੂੰ ਏਹ ਬੂਝ ਦੇਵੋ ਕਿ ਸਭਨਾਂ ਜੀਆਂ ਦਾ ਇਕ ਦਾਤਾ ਹੈ ਸੋ ਮੈਥੋਂ ਵਿਸਰੇ ਨਹੀਂ ॥ ੬ ॥

ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ ॥ ਨਵਾ ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ ॥ ਚੰਗਾ ਨਾਉ ਰਖਾਇਕੈ ਜਸੁ ਕੀਰਤਿ ਜਗਿ ਲੇਇ ॥ ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ ॥ ਕੀਟਾ ਅੰਦਰਿ ਕੀਟੁ ਕਰਿ ਦੋਸੀ ਦੋਸੁ ਧਰੇ ॥ ਨਾਨਕ ਨਿਰਗੁਣਿ ਗੁਣੁ ਕਰੇ ਗੁਣਵੰਤਿਆ ਗੁਣੁ ਦੇ ॥ ਤੇਹਾ ਕੋਇ ਨ ਸੁਝਈ ਜਿ ਤਿਸੁ ਗੁਣੁ ਕੋਇ ਕਰੇ ॥ ੭ ॥

ਤਾਂ ਸਿਧਾਂ ਕਹਿਆ ਕਿ ਜੇ ਤੂੰ ਸਾਡਾ ਚੇਲਾ ਹੋਵੇਂ ਤਾਂ ਚਹੁੰ ਜੁਗਾਂ ਦੀ ਤੇਰੀ ਆਰਜਾ ਕਰ ਦਈਏ ਅਤੇ ਐਸੀ ਸਿਧ ਦੇਈਏ ਜੋ ਸਭ ਕੋਈ ਤੇਰਾ ਮੁਖ ਤੇ ਭੀ ਜਸ ਕਰੇ ਅਰ ਪਿਛੇ ਭੀ ਕੀਰਤੀ ਕਰੇ ਅਰ ਸਭ ਕੋਈ ਤੇਰੇ ਨਾਲ ਭੀ ਉਠ ਚਲੇ ਤਾਂ ਬਾਬਾ ਬੋਲਿਆ ਕਿ ਜੇ ਚਾਰ ਜੁਗ ਆਰਜਾ ਹੋਵੈ ਅਥਵਾ ਇਸ ਤੋਂ ਦਸ ਭਾਗ ਵਧੀਕ ਹੋਵੇ ਤਾਂ ਜੇੜੀ ਆਰਜਾ ਭਗਵਾਨ ਦੇ ਭਜਨ ਵਿਚ ਬਿਤੀਤ ਹੋਵੇ ਸੋ ਉਹ ਥੋੜੀ ਭੀ ਬਹੁਤ ਹੈ ਅਤੇ ਜੇ ਅਕਾਰਥ ਥੀਂ ਜਾਵੇ ਤਾਂ ਚਾਲੀ ਜੁਗ ਭੀ ਕਿਸੇ ਲੇਖੇ ਨਹੀਂ ਅਰ ਜੇ ਨਵਾਂ ਖੰਡਾਂ ਵਿਚ ਜਾਤਾ ਅਤੇ ਗੁਰਦੁਆਰੇ ਅਰ ਸਾਧ ਸੰਗਤ ਵਿਚ ਨਾ ਜਾਤਾ ਤਿਨਾਂ ਵਿਚੋਂ ਜੋ ਸਾਧ ਸੰਗਤ ਦਾ ਪਛਾਣੂ ਅਰ ਗੁਰਾਂ ਦੇ ਸਬਦ ਦਾ ਪਛਾਣੂ ਵਿਸੇਸ ਹੈ ॥ ਅਰ ਜੇ ਨਾਲ ਸਭ ਕੋਈ ਆਦਰ ਕਰਕੇ ਚਲੇ ਅਰ ਕਰਤੇ ਦਾ ਨਾਮ ਚਿਤ ਨਾ ਹੋਵਸ ਤਾਂ ਅਛੇ ਨਹੀਂ ਕਯੋਂ ਜੋ ਮਰਦਿਆਂ ਨਾਲ ਪਰਮੇਸਰ ਦਾ ਨਾਮ ਚਲਦਾ ਹੈ ਅਰ ਜੇ ਨਾਮ ਭੀ ਚੰਗਾ ਹੋਇਆ ਅਰ ਜਸ ਅਤੇ ਕੀਰਤੀ ਭੀ ਹੋਈ ਪਰ ਜ਼ੇ ਵਾਹਗੁਰੂ ਦੀ ਕ੍ਰਿਪਾ ਦੀ ਦ੍ਰਿਸਟ ਨ ਹੋਈ ਤਾਂ ਇਸ ਦੀ ਅਗੇ ਬਾਤ ਭੀ ਕਿਸੈ ਨਹੀਂ ਪੁਛਣੀ ਅਰ ਓਹ ਕੀਟਾਂ ਵਿਚ ਕੀਟ ਕਰੀਐਗਾ ਅਤੇ ਦੋਸ ਵਾਲੇ ਜੋ ਪਾਪੀ ਹੋਰ ਹੋਸਨ ਸੋ ਭੀ ਇਸ ਨੂੰ ਦੋਸ ਦੇਵਨਗੇ ਅਰ ਜੋ ਦੇਹ ਅਰੋਗ ਹੋਦਿਆਂ ਨਾਮ ਨ ਜਪਣਗੇ ਸੋ ਅੰਤ ਸਮੇਂ ਪਛਤਾਵਣਗੇ ਅਰ ਗੁਰੂ ਨਾਨਕ ਸਾਹਿਬ ਜੀ ਕਹਿੰਦੇ ਹਨ ਕਿ ਵਾਹਗੁਰੂ ਜੀ ਦਾ ਨਾਮ ਕੈਸਾ ਹੈ ਕਿ ਜੋ ਨਿਰਗੁਣ ਪੁਰਖ ਜਪਾ ਤਪਾ ਤੀ ਹੀਨ ਹੈਨ ਸੋ ਉਨਾਂ ਨੂੰ ਭੀ

ਗੁਣ ਕਰਦਾ ਅਰ ਜੋ ਗੁਣਵੰਤ ਦਾਨ ਪੁੰਨ ਤਪ ਜਪ ਵਾਲੇ ਹੈਨ ਉਹਨਾਂ ਨੂੰ ਭੀ ਗੁਣ ਦੇਂਦਾ ਹੈ ਕਯੋਂਕਿ ਐਸਾ ਹੋਰ ਕੋਈ ਨਹੀਂ ਜੈਸਾ ਨਿਰਗੁਣਾ ਦੇ ਗੁਣ ਕਰਨ ਵਾਲਾ ਮਹਾਰਾਜ ਦਾ ਨਾਮ ਹੈ ॥ ਅਥਵਾ ਜੋ ਕੋਈ ਨਾਮ ਜਪਦਾ ਹੈ ਸੋ ਆਪਣੇ ਉਧਾਰ ਵਾਸਤੇ ਪਰ ਮਹਾਰਾਜ ਉਪਰ ਗੁਣ ਕਰਨ ਵਾਲਾ ਕੋਈ ਨਹੀਂ ਸੁਝਦਾ ਅਥਵਾ ਜੈਸਾ ਮਹਾਰਾਜ ਦਾ ਨਾਮ ਪਾਪੀਆਂ ਦਾ ਉਧਾਰ ਕਰਦਾ ਹੈ ਐਸਾ ਕੋਈ ਨਹੀਂ ਕਰਦਾ ॥੭॥

ਸੁਣਿਐ ਸਿਧ ਪੀਰ ਸੁਰਿ ਨਾਥ ॥ ਸੁਣਿਐ ਧਰਤਿ ਧਵਲ ਆਕਾਸ ॥ ਸੁਣਿਐ ਦੀਪ ਲੋਅ ਪਾਤਾਲ ॥ ਸੁਣਿਐ ਪੋਹਿ ਨ ਸਕੈ ਕਾਲੁ ॥ ਨਾਨਕ ਭਗਤਾ ਸਦਾ ਵਿਗਾਸੁ ॥ ਸੁਣਿਐ ਦੂਖ ਪਾਪ ਕਾ ਨਾਸੁ ॥ ੮ ॥

ਤਾਂ ਸਿਧਾਂ ਪੁਛਿਆ ਜਿਨਾ ਨਾਮ ਦਾ ਮਹਾਤਮ ਸੁਣਿਆ ਹੈ ਉਨਾਂ ਨੂੰ ਭੀ ਫਲੁ ਹੋਂਦਾ ਹੈ ਤਾਂ ਬਾਬਾ ਬੋਲਿਆ ਕਿ ਜਿਸ ਕਾਮਨਾਂ ਵਾਸਤੇ ਨਾਮ ਦਾ ਮਹਾਤਮ ਸੁਣੀਦਾ ਹੈ ਸੋ ਸਭ ਕਾਮਨਾ ਪੂਰੀਆਂ ਹੁੰਦੀਆਂ ਹਨ ਕਯੋਂ ਕਿ ਨਾਮ ਦੇ ਹੀ ਸ੍ਰਵਨ ਕਰ ਸਿਧ ਹੋਏ ਹਨ ਅਤੇ ਪੀਰ ਅਤੇ ਸੁਰ ਹੋਏ ਹਨ ਅਰ ਨਾਥ ਹੋਏ ਹਨ ਅਰ ਸ੍ਰਵਨ ਕਰ ਧਰਤੀ ਜਲਾਂ ਵਿਚ ਨਹੀਂ ਗਲਦੀ ਅਰ ਧੌਲ ਧਰਤੀ ਦੇ ਭਾਰ ਨੂੰ ਉਠਾਈ ਖਲੋਤਾ ਹੈ ਅਰ ਅਕਾਸ ਜੋ ਚੁਫੇਰੇ ਧਰਤੀ ਦੇ ਮਥਾ ਟੇਕਿਆ ਹੈ ਨਜਰ ਆਂਵਦਾ ਹੈ ਸੋ ਭੀ ਨਾਮ ਨੂੰ ਸੁਣਦਾ ਹੈ ਅਰ ਹੋਰ ਜਿਤਨੇ ਦੀਪ ਅਤੇ ਲੋਅ ਅਰ ਪਤਾਲ ਹੈਨ ਸੋ ਭੀ ਨਾਮ ਦੇ ਮਹਾਤਮ ਕਰ ਇਸਥਿਰ ਹੈਨ ਅਰ ਜਿਨਾਂ ਮਹਾਤਮ ਸੁਣਿਆ ਹੈ ਉਨਾਂ ਨੂੰ ਕਾਲ ਨਹੀਂ ਪੋਹਿਦਾ ਗੁਰੂ ਨਾਨਕ ਜੀ ਕਹਿੰਦੇ ਹੈਨ ਕਿ ਸ੍ਰਵਨ ਵਾਲਿਆਂ ਨੂੰ ਏਡੇ ਫਲ ਹੈਨ ਪਰ ਜੋ ਸ੍ਰਵਨ ਅਰ ਮਨਨ ਅਰ ਨਿਧਯਾਸਨ ਕਰਕੈ ਭਗਤ ਕਰਨਗੇ ਤਿਨਾਂ ਨੂੰ ਸਦਾ ਵਿਗਾਸ ਅਤੇ ਅਨੰਦ ਹੋਵੈਗਾ ॥ ੮ ॥

ਸੁਣਿਐ ਈਸਰੁ ਬਰਮਾ ਇੰਦੁ ॥ ਸੁਣਿਐ ਮੁਖਿ ਸਾਲਾਹਣ ਮੰਦੁ ॥ ਸੁਣਿਐ ਜੋਗ ਜੁਗਤਿ ਤਨਿ ਭੇਦ ॥ ਸੁਣਿਐ ਸਾਸਤ ਸਿਮ੍ਰਿਤਿ ਵੇਦ ॥ ਨਾਨਕ ਭਗਤਾ ਸਦਾ ਵਿਗਾਸੁ ॥ ਸੁਣਿਐ ਦੂਖ ਪਾਪ ਕਾ ਨਾਸੁ ॥ ੯ ॥

ਜਿਨਾਂ ਈਸਰ ਦੀ ਭਾਵਨੀ ਕਰ ਨਾਮ ਸੁਣਿਐ ਹੈ ਸੋ ਈਸਰ ਹੋਏ ਹੈਨ ਅਰ ਜਿਨਾਂ ਨੇ ਬ੍ਰਹਮੇਂ ਦੀ ਭਾਵਨੀ ਕਰ ਨਾਮ ਸੁਣਿਆ ਹੈ ਸੋ ਬ੍ਰਹਮੇਂ ਹੋਏ ਹੈ ਅਰ ਜਿਨਾਂ ਇੰਦ੍ਰ ਭਾਵਨੀ ਕਰ ਸੁਣਿਆ ਹੈ ਸੋ ਇੰਦ੍ਰ ਹੋਏ ਹਨ ਅਰ ਜਿਨਾਂ ਮਨ ਲਾਇਕੇ ਸੁਣਿਆ ਹੈ ਸੋ ਮੰਦੇ ਅਜਾਮਲ ਆਦਕ ਸਭਸ ਦੇ ਸਲਾਹਨ ਵਿਚ ਆਂਵਦੇ ਹਨ ਅਰ ਜਿਨਾਂ ਪਰਮੇਸਰ ਦਾ ਨਾਮ ਸੁਣਿਆ ਹੈ ਸੋ ਤਿਨਾਂ ਨੂੰ ਜੋਗ ਦੀ ਜੁਗਤ ਭੀ ਪ੍ਰਾਪਤਿ ਹੋਈ ਹੈ ਅਤੇ ਤਨ ਵਿਚ ਓਨਾਂ ਨੂੰ ਪਰਮੇਸਰ ਦਾ ਭੇਵ ਆਇਆ ਹੈ ਅਰ ਸੁਣਨ

ਕਰਕੇ ਸਾਸਤ੍ਰ ਅਰ ਵੇਦ ਕਾ ਤਾਤਪਰਜ ਮਾਲੂਮ ਹੋਤਾ ਹੈ ਅਰ ਜਿਤਨੇ ਸਾਸਤ੍ਰ ਅਰ ਸਿੰਮ੍ਰਿਤ ਅਰ ਵੇਦ ਹਨ ਅਰ ਜਿਨਾਂ ਕੀਤੇ ਹਨ ਸੋ ਓਹ ਭੀ ਸੁਣਕੇ ਹੀ ਓਨਾ ਕੀਤੇ ਹਨ ਗੁਰੂ ਨਾਨਕ ਜੀ ਕਹਿੰਦੇ ਹੈਨ ਕਿ ਜੇਹੜੇ ਉਸ ਨਾਮ ਦੇ ਭਗਤਿ ਹੈਨ ਸੋ ਓਨਾਂ ਦੇ ਮਨ ਵਿਚ ਸਦਾ ਹੀ ਵਿਗਾਸ ਹੈ ਅਰ ਓਹ ਕੈਸਾ ਨਾਮ ਹੈ ਕਿ ਜਿਸ ਦੇ ਸੁਣਨੇ ਕਰ ਦੁਖਾਂ ਤੇ ਪਾਪਾਂ ਦਾ ਨਾਸ ਹੋ ਜਾਂਦਾ ਹੈ ॥ ੯ ॥

ਸੁਣਿਐ ਸਤੁ ਸੰਤੋਖੁ ਗਿਆਨੁ ॥ ਸੁਣਿਐ ਅਠਸਠਿ ਕਾ ਇਸਨਾਨੁ ॥ ਸੁਣਿਐ ਪੜਿ ਪੜਿ ਪਾਵਹਿ ਮਾਨੁ ॥ ਸੁਣਿਐ ਲਾਗੈ ਸਹਜਿ ਧਿਆਨੁ ॥ ਨਾਨਕ ਭਗਤਾ ਸਦਾ ਵਿਗਾਸੁ ॥ ਸੁਣਿਐ ਦੂਖ ਪਾਪ ਕਾ ਨਾਸੁ ॥ ੧੦ ॥

ਜਿਨਾਂ ਨੇ ਨਾਮ ਦਾ ਮਹਾਤਮ ਸੁਣਿਆ ਹੈ ਤਿਨਾਂ ਨੂੰ ਸਤ ਪ੍ਰਾਪਤ ਹੁੰਦਾ ਹੈ ਅਰ ਸੰਤੋਖ ਪ੍ਰਾਪਤ ਹੁੰਦਾ ਹੈ ਅਰ ਓਹ ਗਜਾਨ ਨੂੰ ਪ੍ਰਾਪਤ ਹੁੰਦਾ ਹੈ ਬਹੁੜੋ ਸੁਣਕੇ ਅਠਸਠ ਤੀਰਥਾਂ ਦੇ ਇਸਨਾਨ ਦਾ ਫਲ ਹੁੰਦਾ ਹੈ ਅਰ ਜੋ ਕੋਈ ਸੁਣਕੇ ਪੜਦੇ ਹਨ ਸੋ ਵਾਹਗੁਰੂ ਦੇ ਦੁਆਰੇ ਮਾਨ ਪਾਂਵਦੇ ਹਨ ਅਰ ਸੁਣਦੇ ਰਹਿੰਦੇ ਹਨ ਸੋ ਤਿਨਾਂ ਨੂੰ ਸਹਜੇ ਹੀ ਪਰਮੇਸਰ ਵਲ ਧਿਆਨ ਲਗਦਾ ਹੈ ਗੁਰੂ ਨਾਨਕ ਜੀ ਕਹਿੰਦੇ ਹਨ ਕਿ ਭਗਤਾਂ ਨੂੰ ਸਦਾ ਹੀ ਵਿਗਾਸ ਹੈ ਅਰ ਭਗਵੰਤ ਕਾ ਕੈਸਾ ਨਾਮ ਜੇ ਜਿਸਦੇ ਸੁਣਨ ਕਰਕੇ ਦੁਖਾਂ ਤੇ ਪਾਪਾਂ ਦਾ ਨਾਸ ਹੁੰਦਾ ਹੈ ਤਾਂ ਫਿਰ ਸਿਧਾਂ ਨੇ ਪੁਛਿਆ ਕਿ ਜੇ ਨਾਮ ਸੁਣਿਆ ਮਹਾਰਾਜ ਦਾ ਅਤੇ ਗੁਣਨਾ ਕੋਈ ਭੀ ਕੀਤਾ ? ਤਾਂ ਬਾਬੇ ਕਹਿਆ ਕਿ ਨਾਮ ਸੋਈ ਸੁਣਦੇ ਹਨ ਜਿਨਾਂ ਨੇ ਗੁਣ ਕੀਤੇ ਹਨ ਅਤੇ ਜਿਨਾਂ ਨੇ ਅਗੇ ਗੁਣ ਨਹੀਂ ਕੀਤੇ ਤਾਂ ਹੁਣ ਗੁਣ ਮਿਲਦੇ ਹੈਂ ॥

ਸੁਣਿਐ ਸਰਾ ਗੁਣਾ ਕੇ ਗਾਹ ॥ ਸੁਣਿਐ ਸੇਖ ਪੀਰ ਪਾਤਿਸਾਹ ॥ ਸੁਣਿਐ ਅੰਧੇ ਪਾਵਹਿ ਰਾਹੁ ॥ ਸੁਣਿਐ ਹਾਥ ਹੋਵੈ ਅਸਗਾਹੁ ॥ ਨਾਨਕ ਭਗਤਾ ਸਦਾ ਵਿਗਾਸੁ ॥ ਸੁਣਿਐ ਦੂਖ ਪਾਪ ਕਾ ਨਾਸੁ ॥ ੧੧ ॥

ਜਿਨਾਂ ਨੇ ਪ੍ਰਮੇਸਰ ਦੇ ਨਾਮ ਦਾ ਮਹਾਤਮ ਸੁਣਿਆ ਹੈ ਸੋ ਗੁਣਾਂ ਦੇ ਸਭ ਸਮੁੰਦ੍ਰ ਓਨਾ ਗਾਹੇ ਹਨ ਅਰ ਨਾਮ ਦੇ ਸੁਣਨ ਕਰ ਸੇਖ ਹੋਏ ਹਨ ਅਰ ਪੀਰ ਹੋਏ ਹਨ ਅਰ ਪਾਤਿਸਾਹ ਹੋਏ ਹਨ ਅਰ ਸੁਣ ਕੇ ਹੀ ਜੋ ਅੰਧੇ ਹਨ ਤਿਨ੍ਹਾਂ ਨੂੰ ਪਰਮੇਸਰ ਦਾ ਰਾਹ ਪ੍ਰਾਪਤ ਹੋਇਆ ਹੈ ਅਰ ਸੁਣ ਕਰ ਹੀ ਜੋ ਵੈਤਰਨੀ ਨਦੀ ਹੈ ਸੋ ਗੋਪਦ ਦੀ ਨਿਆਈ ਹਾਥ ਹੋ ਜਾਤੀ ਹੈ ਅਰ ਅਗਿਆਨ ਦਾ ਸਮੁੰਦਰ ਭੀ ਗੋਪਦ ਦੀ ਨਿਆਈ ਲੰਘ ਜਾਈਦਾ ਹੈ ਤਾਂ ਗੁਰੂ ਨਾਨਕ ਜੀ ਕਹਿੰਦੇ ਹੈਨ ਕਿ ਭਗਤਾਂ ਨੂੰ ਸਦਾ ਪ੍ਰਸੰਨਤਾ ਹੈ ਕਯੋਂ ਜੋ ਨਾਮ ਦੇ ਸੁਣਨ ਕਰਕੈ ਦੁਖਾਂ ਅਰ ਪਾਪਾਂ ਕਾ ਨਾਸ ਹੁੰਦਾ ਹੈ

ਤਾਂ ਸਿਧਾਂ ਪੁਛਿਆ ਕਿ ਸੁਣਦੇ ਤਾਂ ਬਹੁਤ ਹੈ ਪਰ ਮਰਾਤਬਾ ਕਿਸੇ ਵਿਰਲੇ ਨੂੰ ਪ੍ਰਾਪਤ ਹੁੰਦਾ ਹੈ ਤਾਂ ਬਾਬੇ ਕਹਿਆ ਸੁਣਨਾ ਭੀ ਬਹੁਤ ਪ੍ਰਕਾਰ ਦਾ ਹੈ ॥ ਜੋ ਇਕ ਤਾਂ ਸ੍ਰਵਨ ਕਰਦੇ ਹਨ ਪਰ ਮਨ ਬਾਹਰ ਭਟਕਦਾ ਫਿਰਦਾ ਹੈ ਤਾਂਤੇ ਉਹ ਸ੍ਰਵਨ ਐਸਾ ਹੈ ਜੈਸੇ ਭੂਤਾਂ ਦੀ ਅਗਨਿ ਹੁੰਦੀ ਹੈ ਸੋ ਉਸਦੇ ਸੁਣਨ ਕਰਕੈ ਕੁਛਕ ਪੁੰਨ ਹੋਤਾ ਹੈ ਅਰ ਗਿਆਨ ਨਹੀਂ ਹੁੰਦਾ॥ ਅਤੇ ਇਕ ਜੋ ਹੈਨ ਸੋ ਆਪਣੀਆਂ ਇੰਦ੍ਰੀਆਂ ਨੂੰ ਰੋਕ ਕਰ ਅਰ ਧਿਆਨ ਲਾਇਕੇ ਸੁਣਦੇ ਹਨ ਸੋ ਉਨਾਂ ਦਾ ਸੁਣਨਾ ਹਲਵਾਈ ਦੀ ਅਗਨਿ ਦੀ ਨਿਆਈ ਹੈ ਕਯੋਂ ਜੋ ਹਲਵਾਈ ਕੜਾਈ ਲਾਹਿੰਦਾ ਹੈ ਤਾਂ ਬੁਝਾਇ ਦੇਂਦਾ ਹੈ ਸੋ ਤੈਸੇ ਹੀ ਜੋ ਸੁਣਿਆਂ ਹੋਇਆ ਫੇਰ ਆਪਣੇ ਵਿਵਹਾਰ ਵਿਚ ਪਈਦਾ ਹੈ ਤਾਂ ਭੁਲ ਜਾਂਦਾ ਹੈ ਅਤੇ ਜੇ ਸ੍ਰਵਨ ਦੇ ਨਾਲ ਮਨਨ ਹੁੰਦਾ ਹੈ ਅਥਵਾ ਸੁਣਕੇ ਫੇਰ ਵੀਚਾਰੀਦਾ ਹੈ ਸੋ ਬਿਜਲੀ ਦੀ ਅਗਨਿ ਦੀ ਨਿਆਈ ਫੇਰ ਭੁਲਦਾ ਨਹੀਂ ਜੈਸੇ ਬਿਜਲੀ ਅਨੇਕ ਜਲ ਦਿਆਂ ਬਦਲਾਂ ਵਿਚ ਬੁਝਦੀ ਨਹੀਂ ਤੈਸੇ ਜੇੜ੍ਹੇ ਧਿਆਨ ਲਾਇਕੇ ਸੁਣਦੇ ਹਨ ਸੋ ਅਨੇਕ ਕਾਰਜਾਂ ਵਿਚ ਭੀ ਉਨਾਂ ਨੂੰ ਭੁਲਦਾ ਨਹੀਂ ਅਤੇ ਜੇ ਮੰਨਨ ਦੇ ਨਾਲ ਨਿਧਿਆਸਨ ਹੁੰਦਾ ਹੈ ਜੋ ਪਹਿਲੇ ਸੁਣਿਆ ਅਰ ਫਿਰ ਸੁਣ ਕੇ ਮੰਨਿਆ ਅਰ ਮੰਨ ਕੇ ਕਮਾਈਦਾ ਹੈ ਤਾਂ ਓਹ ਬੜਵਾਨਲ ਜੋ ਸਮੁੰਦ੍ਰ ਦੀ ਅਗਨ ਹੈ ਤਿਸਦੀ ਨਿਆਈ ਹੁੰਦਾ ਹੈ ਜੋ ਬੜਵਾਨਲ ਅਗਨ ਜਲ ਨੂੰ ਸਾੜਦੀ ਹੈ ਅਤੇ ਆਪ ਨਹੀਂ ਬੁਝਦੀ ਤੈਸੇ ਵਿਵਹਾਰਾਂ ਵਿਚ ਪਇਆ ਹੋਇਆ ਭੀ ਜੋ ਓਹ ਪਰਮੇਸਰ ਦਾ ਨਾਮ ਹੈ ਸੋ ਭੁਲਦਾ ਨਹੀਂ ਅਤੇ ਜੇ ਨਿਧਿਆਸਨ ਹੁੰਦਾ ਹੈ ਅਰ ਜੇ ਸਖਿਆਤਕਾਰ ਹੁੰਦਾ ਹੈ ਤਾਂ ਪਰਲੋ ਦੀ ਅਗਨਿ ਦੀ ਨਿਆਈ ਹੁੰਦਾ ਹੈ ਜੋ ਜੈਸੇ ਪਰਲੋ ਦੀ ਅਗਨ ਸਭ ਬ੍ਰਿਛਾਂ ਨੂੰ ਅਰ ਸਭ ਪਰਬਤਾਂ ਨੂੰ ਆਪਣਾ ਹੀ ਰੂਪ ਕਰ ਲੇਤੀ ਹੈ ਤੈਸੇ ਉਸ਼ਨੂੰ ਸਰਬ ਵਿਚ ਵਾਹਗੁਰੂ ਦਾ ਰੂਪ ਹੀ ਭਾਸਦਾ ਹੈ ॥ ੧੧ ॥

ਮੰਨੇ ਕੀ ਗਤਿ ਕਹੀ ਨ ਜਾਇ ॥ ਜੇ ਕੋ ਕਹੈ ਪਿਛੈ ਪਛੁਤਾਇ ॥ ਕਾਗਦਿ ਕਲਮ ਨ ਲਿਖਣਹਾਰੁ ॥ ਮੰਨੇ ਕਾਬਹਿ ਕਰਨਿ ਵੀਚਾਰੁ ॥ ਐਸਾ ਨਾਮੁ ਨਿਰੰਜਨੁ ਹੋਇ ॥ ਜੇ ਕੋ ਮੰਨਿ ਜਾਣੈ ਮਨਿ ਕੋਇ ॥ ੧੨ ॥

ਤਾਂ ਸਿਧਾਂ ਨੇ ਕਹਿਆ ਜਿਨਾ ਨੇ ਸੁਣ ਕਰ ਮੰਨਿਆ ਹੈ ਉਨਾਂ ਦੀ ਗਤਿ ਅਸਾਂ ਨੂੰ ਕਹੋ ਤਾਂ ਬਾਬਾ ਬੋਲਿਆ ਕਿ ਮੰਨਣ ਵਾਲਿਆਂ ਦੀ ਗਤਿ ਕਹੀ ਨਹੀਂ ਜਾਂਦੀ ਕਯੋਂ ਜੋ ਓਹ ਪਰਮੇਸਰ ਨੂੰ ਪ੍ਰਾਪਤ ਹੋਏ ਹਨ ਅਤੇ ਜੇ ਕੋਈ ਉਨਾਂ ਦੀ ਗਤਿ ਕਹੇ ਤਾਂ ਪਿਛੋਂ ਪਛੋਤਾਉਂਦਾ ਹੈ ਕਯੋਂਕਿ ਕਹੀ ਨਹੀਂ ਜਾਂਦੀ ਅਰ ਨਾ ਇਤਨੇ ਕਾਗਤ ਹਨ ਅਰ ਨਾ ਇਤਨੀਆਂ ਲਿਖਣਾ ਹੀ ਹੈ ਅਤੇ ਲਿਖਣ ਵਾਲਾ ਭੀ ਕੋਈ ਨਹੀਂ ਜੋ

ਉਸਦੀਆਂ ਵਡਿਆਈਆਂ ਲਿਖੇ ਪਰ ਜੇ ਸਤ ਦੀਪ ਦਾ ਕਾਗਤ ਭੀ ਕੀਜੇ ਅਤੇ ਸਾਰੀ ਬਨਾਸਪਤੀ ਦੀਆਂ ਲਿਖਣਾ ਕਰੀਐ ਅਤੇ ਮਸਵਾਣੀ ਸਮੁੰਦਰ ਦੀ ਅਤੇ ਪਰਬਤ ਕੁਟਕੇ ਮਸਕਰੀਐ ਅਰ ਸਰਸ੍ਵਤੀ ਵਕਤਾ ਹੋਵੈ ਅਤੇ ਗਣੇਸ ਲਿਖਣ ਵਾਲਾ ਹੋਵੈ ਅਰ ਕਈ ਜੁਗ ਬੈਠਕੇ ਲਿਖੇ ਤਉ ਭੀ ਮੰਨਣ ਵਾਲਿਆਂ ਦੀ ਗਤਿ ਲਿਖ ਨਹੀਂ ਸਕਦਾ ਸੋ ਐਸਾ ਮਹਾਰਾਜ ਦੇ ਨਾਮ ਦਾ ਮਹਾਤਮ ਹੈ ਤਾਂਤੇ ਜੋ ਕੋਈ ਮੰਨਦਾ ਹੈ ਸੋਈ ਆਪਣੇ ਮਨ ਵਿਚ ਜਾਣਦਾ ਹੈ ਤਾਂ ਸਿਧਾਂ ਆਖਿਆ ਕਿ ਉਨਾਂ ਦੇ ਗੁਣ ਤਾਂ ਕੁਝ ਤੁਸੀਂ ਵਰਨਣ ਕਰੋ ਤਾਂ ਬਾਬਾ ਬੋਲਿਆ ਕਿ ਸੁ ਸੰਵੇਦ ਗੁਣ ਉਨਾਂ ਦੇ ਕਹੇ ਨਹੀਂ ਜਾਂਦੇ ਪਰ ਸੰਵੇਦ ਗੁਣ ਤੁਸਾਂ ਨੂੰ ਸੁਣਾਵਦੇ ਹਾਂ ॥

ਮੰਨੈ ਸੁਰਤਿ ਹੋਵੈ ਮਨਿ ਬੁਧਿ ॥ ਮੰਨੈ ਸਗਲ ਭਵਣ ਕੀ ਸੁਧਿ ॥ ਮੰਨੈ ਮੁਹਿ ਚੋਟਾ ਨਾ ਖਾਇ ॥ ਮੰਨੈ ਜਮ ਕੈ ਸਾਥਿ ਨ ਜਾਇ ॥ ਐਸਾ ਨਾਮੁ ਨਿਰੰਜਨੁ ਹੋਇ ॥ ਜੇ ਕੋ ਮੰਨਿ ਜਾਣੈ ਮਨਿ ਕੋਇ ॥ ੧੩ ॥

ਜੋ ਵਾਹਗੁਰੂ ਦੇ ਨਾਮ ਨੂੰ ਸੁਣਕੈ ਮੰਨਦੇ ਹਨ ਤਿਨਾਂ ਕੀ ਸੁਰਤਿ ਉਜਲ ਹੁੰਦੀ ਹੈ ਅਰ ਭਲਿਆਈ ਵਲ ਹੁੰਦੀ ਹੈ ਅਤੇ ਮਨ ਉਨਾਂ ਦਾ ਨਿਰਮਲ ਜਸ ਸੁਣਨ ਦੇ ਅਧਕਾਰ ਹੁੰਦਾ ਹੈ ਅਤੇ ਬੁਧ ਉਨਾਂ ਦੀ ਮਨੀਖਾ ਹੁੰਦੀ ਹੈ ॥ ਮਨੀਖਾ ਕਹੀਐ ਕਿ ਜਗਿਆਸਾ ਦੀ ਹੁੰਦੀ ਹੈ ਅਤੇ ਜੋ ਨਾਮ ਮੰਨਦੇ ਹਨ ਉਨਾਂ ਨੂੰ ਸਭਨਾਂ ਭਵਨਾਂ ਦੀ ਸੁਧ ਹੁੰਦੀ ਹੈ ਅਰ ਸਾਰੇ ਬ੍ਰਹਮੰਡ ਵਿਚ ਜੋ ਵਰਤਤੀ ਹੈ ਤਿਸਕੋ ਜਾਣਦੇ ਹਨ ਅਥਵਾ ਸੁਪਨੇ ਦਾ ਭਵਨ ਕਰ ਜਾਣਦੇ ਹਨ ਅਰ ਜੋ ਨਾਮ ਨੂੰ ਮੰਨਦੇ ਹਨ ਅਰ ਸਤਗੁਰਾਂ ਦੇ ਵਚਨ ਮੰਨਦੇ ਹਨ ਸੋ ਭੁਲਕੇ ਭੀ ਚੋਟਾਂ ਨਹੀਂ ਖਾਂਦੇ ਕਜੋਂਕਿ ਚੋਟਾਂ ਸੋ ਖਾਂਵਦੇ ਹਨ ਜੋ ਵਚਨਾਂ ਨੂੰ ਭੁਲਾਇ ਦੇਂਦੇ ਹਨ ਅਤੇ ਜੋ ਨਾਮ ਨੂੰ ਮੰਨਦੇ ਹੈਨ ਸੋ ਜਮ ਕੇ ਸਾਥ ਨਹੀਂ ਜਾਤੇ ਅਰ ਐਸਾ ਕਰਤਾਰ ਦਾ ਨਾਮ ਹੈ ਜੋ ਮਾਇਆ ਦੀ ਉਪਾਧ ਥੋਂ ਰਹਿਤ ਹੈ ਅਤੇ ਜੋ ਕੋਈ ਇਸਨੂੰ ਮੰਨਦੇ ਹਨ ਸੋ ਆਪਣੇ ਹੀ ਮਨ ਵਿਚ ਜਾਣਤੇ ਹੈਨ ॥੧੩॥

ਮੰਨੈ ਮਾਰਗਿ ਠਾਕ ਨ ਪਾਇ ॥ ਮੰਨੈ ਪਤਿ ਸਿਉ ਪਰਗਟੁ ਜਾਇ ॥ ਮੰਨੈ ਮਗੁ ਨ ਚਲੈ ਪੰਥੁ ॥ ਮੰਨੈ ਧਰਮ ਸੇਤੀ ਸਨਬੰਧੁ ॥ ਐਸਾ ਨਾਮੁ ਨਿਰੰਜਨੁ ਹੋਇ ॥ ਜੇ ਕੋ ਮੰਨਿ ਜਾਣੈ ਮਨਿ ਕੋਇ ॥ ੧੪ ॥

ਜਿਨਾਂ ਨੇ ਵਾਹਗੁਰੂ ਦਾ ਨਾਉ ਮੰਨਿਆ ਹੈ ਸੋ ਧਰਮ ਦੇ ਮਾਰਗ ਵਿਚ ਠਾਕ ਨਹੀਂ ਪਾਂਵਦੇ ਕਜੋਂਕਿ ਜੇ ਉਨਾਂ ਨੂੰ ਕੋਈ ਧਰਮ ਕਰਦਿਆਂ ਵਰਜਦਾ ਹੈ ਤਾਂ ਸਗੋਂ ਉਮਾਹ ਕੈ ਸਵਾਇਆ ਕਰਦੇ ਹਨ ਅਰ ਦਿਲ ਵਿਚ ਏਹ ਸਮਝਦੇ ਹਨ ਕਿ ਸਰੀਰ ਤਾਂ ਛਿਨ ਭੰਗਰ ਹੈ ਤਾਂਤੇ ਜੋ ਅਸੀਂ ਭਜਨ ਸਿਮਰਨ ਅਰ ਦਾਨ ਪੁੰਨ ਕਰਾਂਗੇ ।

ਸੋਈ ਅਸਾਡੇ ਨਾਲ ਨਿਭਣਾ ਹੈ ਅਰ ਧਰਮ ਦੇ ਮਾਰਗ ਨੂੰ ਠਾਕਣਵਾਲਾ ਸਗੋਂ ਆਪਣਾ ਵੈਰੀ ਜਾਣਦੇ ਹਨ ਅਰ ਜੋ ਨਾਮ ਨੂੰ ਜਾਣਦੇ ਹਨ ਸੋ ਜਮ ਦੇ ਰਾਹਿ ਨਹੀਂ ਜਾਂਦੇ ਕਯੋਂਕਿ ਭਗਤਾਂ ਦੇ ਰਾਹਿ ਨਿਰਾਲੇ ਹੈਨ ਜੋ ਜਗਿਆਸੀ ਭਗਤ ਹੈਨ ਸੋ ਚਤੁਰ ਭੁਜ ਰੂਪ ਧਾਰਕੇ ਵੈਕੁੰਠ ਨੂੰ ਜਾਇ ਪ੍ਰਾਪਤ ਹੋਤੇ ਹੈਂ ਅਤੇ ਜੋ ਗਿਆਨੀ ਭਗਤਿ ਹਨ ਸੋ ਵਾਹਗੁਰੂ ਵਿਚ ਸਮਾਇ ਜਾਂਦੇ ਹਨ ਅਰ ਓਹ ਜਨਮ ਮਰਨ ਤੇ ਰਹਿਤ ਹਨ ਅਰ ਜੋ ਅਗਿਆਨੀ ਭੀ ਸਬਤ ਨੂੰ ਸੁਣਕੇ ਨਾਮ ਨੂੰ ਮੰਨਦੇ ਹੈਨ ਸੋ ਭੀ ਪੁਸਪ ਬਿਬਾਨ ਤੇ ਬੈਠਕੇ ਸੁਰਗ ਨੂੰ ਜਾਂਦੇ ਹੈਨ ਤੇ ਜਿਨਾਂ ਨੇ ਗੁਰਾਂ ਦੇ ਸਬਦ ਨੂੰ ਮੰਨਿਆ ਹੈ ਸੋ ਸਾਧ ਸੰਗਤ ਤਿਨਾਂ ਦਾ ਪੰਥ ਹੈ ਅਰ ਜਮ ਦੇ ਮਗ ਥੀ ਤਿਨਾਂ ਦਾ ਪੈਂਡਾ ਨਿਰਾਲਾ ਹੈ ਅਰ ਜੋ ਇਥੇ ਗੁਰਾਂ ਦੇ ਧਰਮ ਤੇ ਦ੍ਰਿੜ ਹੈਨ ਤਾਂ ਉਨਾਂ ਦਾ ਧਰਮਰਾਇ ਭੀ ਮਿਤ੍ਰ ਅਰ ਸਨਬੰਧੀ ਹੋਇ ਵਰਤਤਾ ਹੈ ਐਸਾ ਨਾਮ ਵਾਹਗੁਰੂ ਦਾ ਹੈ ਪਰ ਜੋ ਕੋਈ ਨਾਮ ਨੂੰ ਮੰਨਦਾ ਹੈ ਸੋ ਆਪਣੇ ਮਨ ਵਿਚ ਇਸਦੇ ਮਹਾਤਮ ਨੂੰ ਜਾਣਦਾ ਹੈ ॥ ੧੪ ॥

ਮੰਨੈ ਪਾਵਹਿ ਮੋਖੁ ਦੁਆਰੁ ॥ ਮੰਨੈ ਪਰਵਾਰੈ ਸਾਧਾਰੁ ॥ ਮੰਨੈ ਤਰੈ ਤਾਰੇ ਗੁਰੁ ਸਿਖ ॥ ਮੰਨੈ ਨਾਨਕ ਭਵਹਿ ਨ ਭਿਖ ॥ ਐਸਾ ਨਾਮੁ ਨਿਰੰਜਨੁ ਹੋਇ ॥ ਜੇ ਕੋ ਮੰਨਿ ਜਾਣੈ ਮਨਿ ਕੋਇ ॥ ੧੫ ॥

ਜੋ ਵਾਹਗੁਰੂ ਦੇ ਨਾਮ ਨੂੰ ਮੰਨਦੇ ਹੈਨ ਸੋ ਮੁਕਤ ਦੁਆਰਾ ਜੋ ਸਾਧ ਸੰਗਤਿ ਹੈ ਉਸਨੂੰ ਮਿਲ ਕਰ ਗਿਆਨ ਨੂੰ ਪ੍ਰਾਪਤ ਹੁੰਦੇ ਹਨ ॥ ਅਰ ਜੋ ਵਾਹਗੁਰੂ ਦੇ ਨਾਮ ਨੂੰ ਮੰਨਦੇ ਹਨ ਸੋ ਆਪ ਭੀ ਤਰਦੇ ਹਨ ਅਤੇ ਸਾਰੇ ਪਰਵਾਰ ਨੂੰ ਭੀ ਤਾਰਦੇ ਹਨ ਤਾਂ ਸਿਧਾਂ ਕਹਿਆ ਕਿ ਪਰਵਾਰ ਤਾਂ ਗ੍ਰਿਹਸਤੀਆਂ ਦਾ ਹੋਂਦਾ ਹੈ ਅਤੇ ਅਸੀਂ ਤਾਂ ਸਭ ਪਰਵਾਰਾਂ ਨੂੰ ਛਡ ਕੇ ਅਤੀਤ ਹੋਏ ਹਾਂ ਤਾਂ ਬਾਬਾ ਬੋਲਿਆ ਕਿ ਗ੍ਰਿਹਸਤੀ ਦਾ ਕੁਟੰਬ ਪਰਵਾਰ ਹੈ ਅਰ ਅਤੀਤਾਂ ਦੇ ਚੇਲੇ ਪਰਵਾਰ ਹੈਨ ਸੋ ਉਨਾਂ ਦੇ ਕੁਟੰਬ ਦਾ ਉਧਾਰ ਹੁੰਦਾ ਹੈ ਅਤੇ ਉਨਾਂ ਦੇ ਚੇਲਿਆਂ ਦਾ ਉਧਾਰ ਹੁੰਦਾ ਹੈ ਅਰ ਸੰਤਾਂ ਦੇ ਪਾਸ ਬੈਠਣ ਵਾਲੇ ਜੋ ਜਗਿਆਸੀ ਹਨ ਤਿਨਾਂ ਜਗਿਆਸੀਆਂ ਦਾ ਉਧਾਰ ਹੁੰਦਾ ਹੈ ਤਾਂਤੇ ਜੋ ਵਾਹਗੁਰੂ ਦੀ ਸਿਖਿਆ ਮੰਨਦੇ ਹਨ ਸੋ ਆਪ ਭੀ ਤਰਦੇ ਹਨ ਅਤੇ ਹੋਰਨਾਂ ਨੂੰ ਭੀ ਤਾਰਦੇ ਹਨ ਗੁਰੂ ਨਾਨਕ ਜੀ ਕਹਿੰਦੇ ਹੈਨ ਕਿ ਮੰਨਣ ਵਾਲੇ ਜਨਮਾਂ ਅਰ ਜੂਨਾਂ ਦੇ ਭੇਖਾਂ ਨੂੰ ਨਹੀਂ ਪ੍ਰਾਪਤਿ ਹੁੰਦੇ ਸੋ ਐਸਾ ਨਾਮ ਵਾਹਗੁਰੂ ਦਾ ਹੈ ਤਾਂਤੇ ਜੋ ਕੋਈ ਮੰਨਦੇ ਹਨਸੋ ਆਪਣੇ ਮਨ ਵਿਚ ਉਸਦੇ ਮਰਾਤਬੇ ਨੂੰ ਜਾਣਦੇ ਹਨ॥੧੫॥ ਤਾਂ ਫਿਰ ਸਿਧਾਂ ਨੇ ਪੁਛਿਆ ਕਿ ਮੰਨਣ ਵਾਲੇ ਵਾਹਗੁਰੂ ਦੀ ਦਰਗਾਹ ਵਿਚ ਕੀ ਫਲ ਪਾਂਵਦੇ ਹਨ ਅਰ ਏਸ ਜਗਤ ਨੂੰ ਜੋ ਮਹਾਰਾਜ ਨੇ ਕੀਤਾ ਹੈ ਸੋ ਏਹ ਸਰੀਰ ਜੀਆਂ ਦੇ ਕਿਸ ਪ੍ਰਕਾਰ

ਰਚੇ ਹਨ ਤਾਂ ਬਾਬਾ ਬੋਲਿਆ ਕਿ ਤੁਸਾਡਿਆਂ ਦੁਹਾਂ ਪ੍ਰਸਨਾਂ ਦਾ ਉਤ੍ਰ ਕਹਤੇ ਹੈਂ ॥

ਪੰਚ ਪਰਵਾਣ ਪੰਚ ਪਰਧਾਨੁ ॥ ਪੰਚੇ ਪਾਵਹਿ ਦਰਗਹਿ ਮਾਨੁ ॥ ਪੰਚੇ ਸੋਹਹਿ ਦਰਿ ਰਾਜਾਨੁ ॥ ਪੰਚਾ ਕਾ ਗੁਰੁ ਏਕੁ ਧਿਆਨੁ ॥ ਜੇ ਕੋ ਕਹੈ ਕਰੈ ਵੀਚਾਰੁ ॥ ਕਰਤੇ ਕੈ ਕਰਣੈ ਨਾਹੀ ਸੁਮਾਰੁ ॥ ਧੌਲੁ ਧਰਮੁ ਦਇਆ ਕਾ ਪੂਤੁ ॥ ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥ ਜੇ ਕੋ ਬੁਝੈ ਹੋਵੈ ਸਚਿਆਰੁ ॥ ਧਵਲੈ ਉਪਰਿ ਕੇਤਾ ਭਾਰੁ ॥ ਧਰਤੀ ਹੋਰੁ ਪਰੈ ਹੋਰੁ ਹੋਰੁ ॥ ਤਿਸ ਤੇ ਭਾਰੁ ਤਲੈ ਕਵਣੁ ਜੋਰੁ ॥ ਜੀਅ ਜਾਤਿ ਰੰਗਾ ਕੇ ਨਾਵ ॥ ਸਭਨਾ ਲਿਖਿਆ ਵੁੜੀ ਕਲਾਮ ॥ ਏਹੁ ਲੇਖਾ ਲਿਖਿ ਜਾਣੈ ਕੋਇ ॥ ਲੇਖਾ ਲਿਖਿਆ ਕੇਤਾ ਹੋਇ ॥ ਕੇਤਾ ਤਾਣੁ ਸੁਆਲਿਹੁ ਰੂਪੁ ॥ ਕੇਤੀ ਦਾਤਿ ਜਾਣੈ ਕੌਣੁ ਕੂਤੁ ॥ ਕੀਤਾ ਪਸਾਉ ਏਕੋ ਕਵਾਉ ॥ ਤਿਸ ਤੇ ਹੋਏ ਲਖ ਦਰੀਆਉ ॥ ਕੁਦਰਤਿ ਕਵਣ ਕਹਾ ਵੀਚਾਰੁ ॥ ਵਾਰਿਆ ਨ ਜਾਵਾ ਏਕ ਵਾਰ ॥ ਜੋ ਤੁਧੁ ਭਾਵੈ ਸਾਈ ਭਲੀ ਕਾਰ ॥ ਤੂ ਸਦਾ ਸਲਾਮਤਿ ਨਿਰੰਕਾਰ ॥ ੧੬ ॥

ਤਿਸਕਾ ਵਿਚਾਰ :--ਜਿਨਾਂ ਨੇ ਭਲੀ ਪ੍ਰਕਾਰ ਸ੍ਰਵਨ ਮਨਨ ਨਿਧਿਆਸਣ ਕੀਤਾ ਹੈ ਸੋਈ ਪੰਚ ਹੈਨ ਪਰਵਾਨ ਭੀ ਓਹੋ ਹੀ ਹੈਨ ਕਜੋਂਕਿ ਪ੍ਰਿਥਮੇਂ ਸ੍ਰਵਣ ਕਰਕੇ ਪਾਪਾਂ ਅਰ ਪੁੰਨਾਂ ਦੀ ਸੋਝੀ ਹੁੰਦੀ ਹੈ ਅਰ ਫਿਰ ਪਾਪ ਮਿਟਦੇ ਹਨ ਅਤੇ ਪੁੰਨ ਵਧਦੇ ਹੈਨ ਅਰ ਬਹੁੜੋ ਗਿਆਨ ਪ੍ਰਾਪਤਿ ਹੁੰਦਾ ਹੈ ਅਤੇ ਜੇ ਬਾਰੰਬਾਰ ਮੰਨਣ ਦਾ ਅਭਿਆਸ ਕਰੀਏ ਤਾਂ ਜੀਵ ਈਸਰ ਦੀ ਏਕਤਾ ਹੁੰਦੀ ਹੈ ਤਾਂਤੇ ਜਿਨਾਂ ਨੇ ਸ੍ਰਵਣ ਅਰ ਮਨਨ ਅਰ ਨਿਧਿਆਸਣ ਕੀਤਾ ਹੈ ਸੋਈ ਪਰਵਾਣ ਹੈਨ ਅਰ ਸੋਈ ਪ੍ਰਧਾਨ ਹੈਨ ਅਰ ਸੋਈ ਈਸਰ ਦੀ ਦਰਗਹ ਵਿਚ ਮਾਨ ਪਾਉਂਦੇ ਹਨ ਅਰ ਸੋਈ ਰਾਜਯਾਂ ਦੇ ਦੁਆਰੇ ਉਪਰ ਸੋਭਾ ਪਾਉਂਦੇ ਹਨ॥ ਸੋ ਇਨਾਂ ਪੰਚਾਂ ਦਾ ਜੋ ਗੁਰ ਹੈ ਸੋ ਵਾਹਗੁਰੂ ਦਾ ਇਕ ਧਿਆਨ ਹੈ ਬਹੁੜੋ ਦੂਸਰਾ ਅਰਥ ਹੈ ਕਿ ਵਾਹਗੁਰੂ ਨੇ ਜੋ ਸ੍ਰਿਸਟਿ ਸਾਜੀ ਹੈ ਤਾਂ ਪ੍ਰਿਥਮੇ ਮਹਿਤਤ ਕੀਤਾ ਹੈ ਅਰ ਮਹਿਤਤ ਥੀਂ ਹੰਕਾਰ ਹੋਇਆ ਸੋ ਹੰਕਾਰ ਤਿੰਨ ਪ੍ਰਕਾਰ ਦਾ ਹੈ ਜੋ ਤਾਂਮਸੀ ਅਹੰਕਾਰ ਥੋਂ ਪੰਜ ਤਤ ਹੋਏ ਹਨ ਸੋ ਤਿਨਾਂ ਦਾ ਸਰੀਰ ਰਚਿਆ ਹੈ ਅਰ ਰਾਜਸੀ ਅਹੰਕਾਰ ਥੀਂ ਪੰਜ ਗਿਆਨ ਇੰਦ੍ਰੀਆਂ ਹੋਈਆਂ ਹੈਨ ਤਿਸਦੇ ਸਬਦ ਸਪਰਸ ਰੂਪ ਰਸ ਗੰਧ ਏਹ ਪੰਜ ਵਿਖੇ ਪ੍ਰਧਾਨ ਹੋਏ ਹਨ॥ ਅਤੇ ਪੰਜ ਦੈਵੀ ਸੰਪਤਾ ਦੇ ਗੁਣ ਜੋ ਹੈਨ ਕਿ ਸਤ ਸੰਤੋਖ ਦਇਆ ਧਰਮ ਸੁਚ ਸੋ ਏਹ ਸਾਂਤਕੀ ਅਹੰਕਾਰ ਥੋਂ ਹੋਏ ਹਨ ਸੋ ਏਸ ਦਰਗਾਹ ਈਸਰ ਦੀ ਵਿਚ ਮਾਨ ਪਾਉਂਦੇ ਹਨ ਅਤੇ ਪੰਚ ਜੋ ਸਬਦ ਹੈਨ ਤਤ ਅਰ ਵਿਤਿ ਅਰ ਘਨ ਅਰ ਸੁਖਰ ਅਤੇ ਨਾਦਿ ਸੋ ਤਤ ਕਹੀਏ ਤੰਬੂਰੇ

ਆਦਿ ਕੋਕਾ ਜੋ ਤਾਰਾਂ ਦੇ ਹੁੰਦੇ ਹਨ ਅਤੇ ਵਿਤ ਕਹੀਏ ਮ੍ਰਿਦੰਗ ਆਦਿਕ ਜੋ ਚਰਮ ਦੇ ਮੜੇ ਹੋਏ ਹੁੰਦੇ ਹਨ ਅਤੇ ਘਨ ਕੀਹੀਏ ਤਾਲ ਆਦਿਕ ਜੋ ਧਾਤਾਂ ਦੇ ਹੁੰਦੇ ਹੈਨ ਅਰ ਸੁਖਰ ਕਹੀਏ ਸੰਖ ਆਦਿਕ ਜੋ ਫੂਕਾਂ ਨਾਲ ਵਜਾਈਦੇ ਹਨ ਅਤੇ ਨਾਦਿ ਕਹੀਏ ਘਟ ਆਦਿਕ ਜੋ ਮਿਟੀ ਦੇ ਪਕਾਈਦੇ ਹੈਨ ਸੋ ਏਹ ਪੰਜ ਸਬਦ ਦਸਵੇਂ ਦੁਆਰ ਭੀ ਵਜਦੇ ਹੈਨ ਅਤੇ ਸਾਧ ਸੰਗਤ ਵਿਚ ਭੀ ਵਜਦੇ ਹੈਨ ਸੋ ਗ਼ਜਾਨ ਕਾ ਦੁਆਰਾ ਹੈ ਤਾਂ ਸਿਧਾਂ ਪੁਛਿਆ ਜੇ ਦਸਵੇਂ ਦੁਆਰ ਵਜਦੇ ਹਨ ਤਾਂ ਸਭ ਕਿਸੇ ਨੂੰ ਕਿਉਂ ਨਹੀਂ ਸੁਣੀਦੇ ਤਾਂ ਬਾਬੇ ਕਹਿਆ ਤਿਨਾਂ ਦਾ ਗੁਰੂ ਧਿਆਨ ਹੈ ਅਰ ਜੇ ਕੋਈ ਮਹਾਰਾਜ ਦੀਆਂ ਲੀਲਾ ਵੀਚਾਰੇ ਤਾਂ ਕਰਤੇ ਦੀਆਂ ਕਰਨੀਆਂ ਦਾ ਅੰਤ ਨਹੀਂ ਤਾਂ ਸਿਧਾਂ ਪੁਛਿਆ ਕਿ ਕਈ ਕਹਿੰਦੇ ਹੈਨ ਕਿ ਜੋ ਸਰਪ ਦੇ ਸਿਰ ਤੇ ਧਰਤੀ ਹੈ ਅਰ ਕਈ ਕਹਿੰਦੇ ਹਨ ਜੋ ਧੌਲ ਦੇ ਸਿਰ ਤੇ ਹੈ ਅਰ ਕਈ ਕਹਿੰਦੇ ਹੈਨ ਜੋ ਬੈਰਾਹ ਦੀ ਦਾੜ ਤੇ ਧਰਤੀ ਹੈ ਤਾਂਤੇ ਤੁਸੀਂ ਕਹੋ ਜੋ ਧਰਤੀ ਕਿਸਦੇ ਭਾਰ ਤੇ ਖਲੋਤੀ ਹੈ ਤਾਂ ਬਾਬਾ ਬੋਲਿਆ ਕਿ ਧਰਮ ਜੋ ਧੌਲ ਹੈ ਅਰ ਦਇਆ ਦਾ ਪੂਤ ਹੈ ਸੋ ਸਭ ਕੁਛ ਈਸਰ ਨੇ ਸੰਤੋਖ ਦੇ ਉਪਰ ਸੂਤ ਥਾਪਿਆ ਹੈ ਜੋ ਜਲ ਧਰਤੀ ਥੋਂ ਦਸ ਗੁਣਾਂ ਵਧੀਕ ਹੈ ਅਤੇ ਧਰਤੀ ਨੂੰ ਨਹੀਂ ਗਾਲ ਸਕਦਾ ਤਾਂਤੇ ਜੋ ਕੋਈ ਸੰਤੋਖ ਕਰਦਾ ਹੈ ਸਚਿਆਰ ਓਹੋ ਹੀ ਹੈ ਅਰ ਜੋ ਕੋਈ ਕਹੈ ਕਿ ਧੌਲ ਉਪਰ ਧਰਤੀ ਹੈ ਤਾਂ ਧੌਲ ਕਿਤਨਾ ਕੁ ਭਾਰ ਚੁਕਸੀ ਕਜੋਂ ਜੋ ਧਰਤੀਆਂ ਬਹੁਤ ਹੈਨ ਸੋ ਉਨਾਂ ਦੇ ਤਲੇ ਕਉਣ ਹੈ ਅਤੇ ਧੌਲ ਤਲੇ ਕਉਣ ਭਾਰ ਹੈ ਤਾਂਤੇ ਧਰਮ ਦੇ ਹੀ ਭਾਰ ਤੇ ਪ੍ਰਿਥਮੀ ਖਲੋਤੀ ਹੋਈ ਹੈ ਅਰ ਜਿਤਨੇ ਜੀਅ ਜਾਤੀ ਹੈਂ ਅਤੇ ਰੰਗ ਅਤੇ ਨਾਉਂ ਧਰਤੀ ਤੇ ਰਹਿਣ ਵਾਲੇ ਹੈਨ ਸੋ ਸਭਨਾਂ ਦੇ ਸਿਰ ਤੇ ਲੇਖ ਲਿਖਿਆ ਹੈ ਅਰ ਓਹ ਆਪਣੇ ਆਪਣੇ ਲੇਖ ਦੇ ਭੋਗਣ ਨੂੰ ਸਾਮਰਥ ਹੈਂ ਅਤੇ ਮਹਾਰਾਜ ਦੇ ਲੇਖੇ ਨੂੰ ਕੌਣ ਪਹੁਚਦਾ ਹੈ ਜੈਸੇ ਪੁਤਲੀਆਂ ਸੂਤਰਧਾਰ ਦੇ ਕਰਮਾਂ ਨੂੰ ਨਹੀਂ ਸਿਵਾਣਦੀਆਂ ਤੈਸੇ ਜੀਅ ਈਸਰ ਦੇ ਲੇਖੇ ਨੂੰ ਨਹੀਂ ਜਾਣਦੇ ਕਜੋਂ ਜੋ ਈਸਰ ਸਰਬ ਦੇ ਤਾਣ ਦੇਣਹਾਰਾ ਹੈ ਅਰ ਸਭ ਦੇ ਸੁੰਦਰ ਕਰਨਹਾਰਾ ਤਾਂਤੇ ਉਸਦੇ ਤਾਣ ਅਤੈ ਰੂਪ ਸੁੰਦਰ ਨੂੰ ਕੌਣ ਲਖ ਸਕਦਾ ਹੈ ਅਰ ਜਿਤਨੀ ਦਾਤਿ ਈਸਰ ਨੇ ਜੀਆਂ ਤੇ ਕੀਤੀ ਹੈ ਸੋ ਕਿਸਦਾ ਬਲ ਹੈ ਜੋ ਉਸਨੂੰ ਜਾਣ ਸਕੈ ਅਰ ਈਸਰ ਨੇ ਜਿਤਨਾ ਪਸਾਰਾ ਕੀਤਾ ਹੈ ਸੋ ਇਕ ਓਅੰਕਾਰ ਤੇ ਕੀਤਾ ਹੈ ਸੋ ਤਿਸਤੇ ਲਖ ਨਦੀਆਂ ਹੋਈਆਂ ਹਨ ਤਾਂ ਸਿਧਾਂ ਪੁਛਿਆ ਤੁਸਾਂ ਸਾਰੀ ਸ੍ਰਿਸਟਿ ਵਿਚੋਂ ਇਕ ਨਦੀ ਆਦੀ ਵਰਨਨ ਕੀਤੀ ਹੈ ਤਾਂ ਬਾਬਾ ਬੋਲਿਆ ਕਿ ਮਹਾਰਾਜ ਦੀ ਮਾਇਆ ਅਸੰਖ ਨਦੀਆਂ ਵਤ ਹੋ ਚਲੀ ਹੈ ਜੋ ਜਿਸਮੈਂ ਕਈ ਬ੍ਰਹਮੰਡ ਰੂਪੀ ਬੁਦਬੁਦੇ ਅਤੇ ਜੀਅ ਜੰਤ ਰੂਪੀ ਤਰੰਗ ਭੂਤ ਕਾਲ

ਵਿਖੇ ਚਲੇ ਗਏ ਹੈਨ ਅਰ ਕਈ ਵਰਤਮਾਨ ਕਾਲ ਵਿਖੇ ਇਕੱਠੇ ਹੋਏ ਹਨ ਸੋ ਏਹ ਭੀ ਚਲੇ ਜਾਵੇਂਗੇ ਅਤੇ ਕਈ ਭਵਿਖਤ ਕਾਲ ਮੋਂ ਆਵਹਿਗੇ ਸੋ ਓਹ ਭੀ ਚਲੇ ਜਾਵਹਿੰਗੇ ਅਰ ਜੇ ਜਲ ਵਿਚ ਦ੍ਰਿਸਟ ਕੀਚੇ ਤਾਂ ਜਲ ਭੀ ਚਲਿਆ ਜਾਤਾ ਹੈ ਤੈਸੇ ਸੁਆਸ ਭੀ ਚਲੇ ਜਾਤੇ ਹੈਂ ਤਾਂਤੇ ਮੇਰੀ ਕਿਆ ਸਕਤ ਹੈ ਜੋ ਮਹਾਰਾਜ ਦਾ ਵੀਚਾਰ ਕਹਾ ਹੈ ਅਥਵਾ ਜੋ ਕੁਦਰਤ ਮਹਾਰਾਜ ਦੀ ਮਾਇਆ ਹੈ ਤਿਸਦਾ ਕਿਆ ਵੀਚਾਰ ਕਰ ਸਕਤਾ ਹੌਂ ਕਯੋਂਕਿ ਇਕ ਵਾਰ ਭੀ ਮਹਾਰਾਜ ਤੋਂ ਵਾਰਨੇ ਨਹੀਂ ਜਾ ਸਕਤਾ ਹੌਂ ਤਾਂਤੇ ਜੋ ਉਸਨੂੰ ਭਾਂਵਦੀ ਹੈ ਸਾਈ ਕਾਰ ਭਲੀ ਹੈ ਅਰ ਓਹ ਸਦਾ ਇਸਥਿਰ ਹੈ ਅਰ ਰੂਪ ਰੰਗ ਤੇ ਨਿਆਰਾ ਹੈ ਅਰ ਉਸਦੇ ਭਾਣੇ ਮੰਨਣ ਵਿਚ ਹੀ ਕਲਿਆਣ ਹੈ ॥ ੧੬ ॥

ਅਸੰਖ ਜਪ ਅਸੰਖ ਭਾਉ ॥ ਅਸੰਖ ਪੂਜਾ ਅਸੰਖ ਤਪ ਤਾਉ ॥ ਅਸੰਖ ਗਰੰਥ ਮੁਖਿ ਵੇਦ ਪਾਠ ॥ ਅਸੰਖ ਜੋਗ ਮਨਿ ਰਹਹਿ ਉਦਾਸ ॥ ਅਸੰਖ ਭਗਤ ਗੁਣ ਗਿਆਨ ਵੀਚਾਰ ॥ ਅਸੰਖ ਸਤੀ ਅਸੰਖ ਦਾਤਾਰ ॥ ਅਸੰਖ ਸੂਰ ਮੁਹ ਭਖ ਸਾਰ ॥ ਅਸੰਖ ਮੋਨਿ ਲਿਵ ਲਾਇ ਤਾਰ ॥ ਕੁਦਰਤਿ ਕਵਣ ਕਹਾ ਵੀਚਾਰੁ ॥ ਵਾਰਿਆ ਨ ਜਾਵਾ ਏਕ ਵਾਰ ॥ ਜੋ ਤੁਧੁ ਭਾਵੈ ਸਾਈ ਭਲੀ ਕਾਰ ॥ ਤੂ ਸਦਾ ਸਲਾਮਤਿ ਨਿਰੰਕਾਰ ॥ ੧੭ ॥

ਤਾਂ ਓਨਾਂ ਸਿਧਾਂ ਪੁਛਿਆ ਕਿ ਵਾਹਗੁਰੂ ਦੇ ਨਾਮ ਕਿਸ ਜਪ ਕਰਕੇ ਅਰ ਕੇੜੇ ਭਾਉ ਕਰ ਜਪੇ ਤਾਂ ਬਾਬਾ ਬੋਲਿਆ ਕਿ ਅਸੰਖ ਉਸਦੇ ਜਪ ਹੈਨ ਅਰ ਅਸੰਖ ਭਾਉ ਹੈਨ ਅਰ ਅਸੰਖ ਪੂਜਾ ਹੈਨ ਅਰ ਅਸੰਖ ਤਪ ਤਾਉਂਦੇ ਹੈਨ ਅਰ ਕਈ ਮੋਨ ਧਾਰਕੇ ਜਪਦੇ ਹੈਨ ਅਰ ਕਈ ਬੈਖਰੀ ਬਾਣੀ ਦੁਆਰੇ ਜਪਦੇ ਹੈਨ ਅਰ ਕਈ ਸਾਧ ਸੰਗਤ ਨਾਲ ਭਾਉ ਕਰਦੇ ਹਨ ਅਰ ਕਈ ਪ੍ਰਿਤਮਾ ਨਾਲ ਭਾਉ ਕਰਦੇ ਹੈਨ ਅਰ ਕਈ ਈਸ੍ਵਰ ਦੀ ਪੂਜਾ ਕਰਦੇ ਹੈਨ ਭਾਉ ਕਰਕੇ ਅਰ ਕਈ ਰਖੀਸਰਾਂ ਦੀ ਪੂਜਾ ਕਰਦੇ ਹਨ ਅਰ ਠਾਕਰਾਂ ਦੀ ਪੂਜਾ ਕਰਦੇ ਹਨ ਅਰ ਕਈ ਤਾਮਸੀ ਤਪਤਾਂਵਦੇ ਹੈਨ ਜੋ ਜਲਾਂ ਵਿਚ ਬੈਠਣਾਂ ਅਰ ਅਗਨਿ ਤਪਾਵਣੀ ਅਤੇ ਕਈ ਰਾਜਸੀ ਤਪ ਕਰਦੇ ਹੈਨ ਜੋ ਇੰਦ੍ਰੀਆਂ ਨੂੰ ਰੋਕਦੇ ਹਨ ਅਰ ਸਾਂਤਕੀ ਤਪ ਕਰਦੇ ਹਨ ਜੋ ਵਾਸਨਾਂ ਨੂੰ ਰੋਕਦੇ ਹਨ ਅਰ ਕਈ ਗ੍ਰਿੰਥ ਮੁਖ ਕਰਕੇ ਵੇਦ ਪਾਠ ਕਰਤੇ ਹੈਨ ਕਿਆ ਸਾਸਤ੍ਰਾਂ ਕਾ ਪਾਠ ਕਰਤੇ ਹਨ ਅਰ ਜਗਤ ਵਿਚੋਂ ਉਦਾਸ ਹੋਇਕੇ ਜੋਗ ਦੀ ਤਾੜੀ ਲਾਇ ਬੈਠਤੇ ਹਨ ਤਾਂਤੇ ਅਸੰਖ ਭਗਤ ਹੈਨ ਜੋ ਵਾਹਗੁਰੂ ਦੇ ਗੁਣ ਗਾਂਵਦੇ ਹੈਨ ਅਤੇ ਗਿਆਨ ਕਰਦੇ ਹਨ ਅਰ ਅਸੰਖ ਸਤੀ ਹੈਨ ਜੋ ਸਤ ਬੋਲਦੇ ਹਨ ਅਰ ਅਸੰਖ ਦਾਤੇ ਹੈਨ ਜੋ ਦਾਨ ਕਰਤੇ ਹੈਨ ਅਰ ਅਸੰਖ ਸੂਰਮੇ ਹੈਨ ਜੋ ਧਰਮ ਦਾ

ਜੁਧ ਕਰਤੇ ਹਨ ਅਰ ਤਲਵਾਰਾਂ ਅਤੇ ਤੀਰ ਅਰ ਗੋਲੀਆਂ ਦੇ ਸਾਰ ਝਲਦੇ ਹਨ ਅਰ ਅਸੰਖ ਮੁਨੀਸਰ ਹੈਨ ਜੋ ਮੋਨਿ ਹੋਇ ਕਰ ਲਿਵ ਦੀ ਤਾਰ ਲਾਇਦੇ ਹਨ ਤਾਂਤੇ ਮੈਂ ਉਸ ਮਹਾਰਾਜ ਦੀ ਮਾਇਆ ਦਾ ਕੀ ਵੀਚਾਰ ਕਰ ਸਕਨਾ ਹਾਂ ਕਯੋਂਕਿ ਮੈਂ ਇਕ ਵਾਰੀ ਭੀ ਉਸਤੋਂ ਨਹੀਂ ਵਾਰਿਆ ਜਾਂਦਾ ਤਾਂਤੇ ਜੋ ਉਸ ਵਾਹਗੁਰੂ ਦਾ ਭਾਣਾ ਹੈ ਸਾਈ ਭਲੀਕਾਰ ਹੈ ਸੋ ਹੇ ਸ੍ਰੀ ਵਾਹਗੁਰੂ ਤੂੰ ਸਦਾ ਸਲਾਮਤ ਹੈਂ ਅਤੇ ਰੂਪ ਰੰਗ ਤੋਂ ਰਹਿਤ ਹੈਂ ॥

ਅਸੰਖ ਮੂਰਖ ਅੰਧ ਘੋਰ ॥ ਅਸੰਖ ਚੋਰ ਹਰਾਮਖੋਰ ॥ ਅਸੰਖ ਅਮਰ ਕਰਿ ਜਾਹਿ ਜੋਰ ॥ ਅਸੰਖ ਗਲ ਵਢ ਹਤਿਆ ਕਮਾਹਿ ॥ ਅਸੰਖ ਪਾਪੀ ਪਾਪੁ ਕਰਿ ਜਾਹਿ ॥ ਅਸੰਖ ਕੂੜਿਆਰ ਕੂੜੇ ਫਿਰਾਹਿ ॥ ਅਸੰਖ ਮਲੇਛ ਮਲੁ ਭਖਿ ਖਾਹਿ ॥ ਅਸੰਖ ਨਿੰਦਕ ਸਿਰਿ ਕਰਹਿ ਭਾਰੁ ॥ ਨਾਨਕੁ ਨੀਚੁ ਕਹੈ ਵੀਚਾਰੁ ॥ ਵਾਰਿਆ ਨ ਜਾਵਾ ਏਕ ਵਾਰ ॥ ਜੋ ਤੁਧੁ ਭਾਵੈ ਸਾਈ ਭਲੀ ਕਾਰ ॥ ਤੂ ਸਦਾ ਸਲਾਮਤਿ ਨਿਰੰਕਾਰ ॥ ੧੮ ॥

ਤਾਂ ਫਿਰ ਬਾਬਾ ਜੀ ਨੇ ਆਖਿਆ ਕਿ ਅਸੰਖ ਹੀ ਮੂਰਖ ਹੈਨ ਅਰ ਅਸੰਖ ਘੋਰ ਅੰਧੇ ਹਨ ਜੋ ਵਾਹਗੁਰੂ ਦੇ ਨਾਮ ਨੂੰ ਜਾਣਦੇ ਭੀ ਨਹੀਂ ਸੋ ਘੋਰ ਅੰਧੇ ਉਸਨੂੰ ਕਹਿੰਦੇ ਹਨ ਕਿ ਜੋ ਆਪ ਭੀ ਨਾ ਜਾਣਨ ਅਤੇ ਉਪਦੇਸ ਨੂੰ ਭੀ ਨਾ ਮੰਨਣ ਅਰ ਅਸੰਖ ਚੋਰ ਹੈਨ ਜੋ ਹਰਾਮ ਹੀ ਖਾਂਦੇ ਹੈਨ ਅਰ ਅਸੰਖ ਰਾਜੇ ਹਨ ਜੋ ਪਰਜਾ ਤੇ ਜੋਰ ਕਰ ਜਾਂਦੇ ਹਨ ਅਥਵਾ ਅਸੰਖ ਦੈਤ ਹਨ ਜੋ ਅਮਰ ਆਦਕ ਦੇਵਤੇ ਹੈਨ ਤਿਨਾ ਤੇ ਜੋਰ ਕਰ ਜਾਂਦੇ ਹਨ ਅਰ ਅਸੰਖ ਠਗ ਆਦਿਕ ਅਤੇ ਬਧਿਕ ਆਦਿਕ ਹੈਨ ਜੋ ਜੀਆਂ ਦੇ ਗਲ ਵਢਦੇ ਹੈਨ ਅਤੇ ਹਤਿਆ ਕਮਾਂਵਦੇ ਹੈਨ ਅਰ ਅਸੰਖ ਪਾਪੀ ਹੈਨ ਜੋ ਪਾਪ ਕਰਦਿਆਂ ਹੀ ਮਰ ਜਾਂਦੇ ਹੈਨ ਅਰ ਅਸੰਖ ਕੂੜਿਆਰ ਹੈਨ ਜੋ ਜਿਨਾਂ ਦੀਆਂ ਕੂੜ ਬੋਲਦਿਆਂ ਹੀ ਆਰਬਲਾ ਬੀਤ ਗਈਆਂ ਹੈਨ ਅਰ ਅਸੰਖ ਮਲੇਛ ਹਨ ਜੋ ਨਿੰਦਿਆ ਅਰ ਕਪਟ ਕਰਕੈ ਮਲ ਦਾ ਅਹਾਰ ਕਰਦੇ ਹਨ ਅਰ ਅਸੰਖ ਨਿੰਦਕ ਹੈਨ ਜੋ ਪਰਾਈ ਨਿੰਦਾ ਕਰਕੈ ਆਪਣੇ ਸਿਰ ਭਾਰ ਉਠਾਂਵਦੇ ਹਨ ਤਾਂ ਗੁਰੂ ਨਾਨਕ ਜੀ ਕਹਿੰਦੇ ਹੈਨ ਕਿ ਮੈਂ ਸਭਨਾਂ ਤੋਂ ਨੀਚ ਹਾਂ ਪਰ ਮੈਂ ਨੀਚ ਕਰਮ ਵਾਲਿਆਂ ਦੀ ਵੀਚਾਰ ਕਰਨਾਂ ਹਾਂ ਅਰ ਮੈਂ ਉਸ ਵਾਹਗੁਰੂ ਦੀ ਮਾਇਆ ਤੋਂ ਇਕ ਵਾਰੀ ਭੀ ਨਹੀਂ ਵਾਰਿਆ ਜਾਂਦਾ ਕਯੋਂਕਿ ਜੋ ਇਜੇਹਾਂ ਨੀਚਾਂ ਦੀ ਭੀ ਪਾਲਨਾ ਕਰਦਾ ਹੈ ਤਾਂਤੇ ਹੇ ਕਰਤਾਰ ਜੋ ਤੈਨੂੰ ਭਾਂਵਦੀ ਹੈ ਸਾਈ ਭਲੀ ਕਾਰ ਹੈ ॥ ਅਰ ਤੂੰ ਸਦਾ ਇਸਥਿਰ ਹੈਂ ਅਤੇ ਆਕਾਰ ਥੀ ਰਹਿਤ ਹੈ ॥ ੧੮ ॥ ਤਾਂ ਸਿਧਾਂ

ਪੂਛਿਆ ਕਿ ਉਸਦਾ ਨਾਉਂ ਕੇਹੜਾ ਹੈ ਅਰ ਉਸਦਾ ਥਾਉ ਕੇਹੜਾ ਹੈ ਜੋ ਜਿਸ ਥਾਉਂ ਉਪਰ ਬੈਠਕੇ ਉਸਦਾ ਨਾਉਂ ਜਪੀਏ ਤਾਂ ਬਾਬੇ ਕਹਿਆ :--

ਅਸੰਖ ਨਾਵ ਅਸੰਖ ਥਾਵ ॥ ਅਗੰਮ ਅਗੰਮ ਅਸੰਖ ਲੋਅ ॥ ਅਸੰਖ ਕਹਹਿ ਸਿਰਿ ਭਾਰੁ ਹੋਇ ॥ ਅਖਰੀ ਨਾਮੁ ਅਖਰੀ ਸਾਲਾਹ ॥ ਅਖਰੀ ਗਿਆਨੁ ਗੀਤ ਗੁਣ ਗਾਹ ॥ ਅਖਰੀ ਲਿਖਣੁ ਬੋਲਣੁ ਬਾਣਿ ॥ ਅਖਰਾ ਸਿਰਿ ਸੰਜੋਗੁ ਵਖਾਣਿ ॥ ਜਿਨਿ ਏਹਿ ਲਿਖੇ ਤਿਸੁ ਸਿਰਿ ਨਾਹਿ ॥ ਜਿਵ ਫੁਰਮਾਏ ਤਿਵ ਤਿਵ ਪਾਹਿ ॥ ਜੇਤਾ ਕੀਤਾ ਤੇਤਾ ਨਾਉ ॥ ਵਿਣੁ ਨਾਵੈ ਨਾਹੀ ਕੋ ਥਾਉ ॥ ਕੁਦਰਤਿ ਕਵਣ ਕਹਾ ਵੀਚਾਰੁ ॥ ਵਾਰਿਆ ਨ ਜਾਵਾ ਏਕ ਵਾਰ ॥ ਜੋ ਤੁਧੁ ਭਾਵੈ ਸਾਈ ਭਲੀ ਕਾਰ ॥ ਤੂ ਸਦਾ ਸਲਾਮਤਿ ਨਿਰੰਕਾਰ ॥ ੧੯ ॥

ਅਸੰਖ ਉਸਦੇ ਨਾਉ ਹੈਨ ਜੈਸੇ ਨਦੀ ਉਪਰ ਜਿਸ ਤਰਾਂ ਨਾਉਕਾ ਹੁੰਦੀਆਂ ਹੈਨ ਸੋ ਜਿਸਤੇ ਕੋਈ ਚੜਤਾ ਹੈ ਸਾਈ ਉਸਨੂੰ ਪਾਰ ਉਤਾਰਦੀ ਹੈ ॥ ਤੈਸੇ ਮਹਾਰਾਜ ਦਾ ਜੋ ਨਾਮ ਹੈ ਸੋ ਜੇੜਾ ਕੋਈ ਜਪਦਾ ਹੈ ਤਿਸੇ ਕਰ ਉਧਾਰ ਹੁੰਦਾ ਹੈ ਅਰ ਜਿਸ ਥਾਉਂ ਤੇ ਬੈਠਕੇ ਮਹਾਰਾਜ ਦੇ ਨਾਮ ਨੂੰ ਜਪੇ ਤਿਥੇ ਹੀ ਮਹਾਰਾਜ ਸੁਣਦਾ ਹੈ ਅਰ ਮਹਾਰਾਜ ਦੀ ਮਾਇਆ ਦੇ ਰੋਮ ਰੋਮ ਵਿਚ ਕਈ ਬ੍ਰਹਮੰਡ ਧਾਰੇ ਹੋਏ ਹਨ ਅਰ ਮਹਾਰਾਜ ਜੋ ਹੈ ਅਸੰਖ ਲੋਆਂ ਥੀਂ ਭੀ ਅਗੰਮ ਹੈ ਅਰ ਅਸੰਖ ਹੀ ਤਪਸੀ ਹੈਨ ਜੋ ਸਿਰ ਪਰਨੇ ਹੋਇਕੇ ਉਸਨੂੰ ਅਰਾਧਤੇ ਹਨ ਪਰ ਜਿਸਕੇ ਮਸਤਕ ਪਰ ਅਖਰਾਂ ਕਾ ਲੇਖ ਲਿਖਿਆ ਹੋਇਆ ਹੈ ਨਾਮ ਭੀ ਉਸੇ ਨੂੰ ਪ੍ਰਾਪਤ ਹੁੰਦਾ ਹੈ ਅਰ ਸਲਾਹ ਭੀ ਉਸੇ ਨੂੰ ਪ੍ਰਾਪਤ ਹੁੰਦੀ ਹੈ ਅਰ ਗਿਆਨ ਭੀ ਉਸੇ ਨੂੰ ਪ੍ਰਾਪਤ ਹੁੰਦਾ ਅਰ ਮਹਾਰਾਜ ਦੇ ਗੀਤ ਭੀ ਉਹੋ ਗਾਵਤਾ ਹੈ ਅਰ ਅਖਰ ਲਿਖਣ ਭੀ ਓਹੋ ਸਿਖਦਾ ਹੈ ਅਰ ਬਾਣੀਆਂ ਪੜਨ ਭੀ ਉਹੋ ਸਿਖਦਾ ਹੈ ਜੋ ਜਿਸਦੇ ਸਿਰ ਤੇ ਸੰਜੋਗ ਦੇ ਅਖਰ ਲਿਖੇ ਹੋਏ ਹੈਨ ਪਰ ਜਿਸ ਈਸਰ ਨੇ ਲਿਖੇ ਹਨ ਤਿਸਦੇ ਸਿਰ ਏਹ ਲੇਖ ਨਹੀਂ ਤਾਂ ਸਿਧਾਂ ਕਹਿਆ ਕਿ ਲੇਖ ਤਾਂ ਬ੍ਰਹਮਾਂ ਨੇ ਲਿਖੇ ਹਨ ਤਾਂ ਬਾਬੇ ਕਹਿਆ ਜੈਸੇ ਕਿਸੇ ਦਾ ਲਿਖਾਰੀ ਹੁੰਦਾ ਹੈ ਅਰ ਉਹ ਆਪਨੇ ਸੁਆਮੀ ਦੇ ਕਹੇ ਲਿਖਦਾ ਹੈ ਤੈਸੇ ਜਿਉਂ ਜਜੋਂ ਜੀਆਂ ਦੇ ਕਰਮ ਹੋਂਦੇ ਹਨ ਸੋਈ ਸੋਈ ਈਸਰ ਦੀ ਆਗਿਆ ਪਾਇ ਕਰ ਬ੍ਰਹਮੇ ਨੇ ਲਿਖੇ ਹੈਨ ਸੋ ਈਸਰ ਦੇ ਮਸਤਕ ਤੇ ਲੇਖ ਨਹੀਂ ਕਜੋਂ ਜੋ ਬ੍ਰਹਮਾ ਭੀ ਆਪਨੇ ਲੇਖ ਨੂੰ ਭੋਗਦਾ ਹੈ ਅਰ ਈਸਰ ਨੇ ਸ੍ਰਿਸਟ ਆਪਣੇ ਨਾਮ ਜਪਣ ਵਾਸਤੇ ਕੀਤੀ ਹੈ ਜੋ ਬਿਨਾ ਵਾਹਗੁਰੂ ਦੇ ਨਾਮ ਦੇ ਥਾਉਂ ਕੋਈ ਨਹੀਂ ਪਾਂਵਦਾ ਸੋ ਮਹਾਰਾਜ ਦੀ ਮਾਇਆ ਦਾ ਮੈਂ ਕੀ ਵੀਚਾਰ ਕਰ ਸਕਨਾਂ ਹਾਂ ਅਥਵਾ ਮੇਰੀ ਕੀ ਸਕਤੀ ਹੈ ਜੋ ਈਸਰ ਦਾ ਵਖਿਆਨ ਕਰਾਂ ਕਜੋਂ ਜੋ ਮੈਂ ਇਕ ਵਾਰੀ ਭੀ

ਸਤਿਗੁਰਾਂ ਥੋਂ ਵਾਰਿਆ ਨਹੀਂ ਜਾਂਦਾ ਜਿਨਾਂ ਐਸੇ ਈਸਰ ਨੂੰ ਘਟ ਵਿਚ ਦਿਖਾ ਦਿਤਾ ਹੈ ਤਾਂਤੇ ਜੋ ਤਿਸਨੋ ਭਾਂਵਦੀ ਹੈ ਸਾਈ ਭਲੀ ਗਲ ਹੈ ਅਰ ਹੇ ਪ੍ਰਭੂ ਤੂੰ ਸਦਾ ਅਸਥਿਰ ਹੈਂ ਅਰ ਅਕਾਰ ਤੋਂ ਰਹਿਤ ਹੈਂ ॥ ੧੯ ॥

ਭਰੀਐ ਹਥੁ ਪੈਰੁ ਤਨੁ ਦੇਹ ॥ ਪਾਣੀ ਧੋਤੈ ਉਤਰ ਸੁ ਖੇਹ ॥ ਮੂਤ ਪਲੀਤੀ ਕਪੜੁ ਹੋਇ ॥ ਦੇ ਸਾਬੂਣੁ ਲਈਐ ਓਹੁ ਧੋਇ ॥ ਭਰੀਐ ਮਤਿ ਪਾਪਾ ਕੈ ਸੰਗਿ ॥ ਓਹੁ ਧੋਪੈ ਨਾਵੈ ਕੈ ਰੰਗਿ ॥ ਪੁੰਨੀ ਪਾਪੀ ਆਖਣੁ ਨਾਹਿ ॥ ਕਰਿ ਕਰਿ ਕਰਣਾ ਲਿਖਿ ਲੈ ਜਾਹੁ ॥ ਆਪੇ ਬੀਜਿ ਆਪੇ ਹੀ ਖਾਹੁ ॥ ਨਾਨਕ ਹੁਕਮੀ ਆਵਹੁ ਜਾਹੁ ॥ ੨੦ ॥

ਪ੍ਰਸਨ--ਸਿਧਾਂ ਨੇ ਪੁਛਿਆ ਮਨ ਨੂੰ ਜੋ ਪਾਪਾਂ ਦੀ ਮੈਲ ਲਗੀ ਹੋਈ ਹੈ ਸੋ ਕਿਉਂ ਕਰ ਧੋਪੈ ਤਾਂ ਬਾਬੇ ਕਹਿਆ ਦੇਹ ਦਾ ਅੰਗ ਜੋ ਹਥ ਪੈਰ ਆਦਿਕ ਭਰੀਦਾ ਹੈ ਤਾਂ ਪਾਣੀ ਨਾਲ ਧੋਕੇ ਮੈਲ ਉਤਾਰੀ ਦੀ ਹੈ ਅਥਵਾ ਪਾਣੀ ਤੇ ਮਿਟੀ ਨਾਲ ਪਵਿਤਰ ਕਰੀਦਾ ਹੈ ਅਰ ਜੇ ਬਸਤਰ ਉਪਰ ਮੂਤਰ ਆਦਿਕ ਦੀ ਛਿਟ ਪਾਉਂਦੀ ਹੈ ਤਾਂ ਜਲ ਅਤੇ ਸਬੂਣ ਨਾਲ ਪਵਿਤਰ ਕਰੀਦਾ ਹੈ ਪਰ ਮਤ ਜੋ ਪਾਪਾਂ ਨਾਲ ਭਰੀ ਹੋਈ ਹੈ ਸੋ ਪਰਮੇਸਰ ਦੇ ਨਾਮ ਨਾਲ ਧੋਪੀਦੀ ਹੈ ਕਯੋਂ ਜੋ ਬਸਤਰ ਦੇ ਅੰਗ ਸਥੂਲ ਹੈਨ ਅਤੇ ਜਲ ਤੇ ਸਾਬੂਣ ਭੀ ਸਥੂਲ ਹਨ ਅਰ ਮਤ ਤੇ ਪਾਪ ਸੂਖਮ ਹਨ ਸੋ ਨਾਮ ਭੀ ਸੂਖਮ ਹੈ ॥ ਤਾਂ ਸਿਧਾਂ ਕਹਿਆ ਸਾਸਤ੍ਰ ਵਿਚ ਤਾਂ ਲਿਖਿਆ ਹੈ ਕਿ ਜੋ ਪਾਪ ਕਰਦੇ ਹਨ ਉਸਦੇ ਪਰਾਸਚਤ ਵਾਸਤੇ ਪੁੰਨ ਕਰਦੇ ਹਨ ਜੋ ਚੰਦ੍ਰਾਇਨ ਵਰਤ ਅਰ ਤਪ ਅਤੇ ਗਾਇਤ੍ਰੀ ਆਦਿਕ ਪਾਠ ਅਰ ਜਗ ਇਤਯਾਦਿਕ ਪੁੰਨ ਕਰਦੇ ਹਨ ਤਾਂ ਉਨਾਂ ਦੇ ਪਾਪ ਧੋਤੇ ਜਾਂਦੇ ਹਨ ਅਤੇ ਤੁਸਾਂ ਇਕ ਨਾਮ ਦੀ ਮਹਿਮਾ ਕਹੀ ਹੈ ॥ ਤਾਂ ਬਾਬੇ ਆਖਿਆ ਕਿ ਪੁੰਨੀਆਂ ਅਤੇ ਪਾਪੀਆਂ ਦੀ ਗਲ ਆਖਣ ਵਿਚ ਨਹੀਂ ਆਂਵਦੀ ਕਯੋਂਕਿ ਜੇਹੀਆਂ ਕਰਣੀਆਂ ਕਰਦੇ ਹੈਨ ਤੇਹੀਆਂ ਚਿਤ੍ਰ ਗੁਪਤ ਲਿਖ ਲੈ ਜਾਂਦੇ ਹਨ ਸੋ ਜੇ ਪੁੰਨ ਕਰਤੇ ਹੈਨ ਤਾਂ ਸੁਖ ਭੋਗਦੇ ਹਨ ਅਰ ਜੇ ਪਾਪ ਕਰਦੇ ਹਨ ਤਾਂ ਨਰਕ ਭੋਗਦੇ ਹਨ ਸੋ ਆਪਣਾ ਬੀਜਿਆ ਆਪ ਹੀ ਖਾਂਦੇ ਹੈਨ ਪਰ ਜੋ ਪਰਮੇਸਰ ਦੇ ਨਾਮ ਨੂੰ ਜਪਦੇ ਹਨ ਸੋ ਆਪ ਭੀ ਤਰਦੇ ਹਨ ਅਤੇ ਸੰਗੀਆਂ ਦਾ ਉਧਾਰ ਭੀ ਕਰਦੇ ਹਨ ਗੁਰੂ ਨਾਨਕ ਜੀ ਕਹਿੰਦੇ ਹੈਨ ਕਿ ਪੁੰਨਾਂ ਅਤੇ ਪਾਪਾਂ ਵਾਲਿਆਂ ਦਾ ਆਵਣਾ ਜਾਣਾ ਨਹੀਂ ਮਿਟਦਾ ॥ ੨੦ ॥

ਤੀਰਥੁ ਤਪੁ ਦਇਆ ਦਤੁ ਦਾਨੁ ॥ ਜੇ ਕੋ ਪਾਵੈ ਤਿਲ ਕਾ ਮਾਨੁ ॥ ਸੁਣਿਆ ਮੰਨਿਆ ਮਨਿ ਕੀਤਾ ਭਾਉ ॥ ਅੰਤਰਗਤਿ ਤੀਰਥਿ ਮਲਿ ਨਾਉ ॥ ਸਭਿ

ਗੁਣ ਤੇਰੇ ਮੈ ਨਾਹੀ ਕੋਇ ॥ ਵਿਣੁ ਗੁਣ ਕੀਤੇ ਭਗਤਿ ਨ ਹੋਇ ॥ ਸੁਅਸਤਿ ਆਥਿ ਬਾਣੀ ਬਰਮਾਉ ॥ ਸਤਿ ਸੁਹਾਣੁ ਸਦਾ ਮਨਿ ਚਾਉ ॥ ਕਵਣੁ ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰੁ ॥ ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ ॥ ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ ॥ ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ ॥ ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ ॥ ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ ॥ ਕਿਵ ਕਰਿ ਆਖਾ ਕਿਵ ਸਾਲਾਹੀ ਕਿਉ ਵਰਨੀ ਕਿਵ ਜਾਣਾ ॥ ਨਾਨਕ ਆਖਣਿ ਸਭੁ ਕੋ ਆਖੈ ਇਕਦੂ ਇਕੁ ਸਿਆਣਾ ॥ ਵਡਾ ਸਾਹਿਬੁ ਵਡੀ ਨਾਈ ਕੀਤਾ ਜਾ ਕਾ ਹੋਵੈ ॥ ਨਾਨਕ ਜੇ ਕੋ ਆਪੌ ਜਾਣੈ ਅਗੈ ਗਇਆ ਨ ਸੋਹੈ ॥ ੨੧ ॥

ਤਾਂ ਬਾਬੇ ਕਹਿਆ ਕਿ ਤੀਰਥਾਂ ਤੇ ਵਸਣਾ ਤੇ ਤਪ ਕਰਨਾ ਤੇ ਦਇਆ ਕਰਨੀ ਤੇ ਦਾਨ ਦੇਣਾ ਸੋ ਇਤਯਾਦਿਕ ਜੋ ਪੁੰਨ ਹੈ ਤੇ ਜੋ ਕੋਈ ਕਰਦੇ ਹਨ ਤਿਨਾਂ ਨੂੰ ਤਿਲ ਤਿਲ ਦਾ ਮਣ ਮਣ ਫਲ ਪ੍ਰਾਪਤ ਹੁੰਦਾ ਹੈ ਅਥਵਾ ਉਨਾਂ ਦਾ ਤਿਲ ਫਲ ਹੈ ਕਯੋਂ ਜੋ ਉਨਾਂ ਦਾ ਸੁਖ ਭੋਗ ਕੇ ਗਿਰਾਇ ਮਿਲਦਾ ਹੈ ਅਤੇ ਜਿਨਾਂ ਪਰਮੇਸਰ ਦੇ ਨਾਮ ਨੂੰ ਸੁਣਿਆ ਅਤੇ ਮੰਨਿਆ ਹੈ ਅਤੇ ਮਨ ਵਿਚ ਭਾਉ ਕੀਤਾ ਹੈ ਉਨਾਂ ਦੇ ਅੰਦਰ ਹੀ ਵਾਹਗੁਰੂ ਪ੍ਰਾਪਤ ਹੋਇਆ ਹੈ ਅਰ ਓਹ ਸਬਦ ਦੇ ਤੀਰਥ ਵਿਚ ਮਲਕੇ ਨਾਤੇ ਹਨ ਮਲਕੇ ਨਾਵਣ ਕਹੀਏ ਜੋ ਬਾਰੰਬਾਰ ਅਭਿਆਸ ਕਰਨਾ ਅਰ ਸਭੇ ਗੁਣ ਵਾਹਗੁਰੂ ਦੇ ਜਾਣੀਏ ਅਤੇ ਆਪ ਨੂੰ ਨਿਰਗੁਣ ਜਾਣੀਏ ਅਰ ਸਦਾ ਸੁਭ ਕਰਮ ਕਰੀਏ ਅਰ ਨਾਮ ਜਪੀਏ ਕਯੋਂ ਜੋ ਗੁਣ ਕੀਤੇ ਬਿਨਾਂ ਭਗਤਿ ਨਹੀਂ ਪ੍ਰਾਪਤਿ ਹੁੰਦੀ ॥ ਤਾਂ ਸਿਧਾਂ ਪੁਛਿਆ ਕਿ ਮਾਇਆ ਦੁਖ ਰੂਪ ਹੈ ਅਰ ਇਸਦਾ ਉਤਪਤ ਦੁਖ ਤੇ ਪਾਪਾਂ ਕਰ ਹੁੰਦਾ ਹੈ ਅਤੇ ਇਸਦਾ ਰਖਣਾ ਭੀ ਕਸਟ ਹੈ ਤੇ ਖਰਚਣਾ ਭੀ ਕਸਟ ਕਯੋਂਕਿ ਜਾਂਦੀ ਹੈ ਤਾਂ ਭੀ ਬਡਾ ਦੁਖ ਦੇ ਜਾਂਦੀ ਹੈ ਤਾਂ ਸੋ ਓਹ ਮਾਇਆ ਕੇਹੜੀ ਹੈ ਜੋ ਸੁਖ ਰੂਪ ਹੋਇ ਵਰਤਤੀ ਹੈ ਤਾਂ ਬਾਬੇ ਕਹਿਆ ਦੋ ਪ੍ਰਕਾਰ ਦੀ ਮਾਇਆ ਹੈ ਜੋ ਇਕ ਅਵਿਅਕਤ ਮਾਇਆ ਹੈ ਸੋ ਵਿਦਯਾ ਹੈ ਅਰ ਦੂਜੀ ਵਿਅਕਤ ਮਾਇਆ ਹੈ ਸੋ ਪਦਾਰਥ ਹੈ ਤਾਂਤੇ ਪਦਾਰਥਾਂ ਦਾ ਸੰਚਣਾ ਦੁਖ ਰੂਪ ਹੈ ਅਤੇ ਜੋ ਵਿਦਯਾ ਹੈ ਸੋ ਤਿਸਦਾ ਸੰਚਣਾ ਭੀ ਪੁੰਨ ਹੈ ਅਤੇ ਰਖਣਾ ਭੀ ਪੁੰਨ ਹੈ ਅਤੇ ਖਰਚਣਾ ਭੀ ਪੁੰਨ ਹੈ ਅਰ ਕਲਿਆਨ ਰੂਪੀ ਮਾਇਆ ਬ੍ਰਹਮਬਾਨੀ ਹੈ ਜੋ ਸਰਬ ਵਿਚ ਭਗਵਾਨ ਜਾਣਨਾ ਸੋ ਕੈਸਾ ਭਗਵਾਨ ਹੈ ਕਿ ਸਤ ਹੈ ਅਰ ਉਪਮਾ ਕਰਨੇ ਜੋਗ ਹੈ ਅਰ ਸਦਾ ਸੰਤਾਂ ਦੇ ਮਨ

ਵਿਖੇ ਭਾਉ ਹੈ ਤਾਂ ਸਿਧਾਂ ਪੁਛਿਆ ਕਿ ਜਿਸ ਵੇਲੇ ਮਹਾਰਾਜ ਜਗਤ ਉਤਪਤ ਕੀਤਾ ਸੀ ਸੋ ਓਹ ਵੇਲਾ ਕਉਣ ਸੀ ਅਰ ਵਖਤ ਕਉਣ ਸੀ ਅਰ ਥਿਤ ਕਉਣ ਸੀ ਅਰ ਵਾਰ ਕਉਣ ਸੀ ਅਰ ਰੁਤ ਕੌਣ ਸੀ ਅਤੇ ਮਹੀਨਾ ਕਉਣ ਸੀ ਜੋ ਜਿਸ ਵੇਲੇ ਜਗਤ ਦਾ ਆਕਾਰ ਰਚਿਆ ਤਾਂ ਬਾਬੇ ਕਹਿਆ ਕਿ ਪੰਡਤ ਅਤੇ ਕਾਜੀ ਜਗਤ ਥੋਂ ਅਗੇ ਨਹੀਂ ਸੇ ਜੋ ਬੇਦਾਂ ਅਰ ਪੁਰਾਨਾਂ ਅਰ ਕੁਰਾਨਾਂ ਮੋ ਲਿਖ ਦੇਤੇ ਅਤੇ ਜੋਗੀਸਰ ਭੀ ਜੋ ਤ੍ਰਿਕਾਲਗਿ ਹੈਂ ਸੋ ਭੀ ਰੁਤਮਾਹ ਨੂੰ ਨਹੀਂ ਜਾਣਦੇ ਕਯੋਂਕਿ ਰੁਤਾਂ ਤੇ ਮਹੀਨੇ ਸਭ ਸੂਰਜ ਤੇ ਚੰਦ੍ਰਮਾ ਕਰ ਹੋਏ ਹੈਨ ਅਰ ਸੂਰਜ ਤੇ ਚੰਦ੍ਰਮਾ ਓਅੰਕਾਰ ਥੀਂ ਜੋ ਜਦ ਸ੍ਰਿਸਟ ਉਤਪਤਿ ਹੋਈ ਹੈ ਤਦ ਹੋਏ ਹੈਂ ਅਤੇ ਅਗੇ ਰੁਤ ਮਾਹ ਕੋਈ ਨਹੀਂ ਸੀ ਤਾਂਤੇ ਜਿਸ ਕਰਤੇ ਨੇ ਸ੍ਰਿਸਟਿ ਸਾਜੀ ਹੈ ਸੋ ਆਪਣੀ ਲੀਲਾ ਆਪ ਹੀ ਜਾਣਦਾ ਹੈ ਸੋ ਮੈਂ ਕਿਉਂ ਕਰ ਆਖਾਂ ਅਰ ਕਿਆ ਉਸਦੀ ਸਲਾਹ ਕਰਾਂ ਅਰ ਕਿਆ ਉਸਦਾ ਵਰਣਨ ਕਰਾਂ ਅਤੇ ਕਿਆ ਜਾਨਾ ਗੁਰੂ ਨਾਨਕ ਜੀ ਕਹਿੰਦੇ ਹੈਨ ਕਿ ਈਸ੍ਵਰ ਨੇ ਵੇਦਾਂ ਵਿਚ ਕਹਿਆ ਹੈ ਅਤੇ ਸੋਈ ਸਭ ਕੋਈ ਆਖਦਾ ਹੈ ਅਰ ਇਕ ਨਾਲੋਂ ਇਕ ਸਿਆਣਾ ਹੋਇਆ ਹੈ ਪਰ ਓਹ ਸਾਹਿਬ ਵਡਾ ਹੈ ਅਰ ਵਡਾ ਹੀ ਉਸਦਾ ਨਾਮ ਹੈ ਜੋ ਜਿਸਦਾ ਕੀਤਾ ਹੁੰਦਾ ਹੈ ਗੁਰੂ ਨਾਨਕ ਜੀ ਕਹਿੰਦੇ ਹੈਨ ਕਿ ਜੋ ਕੋਈ ਗੁਰਾਂ ਥੀ ਬਿਨਾ ਕਹੇ ਕਿ ਮੈਂ ਪਰਮੇਸਰ ਨੂੰ ਜਾਣਨਾ ਹਾਂ ਸੋ ਅਗੇ ਸੋਭਾ ਨਹੀਂ ਪਾਂਵਦਾ ॥ ੨੧ ॥

ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥ ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ ॥ ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ ॥ ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ ॥ ਨਾਨਕ ਵਡਾ ਆਖੀਐ ਆਪੇ ਜਾਣੈ ਆਪੁ ॥ ੨੨ ॥

ਤਾਂ ਸਿਧਾਂ ਪੁਛਿਆ ਜੋ ਕੋਈ ਲੋਕ ਕਹਿੰਦੇ ਹਨ ਕਿ ਅਕਾਸ ਅਰ ਧਰਤੀ ਤੇ ਪਾਤਾਲ ਤਿੰਨ ਲੋਕ ਹੈਨ ਅਰ ਕਈ ਕਹਿੰਦੇ ਹੈਨ ਜੋ ਸਪਤ ਅਕਾਸ ਹੈਨ ਅਰ ਸਪਤ ਪਾਤਾਲ ਹੈਨ ਸੋ ਤੁਸੀਂ ਕਿਰਪਾ ਕਰਕੇ ਕਹੋ ਜੋ ਅਕਾਸ ਅਰ ਪਾਤਾਲ ਕਿਤਨੇ ਹਨ ਤਾਂ ਬਾਬਾ ਬੋਲਿਆ ਕਈ ਅਕਾਸ ਹੈਨ ਅਰ ਕਈ ਪਾਤਾਲ ਹੈਨ ਅਰ ਓੜਕ ਉਸਦੇ ਬ੍ਰਹਮੰਡਾਂ ਦਾ ਭਾਲਕੇ ਥਕ ਪਏ ਹੈਨ ਤਾਂ ਫਿਰ ਵੇਦਾਂ ਨੇ ਇਕ ਬ੍ਰਹਮੰਡ ਦੀ ਕਥਾ ਚੌਦਾਂ ਪੁਰੀਆਂ ਤੇ ਚੌਰਾਸੀਹ ਲਖ ਜੂਨ ਕਹੀ ਹੈ ਅਰ ਕਤੇਬਾ ਵਾਲਿਆਂ ਨੇ ਅਠਾਰਹ ਹਜਾਰ ਆਲਮ ਕਹਿਆ ਹੈ ਪਰ ਮਹਾਰਾਜ ਦੀ ਮਾਇਆ ਦੇ ਰੋਮ ਰੋਮ ਵਿਚ ਅਜੇਹੇ ਬ੍ਰਹਮੰਡ ਧਾਰੇ ਹੋਏ ਹੈਨ ਅਥਵਾ ਅਠਾਰਹ ਹਜਾਰ ਜੋ ਸਲੋਕ ਸ੍ਰੀ ਭਾਗਵਤ ਦਾ ਹੈ ਸੋ ਓਹ ਭੀ ਮਹਾਰਾਜ ਦੀ ਲੀਲਾ ਕਹਿੰਦੇ ਹੈਨ ਗੁਰੂ ਨਾਨਕ

ਜੀ ਕਹਿੰਦੇ ਹੈਨ ਕਿ ਵਡਾ ਉਸਨੂੰ ਆਖੀਦਾ ਹੈ ਜੋ ਆਪਣੀ ਲੀਲਾ ਆਪ ਹੀ ਜਾਣਦਾ ਹੈ ਜੈਸੇ ਸੂਤ੍ਰਧਾਰ ਨੂੰ ਪੁਤਲੀਆਂ ਨਹੀਂ ਜਾਣ ਸਕਦੀਆਂ ॥ ੨੨ ॥

ਸਾਲਾਹੀ ਸਾਲਾਹਿ ਏਤੀ ਸੁਰਤਿ ਨ ਪਾਈਆ ॥ ਨਦੀਆ ਅਤੈ ਵਾਹ ਪਵਹਿ ਸਮੁੰਦਿ ਨ ਜਾਣੀਅਹਿ ॥ ਸਮੁੰਦ ਸਾਹ ਸੁਲਤਾਨ ਗਿਰਹਾ ਸੇਤੀ ਮਾਲੁ ਧਨੁ ॥ ਕੀੜੀ ਤੁਲਿ ਨ ਹੋਵਨੀ ਜੇ ਤਿਸੁ ਮਨਹੁ ਨ ਵੀਸਰਹਿ ॥ ੨੩ ॥

ਬਾਬੇ ਕਹਿਆ ਅਠ ਪਹਰ ਉਸ ਵਾਹਗੁਰੂ ਨੂੰ ਸਲਾਹੋ ਕਜੋਂਕਿ ਜੇਕਰ ਨਦੀਆਂ ਤੇ ਵਾਹੁੜਿਆ ਦੀ ਸੁਰਤ ਨਹੀਂ ਜਾਣੀਐਗੀ ਤਾਂ ਜਿਸ ਸਮੁੰਦ੍ਰ ਵਿਚ ਸਮਾਂਵਦੇ ਹਨ ਉਸਦੀ ਕੀਮਤ ਕੀ ਪਾਈਐਗੀ ਤੈਸੇ ਜੋ ਮਹਾਰਾਜ ਦੀ ਮਾਇਆ ਦੀ ਅਤੇ ਰਖੀਸਰਾਂ ਮੁਨੀਸਰਾਂ ਦੀ ਸੋਝੀ ਨਹੀਂ ਪਵੈਗੀ ਤੇ ਮਹਾਰਾਜ ਜੋ ਸਾਹਾਂ ਦਾ ਸੁਲਤਾਨ ਹੈ ਉਸਦਾ ਅੰਤ ਕੀ ਪਾਵਣਾ ਹੈ ਅਰ ਜਿਨਾਂ ਦੇ ਸੁਇਨੇ ਅਰ ਰੁਪੇ ਦੇ ਪਹਾੜ ਸਨ ਤੇ ਉਨਾਂ ਦੇ ਮਨ ਵਿਚ ਗਰਬ ਹੋਇਆ ਤਾਂ ਜਿਨਾਂ ਕੀੜਿਆਂ ਨਿਮਾਣਿਆਂ ਨਾਮ ਜਪਿਆ ਉਨਾਂ ਨੇ ਸੁਲੇਮਾਨ ਦਾ ਮੁੰਦ੍ਰਾ ਲੈ ਲਇਆ ॥ ਅਤੇ ਓਹ ਭਠ ਝੋਕਦਾ ਰਹਿਆ ਅਰ ਜੇ ਫਿਰ ਨਿਮਾਣਾ ਹੋਇਆ ਤੇ ਗੁਰੂ ਜਪਿਆ ਤਾਂ ਮੁੰਦ੍ਰਾ ਉਸਨੂੰ ਫਿਰ ਮਿਲਿਆ ਤਾਂਤੇ ਜਿਨਾਂ ਦੇ ਪਰਬਤ ਧਨ ਮਾਲ ਦੇ ਹੁੰਦੇ ਹੈਨ ਅਰ ਗੁਰੂ ਚਿਤ ਨਹੀਂ ਕੀਆ ਤਾਂ ਜਿਨਾਂ ਕੀੜਿਆਂ ਨੂੰ ਗੁਰੂ ਚਿਤ ਆਂਵਦਾ ਹੈ ਸੋ ਓਹ ਉਸ ਕੀੜੇ ਦੇ ਸਮਾਨ ਨਹੀਂ ਜੋ ਜਿਸਨੂੰ ਗੁਰੂ ਨਹੀਂ ਵਿਸਰਦਾ ॥ ੨੩ ॥

ਅੰਤੁ ਨ ਸਿਫਤੀ ਕਹਣਿ ਨ ਅੰਤੁ ॥ ਅੰਤੁ ਨ ਕਰਣੈ ਦੇਣਿ ਨ ਅੰਤੁ ॥ ਅੰਤੁ ਨ ਵੇਖਣਿ ਸੁਣਣਿ ਨ ਅੰਤੁ ॥ ਅੰਤੁ ਨ ਜਾਪੈ ਕਿਆ ਮਨਿ ਮੰਤੁ ॥ ਅੰਤੁ ਨ ਜਾਪੈ ਕੀਤਾ ਆਕਾਰੁ ॥ ਅੰਤੁ ਨ ਜਾਪੈ ਪਾਰਾਵਾਰੁ ॥ ਅੰਤ ਕਾਰਣਿ ਕੇਤੇ ਬਿਲਲਾਹਿ ॥ ਤਾ ਕੇ ਅੰਤ ਨ ਪਾਏ ਜਾਹਿ ॥ ਏਹੁ ਅੰਤੁ ਨ ਜਾਣੈ ਕੋਇ ॥ ਬਹੁਤਾ ਕਹੀਐ ਬਹੁਤਾ ਹੋਇ ॥ ਵਡਾ ਸਾਹਿਬੁ ਊਚਾ ਥਾਉ ॥ ਊਚੇ ਉਪਰਿ ਊਚਾ ਨਾਉ ॥ ਏਵਡੁ ਊਚਾ ਹੋਵੈ ਕੋਇ ॥ ਤਿਸੁ ਊਚੇ ਕਉ ਜਾਣੈ ਸੋਇ ॥ ਜੇਵਡੁ ਆਪਿ ਜਾਣੈ ਆਪਿ ਆਪਿ ॥ ਨਾਨਕ ਨਦਰੀ ਕਰਮੀ ਦਾਤਿ ॥ ੨੪ ॥

ਬਾਬੇ ਜੀ ਕਹਿਆ ਅਕਾਲ ਪੁਰਖ ਦੀ ਸਿਫਤ ਦਾ ਭੀ ਅੰਤ ਨਹੀਂ ਅਰ ਕਹਣ ਦਾ ਭੀ ਅੰਤ ਨਹੀਂ ਅਰ ਉਸਦੇ ਕਰਣੇ ਦਾ ਭੀ ਅੰਤ ਨਹੀਂ ਅਰ ਉਸਦੀ ਦਾਤ ਦੇ ਦੇਣੇ ਦਾ ਭੀ ਅੰਤ ਨਹੀਂ ਕਜੋਂਕਿ ਕਿਸੇ ਨੂੰ ਧਨ ਦੀ ਦਾਤ ਦਿਤੀ ਹੈ ਅਰ ਕਿਸੇ ਨੂੰ ਬਿਖਿਆ ਭੋਗਾਂ ਦੀ ਦਾਤ ਦਿਤੀ ਹੈ ਅਰ ਕਿਸੇ ਨੂੰ ਜਪ ਦੀ ਅਰ ਕਿਸੀ ਕੋ ਤਪਾਂ ਦੀ ਅਰ ਕਿਸੇ ਨੂੰ ਨਾਮ ਦੀ ਅਰ ਕਿਸੀ ਕੋ ਵਿਦਯਾ ਦੀ ਸੋ ਉਸਦੀ

ਦਾਤ ਦਾ ਭੀ ਕਿਸੇ ਅੰਤ ਨਹੀਂ ਪਾਇਆ ਅਰ ਉਸਦੇ ਵੇਖਣ ਦਾ ਅਰ ਸੁਣਨ ਦਾ ਭੀ ਅੰਤ ਨਹੀਂ ਕਯੋਂ ਜੋ ਅਖੀਂ ਵਿਚ ਸਤਿਆ ਦੇ ਕੇ ਦੇਖਦਾ ਹੈ ਅਰ ਕੰਨਾਂ ਵਿਚ ਸਤਿਆ ਦੇ ਕੇ ਸੁਣਦਾ ਹੈ ਅਤੇ ਉਸਨੂੰ ਕੋਈ ਦੇਖ ਨਹੀਂ ਸਕਦਾ ਅਰ ਇਹੁ ਭੀ ਨਹੀਂ ਜਾਪਦਾ ਜੋ ਉਸ ਦੇ ਮਨ ਵਿਚ ਕੀ ਮੰਤ ਹੈ ਅਰ ਏਹ ਭੀ ਅੰਤ ਨਹੀਂ ਜੋ ਜੀਆਂ ਦੇ ਆਕਾਰ ਕਿਸ ਤਰਾਂ ਰਚੇ ਹਨ ਤਾਂਤੇ ਮਹਾਰਾਜ ਦੇ ਅੰਤ ਦਾ ਪਾਰਾਵਾਰ ਪਾਇਆ ਨਹੀਂ ਜਾਂਦਾ ਅਰ ਉਸਦੇ ਅੰਤ ਵਾਸਤੇ ਕਿਤਨੇ ਲਿਵ ਲਾਂਵਦੇ ਹੈਨ ਸੋ ਉਨਾਂ ਦੇ ਭੀ ਅੰਤ ਨਹੀਂ ਪਾਏ ਜਾਂਦੇ ਤਾਂਤੇ ਇਸ ਅੰਤ ਨੂੰ ਕੌਣ ਜਾਣ ਸਕਦਾ ਹੈ ॥ ਅਤੇ ਜੇ ਸਹੰਸ ਰਸਨਾ ਕਰ ਭੀ ਉਚਾਰਨ ਕਰੀਏ ਤਾਂ ਭੀ ਓਹ ਬਹੁਤੇ ਥੀ ਬਹੁਤ ਹੋਂਦਾ ਹੈ ਅਰ ਓਹ ਵਡਾ ਸਾਹਿਬ ਹੈ ਅਰ ਉਚਾ ਉਸਦਾ ਅਸਥਾਨ ਹੈ ਅਰ ਉਚੇ ਤੇ ਉਚਾ ਉਸਦਾ ਨਾਮ ਹੈ ਪਰ ਜੋ ਉਸਨੂੰ ਪ੍ਰਾਪਤ ਕਰ ਦੇਂਦਾ ਹੈ ਪਰਮੇਸਰ ਜਿਡਾ ਉਚਾ ਸੋਈ ਹੁੰਦਾ ਹੈ ਕਯੋਂਕਿ ਜੋ ਪਰਮੇਸਰ ਦੇ ਉਚੇ ਨਾਮ ਦੀ ਮਹਿਮਾ ਜਾਣਦਾ ਹੈ ਅਰ ਜੋ ਵਡਾ ਗੁਰੂ ਆਪ ਹੈ ਤਾਂ ਆਪਨੂੰ ਆਪ ਹੀ ਜਾਣਦਾ ਹੈ ਤਾਂਤੇ ਜਿਨਾਂ ਦੇ ਉਤੇ ਸਤਗੁਰਾਂ ਦੀ ਕਿਰਪਾ ਹੋਂਦੀ ਹੈ ਗੁਰੂ ਨਾਨਕ ਜੀ ਕਹਿੰਦੇ ਹੈਨ ਕਿ ਉਨਾਂ ਨੂੰ ਹੀ ਮਹਾਰਾਜ ਦੀ ਮਹਿਮਾਂ ਦੀ ਦਾਤਿ ਹੋਂਦੀ ਹੈ ਜੈਸੇ ਸੂਤ੍ਰਧਾਰ ਦੀ ਕ੍ਰਿਆ ਸੂਤ੍ਰਧਾਰ ਆਪ ਜਾਣਦਾ ਹੈ ਇਕੇ ਉਸਦਾ ਚੇਲਾ ਜਾਣਦਾ ਹੈ ਤੈਸੇ ਵਾਹਗੁਰੂ ਦੀ ਕ੍ਰਿਆ ਵਾਹਗੁਰੂ ਜਾਣਦਾ ਹੈ ਇਕੇ ਗੁਰੂ ਕੇ ਸਿਖ ਜਾਣਤੇ ਹੈਂ ॥ ੨੪॥

ਬਹੁਤਾ ਕਰਮੁ ਲਿਖਿਆ ਨਾ ਜਾਇ ॥ ਵਡਾ ਦਾਤਾ ਤਿਲੁ ਨ ਤਮਾਇ ॥ ਕੇਤੇ ਮੰਗਹਿ ਜੋਧ ਅਪਾਰ ॥ ਕੇਤਿਆ ਗਣਤ ਨਹੀ ਵੀਚਾਰੁ ॥ ਕੇਤੇ ਖਪਿ ਤੁਟਹਿ ਵੇਕਾਰ ॥ ਕੇਤੇ ਲੈ ਲੈ ਮੁਕਰੁ ਪਾਹਿ ॥ ਕੇਤੇ ਮੂਰਖ ਖਾਹੀ ਖਾਹਿ ॥ ਕੇਤਿਆ ਦੂਖ ਭੂਖ ਸਦ ਮਾਰ ॥ ਏਹਿ ਭਿ ਦਾਤਿ ਤੇਰੀ ਦਾਤਾਰ ॥ ਬੰਦਿ ਖਲਾਸੀ ਭਾਣੈ ਹੋਇ ॥ ਹੋਰੁ ਆਖਿ ਨ ਸਕੈ ਕੋਇ ॥ ਜੇ ਕੋ ਖਾਇਕੁ ਆਖਣਿ ਪਾਇ ॥ ਓਹੁ ਜਾਣੈ ਜੇਤੀਆ ਮੁਹਿ ਖਾਇ ॥ ਆਪੇ ਜਾਣੈ ਆਪੇ ਦੇਇ ॥ ਆਖਹਿ ਸਿ ਭਿ ਕੇਈ ਕੇਇ ॥ ਜਿਸਨੋ ਬਖਸੇ ਸਿਫਤਿ ਸਾਲਾਹ ॥ ਨਾਨਕ ਪਾਤਿਸਾਹੀ ਪਾਤਿਸਾਹੁ ॥ ੨੫ ॥

ਸਿਧਾਂ ਪੁਛਿਆ ਮਹਾਰਾਜ ਵਿਚ ਸਮਤਾ ਹੈ ਕਿ ਨਹੀਂ ਕਯੋਂ ਜੋ ਕਿਸੇ ਤੇ ਕ੍ਰਿਪਾ ਕਰਦਾ ਹੈ ਅਰ ਕਿਸੇ ਤੇ ਨਹੀਂ ਕਰਦਾ ਤਾਂ ਬਾਬੇ ਕਹਿਆ ਉਸਦੀ ਕ੍ਰਿਪਾ ਬਹੁਤ ਹੈ ਜੀਆਂ ਉਪਰ ਜੋ ਲਿਖੀ ਨਹੀਂ ਜਾਂਦੀ ਅਥਵਾ ਜੀਆਂ ਦੇ ਕਰਮ ਬਹੁਤਿਆਂ ਪ੍ਰਕਾਰਾਂ ਦੇ ਹਨ ਅਰ ਓਹ ਆਪਣੇ ਕਰਮਾਂ ਦਾ ਬਲ ਭੋਗਤੇ ਹੈਨ ਤਾਂਤੇ ਓਹ ਲਿਖੇ ਨਹੀਂ

ਜਾਂਦੇ ਅਰ ਵਾਹਗੁਰੂ ਵਡਾ ਦਾਤਾ ਹੈ ਕਯੋਂਕਿ ਉਸਨੂੰ ਤਿਲ ਦੀ ਭੀ ਤਮਾ ਨਹੀਂ ਅਰ ਕੇਤੇ ਜੋਧੇ ਜੋ ਅਪਾਰ ਹੈ ਸੋ ਭੀ ਵਾਹਗੁਰੂ ਦੇ ਦੁਆਰੇ ਮੰਗਤੇ ਹੈਂ ਜੋਧੇ ਕਹੀਏ ਜੋ ਵੈਰੀਆਂ ਨੂੰ ਜੀਤੇ ਅਤੇ ਅਪਾਰ ਜੋਧਾ ਓਹ ਹੈ ਜੋ ਮਨ ਦੇ ਸੂਖਮ ਵੈਰੀਆਂ ਨੂੰ ਜੀਤੇ ਤਾਂ ਤੇ ਸ਼ਭ ਵਾਹਗੁਰੂ ਦੇ ਦੁਆਰੇ ਪਰ ਜੀਤਣ ਦੀ ਸਕਤ ਮੰਗਦੇ ਹਨ ਅਰ ਹੋਰ ਕਈ ਜੀਵ ਹਨ ਜੋ ਜਿਨਾਂ ਦੀ ਗਣਤ ਨਹੀਂ ਵੀਚਾਰੀ ਜਾਂਦੀ ॥ ਸੋ ਉਸਦੇ ਦੁਆਰੇ ਪਰ ਮੰਗਤੇ ਹਨ ਅਰ ਕਿਤਨੇ ਵਿਕਾਰ ਕਰਦੇ ਖਪ ਜਾਂਦੇ ਹਨ ਅਰ ਕਈ ਤੁਟ ਪੈਂਦੇ ਹਨ ਅਰ ਕਿਤਨੇ ਵਾਹਗੁਰੂ ਦੀ ਦਾਤ ਲੈਂਦੇ ਹਨ ਅਰ ਜੇ ਕਾਈ ਵਸਤ ਪਰਾਪਤਿ ਨਹੀਂ ਹੋਂਦੀ ਤਾਂ ਮੁਕਰ ਪਾਉਂਦੇ ਹੈਨ ਜੋ ਅਸਾਨੂੰ ਪਰਮੇਸਰ ਕੁਛ ਨਹੀਂ ਦਿਤਾ ਅਰ ਕਿਤਨੇ ਮੂਰਖ ਹੈਨ ਜੋ ਵਾਹਗੁਰੂ ਦੀ ਦਾਤ ਨੂੰ ਮਿਠੀ ਕਰਕੇ ਨਹੀਂ ਭੋਗਦੇ ਸੋ ਉਨਾਂ ਨੂੰ ਦੁਖਾਂ ਭੁਖਾਂ ਦੀ ਸਦਾ ਮਾਰ ਰਹਦੀ ਹੈ ਤਾਂਤੇ ਉਨਾਂ ਨੂੰ ਏਹਾ ਦਾਤ ਕੀਤੀ ਹੈ ਅਰ ਆਸਾ ਮਨਸਾ ਵਿਚੋਂ ਜੋ ਖਲਾਸੀ ਹੋਂਦੀ ਹੈ ਸੋ ਵਾਹਗੁਰੂ ਦੇ ਭਾਣੇ ਮੰਨਣ ਵਿਚ ਹੋਂਦੀ ਹੈ ਅਤੇ ਭਾਣੇ ਮੰਨੇ ਬਿਨਾ ਹੋਰ ਇਸ ਨੂੰ ਕੋਈ ਨਹੀਂ ਛੁਡਾ ਸਕਦਾ ਅਰ ਜੇ ਕੋਈ ਮੂਰਖ ਆਖੇ ਕਿ ਮੈਂ ਭਾਣੇ ਮੰਨੇ ਬਿਨਾ ਛਡਾਂਵਦਾ ਹੋਂ ਤਾਂ ਫਿਰ ਓਹੋ ਹੀ ਜਾਣਦਾ ਹੈ ਜੋ ਜਿਤਨੀਆਂ ਸਟਾਂ ਉਸਦੇ ਮੂੰਹ ਤੇ ਪਉਂਦੀਆਂ ਹੈਨ ਸੋ ਕਰਿ ਦੇਂਦਾ ਭਾਣੈ ਮੰਨੇ ਬਿਨਾਂ ਨਹੀਂ ਅਤੇ ਜੇ ਗੁਰੂ ਦਾ ਭਾਣਾ ਮੰਨਦਾ ਹੈ ਤਾਂ ਚਿੰਤਾ ਸੋਕ ਸਭ ਮਿਟ ਜਾਂਦੀਆਂ ਹੈਨ ਅਰ ਜੋ ਆਖਦੇ ਹੈਨ ਕਿ ਜੇਹਾ ਜੇਹਾ ਜੀਆਂ ਦਾ ਕਰਮ ਹੈ ਤੇਹੇ ਤੇਹੇ ਫਲ ਪਾਂਵਦੇ ਹੈਨ ਸੋ ਐਸੇ ਆਖਣ ਵਾਲੇ ਭੀ ਕੋਈ ਵਿਰਲੇ ਹੈਨ ਤਾਂਤੇ ਜਿਸ ਨੂੰ ਵਾਹਗੁਰੂ ਨੇ ਆਪਣੇ ਨਾਮ ਦੀ ਸਿਫਤ ਅਰ ਸਲਾਹ ਬਖਸੀ ਹੈ ਗੁਰੂ ਨਾਨਕ ਜੀ ਕਹਿੰਦੇ ਹੈਨ ਕਿ ਸਭਨਾਂ ਪਾਤਸਾਹਾਂ ਦੇ ਸਿਰ ਪਾਤਸਾਹ ਓਹੋ ਹੈ ਕਯੋਂ ਜੋ ਪਾਤਸਾਹਾਂ ਦਾ ਹੁਕਮ ਆਪਣੇ ਦੇਸਾਂ ਤੇ ਚਲਦਾ ਹੈ ਅਰ ਗੁਰਮੁਖਾਂ ਦਾ ਤ੍ਰਿਲੋਕੀ ਤੇ ਚਲਦਾ ਹੈ ਪਰ ਰਤੀ ਰਹਿਤ ਦੀ ਰਿਦੇ ਵਿਚ ਚਾਹੀਦੀ ਹੈ ॥ ੨੫ ॥

ਅਮੁਲ ਗੁਣ ਅਮੁਲ ਵਾਪਾਰ ॥ ਅਮੁਲ ਵਾਪਾਰੀਏ ਅਮੁਲ ਭੰਡਾਰ ॥ ਅਮੁਲ ਆਵਹਿ ਅਮੁਲ ਲੈ ਜਾਹਿ ॥ ਅਮੁਲ ਭਾਇ ਅਮੁਲਾ ਸਮਾਹਿ ॥ ਅਮੁਲੁ ਧਰਮੁ ਅਮੁਲੁ ਦੀਬਾਣੁ ॥ ਅਮੁਲੁ ਤੁਲੁ ਅਮੁਲੁ ਪਰਵਾਣੁ ॥ ਅਮੁਲੁ ਬਖਸੀਸ ਅਮੁਲੁ ਨੀਸਾਣੁ ॥ ਅਮੁਲੁ ਕਰਮੁ ਅਮੁਲੁ ਫੁਰਮਾਣੁ ॥ ਅਮੁਲੋ ਅਮੁਲੁ ਆਖਿਆ ਨ ਜਾਇ ॥ ਆਖਿ ਆਖਿ ਰਹੇ ਲਿਵ ਲਾਇ ॥ ਆਖਹਿ ਵੇਦ ਪਾਠ ਪੁਰਾਣ ॥ ਆਖਹਿ ਪੜੇ ਕਰਹਿ ਵਖਿਆਣ ॥ ਆਖਹਿ ਬਰਮੇ ਆਖਹਿ ਇੰਦ ॥ ਆਖਹਿ ਗੋਪੀ ਤੈ ਗੋਵਿੰਦ ॥ ਆਖਹਿ ਈਸਰ ਆਖਹਿ ਸਿਧ ॥ ਆਖਹਿ ਕੇਤੇ ਕੀਤੇ

ਬੁਧ ॥ ਆਖਹਿ ਦਾਨਵ ਆਖਹਿ ਦੇਵ ॥ ਆਖਹਿ ਸੁਰਿ ਨਰ ਮੁਨਿ ਜਨ ਸੇਵ ॥ ਕੇਤੇ ਆਖਹਿ ਆਖਣਿ ਪਾਹਿ ॥ ਕੇਤੇ ਕਹਿ ਕਹਿ ਉਠਿ ਉਠਿ ਜਾਹਿ ॥ ਏਤੇ ਕੀਤੇ ਹੋਰਿ ਕਰੇਹਿ ॥ ਤਾ ਆਖਿ ਨ ਸਕਹਿ ਕੇਈ ਕੇਇ ॥ ਜੇਵਡੁ ਭਾਵੈ ਤੇਵਡੁ ਹੋਇ ॥ ਨਾਨਕ ਜਾਣੈ ਸਾਚਾ ਸੋਇ ॥ ਜੇ ਕੋ ਆਖੈ ਬੋਲੁ ਵਿਗਾੜੁ ॥ ਤਾ ਲਿਖੀਐ ਸਿਰਿ ਗਾਵਾਰਾ ਗਾਵਾਰੁ ॥ ੨੬ ॥

ਸਿਧਾਂ ਪੁਛਿਆ ਓਹ ਕਰਮ ਕੇੜਾ ਹੈ ਜੋ ਜਿਸਦੇ ਕੀਤਿਆਂ ਹੋਰ ਕਰਮ ਕਰਨਾਂ ਇਸਨੂੰ ਨਾ ਰਹੇ ਤੇ ਇਸਦਾ ਉਧਾਰ ਹੋਵੇ ਤਾਂ ਬਾਬੇ ਕਹਿਆ ਮਹਾਰਾਜ ਦੇ ਗੁਣਾਨਵਾਦ ਗਾਵਣ ਜੇਹਾ ਅਰ ਸੁਣਨ ਜੇਹਾ ਹੋਰ ਕਰਮ ਕੋਈ ਨਹੀਂ ਕਜੋਂਕਿ ਗੁਣ ਗਾਵਣੇ ਭੀ ਅਮੂਲ ਹੈ ਅਰ ਇਹ ਜੋ ਵਾਪਾਰ ਗੁਣਾ ਦੇ ਗਾਵਣ ਅਰ ਸੁਣਨ ਦਾ ਹੈ ਸੋ ਭੀ ਅਮੋਲਕ ਹੈ ਕਜੋਂਕਿ ਜਗਤ ਦੇ ਨਾਨਾ ਪ੍ਰਕਾਰ ਦੇ ਵਾਪਾਰਾਂ ਵਿਚ ਆਰਬਲਾ ਬੀਤਦੀ ਜਾਂਦੀ ਹੈ ਸੋ ਬਿਰਥੀ ਜਾਂਦੀ ਹੈ ਅਤੇ ਜਿਨਾਂ ਨੂੰ ਆਠ ਪਹਰ ਕਥਾ ਕੀਰਤਨ ਦਾ ਵਪਾਰ ਹੈ ਉਨਾਂ ਦੀਆਂ ਆਰਜਾ ਸੁਫਲ ਹੈ ਤਾਂਤੇ ਜੋ ਨਾਮ ਦੇ ਵਾਪਾਰੀ ਹੈਂ ਸੋ ਭੀ ਅਮੂਲ ਹੈ ਅਰ ਜਿਸ ਸਾਧ ਸੰਗਤ ਰੂਪੀ ਭੰਡਾਰੇ ਵਿਚੋਂ ਨਾਮ ਪ੍ਰਾਪਤ ਹੋਂਦਾ ਹੈ ਸੋ ਭੰਡਾਰਾ ਭੀ ਅਮੋਲਕ ਹੈ ਅਰ ਜੋ ਸਰਧਾ ਕਰਕੇ ਗੁਰਦੁਆਰੇ ਟੁਰ ਆਂਵਦੇ ਹੈਂ ਸੋ ਭੀ ਅਮੋਲਕ ਹੈਂ ਅਰ ਜੋ ਗੁਰਾਂ ਦਾ ਸਬਦ ਸੁਣਕੇ ਰਿਦੇ ਵਿਚ ਧਾਰਦੇ ਹਨ ਸੋ ਭੀ ਅਮੋਲਕ ਹੈ ਅਰ ਜੋ ਗੁਣਾਂ ਦੇ ਕਮਾਵਣ ਵਾਲਿਆਂ ਨਾਲ ਭਾਉ ਕਰਦੇ ਹਨ ਸੋ ਭੀ ਅਮੋਲਕ ਹੈ ਅਰ ਜੋ ਉਨਾਂ ਦੀ ਰੀਸ ਕਰਕੇ ਆਪ ਸਾਧ ਸੰਗਤ ਵਿਚ ਸਮਾਂਵਦੇ ਹੈ ਸੋ ਭੀ ਅਮੋਲਕ ਹੈ ਅਰ ਸਤਿਗੁਰਾਂ ਦਾ ਜੋ ਕੋਈ ਧਰਮ ਹੈ ਸੋ ਭੀ ਅਮੋਲਕ ਹੈ ਅਰ ਜਿਸ ਸਾਧ ਸੰਗਤ ਦੇ ਦੀਵਾਨ ਵਿਚੋਂ ਏਹ ਧਰਮ ਪ੍ਰਾਪਤ ਹੋਂਦਾ ਹੈ ਸੋ ਭੀ ਅਮੋਲਕ ਹੈ ਅਰ ਜੋ ਮਨ ਕਰਕੇ ਇਸ ਧਰਮ ਨੂੰ ਤੋਲ ਦੇਖਦੇ ਹਨ ਸੋ ਭੀ ਅਮੋਲਕ ਹੈਂ ਅਰ ਓਹ ਮਨ ਹੀ ਤੋਲਾ ਤਕੜੀ ਹੈ ਅਰ ਜੇੜੀ ਬੁਧ ਬਚਨਾਂ ਨੂੰ ਪਰਵਾਨ ਕਰਕੇ ਮੰਨਦੀ ਹੈ ਕਿ ਜੋ ਸਮਾਂ ਸਾਧ ਸੰਗਤ ਅਤੇ ਨਾਮ ਵਿਚ ਬੀਤਦਾ ਹੈ ਸੋਈ ਸੁਫਲਾ ਹੈ ਤਾਂਤੇ ਓਹ ਬੁਧ ਭੀ ਅਮੋਲਕ ਹੈ ਅਰ ਜਿਨਾਂ ਦੇ ਉਤੇ ਇਨਾਂ ਬਚਨਾ ਦੀ ਬਖਸੀਸ ਹੋਈ ਹੈ ॥ ਸੋ ਭੀ ਅਮੋਲਕ ਹੈਂ ਅਰ ਜਿਨਾਂ ਦੇ ਰਿਦੇ ਵਿਚ ਗੁਰਾਂ ਦੇ ਵਚਨਾਂ ਦੀ ਨਿਸਾਨੀ ਪਈ ਹੋਈ ਹੈ ਸੋ ਭੀ ਅਮੋਲਕ ਹੈ ਅਰ ਜਿਨਾਂ ਨੇ ਨਿਹਕਾਮ ਕਰਮ ਕੀਤੇ ਹਨ ਸੋ ਭੀ ਅਮੋਲਕ ਹੈਂ ਅਰ ਜਿਨਾਂ ਦੇ ਵਾਸਤੇ ਸਬਦ ਦਾ ਫੁਰਮਾਨ ਹੋਇਆ ਹੈ ਸੋ ਭੀ ਅਮੋਲਕ ਹੈਂ ਤਾਂ ਸਿਧਾਂ ਕਹਿਆ ਅਮੋਲਕ ਵਸਤ ਦਾ ਭੀ ਕੁਛ ਮੁਲ ਹੋਂਦਾ ਹੈ ਤਾਂ ਬਾਬੇ ਕਹਿਆ ਪਰਮੇਸਰ ਦਾ ਨਾਮ ਅਮੋਲਕ ਤੇ ਅਮੋਲਕ ਹੈ ਸੋ ਇਸ ਦਾ ਮੁਲ ਕੋਈ ਨਹੀਂ

ਪਾ ਸਕਦਾ ਕਯੋਂਕਿ ਅਗੇ ਜੋ ਸਿਧ ਮੁਨ ਹੋਏ ਹੈਂ ਸੋ ਭੀ ਮਹਾਰਾਜ ਦਾ ਨਾਮ ਜਪਕੇ ਉਸਦੇ ਨਾਮ ਨਾਲ ਸਮਾ ਰਹੇ ਹੈਂ ਅਰ ਵੇਦ ਭੀ ਮਹਾਰਾਜ ਦੇ ਨਾਮ ਦੀ ਮਹਿਮਾ ਕਹਿੰਦੇ ਹਨ ਅਰ ਪਾਠ ਕਰਨ ਵਾਲੇ ਭੀ ਨਾਮ ਦੀ ਮਹਿਮਾ ਕਹਿੰਦੇ ਹਨ ਅਰ ਪੁਰਾਣਾਂ ਵਿਚ ਭੀ ਨਾਮ ਦੀ ਮਹਿਮਾ ਕਹਿੰਦੇ ਹਨ ਅਰ ਜਿਤਨੇ ਬ੍ਰਹਮੇ ਹੋਏ ਹੈਨ ਸੋ ਭੀ ਨਾਮ ਦੀ ਮਹਿਮਾ ਕਹਿੰਦੇ ਹਨ ਅਰ ਜਿਤਨੇ ਇੰਦ੍ਰ ਹੋਏ ਹਨ ਸੋ ਭੀ ਨਾਮ ਦੀ ਮਹਿਮਾ ਕਹਿੰਦੇ ਹਨ ਅਰ ਗੋਪੀਆਂ ਤੇ ਕਾਂਨ ਸੋ ਭੀ ਨਾਮ ਦੀ ਮਹਿਮਾ ਕਹਿੰਦੇ ਹਨ ਅਰ ਸਿਵ ਤੇ ਸਿਧ ਭੀ ਨਾਮ ਦੀ ਮਹਿਮਾ ਕਹਿੰਦੇ ਹਨ ਅਰ ਜਿਤਨੇ ਸੁਰ ਤੇ ਨਰ ਅਤੇ ਮੁਨੀਸਰ ਹੈਂ ਸੋ ਸਭ ਸਾਧਾਂ ਦੀ ਸੇਵਾ ਕਰਕੇ ਨਾਮ ਦੀ ਮਹਿਮਾ ਕਹਿੰਦੇ ਹਨ ਅਰ ਕਿਤਨੇ ਕਹਿ ਕਹਿਕੇ ਉਠ ਉਠ ਜਾਂਦੇ ਹਨ ਅਰ ਜਿਤਨੀ ਸ੍ਰਿਸਟ ਹੈ ਜੋ ਇਤਨੀ ਹੋਰ ਭੀ ਹੋਵੈ ਤਾਂ ਭੀ ਮਹਾਰਾਜ ਦੀ ਮਹਿਮਾ ਕਹਿ ਨਹੀਂ ਸਕਦੇ ਤਾਂਤੇ ਜੋ ਉਸ ਵਡੇ ਨੂੰ ਭਾਂਵਦਾ ਹੈ ਸੋਈ ਵਡਾ ਹੁੰਦਾ ਹੈ ਗੁਰੂ ਨਾਨਕ ਜੀ ਕਹਿੰਦੇ ਹਨ ਕਿ ਜੋ ਨਾਮ ਜਪਦੇ ਹੈਨ ਸੋਈ ਸਾਚੇ ਨੂੰ ਜਾਣਦੇ ਹਨ ਅਰ ਜੋ ਕੋਈ ਬੋਲ ਵਿਗਾੜ ਕਹਿੰਦਾ ਹੈ ਜੋ ਸੰਤਾਂ ਦੀ ਅਰ ਨਾਮ ਦੀ ਨਿੰਦਾ ਕਰਣੀ ਅਰ ਗਰਬ ਕਰਣਾ ਸੋ ਸਿਰ ਗਾਵਾਰਾਂ ਦੇ ਗਾਵਾਰ ਲਿਖੀਦਾ ਹੈ ॥ ੨੬ ॥

ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ ॥ ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ ॥ ਕੇਤੇ ਰਾਗ ਪਰੀ ਸਿਉ ਕਹੀਅਨਿ ਕੇਤੇ ਗਾਵਣਹਾਰੇ ॥ ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ ॥ ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ ਲਿਖਿ ਲਿਖਿ ਧਰਮੁ ਵੀਚਾਰੇ ॥ ਗਾਵਹਿ ਈਸਰੁ ਬਰਮਾ ਦੇਵੀ ਸੋਹਨਿ ਸਦਾ ਸਵਾਰੇ ॥ ਗਾਵਹਿ ਇੰਦ ਇਦਾਸਣਿ ਬੈਠੇ ਦੇਵਤਿਆ ਦਰਿ ਨਾਲੇ ॥ ਗਾਵਹਿ ਸਿਧ ਸਮਾਧੀ ਅੰਦਰਿ ਗਾਵਨਿ ਸਾਧ ਵਿਚਾਰੇ ॥ ਗਾਵਨਿ ਜਤੀ ਸਤੀ ਸੰਤੋਖੀ ਗਾਵਹਿ ਵੀਰ ਕਰਾਰੇ ॥ ਗਾਵਨਿ ਪੰਡਿਤ ਪੜਨਿ ਰਖੀਸਰ ਜੁਗੁ ਜੁਗੁ ਵੇਦਾ ਨਾਲੇ ॥ ਗਾਵਹਿ ਮੋਹਣੀਆ ਮਨੁ ਮੋਹਨਿ ਸੁਰਗਾ ਮਛ ਪਇਆਲੇ ॥ ਗਾਵਨਿ ਰਤਨ ਉਪਾਏ ਤੇਰੇ ਅਠਸਠਿ ਤੀਰਥ ਨਾਲੇ ॥ ਗਾਵਹਿ ਜੋਧ ਮਹਾਬਲ ਸੂਰਾ ਗਾਵਹਿ ਖਾਣੀ ਚਾਰੇ ॥ ਗਾਵਹਿ ਖੰਡ ਮੰਡਲ ਵਰਭੰਡਾ ਕਰਿ ਕਰਿ ਰਖੇ ਧਾਰੇ ॥ ਸੇਈ ਤੁਧੁਨੋ ਗਾਵਹਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ ॥ ਹੋਰਿ ਕੇਤੇ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਵੀਚਾਰੇ ॥ ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ ॥ ਹੈ ਭੀ ਹੋਸੀ ਜਾਇ ਨ ਜਾਸੀ

ਰਚਨਾ ਜਿਨਿ ਰਚਾਈ ॥ ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ॥ ਕਰਿ ਕਰਿ ਵੇਖੈ ਕੀਤਾ ਆਪਨਾ ਜਿਵ ਤਿਸ ਦੀ ਵਡਿਆਈ॥ ਜੋ ਤਿਸੁ ਭਾਵੈ ਸੋਈ ਕਰਸੀ ਹੁਕਮੁ ਨ ਕਰਣਾ ਜਾਈ ॥ ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ ਨਾਨਕ ਰਹਣੁ ਰਜਾਈ ॥ ੨੭ ॥

ਸਿਧਾਂ ਪੁਛਿਆ ਕਿ ਵਾਹਗੁਰੂ ਦਾ ਦਰ ਅਤੇ ਘਰ ਕੇਹੜਾ ਹੈ ਜੋ ਜਿਥੇ ਬੈਠਕੇ ਸਰਬ ਜੀਆਂ ਨੂੰ ਸੰਮਾਲਦਾ ਹੈ ਤਾਂ ਬਾਬੇ ਕਹਿਆ ਕਿ ਈਸਰ ਰੂਪ ਧਾਰਕੇ ਸਰਬ ਨੂੰ ਰਿਜਕ ਪਹੁੰਚਾਵਦਾ ਹੈ ਅਤੇ ਗੁਰੂ ਰੂਪ ਧਾਰਕੇ ਅਰ ਸਬਦ ਦੀ ਸਮਝ ਦੇਇਕੇ ਸਰਬ ਦਾ ਉਧਾਰ ਕਰਤਾ ਹੈ ਜੋ ਜਿਥੇ ਨਾਦ ਅਨੇਕ ਸੰਖ ਵਜਦੇ ਹਨ ਅਰ ਕਿਤਨੇ ਵਜਾਵਣ ਵਾਲੇ ਹਨ ਤਾਂਤੇ ਸੋਈ ਸਾਧ ਸੰਗਤ ਵਾਹਗੁਰੂ ਦਾ ਦਰ ਅਤੇ ਘਰ ਹੈ ਅਰ ਕਿਤਨੇ ਓਥੇ ਰਾਗ ਤੇ ਰਾਗਨੀਆਂ ਕਹੀਤੀਆਂ ਹਨ ਅਰ ਕਿਤਨੇ ਗਾਵਣਹਾਰੇ ਹੈਂ ਜੋ ਉਸ ਮਹਾਰਾਜ ਨੂੰ ਗਾਵਦੇ ਹਨ ਅਰ ਪਵਣ ਅਤੇ ਪਾਣੀ ਅਰ ਬਸੰਤਰ ਅਤੇ ਰਾਜਾ ਧਰਮ ਸਭ ਉਸੇ ਦੇ ਦੁਆਰੇ ਗਾਂਵਦੇ ਹਨ ਅਰ ਜਿਹੜੇ ਚਿਤ੍ਰ ਗੁਪਤ ਜੋ ਕਰਮਾਂ ਦੇ ਲਿਖਣ ਵਾਲੇ ਹਨ ਅਰ ਧਰਮਰਾਇ ਕਰਮਾਂ ਦੇ ਵੀਚਾਰਣ ਵਾਲਾ ਹੈ ਸੋ ਸਭ ਉਸਦੇ ਜਸ ਗਾਂਵਦੇ ਹਨ ਅਰ ਸਿਵ ਸਮਾਧ ਕਰ ਉਸਨੂੰ ਗਾਂਵਦੇ ਹਨ ਅਰ ਬ੍ਰਹਮੇ ਵੇਦਾਂ ਕਰ ਗਾਂਵਦੇ ਹਨ ਅਰ ਦੇਵੀਆਂ ਅਸਤੋਤਰਾਂ ਕਰ ਗਾਂਵਦੀਆਂ ਹਨ ਅਰ ਇੰਦ੍ਰ ਇੰਦ੍ਰਾਸਣ ਤੇ ਬੈਠਾ ਦੇਵਤਿਆਂ ਸਮੇਤ ਗਾਵਤਾ ਹੈ ਅਰ ਸਿਧ ਸਮਾਧਾਂ ਕਰਕੇ ਗਾਂਵਦੇ ਹਨ ॥ ਅਰ ਸਾਧ ਸਤ ਅਸਤ ਦਾ ਵੀਚਾਰ ਕਰਕੇ ਗਾਂਵਦੇ ਹਨ ਅਰ ਜਤੀ ਜਤ ਕਰ ਗਾਂਵਦੇ ਹਨ ਅਰ ਸਤੀ ਸਤ ਕਰ ਗਾਂਵਦੇ ਹਨ ਅਰ ਸੰਤੋਖੀ ਸੰਤੋਖ ਕਰ ਗਾਂਵਦੇ ਹਨ ਅਰ ਸੂਰਮੇ ਜੁਧ ਕਰ ਗਾਂਵਦੇ ਅਰ ਪੰਡਤ ਵੇਦਾਂ ਦਾ ਪਾਠ ਕਰ ਗਾਂਵਦੇ ਹਨ ਅਤੇ ਰਖੀਸਰ ਇੰਦ੍ਰੀਆਂ ਰੋਕ ਕਰ ਗਾਂਵਦੇ ਹਨ ਅਰ ਚਾਰੇ ਜੁਗ ਅਰ ਚਾਰੇ ਵੇਦ ਭੀ ਉਸੇ ਨੂੰ ਗਾਂਵਦੇ ਹਨ ਅਰ ਮੋਹਣੀਆਂ ਜੋ ਮਨ ਦੇ ਮੋਹਨ ਵਾਲੀਆਂ ਹੈਂ ਸੋ ਸੁਅਰਗ ਅਤੇ ਪਤਾਲ ਅਤੇ ਮਾਤਲੋਕ ਵਿਚ ਉਸਨੂੰ ਗਾਂਵਦੀਆਂ ਹੈਂ ਅਰ ਜਿਤਨੇ ਰਤਨ ਤੇ ਤੀਰਥ ਮਹਾਰਾਜ ਉਤਪਤਿ ਕੀਤੇ ਹਨ ਅਰ ਜਿਤਨੇ ਮਨੁਖ ਸੁਭ ਕਰਮਾਂ ਵਾਲੇ ਹੈਨ ਸੋ ਭੀ ਰਤਨ ਕਹੀਤੇ ਹਨ ਅਰ ਜੋਧੇ ਮਹਾਂਬਲੀ ਸੋ ਸਭ ਉਸਨੂੰ ਗਾਂਵਦੇ ਹਨ ਅਰ ਮਹਾਂਬਲੀ ਜੋ ਮਨ ਅਤੇ ਵਾਸਨਾਂ ਨੂੰ ਜਿਤਣ ਵਾਲੇ ਹਨ ਅਰ ਚਾਰੇ ਖਾਣੀ ਸਭ ਉਸਨੂੰ ਗਾਂਵਦੇ ਹਨ ਅਰ ਨਉਖੰਡ ਤੇ ਮੰਡਲ ਜੋ ਨਗਰ ਹੈਂ ਅਤੇ ਵਰਭੰਡ ਜੋ ਸਾਰਾ ਬ੍ਰਹਮੰਡ ਸੋ ਭੀ ਮਹਾਰਾਜ ਕੀ ਸਤਿਆ ਕਰ ਧਾਰੇ ਹੋਏ ਹਨ ਤਾਂਤੇ ਸੋ ਭੀ ਗਾਂਵਦੇ ਹਨ ॥ ਤਾਂ ਸਿਧਾਂ ਪੁਛਿਆ ਗਾਵਣ

ਵਾਲੇ ਮਹਾਰਾਜ ਦੇ ਇਕੋ ਜਿਹੇ ਹੈਂ ਕਿ ਵਧ ਘਟ ਹੈਂ ਤਾਂ ਬਾਬੇ ਕਹਿਆ ਗਾਵਣਾ ਉਨਾਂ ਦਾ ਹੀ ਪਰਵਾਣ ਹੈ ਜੋ ਸਤਿਗੁਰਾਂ ਨੂੰ ਭਾਂਵਦੇ ਹਨ ਤਾਂ ਉਨਾਂ ਪੁਛਿਆ ਕਿ ਸਤਗੁਰਾਂ ਨੂੰ ਕੌਣ ਭਾਂਵਦੇ ਹਨ ਤਾਂ ਬਾਬੇ ਕਹਿਆ ਜੋ ਸਚੀ ਪ੍ਰੀਤ ਕਰ ਸਤਿਗੁਰੂ ਦੇ ਭਜਨ ਦਾ ਰਸ ਲੈਂਦੇ ਹਨ ਸੋਈ ਭਾਂਵਦੇ ਹਨ ਅਰ ਹੋਰ ਕਿਤਨੇ ਗਾਂਵਦੇ ਹਨ ਮੈਨੂੰ ਚਿਤ ਨਹੀਂ ਆਂਵਦੇ ਗੁਰੂ ਨਾਨਕ ਜੀ ਕਹਿੰਦੇ ਹੈਨ ਕਿ ਜੋ ਮੈਨੂੰ ਚਿਤ ਆਏ ਹਨ ਸੋ ਮੈਂ ਕਹੇ ਹਨ ਅਰ ਹੋਰ ਮੈਂ ਕਿਤਨਿਆਂ ਦਾ ਵਿਚਾਰ ਕਰਾਂ ਅਤੇ ਤਾਂਤੇ ਤੂੰ ਸੋਈ ਈਸਰ ਹੈ ਅਰ ਸੋਈ ਗੁਰੂ ਹੈਂ ਅਰ ਸਦਾ ਸਚ ਹੈਂ ਅਰ ਸਰਬ ਦਾ ਸਾਹਿਬ ਹੈਂ ਅਰ ਆਪ ਭੀ ਸਚਾ ਹੈਂ ਅਤੇ ਤੇਰਾ ਨਾਮ ਭੀ ਸਚਾ ਹੈ ਅਰ ਹੁਣ ਭੀ ਹੈਂ ਅਤੇ ਅਗੇ ਭੀ ਤੂੰਹੈਂ ਹੋਣਾ ਹੈ ॥ ਸੋ ਜਗਤ ਜਾਵੇਗਾ ਅਰ ਤੂੰ ਨ ਜਾਵੇਂਗਾ ਅਰ ਏਹ ਜੋ ਰਚਨਾ ਹੈ ਸੋ ਤੇਰੀ ਰਚਾਈ ਹੋਈ ਹੈ ਅਰ ਕਈ ਤੂੰ ਰੰਗ ਬਣਾਏ ਹੈਂ ਅਰ ਕਈ ਭਾਂਤਾਂ ਬਣਾਈਆਂ ਹੈਨ ਅਰ ਕਈ ਜਿਨਸਾਂ ਬਣਾਈਐਂ ਹੈਨ ਅਰ ਤੇਰੀ ਮਾਇਆ ਕਰ ਜੀਵ ਪਰਗਟ ਹੋਏ ਹਨ ਸੋ ਤੂੰ ਆਪਣਾ ਕੀਤਾ ਆਪੇ ਵੇਖਨਾਂ ਹੈ ਅਰ ਜਿਵੇਂ ਤੇਰੀ ਵਡਿਆਈ ਹੈ ਅਰ ਜੋ ਤੈਨੂੰ ਭਾਂਵਦਾ ਹੈ ਸੋਈ ਕਰਦਾ ਹੈ ਅਰ ਤੇਰੇ ਉਤੇ ਹੁਕਮ ਨਹੀਂ ਕੀਤਾ ਜਾਂਦਾ ਤਾਂਤੇ ਜੋ ਤੁਧ ਥੀ ਮੰਗੀਏ ਸੋ ਅਰਦਾਸ ਕਰ ਮੰਗੀਏ ਪਰ ਸੋਈ ਪਾਤਿਸਾਹ ਹੈਨ ਅਰ ਸਭਨਾਂ ਸਾਹਾ ਦੀ ਪਤਿ ਹੈਨ ਤੇ ਸਾਹਿਬ ਹੈਨ ਗੁਰੂ ਨਾਨਕ ਜੀ ਕਹਿੰਦੇ ਹੈਂ ਜੋ ਵਾਹਗੁਰੂ ਦੀ ਰਜਾਇ ਮਿਠੀ ਮੰਨਦੇ ਹੈਂ ॥ ੨੭ ॥

ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ ॥ ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ ॥ ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ ॥ ਆਦੇਸੁ ਤਿਸੈ ਆਦੇਸੁ ॥ ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸ ॥ ੨੮ ॥

ਤਾਂ ਸਿਧਾਂ ਕਹਿਆ ਤੂੰ ਗੁਰ ਕੀਤਾ ਹੈ ਕਿ ਨਹੀਂ ਕੀਤਾ ਤਾਂ ਬਾਬੇ ਕਹਿਆ ਅਸਾਂ ਸੰਤੋਖ ਦੀਆਂ ਮੁੰਦ੍ਰਾਂ ਪਹਰੀਆਂ ਹੈਂ ਅਰ ਬੁਰਿਆਂ ਕਰਮਾਂ ਵਲੋਂ ਸਰਮ ਕਰਨੀ ਇਹ ਪਤ ਤੇ ਝੋਲੀ ਲਈ ਹੈ ਅਰ ਸਤਗੁਰਾਂ ਦੇ ਚਰਨਾਂ ਦਾ ਧਿਆਨ ਇਹ ਬਿਭੂਤ ਲਾਈ ਹੈ ਅਰ ਜੋ ਕਾਲ ਦਾ ਗ੍ਰਾਸ ਕਾਇਆਂ ਹੈ ਸੋ ਖਿੰਥਾ ਪਹਰੀ ਹੈ ਅਰ ਜੋ ਗੁਰਾਂ ਨੇ ਭਜਨ ਦੀ ਜੁਗਤ ਦਸੀ ਹੈ ਸੋ ਡੰਡਾ ਹਥ ਲੀਆ ਹੈ ਅਤੇ ਜੋ ਗੁਰਾਂ ਦੇ ਵਚਨਾਂ ਤੇ ਪ੍ਰਤੀਤ ਕੀਤੀ ਹੈ ॥ ਅਰ ਜੋਗੀਆਂ ਦਾ ਇਕ ਆਈ ਪੰਥੀ ਹੁੰਦਾ ਹੈ ਜੋ ਸਭਨਾਂ ਨਾਲ ਨਿਰਵੈਰ ਹੋ ਵਰਤਦਾ ਹੈ ਸੋ ਜਿਨਾਂ ਨੂੰ ਗੁਰਾਂ ਦੇ ਵਚਨਾਂ ਤੇ ਪ੍ਰਤੀਤ ਆਈ ਹੈ ਸੋਈ ਮੇਰੇ ਪੰਥੀ ਹੈਨ ॥ ਅਰ ਖਟ ਦਰਸਨਾਂ ਵਿਚੋਂ ਭਾਵੇਂ ਕਿਸੇ ਪੰਥ ਵਿਚ ਹੋਵਣ ਪਰ ਜਿਨਾਂ

ਨੇ ਮਨ ਜਿਤਿਆ ਹੈ ਤਿਨਾਂ ਹੀ ਜਗਤ ਜਿਤਿਆ ਹੈ ਤਾਂਤੇ ਮੈਂ ਆਦੇਸ ਕੀਤੀ ਹੈ ਅਰ ਮਥਾ ਟੇਕਿਆ ਹੈ ਤਿਸ ਵਾਹਗੁਰੂ ਅਗੇ ਜੋ ਦੇਸ ਕਾਲ ਅਰ ਵਸਤ ਦੇ ਪ੍ਰਛੇਦ ਤੇ ਰਹਿਤ ਹੈ ਅਰ ਸਰਬ ਦੀ ਆਦ ਹੈ ਅਰ ਉਸਦੀ ਗਿਣਤੀ ਨਹੀਂ ਕੀਤੀ ਜਾਂਦੀ ਜੋ ਕਦ ਦਾ ਹੋਇਆ ਹੈ ਅਰ ਉਸਦਾ ਆਦ ਕੋਈ ਨਹੀਂ ਅਰ ਉਸਦਾ ਨਾਸ ਭੀ ਨਹੀਂ ਕਜੋਂਕਿ ਜੁਗਾਂ ਜੁਗਾਂ ਵਿਚ ਇਕ ਰਸ ਵਿਆਪਿਆ ਹੋਇਆ ਹੈ ਅਰ ਕਦੇ ਬਾਲ ਬਿਰਦ ਨਹੀਂ ਹੁੰਦਾ ਤਾਂਤੇ ਸੋਈ ਮੇਰਾ ਗੁਰੂ ਹੈ ॥ ੨੮ ॥

ਭੁਗਤਿ ਗਿਆਨੁ ਦਇਆ ਭੰਡਾਰਣਿ ਘਟਿ ਘਟਿ ਵਾਜਹਿ ਨਾਦ ॥ ਆਪਿ ਨਾਥੁ ਨਾਥੀ ਸਭ ਜਾ ਕੀ ਰਿਧਿ ਸਿਧਿ ਅਵਰਾ ਸਾਦ ॥ ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ ॥ ਆਦੇਸੁ ਤਿਸੈ ਆਦੇਸੁ ॥ ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥ ੨੯ ॥

ਬਾਬਾ ਜੀ ਕਹਿੰਦੇ ਹੈਨ ਕਿ ਭਿਛਿਆ ਜੋ ਅਸਾਂ ਲੀਤੀ ਹੈ ਸੋ ਗਿਆਨ ਦੀ ਲੀਤੀ ਹੈ ਅਤੇ ਸਤਿਗੁਰਾਂ ਦੀ ਦਇਆ ਮੇਰੀ ਭੰਡਾਰਣ ਹੈ ਅਤੇ ਘਟਿ ਘਟਿ ਵਿਚ ਜੋ ਆਤਮ ਸਤਿਆ ਹੈ ਸੋਈ ਮੇਰਾ ਨਾਦ ਵਜਦਾ ਹੈ ਅਰ ਆਪ ਵਾਹਗੁਰੂ ਅਸਾਡਾ ਨਾਥ ਹੈ ਕਜੋਂਕਿ ਸਭ ਜਗਤ ਜਿਸਦਾ ਨਥਿਆ ਹੋਇਆ ਹੈ ਅਤੇ ਰਿਧਾਂ ਸਿਧਾਂ ਦੇ ਸੁਆਦ ਹੋਰ ਹੋਂਦੇ ਹਨ ਤਾਂਤੇ ਏਹ ਰਿਧਾਂ ਸਿਧਾਂ ਅਸੀਂ ਨਹੀਂ ਚਾਂਹਦੇ ਅਰ ਸੰਜੋਗ ਤੇ ਵਿੰਜੋਗ ਅਸਾਡੇ ਕਾਰ ਚਲਾਵਨ ਵਾਲੇ ਚੇਲੇ ਹੈਨ ਅਤੇ ਜੋ ਵਸਤ ਪ੍ਰਾਪਤ ਹੋਂਦੀ ਹੈ ਸੋ ਸੰਜੋਗ ਆਣ ਮਿਲਾਂਵਦਾ ਹੈ ਅਤੇ ਜੋ ਜਾਵਣੀ ਹੋਂਦੀ ਹੈ ਸੋ ਵਿੰਜੋਗ ਲੈ ਜਾਂਦਾ ਹੈ ਅਰ ਅਸੀਂ ਪ੍ਰਸੰਨ ਰਹਿੰਦੇ ਹਾਂ ਕਜੋਂਕਿ ਜੋ ਭਗਵੰਤ ਨੇ ਲਿਖਿਆ ਹੈ ਸੋ ਮਿਟਦਾ ਨਹੀਂ ਤਾਂ ਫਿਰ ਚਿੰਤਾ ਕਿਸਨੂੰ ਕਰਨੀ ਹੈ ਅਰ ਅਸਾਂ ਜੋ ਨਮਸਕਾਰ ਕੀਤਾ ਹੈ ਜੋ ਸਭਨਾਂ ਦੇਸਾਂ ਵਿਚ ਵਿਆਪਿਆ ਹੋਇਆ ਹੈ ਅਤੇ ਸਭਨਾਂ ਕਾਲਾਂ ਵਿਚ ਹੈ ਅਤੇ ਜੋ ਸਭਨਾਂ ਪਦਾਰਥਾਂ ਵਿਚ ਹੈ ਇਕ ਦੇਸੀ ਨਹੀਂ ਸੋਈ ਬ੍ਰਹਮ ਅਸਾਡਾ ਗੁਰੂ ਹੈ ॥ ੨੯॥

ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ॥ ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥ ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ ॥ ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ ॥ ਆਦੇਸੁ ਤਿਸੈ ਆਦੇਸੁ ॥ ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੩੦॥

ਤਾਂ ਬਾਬੇ ਕਹਿਆ ਇਕ ਜੋ ਮਾਈ ਹੈ ਮਾਈ ਕਹੀਏ ਮਾਇਆ ਸਬਲ ਬ੍ਰਹਮ ਸੋ ਤਿਸਦੀ ਜੋ ਇਛਾ ਹੋਈ ਕਿ ਮੈਂ ਏਕ ਥੀਂ ਅਨੇਕ ਹੋਵਾਂ ਤਾਂ ਉਸਦੀ ਜੋ ਜੁਗਤ ਹੈ ਸੋ ਪਰਸੂਤ ਹੋਈ ਅਰ ਤਿਸਦੇ ਵਿਚੋਂ ਤਿੰਨ ਚੇਲੇ ਪਰਤੱਖ ਹੋਏ ਜੋ ਬ੍ਰਹਮ ਅਰ

ਵਿਸਨ ਅਤੇ ਸਿਵ ਤਾਂ ਬ੍ਰਹਮੇ ਨੂੰ ਰਾਜਸੀ ਗੁਣ ਦੇ ਕੇ ਜਗਤ ਉਤਪਤ ਕਰਨ ਵਿਚ ਲਾਇਆ ਅਤੇ ਵਿਸਨ ਨੂੰ ਸਾਂਤਕੀ ਗੁਣ ਦੇ ਕਰ ਜਗਤ ਦੀ ਪ੍ਰਿਤਪਾਲਨਾ ਵਿਖੇ ਲਾਇਆ ਅਤੇ ਸਿਵ ਨੂੰ ਤਾਂਮਸੀ ਗੁਣ ਦੇਕਰ ਜਗਤ ਦੇ ਸੰਘਾਰ ਕਰਨ ਮੇਂ ਲਾਇਆ ਸੋ ਜਿਵੇਂ ਓਸ ਪੁਰਖ ਕੀ ਆਗਿਆ ਹੋਤੀ ਹੈਂ ਤਿਵੈਂ ਏਨਾਂ ਨੂੰ ਚਲਾਂਵਦਾ ਹੈ ਅਰ ਓਸਦੇ ਫੁਰਮਾਣ ਵਿਚ ਏਹ ਸਭੇ ਹਨ ਅਰ ਓਹ ਅੰਤਰਯਾਮਤਾ ਕਰਕੇ ਦੇਖਤਾ ਹੈ ਅਤੇ ਏਨਾਂ ਨੂੰ ਨਦਰ ਨਹੀਂ ਆਵਤਾ ਤਾਂਤੇ ਬਡਾ ਅਸਚਰਜ ਹੈ ਅਰ ਮੇਰੀ ਜੋ ਆਦੇਸ ਹੈ ਸੋ ਤਿਸ ਪੁਰਖ ਕਉਂ ਹੈ ਜੋ ਸਰਬ ਦੀ ਆਦਿ ਹੈ ਅਤੇ ਜੋ ਅਗਣਤ ਹੈ ਅਰ ਜਿਸਦੀ ਆਦਿ ਕਾਈ ਨਹੀਂ ਅਤੇ ਜਿਸਦਾ ਨਾਸ ਭੀ ਨਹੀਂ ਅਤੇ ਜਿਸਦਾ ਜੁਗਾਂ ਜੁਗਾਂ ਵਿਚ ਇਕੋ ਈ ਵੇਸੁ ਹੈ ॥ ੩੦ ॥

ਆਸਣੁ ਲੋਇ ਲੋਇ ਭੰਡਾਰ ॥ ਜੋ ਕਿਛੁ ਪਾਇਆ ਸੁ ਏਕਾ ਵਾਰ ॥ ਕਰਿ ਕਰਿ ਵੇਖੈ ਸਿਰਜਣਹਾਰੁ ॥ ਨਾਨਕ ਸਚੇ ਕੀ ਸਾਚੀ ਕਾਰ ॥ ਆਦੇਸੁ ਤਿਸੈ ਆਦੇਸੁ ॥ ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੩੧॥

ਸਿਧਾਂ ਪੁਛਿਆ ਕਿ ਈਸਰ ਦੇ ਰਹਿਣੇ ਦੀ ਜਾਗਾਂ ਕਵਨ ਹੈ ਤਾਂ ਬਾਬਾ ਬੋਲਿਆ ਸਭ ਲੋਆਂ ਵਿਚ ਵਾਹਗੁਰੂ ਦਾ ਆਸਣ ਹੈ ਅਤੇ ਜਿਥੇ ਜਿਥੇ ਜੀਵ ਹੈਨ ਤਿਥੇ ਤਿਥੇ ਰਿਜਕ ਦਾ ਭੰਡਾਰਾ ਕੀਤਾ ਹੈ ਅਰ ਜੋ ਕਿਛ ਕਿਸੇ ਦੇ ਕਰਮ ਹੈਨ ਸੋ ਪਹਿਲੇ ਦਿਨ ਹੀ ਉਸਦੇ ਮਸਤਕ ਤੇ ਲੇਖਾ ਲਿਖ ਦਿਤਾ ਹੈ ਅਰ ਓਹ ਕਰਤਾ ਸਰਬ ਜੀਆਂ ਦੇ ਕਰਨ ਵਾਲਾ ਹੈ ਅਤੇ ਸਰਬ ਦੇ ਕਰਮਾਂ ਨੂੰ ਦੇਖਦਾ ਹੈ ਗੁਰੂ ਨਾਨਕ ਜੀ ਕਹਿੰਦੇ ਹੈਨ ਕਿ ਓਹ ਆਪ ਭੀ ਸਚਾ ਹੈ ਅਤੇ ਉਸਦੀ ਭਗਤਿ ਭੀ ਸਚੀ ਹੈ ਤਾਂਤੇ ਮੇਰੀ ਬੰਦਨਾ ਜੁ ਹੈ ਸੋ ਓਸੇ ਨੂੰ ਹੈ ਜੋ ਦੇਸ ਕਾਲ ਵਸਤ ਦੇ ਪ੍ਰਛੇਦ ਥੀ ਰਹਿਤ ਹੈ ਅਰ ਸਰਬ ਦੀ ਆਦਿ ਹੈ ਅਤੇ ਉਸਦੀ ਗਣਤੀ ਨਹੀਂ ਗਣੀ ਜਾਂਦੀ ਅਤੇ ਜਿਸਦੀ ਆਦਿ ਕਾਈ ਨਹੀਂ ਅਤੇ ਜੁਗਾਂ ਜੁਗਾਂ ਵਿਚ ਇਕ ਡਾਟ ਹੈ ॥ ੩੧ ॥

ਇਕਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ ॥ ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ ॥ ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ ॥ ਸੁਣਿ ਗਲਾ ਅਕਾਸ ਕੀ ਕੀਟਾ ਆਈ ਰੀਸ ॥ ਨਾਨਕ ਨਦਰੀ ਪਾਈਐ ਕੂੜੀ ਕੂੜੈ ਠੀਸ ॥ ੩੨ ॥

ਸਿਧਾਂ ਕਹਿਆ ਉਸ ਮਹਾਰਾਜ ਦਾ ਕੁਛ ਅੰਤ ਕਹੋ ਤਾਂ ਬਾਬਾ ਬੋਲਿਆ ਕਿ ਇਕ ਜਿਹਬਾ ਥੀ ਲਖ ਹੋਵਨ ਅਤੇ ਇਕ ਇਕ ਜੀਭ ਦੇ ਅਗਰ ਲਖ ਲਖ ਚੁੰਝਾਂ ਬੋਲਣ ਵਾਲੀਆਂ ਹੋਵਨ ਅਤੇ ਇਕਸ ਇਕਸ ਚੁੰਝ ਨਾਲ ਲਖ ਲਖ ਵਾਰੀ

ਏਕ ਨਾਮ ਜਗਦੀਸ ਦਾ ਜਪੈ ਸੋ ਇਸ ਰਾਹਿ ਦੇ ਵਿਚ ਪਤਦੀਆਂ ਪੌੜੀਆਂ ਹੈਨ ਅਤੇ ਜੋ ਇਸ ਪ੍ਰਕਾਰ ਅਠ ਪਹਰ ਭਜਨ ਕਰਦੇ ਹੈਨ ਸੋ ਓਨਾਂ ਦੇ ਅੰਤਹ ਕਰਨ ਸੁਧ ਹੁੰਦੇ ਹਨ ਅਤੇ ਗਿਆਨ ਨੂੰ ਪ੍ਰਾਪਤ ਹੋ ਕੇ ਬ੍ਰਹਮ ਨਾਲ ਉਨਾਂ ਦੀ ਏਕਤਾ ਹੋਂਦੀ ਹੈ ਅਥਵਾ ਵੀਹਾਂ ਬਿੰਦੀਆਂ ਤਕ ਤ੍ਰਿਹਗੁਣਾ ਦੀ ਗਣਤੀ ਹੈ ਅਤੇ ਇਕੀਹਵੀ ਭੁਰੀਆ ਹੈ ਤਾਂਤੇ ਅੰਕ ਸੋ ਭਜਨ ਕਰਨ ਵਾਲੇ ਤੁਰੀਆ ਨੂੰ ਪ੍ਰਾਪਤ ਹੋਂਦੇ ਹਨ ਅਤੇ ਗਿਆਨ ਜੋ ਹੈ ਸੋ ਮਹਾਂ ਪੁਰਖਾਂ ਦਾ ਕਰਮ ਪਰ ਦੇਹ ਅਭਿਮਾਨੀ ਜੋ ਬਿਖਈ ਹੈਨ ਸੋ ਗਿਆਨ ਦੇ ਅਧਿਕਾਰੀ ਨਹੀਂ ਜੈਸੇ ਪੰਖੀਆਂ ਨੂੰ ਅਕਾਸ ਵਿਚ ਉਡਦੇ ਦੇਖਕੇ ਤੇ ਕੀੜੀਆਂ ਨੂੰ ਰੀਸ ਆਵੈ ਅਰ ਅਕਾਸ ਨੂੰ ਪਹੁੰਚ ਨਹੀਂ ਸਕਦੀਆਂ ਤੈਸੇ ਜੋ ਵਿਖਈ ਕਹਿਨ ਕਿ ਅਸੀਂ ਬ੍ਰਹਮ ਹਾਂ ਸੋ ਸੋਭਾ ਨਹੀਂ ਪਾਂਵਦੇ ਗੁਰੂ ਨਾਨਕ ਜੀ ਕਹਿੰਦੇ ਹੈਨ ਕਿ ਸਤਿਗੁਰਾਂ ਦੇ ਦੁਆਰੇ ਗਿਆਨ ਨੂੰ ਪ੍ਰਾਪਤ ਹੋਂਦਾ ਹੈ ਅਤੇ ਜੋ ਗੁਰਾਂ ਦੇ ਮਿਲੇ ਬਿਨਾ ਕਹਿੰਦੇ ਹਨ ਕਿ ਅਸਾਨੂੰ ਆਪੋ ਕਿਸੇ ਸਾਧਨਾ ਕਰਕੇ ਅਰ ਕਿਸੇ ਦੇਵਤੇ ਦੇ ਵਰ ਕਰਕੇ ਗਿਆਨ ਹੋਇਆ ਹੈ ਸੋ ਕੂੜੇ ਹੈਨ ਅਰ ਉਨਾਂ ਦੀਆਂ ਕੂੜੀਆਂ ਠੀਸਾਂ ਹੈਨ ॥ ੩੨ ॥

ਆਖਣਿ ਜੋਰੁ ਚੁਪੈ ਨਹ ਜੋਰੁ ॥ ਜੋਰੁ ਨ ਮੰਗਣਿ ਦੇਣਿ ਨ ਜੋਰੁ ॥ ਜੋਰੁ ਨ ਜੀਵਣਿ ਮਰਣਿ ਨਹ ਜੋਰੁ ॥ ਜੋਰੁ ਨ ਰਾਜਿ ਮਾਲਿ ਮਨਿ ਸੋਰੁ ॥ ਜੋਰੁ ਨ ਸੁਰਤੀ ਗਿਆਨ ਵੀਚਾਰਿ ॥ ਜੋਰੁ ਨ ਜੁਗਤੀ ਛੁਟੈ ਸੰਸਾਰੁ ॥ ਜਿਸੁ ਹਥਿ ਜੋਰੁ ਕਰਿ ਵੇਖੈ ਸੋਇ ॥ ਨਾਨਕ ਉਤਮੁ ਨੀਚ ਨ ਕੋਇ ॥ ੩੩ ॥

ਬਾਬਾ ਜੀ ਕਹੈ ਹੈ ਕਿ ਵਾਹਿਗੁਰੂ ਜੀ ਦੀ ਸਿਫਤ ਆਖਣ ਦਾ ਭੀ ਜੋਰ ਇਸ ਜੀਅ ਪਾਸ ਨਹੀਂ ਅਰ ਸਮਾਧਾਂ ਲਵਣ ਦਾ ਭੀ ਇਸ ਪਾਸ ਜੋਰ ਨਹੀਂ ਅਰ ਮੰਗਣ ਦਾ ਭੀ ਇਸ ਕੋਲ ਜੋਰ ਨਹੀਂ ਅਤੇ ਦਾਨ ਦੇਵਣ ਦਾ ਭੀ ਇਸ ਤੇ ਜੋਰ ਨਹੀਂ ਅਰ ਜੀਵਣ ਦਾ ਭੀ ਇਸ ਪਾਸ ਜੋਰ ਨਹੀਂ ਅਰ ਮਰਣ ਦਾ ਭੀ ਇਸ ਕੋਲ ਜੋਰ ਨਹੀਂ ਅਤੇ ਰਾਜ ਮਾਲ ਲੈਣੇ ਦਾ ਭੀ ਇਸ ਕੋਲ ਜੋਰ ਨਹੀਂ ਅਤੇ ਬੇਦਾਂ ਦੇ ਗਿਆਨ ਵੀਚਾਰਨ ਦਾ ਭੀ ਇਸ ਪਾਸ ਜੋਰ ਨਹੀਂ ਅਤੇ ਸੰਸਾਰ ਦੇ ਛੁਟਨ ਦੀ ਜੁਗਤਿ ਭੀ ਇਸਦੇ ਹਥਿ ਨਹੀਂ ਤਾਂਤੇ ਜਿਸ ਵਾਹਗੁਰੂ ਦੇ ਹਥਿ ਜੋਰ ਹੈ ਸੋ ਓਹ ਜੋਰ ਦੇਂਦਾ ਹੈ ਅਤੇ ਵੇਖਦਾ ਹੈ ਅਤੇ ਜਿਸਨੂੰ ਸਾਂਤਕੀ ਗੁਣ ਦੇਂਦਾ ਹੈ ਸੋ ਉਤਮ ਹੋਂਦਾ ਹੈ ਅਰ ਜਿਸਨੂੰ ਰਾਜਸੀ ਗੁਣ ਦੇਂਦਾ ਹੈ ਸੋ ਮਧਮ ਹੋਂਦਾ ਹੈ ਅਰ ਜਿਸਨੂੰ ਤਾਮਸੀ ਗੁਣ ਦੇਂਦਾ ਹੈ ਸੋ ਨੀਚ ਹੋਂਦਾ ਹੈ ਅਰ ਹੋਰ ਉਤਮ ਨੀਚ ਕੋਈ ਨਹੀਂ ॥ ੩੩ ॥

ਰਾਤੀ ਰੁਤੀ ਥਿਤੀ ਵਾਰ ॥ ਪਵਣ ਪਾਣੀ ਅਗਨੀ ਪਾਤਾਲ ॥ ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ ॥ ਤਿਸੁ ਵਿਚਿ ਜੀਅ ਜੁਗਤਿ ਕੇ ਰੰਗ ॥ ਤਿਨ ਕੇ ਨਾਮ ਅਨੇਕ ਅਨੰਤ ॥ ਕਰਮੀ ਕਰਮੀ ਹੋਇ ਵੀਚਾਰੁ ॥ ਸਚਾ ਆਪਿ ਸਚਾ ਦਰਬਾਰੁ ॥ ਤਿਥੈ ਸੋਹਨਿ ਪੰਚ ਪਰਵਾਣੁ ॥ ਨਦਰੀ ਕਰਮਿ ਪਵੈ ਨੀਸਾਣੁ ॥ ਕਚ ਪਕਾਈ ਓਥੈ ਪਾਇ ॥ ਨਾਨਕ ਗਇਆ ਜਾਪੈ ਜਾਇ ॥ ੩੪ ॥

ਤਾਂ ਬਾਬੇ ਕਹਿਆ ਕਿ ਵਾਹਗੁਰੂ ਨੇ ਜੀਆਂ ਦੇ ਸੁਖ ਵਾਸਤੇ ਅਰ ਭਜਨ ਵਾਸਤੇ ਰਾਤੀ ਬਣਾਈਆਂ ਹੈਨ ਅਤੇ ਜੀਆਂ ਦੇ ਸੁਖ ਵਾਸਤੇ ਰੁਤੀ ਅਰ ਥਿਤਾਂ ਅਰ ਵਾਰ ਅਤੇ ਪਵਣ ਅਰ ਪਾਣੀ ਅਤੇ ਅਗਨ ਅਰ ਪਾਤਾਲ ਹੋਏ ਹਨ ਅਰ ਤਿਸ ਵਿਚ ਧਰਤੀ ਜੀਆਂ ਦੇ ਰਹਿਣ ਵਾਸਤੇ ਧਰਮਸਾਲਾ ਬਣਾਈ ਹੈ ਸੋ ਤਿਸ ਵਿਚ ਨਾਨਾ ਪ੍ਰਕਾਰ ਦੇ ਜੀਅ ਹਨ ਅਰ ਨਾਨਾ ਪ੍ਰਕਾਰ ਦੀਆਂ ਜੁਗਤਾਂ ਅਤੇ ਰੰਗ ਹੈਨ ਜੋ ਤਿਨਾਂ ਦੇ ਨਾਮ ਅਨੇਕ ਅਰ ਅਨੰਤ ਹਨ ਅਤੇ ਓਹ ਆਪੋ ਆਪਣਿਆਂ ਕਰਮਾਂ ਦੇ ਅਨਸਾਰ ਸਭ ਭੋਗ ਭੋਗਦੇ ਹੈਨ ਅਤੇ ਵਾਹਗੁਰੂ ਆਪ ਭੀ ਸਚਾ ਹੈ ਅਰ ਉਸਦਾ ਦਰਬਾਰ ਭੀ ਸਚਾ ਹੈ ਅਰ ਪੁੰਨ ਵਾਲਿਆਂ ਨੂੰ ਸੁਖ ਭੁਗਾਂਵਦਾ ਹੈ ਅਤੇ ਪਾਪ ਵਾਲਿਆਂ ਨੂੰ ਦੁਖ ਭੁਗਾਂਵਦਾ ਹੈ ਪਰ ਤਿਥੇ ਸੋਈ ਸੋਭਾ ਪਾਂਵਦੇ ਹਨ ਜਿਨਾਂ ਦੇ ਵਿਚ ਦੈਵੀ ਸੰਪਦਾ ਦੇ ਪੰਜ ਗੁਣ ਸੰਤੋਖਿ ਆਦਿਕ ਹੋਂਦੇ ਹਨ ਅਰ ਜਿਨਾਂ ਦੇ ਉਪਰ ਸਤਿਗੁਰਾਂ ਦੀ ਕ੍ਰਿਪਾ ਦੀ ਦ੍ਰਿਸਟ ਹੈ ਨਾਮ ਦਾ ਨੀਸਾਨ ਉਨਾ ਨੂੰ ਪ੍ਰਾਪਤ ਹੋਂਦਾ ਹੈ ॥ ਅਰ ਜੋ ਝੂਠ ਤੇ ਸਚ ਹੈ ਸੋ ਸਾਧ ਸੰਗਤ ਵਿਚ ਗਇਆਂ ਮਲੂਮ ਹੋਂਦਾ ਹੈ ਕਜੋਂਕਿ ਜਗਤ ਝੂਠ ਹੈ ਅਤੇ ਬ੍ਰਹਮ ਸਤ ਹੈ ਪਰ ਗੁਰੂ ਨਾਨਕ ਜੀ ਕਹਿੰਦੇ ਹੈਨ ਕਿ ਓਥੇ ਗੁਰਦੁਆਰੇ ਗਇਆਂ ਹੋਇਆ ਗਿਆਨ ਨੂੰ ਜਾਣੀਦਾ ਹੈ ॥ ੩੪ ॥

ਧਰਮ ਖੰਡ ਕਾ ਏਹੋ ਧਰਮੁ ॥ ਗਿਆਨ ਖੰਡ ਕਾ ਆਖਹੁ ਕਰਮੁ ॥ ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ ॥ ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ ॥ ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧੂ ਉਪਦੇਸ ॥ ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ ॥ ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ ॥ ਕੇਤੇ ਦੇਵ ਦਾਨਵ ਮੁਨਿ ਕੇਤੇ ਕੇਤੇ ਰਤਨ ਸਮੁੰਦ ॥ ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ ॥ ਕੇਤੀਆ ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨ ਅੰਤੁ ॥ ੩੫ ॥

ਤਾਂ ਸਿਧਾਂ ਕਹਿਆ ਕਿ ਜੋ ਕੋਈ ਜਗਯ ਹੋਮ ਦਾਨ ਪੁੰਨ ਕਰਦੇ ਹੈਨ ਸੋ ਤਾਂ

ਬ੍ਰਹਮੇਂ ਦਾ ਲੋਕ ਜੋ ਧਰਮ ਦਾ ਖੰਡ ਹੈ ਓਥੇ ਜਾਇ ਕਰ ਸੁਖ ਭੋਗਦੇ ਹਨ ਪਰ ਜੋ ਗਯਾਨੀ ਹਨ ਸੋ ਓਹ ਕਉਨ ਸੇ ਲਛਨ ਕਰਤੇ ਹਨ ਅਰ ਕਿਸ ਖੰਡ ਨੂੰ ਪ੍ਰਾਪਤ ਹੋਂਦੇ ਹਨ ਤਾਂ ਬਾਬਾ ਬੋਲਿਆ ਕਿ ਗਿਆਨੀਆਂ ਦਾ ਮਹਾਰਾਜ ਥੀ ਨਿਆਰਾ ਖੰਡ ਕੋਈ ਨਹੀਂ ਕਯੋਂਕਿ ਏਹ ਸਰੂਪ ਦੇ ਲਾਭ ਕਰਕੇ ਜੀਂਵਦਿਆਂ ਹੀ ਵਾਸਨਾਂ ਦੇ ਬੰਧਨਾਂ ਵਿਚੋਂ ਮੁਕਤ ਹੋਂਵਦੇ ਹਨ ਅਤੇ ਹੋਰ ਖੰਡ ਭੀ ਅਤੇ ਖੰਡਾਂ ਦੇ ਵਸਨੇ ਵਾਲੇ ਭੀ ਮਿਥਿਆ ਜਾਣਦੇ ਹਨ ਅਰ ਉਨਾਂ ਦੀ ਦ੍ਰਿਸਟ ਦੇ ਅਗੇ ਕੇਤੇ ਪਵਣ ਹੈਨ ਅਰ ਕਈ ਪਾਣੀ ਹੈਨ ਅਰ ਕਈ ਬੈਸੰਤਰ ਅਰ ਕੇਤੇ ਕਾਨ ਅਰ ਕੇਤੇ ਸਦਾ ਸਿਵ ਅਰ ਕੇਤੇ ਬਰਮੇਂ ਘਾੜਤ ਘੜਨ ਵਾਲੇ ਅਰ ਕੇਤੇ ਰੂਪ ਅਰ ਕੇਤੇ ਰੰਗ ਅਰ ਕੇਤੇ ਵੇਸ ਅਰ ਕਿਤਨੀਆਂ ਧਰਤੀਆਂ ਅਰ ਕੇਤੇ ਪਰਬਤ ਅਰ ਕੇਤੇ ਧ੍ਰੂਅ ਅਰ ਕੇਤੇ ਉਨਾਂ ਦੇ ਉਪਦੇਸ ਕਰਨ ਵਾਲੇ ਨਾਰਦ ਅਰ ਇੰਦ੍ਰ ਕੇਤੇ ਅਰ ਸੂਰਜ ਕੇਤੇ ਅਰ ਨਗਰ ਕੇਤੇ ਅਰ ਦੇਸ ਕੇਤੇ ਅਰ ਸਿਧ ਕੇਤੇ ਅਰ ਬੁਧਵਾਨ ਕੇਤੇ ਅਰ ਨਾਥ ਕੇਤੇ ਅਰ ਦੇਵੀਆਂ ਕੇਤੀਆਂ ਅਰ ਉਨਾਂ ਦੇ ਵੇਸ ਕੇਤੇ ਅਰ ਦੇਵਤੇ ਤੇ ਦਾਨਵ ਤੇ ਮੁਨੀਸਰ ਕੇਤੇ ਅਤੇ ਰਤਨ ਕੇਤੇ ਤੇ ਸਮੁੰਦਰ ਕੇਤੇ ਅਰ ਖਾਨੀਆਂ ਕੇਤੀਆਂ ਅਰ ਬਾਣੀਆਂ ਕੇਤੀਆਂ ਅਰ ਪਿਆਦੇ ਕੇਤੇ ਅਰ ਰਾਜੇ ਕੇਤੇ ਅਰ ਵੇਦ ਕੇਤੇ ਅਰ ਉਨਾਂ ਦੇ ਸ੍ਰਵਨ ਕਰਨ ਵਾਲੇ ਕੇਤੇ ਗੁਰੂ ਨਾਨਕ ਜੀ ਕਹਿੰਦੇ ਹੈਨ ਕਿ ਜਿਤਨੇ ਨਾਮ ਤੇ ਰੂਪ ਹੈਂ ਸੋ ਸਭ ਮਾਇਆ ਦੀ ਉਪਾਦ ਹੈਨ ਅਤੇ ਗਿਆਨੀ ਨਿਰ ਉਪਾਧ ਆਤਮਾਂ ਨੂੰ ਜਾਣਦੇ ਹਨ ਅਰ ਜੈਸੇ ਬਦਲ ਦ੍ਰਿਸਟ ਨੂੰ ਅਵਰਨ ਕਰਦਾ ਹੈ ਪਰ ਸੂਰਜ ਨੂੰ ਅਵਰਨ ਨਹੀਂ ਕਰਦਾ ਤੈਸੇ ਮਾਇਆ ਅੰਤਹਕਰਣ ਨੂੰ ਛਾਦਤੀ ਹੈ ਪਰ ਬ੍ਰਹਮ ਨੂੰ ਨਹੀਂ ਛਾਦਤੀ ਅਰ ਜੈਸੇ ਘਟ ਜਹਾਂ ਫੁਟਦਾ ਹੈ ਤਹਾਂ ਘਟ ਅਕਾਸ ਮਹਿਤ ਅਕਾਸ ਵਿਚ ਮਿਲ ਜਾਂਦਾ ਹੈ ਤੈਸੇ ਗਿਆਨੀਆਂ ਦਾ ਸਰੀਰ ਫੁਟਦਾ ਹੈ ਤਾਂ ਵਾਹਗੁਰੂ ਵਿਚ ਸਮਾ ਜਾਂਦੇ ਹੈਨ ॥ ੩੫ ॥

ਗਿਆਨ ਖੰਡ ਮਹਿ ਗਿਆਨੁ ਪਰਚੰਡੁ ॥ ਤਿਥੈ ਨਾਦ ਬਿਨੋਦ ਕੋਡ ਅਨੰਦੁ ॥ ਸਰਮ ਖੰਡ ਕੀ ਬਾਣੀ ਰੂਪੁ ॥ ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ ॥ ਤਾ ਕੀਆ ਗਲਾ ਕਥੀਆ ਨਾ ਜਾਹਿ ॥ ਜੇ ਕੋ ਕਹੈ ਪਿਛੈ ਪਛੁਤਾਇ ॥ ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ ॥ ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ ॥੩੬॥

ਸਿਧਾਂ ਪੁਛਿਆ ਗਿਆਨ ਦੇ ਖੰਡ ਵਿਚ ਉਜਾਲਾ ਕਿਸ ਦਾ ਹੁੰਦਾ ਹੈ ਕਯੋਂਕਿ ਤ੍ਰਿਲੋਕੀ ਵਿਚ ਸੂਰਜ ਤੇ ਚੰਦ੍ਰਮਾਂ ਦਾ ਉਜਾਲਾ ਹੈ ਤਾਂ ਬਾਬੇ ਕਹਿਆ ਗਿਆਨ ਸੁਤਾ ਪ੍ਰਕਾਸ ਹੈ ਅਰ ਜਿਸ ਦੇ ਪ੍ਰਕਾਸ ਕਰ ਸੂਰਜ ਚੰਦ੍ਰਮਾਂ ਨੂੰ ਪ੍ਰਕਾਸ ਹੈ ਅਤੇ ਸੂਰਜ ਚੰਦ੍ਰਮਾ ਦਾ ਪ੍ਰਕਾਸ ਰਾਤ ਦੇ ਅੰਧੇਰੇ ਨੂੰ ਮਿਟਾਵਦਾ ਹੈ ਪਰ ਗਿਆਨ ਦਾ ਪ੍ਰਕਾਸ

ਅਗਿਆਨ ਦੇ ਅੰਧੇਰੇ ਨੂੰ ਮਿਟਾਂਵਦਾ ਹੈ ਅਰ ਅਗਿਆਨ ਦੇ ਦੁਖ ਨੂੰ ਭੀ ਮਿਟਾਂਵਦਾ ਹੈ ਸੋ ਗਿਆਨੀ ਗੁਰਾਂ ਦਾ ਸਬਦ ਸੁਣਕੇ ਸਦਾ ਸੁਖੀ ਰਹਿੰਦੇ ਹੈਨ ਅਰ ਜੋ ਜਗਿਆਸੀ ਹੈਂ ਉਨਾਂ ਦਾ ਰਿਦਾ ਪਾਪਾਂ ਪੁੰਨਾਂ ਨੂੰ ਚਾਹੁੰਦਾ ਹੈ ਪਰ ਜਦ ਗਿਆਨੀਆਂ ਦਾ ਸਰਮ ਕਰਦੇ ਹੈਨ ਤਾਂ ਪਾਪਾਂ ਤੋਂ ਰਹਤ ਹੋਂਦੇ ਹੈਂ ਅਰ ਉਨਾਂ ਦਾ ਮਨ ਅਤੇ ਮਹਾਂ ਸੁੰਦਰ ਘੜੀਦੇ ਹਨ ਅਰ ਜੋ ਗੁਣ ਉਨਾਂ ਨੂੰ ਪ੍ਰਾਪਤ ਹੋਂਦੇ ਹੈਨ ਸੋ ਉਨਾਂ ਦੀਆਂ ਗਲਾਂ ਕਹੀਆਂ ਨਹੀਂ ਜਾਂਦੀਆਂ ਕਯੋਂਕਿ ਜੋ ਕੋਈ ਕਹਿੰਦਾ ਹੈ ਸੋ ਪਿਛੋਂ ਪਛੋਤਾਂਵਦਾ ਹੈ ਤਾਂ ਸਿਧਾਂ ਆਖਿਆ ਕੁਛਕ ਉਨਾਂ ਦੇ ਗੁਣ ਭੀ ਵਖਿਆਨ ਕਰੋ ਤਾਂ ਬਾਬੇ ਕਹਿਆ ਉਨਾਂ ਦੀ ਸੁਰਤ ਉਜਲ ਹੋਕੇ ਪਰਮੇਸਰ ਵਲ ਆਂਵਦੀ ਹੈ ਅਰ ਮਤ ਤੇ ਬੁਧਿ ਉਜਲ ਹੋਂਦੀ ਹੈ ਅਰ ਸੁਰ ਜੋ ਦੇਵਤੇ ਹਨ ਅਰ ਸਿਧ ਜੋ ਜੋਗੀ ਹਨ ਸੋ ਉਨਾਂ ਦੀਆਂ ਬੁਧਾਂ ਵਿਚ ਪਰਮੇਸਰ ਦੀ ਸੁਧ ਹੋਂਦੀ ਹੈ ॥ ੩੬ ॥

ਕਰਮ ਖੰਡ ਕੀ ਬਾਣੀ ਜੋਰੁ ॥ ਤਿਥੈ ਹੋਰੁ ਨ ਕੋਈ ਹੋਰੁ ॥ ਤਿਥੈ ਜੋਧ ਮਹਾਬਲ ਸੂਰ ॥ ਤਿਨ ਮਹਿ ਰਾਮੁ ਰਹਿਆ ਭਰਪੂਰ ॥ ਤਿਥੈ ਸੀਤੋ ਸੀਤਾ ਮਹਿਮਾ ਮਾਹਿ ॥ ਤਾ ਕੇ ਰੂਪ ਨ ਕਥਨੇ ਜਾਹਿ ॥ ਨਾ ਓਹਿ ਮਰਹਿ ਨ ਠਾਗੇ ਜਾਹਿ ॥ ਜਿਨ ਕੈ ਰਾਮੁ ਵਸੈ ਮਨ ਮਾਹਿ ॥ ਤਿਥੈ ਭਗਤ ਵਸਹਿ ਕੇ ਲੋਅ ॥ ਕਰਹਿ ਅਨੰਦੁ ਸਚਾ ਮਨਿ ਸੋਇ ॥ ਸਚਖੰਡਿ ਵਸੈ ਨਿਰੰਕਾਰੁ ॥ ਕਰਿ ਕਰਿ ਵੇਖੈ ਨਦਰਿ ਨਿਹਾਲ ॥ ਤਿਥੈ ਖੰਡ ਮੰਡਲ ਵਰਭੰਡ ॥ ਜੇ ਕੋ ਕਥੈ ਤ ਅੰਤ ਨ ਅੰਤ ॥ ਤਿਥੈ ਲੋਅ ਲੋਅ ਆਕਾਰ ॥ ਜਿਵ ਜਿਵ ਹੁਕਮੁ ਤਿਵੈ ਤਿਵ ਕਾਰ ॥ ਵੇਖੈ ਵਿਗਸੈ ਕਰਿ ਵੀਚਾਰੁ ॥ ਨਾਨਕ ਕਥਨਾ ਕਰੜਾ ਸਾਰੁ ॥ ੩੭ ॥

ਸਿਧਾਂ ਪੁਛਿਆ ਜੋ ਨਿਹਕਾਮ ਹੋਕੇ ਮਹਾਰਾਜ ਦੀ ਭਗਤਿ ਕਰਦੇ ਹਨ ਅਰ ਨਾਮ ਦਾਨ ਇਸਨਾਨ ਏਹ ਕਰਮ ਕਰਦੇ ਹਨ ਸੋ ਕਿਸ ਪਦਵੀ ਨੂੰ ਪ੍ਰਾਪਤਿ ਹੋਂਦੇ ਹਨ ਤਾਂ ਬਾਬੇ ਕਹਿਆ ਕਿ ਨਿਹਕਾਮ ਕਰਮ ਦੀ ਜੋ ਬਾਣੀ ਹੈ ਸੋ ਬਡੀ ਬਲਵਾਨ ਹੈ ਅਰ ਸੇਵਕ ਨੂੰ ਸੁਆਮੀ ਵਿਚ ਪ੍ਰਾਪਤ ਕਰਦੀ ਹੈ ਅਤੇ ਜਿਥੇ ਮਹਾਰਾਜ ਦੇ ਭਗਤ ਪਹੁੰਚਦੇ ਹੈਂ ਤਿਥੇ ਹੋਰ ਕਰਮਾਂ ਵਾਲਾ ਕੋਈ ਨਹੀਂ ਪਹੁੰਚਦਾ ਅਰ ਜੋ ਚਾਰ ਪ੍ਰਕਾਰ ਦੀਆਂ ਮੁਕਤਾਂ ਹੈਂ ਸੋ ਸਭ ਉਪਾਸਨਾ ਵਾਲੇ ਭੋਗਦੇ ਹਨ ਅਰ ਚਾਰ ਪ੍ਰਕਾਰ ਦੇ ਹੀ ਉਪਾਸਕ ਹੈਂ ਜੋ ਇਕ ਬਾਣੀ ਦਾ ਅਭਿਆਸ ਕਰਦੇ ਹੈਂ ਅਤੇ ਕੁਛ ਪਾਪ ਉਨਾਂ ਦੇ ਮਿਟਦੇ ਹਨ ਅਰ ਕੁਛ ਰਹਿੰਦੇ ਹਨ ਸੋ ਸਾਲੋਕ ਮੁਕਤ ਨੂੰ ਪ੍ਰਾਪਤ ਹੋਂਦੇ ਹਨ ॥ ਅਰ ਬਾਣੀ ਦਾ ਅਭਿਆਸ ਕਰ ਜਿਨਾਂ ਦੇ ਬਹੁਤੇ ਖੋਟੇ ਕਰਮ ਮਿਟੇ ਹਨ ਅਰ ਥੋੜੇ ਰਹੇ ਹੈਂ ਸੋ ਸਰੂਪ ਮੁਕਤ ਨੂੰ ਪ੍ਰਾਪਤ ਹੋਂਦੇ ਹਨ ਅਰ ਜੋ ਸਭੇ ਬਿਕਾਰ ਮਿਟਾਂਵਦੇ ਹਨ ਸੋ ਸਮੀਪ ਮੁਕਤਿ

ਨੂੰ ਪ੍ਰਾਪਤਿ ਹੋਂਦੇ ਹਨ ॥ ਅਰ ਜਿਨਾਂ ਦਾ ਮਨ ਗੁਰਾਂ ਦੀ ਬਾਣੀ ਵਿਚ ਲੀਨ ਹੋ ਜਾਂਦਾ ਹੈ ਸੋ ਸਾਜੁਜ ਮੁਕਤਿ ਨੂੰ ਪ੍ਰਾਪਤਿ ਹੋਂਦਾ ਹੈ ॥ ਤਾਂ ਸਿਖਾਂ ਭਾਈ ਮਨੀ ਸਿੰਘ ਪਾਸ ਪ੍ਰਸਨ ਕੀਤਾ ਕਿ ਇਨਾਂ ਚੌਹਾਂ ਮੁਕਤਾਂ ਦਾ ਸਾਨੂੰ ਰੂਪ ਬੰਨ ਕੇ ਦਿਖਾਵੋ ਤਾਂ ਭਾਈ ਮਨੀ ਸਿੰਘ ਜੀ ਕਹਿਆ ਕਿ ਸਾਲੋਕ ਮੁਕਤ ਉਸਨੂੰ ਕਹਿੰਦੇ ਹਨ ਜੋ ਬੈਕੁੰਠ ਧਾਮ ਵਿਚ ਜਾ ਬਸਣਾ ਜੈਸੇ ਕੋਈ ਰਾਮਦਾਸ ਪੁਰੇ ਜਾ ਬਸੇ ਸੋ ਰਾਮਦਾਸ ਪੁਰੇ ਗਰੀਬ ਡੂਗਰ ਸਭ ਰਹਿੰਦੇ ਹਨ ਪਰ ਏਹ ਬਾਤ ਹੈ ਕਿ ਹੋਰਥੇ ਭੈ ਹੁੰਦਾ ਹੈ ਪਰ ਗੁਰੂ ਦੀ ਜਾਗਾਂ ਨਿਰਭੈ ਹੋਈਦਾ ਹੈ ਅਰ ਸਾਰੂਪ ਮੁਕਤ ਉਸਨੂੰ ਕਹਿੰਦੇ ਹਨ ਕਿ ਜੈਸੇ ਵਿਸਨ ਕਾ ਰੂਪ ਚਤਰਭੁਜ ਹੈ ਅਰ ਸਭ ਈਸੂਰਜ ਉਸ ਮੈਂ ਪਾਏ ਜਾਂਦੇ ਹਨ ਸੋ ਤੈਸਾ ਹੀ ਓਹ ਭੀ ਹੋਵੈ ਜੋ ਜੈਸੇ ਰਾਮਦਾਸ ਪੁਰੇ ਵਸੇ ਅਰ ਕੇਸ ਕਛ ਕ੍ਰਿਪਾਨ ਏਹ ਚਿੰਨ ਭੀ ਹੋਵਨ ਤੇ ਸੁਖ ਭੀ ਸਭੇ ਹੋਵਣ ਤਾਂਤੇ ਸੋਈ ਸਾਰੂਪ ਮੁਕਤ ਹੈ ॥ ਅਰ ਸਮੀਪ ਮੁਕਤ ਉਸਨੂੰ ਕਹਦੇ ਹੈਨ ਕਿ ਜੈਸੇ ਅੰਮ੍ਰਿਤਸਰ ਦੇ ਚੌਫੇਰੇ ਜੋ ਬੁੰਗੇ ਹਨ ਸੋ ਉਨਾਂ ਬੁੰਗਿਆਂ ਤੇ ਭੀ ਰਹੇ ਅਰ ਗੁਰੂ ਜੀ ਦੇ ਦਰਬਾਰ ਗ੍ਰਿੰਥ ਸਾਹਿਬ ਜੀ ਦੇ ਪਾਸ ਭੀ ਜਾਵੇ ਅਤੇ ਸਬਦ ਭੀ ਸੁਣੇ ਤੈਸੇ ਬੈਕੁੰਠ ਵਿਚ ਭੀ ਪ੍ਰਾਪਤਿ ਹੋਵੈ ਅਤੇ ਚਤੁਰ ਭੁਜ ਸਰੂਪ ਭੀ ਹੋਵੇ ਅਰ ਈਸਰ ਦਾ ਨਿਕਟ ਵਰਤੀ ਭੀ ਹੋਵੈ ॥ ਅਰ ਸਾਜੁਜ ਮੁਕਤਿ ਉਸਨੂੰ ਕਹਿੰਦੇ ਹਨ ਕਿ ਜੋ ਗੁਰੂ ਦੇ ਦੁਆਰੇ ਭੀ ਬੈਠਣ ਵਾਲਾ ਹੋਵੇ ਅਤੇ ਸਰੂਪ ਭੀ ਖਾਲਸੇ ਜੀ ਦਾ ਹੋਵੈ ਅਰ ਸਬਦ ਭੀ ਸੁਣ ਕਰ ਮਨ ਨੂੰ ਹੋਰਨਾਂ ਸੰਕਲਪਾਂ ਵਿਚੋਂ ਹਟਾਕੇ ਸਬਦ ਦੇ ਤਾਤਪਰਜ ਵਿਚ ਜੋੜੇ ਅਰ ਦੇਹ ਅਭਿਮਾਨ ਨੂੰ ਭੀ ਮਿਟਾਵੇ ਤੈਸੇ ਬੈਕੁੰਠ ਨੂੰ ਭੀ ਪ੍ਰਾਪਤਿ ਹੋਂਦਾ ਹੈ ਅਰ ਮਹਾਰਾਜ ਦੇ ਸਰੂਪ ਵਿਚ ਭੀ ਲੀਨ ਹੁੰਦਾ ਹੈ ਸੋ ਏਹ ਸਾਜੁਜ ਮੁਕਤਿ ਕਹੀਦੀ ਹੈ ਸੋ ਏਹ ਸਭ ਮੁਕਤਾਂ ਮਹਾਰਾਜ ਦੇ ਭਗਤਾਂ ਨੂੰ ਪ੍ਰਾਪਤ ਹੋਂਦੀਆਂ ਹੈਨ ਅਰ ਫੇਰ ਅੰਤਹਕਰਨ ਸੁਧ ਕਰਕੈ ਤੇ ਜੀਵਨ ਮੁਕਤ ਅਰ ਵਿਦੇਹ ਮੁਕਤਿ ਨੂੰ ਭੀ ਪ੍ਰਾਪਤਿ ਹੋਂਦੇ ਹਨ ਅਰ ਜਿਥੇ ਭਗਤਿ ਪਹੁੰਚਦੇ ਹਨ ਓਥੇ ਕੋਈ ਹੋਰ ਨਹੀਂ ਪਹੁੰਚਦਾ ਅਰ ਤਿਥੇ ਜੋਧੇ ਜੋ ਮਹਾਬਲੀ ਸੂਰਮੇ ਹੈਨ ਅਰ ਦਰ ਮੇਂ ਸੋਹਦੇ ਹਨ ਅਰ ਮਹਾਬਲ ਕਹੀਏ ਕਿ ਜਿਨਾਂ ਦਾ ਮਨ ਤੇ ਉਤੇ ਬਲ ਹੋਵੇ ਅਰ ਇੰਦ੍ਰੀਆਂ ਅਤੇ ਵਾਸਨਾ ਨੂੰ ਰੋਕ ਕੇ ਜੋ ਮਨ ਨੂੰ ਵਸ ਕਰਦੇ ਹਨ ਸੋ ਤਿਨਾਂ ਦੇ ਵਿਚ ਰਾਮ ਦਾ ਨਾਮ ਪੂਰਨ ਹੋਂਦਾ ਹੈ ਅਰ ਝੂਠੀ ਮਨ ਦੀ ਮਨਉਤ ਦੂਰ ਹੋਂਦੀ ਹੈ ਤਾਂ ਸੇਖ ਆਤਮਾਂ ਦੀ ਸਤਾ ਹੋਂਦੀ ਹੈ ਤਾਂ ਸਿਧਾਂ ਕਹਿਆ ਕਿ ਜਿਥੇ ਰਾਮ ਹੋਂਦਾ ਹੈ ਤਿਥੈ ਸੀਤਾ ਭੀ ਹੋਂਦੀ ਹੈ ਅਰ ਸੀਤਾ ਮਹਾਰਾਜ ਦੀ ਮਾਇਆ ਹੈ ਸੋ ਮਹਾਰਾਜ ਦੇ ਨਿਕਟ ਹੀ ਹੋਂਦੀ ਹੈ ਤਾਂ ਬਾਬੇ ਕਹਿਆ ਕਿ ਓਥੇ ਓਹੋ ਸੀਤਾ

ਹੈਨ ਜੋ ਜਿਨਾਂ ਨੇ ਮਹਾਰਾਜ ਦੀ ਮਹਿਮਾ ਵਿਖੇ ਆਪਣਾ ਮਨ ਪਰੋਤਾ ਹੈ ਅਰ ਆਤਮ ਰੂਪੀ ਹੋਏ ਹਨ ਸੋ ਉਨਾਂ ਦਾ ਸਰੂਪ ਆਤਮ ਸਤਿਆ ਥੀ ਭਿੰਨ ਕੁਛ ਕਹਿਆ ਨਹੀਂ ਜਾਂਦਾ ਅਰ ਨਾ ਓਹ ਮਰਦੇ ਹਨ ਅਤੇ ਨਾ ਓਹ ਠਗੀਦੇ ਹਨ ਕਯੋਂਕਿ ਕਾਮ ਕ੍ਰੋਧਾਦਿਕ ਜੋ ਦੈਤ ਹਨ ਸੋ ਸੰਤਾਂ ਨੂੰ ਠਗ ਨਹੀਂ ਸਕਦੇ ਜੋ ਜਿਨਾਂ ਦੇ ਮਨ ਵਿਚ ਭਗਵੰਤ ਦਾ ਨਾਮ ਨਿਵਾਸ ਕਰਦਾ ਹੈ ਅਰ ਤਿਥੈ ਭਗਤਾਂ ਦੇ ਕਈ ਲੋਅ ਵਸਦੇ ਹਨ ਅਰ ਲੋਅ ਕਹੀਏ ਜੈਸੇ ਖੇਤੀ ਦਾ ਏਕ ਲਊ ਕਟ ਲਈਏ ਅਰ ਹੋਰ ਉਪਜੈ ਤੈਸੇ ਜੋ ਆਗੇ ਹੋਏ ਹੈਂ ਸੋ ਭੀ ਮਹਾਰਾਜ ਦੀ ਭਗਤਿ ਵਿਚ ਹੋਏ ਹੈਂ ਅਤੇ ਜੋ ਆਗੇ ਹੋਵੈਂਗੇ ਸੋ ਭੀ ਮਹਾਰਾਜ ਦੀ ਭਗਤਿ ਵਿਚ ਸਮਾਵੈਂਗੇ ਤਾਂਤੇ ਓਹ ਸਦਾ ਅਨੰਦ ਕਰਦੇ ਹਨ ਜਿਸਦੇ ਰਿਦੇ ਭਗਵਾਨ ਵਸਦਾ ਹੈ ਅਰ ਸਚਖੰਡ ਜੋ ਸਾਧ ਸੰਗਤ ਹੈ ਉਸਦੇ ਵਿਚ ਨਿਰੰਕਾਰ ਵਸਦਾ ਹੈ ਅਰ ਜੋ ਸਾਧ ਸੰਗਤ ਵਿਚ ਭਾਵਨੀ ਕਰਕੇ ਜਾਂਦੇ ਹਨ ਤਿਨਾਂ ਉਪਰ ਸਤਿਗੁਰਾਂ ਦੀ ਦ੍ਰਿਸਟ ਹੋਂਦੀ ਹੈ ਅਰ ਓਹ ਨਿਹਾਲ ਹੋਂਦੇ ਹਨ ਗੁਰੂ ਨਾਨਕ ਜੀ ਕਹਿੰਦੇ ਹੈਨ ਕਿ ਸਾਧ ਸੰਗਤ ਦੀ ਚਰਨ ਧੂੜ ਵਿਚ ਖੰਡ ਬ੍ਰਹਮੰਡ ਮੰਡਲ ਨਿਵਾਸ ਕਰਦੇ ਹਨ ਅਰ ਜੇ ਕੋਈ ਮਹਾਰਾਜ ਦੇ ਨਾਮ ਦੀ ਮਹਿਮਾ ਕਹੇ ਤਾਂ ਉਸਦੇ ਅੰਤ ਦਾ ਅੰਤ ਨਹੀਂ ਪਾਇਆ ਜਾਂਦਾ ਅਰ ਤਿਥੈ ਜੋ ਚਉਦਾਂ ਪੁਰੀਆਂ ਹੈਂ ਅਤੇ ਤ੍ਰੈ ਲੋਇ ਹੈ ਸੋ ਸਭ ਅਕਾਰ ਧਾਰਕੇ ਹਥ ਜੋੜੀ ਖਲੋਤੇ ਹਨ ਅਰ ਜਯੋਂ ਜਯੋਂ ਹੀ ਵਾਹਗੁਰੂ ਦਾ ਹੁਕਮ ਹੋਂਦਾ ਹੈ ਤਿਵੈਂ ਤਿਉਂ ਕਾਰ ਕਰਦੇ ਹਨ ਅਰ ਵਾਹਗੁਰੂ ਉਨਾਂ ਨੂੰ ਵੇਖਦਾ ਹੈ ਅਤੇ ਵਿਗਸਦਾ ਹੈ ਅਰ ਉਨਾਂ ਦੇ ਗੁਣਾਂ ਦਾ ਵੀਚਾਰ ਕਰਦਾ ਹੈ ਗੁਰੂ ਨਾਨਕ ਜੀ ਕਹਿੰਦੇ ਹੈਨ ਕਿ ਵਾਹਗੁਰੂ ਦੇ ਨਾਮ ਦੀ ਮਹਿਮਾ ਜੋ ਕਹਿਣੀ ਹੈ ਸੋ ਸਾਰ ਦੀ ਨਿਆਈ ਕਰੜੀ ਹੈ ਅਰ ਸਾਰ ਸੁਵਰਨ ਨੂੰ ਭੀ ਕਹੀਦਾ ਹੈ ਅਤੇ ਪੁਲਾਦ ਨੂੰ ਭੀ ਕਹੀਦਾ ਹੈ ਸੋ ਜੈਸੇ ਸਾਰ ਹਰ ਕਿਸੇ ਤੇ ਘੜਿਆ ਨਹੀਂ ਜਾਂਦਾ ਤੈਸੇ ਮਹਾਰਾਜ ਦੀ ਮਹਿਮਾ ਹਰਿ ਕਿਸੇ ਤੋਂ ਕਹੀ ਨਹੀਂ ਜਾਂਦੀ ॥ ਅਰ ਜੈਸੇ ਸੁਇਨੇ ਨੂੰ ਸੁਨਿਆਰਾ ਹੀ ਘੜਦਾ ਹੈ ਅਰ ਸਾਰ ਨੂੰ ਲੁਹਾਰ ਹੀ ਘੜਦਾ ਹੈ ਤੈਸੇ ਮਹਾਰਾਜ ਦੀ ਮਹਿਮਾ ਭਗਤ ਹੀ ਉਚਾਰਦੇ ਹਨ ॥ ੩੭ ॥

ਜਤੁ ਪਾਹਾਰਾ ਧੀਰਜੁ ਸੁਨਿਆਰੁ ॥ ਅਹਰਣਿ ਮਤਿ ਵੇਦੁ ਹਥੀਆਰੁ ॥ ਭਉ ਖਲਾ ਅਗਨਿ ਤਪ ਤਾਉ ॥ ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ ॥ ਘੜੀਐ ਸਬਦੁ ਸਚੀ ਟਕਸਾਲ ॥ ਜਿਨ ਕਉ ਨਦਰਿ ਕਰਮੁ ਤਿਨ ਕਾਰ ॥ ਨਾਨਕ ਨਦਰੀ ਨਦਰਿ ਨਿਹਾਲ ॥ ੩੮ ॥

ਸਲੋਕੁ ॥ ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥ ਦਿਵਸੁ ਰਾਤਿ

ਦੁਇ ਦਾਈ ਦਾਇਆ ਖੇਲੈ ਸਗਲ ਜਗਤੁ ॥ ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ ॥ ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥ ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥ ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥ ੧ ॥

ਸਿਧਾਂ ਪੁਛਿਆ ਸਬਦ ਦਾ ਸਾਰ ਕਿਉਕਰ ਘੜੀਏ ਤਾਂ ਬਾਬੇ ਆਖਿਆ ਜਤ ਦਾ ਪਹਾਰਾ ਹੋਵੈ ਸੋ ਜਤ ਭੀ ਦੋ ਪ੍ਰਕਾਰ ਦਾ ਹੈ ਜੋ ਗ੍ਰਿਹਸਤੀ ਦਾ ਜਤ ਆਪਣੀ ਇਸਤ੍ਰੀ ਬਿਨਾ ਹੋਰਥੇ ਧਿਆਨ ਨਹੀਂ ਕਰਨਾ ਅਰ ਅਤੀਤ ਦਾ ਜਤ ਏਹ ਹੈ ਜੋ ਕਿਸੇ ਇਸਤ੍ਰੀ ਅਰ ਲੜਕੇ ਵਲ ਦੇਖੇ ਨਹੀਂ ਸੋ ਏ ਪਹਾਰਾ ਕਰੀਏ ਅਰ ਜੋ ਕਾਰਜ ਕਰਨਾ ਧੀਰਜ ਨਾਲ ਕਰਨਾ ਸੋ ਏਹ ਧੀਰਜ ਸੁਨਿਆਰਾ ਕਰੇ ਅਰ ਅਹਰਨ ਦੀ ਨਿਆਈ ਮਤ ਆਪਣੀ ਅਚਲ ਕਰੇ ਅਰ ਵੇਦਾਂ ਤੇ ਗੁਰਾਂ ਦੇ ਬਚਨਾਂ ਦੇ ਹਥੌੜੇ ਬਣਾਏ ਅਰ ਪਰਮੇਸਰ ਤੇ ਸਤਿਗੁਰਾਂ ਦਾ ਜੋ ਭਾਉ ਮਨ ਵਿਚ ਰਖਣਾ ਹੈ ਸੋ ਖਲਾਂ ਕਰੇ ਅਰ ਇੰਦ੍ਰੀਆਂ ਤੇ ਵਾਸਨਾਂ ਦਾ ਰੋਕਣਾ ਇਸ ਤਪ ਦੀ ਅਗਨਿ ਕਰੇ ਸੋ ਇਸ ਅਗਨਿ ਨਾਲ ਮਨ ਨੂੰ ਤਪਾਏ ਅਰ ਜੋ ਸਭਸ ਨਾਲ ਭਾਉ ਕਰਨਾ ਹੈ ਏਹ ਭਾਂਡਾ ਕਰੇ ਅਰ ਜੋ ਮਨ ਵਿਚ ਨਾਮ ਜਪਣਾ ਏਹ ਭਾਂਡੇ ਵਿਚ ਢਾਲੇ ਸੋ ਸਚੀ ਟਕਸਾਲ ਸਾਧ ਸੰਗਤ ਹੈ ਅਰ ਤਿਸ ਵਿਚ ਗੁਰਾਂ ਦਾ ਸਬਦ ਘੜੀਦਾ ਹੈ ਅਰ ਏਹ ਭੀ ਆਪਣੇ ਮਨ ਨੂੰ ਸੁਧ ਕਰੇ ਅਰ ਗੁਰਾਂ ਦੇ ਸਬਦ ਵਿਚ ਧਾਰੇ ਤਾਂ ਇਸਦਾ ਮਨ ਘੜੀਏ ਪਰ ਜਿਨਾਂ ਨੂੰ ਗੁਰਾਂ ਦੀ ਕ੍ਰਿਪਾ ਦੀ ਨਦਰਿ ਹੈ ਉਨਾਂ ਨੂੰ ਭਗਤਿ ਦੀ ਕਾਰ ਹੁੰਦੀ ਹੈ ਗੁਰੂ ਨਾਨਕ ਜੀ ਕਹਿੰਦੇ ਹਨ ਕਿ ਜਿਨਾਂ ਨੂੰ ਮਹਾਰਾਜ ਦੀ ਭਗਤਿ ਪ੍ਰਾਪਤਿ ਹੁੰਦੀ ਹੈ ਓਹ ਨਦਰੀ ਜੋ ਪ੍ਰਮਾਤਮਾ ਹੈ ਅਰ ਸਭਸੇ ਦਾ ਸ੍ਰਿਸਟਾ ਹੈ ਸੋ ਉਸਨੂੰ ਆਪਣੀ ਬੁਧ ਦੇ ਨੇਤ੍ਰਾਂ ਕਰ ਦੇਖਦੇ ਹੈਨ ਅਰ ਬਿਨਾਂ ਬੁਧ ਦੇ ਉਜਲ ਹੋਇਆਂ ਪ੍ਰਮਾਤਮਾ ਦਾ ਦਰਸਨ ਨਹੀਂ ਹੋਂਦਾ ਅਰ ਸਾਧ ਸੰਗਤ ਅਤੇ ਨਾਮ ਬਿਨਾ ਬੁਧ ਉਜਲ ਨਹੀਂ ਹੋਂਦੀ ॥੩੮॥

ਸਿਧਾਂ ਪੁਛਿਆ ਸਾਰੀ ਸ੍ਰਿਸਟ ਦਾ ਗੁਰੂ ਕੌਣ ਹੈ ਤਾਂ ਬਾਬੇ ਸਲੋਕ ਕਹਿਆ ਤਿਸਦਾ ਵਿਚਾਰ ਕਿ ਪਉਣ ਸਭਸ ਦਾ ਗੁਰੂ ਹੈ ਕਯੋਂਕਿ ਜਿਸ ਵੇਲੇ ਬ੍ਰਹਮੇ ਨੇ ਮਨੁਖ ਦਾ ਸਰੀਰ ਉਤਪਤਿ ਕੀਤਾ ਤਾਂ ਸਭ ਇੰਦ੍ਰੀਆਂ ਆਪਸ ਵਿਚ ਵਿਰੋਧ ਕਰਨ ਲਗੀਆਂ ਜੋ ਨੇਤ੍ਰ ਕਹਨ ਅਸੀਂ ਉਤਮ ਹਾਂ ਕਯੋਂ ਜੋ ਅਸੀਂ ਦੇਖ ਕੇ ਮਨ ਨੂੰ ਖ਼ਬਰ ਦੇਂਦੇ ਹਾਂ ਅਰ ਕੰਨਾਂ ਕਹਿਆ ਅਸੀਂ ਉਤਮ ਹਾਂ ਕਯੋਂ ਜੋ ਸੁਣਦੇ ਅਸੀਂ ਹਾਂ ਅਰ ਰਸਨਾਂ ਕਹਿਆ ਕਿ ਮੈਂ ਉਤਮ ਹਾਂ ਜੋ ਮੈਂ ਬੋਲਦੀ ਹਾਂ ਅਰ ਹਥਾਂ ਕਹਿਆ ਅਸੀਂ ਕਰਮ ਕਰਦੇ ਹਾਂ ਤਾਂਤੇ ਅਸੀਂ ਉਤਮ ਹਾਂ ਅਰ ਪੈਰਾਂ ਕਹਿਆ ਕਿ ਅਸੀਂ ਟੁਰਦੇ ਹਾਂ ਅਰ

ਸਾਧ ਸੰਗਤ ਵਿਚ ਜਾਂਦੇ ਹਾਂ ਤਾਂਤੇ ਅਸੀਂ ਉਤਮ ਹਾਂ ਅਰ ਪ੍ਰਾਣਾਂ ਕਹਿਆ ਅਸੀਂ ਉਤਮ ਹਾਂ ਤਾਂ ਫਿਰ ਬ੍ਰਹਮੇ ਕਹਿਆ ਕਿ ਜਿਸ ਬਿਨਾਂ ਸਰੀਰ ਦਾ ਕਾਰਜ ਨਾ ਟੁਰੇ ਸੋਈ ਤੁਸਾਡਾ ਗੁਰੂ ਹੈ ਕਯੋਂਕਿ ਹੋਰਨਾਂ ਇੰਦ੍ਰੀਆਂ ਬਗੈਰ ਕੰਮ ਚਲਦਾ ਹੈ ਪਰ ਜਬ ਪ੍ਰਾਨ ਨਿਕਲ ਜਾਂਦੇ ਹਨ ਤਾਂ ਸਰੀਰ ਗਿੜ ਪੜਦਾ ਹੈ ਤਾਂਤੇ ਪ੍ਰਾਣ ਸਭਸ ਦਾ ਗੁਰੂ ਹੈ ਅਰ ਸਬਦ ਬਾਣੀ ਜਿਤਨੀ ਹੋਈ ਹੈ ਸੋ ਸਤਿਗੁਰਾਂ ਦੇ ਪ੍ਰਾਣਾਂ ਵਿਚ ਹੋਈ ਹੈ ਤਾਂਤੇ ਸਬਦ ਸਭਸ ਦਾ ਗੁਰੂ ਹੈ ਅਰ ਪਾਣੀ ਸਭਸ ਦਾ ਪਿਤਾ ਹੈ ਕਯੋਂਕਿ ਸੂਰਜ ਦੀਆਂ ਕਿਰਣਾਂ ਥੀਂ ਬਦਲਾਂ ਵਿਚ ਪਾਣੀ ਆਂਵਦਾ ਹੈ ਤਾਂ ਜੀਆਂ ਦੀਆਂ ਪੁਰਿਸਟਕਾਂ ਭੀ ਵਸਦੀਆਂ ਹੈਂ ਜੋ ਪ੍ਰਿਥਮੇ ਬਨਾਸਪਤੀ ਹਰੀ ਹੋਂਦੀ ਹੈ ਅਰ ਉਹ ਜਨਾਵਰ ਖਾਂਦੇ ਹਨ ਸੋ ਉਨਾਂ ਦੇ ਬੀਰਜ ਥੀਂ ਜਨਾਵਰ ਹੋਂਦੇ ਹਨ ਅਰ ਪਸੂਆਂ ਥੀਂ ਪਸੂ ਹੋਂਦੇ ਹਨ ਅਰ ਮਨੁਖਾਂ ਥੀਂ ਮਨੁਖ ਹੋਂਦੇ ਹਨ ਤਾਂਤੇ ਸਭਸੇ ਦਾ ਉਤਪਤ ਅਤੇ ਪਵਿਤਰ ਕਰਨੇ ਵਾਲਾ ਜਲ ਹੈ ਸੋ ਸਭਸ ਦਾ ਪਿਤਾ ਹੈ ਅਰ ਧਰਤੀ ਸਭਸ ਨੂੰ ਅਧਾਰ ਦੇ ਰਹੀ ਸੋ ਮਾਤਾ ਹੈ ਅਰ ਦਿਨ ਰਾਤ ਜੀਆਂ ਦੇ ਖਿਲਾਵਨ ਵਾਲੇ ਦਾਈ ਦਾਇਆ ਹੈਨ ॥ ਅਰ ਜਗਤ ਈਸਰ ਦਾ ਪੁਤਰ ਹੈ ਸੋ ਖੇਲਦਾ ਹੈ ਅਰ ਆਪਣੇ ਬੁਰੇ ਅਰ ਭਲੇ ਕਰਮ ਧਰਮ ਰਾਇ ਦੇ ਹਜੂਰ ਵਾਚੀਅਨਗੇ ਸੋ ਕਰਮਾਂ ਦੇ ਅਨੁਸਾਰ ਕਿਸੇ ਨੂੰ ਨੇੜੇ ਛੁਟਕਾਰਾ ਹੋਵੇਗਾ ਅਰ ਕਿਸੇ ਨੂੰ ਦੂਰ ਪਰ ਜਿਨਾਂ ਪਰਮੇਸਰ ਦਾ ਨਾਮ ਜਪਿਆ ਸੋ ਕਰਮਾਂ ਦੀ ਮਸਕਤ ਘਾਲ ਗਏ ਹਨ ਗੁਰੂ ਨਾਨਕ ਜੀ ਕਹਿੰਦੇ ਹੈਨ ਕਿ ਉਨਾਂ ਮੁਖ ਉਜਲਿਆਂ ਦੇ ਪਿਛੇ ਕਈਆਂ ਦਾ ਛੁਟਕਾਰਾ ਹੋਂਦਾ ਹੈ ਸੋ ਜਬ ਜਪ ਦੀ ਗੋਸਟ ਕੀਤੀ ਤਾਂ ਸਭਨਾਂ ਸਿਧਾਂ ਮਥਾ ਟੇਕਿਆ ॥ ਬੋਲਹੁ ਜੀ ਵਾਹਗੁਰੂ ਜਪ ਦੀ ਗੋਸਟ ਪੂਰੀ ਹੋਈ ਤਬ ਬਾਬਾ ਜੀ ਓਥੋਂ ਅਗੇ ਕੋ ਚਲੈ ॥

ਸਾਖੀ ਦਤਾ ਤ੍ਰਿਉ ਦੀ

ਤਬ ਫਿਰ ਬਾਬਾ ਜੀ ਬਿਆਰ ਪਰਬਤ ਤੇ ਜਾਇ ਪ੍ਰਾਪਤ ਹੋਏ ਸੋ ਉਥੇ ਦਤਾ ਤ੍ਰਿਉ ਦਾ ਆਸਣ ਸੀ ਅਰ ਦਤਾ ਤ੍ਰਿਉ ਸਮਾਧ ਲਾਈ ਬੈਠਾ ਸੀ ਤਬ ਬਾਬਾ ਜੀ ਲਗੇ ਬੁਲਾਵਣ ਸੋ ਜਬ ਦਤ ਤ੍ਰਿਉ ਨੇ ਬੋਲਿਆ ਤਬ ਬਾਬਾ ਜੀ ਸੂਖਮ ਰੂਪ ਧਾਰਕੇ ਉਸਦੇ ਰਿਦੇ ਵਿਖੇ ਪ੍ਰਵੇਸ ਕਰ ਗਏ ਅਰ ਅੰਦਰੋਂ ਉਸਦੀ ਸਮਾਧ ਜਾਇ ਖੋਲੀ ਤਾਂ ਦਤਾ ਤ੍ਰਿਉ ਜਾਗਿਆ ਤਾਂ ਫਿਰ ਦਤਾ ਤ੍ਰਿਉ ਨੇ ਪੁਛਿਆ ਕਿ ਈਹਾਂ ਤੋਂ ਸੰਨਿਆਸੀ ਕਾ ਅਸਥਾਨ ਹੈ ਸੋ ਤੂੰ ਕਿਉਂ ਕਰ ਆਇਆ ਹੈਂ ਤਾਂ ਬਾਬੇ ਕਹਿਆ ਮੈਂ ਪਰਮ ਸੰਨਿਆਸੀ ਹੋਂ ਅਤੇ ਤੁਸਾਂ ਪਦਾਰਥਾਂ ਦਾ ਸੰਨਿਆਸ ਕੀਤਾ ਹੈ ਪਰ ਆਪਣੀ ਪੂਰੀ

ਦਾ ਸੰਨਿਆਸ ਤਾਂ ਨਹੀਂ ਕੀਤਾ ਸੋ ਜਬਲਗ ਹਉਮੈਂ ਦਾ ਸੰਨਿਆਸ ਨਾ ਹੋਵੈ ਤਉ ਲਗ ਸੰਨਿਆਸੀ ਨਹੀਂ ਹੋਵੀਤਾ ਅਰ ਅਸੀਂ ਐਸੇ ਸੰਨਿਆਸੀ ਹਾਂ ਕਿ ਮਹਾਰਾਜ ਦੇ ਚਰਨ ਕਵਲ ਤੋਂ ਬਿਨਾਂ ਹੋਰ ਅਸਥਾਨ ਅਰ ਜਾਗਾਂ ਅਸਾਂ ਕਾਈ ਨਹੀਂ ਰਚੀ ਸੋ ਤੇਰੀ ਭੀ ਪੁਰੀ ਵੇਖਕੇ ਅਸੀਂ ਚਲੇ ਹਾਂ ਤਾਂ ਦਤਾ ਤ੍ਰਿਉ ਨੇ ਬਾਬੇ ਦੇ ਚਰਨ ਆਨ ਪਕੜੇ ਜੋ ਮੈਨੂੰ ਭੀ ਸੰਨਿਆਸ ਦਾ ਉਪਦੇਸ ਕਰੋ ਤਬ ਬਾਬਾ ਬੋਲਿਆ ਕਿ ਇਹ ਜੋ ਤੁਧ ਆਪਨੂੰ ਦਤਾ ਤ੍ਰਿਉ ਜਾਤਾ ਹੈ ਸੋ ਇਸੇ ਦਾ ਤਿਆਗ ਕਰ ਕਜੋਂ ਜੋ ਚੈਤੰਨ ਸਕਤ ਸਰਬ ਵਿਚ ਵਿਆਪੀ ਹੋਈ ਹੈ ਸੋ ਜੇ ਉਸ ਚੈਤੰਨ ਸਕਤ ਨੂੰ ਪਛਾਣੈਗਾ ਤਾਂ ਤੇਰੀ ਹਉਮੈ ਦੂਰ ਹੋ ਜਾਵੇਗੀ ਤਾਂ ਦਤਾ ਤ੍ਰਿਉ ਨੇ ਮਥਾ ਟੇਕਿਆ ਅਰ ਕਹਿਆ ਕਿ ਅਗੇ ਮੈਂ ਚਉਬੀਸ ਗੁਰੂ ਕੀਤੇ ਸਨ ਸੋ ਪਚੀਸਵਾਂ ਗੁਰੂ ਹੁਣ ਤੂੰ ਮਿਲਿਆ ਹੈ ਪਰ ਸਿਰ ਗੁਰੂਆਂ ਦਾ ਗੁਰੂ ਤੂੰ ਮਿਲਿਆ ਹੈਂ ॥

ਸਾਖੀ ਪ੍ਰਹਿਲਾਦ ਭਗਤ ਦੀ

ਤਬ ਬਾਬਾ ਜੀ ਓਥੋਂ ਟੁਰ ਕੇ ਅਗੇ ਗਏ ਸੋ ਅਲਲਾਚੀਨ ਤੇ ਜਾਇ ਪ੍ਰਾਪਤਿ ਭਏ ਤਾਂ ਫਿਰ ਓਥੇ ਪ੍ਰਹਿਲਾਦ ਭਗਤ ਆਇ ਚਰਨੀਂ ਲਗਾ ਤਾਂ ਬਚਨ ਹੋਇਆ ਇਸ ਪੁਰੀ ਦੇ ਲੋਕ ਕਉਣ ਰਹਿੰਦੇ ਹਨ ਤਾਂ ਪ੍ਰਹਿਲਾਦ ਨੇ ਕਹਿਆ ਕਿ ਜੋ ਵਿਸਨ ਦੇ ਉਪਾਸਕੀ ਹੈਨ ਅਰ ਜਿਨਕੇ ਜੋਤਮਈ ਸਰੀਰ ਹਨ ਅਤੇ ਜਬ ਮਹਾਂ ਪ੍ਰਲੈ ਹੋਤੀ ਹੈ ਤਉ ਭੀ ਇਸ ਪੁਰੀ ਕਉ ਖੇਦ ਨਹੀਂ ਹੋਤਾ ਅਤੇ ਫਿਰ ਪ੍ਰਹਲਾਦ ਨੇ ਪੁਛਿਆ ਕਿ ਤੁਸੀਂ ਆਪਣਾ ਨਾਮ ਕਹੋ ਤਬ ਬਾਬੇ ਕਹਿਆ ਅਸਾਡਾ ਨਾਉਂ ਨਾਨਕ ਹੈ ਨਰ ਤੁਧ ਜੋ ਨਾਰਦ ਤੋਂ ਸੁਣਕੇ ਰਾਮ ਦਾ ਨਾਮ ਦ੍ਰਿੜ ਕੀਤਾ ਹੈ ਤਾਂਹੀ ਤੇਰੇ ਦਰਸਨ ਨੂੰ ਆਏ ਹਾਂ ਅਰ ਅਸੀਂ ਭੀ ਨਾਮ ਦੇ ਉਪਾਸਕੀ ਹਾਂ ਤਾਂ ਪ੍ਰਹਿਲਾਦ ਪੁਛਿਆ ਨਾਮ ਦਾ ਪੇਡ ਕਿਆ ਹੈ ਅਰ ਨਾਮ ਦਾ ਫੂਲ ਕਿਆ ਹੈ ਅਰ ਨਾਮ ਦਾ ਫਲ ਕਿਆ ਹੈ ਤਾਂ ਬਾਬਾ ਬੋਲਿਆ ਕਿ ਨਾਮ ਦਾ ਜੋ ਪੇਡ ਹੈ ਸੋ ਜਗਤ ਵਲੋਂ ਵੈਰਾਗ ਅਰ ਸਾਧ ਸੰਗਤ ਦਾ ਮੇਲ ਅਰ ਨਾਮ ਦਾ ਜੋ ਫੂਲ ਹੈ ਸੋ ਭਾਉ ਅਰ ਭਗਤਿ ਅਰ ਗਿਆਨ ਅਤੇ ਧਿਆਨ ਅਰ ਨਾਮ ਦਾ ਜੋ ਫਲ ਹੈ ਸੋ ਮੈਂ ਕਛ ਨਹੀਂ ਇਕ ਵਾਹਿਗੁਰੂ ਹੀ ਹੈ ਤਾਂ ਪ੍ਰਹਿਲਾਦ ਕਹਿਆ ਕਿ ਅਗੇ ਭੀ ਨਾਰਦ ਥੀ ਏਵੈਂ ਸੁਣਿਆਂ ਸੀ ਅਰ ਮਨ ਵਿਚ ਭੀ ਅਨੁਭਵ ਕਰਕੈ ਏਹੋ ਦ੍ਰਿੜ ਕੀਤਾ ਸੀ ਪਰ ਹੁਣ ਤੁਸਾਡੇ ਦਰਸਨ ਕਰਕੈ ਅਤੀ ਦ੍ਰਿੜ ਪ੍ਰਤੀਤ ਹੋਈ ਹੈ ॥

ਸਾਖੀ ਧ੍ਰੂਹ ਭਗਤ ਦੀ

ਤਾਂ ਬਾਬਾ ਜੀ ਪ੍ਰਹਲਾਦ ਨੂੰ ਉਪਦੇਸ ਕਰਕੈ ਧ੍ਰੂਹ ਭਗਤ ਦੀ ਪੁਰੀ ਨੂੰ ਗਏ ਸੋ ਧ੍ਰੂਹ ਭਗਤ ਦੀ ਪੁਰੀ ਜੋ ਹੈ ਸਚਖੰਡ ਦੇ ਸਾਮਣੇ ਹੈ ਅਰ ਬੈਕੁੰਠ ਧਾਮ ਦੇ ਨਿਕਟ ਹੀ ਹੈ ਪਰ ਧ੍ਰੂਹ ਅਗੇ ਵਿਸਨ ਜੀ ਦਾ ਧਿਆਨ ਲਗਾਈ ਬੈਠਾ ਸੀ ਸੋ ਜਬ ਬਾਬਾ ਜੀ ਜਾਇ ਬੈਠੇ ਤਾਂ ਧ੍ਰੂਹ ਦੀ ਸਮਾਧ ਖੁਲ ਗਈ ਅਤੇ ਜੇ ਵੇਖੇ ਤਾਂ ਜਿਸ ਵਿਸਨ ਦਾ ਮੈਂ ਧਿਆਨ ਕਰਦਾ ਸਾਂ ਸੋ ਮੇਰੇ ਦ੍ਰਿਸਟ ਅਗੋਚਰ ਬੈਠਾ ਹੈ ਤਾਂ ਧ੍ਰੂਹ ਨੇ ਅਸਟਾਂਗ ਡੰਡਉਤ ਕੀਤੀ ਅਤੇ ਕਹਿਆ ਕਿ ਅਜ ਅਸਾਡੇ ਬਡੇ ਭਾਗ ਹਨ ਜੋ ਅਸਾਨੂੰ ਪ੍ਰਤਖ ਦਰਸਨ ਦਿਤਾ ਹੈ ਤਾਂ ਬਚਨ ਹੋਇਆ ਤੇਰੇ ਉਪਦੇਸ ਵਾਸਤੇ ਅਸੀਂ ਏਥੇ ਆਏ ਹੈਂ ਅਰ ਤੈਨੂੰ ਏਹ ਪੁਛਤੇ ਹੈਂ ਕਿ ਤੂੰ ਜੋ ਵੈਕੁੰਠ ਦੇ ਸਨਮੁਖ ਰਹਿੰਦਾ ਹੈ ਅਤੇ ਅਸਾਡੇ ਵਿਸਨ ਰੂਪ ਦਾ ਧਿਆਨ ਕਰਦਾ ਹੈਂ ਸੋ ਤੂੰ ਵਿਸਨ ਅਰ ਵੈਕੁੰਠ ਸਰਗੁਨ ਜਾਣਤਾ ਹੈਂ ਕਿ ਨਿਰਗੁਣ ਜਾਣਤਾ ਹੈਂ ਤਾਂ ਧ੍ਰੂਹ ਕਹਿਆ ਕਿ ਮੈਂ ਨਿਰਗੁਣ ਜਾਣਤਾ ਹੋਂ ਤਾਂ ਬਚਨ ਹੋਇਆ ਕਿ ਏਹ ਤਾਂ ਮੇਰਾ ਸਰਗੁਨ ਰੂਪ ਹੈ ਕਜੋਂਕਿ ਇਹ ਵੈਕੁੰਠ ਭੀ ਲੈ ਹੋ ਜਾਵਣਾ ਹੈ ਪਰ ਓਹ ਜੋ ਚੈਤੰਨ ਸਤਾ ਹੈ ਸੋ ਤੁਝ ਮੈ ਭੀ ਅਰ ਮੁਝ ਮੈ ਭੀ ਅਰ ਵੈਕੁੰਠ ਮੈ ਭੀ ਅਰ ਸਾਰੇ ਜਗਤ ਮੈਂ ਭੀ ਏਕ ਹੀ ਹੈ ਅਰ ਸਜਾਤੀ ਵਿਜਾਤੀ ਸੁਗਤਿ ਤੀਨ ਭੇਦਾਂ ਥੀ ਰਹਿਤ ਹੈ ਸੋ ਸਜਾਤੀ ਕਹੀਏ ਜੈਸੇ ਮਨੁਖ ਪਾਸ ਮਨੁਖ ਹੋਵੈ ਅਤੇ ਵਿਜਾਤੀ ਕਹੀਐ ਜੈਸੇ ਮਨੁਖ ਪਾਸ ਬ੍ਰਿਛ ਹੋਵੈ ਅਰ ਸੁਗਤਿ ਕਹੀਏ ਜੋ ਅੰਗ ਹੋਵਨ ਸੋ ਤੂੰ ਆਪਣੇ ਅੰਤਰ ਹੀ ਧਿਆਨ ਕਰ ਕਜੋਂਕਿ ਤੇਰੇ ਅੰਤਰ ਹੀ ਸਭ ਕਿਛ ਹੈ ॥

ਸਭ ਕਿਛ ਘਰਿ ਮਹਿ ਬਾਹਰਿ ਨਾਹੀ ॥ ਬਾਹਰਿ ਟੋਲੈ ਸੋ ਭਰਮ ਭੁਲਾਹੀ ॥

ਤਾਂ ਫਿਰ ਧ੍ਰੂਹ ਭਗਤ ਧਿਆਨ ਕਰ ਦੇਖੇ ਤਾਂ ਕਿਆ ਦੇਖੇ ਜੋ ਗੁਰੂ ਨਾਨਕ ਜੀ ਦਾ ਰੂਪ ਧਾਰੀ ਬੈਠੇ ਹਨ ਤਾਂ ਧ੍ਰੂਹ ਅਰਦਾਸ ਕੀਤੀ ਕਿ ਮਹਾਰਾਜ ਓਹ ਸਰੂਪ ਕੀ ਦਿਖਲਾਇਆ ਹੈ ਅਤੇ ਏਹ ਸਰੂਪ ਕੀ ਦਿਖਲਾਇਆ ਹੈ ਤਾਂ ਬਾਬਾ ਬੋਲਿਆ ਕਿ ਅਸੀਂ ਕਲਜੁਗ ਦੇ ਉਧਾਰ ਕਰਨੇ ਵਾਸਤੇ ਮਾਨਸੀ ਸਰੂਪ ਧਾਰ ਕੇ ਗਏ ਸੇ ਸੋ ਕਿਤਨਿਆਂ ਦਾ ਗੋਸਟਾਂ ਕਰਕੇ ਉਧਾਰ ਕੀਤਾ ਹੈ ਅਰ ਸੇਖ ਜੋ ਰਹਿੰਦੇ ਹਨ ਸੋ ਤਿਨਾਂ ਦਾ ਸਬਦ ਨੂੰ ਸੁਣ ਕੇ ਉਧਾਰ ਹੋਵੈਗਾ ਅਰ ਸਬਦ ਨੂੰ ਸੁਣਕੇ ਸਰਗੁਣ ਨਿਰਗੁਣ ਨੂੰ ਇਕ ਰੂਪ ਜਾਣਨਗੇ ਅਤੇ ਜੋ ਨਾਮ ਦੀ ਉਪਾਸਨਾ ਕਰਨਗੇ ਤਾਂ ਉਨਾਂ ਦਾ ਭੀ ਉਧਾਰ ਹੋਵੈਗਾ ਅਤੇ ਅਬ ਹਮ ਵਿਸਨ ਕੇ ਦਰਸਨ ਨੂੰ ਚਲੇ ਹੈਂ ਸੋ ਵਿਸਨ ਨੂੰ ਕਲਜੁਗ ਦੀ

ਸਾਰੀ ਵਾਰਤਾ ਕਰਕੈ ਅਰ ਆਗਿਆ ਲੈਕਰ ਫੇਰ ਮਾਤਲੋਕ ਜਾਵੇਂਗੇ ਤਾਂ ਧ੍ਰੂ ਨੇ ਮਥਾ ਟੇਕਿਆ ਅਰ ਕਹਿਆ ਕਿ ਅਗੇ ਮੈਂ ਆਪ ਨੂੰ ਨਿਰਾਲਾ ਜਾਣਦਾ ਸਾਂ ਅਤੇ ਵਿਸਨ ਨੂੰ ਨਿਰਾਲਾ ਜਾਣਦਾ ਸਾਂ ਪਰ ਹੁਣ ਤੁਸਾਡੇ ਉਪਦੇਸ ਕਰ ਮੈਨੂੰ ਆਪਣੇ ਅੰਦਰ ਹੀ ਨਜਰ ਆਇਆ ਹੈ ਤਾਂ ਫਿਰ ਬਾਬਾ ਜੀ ਉਥੋਂ ਵੈਕੁੰਠ ਧਾਮ ਨੂੰ ਗਏ ॥

ਸਾਖੀ ਬਾਬਾ ਜੀ ਵੈਕੁੰਠ ਧਾਮ ਗਏ

ਸੋ ਜੈਸੇ ਮਸਾਲ ਅਗਨ ਕੁੰਟ ਮੈਂ ਜਾਇ ਕੇ ਇਕਠੀ ਹੋਵੈ ਤੈਸੇ ਵਿਸਨ ਕੇ ਸਰੂਪ ਮੈਂ ਜਾਇ ਲੀਨ ਭਏ ਤਾਂ ਵਿਸਨ ਪੁਛਿਆ ਜੋ ਕਾਰਜ ਕਰ ਆਏ ਹੋ ਕੇ ਕਿਛ ਰਹਤਾ ਹੈ ਤਾਂ ਬਾਬੇ ਅਰਦਾਸ ਕੀਤੀ ਕਿ ਤੀਨ ਕੁੰਟਾਂ ਮੈਂ ਤੁਮਾਰੀ ਕ੍ਰਿਪਾ ਕਰ ਸਤਨਾਮ ਕਾ ਚਕਰ ਫੇਰ ਆਇਆ ਹੋਂ ਅਰ ਕਉਥੀ ਪਸਚਮ ਦੀ ਕੁੰਟ ਰਹਿੰਦੀ ਹੈ ਜੋ ਉਥੇ ਮਲੇਛਾਂ ਵਿਚ ਤੁਸਾਂ ਆਪਣੀ ਜੋਤਿ ਰਖ ਦਿਤੀ ਹੈ ਅਰ ਓਹ ਗਊ ਬ੍ਰਹਮਣ ਦੇ ਦੋਖੀ ਹੋਏ ਹਨ ਅਰ ਹਿੰਦੂਆਂ ਕੇ ਤਟ ਤੀਰਥ ਸਭ ਦੂਰ ਕਰ ਦਿਤੇ ਹਨ ਅਤੇ ਕਹਦੇ ਹਨ ਜੋ ਏਹ ਬੁਤ ਪ੍ਰਸਤ ਹੈਨ ਅਤੇ ਆਪ ਮਕੇ ਅਰ ਮਦੀਨੇ ਦੀਆਂ ਦਿਵਾਰਾਂ ਅਰ ਕਬਰਾਂ ਜੋ ਹੈਨ ਸੋ ਉਨਾਂ ਨੂੰ ਖੁਦਾਇ ਦਾ ਘਰ ਕਹਿੰਦੇ ਹਨ ਅਰ ਉਨਾਂ ਦੀ ਹੀ ਪੂਜਾ ਕਰਦੇ ਹੈਨ ਪਰ ਆਪ ਨੂੰ ਓਹ ਸੰਗਪ੍ਰਸਤ ਨਹੀਂ ਜਾਣਤੇ ਅਤੇ ਆਪ ਭੀ ਪਥਰਾਂ ਦੀ ਪੂਜਾ ਕਰਨੇ ਵਾਲੇ ਹੈਂ ਸੋ ਜੇ ਤੁਸਾਡੀ ਆਗਿਆ ਹੋਵੈ ਤਾਂ ਮਕੇ ਮਦੀਨੇ ਜਾਇ ਕਰ ਉਨਾਂ ਨੂੰ ਭੀ ਸਤਿਨਾਮ ਦਾ ਉਪਦੇਸ ਕਰਕੈ ਫੇਰ ਆਵਾਂ ਤਾਂ ਬਚਨ ਹੋਇਆ ਕਿ ਤੇਰੇ ਅਰ ਮੇਰੇ ਮੈ ਭੇਦ ਕਿਛ ਨਹੀਂ ਅਰ ਚਾਰ ਵੇਦ ਅਗੇ ਮੈਂ ਬ੍ਰਹਮੇਂ ਨੂੰ ਦਿਤੇ ਹਨ ਪਰ ਕਲਜੁਗ ਦੇ ਜੋ ਜੀਅ ਹੈਨ ਕੂੜ ਕੁਸਤ ਕਰਕੈ ਤਿਨਾਂ ਨੂੰ ਵੇਦਾਂ ਦੀ ਸਮਝ ਭੁਲ ਗਈ ਹੈ ਸੋ ਤੂੰ ਜਾਇ ਕੇ ਪੰਜਵਾਂ ਵੇਦ ਨਾਮ ਦੀ ਉਪਾਸਨਾ ਦਾ ਭਾਖਾ ਬਾਣੀ ਦੁਆਰੇ ਜਾਇ ਪਰਗਟ ਕਰ ਜੋ ਕਲਜੁਗ ਦੇ ਜੀਆਂ ਦਾ ਓਧਾਰ ਹੋਵੈ ਤਾਂ ਬਾਬੇ ਮਥਾ ਟੇਕਿਆ ਅਰ ਕਹਿਆ ਕਿ ਤੁਸਾਡੀ ਸਹਾਇਤਾ ਨਾਲ ਸਭ ਕਾਰਜ ਹੋਵਨਗੇ ਸੋ ਜੈਸੇ ਕੁੰਡ ਸੇ ਮਸਾਲ ਕੀ ਜੋਤਿ ਬਾਹਰ ਨਿਕਸਤੀ ਹੈ ਤੈਸੇ ਬਾਬਾ ਬਾਹਰ ਆਇਆ ਅਰ ਫੇਰ ਕਾਂਗ ਭਸੁੰਡ ਦੇ ਆਸਣ ਤੇ ਆਇ ਪ੍ਰਾਪਤਿ ਭਏ ਤਾਂ ਬਾਲਾ ਅਤੇ ਮਰਦਾਨਾ ਅਰ ਕਾਂਗ ਭਸੁੰਡ ਸਭ ਰਖੀਸਰਾਂ ਸਮੇਤ ਆਇ ਚਰਨੀਂ ਲਗੇ ਤਾਂ ਬਾਬੇ ਪੁਛਿਆ ਹੇ ਬਾਲਾ ਮਰਦਾਨਾ ਤੁਸੀਂ ਪ੍ਰਸੰਨ ਰਹੇ ਹੋ ਤਾਂ ਉਨਾਂ ਕਹਿਆ ਤੁਸਾਡੀ ਕਿਰਪਾ ਕਰਕੈ ਕੀਰਤਨ ਗਾਂਵਦੇ ਸੁਣਦੇ ਰਹੇ ਹਾਂ ਪਰ ਤੁਸਾਡਾ ਧਿਆਨ ਰਹਿਆ ਹੈ ਜੋ ਕੇਹੜੀ ਪੁਰੀ ਨੂੰ ਗਏ ਹਨ ਤਾਂ ਬਚਨ ਹੋਇਆ ਕਿ ਤੁਸਾਨੂੰ ਸਭੇ ਪੁਰੀਆਂ ਏਥੇ

ਹੀ ਦਿਖਾਇ ਦੇਈਏ ? ਤਾਂ ਉਨਾਂ ਆਖਿਆ ਜੀ ਤੁਸਾਡੀ ਸਭ ਦਇਆ ਹੈ ਤਬ ਫਿਰ ਬਾਬੇ ਜੋ ਉਬਾਸੀ ਲਈ ਤਾਂ ਬਾਲਾ ਤੇ ਮਰਦਾਨਾ ਦੋਵੇਂ ਬਾਬੇ ਦੇ ਉਦਰ ਵਿਚ ਜਾਇ ਪ੍ਰਾਪਤ ਭਏ ਸੋ ਜਾਇ ਕਰ ਕਿਆ ਦੇਖੇਂ ਕਿ ਵਿਚ ਹੀ ਪੁਰੀਆਂ ਅਰ ਅਕਾਸ ਅਰ ਸਮੁੰਦਰ ਸਭ ਸ੍ਰਿਸਟਿ ਨਜਰ ਆਵੈ ਅਰ ਬਹੁਤੀਆਂ ਹੀ ਦੇਵਤਿਆਂ ਦੀਆਂ ਪੁਰੀਆਂ ਦੇਖੀਆਂ ਅਰ ਮਨੁਖਾਂ ਦੀਆਂ ਪੁਰੀਆਂ ਦੇਖੀਆਂ ਅਰ ਬਹੁਤ ਹੀ ਸਮੁੰਦਰ ਦੇਖੇ ਸੋ ਬਾਰਾਂ ਬਰਸ ਤਕ ਭਉਂਦੇ ਰਹੇ ਤਾਂ ਫਿਰ ਮਰਦਾਨਾ ਬਾਲਾ ਤੇ ਲਗੇ ਚਿੰਤਾ ਕਰਨ ਕਿ ਸਾਨੂੰ ਕਿਵੇਂ ਬਾਬੇ ਜੀ ਦਾ ਦਰਸਨ ਹੋਵੇ ਤਾਂ ਬਾਬਾ ਜੀ ਨੇ ਫੇਰ ਉਬਾਸੀ ਲਈ ਅਰ ਦੋਨੋਂ ਬਾਹਰ ਆ ਪਏ ਸੋ ਫੇਰ ਆਕਰ ਵੇਖਣ ਤਾਂ ਕਿਆ ਵੇਖਣ ਜੋ ਬਾਬਾ ਜੀ ਬੈਠੇ ਹਨ ਅਤੇ ਕਾਂਗ ਭਸੁੰਡ ਭੀ ਬੈਠਾ ਹੈ ਤਾਂ ਦੋਨੋਂ ਨੇ ਬਾਬੇ ਦੇ ਅਗੇ ਮਥਾ ਟੇਕਿਆ ਅਰ ਕਹਿਆ ਕਿ ਹੇ ਗਰੀਬ ਨਿਵਾਜ ਅਸੀਂ ਬਾਰਾਂ ਬਰਸ ਭਉਂਦੇ ਰਹੇ ਹਾਂ ਅਤੇ ਜੇ ਏਥੇ ਅਸੀਂ ਦੇਖਨੇ ਹਾਂ ਤਾਂ ਏਹੋ ਪ੍ਰਤੀਤ ਹੁੰਦਾ ਹੈ ਕਿ ਹੁਣੇ ਅਸੀਂ ਦਰਸਨ ਨੂੰ ਗਏ ਹਾਂ ਅਤੇ ਹੁਣੇ ਹੀ ਤੁਸੀਂ ਆ ਕੇ ਬੈਠੇ ਹੋ ਤਾਂ ਬਚਨ ਹੋਇਆ ਕਿ ਏਹ ਵਾਹਗੁਰੂ ਦੀ ਮਾਇਆ ਦੀ ਲੀਲਾ ਲਖੀ ਨਹੀਂ ਜਾਂਦੀ ਤਾਂ ਫਿਰ ਬਚਨ ਹੋਇਆ ਮਰਦਾਨਾਂ ਅਤੇ ਬਾਲਾ ਅਖੀਆਂ ਮੀਟੋ ਤਾਂ ਉਨਾਂ ਅਖੀਆਂ ਮੀਟੀਆਂ ਅਤੇ ਜਦ ਅਖੀਆਂ ਖੋਲਕੇ ਦੇਖਣ ਤਾਂ ਕਿਆ ਵੇਖਣ ਜੋ ਅਸੀਂ ਜੰਮੂ ਵਿਚ ਬੈਠੇ ਹਾਂ ਤਾਂ ਬਾਬੇ ਕਹਿਆ ਹੇ ਬਾਲਾ ਤੇ ਮਰਦਾਨਾ ਏਥੋਂ ਜੋ ਜਗਾਂ ਹੈ ਸੋ ਜਾਮਵੰਤ ਦੀ ਹੈ ਜੋ ਤ੍ਰੇਤੇ ਵਿਚ ਸ੍ਰੀ ਰਾਮ ਚੰਦ ਜੀ ਨਾਲ ਹੋਇਆ ਹੈ ਸੋ ਇਥੇ ਉਸਦੀ ਗੁਫਾ ਹੁੰਦੀ ਸੀ ਤਾਂ ਫਿਰ ਜੰਮੂ ਦਾ ਰਾਜਾ ਬਾਬੇ ਜੀ ਦੀ ਚਰਨੀ ਆ ਲਗਾ ਅਤੇ ਫਿਰ ਬੇਨਤੀ ਕਰੀ ਕਿ ਮੈਨੂੰ ਕੁਛ ਉਪਦੇਸ ਕਰੋ ਤਾਂ ਬਚਨ ਹੋਇਆ ਕਿ ਧਰਮ ਦਾ ਨਿਆਉਂ ਕਰਨਾ ਅਰ ਜਗਤ ਨੂੰ ਸੁਪਨੇ ਦੀ ਨਿਆਈਂ ਅਸਤ ਜਾਣਨਾ ਤਾਂ ਫਿਰ ਬਾਈਆਂ ਧਾਰਾਂ ਦਾ ਤਿਲਕ ਤੁਹੀਏਂ ਲਵੇਂਗਾ ਅਰ ਸਤਨਾਮ ਦਾ ਜਾਪ ਜਪਣਾ ਸੋ ਰਾਜੇ ਨੂੰ ਉਪਦੇਸ ਦੇਕਰ ਬਾਬਾ ਰਾਵੀ ਦੇ ਕੰਠੇ ਜਾਇ ਰਹੇ ਤਾਂ ਫਿਰ ਬਾਬਾ ਜੀ ਓਥੇ ਸਦਾ ਤਪ ਕਰਨ ਤਬ ਬਾਲੇ ਤੇ ਮਰਦਾਨੇ ਅਰਦਾਸ ਕੀਤੀ ਕਿ ਜੀ ਗਰੀਬ ਨਿਵਾਜ ਜੇ ਤੁਸੀਂ ਬਚਨ ਕਰੋ ਤਾਂ ਅਸੀਂ ਘਰ ਵਲ ਮਿਲ ਆਵੀਏ ਤਾਂ ਬਚਨ ਹੋਇਆ ਕਾਹਲੇ ਨਾ ਹੋਵਹੁ ਸੋ ਜਬ ਕੁਛਕ ਕਾਲ ਬਿਤੀਤ ਹੋਇਆ ॥

ਸਾਖੀ ਦੋਦਾ ਜੱਟ ਦੀ

ਤਾਂ ਦੋਦਾ ਇਕ ਜਿਮੀਂਦਾਰ ਹੁੰਦਾ ਸੀ ਅਰ ਉਸਦੀ ਇਸਤ੍ਰੀ ਇਕ ਵੇਲੇ ਰੋਜ ਬਾਬਾ ਜੀ ਪਾਸ ਦੁਧ ਆਣ ਪਹੁੰਚਾਉਂਦੀ ਸੀ ਤਾਂ ਫਿਰ ਇਕ ਦਿਨ ਦੋਦਾ ਉਸਦੇ ਪਿਛੇ ਲਗਾ ਆਇਆ ਅਰ ਬਾਬਾ ਜੀ ਨੇ ਸਦ ਕੇ ਆਖਿਆ ਏ ਦੋਦਿਆ ਤੂੰ ਕੀ ਵੇਖਣ ਆਇਆ ਹੈਂ ਕਜੋਂਕਿ ਸਾਡੇ ਮਨ ਵਿਚ ਇਸਤ੍ਰੀ ਅਰ ਪੁਰਖ ਕਾ ਭੇਦ ਕਛ ਨਹੀਂ ਜੋ ਸਰਬ ਪਰਮਾਤਮਾਂ ਰੂਪ ਜਾਣਤੇ ਹੈਂ ਅਤੇ ਜੇਕਰ ਦੁਧ ਵਾਸਤੇ ਆਇਆ ਹੈਂ ਤਾਂ ਇਹ ਨਦੀ ਸਾਰੀ ਦੁਧ ਦੀ ਪਈ ਵਹਿੰਦੀ ਹੈ ॥ ਜੋ ਜਿਤਨਾ ਪੀਉ ਸਕਦਾ ਹੈਂ ਪੀਉ ਲੈ ਤਾਂ ਫਿਰ ਦੋਦਾ ਨਦੀ ਵਿਚੋਂ ਲਗਾ ਦੁਧ ਪੀਵਣ ਸੋ ਜਦ ਪੀਤਾ ਤਾਂ ਕਿਆ ਵੇਖੇ ਜੋ ਮਹਾਂ ਅੰਮ੍ਰਿਤ ਸੁਆਦ ਹੈ ਤਾਂ ਫਿਰ ਦੋਦੇ ਨੇ ਗਲ ਵਿਚ ਪੱਲਾ ਪਾਇਕੇ ਆਇ ਬਾਬਾ ਜੀ ਦੇ ਚਰਨਾਂ ਤੇ ਮੱਥਾ ਟੇਕਿਆ ਤਾਂ ਬਚਨ ਹੋਇਆ ਦੋਦਿਆ ਕੁਛ ਮੰਗ ॥ ਤਾਂ ਦੋਦੇ ਕਹਿਆ ਜੀ ਮੈਂ ਦੁਧ ਪੁਤ੍ਰ ਕਰ ਭਰਪੂਰ ਹੋਵਾਂ ਤਾਂ ਬਚਨ ਹੋਇਆ ਕਿਛ ਹੋਰ ਮੰਗ ਤਾਂ ਫਿਰ ਉਸ ਆਖਿਆ ਗਰੀਬ ਨਿਵਾਜ ਮੈਂ ਏਹੋ ਮੰਗਨਾਂ ਹਾਂ ਸੋ ਜਦ ਤਿੰਨ ਵਾਰੀ ਉਸਨੇ ਏਹੋ ਹੀ ਮੰਗਿਆ ਤਾਂ ਬਚਨ



ਹੋਇਆ ਜਾਹੁ ਤੂੰ ਦੁਧ ਪੁਤ੍ਰ ਭਰਪੂਰ ਹੋਵੈਂਗਾ ਪਰ ਸਚ ਕਮਾਵਣਾ ਤਾਂ ਉਸ ਮਥਾ ਟੇਕਿਆ ਸੋ ਫਿਰ ਬਾਬਾ ਜੀ ਸਦੀਵ ਨਦੀ ਦੇ ਕੰਢੇ ਤੇ ਰਹਿਣ ਅਰ ਸਭ ਲੋਕ ਉਥੇ ਦਰਸਨ ਨੂੰ ਆਵਣ ਤਾਂ ਫਿਰ ਇਕ ਕਰੋੜੀਆ ਪਾਤਸਾਹ ਦਾ ਕੋਕਾ ਰਹਿੰਦਾ ਸੀ ਅਰ ਪਾਤਸਾਹ ਦੀ ਵਲੋਂ ਓਸ ਪਰਗਨੇ ਦਾ ਠਾਣੇਦਾਰ ਸੀ ਸੋ ਫਿਰ ਉਸਨੇ ਖਬਰ ਸੁਣੀ ਕਿ ਇਕ ਫਕੀਰ ਨਦੀ ਪਰ ਆਇਆ ਹੈ ਅਰ ਪਿੰਡਾਂ ਪਿੰਡਾਂ ਦੇ ਇਸਤ੍ਰੀ ਪੁਰਸ ਬਾਲਕ ਬਹੁਤ ਲੋਕ ਜਾਂਦੇ ਹਨ ਅਰ ਸਦੀਵ ਮੇਲਾ ਲਗਾ ਰਹਿੰਦਾ ਹੈ ਸੋ ਇਹ ਸੁਣਕੇ ਉਸਨੇ ਦਿਲ ਵਿਚ ਵਿਚਾਰਿਆ ਕਿ ਕੋਈ ਜਾਦੂਗੀਰ ਹੋਣਾ ਹੈ ਸੋ ਇਸ ਲੀਏ ਉਸਦਾ ਕੋਈ ਬੰਦੋਬਸਤ ਕਰਨਾ ਚਾਹੀਦਾ ਹੈ ਸੋ ਐਸੀ ਬਾਤ ਦਿਲ ਵਿਚ ਸੋਚ ਅਪਨੇ ਸੇਵਕਾਂ ਨੂੰ ਆਖਿਆ ਕਿ ਛੇਤੀ ਘੋੜੀ ਲਿਆਓ ਮੈਂ ਅਬੀ

ਉਸ ਫਕੀਰ ਕੋ ਉਠਾਇ ਆਵਤਾ ਹੋਂ ਸੋ ਜਦ ਘੋੜੀ ਤੇ ਚੜਿਆ ਅਰ ਰਸਤੇ ਵਿਚ ਆਇਆ ਤਾਂ ਘੋੜੀ ਤੋਂ ਡਿਗ ਪਇਆ ਅਰ ਟੰਗ ਤਿਸਦੀ ਭੱਜ ਗਈ ਤਾਂ ਫਿਰ ਮੁੜ ਆਇਆ ਅਰ ਕਿਤਨੇ ਦਿਨ ਇਲਾਜ ਹੀ ਕਰਾਵਤਾ ਰਹਿਆ ਸੋ ਜਦ ਟੁਰਨ ਫਿਰਨ ਲਗਾ ਤਾਂ ਫਿਰ ਟੁਰ ਕੇ ਬਾਬਾ ਜੀ ਵਲ ਗਇਆ ਸੋ ਜਦ ਨੇੜੇ ਪਹੁੰਚਾ ਤਾਂ ਅਖੀਓਂ ਅੰਨਾ ਹੋ ਗਿਆ ਤਾਂ ਫਿਰ ਉਸਨੇ ਕਹਿਆ ਕਿ ਭਾਈ ਫਕਰ ਤਾਂ ਕੋਈ ਸਚਾ ਮਲੂਮ ਹੁੰਦਾ ਹੈ ਤਾਂ ਫਿਰ ਲੋਕਾਂ ਆਖਿਆ ਕਿ ਜੇ ਤੂੰ ਸੁਧ ਭਾਵਨੀ ਕਰਕੇ ਜਾਵੇਂਗਾ ਤਾਂ ਤੇਰਾ ਕਾਰਜ ਸਵਰੇਗਾ ਅਤੇ ਦਰਸਨ ਹੋਵੇਗਾ ਤਾਂ ਓਹ ਸੁਧ ਭਾਵਨੀ ਕਰਕੇ ਅਰ ਨੰਗੀ ਪੈਰੀ ਟੁਰ ਕੇ ਗਇਆ ਅਰ ਬਾਬਾ ਜੀ ਕੋ ਜਾਇ ਕਰ ਮਥਾ ਟੇਕਿਆ ਤਾਂ ਫਿਰ ਬਾਬਾ ਜੀ ਪ੍ਰਸੰਨ ਹੋਏ ਅਰ ਬਾਬਾ ਜੀ ਕਹਿਆ ਕੁਛ ਮੰਗ ਤਾਂ ਉਸ ਆਖਿਆ ਤਾਂ ਹੇ ਗਰੀਬ ਨਿਵਾਜ ਮੈਂ ਏਹੋ ਹੀ ਮੰਗਨਾਂ ਹਾਂ ਕਿ ਤੁਸਾਡਾ ਇਥੇ ਹੀ ਨਿਵਾਸ ਹੋਵੇ ਅਰ ਇਥੇ ਮੈਂ ਜਮੀਨ ਦੇਂਦਾ ਹਾਂ ਸੋ ਆਪਣੇ ਨਾਮ ਦਾ ਤੁਸੀਂ ਇਥੇ ਚਕ ਬੰਨ ਲਵੋ ਤਾਂ ਬਚਨ ਹੋਇਆ ਕਿ ਨਉ ਖੰਡ ਪ੍ਰਿਥਮੀਂ ਸਾਡੀ ਹੀ ਹੈ ਸੋ ਅਸਾਂ ਥੋੜੀ ਜੇਹੀ ਜਿਮੀਂ ਕਿਆ ਕਰਨੀ ਹੈ ਤਾਂ ਮਰਦਾਨੇ ਆਖਿਆ ਮਹਾਰਾਜ ਤੁਸੀਂ ਸ੍ਰੀ ਚੰਦ ਨੂੰ ਅਰ ਲਖਮੀ ਦਾਸ ਨੂੰ ਇਥੇ ਰਖੋ ॥

ਮਾਤਾ ਪਿਤਾ ਨਾਲ ਮੇਲ (ਰਾਵੀ ਕੰਢੇ ਕਰਤਾਰਪੁਰ)

ਤਾਂ ਫਿਰ ਬਾਬੇ ਆਖਿਆ ਹੇ ਬਾਲਾ ਤੂੰ ਜਾਇ ਕਰ ਸ੍ਰੀ ਚੰਦ ਨੂੰ ਅਰ ਲਖਮੀ ਦਾਸ ਨੂੰ ਏਥੇ ਲਿਆਉ ਅਤੇ ਮਰਦਾਨੇ ਨੂੰ ਆਖਿਆ ਕਿ ਤੂੰ ਆਪਣੇ ਟਬਰ ਨੂੰ ਏਥੇ ਲੈ ਆਉ ਤਾਂ ਦੋਨੋਂ ਵਿਦਾ ਕੀਤੇ ਸੋ ਦੋਨੋਂ ਬਾਲਾ ਤੇ ਮਰਦਾਨਾ ਜਾਇ ਕਰ ਪਿਤਾ ਕਾਲੂ ਅਤੇ ਮਾਤਾ ਤ੍ਰਿਪਤਾ ਦੇ ਚਰਨਾਂ ਤੇ ਮਥਾ ਟੇਕਿਆ ਤਾਂ ਓਨਾਂ ਪੁਛਿਆ ਬਾਬਾ ਨਾਨਕ ਜੀ ਕਿਥੇ ਹਨ ਤਬ ਬਾਲੇ ਕਹਿਆ ਬਾਬਾ ਜੀ ਰਾਵੀ ਦੇ ਕੰਢੇ ਪਰ ਹਨ ਅਰ ਤੁਸਾਨੂੰ ਚਿਤ ਕੀਤਾ ਨੇ ਸੋ ਤੁਸੀਂ ਆਪਣੇ ਸਨਬੰਧੀਆਂ ਸਹਿਤ ਓਥੇ ਹੀ ਕਿਰਪਾ ਕਰਕੇ ਦਰਸਨ ਦੇਵੋ ਤਾਂ ਕਾਲੂ ਆਖਿਆ ਅਜ ਸਾਡੇ ਵਡੇ ਭਾਗ ਹਨ ਸੋ ਫਿਰ ਕਾਲੂ ਨੇ ਗਡੀਆਂ ਭਾੜੇ ਕੀਤੀਆਂ ਅਰ ਤੁਰਨ ਦੀ ਤਿਆਰੀ ਕੀਤੀ ਤਾਂ ਫਿਰ ਕਾਲੂ ਦਾ ਟੁਰਨਾ ਸੁਣਕੇ ਰਾਇ ਬੁਲਾਰ ਕਾਲੂ ਦੇ ਘਰ ਆਇਆ ਅਰ ਆਇ ਕਰ ਆਖਿਆ ਕਿ ਜੇ ਤੁਸੀਂ ਏਥੇ ਬੈਠੇ ਸੇ ਤਾਂ ਸਾਨੂੰ ਉਡੀਕ ਸੀ ਜੋ ਗੁਰੂ ਨਾਨਕ ਜੀ ਦਾ ਦਰਸਨ ਹੋਸੀ ਤਾਂਤੇ ਤੁਸੀਂ ਕਿਰਪਾ ਕਰਕੇ ਏਥੇ ਹੀ ਰਹੋ ਤਾਂ ਕਾਲੂ ਆਖਿਆ ਕਿ ਅਸੀਂ ਉਸਦੇ ਵਚਨ ਫੇਰ ਨਹੀਂ ਸਕਦੇ ਅਰ ਹੇ ਰਾਇ ਜੀ ਓਹ ਹੈ ਤਾਂ ਮੇਰਾ ਪੁਤਰ ਪਰ ਮੈਂ ਉਸਨੂੰ

ਗੁਰੂ ਪਰਮੇਸਰ ਕਰ ਜਾਣਨਾ ਹਾਂ ਤਾਂ ਫਿਰ ਕਾਲੂ ਓਥੋਂ ਤਿਆਰ ਹੋ ਕੇ ਟੁਰਿਆ ਅਰ ਮਰਦਾਨਾ ਆਪਣੇ ਸਨਬੰਧੀਆਂ ਪਾਸ ਗਇਆ ਅਰ ਜਾਇਕੇ ਆਖਿਆ ਕਿ ਬਾਬਾ ਜੀ ਨੇ ਆਪਣੇ ਕਬੀਲੇ ਦੇ ਆਦਮੀ ਰਾਵੀ ਦੇ ਕੰਡੇ ਉਤੇ ਸਦ ਭੇਜੇ ਹਨ ਸੋ ਤੁਸੀਂ ਭੀ ਓਥੇ ਚਲ ਰਹੋ ਤਾਂ ਉਨਾਂ ਕਹਿਆ ਕਿ ਤੁਸੀਂ ਤਾਂ ਠਹਰ ਨਹੀਂ ਬੈਠਦੇ ਸੋ ਅਸਾਨੂੰ



ਘਰੋਂ ਕਢਕੇ ਬਾਹਰ ਸੁਟ ਜਾਣਾ ਹੋਵੇਗਾ ਤਾਂਤੇ ਅਸੀਂ ਤੁਸਾਡੇ ਨਾਲ ਨਹੀਂ ਜਾਂਦੇ ਤਾਂ ਮਰਦਾਨਾ ਜਬਾਬ ਲੈਕਰ ਕਾਲੂ ਨੂੰ ਆਇ ਮਿਲਿਆ ਸੋ ਫਿਰ ਸਭੇ ਰਲਕੇ ਬਾਬੇ ਨੂੰ ਰਾਵੀ ਦੇ ਕੰਢੇ ਉਪਰ ਆ ਮਿਲੇ ਤਾਂ ਬਾਬਾ ਜੀ ਨੇ ਕਾਲੂ ਅਤੇ ਮਾਤਾ ਅਗੇ ਮਥਾ ਟੇਕਿਆ ਤਾਂ ਪਿਤਾ ਕਾਲੂ ਨੇ ਗਲ ਨਾਲ ਲਾਇਆ ਅਰ ਮਾਤਾ ਭੀ ਗਲ ਨਾਲ ਲਾਇਆ ਅਰ ਕਹਿਆ ਕਿ ਅਜ ਅਸਾਡੇ ਪੂਰਨ ਭਾਗ ਹਨ ਜੋ ਤੁਸਾਡਾ ਦਰਸ ਹੋਇਆ ਹੈ ਅਰ ਅਸੀਂ ਆਪ ਦੇ ਦਰਸਨ ਵਾਸਤੇ ਘਰ ਦੀ ਸਾਰੀ ਕਿਰਸਾਣੀ ਛਡ ਕੇ ਆਏ ਹਾਂ ਅਰ ਹੋਰ ਸਭ ਪਰਵਾਰ ਭੀ ਤਿਆਗ ਆਏ ਹਾਂ ॥ ਤਾਂ ਬਾਬਾ ਜੀ ਨੇ ਸਿਰੀ ਰਾਗ ਵਿਚ ਇਕ ਸਬਦ ਬੋਲਿਆ ॥

ਸਿਰੀਰਾਗੁ ਮਹਲਾ ੧ ਘਰੁ ੩॥ ਇਹੁ ਤਨੁ ਧਰਤੀ ਬੀਜੁ ਕਰਮਾ ਕਰੋ ਸਲਿਲ ਆਪਾਉ ਸਾਰਿੰਗਪਾਣੀ ॥ ਮਨੁ ਕਿਰਸਾਣੁ ਹਰਿ ਰਿਦੈ ਜੰਮਾਇ ਲੈ ਇਉ ਪਾਵਸਿ ਪਦੁ ਨਿਰਬਾਣੀ ॥ ੧ ॥ ਕਾਹੇ ਗਰਬਸਿ ਮੂੜੇ ਮਾਇਆ ॥ ਪਿਤ ਸੁਤੋ ਸਕਲ ਕਾਲਤ੍ਰ ਮਾਤਾ ਤੇਰੇ ਹੋਹਿ ਨ ਅੰਤਿ ਸਖਾਇਆ ॥ ੧ ॥ ਰਹਾਉ ॥ ਬਿਖੈ ਬਿਕਾਰ ਦੁਸਟ ਕਿਰਖਾ ਕਰੇ ਇਨ ਤਜਿ ਆਤਮੈ ਹੋਇ ਧਿਆਈ ॥ ਜਪੁ ਤਪੁ ਸੰਜਮੁ ਹੋਹਿ ਜਬ ਰਾਖੇ ਕਮਲੁ ਬਿਗਸੈ ਮਧੁ ਆਸ੍ਰਮਾਈ ॥ ੨ ॥ ਬੀਸ ਸਪਤਾਹਰੋ ਬਾਸਰੋ ਸੰਗ੍ਰਹੈ ਤੀਨਿ ਖੋੜਾ ਨਿਤ ਕਾਲੁ ਸਾਰੈ ॥ ਦਸ ਅਠਾਰ ਮੈ ਅਪਰੰਪਰੋ ਚੀਨੈ ਕਹੈ ਨਾਨਕੁ ਇਵ ਏਕੁ ਤਾਰੈ ॥ ੩ ॥

ਬਾਬਾ ਜੀ ਕਹੈ ਹੈ ਕਿ ਹੇ ਪਿਤਾ ਜੀ ਇਸ ਤਨ ਨੂੰ ਤੁਸੀਂ ਧਰਤੀ ਕਰੋ ਅਰ ਸੁਭ ਕਰਮਾਂ ਦਾ ਬੀਜ ਪਾਵੋ ਅਰ ਮਹਾਰਾਜ ਦੇ ਨਾਮ ਦਾ ਜਲ ਦੇਵੋ ਅਰ ਮਨ ਨੂੰ ਕ੍ਰਿਸਾਣ ਕਰੋ ਅਰ ਮਹਾਰਾਜ ਦੇ ਜੋ ਚਰਨਾਂ ਦਾ ਧਿਆਨ ਹੈ ਉਸਨੂੰ ਰਿਦੇ ਵਿਚ ਜਮਾਵੋ ਸੋ ਇਸ ਪ੍ਰਕਾਰ ਮੁਕਤ ਨੂੰ ਤੁਸੀਂ ਪ੍ਰਾਪਤ ਹੋਵੋਗੇ ਅਰ ਮਾਇਆ ਨੂੰ ਝੂਠੀ ਜਾਣ ਕੇ ਇਸਦਾ ਤਿਆਗ ਕਰੋ ਕਜੋਂਕਿ ਪਿਤਾ ਪੁਤ੍ਰ ਮਾਤਾ ਅਰ ਹੋਰ ਕੁਟੰਬੀ ਜਿਤਨੇ ਹਨ ਸੋ ਨਾਲ ਕਿਸੇ ਭੀ ਨਹੀਂ ਨਿਭਣਾ ਅਰ ਵਿਖਿਆਂ ਦੇ ਜੋ ਭੋਗ ਹਨ ਕਾਮ ਕ੍ਰੋਧ ਆਦਿਕ ਸੋ ਏਹ ਦੁਸਟ ਹਨ ਤਾਂਤੇ ਇਨਕਾ ਤਿਆਗਕਰੋ ਅਰ ਜਪ ਤਪ ਸੰਜਮ ਆਪਣੀ ਖੇਤੀ ਕੇ ਲੀਏ ਰਾਖੇ ਬਠਾਓ ਸੋ ਤਦ ਤੁਹਾਡਾ ਕਵਲ ਵਿਗਸੈਗਾ ਅਰ ਮਨ ਤੁਸਾਡਾ ਆਪਣੇ ਆਸ੍ਰਮ ਵਿਚ ਆਵੇਗਾ ਅਰ ਏਹ ਸਤਾਈਆਂ ਤਤਾਂ ਦਾ ਜੋ ਸਰੀਰ ਹੈ ਅਰ ਸਤਾਈ ਜੋ ਨਿਛਤ੍ਰ ਹੈਨ ਤਿਨਾਂ ਵਿਚ ਅਰ ਜੋ ਤ੍ਰੈ ਗੁਣ ਹਨ ਕਿ ਜਾਗ੍ਰਤ ਅਰ ਸੁਪਨ ਅਰ ਅਸਖੋਪਤ ਸੋ ਤਿਨਾਂ ਵਿਚ ਆਰਜਾ ਪਈ ਬੀਤਤੀ ਹੈ ਅਰ ਨਿਤ ਕਾਲ ਪਇਆ ਖਾਂਦਾ ਹੈ ਤਾਂਤੇ ਜੋ ਤੁਸੀਂ ਇਕ ਵਾਹਗੁਰੂ ਨੂੰ ਚੀਨੋਗੇ ਤਾਂ ਵਾਹਗੁਰੂ ਤੁਸਾਡਾ ਉਧਾਰ ਕਰੇਗਾ ਤਾਂ ਮਾਤਾ ਤ੍ਰਿਪਤਾ ਬੋਲੀ ਕਿ ਬਚਾ ਤੇਰੀ ਕਿਰਪਾ ਹੋਵੈ ਤਾਂ ਤਦ ਅਸੀਂ ਆਤਮਾਂ ਨੂੰ ਚੀਨੀਏ ਤਾਂ ਬਾਬੇ ਕਹਿਆ ਹੇ ਮਾਤਾ ਏਹ ਜੋ ਅਸੁਭ ਕਰਮਾਂ ਦੀਆਂ ਵਾਸਨਾ ਹੈਨ ਅਰ ਰਾਗ ਦ੍ਵੈਖ ਆਦਿਕਾਂ ਨੇ ਮਨ ਨੂੰ ਮੈਲਾ ਕੀਤਾ ਹੋਇਆ ਹੈ ਸੋ ਜੈਸੇ ਪਾਵਸ ਮੇਂ ਮੇਘ ਵਰਸਤੇ ਹੈਂ ਤੋ ਅਕਾਸ ਨਿਰਮਲ ਨਹੀਂ ਰਹਿਤਾ ਅਰ ਸਰਤ ਕਾਲ ਮੈ ਅਕਾਸ ਨਿਰਮਲ ਹੋ ਆਵਤਾ ਹੈ ਤੈਸੇ ਜਬ ਮਨਸੇ ਰਾਗ ਦ੍ਵੈਖ ਮਿਟਤੇ ਹੈਂ ਤਬ ਮਨ ਨਿਰਮਲ ਹੋ ਆਵਤਾ ਹੈ ਅਤੇ ਫਿਰ ਗਿਆਨ ਕੇ ਅਧਿਕਾਰੀ ਹੋਈਤਾ ਹੈ॥ ਤਾਂ ਮਾਤਾ ਨੇ ਕਹਿਆ ਰਾਗ ਦ੍ਵੈਖ ਮਨ ਸਿਉ ਕਿਉਕਰ ਦੂਰ ਹੋਵੇਤਾਂ ਬਾਬੇ ਕਹਿਆ ਕਿ ਰਾਗ ਦ੍ਵੈਖ ਨੂੰ ਆਪਣਾ ਸਤ੍ਰ ਜਾਣੀਏ ਜੈਸੇ ਨਿਰਮਲ ਜਲ ਤੇ ਮੈਲਾ ਜਲ ਦਰਪਨ ਦੀ ਜੋਤ ਨੂੰ ਘਟਾਂਵਦਾ ਹੈ ਤੈਸੇ ਰਾਗ ਦ੍ਵੈਖ ਮਨ ਨੂੰ ਮੈਲਾ ਕਰਦਾ ਹੈ ਪਰ ਜਬ ਸਰਬ ਮੋ ਪਰਮੇਸਰ ਦੀ ਜੋਤ ਜਾਣੀਐ ਤਾਂ ਰਾਗ ਦ੍ਵੈਖ ਦੂਰ ਹੋ ਜਾਤਾ ਹੈ ਅਰ ਫਿਰ ਗਿਆਨ ਰਿਦੇ ਮਹਿ ਠਹਿਰਤਾ ਹੈ ਤਾਂ ਕਾਲੂ ਬੋਲਿਆ ਕਿ ਏਹ ਬਹੁਤ ਕਾਲ ਕੇ ਰਾਗ ਦ੍ਵੈਖ ਠਹਿਰੇ ਹੋਏ ਹਨ ਸੋ ਏਹ ਕਿਉਂਕਰ ਮਿਟਨ ਤਾਂ ਬਾਬੇ ਕਹਿਆ ਕਿ ਈਸਰ ਦੇ ਨਾਮ ਦੀ ਉਪਾਸਨਾ ਅਨੰਨ ਹੋ ਕੇ ਕਰੇ ਅਤੇ ਈਸਰ ਦੇ ਚਰਨਾਂ ਦਾ ਧਿਆਨ ਦ੍ਰਿੜ ਹੋਕਰ ਧਰੇ ਤਾਂ ਰਾਗ ਦ੍ਵੈਖ ਮਿਟ ਜਾਂਦੇ ਹਨ ਤੇ ਗਿਆਨ ਦਾ ਅਧਿਕਾਰੀ ਹੋਂਦਾ ਹੈ ਤਾਂ ਫਿਰ ਕਾਲੂ ਕਹਿਆ ਕਿ ਅਗਿਆਨ ਅਤੇ ਰਾਗ ਦ੍ਵੈਖ ਅਸੰਖਾ ਜਨਮਾਂ ਦਾ ਚਲਿਆ ਆਇਆ ਹੈ ਅਤੇ ਗਿਆਨ ਤਾਂ ਹੁਣ ਸੰਤਾਂ ਨੂੰ ਮਿਲਕੇ ਪ੍ਰਾਪਤ ਹੋਵੈਗਾ ਤਾਂਤੇ ਗਿਆਨ ਇਤਨੇ ਜਨਮਾਂ

ਦੇ ਅਗਿਆਨ ਕਉ ਕਿਉਂ ਕਰ ਮਿਟਾਏਗਾ ਤਾਂ ਬਾਬੇ ਕਹਿਆ ਕਿ ਇਕ ਰਾਜੇ ਦਾ ਮੇਢਾ ਬਹੁਤ ਚਿਰ ਦਾ ਰਖਿਆ ਹੋਇਆ ਸੀ ਅਰ ਸਾਰੇ ਦੇਸ ਦੇ ਮੇਢੇ ਉਸਨੇ ਜਿਤੇ ਸਨ ਤਾਂ ਫਿਰ ਇਕ ਸਾਧ ਛੋਟਾ ਜੈਸਾ ਮੇਢਾ ਲਿਆਇਆ ਅਰ ਰਾਜੇ ਨੇ ਉਸ ਸਾਧ ਕੋ ਕਹਿਆ ਕਿ ਤੂੰ ਮੇਰੇ ਮੇਢੇ ਨਾਲ ਅਪਨਾ ਮੇਢਾ ਲੜਾਵਤਾ ਹੈਂ ਤਾਂ ਸਾਧ ਕਹਿਆ ਕਿ ਜੇਕਰ ਇਕ ਬਰਸ ਆਪਣੇ ਅਤੇ ਮੇਰੇ ਮੇਢੇ ਦਾ ਅਹਾਰ ਮੇਰੇ ਅਖਤਿਆਰ ਰਖੇ ਤਾਂ ਮੈਂ ਲੜਾਵਤਾ ਹੋਂ ਤਾਂ ਫਿਰ ਰਾਜੇ ਨੇ ਇਕ ਬਰਸ ਦੁਹਾਂ ਮੇਢਿਆਂ ਦਾ ਅਹਾਰ ਓਸਦੇ ਹਵਾਲੇ ਕੀਤਾ ਤਾਂ ਓਸਨੇ ਫਿਰ ਏਹ ਕਰਮ ਕੀਤਾ ਕਿ ਆਪਣੇ ਮੇਢੇ ਦਾ ਅਹਾਰ ਵਧਾਂਵਦਾ ਜਾਵੈ ਅਤੇ ਰਾਜੇ ਦੇ ਮੇਢੇ ਦਾ ਅਹਾਰ ਘਟਾਂਵਦਾ ਜਾਵੇ ਤਾਂ ਰਾਂਜੇ ਦਾ ਮੇਢਾ ਬੁਢਾ ਭੀ ਹੋ ਗਿਆ ਤੇ ਬਲ ਤੋਂ ਹੀਨ ਭੀ ਹੋ ਗਿਆ ਅਤੇ ਸਾਧ ਦਾ ਮੇਢਾ ਜੁਆਨ ਭੀ ਹੋ ਗਿਆ ਤੇ ਬਲਵਾਨ ਭੀ ਹੋ ਗਿਆ ਸੋ ਫਿਰ ਰਾਜੇ ਦੇ ਮੇਢੇ ਨੂੰ ਸਾਧ ਦੇ ਮੇਢੇ ਨੇ ਤ੍ਰਾਹਿ ਕਢਿਆ ਤੈਸੇ ਗਿਆਨ ਅਰ ਅਗਿਆਨ ਦੋਵੇਂ ਮੇਢੇ ਹਨ ਅਤੇ ਰਾਗ ਦ੍ਵੈਖ ਜੋ ਹੈ ਸੋ ਅਗਿਆਨ ਦਾ ਅਹਾਰ ਹੈ ਅਤੇ ਸਤ ਅਰ ਸੰਤੋਖ ਜੋ ਹੈਂ ਸੋ ਗਿਆਨ ਦਾ ਅਹਾਰ ਹੈ ਸੋ ਜਦ ਦਿਨ ਬਦਿਨ ਤੁਸੀਂ ਰਾਗ ਦ੍ਵੈਖ ਘਟਾਂਵਦੇ ਜਾਵੋ ਅਰ ਸੰਤੋਖ ਆਦਿਕ ਵਧਾਂਵਦੇ ਜਾਵੋ ਤਾਂ ਅਗਿਆਨ ਖੀਣ ਹੋ ਜਾਵੇਗਾ ਅਰ ਗਿਆਨ ਪੁਸਟ ਹੋ ਜਾਵੇਗਾ ਅਤੇ ਇਹ ਜੋ ਆਤਮਾ ਹੈ ਸੋ ਇਸ ਦੇਹ ਰੂਪੀ ਭੂਮ ਕਾ ਰਾਜਾ ਹੈ ਅਰ ਜਾਗ੍ਰਤ ਅਵਸਥਾ ਵਿਚ ਨੇਤ੍ਰਾਂ ਦੀ ਕਚਹਿਰੀ ਮੈਂ ਦੀਵਾਨ ਲਾਇ ਬੈਠਤਾ ਹੈ ਅਰ ਸਭ ਕੁਛ ਵੇਖਤਾ ਸੁਣਤਾ ਹੈ ਅਰ ਸੁਪਨ ਅਵਸਥਾ ਵਿਚ ਕੰਠ ਮੈਂ ਦੀਵਾਨ ਲਾਇ ਬੈਠਤਾ ਹੈ ਸੋ ਸੂਖਮ ਇੰਦ੍ਰੀਆਂ ਅਰ ਸੂਖਮ ਪ੍ਰਾਣ ਉਸ ਕੇ ਹੋਤੇ ਹੈਂ ਅਰ ਸੂਖਮ ਹੀ ਅਹਾਰ ਕਰਤਾ ਹੈ ਅਰ ਸਖੋਪਤ ਅਵਸਥਾ ਮੇਂ ਨਾਭ ਕਮਲ ਵਿਖੇ ਦੀਵਾਨ ਲਗਾਵਤਾ ਹੈ ਅਰ ਅਵਿਦਿਆ ਪਟਰਾਣੀ ਸਮੇਤ ਅਨੰਦ ਭੋਗਦਾ ਹੈ ਜੈਸੇ ਏਕ ਰਾਜਾ ਪ੍ਰਿਥਵੀ ਪਤਿ ਹੋਵੇ ਸੋ ਕਿਸੇ ਵੇਲੇ ਆਮ ਕਚਹਿਰੀ ਲਾਵੇ ਅਰ ਕਿਸੇ ਵੇਲੇ ਖਾਸ ਮੁਸਾਹਬਾਂ ਨਾਲ ਕਚਹਿਰੀ ਲਾਵੇ ਨਿਆਰੀ ਹੋਕੇ ਅਰ ਕਿਸੇ ਵੇਲੇ ਪਟਰਾਣੀ ਨਾਲ ਸੈਨ ਕਰ ਰਹਿਤਾ ਹੈ ਤੈਸੇ ਤੁਸੀਂ ਆਪ ਨੂੰ ਆਤਮਾ ਰੂਪ ਜਾਣੋ ਐਸੀਆਂ ਬਾਤਾਂ ਬਾਬਾ ਜੀ ਕਰ ਰਹੇ ਸਨ ਜਿ ਇਤਨੇ ਚਿਰ ਨੂੰ ਓਹ ਕਰੋੜੀਆ ਫੇਰ ਬਾਬੇ ਦੇ ਚਰਨੀ ਆਇ ਲਗਾ ਅਰ ਬੇਨਤੀ ਕੀਤੀ ਕਿ ਹੇ ਗਰੀਬ ਨਿਵਾਜ ਮੈਂ ਕਿਲਾ ਜੋ ਪਾਵਾਂ ਤਾਂ ਇਟ ਕਿਸਦੇ ਨਾਮ ਦੀ ਰਖਾਂ ਤਾਂ ਬਾਬਾ ਜੀ ਨੇ ਕਹਿਆ ਕਿ ਕਰਤਾਰ ਦੇ ਨਾਮ ਕਰਤਾਰ ਪੁਰ ਬਣਾਵੋ ਤਾਂ ਫਿਰ ਉਨਾਂ ਨੇ ਕੋਟ ਕਚਾ ਪਾਇਆ ਅਤੇ ਬਾਬਾ ਜੀ ਦੇ ਘਰ ਉਸ ਕੋਟ ਵਿਚ ਪਕੀਆਂ ਇਟਾਂ ਦੇ ਪੁਆਏ ਸੋ ਉਥੇ ਸ੍ਰੀ ਚੰਦ ਅਰ ਲਖਮੀ ਦਾਸ ਅਰ ਕਾਲੂ ਅਤੇ ਮਾਤਾ

ਤ੍ਰਿਪਤਾ ਲਗੇ ਰਹਿਣ ਅਤੇ ਦੋਦੇ ਜਟ ਦੇ ਮੰਗੂ ਅਤੇ ਗਊਆਂ ਦੇ ਵਗ ਵਧਦੇ ਜਾਵਨ ਅਰ ਓਹ ਦਿਨ ਦਾ ਦੁਧ ਬਾਬਾ ਜੀ ਦੇ ਘਰ ਪਹੁੰਚਾਵੇ ਅਰ ਰਾਤ ਦਾ ਦੁਧ ਆਪਣੇ ਘਰ ਵਿਚ ਰਖੇ ਅਤੇ ਜਦ ਸਰਾਧਾਂ ਦੇ ਦਿਨ ਆਏ ਤਾਂ ਕਾਲੂ ਨੇ ਆਪਣੇ ਪਿਤਾ ਦਾ ਸਿਰਾਧ ਕੀਤਾ ਅਰ ਬ੍ਰਾਹਮਣਾਂ ਨੂੰ ਸਦ ਕੇ ਕਾਲੂ ਲਗਾ ਉਨਾਂ ਦੇ ਪੈਰ ਧੋਵਣ ਤਾਂ ਬਾਬੇ ਪੁਛਿਆ ਕਿ ਇਹ ਕਿਸ ਵਾਸਤੇ ਪਰਸਾਦ ਕੀਤਾ ਹਈ ਤਾਂ ਕਾਲੂ ਨੇ ਆਖਿਆ ਸਾਡੇ ਪਿਤਾ ਦਾ ਅਜ ਸਿਰਾਧ ਹੈ ਤਾਂ ਬਾਬੇ ਕਹਿਆ ਕਿ ਪਿਤਰ ਤਾਂ ਜਬ ਲਗ ਵਾਸਨਾਂ ਬਧੀਆਂ ਹੋਈਆਂ ਹੈਨ ਤਪ ਲਗ ਨਰਕ ਸੁਰਗ ਭੋਗਦੇ ਹਨ ਅਤੇ ਜਿਸ ਵੇਲੇ ਇਹ ਪੁਰਖ ਨਿਰਵਾਸ ਹੋਤਾ ਹੈ ਤਬ ਪਿਤਰ ਭੀ ਮੁਕਤ ਹੋ ਜਾਤੇ ਹੈਂ ਜੈਸੇ ਲੜਕੇ ਕੇ ਹਾਥ ਗੁਡੀ ਕੀ ਡੋਰ ਹੋਤੀ ਹੈ ਤਾਂ ਓਹ ਪਿਛੋਂ ਚੰਦਾ ਡੋਰ ਮੈਂ ਪਾਵਤਾ ਹੈ ਤਾਂ ਗੁਡੀ ਨੂੰ ਜਾਇ ਪਹੁੰਚਤਾ ਹੈ ਅਤੇ ਜੇ ਗੁਡੀ ਦੀ ਡੋਰ ਲੜਕੇ ਦੇ ਹਥੋਂ ਛੁਟ ਜਾਵੈ ਤਾਂ ਓਹ ਗੁਡੀ ਚਲੀ ਜਾਤੀ ਹੈ ਤੈਸੇ ਜੋ ਅਗਿਆਨੀ ਹੈਨ ਸੋ ਉਨਕੀ ਮੋਹ ਕੀ ਡੋਰ ਪਿਤਰਾਂ ਨਾਲ ਬਧੀ ਹੋਈ ਹੈ ਅਰ ਪਿਤਰਾਂ ਕੀ ਪੁਤ੍ਰਾਂ ਨਾਲ ਬਧੀ ਹੋਈ ਹੈ ਤਾਂਹੀਂ ਤੇ ਸਰਾਧ ਖਿਆਹ ਕੀਤੇ ਹੋਏ ਪਹੁੰਚਤੇ ਹਨ ਅਤੇ ਫਿਰ ਬਾਬਾ ਜੀ ਨੇ ਕਾਲੂ ਨੂੰ ਕਹਿਆ ਕਿ ਤੂੰ ਅਖੀਆਂ ਮੀਟ:--

ਬਾਬਾ ਜੀ ਦਾ ਪਿਤਾ ਨੂੰ ਉਪਦੇਸ

ਸੋ ਜਦ ਕਾਲੂ ਅਖੀਆਂ ਮੀਟੀਆਂ ਤਾਂ ਕੀ ਵੇਖੇ ਜੋ ਮੈਂ ਵੈਕੁੰਠ ਧਾਮ ਨੂੰ ਗਇਆ ਹਾਂ ਅਤੇ ਚਉਹਾਂ ਜੁਗਾਂ ਦੇ ਜੋ ਮੇਰੇ ਕਰੋੜਾਂ ਪਿਤਰ ਹਨ ਸੋ ਸਭ ਚਤਰ ਭੁਜ ਰੂਪ ਧਾਰੇ ਹੋਏ ਵਿਸਨ ਜੀ ਪਾਸ ਬੈਠੇ ਹਨ ਅਤੇ ਜਬ ਉਨਾਂ ਡਿਠਾ ਤਾਂ ਸਭ ਉਠ ਕਰ ਕਾਲੂ ਨੂੰ ਗਲ ਲਾਇਕੇ ਮਿਲੇ ਅਤੇ ਫਿਰ ਸਾਰਾ ਦਿਨ ਕਾਲੂ ਪਿਤਰਾਂ ਨੂੰ ਮਿਲਦਾ ਰਹਿਆ ਅਰ ਕਾਲੂ ਨੂੰ ਪਿਤਰਾਂ ਨੇ ਕਹਿਆ ਕਾਲੂ ਤੂੰ ਧੰਨ ਹੈਂ ਜੋ ਜਿਸਦੇ ਘਰ ਨਾਨਕ ਜੀ ਬੇਟਾ ਹੋਏ ਹਨ ਕਜੋਂਕਿ ਸਾਡਾ ਸਭਨਾਂ ਦਾ ਜੋ ਉਧਾਰ ਹੋਇਆ ਹੈ ਸੋ ਤੇਰੇ ਪਿਛੇ ਹੋਇਆ ਹੈ ਸੋ ਇਸੀ ਪ੍ਰਕਾਰ ਬਚਨ ਬਿਲਾਸ ਕਰਤਿਆਂ ਇਕ ਬਰਸ ਤੀਕ ਕਾਲੂ ਨੂੰ ਪਿਤਰਾਂ ਨੇ ਰਖਿਆ ਅਰ ਕਾਲੂ ਨੇ ਬਹੁਤ ਬੈਕੁੰਠ ਕੇ ਸੁਖ ਭੋਗੇ ਤਬ ਕਾਲੂ ਕਹਿਆ ਕਿ ਅਬ ਮੈਂ ਮਾਤ ਲੋਕ ਨੂੰ ਜਾਨਾਂ ਹਾਂ ਅਤੇ ਦੇਹ ਤਿਆਗ ਕੇ ਫਿਰ ਮੈਂ ਈਹਾਂ ਆਵਾਂਗਾ ਸੋ ਇਤਨਾਂ ਕਹਿ ਕਰ ਅਖੀਆਂ ਖੋਲੀਆਂ ਤਾਂ ਕੀ ਵੇਖੇ ਜੋ ਬਾਬਾ ਜੀ ਬੈਠੇ ਹਨ ਅਰ ਮੈਂ ਬ੍ਰਾਹਮਣਾਂ ਕੇ ਪੈਰ ਪਇਆ ਧੋਤਾ ਹੋਂ ਅਤੇ ਬਾਬਾ ਜੀ ਸਨਮੁਖ ਬੈਠੇ ਹਨ ਤਾਂ ਕਾਲੂ ਕਹਿਆ ਕਿ ਮੈਂ ਤੁਸਾਡੀ ਕਿਰਪਾ

ਕਰਕੈ ਸਭ ਪਿਤਰ ਦੇਖੇ ਹਨ ਸੋ ਅਬ ਜੇ ਕਹੋ ਤਾਂ ਮੈਂ ਸਰਾਧ ਕਰਾਂ ਅਰ ਜੇ ਨਾ ਕਹੋ ਤਾਂ ਨਾਂ ਕਰਾਂ ਤਾਂ ਬਾਬੇ ਕਹਿਆ ਕਿ ਜੋ ਉਤਮ ਪੁਰਖ ਕਿਰਿਆ ਕਰਦੇ ਹਨ ਸੋ ਸਭਨਾਂ ਦੀ ਰਹੁਰਾਸ ਹੋਂਦੀ ਹੈ ਤਾਂਤੇ ਤੁਸੀਂ ਸਿਰਾਧ ਕਰੋ ਅਰ ਬ੍ਰਾਹਮਣਾਂ ਦਾ ਭੋਜਨ ਭਲੀ ਪ੍ਰਕਾਰ ਕਰੋ ਕਜੋਂਕਿ ਤਬ ਸਾਰੇ ਜਗਤ ਦੀ ਰੀਤ ਚਲੀ ਆਵੈਗੀ ਤਾਂ ਫਿਰ ਕਾਲੂ ਕਹਿਆ ਜੀ ਮੈਂ ਇਕ ਬਰਸ ਬੈਕੁੰਠ ਰਹਿ ਆਇਆ ਹੋਂ ਅਤੇ ਇਥੇ ਮੈਂ ਓਸੇ ਬ੍ਰਾਹਮਣ ਦਾ ਪੈਰ ਪਇਆ ਧੋਂਵਦਾ ਹਾਂ ਸੋ ਏਹ ਬਡਾ ਅਸਚਰਜ ਹੈ ਤਾਂ ਬਾਬੇ ਕਹਿਆ ਮਹਾਰਾਜ ਦੀ ਮਾਇਆ ਵਿਚ ਕੋਈ ਅਸਚਰਜ ਨਹੀਂ ॥ ਤਾਂਤੇ ਤੁਸੀਂ ਕਰਤਾਰ ਦਾ ਨਾਮ ਚਿਤ ਕਰੋ ਸੋ ਜਬ ਕਿਤਨੀ ਕੁ ਮੁਦਤ ਹੋਈ ਤਾਂ ਮਰਦਾਨੇ ਕਹਿਆ ਬਾਬਾ ਜੀ ਤੁਸਾਂ ਸਾਰੀ ਪ੍ਰਿਥਮੀ ਡਿਠੀ ਪਰ ਮਕਾ ਮਦੀਨਾ ਨਾਂ ਡਿਠਾ ਤਾਂ ਬਾਬੇ ਆਖਿਆ ਚਲ ਮਰਦਾਨਿਆ ਤੈਨੂੰ ਮਕਾ ਮਦੀਨਾ ਵਿਖਾਲ ਲਿਆਵੀਏ ਅਤੇ ਬਾਲੇ ਨੂੰ ਆਖਿਆ ਕਿ ਹੇ ਬਾਲੇ ਜੇਕਰ ਅਸੀਂ ਮਾਤਾ ਪਿਤਾ ਤੋਂ ਪੁਛਦੇ ਹਾਂ ਤਾਂ ਓਹ ਸਾਨੂੰ ਜਾਣ ਨਹੀਂ ਦੇਣਗੇ ਤਾਂ ਤੇ ਤੂੰ ਉਨਾਂ ਨੂੰ ਪਿਛੋਂ ਦਸੀਂ ਅਤੇ ਸਬਦ ਦੀ ਚਰਚਾ ਕਰਕੇ ਉਨਾਂ ਨੂੰ ਪਰਚਾਈ ਰਖੀਂ ਸੋ ਏਹ ਕਹਿ ਕਰ ਬਾਬਾ ਜੀ ਤੇ ਮਰਦਾਨਾ ਓਥਹੁ ਟੁਰੇ ਅਰ ਸਲਕੋਟ ਦੀ ਬੇਰ ਹੇਠ ਜਾਇ ਬੈਠੇ ਤਬ ਬਾਬੇ ਕਹਿਆ ਮਰਦਾਨਿਆ ਮੂਲਾ ਜੋ ਸਾਡੇ ਨਾਲ ਗਇਆ ਸੀ ਸੋ ਇਥੇ ਹੀ ਹੋਵੇਗਾ ਸੋ ਤੂੰ ਉਸਨੂੰ ਹਟੀ ਤੋਂ ਸਦ ਲਿਆਉ ਤਾਂ ਫਿਰ ਮੂਲੇ ਦੇ ਸਾਹੁਰਿਆਂ ਨੂੰ ਖਬਰ ਪਈ ਕਿ ਜਿਨਾਂ ਫਕੀਰਾਂ ਨਾਲ ਮੂਲਾ ਉਠ ਗਇਆ ਸੀ ਸੋ ਫਕੀਰ ਫੇਰ ਆਏ ਹਨ ਤਾਂ ਫਿਰ ਮੂਲੇ ਦੇ ਪੁਤ੍ਰ ਜਾਕਰ ਮੂਲੇ ਨੂੰ ਹਟੀ ਤੋਂ ਉਠਾ ਕਰ ਘਰ ਲੈ ਗਏ ਅਰ ਗੋਹਿਆਂ ਦੇ ਗੁਹੀਰੇ ਵਿਚ ਛਪਾ ਦਿਤਾ ਅਤੇ ਜਬ ਮਰਦਾਨੇ ਨੇ ਹਟੀ ਤੇ ਜਾ ਕੇ ਪੁਛਿਆ ਤਾਂ ਲੋਕਾਂ ਕਹਿਆ ਮੂਲਾ ਘਰ ਗਇਆ ਹੈ ਤਾਂ ਮਰਦਾਨੇ ਨੇ ਬਾਬਾ ਜੀ ਨੂੰ ਆਇ ਕਹਿਆ ਕਿ ਮੂਲਾ ਹਟੀ ਪਰ ਨਹੀਂ ਬੈਠਾ ਘਰ ਗਇਆ ਹੈ ਤਾਂ ਫਿਰ ਬਾਬਾ ਜੀ ਭੀ ਅਰ ਮਰਦਾਨਾ ਭੀ ਮੂਲੇ ਦੇ ਘਰ ਜਾਇ ਪ੍ਰਾਪਤ ਭਏ ਤਾਂ ਬਾਬੇ ਕਹਿਆ ਮਰਦਾਨਾ ਜੋ ਅਸਾਨੂੰ ਮਿਲਣ ਨਹੀਂ ਆਇਆ ਤਾਂ ਉਸਦੇ ਉਧਾਰ ਵਿਚ ਕੋਈ ਕਾਲ ਰਹਿੰਦਾ ਹੈ ਅਤੇ ਜੇ ਤੇਰੇ ਬੁਲਾਏ ਬੋਲਦਾ ਹੈ ਤਾਂ ਭੀ ਉਸਦਾ ਉਧਾਰ ਹੋਸੀ ਤਾਂ ਫਿਰ ਮਰਦਾਨੇ ਤੀਨ ਵਾਰੀ ਮੂਲੇ ਨੂੰ ਬੁਲਾਇਆ ਤਾਂ ਮੂਲਾ ਨਾਂ ਬੋਲਿਆ ਅਰ ਮੂਲੇ ਦੀ ਸਿਖਣੀ ਕਹਿਆ ਕਿ ਮੂਲਾ ਘਰ ਨਹੀਂ ਕਿਥਾਉਂ ਗਇਆ ਹੋਇਆ ਹੈ ਤਾਂ ਮਰਦਾਨੇ ਕਹਿਆ ਨਰਕ ਨੂੰ ਗਇਆ ਹੋਵੈਗਾ ਅਤੇ ਫਿਰ ਬਾਬਾ ਬੋਲਿਆ ॥ ਨਾਲਿ ਕਿਰਾੜਾਂ ਦੋਸਤੀ ਕੂੜੈ ਕੂੜੀ ਪਾਹ ॥ ਮਰਣ ਨਾ ਜਾਤੋ ਮੂਲਿਆ ਆਵੈ ਕਿਤੈ

ਥਾਇ ॥ ਤਾਂ ਮਰਦਾਨੇ ਕਹਿਆ ਜੀ ਇਸ ਸਲੋਕ ਦਾ ਅਰਥ ਕੀ ਹੈ ਤਾਂ ਬਾਬੇ ਕਹਿਆ ਮਰਦਾਨਿਆ ਜੋ ਕਿਰਾੜਾਂ ਨਾਲ ਮਿਤ੍ਰਾਈ ਕਰਦੇ ਹਨ ਸੋ ਕਿਰਾੜਾਂ ਦਾ ਕੂੜਾ ਵੈਰਾਗ ਹੁੰਦਾ ਹੈ ਕਜੋਂਕਿ ਮੂੰਹੋਂ ਕਹਦੇ ਹਨ ਪਰ ਕਮਾਵਦੇ ਨਹੀਂ ਅਰ ਮਹਾਂ ਪੁਰਖ ਕਹਿੰਦੇ ਥੋੜਾ ਹਨ ਅਤੇ ਕਮਾਂਵਦੇ ਬਹੁਤ ਹਨ ਜੋ ਮੂਲਾ ਮਰਨ ਸਚ ਆਖਦਾ ਸੀ ਅਤੇ ਜੀਵਨ ਝੂਠ ਆਖਦਾ ਸੀ ਸੋ ਅਬ ਆਪ ਮਰਨ ਤੋਂ ਛਪ ਬੈਠਾ ਹੈ ਅਤੇ ਕਿਆ ਜਾਣੀਏ ਜੋ ਭਾਵੇਂ ਕਾਲ ਇਥੇ ਹੀ ਆਇ ਗਿਰਾਸੇ ਤਾਂਤੇ ਕੂੜੀ ਪ੍ਰੀਤ ਵਾਲਿਆਂ ਦੀ ਕੂੜੀ ਹੀ ਪਾਹ ਹੈ ਕਜੋਂਕਿ ਮੂਲੇ ਆਪਣਾ ਮਰਣ ਨਹੀਂ ਜਾਤਾ ਜੋ ਕਿਥੇ ਮਰਣਾ ਹੈ ਸੋ ਅਬ ਮੂਲੇ ਦੇ ਪ੍ਰਾਣਾਂ ਦਾ ਸਮਾਂ ਅੰਤ ਆ ਪਹੁੰਚਾ ਹੈ ਅਰ ਇਸੇ ਗੋਹਿਆਂ ਵਿਚ ਹੀ ਕਾਲ ਸਰਪ ਰੂਪ ਹੋ ਕੇ ਗ੍ਰਾਸੇਗਾ ਪਰ ਜੋ ਅਸਾਡੇ ਨਾਲ ਏਹ ਸੇਵਾ ਟਹਿਲ ਕਰਦਾ ਰਹਿਆ ਸੀ ਸੋ ਅਸਾਂ ਇਸਦੀ ਸੇਵਾ ਨਹੀਂ ਗਵਾਵਣੀ ਪਰ ਹੁਣ ਏਹ ਕਿਤਨਾ ਕਾਲ ਮ੍ਰਿਗਾਂ ਅਤੇ ਸਹਿਆਂ ਦੀਆਂ ਜੂਨਾਂ ਧਾਰੇਗਾ ਸੋ ਜਦ ਅਸੀਂ ਦਸਵਾਂ ਅਵਤਾਰ ਧਾਰਾਂਗੇ ਤਾਂ ਇਸਦਾ ਉਧਾਰ ਕਰਾਂਗੇ ਸੋ ਇਤਨਾ ਕਹਿ ਕਰ ਬਾਬਾ ਜੀ ਚਲੇ ਗਏ ਅਰ ਮੂਲੇ ਨੂੰ ਉਨਾਂ ਗੋਹਿਆਂ ਵਿਚੋਂ ਹੀ ਇਕ ਸਰਪ ਨੇ ਐਸਾ ਡਸਿਆ ਜੋ ਦੋਂਹ ਘੜੀਆਂ ਵਿਚ ਮੂਲਾ ਮਰ ਗਿਆ ਅਰ ਇਸਤ੍ਰੀ ਪਰਵਾਰ ਸਭ ਰੋਵਣ ਪਿਟਨ ਲਗੇ ਅਰ ਬਹੁਤ ਅਰਮਾਨ ਕਰਨ ਲਗੇ ਜੋ ਅਸਾਂ ਸੰਤਾਂ ਦਾ ਨਿਰਾਦਰ ਕੀਤਾ ਤਾਂ ਇਤਨੇ ਦੁਖ ਦੇ ਭਾਗੀ ਹੋਏ ਸੋ ਬਹੁਤ ਹੀ ਵਿਰਲਾਪ ਕੀਆ ਅਰ ਬਾਬਾ ਜੀ ਨੂੰ ਬਹੁਤ ਲਭਿਆ ਪਰ ਬਾਬਾ ਜੀ ਨਾ ਮਿਲੇ ॥

ਬਾਬਾ ਜੀ ਸਖਰ ਭਖਰ ਗਏ

ਇਧਰ ਬਾਬਾ ਜੀ ਓਥੋਂ ਟੁਰ ਕੇ ਚੰਦ੍ਰ ਭਾਗਾਂ ਦੇ ਕੰਠੇ ਤੇ ਚਲੇ ਗਏ ਅਰ ਚੰਦ੍ਰ ਭਾਗਾਂ ਥੀ ਟੁਰ ਕੇ ਅਗੇ ਭਖਰ ਸਖਰ ਅਤੇ ਰੋਹੜੀ ਜੋ ਜਿਥੇ ਸਭ ਨਦੀਆਂ ਇਕਠੀਆਂ ਹੁੰਦੀਆਂ ਹਨ ਅਰ ਵਿਚ ਖ੍ਵਾਜੇ ਦਾ ਅਸਥਾਨ ਹੈ ਓਥੇ ਬਾਬਾ ਜੀ ਜਾਇ ਪ੍ਰਾਪਤ ਭਏ ਸੋ ਓਥੇ ਮੁਲਤਾਨ ਦੇ ਅਰ ਹੋਰਨਾਂ ਦੇਸਾਂ ਦੇ ਹਾਜੀ ਬੈਠੇ ਸੇ ਤਾਂ ਉਨਾਂ ਦੇ ਵਿਚ ਬਾਬਾ ਨੇ ਨੀਲੇ ਬਸਤਰ ਧਾਰੇ ਹੋਏ ਜਾਇ ਆਸਣ ਕੀਤਾ ਅਤੇ ਕਿਤਾਬ ਅਰ ਮੁਸੱਲਾ ਅਤੇ ਕੂਜਾ ਮਰਦਾਨੇ ਦੇ ਹਵਾਲੇ ਕੀਤਾ ਅਰ ਰਬਾਬ ਭੀ ਮਰਦਾਨੇ ਦੇ ਮੋਢੇ ਤੇ ਸੀ ਤਾਂ ਮਰਦਾਨੇ ਨੇ ਬਾਬੇ ਨੂੰ ਮੁਸੱਲਾ ਹੇਠ ਵਿਛਾ ਦਿਤਾ ਸੋ ਬਾਬਾ ਜੀ ਉਪਰ ਬੈਠ ਗਏ ਅਰ ਕਿਤਾਬ ਅਰ ਕੂਜਾ ਪਾਸ ਰਖਿਆ ਅਤੇ ਮਰਦਾਨਾ ਰਬਾਬ ਲੈਕਰ ਸ਼ਬਦ ਗਾਵਣ ਲਗਾ ਤਾਂ ਜਿਤਨੇ ਹਾਜੀ ਮਕੇ ਦੀ ਜਾਰਤ ਕਰਨ ਚਲੇ ਸੀ ਸੋ ਸਭ ਬਾਬੇ ਦੇ

ਚਉਫੇਰੇ ਆਇ ਬੈਠੇ ਤਾਂ ਹਾਜੀਆਂ ਪੁਛਿਆ ਹੇ ਫਕੀਰ ਤੂੰ ਹਿੰਦੂ ਹੈਂ ਕਿ ਮੁਸਲਮਾਨ ਤਾਂ ਬਾਬਾ ਬੋਲਿਆ ਮੈਂ ਹਿੰਦੂ ਮੁਸਲਮਾਨ ਦੁਹਾਂ ਦਾ ਗਵਾਹ ਹਾਂ ਕਯੋਂਕਿ ਹਿੰਦੂ ਭੀ ਸਰੀਰ ਤੇ ਨਿਸਾਨੀ ਕਰਦੇ ਹਨ ਅਰ ਬਿਆ ਅਨਾਸਰ ਦਾ ਤਨ ਹੈ ਪਰ ਮੈ ਨੂਰ ਹੈਂ ਜੋ ਜਿਸ ਕਰ ਇਸ ਤਨ ਵਿਚ ਜਲਵਹ ਹੈ ਅਰ ਨੂਰ ਕਰ ਇਹ ਤਨ ਗੁਲਜਾਰ ਬਣਿਆ ਹੋਇਆ ਹੈ ਪਰ ਬੰਦਾ ਜੋ ਹੋਇਆ ਹੈ ਸੋ ਬੰਦਗੀ ਵਾਸਤੇ ਹੋਇਆ ਹੈ ਤਾਂਤੇ ਜੋ ਬੰਦਾ ਹੋਇਕੇ ਬੰਦਗੀ ਨਹੀਂ ਕਰਦਾ ਅਰ ਪੁਰਸ ਤੇ ਸਹਵਤ ਵਿਚ ਉਮਰ ਗੁਜਾਰਦਾ ਹੈ ਸੋ ਹੈਵਾਨ ਤੇ ਗੈਬਾਨ ਦੀ ਨਿਆਈਂ ਹੈ ॥

ਸਾਖੀ ਬਹਾਵਦੀਨ ਦੀ

ਤਾਂ ਇਕ ਬਹਾਵਦੀਨ ਮੁਲਤਾਨ ਦਾ ਪੀਰ ਸੀ ਸੋ ਉਸਨੇ ਪੁਛਿਆ ਕਿ ਇਹ ਕਿਤਾਬ ਜੋ ਤੇਰੇ ਪਾਸ ਹੈ ਸੋ ਇਸ ਨੂੰ ਪੜ ਜਾਣਨਾਂ ਹੈ ਕਿ ਨਹੀਂ ਤਾਂ ਬਾਬੇ ਕਹਿਆ ਕਿਤਾਬ ਦੇ ਪੜਨ ਵਾਲੇ ਤ੍ਰੈ ਪਰਕਾਰ ਦੇ ਹਨ ਇਕ ਕਿਤਾਬ ਦਾ ਉਸਤਖੂਨ ਹੈ ਇਕ ਕਿਤਾਬ ਦਾ ਗੋਸਤ ਅਤੇ ਇਕ ਕਿਤਾਬ ਦਾ ਮਗਜ ਤਾਂ ਬਹਾਵਦੀਨ ਕਹਿਆ ਉਸਤਖ੍ਵਾਂ ਕੌਣ ਹੈ ਅਰ ਗੋਸਤ ਕੌਣ ਹੈ ਅਰ ਮਗਜ ਕੌਣ ਹੈ ਤਾਂ ਬਾਬੇ ਕਹਿਆ ਕਿ ਉਸਤਖ੍ਵਾਂ ਇਹ ਹੈ ਕਿ ਜੋ ਕਿਤਾਬ ਪੜਕੇ ਗਰੀਬਾਂ ਅਤੇ ਮੁਲਾਂ ਨਾਲ ਹੁਜਤ ਕਰਨੀ ਅਰ ਗੋਸਤ ਇਹ ਹੈ ਕਿ ਜੋ ਪੜਕੇ ਆਪ ਬਜੁਰਗ ਹੋ ਬੈਠਨਾ ਅਤੇ ਹੋਰਨਾਂ ਥੋਂ ਖਿਜਮਤ ਕਰਾਵਣੀ ਅਤੇ ਮਗਜ ਇਹ ਹੈ ਜੋ ਖੁਦਾ ਦਾ ਨਾਮ ਯਾਦ ਕਰਨਾ ਅਤੇ ਸਭਨਾਂ ਰੂਹਾਂ ਵਿਚ ਖੁਦਾ ਦਾ ਜਹੂਰ ਜਾਨਣਾ ਅਰ ਆਪ ਨੂੰ ਦਰ ਮਾਦਾ ਆਜਜ ਜਾਣਨਾ ਤਾਂ ਹਾਜੀਆਂ ਕਹਿਆ ਕਿ ਆਸਾ ਜੋ ਤੇਰੇ ਹਥ ਹੈ ਸੋ ਏਹ ਕਿਸ ਵਾਸਤੇ ਰਖਿਆ ਹਈ ਤਾਂ ਬਾਬੇ ਆਖਿਆ ਕਿ ਇਹ ਜੋ ਚੋਬ ਖੁਸਕ ਹੈ ਅਰ ਦਸਤ ਵਿਚ ਰਖੀ ਹੈ ਸੋ ਏਹ ਆਪਣੇ ਦਿਲ ਨੂੰ ਸਮਝਾਇਆ ਹੈ ਕਿ ਤੂੰ ਜੋ ਮਾਲ ਧਨ ਛੋਡਕੇ ਫਕੀਰ ਹੋਇਆ ਹੈ ਸੋ ਚੋਬ ਖੁਸਕ ਹੈ ਤੈਨੂੰ ਕਸਮ ਦੀ ਮਿਸਾਲ ਹੈ ਤਾਂਤੇ ਜਿਸ ਦਉਲਤ ਨੂੰ ਤਿਆਗ ਕੈ ਨਿਕਲਿਆ ਹੈਂ ਸੋ ਫੇਰ ਕਿਸੇ ਚੀਜ ਦੀ ਹਿਰਸ ਹਵਾਸ (ਲਾਲਚ) ਨਹੀਂ ਕਰਨੀ ਅਰ ਇਸ ਚੋਬ ਨੂੰ ਕਸਮ ਦੀ ਮਿਸਾਲ ਜਾਣਕੇ ਆਪਣੇ ਦਿਲ ਦਾ ਆਪ ਖਬਰਦਾਰ ਰਹਿਨਾ ਅਰ ਏਹ ਜੋ ਚੋਬ ਗਸਤ (ਸਜੇ ਹਥ) ਵਿਚ ਹੈ ਤੈਸੇ ਤੁਸਾਂ ਭੀ ਸੀਧੇ ਰਹਿਣਾ ਅਰ ਜੈਸੇ ਜੋ ਬਸਤ ਤੁਸਾਡੀ ਰਜਾਇ ਵਿਚ ਚਲਦੀ ਹੈ ਤੈਸੇ ਤੁਸਾਂ ਖੁਦਾ ਦੀ ਰਜਾਇ ਵਿਚ ਚਲਣਾ ॥ ਹਾਜੀਆਂ ਪੁਛਿਆ ਏਹ ਕੁਲਾਂਹ ਜੋ ਤੁਸਾਡੇ ਸਿਰ ਤੇ ਹੈ ਏਹ ਤੁਸਾਂ ਕਿਉਂ ਰਖੀ ਹੈ ਤਾਂ ਬਾਬੇ ਆਖਿਆ ਕਿ ਦਸਤਾਰ ਵਡੀ ਹੁੰਦੀ ਹੈ ਤੇ ਕੁਲਾਹ ਛੋਟੀ ਹੁੰਦੀ ਹੈ

ਤਾਂਤੇ ਕੁਲਾਹ ਕਹਦੀ ਹੈ ਕਿ ਤੁਸਾਂ ਕਨਾਇਤ ਕਰਨੀ (ਸਬਰ) ਅਤੇ ਕੁਲਾਹ ਦਾ ਮੂੰਹ ਅੰਦਰ ਹੈ ਤਾਂਤੇ ਤੁਸਾਂ ਭੀ ਆਪਨੇ ਤਨ ਨੂੰ ਸੋਧਨਾ ਅਰ ਕੁਲਾਹ ਦੀਆਂ ਚਾਰ ਤਰਕਾਂ ਹੈਨ ਸੋ ਤੁਸਾਂ ਭੀ ਚਾਰ ਤਰਕਾਂ ਰਖਣੀਆਂ ॥ ਜੋ ਇਕ ਦੁਨੀਆਂ ਦੀ ਤਰਕ ਅਰ ਦੂਜੀ ਸੁਅਰਗ ਦੀ ਤਰਕ ॥ ਅਰ ਤੀਜੀ ਜੋ ਆਪ ਨੂੰ ਵਡਾ ਜਾਣਨਾ ਇਸ ਦੀ ਭੀ ਤਰਕ ॥ ਚੌਥਾ ਜੋ ਤਰਕ ਦਾ ਅਭਿਮਾਨ ਕਰਨਾ ਹੈ ਸੋ ਤਿਸਦੀ ਭੀ ਤਰਕ ॥ ਤਾਂ ਫਿਰ ਹਾਜੀਆਂ ਪੁਛਿਆ ਖਿਲਕਾ ਜੋ ਗਲ ਪਾਇਆ ਹੈ ਸੋ ਏਹ ਕਿਆ ਹੈ ਤਾਂ ਬਾਬੇ ਕਹਿਆ ਖਿਲਕਾ ਮੁਰਦੇ ਦੀ ਖਫਣੀ ਹੈ ਸੋ ਜੇ ਆਪਨੇ ਦਿਲ ਨੂੰ ਮੁਰਦਾ ਕਰੇ ਤਾਂ ਕਫਣੀ ਪਹਿਰੇ ਅਰ ਜੈਸੇ ਖਿਲਕਾ ਤਨ ਦੇ ਐਬ ਛਪਾਂਵਦਾ ਹੈ ਤੈਸੇ ਸਭਸ ਦੇ ਐਬ ਨੂੰ ਪੁਸੀਦਾ ਰਖੇ ਅਤੇ ਹੁਨਰ ਨੂੰ ਜਾਹਰ ਕਰੇ ਅਤੇ ਆਪਣੇ ਹੁਨਰ ਨੂੰ ਪੁਸੀਦਾ ਰਖੇ ਤੇ ਐਬ ਨੂੰ ਜਾਹਰ ਕਰੇ ਤਾਂ ਫਿਰ ਹਾਜੀਆਂ ਪੁਛਿਆ ਇਹ ਖੜਾਵਾਂ ਕਿਉਂ ਰਖੀਆਂ ਹਨ ਤਾਂ ਬਾਬੇ ਆਖਿਆ ਜੈਸੇ ਖੜਾਵਾਂ ਨੇ ਸਾਰੇ ਸਰੀਰ ਦਾ ਭਾਰ ਉਠਾਇਆ ਹੈ ਤੈਸੇ ਇਹ ਹਰ ਕਿਸੇ ਦਾ ਭਾਰ ਉਠਾਵੇ ਜੋ ਕੋਈ ਭਲਾ ਕਹੇ ਅਥਵਾ ਬੁਰਾ ਕਹੇ ਤਿਸਨੂੰ ਸਿਰ ਪਰ ਸਹਾਰੇ ਅਰ ਜੋ ਦੁਖ ਸੁਖ ਖੁਦਾ ਵਲੋਂ ਆਵੇ ਤਿਸਨੂੰ ਭੀ ਭਲਾ ਕਰ ਜਾਣੇ ॥ ਤਾਂ ਫਿਰ ਉਨਾਂ ਪੁਛਿਆ ਮੁਸਲਾ ਕਿਸ ਵਾਸਤੇ ਰਖਿਆ ਹੈ ਤਾਂ ਬਾਬੇ ਕਹਿਆ ਮੁਸਲਾ ਕਹਿੰਦਾ ਹੈ ਕਿ ਜੈਸੇ ਖਾਕ ਵਲ ਮੈਂ ਮੂੰਹ ਕੀਤਾ ਹੈ ਤੇ ਤੇਰਾ ਬੋਝ ਉਠਾਇਆ ਹੈ ਤੈਸੇ ਤੂੰ ਭੀ ਕਬਰ ਨੂੰ ਯਾਦ ਰਖ ਅਰ ਖੁਦਾਇ ਦਾ ਫੁਰਮਾਨ ਸਿਰ ਤੇ ਉਠਾਇ ॥ ਏਤੇ ਟੋਲ ਜੋ ਜਾਣ ਜਨਾਵੈ ॥ ਤਉ ਨਾਨਕ ਦਾਨਸਵੰਦ ਕਹਾਵੈ ॥ ਏਹ ਸੇਲੀ ਕਿਉ ਗਲ ਵਿਚ ਰਖੀ ਹੈ।

ਬਾਬਾ ਜੀ ਮਕੇ ਗਏ

ਤਾਂ ਫਿਰ ਹਾਜੀਆਂ ਪੁਛਿਆ ਤਾਂ ਬਾਬੇ ਆਖਿਆ ਜੈਸੇ ਗੁਲਾਮ ਦੇ ਗਲ ਪਟਾ ਪਾਈਦਾ ਹੈ ਤੈਸੇ ਤੂੰ ਪੀਰ ਮੁਰਸਦ ਅਗੇ ਗੁਲਾਮ ਹੋ ਰਹੁ ਸੋ ਜਾਂ ਏਹ ਜਬਾਬ ਸੁਆਲ ਕੀਤਾ ਤਾਂ ਸੁਣ ਕੇ ਸਭੇ ਹਾਜੀ ਖੁਸੀ ਹੋਏ ਤਾਂ ਫਿਰ ਉਨਾਂ ਕਹਿਆ ਕਿ ਮਕੇ ਦੇ ਰਾਹਿ ਵਿਚ ਇਕ ਜਾਹਿਗਾਂ ਆਂਵਦੀ ਹੈ ਅਰ ਉਥੋਂ ਅਸੀਂ ਜਹਾਜਾਂ ਤੇ ਚੜਦੇ ਹਾਂ ਸੋ ਉਥੇ ਜਿਸਨੂੰ ਕਲਮਾਂ ਪੜਾਇੰਦੇ ਹਨ ਉਸਨੂੰ ਜਹਾਜ ਤੇ ਚਾੜਦੇ ਹਨ ਅਰ ਹਿੰਦੂ ਨੂੰ ਤਾਂ ਜਾਨ ਹੀ ਨਹੀਂ ਦੇਂਦੇ ਤਾਂਤੇ ਤੂੰ ਅਸਾਂਥੀ ਜੁਦਾ ਚਲ ਤਾਂ ਬਾਬੇ ਆਖਿਆ ਨਾ ਕੋਈ ਕਿਸੇ ਨਾਲ ਆਇਆ ਹੈ ਨਾਂਹੀ ਕਿਸੇ ਨੇ ਜਾਣਾ ਹੈ ਅਤੇ ਅਸੀ ਇਕਲੇ ਆਏ ਹਾਂ ਸੋ ਇਕਲੇ ਹੀ ਜਾਵਾਂਗੇ ਤਾਂ ਹਾਜੀ ਟੁਰਦੇ ਹੀ ਰਹੇ ਅਰ ਬਾਬੇ ਨੇ ਆਖਿਆ

ਮਰਦਾਨਿਆ ਰਬਾਬ ਵਜਾਇ ਸੋ ਜਾਂ ਲਗਾ ਮਰਦਾਨਾ ਰਬਾਬ ਵਜਾਵਣ ਤਾਂ ਜਿਸ ਵੇਲੇ ਸਬਦ ਦਾ ਭੋਗ ਪਾਇਆ ਤਬ ਮਰਦਾਨਾ ਕਿਆ ਵੇਖੇ ਜੋ ਮੱਕੇ ਦੇ ਮੁਨਾਰੇ ਨਦਰ ਆਂਵਦੇ ਹਨ ਤਾਂ ਮਰਦਾਨੇ ਕਹਿਆ ਜੀ ਇਹ ਤਾਂ ਮਕੇ ਦੇ ਮੁਨਾਰੇ ਨਿਗਾਹ ਆਂਵਦੇ ਹੈਨ ਤਾਂ ਬਾਬੇ ਕਹਿਆ ਮਰਦਾਨਿਆ ਮੱਕਾ ਤੇਰੀ ਜਾਰਤ (ਦਰਸਨ ਨੂੰ ਆਇਆ ਹੈ) ਤਾਂ ਮਰਦਾਨੇ ਕਹਿਆ ਜੀ ਚਲੀਏ ਹੁਣ ਮਕੇ ਦਾ ਦੀਦਾਰ ਕਰੀਏ ਤਬ ਬਾਬਾ ਭੀ ਅਰ ਮਰਦਾਨਾ ਭੀ ਦੋਨੋ ਮਕੇ ਦੀ ਮਸੀਤ ਵਿਚ ਜਾਇ ਬੈਠੇ ਅਰ ਡੇਰਾ ਕਰਕੈ ਫਿਰ ਦਰਵਾਜੇ ਦੇ ਅਗੇ ਲਗਾ ਬਾਬਾ ਸਬਦ ਪੜਨ ॥

ਬਸੰਤੁ ਹਿੰਡੋਲੁ ਮਹਲਾ ੧ ਘਰੁ ੨ ॥

ਨਉ ਸਤ ਚਉਦਹ ਤੀਨਿ ਚਾਰਿ ਕਰਿ ਮੁਹਲਤਿ ਚਾਰਿ ਬਹਾਲੀ ॥ ਚਾਰੇ ਦੀਵੇ ਚਹੁ ਹਥਿ ਦੀਏ ਏਕਾ ਏਕਾ ਵਾਰੀ ॥ ੧ ॥ ਮਿਹਰਵਾਨੁ ਮਧੁਸੂਦਨ ਮਾਧੌ ਐਸੀ ਸਕਤਿ ਤੁਮ੍ਾਰੀ ॥ ੧ ॥ ਰਹਾਉ ॥ ਘਰਿ ਘਰਿ ਲਸਕਰੁ ਪਾਵਕੁ ਤੇਰਾ ਧਰਮੁ ਕਰੇ ਸਿਕਦਾਰੀ ॥ ਧਰਤੀ ਦੇਗ ਮਿਲੈ ਇਕ ਵੇਰਾ ਭਾਗੁ ਤੇਰਾ ਭੰਡਾਰੀ॥੨॥ਨਾ ਸਾਬੂਰੁ ਹੋਵੈ ਫਿਰਿ ਮੰਗੈ ਨਾਰਦੁ ਕਰੇ ਖੁਆਰੀ॥ਲਬੁ ਅਧੇਰਾ ਬੰਦੀਖਾਨਾ ਅਉਗਣ ਪੈਰਿ ਲੁਹਾਰੀ ॥ ੩ ॥ ਪੂੰਜੀ ਮਾਰ ਪਵੈ ਨਿਤ ਮੁਦਗਰ ਪਾਪੁ ਕਰੇ ਕੋਟਵਾਰੀ ॥ ਭਾਵੈ ਚੰਗਾ ਭਾਵੈ ਮੰਦਾ ਜੈਸੀ ਨਦਰਿ ਤੁਮ੍ਾਰੀ ॥੪॥ ਆਦਿ ਪੁਰਖ ਕਉ ਅਲਹੁ ਕਹੀਐ ਸੇਖਾਂ ਆਈ ਵਾਰੀ ॥ ਦੇਵਲ ਦੇਵਤਿਆ ਕਰੁ ਲਾਗਾ ਐਸੀ ਕੀਰਤਿ ਚਾਲੀ ॥੫॥ ਕੂਜਾ ਬਾਂਗ ਨਿਵਾਜ ਮੁਸਲਾ ਨੀਲ ਰੂਪ ਬਨਵਾਰੀ ॥ ਘਰਿ ਘਰਿ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ ॥ ੬ ॥ ਜੇ ਤੂ ਮੀਰ ਮਹੀਪਤਿ ਸਾਹਿਬੁ ਕੁਦਰਤਿ ਕਉਣ ਹਮਾਰੀ ॥ ਚਾਰੇ ਕੁੰਟ ਸਲਾਮੁ ਕਰਹਿਗੇ ਘਰਿ ਘਰਿ ਸਿਫਤਿ ਤੁਮ੍ਾਰੀ ॥ ੭ ॥ ਤੀਰਥ ਸਿੰਮ੍ਰਿਤਿ ਪੁੰਨ ਦਾਨ ਕਿਛੁ ਲਾਹਾ ਮਿਲੈ ਦਿਹਾੜੀ ॥ ਨਾਨਕ ਨਾਮੁ ਮਿਲੈ ਵਡਿਆਈ ਮੇਕਾ ਘੜੀ ਸਮ੍ਾਲੀ ॥ ੮ ॥

ਤਿਸਕਾ ਬੀਚਾਰ ਬਾਬਾ ਜੀ ਕਹੈ ਹੈਂ ਕਿ ਹੇ ਕਾਦਰ ਤੂੰ ਆਪਣਿਆਂ ਬੰਦਗੀ ਵਾਲਿਆਂ ਤੇ ਮਿਹਰਵਾਨ ਹੈ ਅਰ ਆਪਣੀ ਕੁਦਰਤ ਕਰਕੇ ਨਉਖੰਡ ਕੀਤੇ ਹਨ ਅਰ ਸਤ ਦੀਪ ਕੀਤੇ ਹਨ ਅਰ ਚੌਦਾਂ ਪੁਰੀਆਂ ਕੀਤੀਆਂ ਹੈਨ ਅਰ ਤਿਨ ਗੁਣ ਕੀਤੇ ਹਨ ਅਰ ਚਾਰ ਵੇਦ ਕੀਤੇ ਹਨ ਸੋ ਸਭ ਮਹਲਾਇਤ ਕਰਕੈ ਰਾਸ ਬਹਾਲੀਆਂ ਹੈਂ ਅਰ ਚਾਰੇ ਜੋ ਵੇਦ ਹਨ ਸੋ ਬ੍ਰਹਮੇ ਦੇ ਚਹੁ ਹਥਾਂ ਵਿਚ ਦਿਤੇ ਹਨ ਜੋ ਚਹੁ ਜੁਗਾਂ ਦਾ ਉਜਾਲਾ ਕਰਨ ਸੋ ਆਪੋ ਆਪਣੀ ਵਾਰੀ ਜੁਗ ਜੁਗ ਨੂੰ ਉਜਾਲਾ ਕਰਦੇ ਹਨ ਅਰ ਤੂੰ ਜੋ ਹੈਂ ਸੋ

ਮਿਹਰਵਾਨ ਹੈਂ ਕਯੋਂਕਿ ਬ੍ਰਹਮੇ ਦੀ ਰਖਿਆ ਵਾਸਤੇ ਮਧ ਤੇ ਕਈਟਭ ਦਈਤ ਨੂੰ ਚੱਕਰ ਦੇ ਨਾਲ ਮਾਰ ਕੈ ਰਖਿਆ ਕੀਤੀ ਹੈ ਸੋ ਐਸੀ ਤੇਰੀ ਸਕਤ ਹੈ ਅਰ ਘਰ ਘਰ ਵਿਖੇ ਤ੍ਰਿਸਨਾ ਰੂਪੀ ਲਸਕਰ ਤੇਰਾ ਭਛਾ ਦਿਤਾ ਹਈ ਅਰ ਧਰਮ ਜੋ ਹੈ ਸੋ ਸਿਕਦਾਰੀ ਕਰਦਾ ਹੈ ਅਰ ਧਰਤੀ ਜੋ ਹੈ ਸੋ ਸਾਰੀ ਦੇਗ ਬਣਾਇ ਦਿਤੀ ਹੈ ਅਰ ਭਾਗ ਜੋ ਹੈ ਸੋ ਸਭ ਕਾ ਭੰਡਾਰੀ ਹੈ ਸੋ ਜੇਹੇ ਜੇਹੇ ਕਿਸੇ ਨੇ ਕਰਮ ਕੀਤੇ ਹਨ ਤੇਹਾ ਤੇਹਾ ਤਿਸਨੂੰ ਹਥ ਲਗਦਾ ਹੈ ਤਾਂਤੇ ਜੋ ਆਪਨਿਆਂ ਭਾਗਾਂ ਉਤੇ ਰਾਜੀ ਨਹੀਂ ਰਹਿੰਦਾ ਅਤੇ ਸਬਰ ਨਹੀਂ ਕਰਦਾ ਅਰ ਫਿਰ ਮੰਗਦਾ ਹੈ ਤਾਂ ਨਾਰਦ ਉਸਨੂੰ ਖੁਆਰੀ ਕਰਦਾ ਹੈ ਅਰ ਲਬ ਦਾ ਅੰਧੇਰਾ ਹੈ ਤਾਂਤੇ ਜੋ ਲਬ ਕਰਦਾ ਹੈ ਸੋ ਬੰਦੀਖਾਨੇ ਵਿਚ ਪਉਂਦਾ ਹੈ ਅਤੇ ਅਉਗਣਾਂ ਦੀਆਂ ਪੈਰੀ ਗਟੀਆਂ ਪਉਂਦੀਆਂ ਹਨ ਅਰ ਨਿਤ ਮੁਗਦਰਾਂ ਦੀ ਮਾਰ ਪਉਂਦੀ ਹੈ ਅਰ ਪਾਪ ਜੋ ਹੈ ਸੋ ਕੁਟਵਾਲੀ ਕਰਦੇ ਹਨ ਅਤੇ ਜੋ ਚੰਗਾ ਹੁੰਦਾ ਹੈ ਸੋ ਚੰਗਿਆਂ ਨੂੰ ਪ੍ਰਾਪਤ ਹੋਂਦਾ ਹੈ ਅਰ ਜੋ ਮੰਦਾ ਹੁੰਦਾ ਹੈ ਸੋ ਮੰਦਿਆਂ ਨੂੰ ਪ੍ਰਾਪਤ ਹੁੰਦਾ ਹੈ ਅਤੇ ਹੁਣ ਜੋ ਸੇਖਾ ਨੂੰ ਵਾਰੀ ਆਈ ਹੈ ਸੋ ਆਦਪੁਰਖ ਨੂੰ ਅਲਹੁ ਕਹਿੰਦੇ ਹਨ ਅਰ ਦੇਵਲ ਦੇਵਤਿਆਂ ਦੇ ਤੀਰਥ ਸਭਨਾਂ ਨੂੰ ਡਾਨ ਲਾਇਆ ਹੈ ਅਰ ਕੂਜਾ ਤੇ ਬਾਂਗ ਅਰ ਮੁਸਲਾ ਅਤੇ ਨੀਲੇ ਬਸਤ੍ਰ ਪਹਿਰਨੇ ਸੋ ਏਹ ਭੇਖ ਬਣਾਇਆ ਹੈ ਅਤੇ ਘਰ ਘਰ ਵਿਖੇ ਸਭਨਾਂ ਜੀਆਂ ਨੂੰ ਮੀਆਂ ਕਰ ਬੁਲਾਂਵਦੇ ਹਨ ਸੋ ਏਹ ਬੋਲੀ ਚਲੀ ਹੈ ਅਤੇ ਜੇ ਮਹਾਰਾਜ ਤੂੰ ਇਸ ਅੰਗ ਬੈਠਾ ਹੈਂ ਤਾਂ ਸਾਡੀ ਕੀ ਕੁਦਰਤ ਹੈ ਅਰ ਸਾਰੇ ਏਥੇ ਹੀ ਸਲਾਮ ਕਰਨਗੇ ਅਰ ਘਰ ਘਰ ਵਿਚ ਤੇਰੀ ਸਿਫਤ ਕਰਨਗੇ ਪਰ ਮੈਂ ਜੋ ਤੇਰੀ ਜਾਰਤ ਆਇਆ ਹੋਂ ਸੋ ਮੈਂ ਕੁਛ ਦਿਹਾੜੀ ਮੰਗਤਾ ਹੋਂ ਜੋ ਤੀਰਥ ਅਰ ਸਿੰਮ੍ਰਿਤ ਅਤੇ ਪੁੰਨ ਅਰ ਦਾਨ ਏਹ ਹਿੰਦੂਆਂ ਨੂੰ ਮਿਲਨ ਅਤੇ ਮੈਨੂੰ ਨਾਮ ਦਾ ਲਾਹਾ ਮਿਲੇ ਅਰ ਮੈਨੂੰ ਨਾਮ ਨਾ ਭੁਲੇ ਸੋ ਜਦ ਏਹ ਬਚਨ ਬਾਬੇ ਕਹਿਆ ਤਾਂ ਸਭ ਜਿਤਨੇ ਮਕੇ ਦੇ ਹਾਜੀ ਸਨ ਸੋ ਆਨ ਇਕਠੇ ਹੋਏ ਅਰ ਉਨਾਂ ਪੁਛਿਆ ਹੇ ਹਾਜੀ ਤੂੰ ਕਿਥੋਂ ਆਇਆ ਹੈਂ ਅਰ ਤੂੰ ਸਾਡੀ ਮਿਜਬਾਨੀ ਲੈ ਸੋ ਬਕਰਾ ਤੇ ਆਟਾ ਲੈ ਆਏ ਅਰ ਕਹਾ ਬਕਰੇ ਨੂੰ ਕੁਰਬਾਨੀ ਕਰ ਖਾਵੇ ਤਾਂ ਬਾਬਾ ਜੀ ਨੇ ਮਾਝ ਦੀ ਵਾਰ ਵਿਚ ਸਲੋਕ ਬੋਲਿਆ ॥

ਸਲੋਕ ਮ: ੧ ॥ ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ ॥ ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ ॥ ਨਾਨਕ ਨਾਉ ਖੁਦਾਇ ਕਾ ਦਿਲਿ ਹਛੈ ਮੁਖਿ ਲੇਹੁ ॥ ਅਵਰਿ ਦਿਵਾਜੇ ਦੁਨੀ ਕੇ ਝੂਠੇ ਅਮਲ ਕਰੇਹੁ ॥ ੧ ॥

ਤਾਂ ਬਾਬੇ ਕਹਿਆ ਕਿ ਜੇ ਕਪੜੇ ਨੂੰ ਰਤ ਲਗਦੀ ਹੈ ਤਾਂ ਬਸਤਰ ਪਲੀਤ

ਹੁੰਦਾ ਹੈ ਪਰ ਜੋ ਮਨੁਖ ਰਤ ਪੀਂਦੇ ਹਨ ਸੋ ਉਨਾਂ ਦਾ ਚਿਤ ਨਿਰਮਲ ਕਿਉਂ ਕਰ ਹੋਵੈਗਾ ਗੁਰੂ ਨਾਨਕ ਜੀ ਕਹਿੰਦੇ ਹੈਨ ਕਿ ਨਾਮ ਖੁਦਾਇਦਾ ਜੋ ਹੈ ਸੋ ਹਛੇ ਦਿਲ ਨਾਲ ਜਪੇ ਅਰ ਹੋਰ ਜੇੜੇ ਪਖੰਡੀ ਆਖਦੇ ਹਨ ਸੋ ਝੂਠੇ ਅਮਲ ਕਰਦੇ ਹਨ ਤਾਂ ਹਾਜੀਆਂ ਕਹਿਆ ਤੂੰ ਆਦਮੀ ਹੈਂ ਕੇ ਫਰੇਸਤਾ ਹੈਂ ਅਰ ਹਿੰਦੂ ਹੈਂ ਕਿ ਮੁਸਲਮਾਨ ਹੈਂ ਤਾਂ ਬਾਬਾ ਜੀ ਨੇ ਸਲੋਕ ਆਖਿਆ :--


ਮ: ੧ ॥ ਜਾ ਹਉ ਨਾਹੀ ਤਾ ਕਿਆ ਆਖਾ ਕਿਹੁ ਨਾਹੀ ਕਿਆ ਹੋਵਾ ॥ ਕੀਤਾ ਕਰਣਾ ਕਹਿਆ ਕਥਨਾ ਭਰਿਆ ਭਰਿ ਭਰਿ ਧੋਵਾਂ ॥ ਆਪਿ ਨ ਬੁਝਾ ਲੋਕ ਬੁਝਾਈ ਐਸਾ ਆਗੂ ਹੋਵਾਂ ॥ ਨਾਨਕ ਅੰਧਾ ਹੋਇ ਕੈ ਦਸੇ ਗਹੇ ਸਭਸੁ ਮੁਹਾਏ ਸਾਥੈ ॥ ਅਗੈ ਗਇਆ ਮੁਹੇ ਮੁਹਿ ਪਾਹਿ ਸੁ ਐਸਾ ਆਗੂ ਜਾਪੈ ॥੧॥

ਬਾਬੇ ਕਹਿਆ ਕਿ ਇਕ ਖੁਦਾਇ ਦਾ ਜੋ ਨੂਰ ਹੈ ਸੋ ਤਮਾਮ ਬਦਨਾਂ ਨੂੰ ਫ਼ਰੋਗ ਦੇ ਰਹਿਆ ਹੈ ਅਰ ਇਹ ਬਦਨ ਅਰਬਿਆ ਅਨਾਸਰ ਦੇ ਹੈਨ ਜੋ ਖਾਕ ਬਾਦ ਆਬ ਆਤਸ ਸੋ ਏਹ ਚਾਰੋਂ ਤਤੋਂ ਦਾ ਜੁਸਾ ਹੈ ਅਤੇ ਖੁਦਾ ਇਕ ਹੈ ਅਤੇ ਮੈ ਆਪ ਨੂੰ ਢੂੰਢ ਰਹਿਆ ਪਰ ਖੁਦਾਇ ਥੀ ਵਖਰਾ ਆਪ ਨੂੰ ਨਹੀਂ ਲਭਦਾ ਅਰ ਜੇ ਕੁਛ ਅਣਹੋਂਦਾ ਆਪ ਨੂੰ ਕਹਾਂ ਸੋ ਦਰੋਗ ਹੈ, ਜੈਸੇ ਚੋਬਦੀਆਂ ਤਸਵੀਰਾਂ ਬਾਜੀਗਰ ਦੇ ਫੁਰਮਾਨ ਮੂਜਬ ਕਾਰ ਕਰਦੀਆਂ ਹੈਨ ਅਤੇ ਸੁਨੀਦ ਭੀ ਕਰਦੀਆਂ ਹਨ ਅਰ ਖਾਕ ਨਾਲ ਭੀ ਪੁਰ ਹੋਂਦੀਆਂ ਹਨ ਅਤੇ ਆਬ ਨਾਲ ਗੁਸਲ ਭੀ ਕਰਦੀਆਂ ਹਨ ਤੈਸੇ ਅਸੀਂ ਆਦਮੀ ਗੋਸਤ ਦੀਆਂ ਤਸਵੀਰਾਂ ਹਾਂ ਅਰ ਜੋ ਖੁਦਾ ਕਰਾਂਵਦਾ ਹੈ ਸੋ ਕਰਨੇ ਹਾਂ ਅਰ ਜੋ ਬੁਲਾਂਵਦਾ ਹੈ ਸੋ ਬੋਲਨੇ ਹਾਂ ਅਰ ਜੇ ਆਜਾਬ ਕਰਨੇ ਹਾਂ ਤਾਂ ਗੁਨਾਹ ਨਾਲ ਆਲਦਾ ਹੋਨੇ ਹਾਂ ਅਤੇ ਜੇ ਖੁਦਾ ਸਵਾਬ ਕਰਾਂਵਦਾ ਹੈ ਤਾਂ ਪਾਕ ਹੋਨੇ ਹਾਂ ਅਰ ਜੋ ਪੀਰ ਮੁਰਸ਼ਦ ਕਹਿਆ ਹੈ ਸੋ ਖੁਦ ਕਬੂਲ ਨਹੀਂ ਕਰਦੇ ਅਰ ਦੀਗਰਾਂ ਨੂੰ ਤਾਲੀਮ ਕਰਨੇ ਹਾਂ ਸੋ ਐਸੇ ਅਸੀਂ ਆਪ ਨੂੰ ਪੇਸਰਉ ਕਹਾਵਨੇ ਹਾਂ ਗੁਰੂ ਨਾਨਕ ਜੀ ਕਹਿੰਦੇ ਹਨ ਕਿ ਜੋ ਖੁਦਾ ਨਬੀ ਨਾ ਹੋਵੇ ਅਤੇ ਦੀਗਰਾਂ ਨੂੰ ਰਾਹ ਦਾ ਸਨਾਖਤ ਕਰਾਂਵਦਾ ਹੋਵੇ ਸੋ ਤਮਾਮ ਕਾਫਲੇ ਨੂੰ ਮੁਹਾਂਵਦਾ ਹੈ ਕਜੋਂਕਿ ਅਗੇ ਅਜਰਾਈਲ ਭੀ ਉਸੇ ਨੂੰ ਅਜਾਬ ਦੇਂਦਾ ਹੈ ਜੋ ਤੁਧ ਆਪ ਨੂੰ ਪੇਸ ਰਉ ਕਹਿਆ ਹੈ ॥

ਪਉੜੀ ਬਤੀਸਵੀ ॥ ਬਾਬਾ ਫਿਰ ਮੱਕੇ ਗਿਆ ਨੀਲ ਬਸਤ੍ਰ ਧਾਰੇ ਬਨਵਾਰੀ ॥ ਆਸਾ ਹੱਥ ਕਿਤਾਬ ਕੱਛ ਕੂਜਾ ਬਾਂਗ ਮੁਸੱਲਾ ਧਾਰੀ ॥ ਬੈਠਾ ਜਾਇ ਮਸੀਤ ਵਿਚ ਜਿਥੇ ਹਾਜੀ ਹੱਜ ਗੁਜਾਰੀ ॥ ਜਾ ਬਾਬਾ ਸੁੱਤਾ ਰਾਤ ਨੂੰ ਵੱਲ ਮਹਿਰਾਬੇ ਪਾਇ ਪਸਾਰੀ ॥ ਜੀਵਨ ਮਾਰੀ ਲੱਤ ਦੀ ਕੇੜ੍ਹਾ ਸੁੱਤਾ ਕੁਫਰ ਕੁਫਾਰੀ ॥

ਲਤਾਂ ਵੱਲ ਖੁਦਾਇ ਦੇ ਕਿਉਂ ਕਰ ਪਇਆ ਹੋਇ ਬਜਗਾਰੀ ॥ ਟੰਗੋਂ ਪਕੜ ਘਸੀਟਿਆ ਫਿਰਿਆ ਮੱਕਾ ਕਲਾ ਦਿਖਾਰੀ ॥ ਹੋਇ ਹੈਰਾਨ ਕਰੇ ਜੋਹਾਰੀ ॥੩੨॥

ਤਿਸਕਾ ਵੀਚਾਰ--ਬਾਬਾ ਜੋ ਬਨਵਾਲੀ ਹੈ ਬਨਵਾਲੀ ਕਹੀਏ ਜੋ ਸਰੀਰ ਰੂਪੀ ਬਨ ਦਾ ਮਾਲਕ ਹੋਵੇ ਅਥਵਾ ਆਲਮ ਰੂਪੀ ਬਨ ਦਾ ਵਾਲੀ ਹੋਵੇ ਅਥਵਾ ਬਿੰਦ੍ਰਾਬਨ ਦਾ ਵਾਲੀ ਹੋਵੇ ਅਥਵਾ ਬੈਜੰਤੀ ਮਾਲਾ ਦਾ ਪਹਿਰਨ ਵਾਲਾ ਹੋਵੈ ਸੋ ਮਕੇ ਨੂੰ ਜਾਇ ਪ੍ਰਾਪਤ ਹੋਇਆ ਅਰ ਹਥੀਂ ਆਸਾ ਅਰ ਕਛ ਵਿਚ ਕਿਤਾਬ ਅਰ ਕੂਜਾ ਤੇ ਮੁਸਲਾ ਮਰਦਾਨੇ ਦੇ ਹਥ ਅਰ ਸਭਨਾਂ ਹਾਜੀਆਂ ਨੇ ਮਸੀਤ ਵਿਚ ਖਾਬ ਕੀਤਾ ਪਰ ਬਾਬਾ ਜੀ ਮਸੀਤ ਦੇ ਮਿੰਬਰ ਨਾਲ ਸਮਾਧ ਲਾਇ ਬੈਠਾ ਸੋ ਫਿਰ ਪਿਛਲੀ ਸਬ ਜੀਵਨ ਝਾੜੂਕਸ ਦੀ ਆਮਦ ਹੋਈ ਸੋ ਉਸ ਵਕਤ ਮੱਕੇ ਦੇ ਮਹਿਰਾਬ ਵਲ ਕਦਮ ਕਰਕੇ ਬਾਬੇ ਭੀ ਖਾਬ ਕੀਤਾ ਸੀ ਤਾਂ ਜੀਵਨ ਝਾੜੂਕਸ ਆਇਆ ਅਰ ਬਾਬੇ ਨੂੰ ਲਤ ਮਾਰੀ ਓਸ ਅਰ ਕਹਿਆ ਹੇ ਕਾਫਰ ਤੂੰ ਮਕੇ ਦੀ ਜਾਰਤ ਨੂੰ ਆਇਆ ਅਤੇ ਕਾਬੇ ਦੀ ਚਾਰ ਦਿਵਾਲੀ ਖੁਦਾ ਦਾ ਘਰ ਹੈ ਸੋ ਤੂੰ ਇਸ ਤਰਫ ਮਹਰਾਬੇ ਦੇ ਵਲ ਕਦਮ ਕਿਉਂ ਕੀਤੇ ਹਨ ਤਾਂਤੇ ਤੈਨੂੰ ਆਜਾਬ ਬਜੇਗਾਰੀ ਹੋਵੈਗੀ ਤਾਂ ਬਾਬੇ ਕਹਿਆ ਕੇ ਜਿਧਰ ਖੁਦਾਇ ਦਾ ਘਰ ਨਹੀਂ ਉਧਰ ਹੀ ਮੇਰੇ ਕਦਮ ਕਰ ਦੇਹੋ ਤਾਂ ਜੀਵਨ ਝਾੜੂਕਸ ਨੇ ਬਾਬੇ ਨੂੰ ਟੰਗੋ ਪਕੜਕੇ



ਘਸੀਟਿਆਂ ਪਰ ਜਿਧਰ ਬਾਬੇ ਦੇ ਪੈਰ ਜਾਵਣ ਉਧਰ ਮਕੇ ਦਾ ਮਹਰਾਬ ਚਲਿਆ ਜਾਵੇ ਤਾਂ ਫਿਰ ਸਭ ਹਾਜੀ ਹੈਰਾਨ ਹੋਇ ਕਰ ਤਾਜੀਮ ਕਰਨ ਲਗੇ ਅਤੇ ਫਿਰ ਹਾਜੀਆ ਪੁਛਿਆ ਕਿ ਤੂੰ ਸੁਬਹ ਦੇ ਵਕਤ ਖਾਬ ਕਰ ਰਹਿਆ ਹੈਂ ਸੋ ਤੂੰ ਕੁਛ ਨਿਮਾਜ ਰੋਜਾ ਭੀ ਕਰਨਾ ਹੈਂ ਕਿ ਨਹੀਂ ਤਾਂ ਬਾਬਾ ਬੋਲਿਆ--ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ ॥ ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ ॥ ਕਰਣੀ ਕਾਬਾ

ਸਚੁ ਪੀਰੁ ਕਲਮਾ ਕਰਮ ਨਿਵਾਜ ॥ ਤਸਬੀ ਸਾ ਤਿਸੁ ਭਾਵਸੀ ਨਾਨਕ ਰਖੈ ਲਾਜ ॥੧॥

ਤਿਸਕਾ ਪਰਮਾਰਥ--ਬਾਬਾ ਜੀ ਕਹੇ ਹੈਂ ਕਿ ਆਪਣੇ ਪੀਰ ਦੇ ਸਿਦਕ ਤੇ ਕਾਇਮ ਰਹਿਣਾ ਅਤੇ ਆਜਜਾਂ ਤੇ ਮਿਹਰ ਅਰ ਮੁਹਬਤ ਕਰਨੀ ਸੋ ਇਹ ਸਾਡੀ ਮਸੀਤ ਹੈ ਅਤੇ ਮੁਸਲਾ ਹੈ ਅਤੇ ਹਕ ਹਲਾਲ ਦਾ ਖਾਵਣਾ ਏਹ ਕੁਰਾਣ ਹੈ ਅਤੇ ਗੁਨਾਹਾਂ ਥੀ ਬਜੁਰਗਾਂ ਦੀ ਸਰਮ ਕਰਨੀ ਏਹ ਸੁੰਨਤ ਹੈ ਅਰ ਸੀਲ ਕਰਨਾ ਤੇ ਸਚ ਕਮਾਵਣਾ ਇਹ ਰੋਜਾ ਹੈ ਤਾਂਤੇ ਜੋ ਇਸ ਤਰਹ ਕਮਾਂਵਦੇ ਹਨ ਸੋ ਮੁਸਲਮਾਨ ਹੈਨ ਕਜੋਂਕਿ ਭਲੀਆਂ ਕਰਨੀਆਂ ਕਾਬਾ ਹੈ ਅਤੇ ਸਚ ਕਮਾਵਣਾ ਏਹ ਪੀਰ ਹੈ ਅਤੇ ਜੋ ਖੂਬ ਅਮਲ ਕਰਨੇ ਏਹੁ ਕਲਮਾ ਅਰ ਨਿਵਾਜ ਹੈ ਅਰ ਤਸਬੀ ਜੋ ਹੈ ਸੋ ਜੁਰਜਾਬਾਰੀ-ਤਆਲਾ (ਰਬ ਦੀ ਰਜਾ) ਤੇ ਰਾਜੀ ਰਹਿਣਾ ਗੁਰੂ ਨਾਨਕ ਜੀ ਕਹਿੰਦੇ ਹਨ ਕਿ ਜੋ ਇਸ ਮੂਜਬ ਅਮਲ ਕਰਦੇ ਹਨ ਤਾਂ ਕਰਤਾਰ ਉਨਾਂ ਦੀ ਲਾਜ ਰਖਦਾ ਹੈ ਤਾਂ ਹਾਜੀਆਂ ਕਿ ਜੋ ਬਦਫੈਲੀਆਂ ਕਰਦੇ ਹਨ ਉਨਾਂ ਦਾ ਕੀ ਹਾਲ ਹੋਂਦਾ ਹੈ ਤਾਂ ਬਾਬਾ ਜੀ ਨੇ ਪਉੜੀ ਕਹੀ ॥

ਪਉੜੀ--ਬਦਫੈਲੀ ਗੈਬਾਨਾ ਖਸਮੁ ਨ ਜਾਨਈ ॥ ਸੋ ਕਹੀਐ ਦੇਵਾਨਾ ਆਪੁ ਨ ਪਛਾਣਈ ॥ ਕਲਹਿ ਬੁਰੀ ਸੰਸਾਰਿ ਵਾਦੇ ਖਪੀਐ ॥ ਵਿਣੁ ਨਾਵੈਂ ਵੇਕਾਰਿ ਭਰਮੇ ਪਚੀਐ ॥ ਰਾਹੁ ਦੋਵੈ ਇਕੁ ਜਾਣੈ ਸੋਈ ਸਿਝਸੀ ॥ ਕੁਫਰ ਗੋਆ ਕੁਫਰਾਣੈ ਪਇਆ ਦਝਸੀ ॥ ਸਭ ਦੁਨੀਆ ਸੁਬਹਾਨੁ ਸਚਿ ਸਮਾਈਐ ॥ ਸਿਝੈ ਦਰ ਦੀਬਾਨ ਆਪ ਗਵਾਈਐ ॥

ਤਿਸਕਾ ਬੀਚਾਰ ਬਾਬਾ ਜੀ ਕਹੇ ਹੈਂ ਕਿ ਬਦਫੈਲੀ ਕਰਨੇ ਪੁਸੀਦਾ ਕਰਕੇ ਜੋ ਖਸਮ ਨਹੀਂ ਜਾਣਦਾ ਤਾਂਤੇ ਓਹ ਦਿਵਾਨਾ ਕਹੀਦਾ ਹੈ ਅਰ ਆਪ ਨੂੰ ਨਹੀਂ ਪਛਾਣਦਾ ਅਤੇ ਇਹ ਜੋ ਕਲਹ ਹੈ ਸੋ ਆਲਮ ਵਿਚ ਬੁਰੀ ਹੈ ਅਰ ਸਰਾਰਤ ਵਿਚ ਉਨਰ ਜਾਇਆ ਜਾਂਦੀ ਹੈ ਅਰ ਖੁਦਾਇ ਦੇ ਨਾਮ ਥੋਂ ਬਗੈਰ ਬਦਕਾਰੀ ਵਿਚ ਪਇਆ ਹੋਇਆ ਖਰਾਬ ਹੁੰਦਾ ਹੈ ਪਰ ਜੋ ਰਾਹਿ ਦੁਹਾਂ ਵਿਚ ਇਕ ਖੁਦਾਇ ਜਾਣਦਾ ਹੈ ਸੋਈ ਖਲਾਸ ਹੁੰਦਾ ਹੈ ਅਤੇ ਜੋ ਖਲਾਫਗੋ ਹੈ ਸੋ ਦੋਜਖ ਦੀ ਆਤਸ ਵਿਚ ਪਇਆ ਦਝਦਾ ਹੈ ਅਰ ਸਭ ਦੁਨੀਆਂ ਦੇ ਵਿਚ ਸੁਬਹਾਨ ਹੈ ਤਾਂਤੇ ਸੋਹਬਤ ਰਾਸ ਤਬ ਜਾਂਦੀ ਕੀਚੇ ਅਰ ਜੋ ਖੁਦੀ ਗਵਾਇੰਦਾ ਹੈ ਸੋ ਖੁਦਾਇ ਦੇ ਦੀਬਾਨ ਵਿਚ ਸੁਰਖਰੂ ਹੁੰਦਾ ਹੈ ਤਾਂ ਕਾਜੀ ਰੁਕਨਦੀਨ ਬੋਲਿਆ ਤੂੰ ਖੁਦਾਇ ਦੇ ਪੈਕੰਬਰ ਨੂੰ ਮੰਨਦਾ ਹੈਂ ਕੇ ਨਹੀਂ ॥

ਤਾਂ ਬਾਬਾ ਬੋਲਿਆ :--ਖੁਦਾਇ ਦੇ ਦਰਵਾਜੇ ਤੇ ਕਈ ਪੈਕੰਬਰ ਅਰ ਕਈ ਸਿਕਦਾਰ ਹੈਂ ਅਰ ਕਈ ਸੇਖ ਹਨ ਅਰ ਕਈ ਪੀਰ ਹਨ ਅਰ ਜੋ ਖੁਦਾਇ ਥੀ ਭੁਲੇ

ਹਨ ਸੋ ਉਨਾਂ ਨੂੰ ਰਾਹ ਵਿਖਾਲਣ ਵਾਸਤੇ ਹੈਨ ਅਰ ਜੋ ਖੁਦਾਇ ਦੇ ਨਜੀਕੀ ਹੈਂਨ ਤਿਨਾਂ ਦੇ ਉਤੇ ਹੁਕਮ ਕਿਸੇ ਦਾ ਨਹੀਂ ਚਲਦਾ ਤਾਂਤੇ ਅਗੇ ਪੈਕੰਬਰ ਤੁਸਾਡਾ ਰਾਹਿ ਦਸਣ ਵਾਸਤੇ ਆਇਆ ਸੀ ਪਰ ਤੁਸੀਂ ਪੈਕੰਬਰ ਦੇ ਰਾਹਿਤੋਂ ਹੁਣ ਫਿਰ ਗਏ ਹੋ ਤਾਂ ਹੁਣ ਮੈਂ ਆਇਆ ਹਾਂ ਤਾਂ ਹਾਜੀਆਂ ਪੁਛਿਆ ਕਿ ਈਮਾਨ ਦੀਆਂ ਕਿਤਨੀਆਂ ਸਰਤਾਂ ਹਨ ਤਾਂ ਬਾਬਾ ਬੋਲਿਆ ਈਮਾਨ ਦੀਆਂ ਕਿਤਨੀਆਂ ਚਾਰ ਸਰਤਾਂ ਹਨ ਜੋ (੧) ਅਵਲ ਬਜੁਰਗਾਂ ਦੀ ਸੁਹਬਤ (੨) ਦੋਇਮ ਮਾਲ ਦੀ ਜਕਾਤ (੩) ਸੋਯਮ ਗੁਨਾਹਾਂ ਥੀ ਪਾਕ (੪) ਚਹਾਰਮ ਖੁਦਾਇਦੀ ਯਾਦ ਸੇ ਏਹ ਚਾਰ ਸਰਤਾਂ ਈਮਾਨ ਦੀਆਂ ਹਨ ਤਾਂ ਫਿਰ ਹਾਜੀਆਂ ਪੁਛਿਆ (ਕਾਜੀਆਂ) ਫ਼ਕੀਰ ਕਿਸਨੂੰ ਕਹਿੰਦੇ ਹਨ ਤਾਂ ਬਾਬਾ ਬੋਲਿਆ ਫੇਫਨਾਹਿ ਕਾਫ ਕਨਾਇਤ ਰੇ ਰਿਆਜਤ ਸੋ ਤਿੰਨ ਸਰਤਾਂ ਫਕੀਰੀ ਦੀਆਂ ਹਨ ਤਾਂ ਹਾਜੀ ਬੋਲੇ ਅਵਲ ਨਾਮ ਖੁਦਾਇ ਦਾ ਦੂਜਾ ਨਬੀ ਰਸੂਲ ॥ ਨਾਨਕ ਕਲਮਾਂ ਯਾਦ ਕਰ ਦਰਗਹ ਪਵੈ ਕਬੂਲ ॥ ਤਾਂ ਬਾਬਾ ਬੋਲਿਆ :--ਏਕੋ ਨਾਮ ਖੁਦਾਇ ਹੈ ਕੇਤੇ ਨਬੀ ਰਸੂਲ ॥ ਨਾਨਕ ਨੀਅਤ ਰਾਸ ਕਰ ਜੋ ਦਰਗਹ ਪਵੈ ਕਬੂਲ ॥ ਤਾਂ ਹਾਜੀਆਂ ਕਹਿਆ ॥ ਕਰਬੇਦਾਰੀ ਰਾਤ ਕੀ ਦੌਲਤ ਕਾ ਕਰ ਦਾਨ ॥ ਗੋਸੇ ਬੈਠਕੇ ਚਿਤ ਕਰ ਤਾਂ ਥਿਰ ਰਹੀਅਮਾਨ ॥ ਤਿਸਕ ਬੀਚਾਰ ਹਾਜੀਆਂ ਕਹਿਆ ਕੀ ਰਾਤ ਦੀ ਜਾਗ੍ਰਤ ਭੀ ਹੋਵੇ ਤੇ ਧਨ ਵਿਚੋਂ ਦਸਵੰਤ ਭੀ ਹੋਵੈ ਅਰ ਏਕੰਤ ਬੈਠਕੇ ਭਜਨ ਭੀ ਕਰੇ ਤਾਂ ਧਰਮ ਦਾ ਰਾਹਿ ਹੁੰਦਾ ਹੈ ਤਾਂ ਫਿਰ ਬਾਬਾ ਬੋਲਿਆ ॥ ਹਜਾਰ ਕੂੰਜ ਕਿਰਾਤਮ ਹਜਾਰ ਗੰਜ ਕਰਮ ਹਜਾਰ ਤਾਇਤ ਸਬਹਾ ਹਜਾਰ ਬੇਦਾਰੀ ॥ ਹਜਾਰ ਰੋਜ ਬਰੋਜਹ ਹਜਾਰਾਜਬ ਨਿਮਾਜ ॥ ਕਬੂਲ ਨੇਸਤ ਜੁਯਕ ਖਾਤਰੇ ਥਿਆ ਜਾਰੀ ॥ ਤਿਸਕਾ ਵੀਚਾਰ ਬਾਬਾ ਜੀ ਕਹਤੇ ਹਨ ਕਿ ਜੇਕਰ ਹਜਾਰ ਦਿਨ ਗੋਸਿਆਂ ਵਿਚ ਬੈਠਕੇ ਤਪ ਕਰੀਏ ਅਰ ਹਜਾਰ ਅਰ ਹਜਾਰ ਗੰਜ ਦਾਨ ਕਰੀਏ ਅਰ ਹਜਾਰ ਰਾਤੀ ਜਾਗ੍ਰਤ ਕਰੀਏ ਅਰ ਹਜਾਰ ਦਿਨ ਰੋਜੇ ਰਖੀਅਨ ਪਰ ਜੇ ਕਿਸੇ ਦੇ ਦਿਲ ਨੂੰ ਰੰਞਾਣੀਏ ਤਾਂ ਕਬੂਲ ਨਹੀਂ ਪੈਂਦੇ ॥ ਅਗੇ ਪਉੜੀ ਤੇਤੀਸਵੀ ਚਲੀ ॥

ਪੁੱਛਣ ਗੱਲ ਈਮਾਨ ਦੀ ਕਾਜ਼ੀ ਮੁੱਲਾਂ ਇਕੱਠੇ ਹੋਈ ॥ ਵੱਡਾ ਸਾਂਗ ਵਰਤਾਇਆ ਲਖ ਨ ਸੱਕੇ ਕੁਦਰਤਿ ਕੋਈ ॥ ਪੁੱਛਣ ਖੋਲ੍ਹ ਕਿਤਾਬ ਨੂੰ ਵੱਡਾ ਹਿੰਦੂ ਕਿ ਮੁਸਲਮਾਨੋਈ ॥ ਬਾਬਾ ਆਖੇ ਹਾਜੀਆਂ ਸ਼ੁਭ ਅਮਲਾਂ ਬਾਝੋਂ ਦੋਵੇਂ ਰੋਈ ॥ ਹਿੰਦੂ ਮੁਸਲਮਾਨ ਦੁਇ ਦਰਗਹਿ ਅੰਦਰ ਲੈਣ ਨ ਢੋਈ ॥ ਕੱਚਾ ਰੰਗ ਕਸੁੰਭ ਦਾ ਪਾਣੀ ਧੋਤੇ ਥਿਰ ਨ ਰਹੋਈ ॥ ਕਰਨ ਬਖੀਲੀ ਆਪ ਵਿਚ ਰਾਮ ਰਹੀਮ ਕੁਥਾਇ ਖਲੋਈ ॥ ਰਾਹ ਸ਼ੈਤਾਨੀ ਦੁਨੀਆਂ ਗੋਈ ॥੩੩॥

ਧਰੀ ਨਿਸ਼ਾਨੀ ਕੌਸ ਦੀ ਮੱਕੇ ਅੰਦਰ ਪੂਜ ਕਰਾਈ ॥ ਜਿੱਥੇ ਜਾਇ ਜਗੱਤ ਵਿਚ ਬਾਬੇ ਬਾਝ ਨ ਖਾਲੀ ਜਾਈ ॥ ਘਰ ਘਰ ਬਾਬਾ ਪੂਜੀਏ ਹਿੰਦੂ ਮੁਸਲਮਾਨ ਜੋ ਆਈ ॥ ਛੁਪੇ ਨਾਹਿ ਛੁਪਾਇਆ ਚੜ੍ਹਿਆ ਸੂਰਜ ਜਗ ਰੁਸ਼ਨਾਈ ॥ ਬੁੱਕਿਆ ਸਿੰਘ ਉਜਾੜ ਵਿਚ ਸਭ ਮਿਰਗਾਵਲਿ ਭੰਨੀ ਜਾਈ ॥ ਚੜ੍ਹਿਆ ਚੰਦ ਨ ਲੁਕਈ ਕੱਢ ਕੁਨਾਲੀ ਜੋਤਿ ਛਪਾਈ ॥ ਉਗਵਣਹੁ ਤੇ ਆਥਵਣਹੁ ਨਉਖੰਡ ਪ੍ਰਿਥਵੀ ਸਭ ਝੁਕਾਈ ॥ ਜਗ ਅੰਦਰ ਕੁਦਰਤਿ ਵਰਤਾਈ ॥ ੩੪ ॥

ਤਿਸਕਾ ਬੀਚਾਰ ਭਾਈ ਮਨੀ ਸਿੰਘ ਜੀ ਕਥਨ ਕਰੇ ਹੈਂ ॥ ਕਾਜੀ ਮੁਲਾਂ ਇਕਠੇ ਹੋਕੇ ਬਾਬੇ ਪਾਸੋਂ ਇਮਾਨ ਦੀ ਗਲ ਪੁਛਣ ਲਗੇ ਅਰ ਕਹਿਆ ਕਿ ਤੁਧ ਇਥੇ ਬਡੀ ਕੁਦਰਤ ਦਿਖਾਈ ਹੈ ਜੋ ਮਕੇ ਦੀ ਮਹਿਰਾਬ ਤੇਰੇ ਪੈਰਾਂ ਨਾਲ ਫਿਰਦਾ ਆਇਆ ਹੈ ਸੋ ਤੂੰ ਕਿਤਾਬ ਨੂੰ ਖੋਲਕੇ ਅਸਾਂ ਨੂੰ ਦਸ ਜੋ ਬਾਬਾ ਆਦਮ ਦੇ ਪੁਤ੍ਰ ਹਿੰਦੂਆਂ ਮੁਸਲਮਾਨਾਂ ਵਿਚੋਂ ਹਿੰਦੂ ਬਡਾ ਹੈ ਕਿ ਮੁਸਲਮਾਨ ਵਡਾ ਹੈ ਤਾਂ ਬਾਬਾ ਜੀ ਨੇ ਕਹਿਆ ਕਿ ਬਾਬੇ ਆਦਮ ਦੇ ਸਜੇ ਹਥੋਂ ਹਿੰਦੂ ਪੈਦਾ ਹੋਏ ਹਨ ਅਤੇ ਖਬੇ ਹਥੋਂ ਮੁਸਲਮਾਨ ਪੈਦਾ ਹੋਏ ਹਨ ਪਰ ਇਨਾਂ ਤਤਾਂ ਦੀ ਜੋ ਸਿਫਤ ਹੈ ਆਪਣੇ ਦਿਲ ਅੰਦਰ ਰਖੋਗੇ ਤਾਂ ਸੁਖੀ ਹੋਵੋਗੇ ਤਾਂ ਉਨਾਂ ਪੁਛਿਆ ਬਨਾਰਸ ਦੀ ਕਿਆ ਸਿਫਤ ਹੈ ਤਾਂ ਬਾਬੇ ਆਦਮ ਕਹਿਆ ਕਿ ਜਮੀਨ ਜੋ ਹੈ ਸੋ ਸਭਨਾਂ ਕਦਮਾਂ ਤੇ ਭਲੇ ਹੈ ॥

ਅਰ ਜੋ ਇਸ ਵਿਚ ਅਦਬ ਕਰੇ ਅਰ ਬਿਅਦਬੀ ਕਰੇ ਸੋ ਸਿਰ ਪਰ ਤਮਾਮ ਭਾਲ ਉਠਾਵਤੀ ਹੈ ਅਰ ਤਹਮਲ ਸਾਥ ਇਸਤਾਦਾ ਰਹਿੰਦੀ ਹੈ ਅਤੇ ਫਉਤ ਹੋਇਆਂ ਸਭਸ ਤੇ ਉਪਰ ਆਉਂਦੀ ਹੈ ॥ ਅਤੇ ਬਾਦ ਜੋ ਹੈ ਸੋ ਹਰ ਕਿਸੇ ਨੂੰ ਆਰਾਮ ਤੇ ਸਰਦੀ ਕਰਦੀ ਹੈ ਅਰ ਗੁਲਜਾਰਾਂ ਦੀ ਖਸਬੋ ਲਿਆਵਦੀ ਹੈ ਅਰ ਸਹਰਾਂ ਵਿਚੋਂ ਬਦਬੋ ਲਜਾਂਦੀ ਹੈ ਅਰ ਫੇਰ ਦੋਹਾਂ ਬੋਆਂ ਨੂੰ ਗੁਜਾਰ ਜਾਂਦੀ ਹੈ ਅਰ ਸਭਸ ਨਾਲ ਯਕਸਾਰ ਹੋ ਵਰਤਤੀ ਹੈ ਅਰ ਆਤਸ ਜੋ ਹੈ ਸੋ ਸਭਸ ਨੂੰ ਰੁਸਨਾਈ ਕਰਦੀ ਹੈ ਅਰ ਤਾਰੀਕੀ ਦੂਰ ਕਰਦੀ ਹੈ ਅਰ ਸਰਦੀ ਦੂਰ ਕਰਦੀ ਹੈ ਅਰ ਖਤਰਾ ਦੂਰ ਕਰਦੀ ਹੈ ॥ ਅਰ ਆਬ ਜੋ ਹੈ ਸੋ ਮਨੁਖਾਂ ਦੀ ਪਲੀਤੀ ਦੂਰ ਕਰਦਾ ਹੈ ਅਰ ਮੈਲ ਭੀ ਦੂਰ ਕਰਦਾ ਹੈ ਅਰ ਤਿਸਨਗ ਭੀ ਦੂਰ ਕਰਦਾ ਹੈ ਅਰ ਸੀਨਾ ਭੀ ਸਰਦ ਕਰਦਾ ਹੈ ਤੈਸੇ ਤੁਸੀ ਇਨਾਂ ਦੇ ਅਮਲ ਰਖੋਗੇ ਤਾਂ ਬੁਜਗਰ ਹੋਵੋਗੇ ਤਾਂ ਫਿਰ ਬਾਬਾ ਜੀ ਹਾਜੀਆਂ ਨੂੰ ਕਹਿਆ ਕਿ ਹਿੰਦੂ ਭੀ ਅਰ ਮੁਸਲਮਾਨ ਭੀ ਸੁਭ ਅਮਲਾਂ ਥੀਂ ਬਗੈਰ ਦੋਨਹੁ ਗਿਰੀਆ ਕਰਦੇ ਹਨ ਅਰ ਦਰਗਾਹ ਵਿਚ ਢੋਈ ਨਹੀਂ ਲਹਿੰਦੇ ਕਜੋਂ ਕਿ ਏਹ ਬਦਨ ਕਸੁੰਭੇ ਦੇ ਰੰਗ

ਦੀ ਨਿਆਈ ਖਾਮ ਹੈ ਜੈਸੇ ਜਲ ਕਰ ਕਚੇ ਰੰਗ ਉਤਰ ਜਾਂਦੇ ਹਨ ਤੈਸੇ ਬਖੀਲੀ ਕਰ ਉਸਦੀ ਉਮਰ ਗੁਜਰਦੀ ਜਾਂਦੀ ਹੈ ॥ ਅਰ ਰਾਮ ਤੇ ਰਹੀਮ ਦੀਆਂ ਹਕਾਵਿਤਾਂ ਇਸਨੂੰ ਮਰਗਿ ਦੇ ਯਾਦ ਦੇ ਕਰਾਵਣ ਵਾਸਤੇ ਹੈ ਅਰ ਜੋ ਹਕਾਇਤਾਂ ਨਹੀਂ ਸੁਣਦੇ ਤਾਂ ਮਉਤ ਉਨਾਂ ਨੂੰ ਭੁਲ ਜਾਂਦੀ ਹੈ ਅਤੇ ਸੈਤਾਨੀ ਕੰਮ ਵਿਚ ਪੈ ਜਾਂਦੇ ਹਨ॥ ਸੋ ਫਿਰ ਇਕ ਸਾਲ ਬਾਬੇ ਨੂੰ ਉਨਾਂ ਦੇ ਨਾਲ ਗੁਫਤਗੋ ਕਰਦਿਆਂ ਗੁਜਰਿਆ ਅਰ ਹੋਰ ਰੁਕਨਦੀਨ ਦੀ ਗੁਫਤ ਸੁਨੀਦ ਮਕੇ ਦੀ ਗੋਸਟ ਵਿਚ ਲਿਖੀ ਹੈ ਸੋ ਇਸ ਵਾਸਤੇ ਇਥੇ ਵਿਸਤਾਰ ਨਹੀਂ ਕੀਤਾ ਅਤੇ ਜੇੜੇ ਹਾਜੀ ਭਖਰ ਖ੍ਵਾਜੇ ਦੇ ਮੁਕਾਮ ਤੇ ਮਿਲੇ ਸੇ ਸੋ ਸਭ ਮਕੇ ਆਇਕੇ ਪੁਛਣ ਲਗੇ ਕਿ ਏਹ ਫਕੀਰ ਕਦ ਦਾ ਆਇਆ ਹੋਇਆ ਹੈ ਤਾਂ ਹਾਜੀਆਂ ਕਿਹਾ ਕਿ ਇਸਨੂੰ ਏਥੇ ਆਇਆਂ ਇਕ ਬਰਸ ਹੋਇਆ ਹੈ ॥ ਅਤੇ ਫਿਰ ਮਕੇ ਦੇ ਫਿਰਨ ਦੀ ਭੀ ਅਰ ਹੋਰ ਹਕਾਇਤਾਂ ਭੀ ਸਭਨਾਂ ਨੂੰ ਸੁਣਾਈਆਂ ਤਾਂ ਸਭ ਸੁਣਕੇ ਹੈਰਾਨ ਹੋਏ ਅਤੇ ਫਿਰ ਸਭਨਾਂ ਕਹਿਆ ਕਿ ਮਸੀਤ ਵਿਚੋਂ ਪਾਣੀ ਸਭ ਛਪਾ ਦਿਓ ਅਤੇ ਇਸ ਫਕੀਰ ਨੂੰ ਕਹੋ ਕਿ ਸਾਨੂੰ ਨਿਮਾਜ ਦੇ ਉਜੂ ਵਾਸਤੇ ਆਬ ਲੋੜੀਦਾ ਹੈ ਸੋ ਤੂੰ ਲਿਆ ਦੇ ਸੋ ਐਸੀ ਸਲਾਹ ਕਰਕੇ ਬਾਬਾ ਜੀ ਪਾਸ ਆਏ ਅਰ ਆਇਕਰ ਆਖਿਆ ਕਿ ਸਾਨੂੰ ਉਜੂ ਵਾਸਤੇ ਆਬ ਲੋੜੀਦਾ ਹੈ ਤਾਂ ਬਾਬਾ ਜੀਨੇ ਮਕੇਦੀ ਚਾਰ ਦਿਵਾਲੀ ਵਿਚ ਆਸਾ ਠੋਕਿਆ ਤਾਂ ਓਥੋਂ ਆਬ ਛਮ ਛਮ ਨਿਕਲਿਆ ਸੋ ਫਿਰ ਸਭਨਾਂ ਉਜੂ ਕਰਕੈ ਨਿਮਾਜ ਪੜੀ ਅਤੇ ਫਿਰ ਪੁਛਿਆ ਕਿ ਏਹ ਆਬ ਕਹਾਂ ਸੇ ਆਇਆ ਹੈ ਤਾਂ ਬਾਬੇ ਕਹਿਆ ਈਹਾਂ ਸਿਵ ਦਾ ਲਿੰਗ ਹੈ ਅਰ ਇਹ ਬਡੀ ਬਰਕਤ ਦੀ ਜਾਗਾਂ ਹੈ ਅਰ ਆਬਹਯਾਤ ਫਰੇਸਤੇ ਲਿਆਇਕੇ ਸਿਵ ਨੂੰ ਗੁਸਲ ਕਰਾਇਦੇ ਹਨ ਸੋ ਉਸਥੀ ਆਬ ਸਿੰਮ ਸਿੰਮ ਬਾਹਰ ਨਿਕਲਦਾ ਹੈ ਔਰ ਸੁਣੋ ਕਿ ਤੁਹਾਡੇ ਇਬਰਾਈਮ ਪੈਕੰਬਰ ਨੇ ਇਕ ਰਿਖ ਦੀ ਬੇਟੀ ਵਿਆਹੀ ਸੀ ਅਰ ਉਸਦੇ ਨਾਲ ਇਕਰਾਰ ਕੀਤਾ ਸੀ ਕਿ ਹੋਰ ਔਰਤ ਨਾਲ ਨਿਕਾਹ ਨਾ ਕਰਾਂਗਾ ਸੋ ਫਿਰ ਕਿਤਨੀ ਮੁਦਤ ਪਿਛੇ ਉਸਨੂੰ ਇਕ ਮਰਜ ਹੋ ਗਈ ਤਾਂ ਉਸਨੇ ਬਹੁਤ ਇਲਾਜ ਕੀਤੇ ਅਰ ਫਾਇਦਾ ਕੁਛ ਨਾ ਹੂਆ ਤਾਂ ਫਿਰ ਬਹੁਤ ਹਕੀਮਾਂ ਨੂੰ ਸਦਿਆ ਅਰ ਪੁਛਿਆ ਤਾਂ ਹਕੀਮਾਂ ਉਸਨੂੰ ਕਹਿਆ ਕਿ ਜਬ ਤੂੰ ਕੋਈ ਬਿਕਰ ਔਰਤ ਕਰੇ ਤਾਂ ਤੇਰਾ ਆਜਾਰ ਦੂਰ ਹੋਤਾ ਹੈ ਤਾਂ ਫਿਰ ਓਸਨੇ ਇਕ ਦਰਵੇਸ ਦੀ ਦੁਖਤਰ ਨਾਲ ਨਿਕਾਹ ਕੀਤਾ ਸੋ ਜਬ ਉਸਦੇ ਨਜੀਕ ਗਇਆ ਤਾਂ ਉਸਦਾ ਆਜਾਰ ਦੂਰ ਹੋਇਆ ਅਤੇ ਜਬ ਅਗਲੀ ਔਰਤ ਨੂੰ ਨਿਕਾਹ ਦੀ ਖਬਰ ਹੋਈ ਤਾਂ ਉਸਨੇ ਪੈਕੰਬਰ ਨੂੰ ਕਾਬੂ ਕਰਕੇ ਉਸਦੀ ਸੁੰਨਤ ਕਰਾਈ ਅਰ ਸਿਰ ਦੀ ਜਾਗਾਂ ਉਸਦੇ ਕੇਸ ਤਰਾਸੇ ਅਤੇ ਲਬਾਂ ਦੀ ਜਾਗਾਂ ਉਸਦੇ ਬਾਰੂਤ ਤਰਾਸੇ ਅਰ ਉਸਦੇ ਨਫਸ ਥੀ ਗੋਸਤ ਤਰਾਸਿਆ ਸੋ ਇਸਕੋ

ਇਬਤ ਦਾ ਸਭ ਸਰਤਾਂ ਕੀਤੀਆਂ ਅਰ ਉਸਦੀ ਦੂਜੀ ਔਰਤ ਜੋ ਥੀ ਇਸ ਮਕੇ ਦੇ ਅਸਥਾਨ ਪਾਨੀ ਦੇਖਕੇ ਛੋਡ ਗਇਆ ਸੀ ॥

ਸੋ ਫਿਰ ਤਿਸ ਥੀ ਇਕ ਫਰਜੰਦ ਪੈਦੇ ਹੋਇਆ ਅਰ ਇਸ਼ ਚਾਰ ਦਿਵਾਲੀ ਦੀ ਜਾਗਾਂ ਬੀਆਬਾਨ ਥੀ ਅਰ ਇਥੇ ਸਿਵ ਦੇ ਅਸਥਾਨ ਆਬ ਖਲੋਤਾ ਸੀ ਸੋ ਇਥੇ ਆਪਣੀ ਅਉਰਤ ਤੇ ਫਰਜੰਦ ਨੂੰ ਛਡ ਗਿਆ ਸੀ ਅਤੇ ਓਹ ਬਰਗਾਂ ਤੇ ਫਲਾਂ ਨਾਲ ਗੁਜਰਾਨ ਕਰਨ ਤਾਂ ਫਿਰ ਇਕ ਸੌਦਾਗਰ ਦਾ ਕਾਫਲਾ ਰਾਹ ਗੁੰਮ ਕਰਕੇ ਇਸ ਜਗਾ ਆ ਨਿਕਲਿਆ ਅਰ ਆਬ ਕਰਕੇ ਸਭਨਾਂ ਆਪਨੀ ਗੁਜਰਾਨ ਕੀਤੀ ਤਾਂ ਸੌਦਾਗਰਾਂ ਜਾਤਾ ਕਿ ਏਹ ਵਡੀ ਬਰਕਤ ਦਾ ਮਕਾਨ ਹੈ ਤਾਂਤੇ ਉਨਾਂ ਆਪਣੇ ਮਾਲ ਜਕਾਤ ਵਿਚੋਂ ਚਾਰ ਦਿਵਾਲੀ ਬਣਾਈ ਅਰ ਉਸ ਔਰਤ ਦੀ ਫਰਜੰਦ ਸਮੇਤ ਬਹੁਤ ਖਿਜਮਤ ਕੀਤੀ ਅਤੇ ਜਦ ਉਸਦਾ ਪੁਤਰ ਵਡਾ ਹੋਇਆ ਤਾਂ ਓਹ ਭੀ ਪੈਕੰਬਰ ਹੋਇਆ ਅਰ ਤੁਸਾਡਾ ਪੈਕੰਬਰ ਜੋ ਮੁਹੰਮਦ ਜੋ ਜਿਸਦੀ ਤੁਸੀਂ ਉਮਤ ਹੋ ਸੋ ਉਸਨੇ ਇਥੇ ਬਜੁਰਗਾਂ ਦਾ ਮਕਾਨ ਜਾਣਕੇ ਖ਼ੁਦਾ ਦੀ ਬੰਦਗੀ ਕੀਤੀ ਅਤੇ ਜਉ ਖਾਧੇ ਅਰ ਇਥੇ ਹੀ ਉਸਨੂੰ ਫਰੇਸਤਾ ਪੈਕੰਬਰੀ ਦੀਆਂ ਆਇਤਾਂ ਲਿਆਇਆ ਸੀ ਸੋ ਇਕ ਆਇਤ ਇਹ ਹੈ ॥ ਲਉਲਾਕਲ ਮਾਖਲ ਖਤ ਉਲ ਇਫਲਾਕਾ ॥ ਹੇ ਪੈਕੰਬਰ ਜੇ ਤੈਨੂੰ ਪੈਦਾ ਨ ਕਰਾਂਹਾ ਤਾਂ ਜਿਮੀ ਆਸਮਾਨ ਭੀ ਨਕਰਾਂਗਾ ਤਾਂਤੇ ਏਹ ਮਕਾਨ ਬਡਿਆ ਬਜੁਰਗਾ ਦਾ ਹੈ ਅਰ ਏਹ ਜਲ ਭੀ ਓਥੋਂ ਨਿਕਲਿਆ ਹੈ ਸੋ ਤੁਸਾਂ ਆਪ ਵਿਚ ਕਾਸਤਬ ਜੀ ਕਰਨੀ ਅਤੇ ਖ਼ੁਦਾ ਨੂੰ ਯਾਦ ਕਰਨਾ ਅਰ ਗਜਬ ਸਹਿਵਤ ਤੇ ਦਰੋਗ ਤੇ ਰਸਕ ਨੂੰ ਗੁਜਾਰਨਾ ਅਰ ਕਮ ਖੁਰਸਤੇ ਕਮ ਖਾਬ ਕਰਨਾ ਅਰ ਕਿਤਾਬ ਦਾ ਮਗਜ ਸਭਨਾ ਦਿਲ ਮੇ ਰਖਣਾ ਅਤੇ ਅਸੀਂ ਅਗੇ ਬਗਦਾਦ ਤੇ ਰੂਨ ਅਰ ਮਦੀਨੇ ਨੂੰ ਜਾਨੇ ਹਾਂ ਤਾਂ ਹਾਜੀਆਂ ਅਰਜ ਕੀਤੀ ॥ ਅਸਾਂ ਜਾਤਾ ਨਬੀ ਪਰ ਹੋਰ ਨਾ ਹੋਸੀ ਮੂਲ ਖਾਤਮ ਦੇ ਸਿਰ ਖਤਮ ਹੈ ਨਾਨਕ ਹਕ ਕਬੂਲ ॥ ਤਿਸਕਾ ਬੀਚਾਰ ਹਾਜੀਆਂ ਕਹਿਆ ਕਿ ਅਸੀਂ ਜਾਣਦੇ ਸਾਂ ਜੋ ਅਸਾਡਾ ਆਖਰੀ ਪੈਕੰਬਰ ਹੋਇਆ ਹੈ ਇਸ ਉਪਰ ਹੋਰ ਕੋਈ ਨਹੀਂ ਹੋਣਾ ਪਰ ਤੂੰ ਸਭਨਾਂ ਦੇ ਸਿਰ ਖਾਤਮ ਹੋਇਆ ਹੈਂ ਤਾਂਤੇ ਤੂੰ ਆਪਣੀ ਕਾਈ ਨਿਸਾਨੀ ਈਹਾਂ ਰਖ ਤਾਂ ਬਾਬੇ ਕਹਿਆ ਇਸ ਮਹਿਰਾਬ ਦੇ ਵਿਚ ਅਸਾਡੀ ਕਫਸ ਜੋ ਖੜਾਵਾਂ ਹੈਨ ਸੋ ਇਥੇ ਰਖੋ ਅਰ ਇਸ ਦੇ ਅਗੇ ਤੁਸੀਂ ਨਿਮਾਜ ਕਰੋ ਅਤੇ ਜੇ ਕਿਥਾਊਂ ਹੋਰਥੇ ਨਿਮਾਜ ਕਰੋ ਤਾਂ ਆਪਣੀਆਂ ਪਾਉਪੋਸਾ (ਭਾਵ ਜੋੜਾ) ਅਗੇ ਰਖ ਲੈਣੀਆਂ ਤਉ ਤੁਸਾਡੀ ਖਾਤਰ ਜਮਾ ਹੋਵੇਗੀ ਤਾਂ ਹਾਜੀਆਂ ਪੁਛਿਆ ਸਰੀਅਤਿ ਤਰੀਕਤ ਮਾਰਫਤ ਹਕੀਕਤ ਚਾਰ ਰਾਹ ਮੁਸਲਮਾਨੀ ਦੇ ਹਨ ਸੋ ਤੁਸੀਂ ਕਹੋ ਜੋ ਇਹ ਕਿਉਂ ਕਰ ਮਲੂਮ ਹੋਵਨ ਤਾਂ

ਬਾਬਾ ਬੋਲਿਆ ਜੈਸੇ ਮਕੇ ਦੀ ਜਿਆਰਤ ਨੂੰ ਚਾਰੋਂ ਤਰਫਾਤੀ ਹਾਜੀ ਆਂਵਦੇ ਹਨ ਜੋ ਮਸਰਕ ਦੇ ਹਾਜੀ ਆਪਣੇ ਰਾਹ ਆਂਵਦੇ ਹਨ ਅਰ ਕਈ ਮਗਰਬ ਦੇ ਹਾਜੀ ਆਂਵਦੇ ਹਨ ਅਰ ਕਈ ਜਨੂਬ ਦੇ ਹਾਜੀ ਆਂਵਦੇ ਹਨ ਅਰ ਕਈ ਸਮਾਲ ਦੇ ਹਾਜੀ ਆਂਵਦੇ ਹਨ ਤਾਇਤਬਦਾ ਦੇ ਰਾਹ ਜੁਦਾ ਜੁਦਾ ਹਨ ਅਤੇ ਇੰਤਹਾ ਸਭਨਾਂ ਰਾਹਾਂ ਦਾ ਇਕੋ ਹੈ ਜੋ ਸਭ ਰਾਹ ਕਾਬੇ ਵਿਚ ਆ ਪਹੁੰਚਦੇ ਹਨ ਤੈਸੇ. ਸਰੀਅਤਿ ਜੋ ਹੈ ਸੋ ਪ੍ਰਵਿਰਤੀ ਕਰਮ ਹਨ ਅਰ ਆਪਣੇ ਮਜਬ ਦੇ ਰਾਹ ਉਪਰ ਖਬਰਦਾਰ ਰਹਿਣਾ ਅਰ ਕਿਸੇ ਦੇ ਭੁਲਾਇਆ ਨਾ ਭੁਲਣਾ ਅਰ ਆਪਣੇ ਪੈਕੰਬਰ ਨੂੰ ਦਰਖਤਾਂ ਦਾ ਤੁਖਮ ਜਾਨਣਾ ਅਰ ਹੋਰ ਜਿਤਨੇ ਪੀਰ ਫਕੀਰ ਹੈਨ ਓਨਾਂ ਨੂੰ ਬਰ ਬਰਗ ਸਾਖਾ ਜਾਨਣਾ ਅਤੇ ਖੁਦਾਇ ਦੇ ਨਾਮ ਨੂੰ ਯਾਦ ਰਖਣਾ ਅਤੇ ਆਪ ਨੂੰ ਬੰਦਾ ਜਾਨਣਾ ਅਤੇ ਖੁਦਾਇ ਨੂੰ ਸਾਹਿਬ ਜਾਨਣਾ ਅਤੇ ਸਰੀਅਤਿ ਦਾ ਇਬਤਦਾ ਜੁਦਾ ਹੁੰਦਾ ਹੈ ਅਰ ਇੰਤਹਾ ਖੁਦਾਇ ਨੂੰ ਮਿਲਦਾ ਹੈ ਤਰੀਕਤ ਕਹਦੇ ਹਨ ਜੋ ਨਿਮਾਜ ਰੋਜਾ ਭੀ ਸਰੀਅਤ ਵਾਲਿਆਂ ਦੀ ਤਰਾਂ ਕਰਨਾ ਅਰ ਬਜੁਰਗਾਂ ਦੀ ਸੋਹਬਤ ਕਰਨੀ ਅਰ ਸਭਨਾਂ ਦੇ ਦਿਲ ਵਿਚ ਖੁਦਾਇ ਦਾ ਪ੍ਰਤਵਾ ਜਾਨਣਾ ਜੈਸੇ ਸੀਸੇ ਦੇ ਵਿਚ ਆਪਣੇ ਰੁਖ ਦਾ ਪਰਤਵਾ ਪਾਉਂਦਾ ਹੈ ਤੇ ਰੁਖ ਵਿਚ ਭੀ ਹੁੰਦਾ ਅਤੇ ਨਿਆਰਾ ਭੀ ਹੁੰਦਾ ਹੈ ॥ ਆਈਨ ਗਸੂਤ ਸੀਨਹਮਾ ਅਜਫਰੋਗ ਇਸਕਾ ॥ ਸੁਦ ਜਿਲਵਹਗਾਹ ਸੂਰਤਿ ਮੈਨੀ ਨਿਹਾਨਮਾ ॥ ਤਿਸਦਾ ਵੀਚਾਰ--ਆਰਸੀ ਦੀ ਨਿਆਈ ਸੰਤਾਂ ਦੀ ਛਾਤੀ ਪ੍ਰੇਮ ਕਰਕੈ ਨਿਰਮਲ ਹੋਈ ਹੈ ਅਰ ਦਿਲ ਦੇ ਅੰਦਰ ਭੀ ਬਾਹਰ ਭੀ ਖੁਦਾਇ ਨੂੰ ਜਾਣਦੇ ਹਨ ॥ ਤਰੀਕਤ ਏਹ ਕਹੀਦੀ ਹੈ ਸੋ ਤਰੀਕਤ ਦਾ ਰਾਹਿ ਜੁਦਾ ਹੈ ਅਤੇ ਇੰਤਹਾ ਖੁਦਾਇ ਨਾਲ ਮਿਲਦਾ ਹੈ ॥

(੩) ਮਾਰਫਤ :--ਜੋ ਕਹਿੰਦੇ ਹਨ ਸੋ ਖੁਦਾਇਦਾ ਜਲਵਾ ਸਭਸ ਵਿਚ ਪਛਾਣਨਾ ਅਰ ਬਦ ਬਦਮ ਖੁਦਾ ਨੂੰ ਯਾਦ ਕਰਨਾ ਅਰ ਹਰ ਦਿਲ ਨੂੰ ਯਾਦ ਰਖਣਾ ਅਰ ਕਿਤਾਬਾਂ ਦਾ ਜੋ ਮਗਜ ਹੈ ਸੋ ਦਿਲ ਵਿਚ ਧਾਰਨਾ ਸੋ ਏਹ ਮਾਰਫਤ ਕਹਿੰਦੇ ਹਨ ਅਰ ਏਸਦਾ ਭੀ ਸਿਰਾ ਖੁਦਾਇ ਨਾਲ ਮਿਲਦਾ ਹੈ।

(੪) ਹਕੀਕਤ :--ਅਤੇ ਹਕੀਕਤ ਉਸਨੂੰ ਕਹਿੰਦੇ ਹਨ ਜੋ ਹਿਕ ਖੁਦਾਇ ਹੀ ਹੈ ਅਰ ਦੂਜਾ ਕੋਈ ਹੋਇਆ ਹੀ ਨਹੀਂ ਅਰ ਜੋ ਕੁਛ ਦੀਦਾਰ ਵਿਚ ਆਉਂਦਾ ਹੈ ਸੋ ਸਭ ਕੁਦਰਤ ਹੈ ਸੋ ਇਸਦਾ ਭੀ ਸਿਰਾ ਖੁਦਾਇ ਨਾਲ ਮਿਲਦਾ ਹੈ ॥ ਅਬ ਅਗੇ ਚਉਤੀਸਵੀ ਪੌੜੀ ਦਾ ਅਰਥ ਚਲਿਆ ਕਿ ਬਾਬੇ ਨੇ ਆਪਣੇ ਕੌਸ ਦੀ ਨਿਸ਼ਾਨੀ ਮਕੇ ਦੇ ਅੰਦਰ ਰਖੀ ਤਾਂ ਸਭਨਾਂ ਹਾਜੀਆਂ ਤੋਂ ਆਪਣੇ ਕੌਸ ਦੀ ਪੂਜਾ ਕਰਾਈ ਅਰ ਜਿਥੋਂ ਤੀਕ ਨਉਖੰਡ ਪ੍ਰਿਥਮੀ ਹੈ ਸੋ ਬਾਬੇ ਤੋਂ ਬਾਝ ਖਾਲੀ ਕੋਈ ਨਹੀਂ ਅਰ ਜਿਥੋਂ ਜਿਥੋਂ

ਤੀਕ ਬਜੁਰਗ ਹੈਨ ਸੋ ਘਰ ਘਰ ਵਿਚ ਬਾਬੇ ਦੀ ਪੂਜਾ ਹੁੰਦੀ ਹੈ ਅਰ ਜੋ ਹਿੰਦੂ ਤੇ ਮੁਸਲਮਾਨ ਹੈਨ ਸੋ ਸਭ ਏਸ ਗਲ ਦੇ ਉਗਾਹ ਹੈਨ ਅਰ ਜੈਸੇ ਸੂਰਜ ਦੀ ਜੋਤ ਛਪਦੀ ਨਹੀਂ ਤੇ ਅੰਧੇਰੇ ਨੂੰ ਦੂਰ ਕਰਦੀ ਹੈ ਤੈਸੇ ਬਾਬੇ ਦੇ ਬਚਨ ਛਪਦੇ ਨਹੀਂ ਅਤੇ ਅਗਿਆਨ ਨੂੰ ਦੂਰ ਕਰਦੇ ਹਨ।ਅਰ ਜੈਸੇ ਸੀਹੁ ਦੇ ਬੋਲਿਆ ਮਿਰਗਾਵਲੀ ਭਜ ਜਾਂਦੀ ਹੈ ਤੈਸੇ ਬਾਬੇ ਦੇ ਬਚਨ ਸੁਣਿਆਂ ਹੋਇਆ ਦੇਵੀ ਦੇਵਤਿਆਂ ਦੀਆਂ ਅਰ ਮੜੀਆਂ ਮਟਾਂ ਦੀਆਂ ਪੂਜਾ ਘਟ ਜਾਂਦੀਆਂ ਹੈਨ ਜੈਸੇ ਚੰਦ੍ਰਮਾ ਚੜ੍ਹਿਆ ਹੋਇਆ ਕੁਨਾਲੀ ਦੀ ਜੋਤ ਹੇਠ ਨਹੀਂ ਛਪਦਾ ਤੈਸੇ ਬਾਬਾ ਕਿਸੇ ਕਿਸੇ ਦਾ ਛਪਾਇਆ ਹੋਇਆ ਨਹੀਂ ਛਪਦਾ ਅਰ ਪੂਰਬ ਤੇ ਪਸਚਮ ਤੀਕ ਸਭ ਪ੍ਰਿਥਵੀ ਬਾਬੇ ਨੇ ਵਸ ਕੀਤੀ ਹੈ ਸੋ ਜਗਤ ਵਿਚ ਐਸੀ ਕੁਦਰਤ ਦਿਖਾਈ ਹੈ ॥ ੩੪ ॥

ਬਾਬਾ ਜੀ ਰੂਮ ਸ਼ਹਿਰ ਗਏ

ਅਰ ਬਾਬਾ ਜੀ ਉਥੋਂ ਟੁਰਕੇ ਰੂਮ ਸ਼ਹਿਰ ਵਿਚ ਗਏ ਸੋ ਰੂਮ ਦਾ ਹਮੀਦ ਕਾਰੂੰ ਪਾਤਸਾਹ ਸੀ ਅਰ ਉਸਨੇ ਪੈਤਾਲੀ ਗੰਜ ਖਜਾਨਾ ਜੋੜਿਆ ਸੀ ਅਤੇ ਖਰਾਇਤ ਨਾਹਾ ਕਰਦਾ ਅਰ ਬਡਾ ਜਾਲਮ ਸੀ ਤਾਂ ਉਸਦੀ ਕਚਹਰੀ ਦੇ ਦਰਵਾਜੇ ਦੇ ਅਗੇ ਜਾਇ ਬੈਠੇ ਤਾਂ ਮਰਦਾਨੇ ਨੂੰ ਬਚਨ ਹੋਇਆ ਜੋ ਰਬਾਬ ਵਜਾਇ ਤਾਂ ਮਰਦਾਨਾ ਲਗਾ ਸਬਦ ਗਾਵਣ ॥ ਸੁਲਤਾਨ ਖਾਨ ਮਲੂਕ ਉਮਰੇ ਗਏ ਕਰ ਕਰ ਕੂਚ ॥ ਘੜੀ ਮੁਹਤ ਕਿ ਚਲਣਾ ਦਿਲ ਸਮਝ ਭੂੰਭਿ ਪਹੂਚ ॥ ਸੋ ਜਾਂ ਸ਼ਬਦ ਲਗਾ ਮਰਦਾਨਾ ਗਾਵਣ ਤਾਂ ਪਾਤਸ਼ਾਹ ਦੇ ਚੋਪਦਾਰ ਜੋ ਅਹੇ ਸੋ ਸਬਦ ਸੁਣਨ ਵਾਸਤੇ ਆਏ ਬੈਠੇ ਤਾਂ ਬਾਬੇ ਨੇ ਕਹਿਆ ਕਿ ਤੁਸੀਂ ਪਾਤਸਾਹ ਨੂੰ ਜਾਇ ਕਹੋ ਜੋ ਫਕੀਰ ਸਦਦਾ ਹੈ ਦੀਦਾਰ ਦੇ ਜਾਓ ਤਾਂ ਉਨਾਂ ਕਹਿਆ ਪਾਤਸਾਹ ਕਿਸੇ ਪੀਰ ਫਕੀਰ ਨੂੰ ਮੰਨਦਾ ਨਹੀਂ ਪਰ ਇਕ ਸਿਟਾ ਕਣਕ ਦਾ ਹੈ ਸੇਰ ਸੇਰ ਪਕੇ ਦਾ ਉਸਦਾ ਦਾਣਾ ਹੈ ਅਰ ਉਹ ਸਿਟਾ ਪਾਤਸਾਹ ਦੇ ਪਾਸ ਹੈ ਸੋ ਜਦ ਕੋਈ ਪੀਰ ਫਕੀਰ ਮਿਲੇ ਤਾਂ ਪਾਤਸ਼ਾਹ ਪੁਛਦਾ ਹੈ ਕਿ ਏਹ ਕੇਹੜੇ ਜਮਾਨੇ ਦਾ ਹੈ ਸੋ ਜੇਕਰ ਤੁਸੀ ਉਸਦਾ ਜਬਾਬ ਦੇਹੋ ਤਾਂ ਅਸੀਂ ਪਾਤਸਾਹ ਨੂੰ ਲੈ ਆਂਵਨੇ ਹਾਂ ਤਾਂ ਬਾਬੇ ਆਖਿਆ ਲੈ ਆਵੋ ਅਸੀਂ ਉਤਰ ਦੇਵਾਂਗੇ ਤਾਂ ਫਿਰ ਓਹ ਪਾਤਸਾਹ ਨੂੰ ਲੈ ਆਏ ਸੋ ਬਾਬਾ ਅਗੇ ਠੀਕਰੀਆਂ ਚੁਣਦਾ ਸੀ ਤਾਂ ਉਸ ਪਾਤਸਾਹ ਕਹਿਆ ਹੇ ਫਕੀਰ ਤੂੰ ਠੀਕਰੀਆਂ ਕਿਉਂ ਚੁਣਦਾ ਹੈਂ ਤਾਂ ਬਾਬੇ ਕਹਿਆ ਅਸੀਂ ਮਰਦੀ ਵਾਰੀ ਨਾਲ ਲੈ ਜਾਵਾਂਗੇ ਤਾਂ ਬਾਦਸਾਹ ਆਖਿਆ ਠੀਕਰੀਆਂ ਤੇਰੇ ਨਾਲ ਕਿਉਂਕਰ ਨਿਭਣਗੀਆਂ ਤਾਂ ਬਾਬੇ ਆਖਿਆ ਜਿਥੇ ਤੇਰਾ ਪੈਤਾਲੀ ਗੰਜ ਖਜਾਨਾ ਲਦਿਆ

ਜਾਵੇਗਾ ਤਿਥੇ ਅਸੀਂ ਭੀ ਠੀਕਰੀਆਂ ਚਾਇ ਰਖਾਂਗੇ ਸੋ ਏਹ ਭੀ ਨਾਲ ਲਗੀਆਂ ਜਾਵਨਗੀਆਂ ਤਾਂ ਕਾਰੂੰ ਕਹਿਆ ਮੈ ਭੀ ਜਾਣਨਾ ਹਾਂ ਕਿ ਪੰਤਾਲੀ (੪੫) ਗੰਜ ਖਜਾਨਾ ਮੇਰੇ ਨਾਲ ਨਿਭਦਾ ਨਹੀਂ ਪਰ ਮੇਰਾ ਜੀਉ ਖਰਾਇਤ ਕਰਨ ਤੇ ਨਹੀਂ ਕਰਦਾ ਤਦ ਬਾਬੇ ਕਹਿਆ ਅਗੇ ਭੀ ਕਾਰੂ ਹੋਇਆ ਹੈਸੀ ਸੋ ਉਸਨੇ ਚਾਲੀਹ ਗੰਜ (੪੦) ਖਜਾਨਾ ਇਕਠਾ ਕੀਤਾ ਸੀ ਤੇ ਖਰਾਇਤ ਨਾਂਹਾ ਕਰਦਾ ਅਰ ਮਿਹਤਰ ਮੂਸੇ ਨੇ ਉਸਨੂੰ ਕਹਿਆ ਜੋ ਤੂੰ ਚੌਥਾ ਹਿਸਾ ਖਰਾਇਤ ਕਰ ਸੋ ਉਸਨੇ ਨਾ ਖਰਾਇਤ ਕੀਤੀ ਤਾਂ ਫਿਰ ਪੈਰਾਂ ਤੀਕਰ ਜਮੀਨ ਦੇ ਵਿਚ ਧਸ ਗਿਆ ਤਾਂ ਫਿਰ ਮਿਹਤਰ ਮੂਸੇ ਕਹਿਆ ਕਿ ਜੇ ਚੌਥਾ ਹਿਸਾ ਖਰਾਇਤ ਨਹੀਂ ਕਰਦਾ ਤਾਂ ਦਸਵਾਂ ਹਿਸਾ ਖਰਾਇਤ ਕਰ ਤਾਂ ਤਦ ਭੀ ਕਾਰੂੰ ਨੇ ਨਾ ਮੰਨਿਆ ਅਰ ਕਮਰ ਤੀਕਰ ਜਮੀਨ ਵਿਚ ਧਸ ਗਿਆ ॥ ਤਾਂ ਫਿਰ ਮਿਹਤਰ ਮੂਸੇ ਕਹਿਆ ਕਿ ਚਾਹਲੀ (੪੦) ਗੰਜ ਵਿਚੋਂ ਇਕ ਗੰਜ ਖਰਾਇਤ ਦੇਹੁ ਤਾਂ ਤਦ ਭੀ ਉਸਨਾ ਮੰਨਿਆ ਸੋ ਫਿਰ ਚਾਹਲੀ ਗੰਜ ਉਸਦੇ ਸਿਰ ਤੇ ਮਿਲੇ ਅਰ ਹੁਣ ਤੀਕਰ ਪਤਾਲ ਵਿਚ ਗਰਕ ਹੁੰਦਾ ਜਾਂਦਾ ਹੈ ॥ ਗੰਜਕਾਰੂੰ ਕਿ ਫਰੋ ਮੇਰਵਦ ਅਜਕਹਰ ਹਨੋਜ ॥ ਖਾਂਦਾਬਾਸੀ ਕਿ ਹਮ ਜਗੈਰਤ ਦੁਰਵੇਸਾਨ ਅਸਤ ॥ ਤਿਸਦਾ ਵੀਚਾਰ :--ਗੰਜ ਕਾਰੂੰ ਦੇ ਜੋ ਹੁਣ ਤੀਕ ਪਤਾਲ ਵਿਚ ਚਲੇ ਜਾਂਦੇ ਹਨ ਕਯੋਂ ਜੋ ਉਸ ਸੰਤਾਂ ਦਾ ਕਹਿਆ ਨਹੀਂ ਮੰਨਿਆ ।

ਤਾਂ ਹਮੀਦ ਕਾਰੂੰ ਕਹਿਆ ਮੈਂ ਤੁਸਾਡਾ ਕਹਿਆ ਮੰਨਦਾ ਹਾਂ ਤੇ ਬਾਦਸਾਹ ਕਹਿਆ ਮੁਝੇ ਕੁਛ ਉਪਦੇਸ ਕਰੋ ਜੋ ਜਿਸ ਕਰਕੇ ਮੇਰਾ ਦਿਲ ਨਰਮ ਹੋ ਜਾਵੇ ਅਰ ਫਿਰ ਕਹਿਆ ਕਿ ਇਹ ਸਿਟਾ ਜੋ ਕਣਕ ਦਾ ਹੈ ਅਰ ਸੇਰ ਸੇਰ ਦਾ ਜਿਸਦਾ ਦਾਣਾ ਹੈ ਸੋ ਕਿਸ ਜਮਾਨੇ ਦਾ ਹੈ ਤਾਂ ਬਾਬੇ ਕਹਿਆ ਜਿਸ ਜਮਾਨੇ ਬਾਦਸਾਹੁ ਭੀ ਤੇ ਵਜੀਰ ਭੀ ਅਉਲੀਆਉ ਹੁੰਦੇ ਸਨ ਸੋ ਉਸ ਜਮਾਨੇ ਦਾ ਇਹ ਸਿਟਾ ਹੈ ਅਰ ਹੁਣ ਜੋ ਤੁਧ ਕਬਰਾਂ ਵਿਚੋਂ ਰੁਪਯੇ ਪਟ ਕਢੇ ਹਨ ਸੋ ਤੇਰੇ ਜਮਾਨੇ ਮੇਘ ਭੀ ਨਹੀਂ ਵਰਸਦੇ ਅਤੇ ਪੈਗਲਾ ਭੀ ਨਹੀਂ ਪੈਦਾ ਹੁੰਦਾ ਤਾਂ ਉਸ ਪੁਛਿਆ ਜੋ ਓਹ ਕੇਹੜਾ ਪਾਤਸਾਹੁ ਹੈ ਤਾਂ ਬਾਬੇ ਕਹਿਆ ਨਉਸੇਰਵਾ ਪਾਤਸਾਹ ਸੀ ਅਰ ਉਸਦੇ ਸਮੇ ਇਕ ਸਉਦਾਗਰ ਸਉਦਾਗਰੀ ਨੂੰ ਗਇਆ ਸੀ ਅਰ ਉਹ ਬਹੁਤ ਧਨ ਖਟਕੇ ਲੈ ਆਇਆ ਤਾਂ ਉਸ ਸੌਦਾਗਰ ਨੇ ਇਕ ਹਵੇਲੀ ਮੁਲ ਲਈ ਅਰ ਜਦ ਉਹ ਹਵੇਲੀ ਨੂੰ ਲਗਾ ਬਣਾਵਣ ਤਾਂ ਹਵੇਲੀ ਦੇ ਵਿਚੋਂ ਬਡਾ ਧਨ ਨਿਕਲਿਆ ਅਰ ਦਬੀਆਂ ਹੋਈਆਂ ਦੇਗਾਂ ਨਿਕਲੀਆਂ ਤਾਂ ਸਉਦਾਗਰ ਨੇ ਹਵੇਲੀ ਦੇ ਮਾਲਕਾਂ ਨੂੰ ਕਹਿਆ ਜੋ ਏਹ ਧਨ ਤੁਸੀਂ ਆਪਣਾ ਲੈ ਜਾਵੋ ਤਾਂ ਉਨਾਂ ਕਹਿਆ ਕਿ ਜੇ ਅਸਾਡੇ ਨਸੀਬਾਂ ਵਿਚ ਹੋਵੇਆਹਾ ਤਾਂ

ਜਦੋਂ ਅਸੀਂ ਵਸਦੇ ਆਹ ਤਦੋਂ ਨਿਕਲੇਆਹ ਤਾਂਤੇ ਹੁਣ ਜੋ ਨਿਕਲਿਆ ਹੈ ਤੁਸਾਡੀ ਦੌਲਤ ਹੈ ਤਾਂ ਫਿਰ ਦੋਨੋਂ ਪਾਤਸਾਹ ਪਾਸ ਗਏ ਅਰ ਬੇਨਤੀ ਜਾਕਰ ਕਰੀ ਏਹ ਧਨ ਤੁਸੀਂ ਲਵੋ ਤਾਂ ਪਾਤਸਾਹ ਕਹਿਆ ਅਸਾਨੂੰ ਦੌਲਤ ਦੀ ਕਮੀ ਹੈ ਤੁਸੀਂ ਏਹ ਫਕੀਰਾਂ ਨੂੰ ਖਵਾਵੋ ਜੋ ਖਾਇਕੇ ਖੁਦਾਇ ਨੂੰ ਯਾਦ ਕਰਨ ਤਾਂ ਫਿਰ ਫਕੀਰਾਂ ਨੂੰ ਜਾਕਰ ਕਹਿਆ ਕਿ ਏਹ ਦੌਲਤ ਤੁਸੀਂ ਲਵੋ ਤਾਂ ਫਕੀਰਾਂ ਕਹਿਆ ਅਸੀਂ ਤਾਂ ਆਪ ਧਨ ਨੂੰ ਛਡ ਕੇ ਫਕੀਰ ਹੋਏ ਹਾਂ ਤਾਂਤੇ ਅਸਾਂ ਧਨ ਕੀ ਕਰਨਾ ਹੈ ਤਾਂ ਪਾਤਸਾਹ ਨੇ ਕਿਲੇ ਦੇ ਦਰਵਾਜਿਆਂ ਤੇ ਢੇਰ ਚਾ ਕਰਾਏ ਅਰ ਕਹਾ ਕਿ ਜੋ ਗਰੀਬ ਗੁਰਬਾ ਹੋਵੇ ਇਸ ਧਨ ਨੂੰ ਲੈ ਜਾਵੇ ਤਾਂ ਉਸ ਦਿਨ ਗਰੀਬ ਗੁਰਬਾ ਭੀ ਬਾਹਰ ਨਾ ਗਇਆ ਅਰ ਗਰੀਬ ਗੁਰਬਿਆਂ ਕਹਾ ਕਿ ਅਸੀਂ ਮੇਹਨਤ ਵਸਕਤ ਕਰਕੇ ਖਾਵਾਂਗੇ ਪਰ ਅਸੀਂ ਧਨ ਨਹੀਂ ਲੈਂਦੇ ਤਾਂਤੇ ਉਸ ਸਮੇਂ ਦਾ ਇਹ ਸਿਟਾ ਕਣਕ ਦਾ ਹੈ ਅਤੇ ਤੂੰ ਇਜੇਹਾ ਜਾਲਮ ਹੋਇਆ ਹੈ ਜੋ ਕਬਰਾਂ ਵਿਚੋਂ ਮੁਰਦਿਆਂ ਦੇ ਮੂਹ ਵਿਚੋਂ ਸੁਇਨਾ ਰੁਪਾ ਕਢਵਾਇ ਲਿਆ ਹੈ ਸੋ ਮੋਇਆਂ ਧਨ ਤੇਰੇ ਨਾਲ ਨਹੀਂ ਜਾਂਦਾ ਤੇ ਗੁਨਾਹ ਤੇਰੇ ਨਾਲ ਜਾਵਨਗੇ ਅਤੇ ਜੇ ਖਰਾਇਤ ਕਰੇਂਗਾ ਤਾਂ ਦਹ ਹਿਸਾ ਇਥੇ ਮਿਲੇਗੀ ਤੇ ਹਜਾਰ ਹਿਸਾ ਖੁਦਾਇ ਦੀ ਦਰਗਾਹਿ ਮਿਲੇਗੀ ਤਾਂ ਫਿਰ ਬਾਬਾ ਜੀ ਨੇ ॥

ਤਿਲੰਗ ਮਹਲਾ ੧ ॥ ਵਿਚ ਨਸੀਹਤ ਨਾਮਾ ਉਚਰਿਆ ॥

ਕੀਚੈ ਨੇਕ ਨਾਮੀ ਜੋ ਦੇਵੈ ਖੁਦਾਇ ॥ ਜੋ ਦੀਸੈ ਜ਼ਿਮੀ ਪਰ ਸੋ ਹੋਸੀ ਫਨਾਇ ॥ ਦਾਇਵ ਵ ਦੌਲਤ ਕਸੇ ਬੇਸੁਮਾਰ ॥ ਨ ਰਹੇਂਗੇ ਕਰੋੜੀ ਨ ਰਹੇਂਗੇ ਹਜਾਰ ॥ ਦਮੜਾ ਤਿਸੀ ਕਾ ਜੁ ਖਰਚੇ ਅਰ ਖਾਇ ॥ ਦੇਵੈ ਦਿਲਾਵੈ ਰਜਾਵੈ ਖੁਦਾਇ ॥ ਹੋਡਾ ਨ ਰਾਖੈ ਇਕੇਲਾ ਨ ਖਾਇ ॥ ਤਹਕੀਕ ਦਿਲ ਦਾਨੀ ਵਹੀ ਭਿਸਤ ਜਾਇ ॥ ਕੀਚੈ ਤਵਜਿਆ ਨ ਕੀਚੈ ਗੁਮਾਨ ॥ ਨ ਰਹਿਸੀ ਇਹ ਦੁਨੀਆਂ ਨ ਰਹਿਸੀ ਦੀਵਾਨ ॥ ਹਾਥੀ ਵ ਘੋੜੇ ਵ ਲਸ਼ਕਰ ਹਜ਼ਾਰ ॥ ਹੋਵੈਂਗੇ ਗ਼ਰਕ ਕੁਛ ਲਾਗੈ ਨ ਬਾਰ ॥ ਦੁਨੀਆਂ ਕਾ ਦਿਵਾਨਾ ਕਹੇ ਮੁਲਖ ਮੇਰਾ ॥ ਆਈ ਮੌਤ ਸਿਰ ਪਰ ਨ ਮੇਰਾ ਨ ਤੇਰਾ ॥ ਕੇਤੀ ਗਈ ਦੇਖਿ ਵਾਜੇ ਵਜਾਇ ॥ ਵਹੀ ਏਕ ਰਹਿਸੀ ਜੁ ਸਾਚਾ ਖੁਦਾਇ ॥ ਆਇਆ ਇਕੇਲਾ ਇਕੇਲਾ ਚਲਾਇਆ ॥ ਚਲਤੇ ਵਖਤਿ ਕੋਈ ਕਾਮ ਨ ਆਇਆ ॥ ਲੇਖਾ ਮੰਗੀਜੈ ਕਿਆ ਦੀਜੈ ਜਵਾਬ ॥ ਤੋਬਾ ਪੁਕਾਰੈ ਤੋ ਪਾਵੈ ਅਜ਼ਾਬ ॥ ਦੁਨੀਆਂ ਪਰ ਕੀਆ ਜ਼ੋਰ ਦਮੜਾ ਕਮਾਇਆ ॥ ਖਾਇਆ ਹੰਢਾਇਆ ਅਜਾਂਈ ਗਵਾਇਆ ॥ ਆਖਰ ਪੱਛੋਤਾਨਾ ਕਰੈ ਹਾਇ ਹਾਇ ॥ ਦਰਗਹਿ ਗਇਆ

ਸੋਊ ਪਾਵੈ ਸਜਾਇ ॥ ਲਾਨਤ ਹੈ ਤੈਂ ਕੂੰ ਅਰ ਤੈਂਡੀ ਕਮਾਈ ॥ ਦਗੇਬਾਜ਼ੀ ਕਰ ਕਰ ਦੁਨੀ ਲੂਟ ਖਾਈ ॥ ਪੀਏ ਪਿਆਲੇ ਔ ਖਾਏ ਕਬਾਬ ॥ ਦੇਖੋ ਰੇ ਲੋਕੋ ! ਜੁ ਹੋਤੇ ਖਰਾਬ ॥ ਜਿਸ ਕਾ ਤੂੰ ਬੰਦਾ ਤਿਸੀ ਕਾ ਸਵਾਰਿਆ ॥ ਦੁਨੀਆਂ ਕੇ ਲਾਲਚ ਤੈਂ ਸਾਹਿਬ ਵਿਸਾਰਿਆ ॥ ਨ ਕੀਤੀ ਇਬਾਦਤ ਨ ਰਾਖਿਓ ਈਮਾਨ ॥ ਨ ਕੀਤੀ ਹਕੂਮਤ ਪੁਕਾਰੇ ਜਹਾਨ ॥ ਅੰਦਰ ਮਹਿਲਾਂ ਕੇ ਬੈਠੋਂ ਤੂੰ ਜਾਇ ॥ ਹਰਮਾਂ ਸਿਉਂ ਖੇਲੈਂ ਖੁਸ਼ਬੋਈ ਹਵਾਇ ॥ ਨ ਪੂਛੈ ਨ ਬੂਝੈ ਜੁ ਬਾਹਰ ਕਿਆ ਹੋਇ ॥ ਹਰਾਮੀ ਗ਼ਰੀਬਾਂ ਨੂੰ ਮਾਰੇ ਵਿਗੋਇ ॥ ਬਸਤੀ ਉਜਾੜੈਂ ਫਿਰ ਨ ਬਸਾਵੈਂ ॥ ਕੂਕਹਿ ਪੁਕਾਰਹਿ ਦਾਦ ਨ ਪਾਵੈਂ ॥ ਲਖੋੜੀ ਕਰੋੜੀ ਕੀਏ ਬੇਸ਼ੁਮਾਰ ॥ ਨ ਰਹੈਂਗੇ ਕਰੋੜੀ ਨ ਰਹੈਂਗੇ ਹਜ਼ਾਰ ॥ ਹਾਕਮ ਕਹਾਵੈਂ ਹਕੂਮਤ ਨ ਹੋਇ ॥ ਦੁਨੀਆਂ ਕਾ ਦਿਵਾਨਾਂ ਫਿਰੇ ਮਸਤ ਲੋਇ ॥ ਲੂਟੇ ਮੁਲਕ ਬਹੁਤ ਪਹਿਰੇ ਅਰ ਖਾਇ ॥ ਦੋਜ਼ਕ ਕੀ ਆਤਸ਼ ਮਾਰੇਗੀ ਜਲਾਇ ॥ ਗਰਬ ਸਿਉ ਨ ਦੇਖ ਦੁਨੀਆਂ ਕੇ ਦਿਵਾਨੇ ॥ ਹਮੇਸ਼ਾ ਨ ਰਹੇਗੀ ਤੂੰ ਐਸੀ ਨ ਜਾਨੇ ॥ ਉਠਾਵੇ ਸਫਾ ਉਸ ਕੋ ਲਾਗੇ ਨ ਬਾਰ ॥ ਕਿਸ ਕੀ ਦੁਨੀਆਂ ਕਿਸ ਕੇ ਘਰ ਬਾਰ ॥ ਚੰਦ ਰੋਜ ਚਲਨਾ ਕਿਛ ਪਕੜੋ ਕਰਾਰ ॥ ਨ ਕੀਚੈ ਹਿਰਸ ਬਹੁਤ ਦੁਨੀਆਂ ਕੇ ਯਾਰ ॥ ਸ਼ਰਮਿੰਦਾ ਨ ਹੋਇ ਕੁਛ ਨੇਕੀ ਕਮਾਇ ॥ ਲਾਨਤ ਕਾ ਜਾਮਾ ਪਹਿਰ ਕੇ ਨ ਜਾਇ ॥ ਗ਼ਫਲਤ ਕਰਹੁ ਗੇ ਤੋ ਖਾਵੋਗੇ ਮਾਰ ॥ ਬੇਟੀ ਵ ਬੇਟਾ ਕੋ ਲਹੋ ਗੇ ਨ ਸਾਰ ॥ ਤੋਬਾ ਕਰਹੁ ਬਹੁਰ ਕੀਚੈ ਨ ਜੋਰ ॥ ਦੋਜਕ ਕੀ ਆਤਸ਼ ਜਲਾਵੇ ਗੀ ਗੋਰ ॥ ਮਸਾਇਕ ਪੈਗੰਬਰ ਕੇਤੇ ਸ਼ਾਹ ਖਾਨ ॥ ਨ ਦੀਸੈਂ ਜਿਮੀ ਪਰ ਤਿਨ ਕੇ ਨੀਸ਼ਾਨ ॥ ਚਲਤੇ ਕਬੂਤਰ ਜਿਨਾਵਰ ਕੀ ਛਾਉਂ ॥ ਕੇਤੇ ਖਾਕ ਹੂਏ ਕੋ ਪੁਛੇ ਨ ਨਾਉਂ ॥ ਚਾਲੀ ਗੰਜ ਜੋੜੇ ਨ ਰਖਿਓ ਈਮਾਨ ॥ ਦੇਖੋ ਰੇ ਕਾਰੂੰ ! ਜੁ ਹੋਤੇ ਪਰੇਸ਼ਾਨ ॥ ਨਦਾਨੀ ਨ ਦੁਨੀਆਂ ਵ ਫ਼ਾਨੀ ਮੁਕਾਮ ॥ ਤੂੰ ਖ਼ੁਦ ਚਸ਼ਮ ਬੀਨੀ ਇਹ ਚਲਨਾ ਜਹਾਨ ॥ ਤੋਬਾ ਨ ਕੀਤੀ ਕਰੇਂਦਿਆਂ ਗੁਨਾਹ ॥ ਕਰੇ ਅਰਜ਼ ਬੰਦਗੀ ਬਾਬਾ ਨਾਨਕ ਐਸੇ ਆਲਮ ਸਿਉ ਤੇਰੀ ਪਨਾਹ ॥ ੧ ॥

ਜਾਂ ਏਹ ਨਸੀਹਤ ਨਾਮਾ ਬਾਬੇ ਕਹਿਆ ਤਾਂ ਕਾਰੂ ਨੇ ਬਾਬੇ ਦੇ ਕਦਮਾਂ ਤੇ ਸਿਜਦਾ ਕੀਤਾ ਅਰ ਕਹਿਆ ਕਿ ਤੁਸੀਂ ਆਪਣੇ ਹਥੋਂ ਸਭ ਖਜਾਨੇ ਖਰਾਇਤ ਕਰ ਦੇਵੋ ਅਰ ਮੈਨੂੰ ਆਪਣਾ ਬਰਾਦਰ ਕਰ ਜਾਣੋ ਤਾਂ ਬਾਬੇ ਕਹਿਆ ਕਿ ਆਪ ਨੂੰ ਤੂੰ ਗੁਲਾਮ ਕਰ ਜਾਣੇ ਅਤੇ ਸੁਆਮੀ ਅਸਾਂ ਨੂੰ ਕਰ ਜਾਣੇ ਅਰ ਜੋ ਖੁਦਾਇ ਦੀ ਯਾਂ

ਬਜੁਰਗਾਂ ਦੀ ਨਮਿਤ ਖਰਾਇਤ ਕਰੇ ਸੋ ਅਸਾਡੇ ਹਿਸਾਬ ਕਰ ਜਾਣੇ ਅਰ ਜੋ ਤੂੰ ਆਪ ਲਸਕਰ ਸਮੇਤ ਖੁਰਸ ਕਰੇਂ ਸੋ ਭੀ ਅਸਾਡੇ ਲੇਖੇ ਅਰ ਜੋ ਬਦਫੈਲੀ ਤੇ ਗਵਾਵੈਂਗਾ ਸੋ ਮੁਜਰਾ ਨ ਦੇਵਾਂਗੇ ਅਰ ਰਈਅਰ ਭੀ ਅਸਾਡੀ ਜਾਣੇ ਅਤੇ ਜੇ ਅਦਲ ਕਰੇਗਾ ਤਾਂ ਅਸੀਂ ਖੁਸ ਹੋਵਾਂਗੇ ਸੋ ਤੂੰ ਨਫਾ ਨੁਕਸਾਨ ਅਸਾਡਾ ਜਾਣ ਅਰ ਤੂੰ ਪਾਤਸਾਹੀ ਕਰ ਤੇ ਖਰਾਇਤ ਕਰ ਅਤੇ ਖੁਦਾਇ ਨੂੰ ਯਾਦ ਕਰ ॥ ਸੋ ਤੂ ਇਸ ਪ੍ਰਕਾਰ ਅਸਾਡਾ ਗੁਲਾਮ ਹੋਇ ਰਹੁ ਤਾਂ ਹਮੀਦ ਕਾਰੂ ਨੂੰ ਉਪਦੇਸ ਦੇ ਕਰ ਅਰ ਖਜਾਨਾ ਉਸ ਥੀ ਖਰਾਇਤ ਕਰ ਬਾਬਾ ਜੀ ਤੇ ਮਰਦਾਨਾ ਬਗਦਾਦ ਨੂੰ ਗਏ ਅਰ ਕਿਲੇ ਦੇ ਦਰਵਾਜੇ ਦੇ ਬਾਹਰ ਵਾਰ ਜਾਇ ਆਸਣ ਕੀਤਾ ਅਰ ਮਰਦਾਨੇ ਨੂੰ ਹੁਕਮ ਹੋਇਆ ਸਬਦ ਗਾਉ ਸੋ ਉਹ ਸਬਦ ਗਾਉਣ ਲਗਾ ॥

ਪਉੜੀ ਪੈਂਤੀਸਵੀ ਚਲੀ :--

ਬਾਬਾ ਗਿਆ ਬਗਦਾਦ ਨੂੰ ਬਾਹਰ ਜਾਇ ਕੀਆ ਅਸਥਾਨਾ ॥
ਇਕ ਬਾਬਾ ਅਕਾਲ ਰੂਪ ਦੂਜਾ ਰੱਬਾਬੀ ਮਰਦਾਨਾ ॥
ਦਿਤੀ ਬਾਂਗ ਨਿਮਾਜ਼ ਕਰ ਸੁੰਨਮਸਾਨ ਹੋਆ ਜਹਾਨਾ ॥
ਸੁੰਨ ਮੁੰਨ ਨਗਰੀ ਭਈ ਦੇਖ ਪੀਰ ਭਇਆ ਹੈਰਾਨਾ ॥
ਵੇਖੈ ਧਿਆਨ ਲਗਾਇ ਕਰ ਇੱਕ ਫਕੀਰ ਵਡਾ ਮਸਤਾਨਾ ॥
ਪੁਛਿਆ ਫਿਰਕੇ ਦਸਤਗੀਰ ਕੌਨ ਫਕੀਰ ਕਿਸਕਾ ਘਰਾਨਾ ॥
ਨਾਨਕ ਕਲਿ ਵਿਚ ਆਇਆ ਰੱਬ ਫਕੀਰ ਇੱਕ ਪਹਿਚਾਨਾ ॥
ਧਰਤਿ ਅਕਾਸ਼ ਚਹੂੰ ਦਿਸ ਜਾਨਾ ॥ ੩੫ ॥

ਬਾਬਾ ਬਗਦਾਦ ਗਿਆ

ਬਾਬਾ ਬਗਦਾਦ ਨੂੰ ਗਿਆ ਅਰ ਕਿਲੇ ਦੇ ਬਾਹਰ ਦਰਵਾਜੇ ਤੇ ਜਾਇ ਆਸਣ ਕੀਤਾ ਸੋ ਇਕ ਬਾਬਾ ਅਕਾਲ ਰੂਪ ਹੈ ਦੂਜਾ ਰਬਾਬੀ ਮਰਦਾਨਾ ਹੈ ਸੋ ਮਰਦਾਨਾ ਰਬਾਬ ਵਜਾਵਣ ਲਗਾ ਤਾਂ ਬਗਦਾਦ ਦੇ ਬਾਸੀ ਜੋ ਰਦ ਚੈਸਨ ਉਨਾਂ ਹਜਰਤ ਪੀਰ ਨੂੰ ਜਾਇ ਕਹਿਆ ਕਿ ਤੁਸਾਂ ਸਹਿਰ ਵਿਚ ਸਰੋਦ ਦੀ ਮਨਹਿ ਕੀਤੀ ਹੈ ਸੋ ਏਥੇ ਇਕ ਫਕੀਰ ਆ ਬੈਠਾ ਹੈ ਅਰ ਉਸ ਨਾਲ ਇਕ ਮੁਤਰਬ ਹੈ ਸੋ ਸਰੋਦ ਕਰਦਾ ਹੈ ਤਾਂ ਪੀਰ ਕਹਿਆ ਜਾਓ ਉਸਨੂੰ ਮਨਹਿ ਕਰੋ ਸੋ ਜਾਂ ਆਦਮੀ ਮਨਹਿ ਕਰਨ ਆਏ ਤਾਂ ਬਾਬੇ ਕਹਿਆ ਜਉਲਗ ਪੀਰ ਨ ਆਵੇ ਤਉਲਕਾ ਸਰੋਦ ਬੰਦ ਨਹੀਂ ਕਰਦੇ ਤਾਂ ਉਨਾਂ ਪੀਰ ਨੂੰ ਜਾਇ ਕਹਿਆ ਸੋ ਪੀਰ ਮੁਰੀਦਾਂ ਸਮੇਤ ਆਇਆ ਤਾਂ ਸਭ ਬਾਬੇ ਦੇ ਚਉਫੇਰੇ ਆਇ ਬੈਠੇ ਅਰ ਉਨਾਂ

ਪੁਛਿਆ ਕਿ ਅਸਾਂ ਜੋ ਸਰੋਦ ਮਨਹਿ ਕੀਤਾ ਸੀ ਸੋ ਤੁਸਾਂ ਕਿਉਂ ਨਾ ਹਟਾਇਆ ਤਾਂ ਬਾਬਾ ਬੋਲਿਆ ਸਰੋਦ ਬਿਨਾਂ ਰੂਹ ਖੁਸ ਨਹੀਂ ਹੋਂਦਾ ਅਰ ਜਿਸ ਵੇਲੇ ਬਾਬਾ ਆਦਮ ਆਦਮੀ ਬਣਾਇਆ ਤਾਂ ਆਦਮੀ ਦੇ ਜੁਸੇ ਵਿਚ ਰੂਹ ਪ੍ਰਵੇਸ ਨਾ ਕਰੇ ਤਾਂ ਖੁਦਾਇ ਦਾ ਹੁਕਮ ਫਰੇਸਤਿਆਂ ਨੂੰ ਹੋਇਆ ਜੋ ਇਸਦੇ ਸਿਰ ਵਿਚ ਸਰੋਦ ਕਰੋ ਸੋ ਜਦ ਸਰੋਦ ਹੋਇਆ ਤਾਂ ਰੂਹ ਇਸ ਵਿਚ ਦਾਖਲ ਹੋਇਆ ਤਾਂਤੇ ਤੁਸੀਂ ਸਰੋਦ ਕਿਉਂ ਮਨਹਿ ਕਰਦੇ ਹੋ ਅਰ ਜੇ ਤੁਸੀਂ ਕਹੋ ਅਸਾਡੇ ਪੈਕੰਬਰ ਦਾ ਹੁਕਮ ਹੈ ਇਸ ਵਾਸਤੇ ਮਨਹਿ ਕਰਨੇ ਹਾਂ ਤਾਂ ਪੈਕੰਬਰ ਨੇ ਤੋ ਬਦ ਫੈਲੀਆਂ ਵਾਲਿਆਂ ਨੂੰ ਮਨਹਿ ਕੀਤਾ ਹੈ ਜੋ ਸਰੋਦ ਬਦ ਫੈਲੀਆਂ ਦਾ ਨਾਂ ਸੁਣੋ ਅਰ ਉਮਰ ਆਪਣੀ ਅਜਾਇਆ ਨਾ ਕਰੋ ਪਰ ਖੁਦਾ ਦੇ ਯਾਦ ਦਾ ਸਰੋਦ ਉਮਰ ਨੂੰ ਬਹਿਰਾਮੰਦ ਕਰਦਾ ਹੈ ਤਾਂਤੇ ਤੁਸੀਂ ਭੀ ਸਰੋਦ ਸੁਣੋ ਕਯੋਂਕਿ ਏਹ ਖੁਦਾਇ ਦੀ ਸਿਫਤ ਦਾ ਸਰੋਦ ਹੈ ਤਾਂ ਪੀਰ ਕਹਿਆ ਕਿ ਜਿਮੀਂ ਅਸਮਾਨ ਵਿਚ ਜੋ ਅਸਾਡਾ ਪੈਕੰਬਰ ਹੈ ਅਰ ਖੁਦਾ ਦੀ ਸਿਫਤ ਉਸ ਕਹੀ ਹੈ ਅਤੇ ਸਰੋਦ ਮਨਹਿ ਕੀਤਾ ਹੈ ਤਾਂ ਫਿਰ ਬਾਬੇ ਕਹਿਆ ॥ ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥ ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ ॥ ਬਾਬਾ ਜੀ ਕਹੇ ਹੈਂ ਕਿ ਕਈ ਪਾਤਾਲ ਹੈਨ ਅਰ ਕਈ ਅਕਾਸ ਹੈਨ ਅਤੇ ਉਸ ਦਾ ਓੜਕ ਨਹੀਂ ਪਾਇਆ ਜਾਂਦਾ ਤਾਂ ਪੀਰ ਕਹਿਆ ਅਸਾਡੇ ਪੈਕੰਬਰ ਨੇ ਸਤ ਪਤਾਲ ਤੇ ਸਤ ਅਕਾਸ ਕਹੇ ਹਨ ਸੋ ਉਨਾਂ ਬਹੁਤੇ ਡਿਠੇ ਹਨ ਕੇ ਨਹੀਂ ਡਿਠੇ ਤਾਂ ਬਾਬੇ ਕਹਿਆ ਉਨਾਂ ਭੀ ਡਿਠੇ ਹਨ ਪੀਰ ਕਹਿਆ ਕਿਥੇ ਡਿਠੇ ਹਨ ਤਾਂ ਬਾਬੇ ਕਹਿਆ ਅਸਬ ਮੈਰਾਜ ਮੈਂ ਡਿਠੇ ਹਨ ਤਾਂ ਪੀਰ ਕਹਿਆ ਓਹ ਹਿਕਾਇਤ ਅਸਾਨੂੰ ਸੁਣਾਓ ਤਾਂ ਬਾਬੇ ਕਹਿਆ ਇਕ ਦਿਨ ਜਬਰਾਈਲ ਤੁਸਾਡੇ ਪੈਕੰਬਰ ਨੂੰ ਮੈਰਾਜ ਮੈਂ ਲੈ ਗਿਆ ਸੀ ਅਗੇ ਤ੍ਰਿਓਹਰੀ ਕਿਤਾਰਾਂ ਊਠਾਂ ਦੀਆਂ ਚਲੀਆਂ ਜਾਂਦੀਆਂ ਸੀਆਂ ਤਾਂ ਪੈਕੰਬਰ ਉਥੇ ਖਲੋ ਰਹਿਆ ਜੋ ਕਤਾਰਾਂ ਜਾ ਰਹਨਗੀਆਂ ਤਾਂ ਅਸੀਂ ਜਾਵਾਂਗੇ ਤਾਂ ਜਬਰਾਈਲ ਕਹਿਆ ਕਿ ਜਬ ਦਾ ਮੈਂ ਭੀ ਨਾਂ ਸਾਂ ਜੰਮਿਆ ਤਦ ਦੀਆਂ ਕਤਾਰਾਂ ਚਲੀਆਂ ਜਾਂਦੀਆਂ ਹੈਨ ਤਾਂ ਪੈਕੰਬਰ ਕਹਿਆ ਇਕ ਇਕ ਊ ਤੇ ਜੋ ਤਿੰਨ ਤਿੰਨ ਸੰਦੂਕ ਹੈਨ ਸੋ ਇਕ ਖੋਲ ਦੇਖੀਏ ਜੋ ਵਿਚ ਕੀ ਹੈ ਸੋ ਜਾਂ ਇਕ ਊਠ ਝੁਕਾਇਆ ਤਾਂ ਉਨਾਂ ਸੰਦੂਕਾਂ ਨੂੰ ਕੁਲਫ ਭੀ ਕੀਤੇ ਹੋਏ ਹਨ ਤੇ ਕੀਲਾਂ ਦਾ ਭੀ ਨਾਲ ਲਗੀਆਂ ਹੋਈਆਂ ਹੈਨ ਸੋ ਜਬਰਾਈਲ ਇਕ ਸੰਦੂਕ ਖੋਲਿਆ ਤਾਂ ਕਿਆ ਦੇਖਨ ਜੋ ਬੈਜਿਆਂ ਦੇ ਨਾਲ ਪੁਰ ਕੀਤੇ ਹੋਏ ਹਨ ਸੋ ਫਿਰ ਇਕ ਬੈਜੇ ਨੂੰ ਖੋਲ ਕੇ ਪੈਕੰਬਰ ਨੇ ਅਤੇ ਜਬਰਾਈਲ ਨੇ ਉਸਦੇ ਵਿਚ ਪਰਵੇਸ ਕੀਤਾ ਅਰ ਜੇ ਉਸ ਵਿਚ ਜਾ ਕੇ ਦੇਖਣ ਤਾਂ ਹਫਤ ਜਿਮੀਨ ਹੈਨ ਅਤੇ ਹਫਤ ਅਸਮਾਨ ਹੈਨ ਅਰ ਮਾਹ

ਤੇ ਆਫਤਾਬ ਭੀ ਹੈਨ ਅਰ ਪੈਕੰਬਰ ਤੇ ਜਬਰਾਈਲ ਭੀ ਵਿਚ ਹੈਨ ਤਾਂ ਜਬਰਾਈਲ ਕਹਿਆ ਐਸੇ ਹੀ ਸਭਨਾਂ ਅੰਡਿਆਂ ਵਿਚ ਖਲਕਤਾਂ ਹੈਨ ਅਤੇ ਤੁਸੀਂ ਅਸੀਂ ਭੀ ਇਕ ਅੰਡੇ ਵਿਚ ਰਹਿਣ ਵਾਲੇ ਹਾਂ ਕਯੋਂਕਿ ਮਹਾਰਾਜ ਦੀ ਜੋ ਕੁਦਰਤ ਹੈ ਸੋ ਉਸਦੇ ਸਰੀਰ ਵਿਚ ਰੋਮਾਂ ਰੂਪੀ ਬ੍ਰਿਛ ਹਨ ਅਤੇ ਬ੍ਰਿਛਾਂ ਦੇ ਵਿਚ ਗੂਲਰ ਅਨੇਕ ਫਲ ਹੈਨ ਅਤੇ ਏਕ ਏਕ ਗੂਲਰ ਵਿਚ ਸਭ ਅਕਾਸ ਪਾਤਾਲ ਹਨ ਅਰ ਜੀਆਂ ਜੰਤ ਭੀ ਅਨੇਕ ਹਨ ਤਾਂ ਉਹ ਊਠ ਫੇਰ ਕਤਾਰ ਦਿਤਾ ਤਾਂ ਅਗੇ ਕਾਦਰ ਦੀ ਦਰਗਾਹ ਵਿਚ ਗਏ ਤਾਂ ਚਾਦਰ ਦੇ ਬਾਹਰ ਜਵਾਬ ਸੁਆਲ ਹੁੰਦਾ ਸੀ ਤਾਂ ਪੈਕੰਬਰ ਨੇ ਚਾਦਰ ਉਥਾ ਦਿਤੀ ਤਾਂ ਕੀ ਵੇਖੇ ਜੋ ਮੈਂ ਬਾਹਰ ਖਲੋਤਾ ਦਸਤਾਰ ਬੰਨਦਾ ਹਾਂ ਤੈਸੇ ਹੀ ਮੇਰੀ ਸਬੀਹ ਵਿਚ ਖੁਦਾ ਦੀ ਸਬੀਹ ਭੀ ਹੈ ਤਾਂ ਖੁਦਾਇ ਦਾ ਫੁਰਮਾਨ ਹੋਇਆ ਕਿ ਮੈਂ ਤੇਰੀ ਸਬੀਹ ਨਹੀਂ ਤੂੰ ਮੇਰੀ ਸਬੀਹ ਹੈਂ ਜੈਸੇ ਆਪਣੇ ਤੁਖਮ ਦੀ ਸੂਰਤ ਸਬ ਜਗਾ ਹੈ ਪਰ ਸਾਫ ਸੀਸੇ ਵਿਚ ਸੂਰਤ ਨਜਰ ਆਂਵਦੀ ਹੈ ਤੈਸੇ ਮੈਂ ਸਭਨਾਂ ਵਿਚ ਹੋਂ ਪਰ ਤੇਰਾ ਸਾਫ ਆਈਨਾ ਹੈ ਸੋ ਤੇਰੇ ਵਿਚ ਮੇਰੀ ਸਬੀਹ ਜਾਹਰ ਹੈ ਪਰ ਇਸਰਾਰ ਮੇਰਾ ਗਾਇਬ ਰਖਣਾ ਜਾਹਰ ਨਹੀਂ ਕਰਨਾ ॥ ਆਇਤ ॥ ਨਹਨ ਅਕਰਬਅਲੇਹ ਕੰਡ ਕੰਡ ਨਮ ਕੀਭੀਆ ॥ ਤਿਸਕਾ ਵੀਚਾਰ ਮੈਂ ਤੈਨੂੰ ਸਹਿਰਗ ਥੀ ਨ ਜਦੀਕ ਹਾਂ ਪਰ ਕੁੰਜੀ ਇਸਦੀ ਛਪੀ ਹੋਈ ਹੈ ਤਾਂ ਪੈਕੰਬਰ ਬਚਨ ਸੁਣਕੇ ਆਇਆ ਤਾਂ ਅਗੇ ਇਕ ਦਿਵਾਨਾ ਮਜਜੂਬ ਰਾਹ ਰਾਹ ਵਿਚ ਅਵਾਜ ਕਰਦਾ ਹੈ ਕਿ ਹੇ ਪੈਕੰਬਰ ਖੁਦਾ ਨੇ ਆਦਮੀ ਨੂੰ ਆਪਣੀ ਸੂਰਤ ਬਣਾਇਆ ਹੈ ਸੋ ਤੂੰ ਖੁਦਾ ਨੂੰ ਕਿਥੇ ਢੂੰਢਦਾ ਹੈਂ ਤਾਂ ਦੂਜੇ ਦਿਨ ਫੇਰ ਪੈਕੰਧਰ ਜਬ ਖੁਦਾ ਦੇ ਰੋਬਰੋਂ ਗਏ ਤਾਂ ਉਨਾਂ ਪੁਛਿਆ ਜੋ ਜੇਹੜਾਂ ਅਸਰਾਰ ਤੁਸਾਂ ਮੈਨੂੰ ਕਹਿਆ ਸੀ ਸੋ ਕਿਸੇ ਨੂੰ ਨਹੀਂ ਕਹਿਣਾ ਸੋ ਅਗੇ ਇਕ ਮਸਤਾਨਾ ਏਹੋ ਸੁਖਨ ਕਰਦਾ ਸੀ ਤਾਂ ਫੇਰ ਪੈਗੰਬਰ ਨੇ ਖੁਦਾ ਦੇ ਹਜੂਰ ਕਹਿਆ ਕਿ ਮਸਤਾਨੇ ਇਹ ਭੇਤ ਕਿਥੋਂ ਸੁਣਿਆ ਹੈ ਤਾਂ ਅਵਾਜ ਆਈ ਕਿ ਦਾਨੇ ਦਿਵਾਨੇ ਮਸਤਾਨੇ ਮੇਰੇ ਸਾਦਕ ਹਨ ਪਰ ਦਾਨਿਆਂ ਦਾ ਪਿਛਾ ਸਭ ਲੈਂਦੇ ਹਨ ਜੋ ਜਿਸਦੇ ਪਿਛੇ ਕਾਫਲਾ ਚਲਦਾ ਹੈ ਤਾਂਤੇ ਉਸਨੂੰ ਸਿਧੇ ਰਾਹਿ ਗਇਆ ਚਾਹੀਦਾ ਹੈ ॥ ਫਰਦ ॥ ਸਿਰਰੇ ਖੁਦਾਇਆ ਆਰਫ ਜਾਹਿਦ ਬਕਸਨ ਗੁਫਤ ॥ ਦਰ ਰੈਰਤ ਮਕਬਾਦਹ ਫਰੋਸ ਅਜ ਕੁਜਾ ਸੁਨੀਦ॥ਤਾਂ ਬਾਬੇ ਕਹਿਆ ਕਿ ਖੁਦਾ ਦੀ ਕੁਦਰਤ ਦਾ ਬਿਆਨ ਨਹੀਂ ਕੀਤਾ ਜਾਂਦਾ॥ ਤੇ ਤੁਸਾਂ ਜੋ ਮਹੀਯਦੀ ਨਾਮ ਧਰਾਇਆ ਹੈ ਸੋ ਕਿਉਂ ਧਰਾਇਆ ਤਾਂ ਪੀਰ ਕਹਿਆ ਜੋ ਪੈਕੰਬਰ ਦੇ ਵਫਾਤ ਪਾਇਆ ਬਹੁਤੇ ਮੁਦਤ ਗੁਦਰੀ ਅਤੇ ਸਭ ਮੁਸਲਮਾਨ ਈਮਾਨ ਤੀ ਫਿਰ ਗਏ ਤੇ ਤਿਕਬਰ ਸਹਿਵਤ ਤੇ ਬਖੀਲੀ ਵਿਚ

ਵਰਤ ਗਏ ਅਤੇ ਦੀਨ ਬਹੁਤ ਆਜਜ ਹੋ ਗਿਆ ਤਾਂ ਅਸਾਡਾ ਜਨਮ ਹੋਇਆ ਅਰ ਖੁਦਾ ਦੇ ਹੁਕਮ ਨਾਲ ਦੀਨ ਨੂੰ ਫਿਰ ਹਯਾਤੀ ਦਿਤੀ ਹੈ ਅਤੇ ਫਿਰ ਨੌਜੁਆਨ ਦੀਨ ਕੀਤਾ ਹੈ ਅਰ ਸਭ ਮੁਸਲਮਾਨਾਂ ਨੂੰ ਨਿਮਾਜ ਰੋਜਾ ਤਸਬੀ ਬੰਦਗੀ ਸਿਖਾਈ ਹੈ ਸੋ ਅਬ ਤੁਸੀਂ ਆਖੋ ਕਿ ਇਸ ਜ਼ਮਾਨੇ ਵਿਚ ਤੁਸਾਡਾ ਆਵਣਾ ਕਿਉਂ ਕਰ ਹੈ ਅਰ ਕਿਸ ਖਾਨਦਾਨ ਦੇ ਫਕੀਰ ਤੁਸੀਂ ਹੋ ਤਾਂ ਬਾਬੇ ਕਹਿਆ ਤੁਸਾਡੇ ਤਾਂ ਅਵਲ ਦੋ ਪੀਰ ਹੋਏ ਹਨ ਸੋ ਅਬਦੁਲ ਰਹਿਮਾਨ ਨੇ ਨੌ ਖਾਨਦਾਨ ਕੀਤੇ ਹਨ ਅਤੇ ਅਬਦੁਲ ਵਾਹਦ ਨੇ ਪੰਜ ਖਾਨਦਾਨ ਕੀਤੇ ਹਨ ਸੋ ਚੌਦਹ ਖਾਨਦਾਨਾਂ ਥੀਂ ਬਹਤਰ ਫਿਰਕੇ ਹੋਏ ਹਨ ॥ ਸੋ ਅਸੀਂ ਕਿਸੇ ਖਾਨਦਾਨ ਦੇ ਨਹੀਂ ਰਦਿ ਫਕੀਰ ਹਾਂ ਅਤੇ ਜਗਤ ਵਿਚ ਹਿੰਦੂ ਵੇਦ ਦੇ ਧਰਮ ਥੀਂ ਰਹਿ ਗਏ ਹਨ ਸੋ ਅਸੀਂ ਵੇਦਾਂ ਦੇ ਧਰਮ ਦੀ ਹਯਾਤੀ ਵਾਸਤੇ ਆਏ ਹਾਂ ਤਾਂ ਪੀਰ ਕਹਿਆ ਇਕੇਤਾਂ ਈਮਾਨ ਲੈ ਕਿਸੇ ਖਾਨਦਾਨ ਦਾ ਮੁਰੀਦ ਹੋ ਨਹੀਂ ਤਾਂ ਅਸੀਂ ਤੈਨੂੰ ਸੰਗਸਾਰੀ ਕਰਦੇ ਹਾਂ ਤਾਂ ਬਾਬੇ ਉਚੇ ਸੁਰ ਕਰਕੇ ਬਾਂਗ ਬੁਲੰਦ ਕੀਤੀ ਜੋ ਗੁਰਬਰਅਕਾਲ ਸਤਿਸ੍ਰੀਅਕਾਲ ਚਿਤਚਰਨਨਾਮ ਘਰਿ ਘਰਿ ਪ੍ਰਨਾਮ ਪ੍ਰਭ ਕ੍ਰਿਪਾਲ ਜੋਸਰਜਵਾਲ ॥ ਸੋ ਜਾਂ ਏਹ ਸਬਦ ਮੁਸਲਮਾਨਾਂ ਸਭਨਾਂ ਦੇ ਕੰਨ ਪਇਆ ਤਾਂ ਸਭੇ ਮੂਰਛਾ ਹੋ ਗਏ ਅਰ ਤਸਵੀਰਾਂ ਦੀ ਨਿਆਈਂ ਤੁਰ ਤੁਰ ਵੇਖਣ ਅਰ ਬੋਲਣ ਦੀ ਤੇ ਦਸਤ ਪਾ ਜੁਬਸ ਦੀ ਸਕਤ ਰਹਿ ਗਈ ਤਾਂ ਫਿਰ ਬਾਬਾ ਜੀ ਨੇ ਆਪਣੀ ਕ੍ਰਿਪਾ ਕਟਾਖਜ ਕਰ ਪੀਰ ਨੂੰ ਹੁਸਿਆਰ ਕੀਤਾ ਸੋ ਪੀਰ ਸਭ ਮੁਰੀਦਾਂ ਵਲੋਂ ਵੇਖਕੇ ਹੈਰਾਨ ਹੋ ਗਿਆ ਤਾਂ ਪੀਰ ਮਰਾਕਬੇ ਵਿਚ ਨਿਗਾਹ ਕਰ ਡਿਠਾ ਕਿ ਏਹ ਫਕੀਰ ਵਡਾ ਮਸਤਾਨਾ ਹੈ ਅਰ ਸਭਨਾਂ ਖਾਨਦਾਨਾਂ ਨੂੰ ਰਦਕੇ ਇਕ ਖੁਦਾ ਦਾ ਖਾਨਖਾਨ ਇਸ ਪਛਾਤਾ ਹੈ ਅਰ ਧਰਤੀ ਅਸਮਾਨ ਵਿਚ ਖੁਦਾਇ ਨੇ ਇਸਨੂੰ ਮਸਹੂਰ ਕੀਤਾ ਹੈ ਅਰ ਖੁਦਾ ਦੇ ਯਾਦ ਬਿਨਾਂ ਇਕ ਦਮ ਭੀ ਇਸਦਾ ਖਾਲੀ ਨਹੀਂ ਜਾਂਦਾ ॥

ਪਉੜੀ ਛਤੀਸਵੀਂ ਚਲੀ ॥

ਪੁਛੇ ਪੀਰ ਤਕਰਾਰ ਕਰ ਏਹ ਫਕੀਰ ਵੱਡਾ ਆਤਾਈ ॥
ਏਥੇ ਵਿਚ ਬਗਦਾਦ ਦੇ ਵੱਡੀ ਕਰਾਮਾਤ ਦਿਖਲਾਈ ॥
ਪਾਤਾਲਾਂ ਆਕਾਸ਼ ਲੱਖ ਓੜਕ ਭਾਲੀ ਖਬਰ ਸੁਨਾਈ ॥
ਫੇਰ ਦੁਰਾਇਣ ਦਸਤਗੀਰ ਅਸੀ ਭਿ ਵੇਖਾਂ ਜੋ ਤੁਹਿ ਪਾਈ ॥
ਨਾਲ ਲੀਤਾ ਬੇਟਾ ਪੀਰ ਦਾ ਅੱਖੀਂ ਮੀਟ ਗਿਆ ਹਾਵਾਈ ॥
ਲੱਖ ਅਕਾਸ਼ ਪਤਾਲ ਲੱਖ ਅੱਖ ਫੁਰਕ ਵਿਚ ਸਭ ਦਿਖਲਾਈ ॥

ਭਰ ਕਚਕੌਲ ਪ੍ਰਸਾਦ ਦਾ ਧੁਰੋਂ ਪਤਾਲੋਂ ਲਈ ਕੜਾਹੀ ॥
ਜ਼ਾਹਰ ਕਲਾ ਨ ਛਪੇ ਛਪਾਈ ॥ ੩੬ ॥

ਜਾਂ ਪੀਰ ਦਾ ਗਸ਼ ਖੁਲਾ ਤਾਂ ਪੀਰ ਅਰਜ ਕੀਤੀ ਹੇ ਨਾਨਕ ਫਕੀਰ ਜੈਸੇ ਮੈਨੂੰ ਤਵੱਜਹ ਦੀ ਨਿਗਾਹ ਕਰ ਸੁਚੇਤ ਕੀਤਾ ਹਈ ਤੈਸੇ ਹੋਰਨਾਂ ਨੂੰ ਭੀ ਕਰ ਤਾਂ ਬਾਬੇ ਕਹਿਆ ਕਿ ਤੁਸੀਂ ਜੋ ਕਹਿੰਦੇ ਸੈ ਤੁਸਾਨੂੰ ਸੰਗਸਾਰ ਕਰਾਂਗੇ ਸਭੇ ਆਪਣੇ ਦਸਤ ਵਿਚ ਸੰਗ ਲਿਆਏ ਸੋ ਹੁਣ ਮੈਨੂੰ ਸੰਗਸਾਰ ਕਿਉਂ ਨਹੀਂ ਕਰਦੇ ਤਾਂ ਪੀਰ ਬਾਬੇ ਦੇ ਕਦਮਾਂ ਤੇ ਦਸਤ ਲਿਆਇਆ ਅਰ ਕਹਿਆ ਇਥੇ ਬਗਦਾਦ ਵਿਚ ਕਰਾਮਾਤ ਕਿਸੇ ਦੀ ਨਹੀਂ ਚਲਦੀ ਸੀ ਪਰ ਤੂੰ ਬਡਾ ਅਤੀਤ ਫਕੀਰ ਹੈਂ ਜੋ ਜਿਸ ਅਸਾਡੇ ਰੋਬਰੋਂ ਐਸੀ ਕਲਾ ਦਿਖਾਈ ਹੈ ਤਾਂਤੇ ਹੁਣ ਅਸਾਡੀ ਤਕਸੀਰ ਮਾਫ ਕਰੋ ਤਾਂ ਬਾਬੇ ਤਵਜਾ ਦੀ ਨਜਰ ਕਰ ਸਭਨਾਂ ਨੂੰ ਖਲਾਸ ਕੀਤਾ ਸੋ ਜਾਂ ਖਲਾਸ ਹੋਏ ਤਾਂ ਦਸਤ ਬਸਤਾ ਬਾਬੇ ਅਗੇ ਤਾਜੀਮ ਕੀਤੀ ਤਾਂ ਫਿਰ ਪੀਰ ਕਹਿਆ ਤੁਸਾਂ ਲਖ ਪਾਤਾਲਾਂ ਤੇ ਆਕਾਸ ਕਹੇ ਸੇ ਸੋ ਉਸਦੀ ਖਬਰ ਸਾਨੂੰ ਸੁਣਾਓ ਤਾਂ ਬਾਬੇ ਕਹਿਆ ਤੁਸਾਡੇ ਪੈਕੰਬਰ ਸੂਤਰਾਂ ਦੀਆਂ ਕਤਾਰਾਂ ਡਿਠੀਆਂ ਸੀਆਂ ਸੋ ਇਕ ਇਕ ਸੂਤਰ ਇਕ ਇਕ ਫਲਕ ਹੈ ਅਰ ਉਪਰਲੇ ਜੋ ਸੂਤਰ ਦੇ ਅੰਗ ਹਨ ਸੋ ਸਤ ਅਕਾਸ ਹਨ ਤੇ ਤਲਵੇਂ ਅੰਗ ਸਤ ਪਾਤਾਲ ਹਨ ਅਰ ਜਿਮੀ ਤੇ ਬਹਿਸਤ ਅਤੇ ਦੋਜਕ ਤਿੰਨ ਸੰਦੂਕ ਇਸਦੇ ਉਪਰ ਹਨ ਅਰ ਜਿਤਨੇ ਖਲਕਤ ਦੇ ਬਦਨ ਹੈਨ ਸੰਦੂਕ ਵਿਚ ਅੰਡੇ ਹਨ ਅਰ ਇਕ ਇਕ ਆਦਮੀ ਵਿਚ ਸਤ ਸਤ ਜਿਮੀਨਾ ਅਰ ਸਤ ਸਤ ਆਸਮਾਨ ਹਨ ਸੋ ਖ਼ੁਦਾ ਦੀ ਕੁਦਰਤ ਦਾ ਸੁਮਾਰ ਕੋਈ ਨਹੀਂ ਤਾਂ ਫਿਰ ਪੀਰ ਕਹਿਆ ਤੁਸਾਡਾ ਅਵਤਾਰ ਕਿਸ ਵਾਸਤੇ ਹੋਇਆ ਹੈ ਤਾਂ ਬਾਬੇ ਕਹਿਆ ਜੈਸੇ ਤੂੰ ਦੀਨ ਦੀ ਹਯਾਤੀ ਵਾਸਤੇ ਆਇਆ ਹੈਂ ਤੈਸੇ ਕਰਤਾਰ ਸਾਨੂੰ ਧਰਮ ਦੀ ਹਯਾਤੀ ਵਾਸਤੇ ਭੇਜਿਆ ਹੈ ਜੋ ਇਸ ਕਲਜੁਗ ਵਿਚ ਧਰਮ ਦੇ ਤ੍ਰੈ ਕਦਮਾਂ ਦਾ ਜ਼ੋਰ ਦੂਰ ਹੋਇ ਗਇਆ ਹੈ ਅਰ ਚੌਥੇ ਕਦਮ ਤੇ ਖਲੋਤਾ ਹੈ ਸੋ ਭੀ ਕੂੜ ਕੁਸਤ ਕਰ ਦੂਰ ਹੁੰਦਾ ਜਾਂਦਾ ਹੈ ਤਾਂਤੇ ਮੈਂ ਕਰਤਾਰ ਦੇ ਨਾਮ ਰੂਪੀ ਅੰਮ੍ਰਿਤ ਕਰ ਮੁਰਦਿਆਂ ਹਿੰਦੂਆਂ ਨੂੰ ਜਿੰਦਾ ਕਰਾਂਗਾ ਅਰ ਜਦ ਸਤਨਾਮ ਦਾ ਮੰਤ੍ਰ ਪੜਨਗੇ ਤੇ ਸਚ ਕਮਾਵਨੇ ਗੇ ਤਾਂ ਧਰਮ ਨੂੰ ਫੇਰ ਬਲ ਹੋਵੈਗਾ ਅਰ ਦਸਵਾਂ ਅਵਤਾਰ ਧਾਰਕੇ ਇਨਾਂ ਨੂੰ ਸ਼ਸਤਰ ਪਕੜਾਵਾਂਗਾ ਅਰ ਮਕਾ ਮਦੀਨਾ ਸਭ ਜੇਰ ਕਰ ਲਵਨਗੇ ਅਰ ਜੇ ਸਾਚ ਕਮਾਵਨਗੇ ਤਾਂ ਦਿਨ ਦਿਨ ਉਨਾਂ ਦਾ ਪ੍ਰਤਾਪ ਵਧਦਾ ਜਾਵੈਗਾ ਅਤੇ ਜੇ ਬੇਇਤਫਾਕੀ ਕਰਨਗੇ ਤਾਂ ਪ੍ਰਤਾਪ ਖਲੋਤਾ ਰਹੇਗਾ

ਘਟੇ ਵਧੇਗਾ ਨਹੀਂ ਤਾਂ ਫਿਰ ਪੀਰ ਕਹਿਆ ਜੈਸੇ ਲਖ ਅਕਾਸ ਪਤਾਲ ਤੂੰ ਡਿਠੇ ਹਨ ਤੈਸੇ ਅਸਾਨੂੰ ਭੀ ਦਿਖਾਲ ਤਾਂ ਬਾਬਾ ਜੀ ਨੇ ਪੀਰ ਦੇ ਬੇਟੇ ਦਾ ਹਥ ਪਕੜ ਲਿਆ ਅਰ ਉਸਨੂੰ ਬਚਨ ਕੀਤਾ ਕਿ ਤੂੰ ਅਖੀਂ ਮੀਟ ਸੋ ਜਾ ਉਸ ਅਖੀ ਮੀਟੀਆਂ ਤਾਂ ਦੋਨੋਂ ਉਥੋਂ ਗਾਇਬ ਹੋ ਗਏ ਤਾਂ ਪਹਿਲਾਂ ਬਾਬੇ ਨੇ ਉਸਨੂੰ ਲਖ ਫਲਕ ਦਿਖਾਏ ਸੋ ਜਾਂ ਓਹ ਫਲਕਾਂ ਨੂੰ ਦੇਖਦਾ ਥਕ ਗਿਆ ਤਾਂ ਫਿਰ ਉਸਨੂੰ ਲਖ ਪਤਾਲ ਦਿਖਾਏ ਤਾਂ ਪਾਤਾਲ ਦੇਖਦਾ ਓਹ ਥਕ ਗਿਆ ਅਰ ਆਖਿਓਸ ਜੀ ਹੁਣ ਫੇਰ ਲੈ ਚਲੀਏ ਤਾਂ ਬਾਬੇ ਆਖਿਆ ਤੇਰਾ ਪੀਰ ਮੰਨੇਗਾ ਨਹੀਂ ਸੋ ਇਸ ਲੀਏ ਇਥੋਂ ਕੜਾਹ ਦਾ ਕਚਕੌਲ ਭਰ ਲੈ ਤਾਂ ਧੁਰੋਂ ਪਾਤਾਲੋਂ ਕੜਾਹੇ ਦਾ ਕਚਕੌਲ ਭਰ ਲਿਆਏ ਅਰ ਪੀਰ ਅਗੇ ਲਿਆ ਰਖਿਆ ਅਰ ਬਾਬੇ ਕਹਿਆ ਤੁਸੀਂ ਆਪਣੇ ਪੁਤ੍ਰ ਪਾਸੋਂ ਪੁਛੋ ਤਾਂ ਉਸਦੇ ਪੁਤਰ ਨੇ ਕਹਿਆ ਕਿ ਮੈਂ ਅਕਾਸ ਪਾਤਾਲ ਦੇਖਦਾ ਥਕ ਪਿਆ ਤਾਂ ਮੈਂ ਇਥੇ ਇਨਾਂ ਨੂੰ ਲਿਆਇਆ ਹਾਂ ॥ ਤਾਂ ਪੀਰ ਕਹਿਆ ਇਸ ਦੀ ਜਾਹਰ ਕਲਾ ਹੈ ਤਾਂ ਫੇਰ ਪੀਰ ਪੁਛਿਆ ਏਹ ਜੋ ਆਦਮੀਆਂ ਦੇ ਭਾਂਡੇ ਬਾਬੇ ਆਦਮ ਘੜੇ ਹਨ ਸੋ ਕਿਉਂ ਕਰ ਘੜੇ ਹਨ ਤਾਂ ਬਾਬੇ ਆਖਿਆ ਜੈਸੇ ਕੁਲਾਲ ਚਕ ਦੇ ਉਪਰ ਭਾਂਡੇ ਬਣਾਵਦਾ ਹੈ ਸੋ ਜਿਉਂ ਜਿਉਂ ਚਕ ਫਿਰਦਾ ਹੈ ਤਿਉਂ ਤਿਉਂ ਭਾਂਡੇ ਘੜੀਦੇ ਹਨ ਪਰ ਭਾਂਡੇ ਕੱਚੇ ਕਾਰਜ ਸਿਧ ਨਹੀਂ ਕਰਦੇ ਅਤੇ ਜੇ ਆਵੇ ਵਿਚ ਪਕਾਈਦੇ ਹੈਨ ਤਾਂ ਸਭ ਕਾਰਜ ਸਵਾਰਦੇ ਹਨ ਤੈਸੇ ਬਾਬਾ ਆਦਮ ਕੁਲਾਲ ਹੈ ਅਤੇ ਅਸਮਾਨ ਦਾ ਚਕ ਬਣਾਇਆ ਹੈ ਸੋ ਜਿਉਂ ਜਿਉਂ ਅਸਮਾਨ ਦੀ ਗਰਦਸ ਹੋਂਦੀ ਤਿਉਂ ਤਿਉਂ ਖਲਕਤ ਦੀ ਪੈਦਾਇਸ ਹੋਂਦੀ ਹੈ ॥ ਪਰ ਬਜੁਰਗਾਂ ਦੀ ਸੋਹਬਤ ਵਿਚ ਪਰਵਰਦਾ ਹੋਂਦਾ ਹੈ ਸੋ ਸੁਖੀ ਰਹਿੰਦਾ ਹੈ ਨਹੀਂ ਤਾਂ ਖੁਆਰ ਹੋਂਦਾ ਹੈ ਤਾਂ ਪੀਰ ਪੁਛਿਆ ਕਿ ਮੁਸਲਮਾਨ ਤਾਂ ਕਹਿੰਦੇ ਹੈਨ ਜੋ ਰੂਹ ਆਦਮੀਆਂ ਦੇ ਫੇਰ ਜੰਮਦੇ ਨਹੀਂ ਅਤੇ ਹਿੰਦੂ ਕਹਿੰਦੇ ਹਨ ਜੋ ਜੰਮਦੇ ਤੇ ਮਰਦੇ ਹਨ ਸੋ ਤੁਸੀਂ ਕਹੋ ਏਹ ਬਾਤ ਕਿਸ ਤਰ੍ਹਾਂ ਹੈ ਤਾਂ ਬਾਬਾ ਬੋਲਿਆ ਮੁਸਲਮਾਨ ਸੋ ਹੁੰਦਾ ਹੈ ਜੋ ਗਿਆਨ ਦੀ ਅਗਨ ਕਰ ਪੁਖਤਾ ਹੋਵੈ ਜੈਸੇ ਦਾਣੇ ਕਚੇ ਜੰਮਦੇ ਹਨ ਤੇ ਭੁੰਨੇ ਹੋਏ ਨਹੀਂ ਜੰਮਦੇ ਅਤੇ ਜੋ ਚਾਵਲ ਪੋਸਤ ਸਮੇਤ ਹੁੰਦੇ ਹਨ ਸੋ ਜੰਮਦੇ ਹਨ ਅਤੇ ਜੋ ਛੜੀਦੇ ਹਨ ਅਰ ਪੋਸਤ ਜਿਨਾਂ ਦਾ ਨਹੀਂ ਹੁੰਦਾ ਸੋ ਫੇਰ ਨਹੀਂ ਜੰਮਦੇ ਤੈਸੇ ਅਗਿਆਨੀ ਜੰਮਦੇ ਮਰਦੇ ਹਨ ਅਤੇ ਗਿਆਨਵਾਨ ਜੰਮਦੇ ਮਰਦੇ ਨਹੀਂ ॥

ਸ੍ਵੈਯਾ ॥ ਸੇਖ ਮਸਾਇਖ ਔਲੀਏ ਅੰਬੀਏ ਸਿਧ ਮੁਨੀ ਤਪਸੀ ਜੁ ਕਹਾਵੈ ॥
ਵੇਦ ਪੁਰਾਨ ਕਤੇਬ ਕੁਰਾਨ ਓਹ ਭਾਵੈ ਪੜੈ ਭਾਵੈ ਕੰਠ ਸੁਣਾਵੈ ॥

ਭਾਵੇ ਈਹਾ ਤੇ ਉਡੈ ਬਿਨ ਪੰਖ ਭਾਵੈ ਉਹਾ ਤੇ ਈਹਾਂ ਉਡ ਆਵੈ ॥
ਨਾਨਕ ਭੇਖ ਅਨੇਕ ਕਰੇ ਮਨ ਹਾਥ ਕੀਏ ਬਿਨ ਨਾਥ ਨ ਪਾਵੈ ॥

ਤਾਂ ਬਾਬੇ ਕਹਿਆ ਤੁਸੀਂ ਆਪਣੇ ਦਿਲ ਨੂੰ ਕਰਾਰ ਕਰਕੈ ਖੁਦਾ ਦੀ ਸਿਫਤ ਗਾਵਹੁਗੇ ਤਾਂ ਖੁਦਾ ਦੇ ਹਜੂਰੀ ਹੋਵਹੁਗੇ ਤਾਂ ਸਭਨਾ ਨੇ ਬਾਬੇ ਨੂੰ ਸਿਜਦਾ ਕੀਤਾ ਤਾਂ ਫਿਰ ਬਾਬਾ ਉਥੋਂ ਉਠਿਆ ਅਤੇ ਮਦੀਨੇ ਦੀ ਜਿਆਰਤ ਨੂੰ ਗਇਆ ॥

ਬਾਬਾ ਜੀ ਮਦੀਨੇ ਗਏ

ਪਉੜੀ ਸੈਂਤੀਵੀਂ ਚਲੀ

ਗੜ ਬਗਦਾਦ ਨਿਵਾਇਕੈ ਮੱਕਾ ਮਦੀਨਾ ਸਭ ਨਿਵਾਯਾ ॥
ਸਿੱਧ ਚੌਰਾਸੀਹ ਮੰਡਲੀ ਖਟ ਦਰਸ਼ਨ ਪਾਖੰਡ ਜਣਾਯਾ ॥
ਪਾਤਾਲਾਂ ਆਕਾਸ਼ ਲੱਖ ਜਿੱਤੀ ਧਰਤੀ ਜਗਤ ਸਬਾਯਾ ॥
ਜਿੱਤੀ ਨਵਖੰਡ ਮੇਦਨੀ ਸੱਤਿਨਾਮ ਦਾ ਚੱਕ੍ਰ ਫਿਰਾਯਾ ॥
ਦੇਵ ਦਾਨੋਂ ਰਾਕਸ਼ ਦੈਂਤ ਸਭ ਚਿੱਤ੍ਰ ਗੁਪਤ ਸਭ ਚਰਨੀ ਪਾਯਾ ॥
ਇੰਦ੍ਰਾਸਨ ਅਪੱਛਰਾਂ ਰਾਗ ਰਾਗਨੀ ਮੰਗਲ ਗਾਯਾ ॥
ਭਯਾ ਅਨੰਦ ਜਗੱਤ ਵਿਚ ਕਲਿ ਤਾਰਣ ਗੁਰ ਨਾਨਕ ਆਯਾ ॥
ਹਿੰਦੂ ਮੁਸਲਮਾਨ ਨਿਵਾਯਾ ॥ ੩੭ ॥

ਤਿਸਕਾ ਬੀਚਾਰ ਕਰਤੇ ਹੈਂ ॥ ਬਾਬਾ ਬਗਦਾਦ ਦੇ ਪੀਰਾਂ ਨੂੰ ਨਿਵਾਇਕੇ ਅਤੇ ਮਕੇ ਦੇ ਹਾਜੀਆਂ ਨੂੰ ਨਿਵਾਇ ਕਰ ਅਤੇ ਹਮੀਦ ਕਾਰੂੰ ਨੂੰ ਨਿਵਾ ਕਰ ਮਦੀਨੇ ਨੂੰ ਆਇਆ ਤਾਂ ਸਭ ਮਕੇ ਦੇ ਹਾਜੀ ਭੀ ਅਰ ਬਗਦਾਦ ਦੇ ਭੀ ਮਦੀਨੇ ਨੂੰ ਆਏ ਅਰ ਏਹ ਬਾਤ ਮਨ ਵਿਚ ਨਿਸਚੇ ਕੀਤੀ ਜੋ ਓਥੇ ਸਾਡੇ ਚਾਰ ਇਮਾਮ ਹਨ ਅਰ ਹੋਰ ਵਲੀ ਤੇ ਸੇਖ ਬਹੁਤ ਹਨ ਤਾਂਤੇ ਓਥੇ ਚਲ ਕੇ ਇਸ ਦੇ ਨਾਲ ਗੋਸਟ ਕਰਾਂਗੇ ਸੋ ਜੇ ਇਸ ਨੂੰ ਗੁਫਤਗੋ ਕਰਕੇ ਜੀਤਾਂਗੇ ਤਾਂ ਇਸ ਨੂੰ ਆਪਣੇ ਦੀਨ ਵਿਚ ਲਿਆਵਾਂਗੇ ਅਤੇ ਫਿਰ ਅਸਾਡੇ ਮਜਬ ਦਾ ਵਡਾ ਮਰਾਤਬਾ ਹੋਵੇਗਾ ਸੋ ਏਹ ਸਮਝ ਕੇ ਆਇ ਇਕਠੇ ਹੋਏ ਤਾਂ ਇਮਾਮ ਗਉਸ ਦੀ ਪੁਛਿਆ ॥ ਚਾਰ ਯਾਰ ਹੈ ਨਬੀ ਦੇ ਜੋ ਜਾਨੈ ਸੋ ਪੀਰ ॥ ਬਿਨ ਬੂਝੇ ਸੂਝੈ ਨਹੀਂ ਭਾਵੇਂ ਹੋਇ ਫਕੀਰ ॥

ਤਾਂ ਬਾਬਾ ਬੋਲਿਆ:--ਖਾਕ ਬਾਦ ਆਬ ਆਤਸੀ ਚਾਰ ਯਾਰ ਤੂੰ ਜਾਨ ॥ ਤਿਸਤੇ ਤਨ ਪਰਗਟ ਭਏ ਨਾਨਾ ਰੂਪ ਪਛਾਨ ॥ ਰੂਹ ਜੁ ਨੂਰ ਖੁਦਾਇਦਾ ਸੋਈ ਨਬੀ ਰਸੂਲ ॥ ਨਾਨਕ ਇਸਨੂੰ ਜਾਣਸੀ ਸੋਈ ਪਵੈ ਕਬੂਲ ॥ ੨ ॥ ਮਸਰਕ ਮਗਰਬ

ਜਨੂਬ ਹੈ ਚਹਾਰਮ ਸਮਾਲ ਹੈ ਯਾਰ ॥ ਫਲਕ ਨਬੀ ਹੈ ਪੰਜਵਾਂ ਜਿਨ ਦਿਲ ਮੋ ਦੀਆ ਕਰਾਰ ॥ ੩ ॥ ਚਾਰ ਕਿਤਾਬਾਂ ਯਾਰ ਹੈ ਪੰਜਵਾਂ ਮਗਜ ਰਸੂਲ ॥ ਨਾਨਕ ਹਰਿ ਦਮ ਯਾਦ ਰਖ ਤਾਂ ਦਰਗਹ ਪਵੈ ਕਬੂਲ ॥ ੪ ॥ ਸਰੀਅਤ ਤਰੀਕਤ ਮਾਰਫਤ ਹਕੀਕਤ ਯਾਰ ਹੈ ਚਾਰ ॥ ਮਗਜ ਸਨਾਸੀ ਇਨਾਂ ਦੀ ਸੋਈ ਰਸੂਲ ਬੀਚਾਰ ॥ ੫ ॥

ਤਾਂ ਈਮਾਮ ਸਾਫੀ ਬੋਲਿਆ:--ਕਿ ਮੁਸਲਮਾਨ ਖੁਦਾ ਨੂੰ ਬੇਚੂਨ ਬੇ ਨਮੂਨ ਕਹਿੰਦੇ ਹਨ ਤੇ ਹਿੰਦੂ ਕਹਿੰਦੇ ਹਨ ਜੋ ਖੁਦਾ ਤਵਲਦ ਭੀ ਹੋਂਦਾ ਹੈ ਅਤੇ ਫਉਤ ਭੀ ਹੋਂਦਾ ਹੈ ਸੋ ਤੁਸੀਂ ਕਹੋ ਖੁਦਾਇ ਕੈਸਾ ਹੈ ਤਾਂ ਬਾਬੇ ਕਹਿਆ:--ਰੂਪ ਰੇਖ ਤੇ ਨਿਆਰਾ ਜਾਨੋ ਜਨਮ ਮਰਨ ਤੇ ਪਾਕ ॥ ਹਿੰਦੂ ਮੁਸਲਮਾਨ ਦੁਇ ਬਿਨ ਜਾਨੇ ਨਾਪਾਕ ॥ ਹਿੰਦੂ ਭੀ ਅਰ ਮੁਸਲਮਾਨ ਭੀ ਗੁੰਮਰਾਹ ਹੈਨ ਜੋ ਖੁਦਾਇ ਨੂੰ ਰੰਗਤੇ ਸੂਰਤ ਕਹਿੰਦੇ ਹਨ ਤਾਂ ਇਮਾਮ ਸਾਫੀ ਕਹਿਆ:-ਮੁਸਲਮਾਨ ਕਿਉਂਕਰ ਰੂਪ ਰੰਗ ਕਹਿੰਦੇ ਹਨ ਤਾਂ ਬਾਬੇ ਕਹਿਆ:-ਏਹ ਜੁ ਕਹਿੰਦੇ ਹਨ ਕਿ ਕੁਰਾਨ ਖੁਦਾ ਦੀ ਜਬਾਨ ਥੀ ਹੋਇਆ ਹੈ ਅਤੇ ਪੈਕੰਬਰ ਨੂੰ ਖੁਦਾਇ ਦਾ ਦੀਦਾਰ ਹੁੰਦਾ ਸੀ ਅਰ ਕਿਆਮਤ ਨੂੰ ਸਭਨਾਂ ਨੂੰ ਦੀਦਾਰ ਖੁਦਾਇ ਦਾ ਅਤੇ ਸਫਾਇਤ ਪੈਕੰਬਰ ਦੀ ਹੋਵੇਗੀ ਸੋ ਜੇਕਰ ਉਸਦੀ ਜਬਾਨ ਹੈ ਹੈਸੀ ਤਾਂ ਉਸ ਕੁਰਾਨ ਕੀਤਾ ਅਰ ਜੇ ਉਸਦੀ ਸੂਰਤ ਹੋਵੈਗੀ ਤਾਂ ਦੀਦਾਰ ਹੋਵੇਗਾ ਤਾਂ ਇਮਾਮ ਕਹਿਆ ਕੁਦਰਤ ਦੀ ਜਬਾਨ ਹੈ ਅਤੇ ਕੁਦਰਤ ਦਾ ਦੀਦਾਰ ਹੋਵੈਗਾ ਤਾਂ ਬਾਬੇ ਕਹਿਆ:--ਤੁਸੀਂ ਕੁਦਰਤ ਕਹਿੰਦੇ ਹੋ ਅਰ ਹਿੰਦੂ ਉਸ ਨੂੰ ਮਾਇਆ ਕਹਿੰਦੇ ਹਨ ॥ ਜੋ ਮਹਾਰਾਜ ਤਾਂ ਅਗੰਮ ਹੈ ਅਰ ਇਹ ਉਸਦੀ ਮਾਇਆ ਦੇ ਰੂਪ ਹਨ ॥

ਤਾਂ ਇਮਾਮ ਆਜਮ ਕਹਿਆ:--ਕਿ ਹਿੰਦੂ ਕਹਿੰਦੇ ਹਨ ਜੋ ਬਦਕਾਰਾਂ ਦੈਤਾਂ ਦੇ ਮਾਰਨ ਵਾਸਤੇ ਖੁਦਾ ਆਪ ਪੈਦਾ ਹੁੰਦਾ ਹੈ ਤਾਂ ਹੋਰ ਫਰੇਸਤੇ ਖੁਦਾ ਦੇ ਪਾਸ ਥੋੜੇ ਹਨ ਜੋ ਖੁਦ ਤਵਲਦ ਹੁੰਦਾ ਹੈ ਤਾਂ ਇਮਾਮ ਦਾ ਬੇਟਾ ਉਥੇ ਹੈਸੀ ਸੋ ਉਸਦੇ ਖਿਜਮਤਗਾਰ ਨੂੰ ਕਹਿਕੇ ਅਰ ਬਾਬੇ ਉਸਦੀ ਮਾਦਰ ਨੂੰ ਕਹਿਕੇ ਸੂਰਤ ਉਸ ਦੀ ਸੁਇਨੇ ਦੀ ਬਣਵਾਈ ਅਤੇ ਉਸਦੇ ਬਸਤਰ ਦੇਇ ਕਰ ਤਲਾਉ ਵਿਚ ਡਾਲ ਦਿਤੀ ਅਤੇ ਇਮਾਮ ਜਾਤਾ ਜੋ ਮੇਰੇ ਬੇਟੇ ਨੂੰ ਡਾਲ ਦਿਤਾ ਨੇ ਤਾਂ ਇਮਾਮ ਆਜਮ ਤਲਾਉ ਵਿਚ ਕੁਦਿਆ ਤਾਂ ਬਾਬਾ ਹਸਿਆ ਅਰ ਕਹਿਆ ਤੇਰੇ ਪਾਸ ਹੋਰ ਨੌਕਰ ਥੋੜੇ ਸੇ ਜੋ ਤੂੰ ਆਪ ਕੁਦਿਆ ਹੈ ਤਾਂ ਇਮਾਮ ਆਜਮ ਕਹਿਆ ਮੈਂ ਜਾਤਾ ਮੇਰੇ ਪੁਤ੍ਰ ਨੂੰ ਸੁਟਿਆ ਨੇ ਸੋ ਮੈਨੂੰ ਕਹਿਣ ਦੀ ਤਾਬ ਨਹੀਂ ਹੋਈ ਜੋ ਮਤ ਏਹ ਡੁਬ ਜਾਂਦਾ ਹੋਵੈ ਤਾਂ ਬਾਬੇ ਕਹਿਆ ਜੈਸੇ ਤੈਨੂੰ ਪੁਤ੍ਰ ਪਿਆਰਾ ਤੈਸੇ ਮਹਾਰਾਜ ਨੂੰ ਆਪਣੇ ਭਗਤ ਪਿਆਰੇ ਹਨ ਸੋ ਜਦ ਭਗਤਾਂ ਨੂੰ ਕੋਈ ਦੁਖਾਂਵਦਾ ਹੈ ਤਾਂ ਮਹਾਰਾਜ ਸਮਾਲਦਾ ਨਹੀਂ

ਆਪ ਅਵਤਾਰ ਲੈਂਦਾ ਹੈ ਅਰ ਜੋ ਭਗਤ ਹੈਨ ਉਨਾਂ ਦਾ ਮਨ ਨੀਵਾਂ ਹੁੰਦਾ ਹੈ ॥ ਅਤੇ ਜੋ ਗਰਬ ਕਰਦੇ ਹਨ ਸੋ ਅਗਿਆਨੀ ਹਨ ਅਰ ਮਹਾਰਾਜ ਨਿਮਾਣਿਆਂ ਦਾ ਮਾਣ ਕਰਤਾ ਹੈ ਤਾਂ ਫਿਰ ਬਾਬਾ ਜੀ ਨੇ ਰਾਗ ਤਿਲੰਗ ਵਿਚ ਸਬਦ ਕਹਿਆ :--

ਇਆਨੜੀਏ ਮਾਨੜਾ ਕਾਇ ਕਰੇਹਿ ॥ ਆਪਨੜੈ ਘਰਿ ਹਰਿ ਰੰਗੋ ਕੀ ਨ ਮਾਣੇਹਿ ॥ ਸਹੁ ਨੇੜੈ ਧਨ ਕੰਮਲੀਏ ਬਾਹਰੁ ਕਿਆ ਢੂਢੇਹਿ ॥ ਭੈ ਕੀਆ ਦੇਹਿ ਸਲਾਈਆ ਨੈਣੀ ਭਾਵ ਕਾ ਕਰਿ ਸੀਗਾਰੋ ॥ ਤਾ ਸੋਹਾਗਣਿ ਜਾਣੀਐ ਲਾਗੀ ਜਾ ਸਹੁ ਧਰੇ ਪਿਆਰੋ ॥ ੧ ॥ ਇਆਣੀ ਬਾਲੀ ਕਿਆ ਕਰੇ ਜਾ ਧਨ ਕੰਤ ਨ ਭਾਵੈ ॥ ਕਰਣਪਲਾਹ ਕਰੇ ਬਹੁਤੇਰੇ ਸਾ ਧਨ ਮਹਲੁ ਨ ਪਾਵੈ ॥ ਵਿਣੁ ਕਰਮਾ ਕਿਛੁ ਪਾਈਐ ਨਾਹੀ ਜੇ ਬਹੁਤੇਰਾ ਧਾਵੈ ॥ ਲਭ ਲੋਭ ਅਹੰਕਾਰ ਕੀ ਮਾਤੀ ਮਾਇਆ ਮਾਹਿ ਸਮਾਣੀ ॥ ਇਨੀ ਬਾਤੀ ਸਹੁ ਪਾਈਐ ਨਾਹੀ ਭਈ ਕਾਮਣਿ ਇਆਣੀ ॥ ੨ ॥ ਜਾਇ ਪੁਛਹੁ ਸੋਹਾਗਣੀ ਵਾਹੈ ਕਿਨੀ ਬਾਤੀ ਸਹੁ ਪਾਈਐ ॥ ਜੋ ਕਿਛੁ ਕਰੇ ਸੋ ਭਲਾ ਕਰਿ ਮਾਨੀਐ ਹਿਕਮਤਿ ਹੁਕਮੁ ਚੁਕਾਈਐ ॥ ਜਾਕੈ ਪ੍ਰੇਮਿ ਪਦਾਰਥੁ ਪਾਈਐ ਤਉ ਚਰਣੀ ਚਿਤੁ ਲਾਈਐ ॥ ਸਹੁ ਕਹੈ ਸੋ ਕੀਜੈ ਤਨੁ ਮਨੋ ਦੀਜੈ ਐਸਾ ਪਰਮਲੁ ਲਾਈਐ ॥ ਏਵ ਕਹਹਿ ਸੋਹਾਵਣੀ ਭੈਣੇ ਇਨੀ ਬਾਤੀ ਸਹੁ ਪਾਈਐ ॥ ੩ ॥ ਆਪੁ ਗਵਾਈਐ ਤਾ ਸਹੁ ਪਾਈਐ ਅਉਰੁ ਕੈਸੀ ਚਤੁਰਾਈ॥ਸਹੁ ਨਦਰਿ ਕਰਿ ਦੇਖੈ ਸੋ ਦਿਨੁ ਲੇਖੈ ਕਾਮਣਿ ਨਉ ਨਿਧਿ ਪਾਈ॥ ਆਪਣੇ ਕੰਤ ਪਿਆਰੀ ਸਾ ਸੋਹਾਗਣਿ ਨਾਨਕ ਸਾ ਸਭਰਾਈ ॥ ਐਸੇ ਰੰਗਿ ਰਾਤੀ ਸਹਜ ਕੀ ਮਾਤੀ ਅਹਿਨਿਸਿ ਭਾਇ ਸਮਾਣੀ ॥ ਸੁੰਦਰਿ ਸਾਇ ਸਰੂਪ ਬਿਚਖਣਿ ਕਹੀਐ ਸਾ ਸਿਆਣੀ ॥੪॥੨॥੪॥

ਤਾਂ ਬਾਬਾ ਜੀ ਨੇ ਕਹਿਆ ਕਿ ਸੋਈ ਨਾਦਾਨ ਹੈ ਜੋ ਆਪਣੇ ਨਫਸ ਦਾ ਗੁਮਾਨ ਕਰਦਾ ਹੈ ਅਤੇ ਆਪਣੇ ਦਿਲ ਵਿਚ ਖੁਦਾਇ ਦਾ ਨਾਮ ਨਹੀਂ ਯਾਦ ਕਰਦਾ ਅਰ ਖੁਦਾਇ ਇਸਦੇ ਅੰਦਰ ਹੈ ਤੇ ਏਹ ਬਾਹਰ ਢੂੰਢਦਾ ਹੈ ਸੋ ਜੇ ਖੁਦਾਇ ਦੇ ਖੌਫ ਦਾ ਸੁਰਮਾ ਪਾਏ ਅਤੇ ਇਖਲਾਸਾ ਦਾ ਲਿਬਾਸ ਕਰੇ ਤਾਂ ਖੁਦਾਇ ਨੂੰ ਮਿਲਦਾ ਹੈ ਅਤੇ ਜੋ ਖੁਦਾਇ ਨੂੰ ਵਿਸਾਰਦੇ ਹਨ ਸੋ ਬਹੁਤ ਦੁਖ ਪਵਨਗੇ ਤੇ ਮਹਲਨਾਂ ਪਾਵਨਗੇ ਪਰ ਨਸੀਬ ਬਿਨਾ ਕੁਛ ਹਥ ਨਹੀਂ ਆਂਵਦਾ ਅਰ ਲਭ ਲੋਭ ਕਰ ਜੋ ਸਾਈ ਵਿਸਾਰਦਾ ਹੈ ਸੋ ਨਾਦਾਨ ਕਹੀਦਾ ਹੈ ਅਤੇ ਬਜੁਰਗ ਕਹਿੰਦੇ ਹਨ ਕਿ ਜੇੜੀ ਰਜਾ ਮੰਨਣੀ ਅਤੇ ਸਾਹਿਬ ਦਿਲ ਦੇ ਕਦਮੇ ਲਗਣਾ ਹੈ ਅਤੇ ਖੁਦਾਇ ਨੂੰ ਆਪਣਾ ਤਨ ਮਨ ਸੌਂਪ ਦੇਵਣਾ ਹੈ ਤੇ ਖੁਦੀ ਗਵਾਵਣੀ ਹੈ ਤਾਂ ਪੀਰ ਮੁਰਸਦ ਨਦਰ ਕਰਦੇ ਹਨ ਜੋ ਏਹ

ਕਰਮ ਕਰੇ ਅਤੇ ਨਾਮ ਨੂੰ ਭੀ ਪ੍ਰਾਪਤ ਹੁੰਦਾ ਹੈ ਅਰ ਜੋ ਆਪਣੇ ਸੁਆਮੀ ਦੇ ਰੰਗ ਰਤੇ ਹਨ ਸੋ ਦਾਨਾ ਭੀ ਓਹੀ ਹਨ ਗੁਰੂ ਨਾਨਕ ਜੀ ਕਹਿੰਦੇ ਹਨ ਕਿ ਖੁਦਾਇ ਦੇ ਵਿਚ ਭੀ ਓਹੀ ਸਮਾਂਵਦੇ ਹਨ ॥ ਤਾਂ ਇਮਾਮ ਅਸਰਫ ਬੋਲਿਆ :--ਕਿ ਹੇ ਨਾਨਕ ਖੁਦਾਇ ਨੂੰ ਦਿਲ ਨਾਲ ਯਾਦ ਕਰੀਏ ਕਿ ਜੁਬਾਨ ਨਾਲ ਤਾਂ ਬਾਬੇ ਜੀ ਕਹਿਆ :-- ਚਾਰ ਬਾਣੀਆਂ ਹਨ ਜੋ ਪਹਿਲੇ ਪਰਾ ਦੂਜਾ ਪਸੰਤੀ ਤੀਜਾ ਮਧਮਾ ਅਰ ਚੌਥਾ ਬੈਖਰੀ ਸੋ ਪਰਾ ਉਸਨੂੰ ਕਹਿੰਦੇ ਹਨ ਕਿ ਨਾਭ ਵਿਚ ਜੋ ਦਮ ਹੈ ਸੋ ਜੋ ਉਸ ਨਾਲ ਖੁਦਾਇ ਨੂੰ ਯਾਦ ਕਰਦਾ ਹੈ ॥

ਪਸੰਤੀ :--ਜੋ ਦਿਲ ਨਾਲ ਯਾਦ ਕਰਦੇ ਹਨ ਅਰ ਮਧਮਾ ਜੋ ਸੁਆਸ ਨਾਲ ਯਾਦ ਕਰਦੇ ਹਨ ਅਰ ਬੈਖਰੀ ਜੋ ਜੁਬਾਨ ਨਾਲ ਯਾਦ ਕਰਦੇ ਹਨ ਪਰ ਸੋਈ ਬਾਣੀ ਵਿਸੇਖ ਹੈ ਜੋ ਯਕਦਿਲ ਹੋ ਕੇ ਯਾਦ ਕਰੀਏ ਅਰ ਹੋਰ ਭੀ ਬਹੁਤ ਜਬਾਬ ਸਵਾਲ ਹੈਨ ਜੋ ਮਦੀਨੇ ਦੀ ਗੋਸਟ ਵਿਚ ਹਨ ਇਸ ਵਾਸਤੇ ਏਥੇ ਸੰਕੋਚਨਾ ਕੀਤੀ ਹੈ ਤਾਂ ਫਿਰ ਅਮਾਮ ਅਸਰਫ ਕਹਿਆ ਅਸਾਨੂੰ ਕੁਛ ਨਸੀਹਤ ਕਰੋ ਤਾਂ ਬਾਬੇ ਬਹੀਰ ਤਵੀਲ ਕੀਤਾ ॥ ਮੁਨਜਾਤ ਮਹਲਾ ੧ ॥ ਲਾਇਕਆਨ ਅਸਤ ਸਜ਼ਾਵਾਰ ਹੂਮਨਅਸਤ ਕਿ ਮਨ ਬਗੁਜਰਮ ਅਜ ਜੁਮਲ ਮਹਿ ਹਿਕਾਯਾਤ ਖਿਆਲਾਤ ਪਰੇਸਾਨ ਨਿਕੋਈਦਹ ਹਮ ਅਜ ਗੁਫਤਨ ਬਿਹੂਦਵ ਬੇਫਾਇਦਹ ਗੋਇਮ ਪਸ ਅਜ ਅਜਸਰ ਇਸ ਖਲਮਤੀ ਹਮ ਜਿਰਹੇ ਸਿਦਕ ਯਕੀਹਮ ਬਦਰਾਇਜਦ ਖਲਾਕ ਕਿ ਦਾਰਾਇ ਜਹਾਨ ਅਸਤ ਅਯਾਨਅਸਤ ਮਕੀਨ ਅਸਤ ਮਕਾਨ ਅਸਤ ਜਿਮੀਨ ਅਸਤ ਜਮਾਨ ਅਸਤ ਅਮੀਨਅਸਤ ਅਮਾਨਅਸਤ ਦਰੀਨਅਸਤ ਦਰਾਨਅਸਤ ਹੁਮਾਨਅਸਤ ਬਰਾਹਅਸਤ ਖਿਜਾਨਅਸਤ ਰਾਹੇ ਬੁਲ ਬੁਲ ਨਾਲਾ ਗਹੇ ਗੁਲਬਨ ਖੰਦਾ ਗਹੇ ਸਮੇਸ੍ਬਿਸ ਤਾਂ ਗਹੇ ਪਰਵਾਨਹ ਸੋਜਾਂ ਗਹੇ ਜੁਲਫ ਰਾਹੇ ਆਸਕਿਨ ਪਰੇਸਾ ਗਹੇ ਖੂਬੀ ਖੂਬਾ ਗਹੇ ਇਸਕ ਜਵਾਨਾ ਹੈ ਗਹੇ ਜਮਜਹਜਨਾ ਗਾਹ ਨਿਹਾ ਗਾਹ ਅਯਾਨਅਸਤ ਉਸੀਕਾ ਹਮਹੀਜਾ ਪਰਵ ਪਰਕਾਸ ਸਗਲ ਧਰਤੀ ਅਕਾਸ ਕਹੂੰ ਦੂਰ ਕਹੂੰ ਪਾਸ ਕਹੂੰਫੂਲ ਕਹੂੰ ਬਾਸ ਕਹੂੰ ਭੌਰ ਹੈ ਉਦਾਸ ਕਹੂੰ ਦਿਆਲ ਕਹੂੰ ਦਾਸ ਕਈ ਭੇਤ ਕਈ ਭਾਤ ਕਈ ਰੰਗ ਕਈ ਰੂਪ ਕਈ ਖੇਲ ਸੋ ਅਫਕੰਦ ਅਖਾੜਾ ॥ ੧ ॥

ਤਿਸਦਾ ਵੀਚਾਰ :--ਏਹ ਗਲ ਸਭਸੇ ਨੂੰ ਲਾਇਕ ਹੈ ਜੇਹੜੀਆਂ ਕਥਾਂ ਤੇ ਸੰਕਲਪ ਪਰਮੇਸਰ ਦੇ ਭੁਲਾਵਨ ਵਾਲੇ ਹਨ ਉਨਾਂ ਨੂੰ ਛੋਡਕੇ ਖੁਦਾ ਨੂੰ ਯਾਦ ਕਰਨਾ ਅਰ ਜਰੂਰ ਦੀ ਗਲ ਬਿਨਾ ਜੋ ਬੇਫਾਇਦਾ ਨਾ ਬੋਲੀਏ ਅਰ ਪਰਮੇਸਰ ਨਾਲ ਸਿਦਕ ਤੇ ਦ੍ਰਿੜ ਪ੍ਰੇਮ ਕਰਕੇ ਉਸਦੀ ਉਸਤਤ ਕੀਚੇ ਜੋ ਸਾਰੇ ਜਹਾਨ ਦੀ

ਰਖਿਆ ਕਰਦਾ ਹੈ ਅਰ ਰਿਦਿਆਂ ਦੇ ਬਾਹਰ ਅੰਦਰ ਭੀ ਹੈ ਅਤੇ ਮਕਾਨਾਂ ਵਿਚ ਭੀ ਹੈ ਅਰ ਮਕਾਨਾਂ ਦੇ ਵਸਣ ਵਾਲਿਆਂ ਵਿਚ ਭੀ ਹੈ ਅਰ ਜਿਮੀਨ ਵਿਚ ਭੀ ਹੈ ਅਸਮਾਨ ਵਿਚ ਭੀ ਹੈ ਜੀਅ ਵਿਚ ਭੀ ਹੈ ਈਸਰ ਵਿਚ ਭੀ ਹੈ ਜੋ ਏਹ ਹੈ ਤੇ ਉਹ ਹੈ ਬਾਹਰ ਹੈ ਤੇ ਖਿਜਾਨ ਅਰ ਕਿਥਾਊ ਬੁਲਬੁਲ ਹੋ ਬੋਲਦਾ ਹੈ ਅਰ ਕਿਥਾਉ ਫੁਲ ਹੋ ਖਿੜਦਾ ਹੈ ਅਰ ਕਿਥਾਊ ਸਮਾ ਹੋ ਕੇ ਰਾਤ ਨੂੰ ਬਲਦਾ ਹੈ ਅਰ ਕਿਥਾਊ ਪਰਵਾਨਾ ਹੋ ਚਲਦਾ ਹੈ ਅਰ ਪਰੇਸਾਨ ਹੋਂਦਾ ਹੈ ਅਰ ਕਿਥਾਊ ਮਸੂਕਾਂ ਨੂੰ ਖੂਬੀ ਦੇਂਦਾ ਹੈ ਅਰ ਕਿਥਾਊ ਜੁਆਨਾਂ ਨੂੰ ਇਸਕ ਦੇਂਦਾ ਹੈ ਅਰ ਕਿਥਾਊ ਇਸਤ੍ਰੀਆਂ ਦੇ ਲਾਡ ਦੇਖਦਾ ਹੈ ਅਰ ਕਿਥਾਊ ਗੁਪਤ ਹੈ ਕਿਥਾਊ ਪਰਗਟ ਹੈ ਅਰ ਉਸੇ ਦਾ ਸਭ ਜਾਗਾਂ ਪਰਕਾਸ ਹੈ ਅਰ ਸਭਨਾ ਧਰਤੀਆਂ ਅਰ ਅਕਾਸਾਂ ਵਿਚ ਕਿਥਾਊ ਦੂਰ ਹੈ ਕਿਥਾਊ ਪਾਸ ਹੈ ਅਰ ਕਿਥਾਊ ਫੁਲ ਹੈ ਕਿਥਾਊ ਬਾਸ ਹੈ ਅਰ ਕਥਾਊਂ ਭਵਰ ਹੋਕਰ ਬਾਸਨਾ ਲੈਂਦਾ ਹੈ ਅਰ ਕਿਥਾਊ ਦਿਆਲ ਹੈ ਅਰ ਕਿਥਾਊ ਦਾਸ ਹੈ ਅਰ ਕਈ ਭੇਤ ਹੈਂ ਅਰ ਕਈ ਭਾਂਤਾਂ ਹੈਂ ਅਰ ਕਈ ਰੰਗ ਕਈ ਰੂਪ ਅਰ ਕਈ ਖੇਲਾਂ ਸੋ ਜੁਗਤ ਵਿਚ ਅਖਾੜਾ ਪਾਇਆ ਹੈਸੁ ॥ ੧ ॥

ਬਹਿਰ ਦੂਸਰਾ :--ਕੁਦਰਤਿ ਸੰਬੀ ਜਲਾਲਸ ਕਿ ਬਵਦ ਆਬ ਵਸ ਅੰਦਰ ਗੁਲਸ ਕੈਫ ਅਮਲਖਾਸਤਾ ਹੁਸੀਆਰ ਗਹੇ ਮਸਤ ਗਏ ਬਾਜ ਗਹੇ ਦਸਤ ਗਹੇ ਖਾਰ ਗਹੇ ਦਸਤ ਗਹੇ ਸੈਦ ਗਹੇ ਸਸਤ ਗਹੇ ਜਾਦ ਗਹੇ ਬੰਦ ਗਹੇ ਰਫ ਗਹੇ ਗਿਰੀਆ ਗਹੇ ਖੰਦਹ ਪਨਾਹਸਤਾ ਪਨਾ ਹਿੰਦਾ ਨਿਸ੍ਰਸਤ ਅਸ੍ਰਤ ਖਿਰਾਮੰਦਾਤਾਗਹਾ ਇੰਦ ਨਸੇ ਬਸਤ ਫਰਾਇੰਜਾ ਫਰੇਬਸਤ ਫਰੇਬਿੰਦਾ ਦਰੇਬੰਦ ਕੁਸਾਇੰਦਾ ਨ ਅਫਜੂਦਾ ਨਕਾਹਿੰਦਾ ਬਹਰੰਗ ਗਿਰਾਯੰਦਾ ਨਉਚੂਨ ਨਉਚੰਦਾ ਹਮੀਸਖਾਹਿਸ ਖਾਹਿੰਦਾ ਹਮੀਦਾਨਸ ਦਨਿੰਦਾ ਹਮੀਬੀਨਸ ਬੀਨਿੰਦਾ ਚਿਗੋਯਿੰਦਾ ਚਿਯਾਬਿੰਦਾ ਹੁਮਾਨਅਸਤ ਵਹੀ ਬੇਗ ਵਹੀਖਾਨ ਵਹੀਧਨਖ ਵਹੀਬਾਨ ਵਹੀ ਗਿਆਨ ਵਹੀ ਧਿਆਨ ਵਹੀ ਪਿੰਡ ਵਹੀ ਪਰਾਨ ਵਹੀਦੇਹ ਵਹੀਜਾਨ ਵਹੀਵੇਦ ਵਹੀਪੁਰਾਨ ਵਹੀ ਚੂਫ ਕੇ ਪਛਾਨ ਦੋ ਗੋ ਇਹ ਮਹਹਮਦ ਸਜਾਰਾ ॥ ੨ ॥

ਤਿਸਕਾ ਬੀਚਾਰ :--ਕੁਦਰਤ ਉਸਦੀ ਦੇਖ ਜੋ ਪਵਿਤਰ ਜਲ ਦੀ ਨਿਆਈ ਫੁਲਾਂ ਵਿਚ ਸੋਭਾ ਦੇ ਰਹੀ ਹੈ ਅਰ ਜੈਸੇ ਮਦ ਵਿਚ ਮਸਤਿ ਹੋਦੀ ਹੈ ਅਰ ਹੁਸਿਆਰ ਭੀ ਓਹੀ ਹੈ ਅਰ ਮਸਤ ਭੀ ਓਹ ਹੈ ਅਰ ਕਦੇ ਬਾਜ ਹੈ ਕਦੇ ਹਖ ਹੈ ਅਰ ਕਦੇ ਸਿਕਾਰ ਹੈ ਕਦੇ ਸਸਤ ਹੈ ਅਰ ਕਦੇ ਨਿਆਰਾ ਹੈ ਅਰ ਕਦੇ ਬਧਾ ਹੋਇਆ ਹੈ ਅਰ ਕਦੀ ਰੋਂਦਾ ਹੈ ਕਦੀ ਹਸਦਾ ਹੈ ਅਰ ਸਰਬ ਦੀ ਪਨਾਹ ਭੀ ਓਹੀ ਹੈ ਅਰ

ਬੈਠਦਾ ਤੇ ਉਠਦਾ ਹੈ ਅਰ ਤੁਰਦਾ ਭੀ ਓਹੀ ਹੈ ਅਰ ਮਾਇਆ ਦਾ ਮੋਹ ਦੇਕਰ ਜੀਆਂ ਨੂੰ ਠਗਦਾ ਭੀ ਓਹੀ ਹੈ ਅਰ ਗਿਆਨ ਦੇਕਰ ਬੰਧਨ ਭੀ ਓਹੀ ਖੋਲਦਾ ਹੈ ਅਰ ਨਾਂ ਵਧਦਾ ਹੈ ਨਾ ਘਟਦਾ ਹੈ ਅਰ ਸਭਨਾਂ ਰੰਗਾਂ ਵਿਚ ਭੀ ਰਵਿਆ ਹੋਇਆ ਹੈ ਸੋ ਉਸਦਾ ਅੰਦਾਜਾ ਕਹਿਆ ਨਹੀਂ ਜਾਂਦਾ ਅਰ ਖਾਹਿਸ ਵਾਲਿਆਂ ਵਿਚ ਭੀ ਓਹੋ ਹੈ ਅਤੇ ਬੁਧਵਾਨਾਂ ਵਿਚ ਭੀ ਓਹੋ ਹੈ ਅਰ ਬੇਗ ਭੀ ਓਹ ਹੈ ਅਰ ਖਾਨ ਭੀ ਓਹੀ ਹੈ ਅਰ ਧਨਖ ਭੀ ਓਹੀ ਹੈ ਤੇ ਬਾਨ ਭੀ ਓਹ ਹੈ ਅਰ ਗਿਆਨ ਭੀ ਓਹੀ ਹੈ ਅਰ ਧਿਆਨ ਭੀ ਓਹੀ ਹੈ ਅਰ ਜਾਨ ਭੀ ਓਹ ਹੈ ਅਰ ਬੇਦ ਭੀ ਓਹੀ ਹੈ ਅਰ ਪੁਰਾਨ ਭੀ ਓਹੀ ਹੈ ਸੋ ਉਸਨੂੰ ਢੂੰਢ ਕੇ ਪਛਾਨ ਅਰ ਉਸਦੀ ਸਿਫਤ ਕਰ॥੨॥

ਬਹਿਰ ਤੀਜਾ :--ਹੁਕਮੇ ਕਾਮਲਓ ਬੀ ਕਰ ਮੇਸ ਮਿਲਓ ਬੀ ਕਿਚਿਗੂਨਹ ਬਯਦੇ ਕੁਦਰਤ ਖੁਦਸਾਖਤਾ ਪਰਦਾਖਤਾ ਈ ਗੁੰਬਜ ਅਫਰਾਖਤਾ ਤਰਹੇ ਅਜਬ ਅੰਦਾਖਤਾ ਚੂੰ ਹੁਲਕਹ ਨਗੂੰਸਾਖਤਾ ਬਸਸ ਮੈ ਦਰੋਤਾਫਤਾ ਬਸ ਮੁਹਰਾ ਦਰੋਬਾਖਤਾ ਲਾਹੂ ਤੀਜਬਰੂਤੀ ਮਲਕੂਤੀ ਨਾਸੂਤੀ ਹਾਹੂਤੀ ਹਮ ਜਾਹਰ ਪਿਨਹਾਨੀ ਹਮ ਜਿਸਮੇ ਜਿਸਮਾਨੀ ਬਾ ਹੈਰਤ ਹੈਰਾਨੀ ਬੁਰਹਾਨੀ ਜੁਲਮਾਨੀ ਰਬਾਨੀ ਸਭੀ ਰੰਗ ਸਭੀ ਢੰਗ ਸਭੀ ਸੰਗ ਸਭੀ ਰੂਪ ਕਹੂ ਛਾਵ ਕਹੂ ਧੂਪ ਕਿਸੇ ਥਾਨਸੋ ਕਛ ਸਮਝਕੇ ਪਛਾਨ ਕੀਆ ਕਉਨ ਪਸਾਰਾ ॥ ੩ ॥

ਤਿਸਦਾ ਬੀਚਾਰ:--ਹੁਕਮ ਉਸਦਾ ਦੇਖ ਅਰ ਕਰਮ ਮਿਲਿਆ ਹੋਇਆ ਦੇਖ ਉਸਦਾ ਜੋ ਕਿਸ ਤਰਹ ਆਪਣੀ ਕੁਦਰਤ ਦੇ ਹਥ ਨਾਲ ਕੀਤਾ ਹੈਸ ਅਰ ਬਣਾਇਆ ਹੈਸ ਅਰ ਏਗੁੰਬਜ ਅਫਰਾਖਤਹ ਖੜਾ ਕੀਤਾ ਹੈ ਅਰ ਅਸਚਰਜ ਤਰਹ ਥੰਮੇ ਬਿਨਾ ਕੜਾਹੇ ਦੀ ਨਿਆਈ ਉਲਟਾ ਰਖਿਆ ਹੈ ਅਤੇ ਬਹੁਤੇ ਜਵਾਹਰ ਉਸਦੇ ਵਿਚ ਰਖੇ ਹਨ ਅਰ ਪਿਤਰਾਂ ਦੇ ਮਕਾਨ ਵਾ ਲੋਕ ਤੇ ਦੇਵਤਿਆਂ ਦੇ ਲੋਕ ਤੇ ਬ੍ਰਹਮੇਂ ਦੇ ਲੋਕ ਅਰ ਵੈਕੁੰਠ ਲੋਕ ਅਰ ਕਈ ਲੋਕ ਪਰਗਟ ਕੀਤੇ ਅਰ ਕਈ ਗੁਪਤ ਕੀਤੇ ਹਨ ਅਰ ਕਈ ਅਸਥੂਲ ਸਰੀਰ ਕੀਤੇ ਹਨ ਅਰ ਕਈ ਲਿੰਙ ਸਰੀਰ ਕੀਤੇ ਹਨ ਸੋ ਸਭ ਜਗਤ ਹੈਰਾਨ ਹੈ ਅਰ ਗਿਆਨਵਾਨ ਭੀ ਹੈਨ ਅਰ ਅਗਿਆਨੀ ਹੈਨ ਅਤੇ ਈਸਰ ਭੀ ਹੈਨ ਸੋ ਸਭ ਉਸਦੇ ਰੰਗ ਹੈਨ ਅਰ ਸਭ ਢੰਗ ਹੈਨ ਅਰ ਸਭਨਾਂ ਦੇ ਸੰਗ ਹੈ ਅਰ ਸਭ ਉਸਦੇ ਰੂਪ ਹਨ ਅਰ ਕਿਥਾਊ ਛਾਂਵ ਹੈ ਕਿਥਾਊ ਧੂਪ ਹੈ ਸੋ ਕੁਛ ਸਮਝਕੇ ਪਛਾਨੋਂ ਜੋ ਉਸਨੇ ਕੈਸਾ ਪਸਾਰਾ ਕੀਤਾ ॥ ੩ ॥

ਬਹਿਰ ਚੌਥਾ:--ਦੀਦਹਿ ਬੂਕਸ੍ਹਾਇ ਬੂਬੀ ਤੋਂ ਨਿਗਰ ਅਜ ਐਨ ਯਕੀ ਗੋ ਕਿ ਹਮਹ ਜਾਹਰ ਮਕ ਨੂੰ ਹਮਹਿ ਜਾ ਆਸਕ ਮਫਤੂੰ ਹਮਹਿਜਵਾਲ ਹਮਹਿਜੂ ਹਮਹ

ਰੇਸ ਹਮਹਿ ਖੂੰ ਰੇਖਤਾ ਅਜ ਚਸਮਜਨੂੰ ਰੁਖ ਬਿਨਮਾਇਦ ਬਫਸੂੰ ਸਬਰ ਰੁਬ ਇਦ ਜਿਰੂੰ ਹਮਹਿ ਆਂਦਾ ਵਰਦਾਦਾ ਜਿਆਫਾਤ ਨਿਗਹਿਦਾਰ ਨਜਾਤੇ ਨਗਿਰਫਤਾਰ ॥ ਅਜੋ ਆਮਦਹ ਹਰਿਬਾਰ ਨਮਾਯੰਦਹਿ ਹਰਿ ਜਾਰਿ ਰਹੇ ਰਾਸਤਸ ਲੇਤਾਰ ਅਜੋਨਸਦਨਮੂੰਦਾਰ ਬਹਰਿ ਮਸਤੇ ਵਹੁਸੀਆਰ ਜਹੇ ਉਮਰ ਬਰ ਕਰਾਰ ਜਹੇ ਖਾਲਕ ਕਿਰਦਾਰ ਜਹੇ ਬਾਕੀ ਈਦਾਰ ਜਹੇ ਸਾਜਹਾਦਾਰ ਤੇਰੀ ਵਸਫ ਨ ਆਵੈ ਨ ਕਿਸੇ ਚੀਤ ਸਮਾਵੈ ਕਹੀ ਇਹ ਬਾਤਨ ਜਾਵੈ ਕੋਈ ਇਹ ਗੀਤਨ ਗਾਵੈ ਜੋ ਕਛ ਭਾਖ ਸੁਣਾਵੈ ਜੋ ਕਹੂੰ ਗਿਆਨ ਗੁਨਾਵੈ ਜੁ ਕਹੂੰ ਧਿਆਨ ਧਿਆਵੈ ਜੁ ਕਹੂੰ ਨਾਚ ਨਚਾਵੈ ਜੋ ਕਛੂ ਬਾਰ ਬਚਾਵੈ ਜੋ ਕਹੂੰ ਕਾਛ ਕਛਾਵੈ ਅਖਰ ਅਲਖ ਲਖਾਵੈ ਜੁ ਕੋਈ ਗੀਤ ਸੁਨਾਵੈ ਸੋ ਰਹੇ ਹੋਇ ਇਆਨਾ ਤੁਰੀਆ ਕਾ ਦਰ ਬੇਚੂੰ ਕਿ ਬਰਦਗਾਹ ਤੋਂ ਅਜ ਅਜਬਵਦ ਸਰਬ ਜਿਮੀਂ ਸਾਹੁ ਗਦਾਰਾ ॥ ੪ ॥

ਤਿਸਕਾ ਬੀਚਾਰ:--ਬੁਧ ਨੇ ਨੇਤ੍ਰ ਖੋਲ ਕੇ ਦੇਖ ਅਤੇ ਨਿਸਚੇ ਦੀਆਂ ਅਖੀਆਂ ਨਾਲ ਦੇਖ ਜੋ ਸਭ ਜਾਂਗਾ ਪਰਗਟ ਤੇ ਗੁਪਤ ਓਹੀ ਹੈ ਅਰ ਆਸਕ ਭੀ ਓਹੀ ਹੈ ਤੇ ਦੀਵਾਨਾ ਭੀ ਓਹੀ ਹੈ ਅਰ ਸਭ ਫਟ ਤੇ ਸਭ ਖੂੰਨ ਡੋਲਦਾ ਹੈ ਅਰ ਅਖੀ ਜਨੂਨਿ ਦੀਆਂ ਅਰ ਮੁਖ ਦਿਖਲਾਂਵਦਾ ਸਾਥ ਮੰਤ੍ਰਚੇ ॥ ਸੋ ਏਹ ਮਾਇਆ ਰਿਦੇ ਦਾ ਸੰਤੋਖ ਦੂਰ ਕਰਦੀ ਹੈ ਅਰ ਸਭ ਓਹੀ ਪਰਮੇਸਰ ਹੈ ਪਰ ਆਪਣਿਆਂ ਭਗਤਾਂ ਨੂੰ ਦੁਖਾਂ ਥੀ ਰਖ ਲੈਂਦਾ ਹੈ ਅਰ ਮੁਕਤ ਦੇਂਦਾ ਹੈ ਅਰ ਬੰਧਨ ਨਹੀਂ ਕਰਦਾ ਅਰ ਓਹ ਹਰਿਵਾਰੀ ਭਗਤਾਂ ਨੂੰ ਗਿਆਨ ਦੇਂਦਾ ਹੈ ਅਰ ਦਿਖਾਂਵਦਾ ਹੈ ਹਰਿ ਗਰੀਬ ਨੂੰ ਸੋ ਐਸੀ ਅਵਿਦਿਆ ਦੀ ਅੰਧੇਰੀ ਰਾਤ ਵਿਚ ਰਾਹਿ ਸੂਧਾ ਦਿਖਾਂਵਦਾ ਹੈ ਅਰ ਉਸਦਾ ਨਸਵਾ ਜੋ ਪ੍ਰਕਾਸ ਹੈ ਨਜਰ ਆਂਵਦਾ ਹੈ ਜੋ ਹਰਿਮਸਤ ਨੂੰ ਤੇ ਹੁਸਿਆਰੀ ਨੂੰ ਪਰ ਧੰਨ ਓਹ ਉਮਰ ਹੈ ਜੋ ਸਾਈਂ ਦੇ ਭਜਨ ਵਿਚ ਗੁਜਰਦੀ ਹੈ ਅਰ ਧੰਨ ਵਾਹਗੁਰੂ ਹੈ ਜੋ ਇਸ ਜਗਤ ਥੀ ਬਾਕੀ ਰਹੇਗਾ ਅਰ ਧੰਨ ਸਾਹ ਹੈ ਜਹਾਨ ਦੇ ਰਖਣ ਵਾਲਾ ਤਾਂਤੇ ਤੇਰੀ ਉਸਤਤ ਕਹੀ ਆਂਵਦੀ ਅਰ ਕਿਸੇ ਦੇ ਚਿਤ ਵਿਚ ਨਹੀਂ ਸਮਾਂਵਦੀ ਅਰ ਏਹ ਬਾਤ ਕਹੀ ਨਹੀਂ ਜਾਂਦੀ ਅਰ ਕੋਈ ਇਹ ਗੀਤ ਗਾਇ ਨਹੀਂ ਸਕਦਾ ਜੋ ਕੁਛ ਕਹਿਕਰ ਸੁਣਾਵੇ ਅਰ ਉਸਦਾ ਗਿਆਨ ਧਿਆਨ ਅਰ ਨਾਚ ਨਹੀਂ ਨਚਦਾ ਹੋਰ ਕਾਛ ਕਛੂ ਨਹੀਂ ਕਛਦਾ ਅਖਰ ਅਲਖ ਦੇ ਕਹਣ ਥੀ ਇਆਣਾ ਹੋਵੈ ਅਰ ਤੂੰ ਓਹ ਕਾਦਰ ਬੇਚਿਹਨ ਹੈਂ ਜੋ ਤੇਰੀ ਦਰਗਾਹ ਤੇ ਸਿਰ ਉਪਰ ਜਿਮੀਨ ਦੇ ਹੈ ਪਾਤਸਾਹ ਦੇ ਭੀ ਤੇ ਫਕੀਰ ਦਾ ਭੀ ਹੈ ॥ ੪ ॥

ਬਹਿਰ ਪੰਜਵਾਂ:--ਬਾਜ ਅਜ ਬਰਕਤ ਖੁਦਾਵੰਦ ਜਹਾ ਹੈਰਤ ਅਫਜਾਇ ਜਹਾਂ

ਬਾਦੀਅਹਿ ਪੈਮਾਇ ਜਹਾਂ ਸੁਨਅਤ ਆਰਾਇਜਹਾਂ ਆਨਜਹਾਂ ਸਾਨਜਹਾਂ ਸਾਹ ਜਹਾਂ ਮਾਹ ਜਹਾਂ ਮੁਲਕ ਜਹਾਂ ਸਿਲਕ ਜਹਾਂ ਜੁਮਲਹ ਚੁ ਮਨਬੰਦਹ ਦਰ ਮਾਦਹ ਸੋ ਜਿੰਦਹ ਸਾਜਿੰਦਹ ਜੋਸੀਦਹ ਤਫਜੀਦਹ ਬੇਚਾਰਹ ਬੇ ਕਾਰਹ ਮਕਾਰਹ ਅਯਾਰਹ ਅਵਾਰਹ ਬਾਜਾਰਹ ਤਰਾਰਹ ਦਿਲਬਸਤਰ ਦਿਲ ਖਸਤਹ ਆਸੁਫਤਹ ਨਸਗੁਫਤ ਰੰਜੀਦਹ ਖ਼ੰਦੀਦਹ ਆਲੂਦਹ ਅਜ ਜੁਮਲਤ ਵਜਿ ਜਿਲਤ ਇਸੀਆਨ ਗੁਨਾਂਹਾਂਨ ਮੁਨਾ ਜਾਤ ਅਤੀਆਤ ਬਪੋਇਮ ਜਿਰਹੇ ਅਜ ਜਬਗੋਇਮ ਕਿਖਦੇਵਾ ਮਲਕਾ ਬਾਦਸਹਾ ਦਾਦ ਰਸਾ ਅਲਫਰਦਾ ਅਲਮਸਤਾ ਲੰਮਯਜਦਾ ਮੁਸਤ ਜਦਾ ਮੁਨਫਰਦਾ ਬੇ ਅਦਦਾ ਫਾਇਜ ਫਯਾਜ ਜਹਾਨੀ ਨਅਯਨੀ ਨਨਿਹਾਨੀ ਨਗਿਆਨੀ ਨਧਿਆਨੀ ਹਮਹ ਜਾ ਫੈਜ ਫਿਸਾਨੀ ਬਤਲੁਤਫ ਬਤੱਕਰਮ ਬੱਤੱਫਕਦ ਬੱਤਰੱਹਮ ਬਰਿਆਇਤ ਬਹਿਮਾਇਤ ਬਇਨਾਇਤ ਬਨਿਹਾਇਤ ਹਮਹ ਜਾ ਚਾਰਹਗਰੀ ਅਜ ਜਖਰੀ ਬਾਖਬਰੀ ਮੇਨਗਿਰੀ ਹਾਲਦਿਲੇ ਜਿਨ ਖਰੀ ਹਮਹ ਮੁਲਕੀ ਹਮਹ ਬਸਰੀ ਪੇਸਤੋ ਪੈਦਾਸਤ ਹੁਵੈਦਾਸਤ ਨਿਹਾਨੀ ਹਮਹ ਮਖਲੂਕ ਚਿਅਲਵੀ ਚਿ ਸਿਫਲੀ ਚਿਨਸੇਬੀ ਚਿਫਰੀਜੀ ਹਮਹਿਰਾ ਵਾਕਫ ਰਾਜੀ ਜਿ ਕਰਮ ਬੰਦਹ ਨਿਵਾਜੀ ਤੋਬਿਸੋਜੀ ਤੋਬਿਸਾਜੀ ਕਿਰਮਹਿ ਕਾਮ ਤੁਹੀ ਸੁਬਹਿ ਤੁਈ ਸਮ ਤੁਈ ਮੂਸਨ ਆਗਮ ਤੁਈ ਖਾਸ ਤੁਈ ਆਮ ਤੁਈ ਹਮਜੰਮਹ ਜਾਮ ਤੁਈ ਆਸਕ ਮਸੂਕ ਤੁਈ ਕਾਸਫ ਮਕਸੂਫ ਤੁਈ ਤਾਲਬ ਮਤਲੂਬ ਤੁਈ ਜਾਜਬ ਮਜਜੂਬ ਤੁਈ ਕਾਸਦ ਮਕਸੂਦ ਤੁਈ ਵਾਹਦ ਮਉਜੂਦ ਤੁਈ ਅਹਿਮਦ ਮਹਿਮੂਦ ਤੁਈ ਆਬਦ ਮਾਬੂਦ ਤੁਈ ਸਾਹ ਸਹਿਨਸਾਹਿ ਤੁਈ ਮਿਹਰ ਤੁਈ ਮਾਹ ਤੁਈ ਇਨਸ ਤੇਰੀ ਹਸਤ ਸਕਲ ਜਲਥਲ ਸਭ ਠੌਰ ਸਭੀਗਾਉ ਸਭੀ ਠਾਉ ਸਭੀ ਸ੍ਰਿਸਟਿ ਤੇਰਾ ਇਸਟਿ ਤੁਈ ਏਕ ਤੁਈ ਕੋਟ ਕਹੂੰ ਸਾਚ ਕਹੂੰ ਖੋਟ ਕਛੂ ਜਾਨ ਕਛ ਸਮਝਕੇ ਪਛਾਨ ਕੀਆ ਕਉਨ ਪਸਾਰਾ ॥ ੫ ॥

ਤਿਸਕਾ ਬੀਚਾਰ :--ਫੇਰ ਬਰਕਤ ਖੁਦਾ ਜੋ ਜਹਾਨ ਦਾ ਹੈ ਅਰ ਹੈਰਾਨਗੀ ਵਧਾਈ ਹੈਸੁ ਜਹਾਨ ਵਿਚ ਅਰ ਜਹਾਨ ਰੂਪੀ ਬਨ ਵਿਚ ਮਾਪਦਾ ਹੈ ਕਾਰੀਗਰੀ ਬਣਾਈ ਹਈ ਜਗਤ ਦੀ ਅਰ ਜਗਤ ਦੀ ਆਨ ਭੀ ਰਖਦਾ ਹੈ ਤੇ ਸਾਨ ਭੀ ਰਖਦਾ ਹੈ ਅਰ ਸਹੁ ਭੀ ਜਗਤ ਦਾ ਹੈ ਤੇ ਚੰਦ੍ਰਮਾ ਭੀ ਜਗਤ ਦਾ ਹੈ ਅਰ ਜਹਾਨ ਮੁਲਕ ਦੇ ਜੋ ਜੁਗਾਂ ਦੀਆਂ ਲੜੀਆਂ ਹਨ ਤਿਨਾਂ ਦੇ ਪਰੋਵਣ ਵਾਲਾ ਹੈ ਅਰ ਸਭ ਮੁਝ ਜੈਸੇ ਬੰਦੇ ਹਨ ਅਰ ਆਜਤ ਬੇਚਾਰਾ ਹਾਂ ਅਰ ਵਿਓਗਦੀ ਅਗਨ ਕਰ ਜਲਦਾ ਹਾਂ ਅਰ ਮਿਲਣ ਦਾ ਸਾਜ ਕਰਦਾ ਹਾਂ ਅਰ ਪਿਆਸਾ ਤੇਰੇ ਦਰਸਨ ਦੀ ਤਪਤ ਹੈ ਅਤੇ ਕੁਝ ਚਾਰਾ ਨਹੀਂ ਚਲਦਾ ਬੇਕਾਰ ਹਾਂ ਅਰ ਮਕਰ ਤੇ ਠਗੀ ਕਰਨਾ

ਹਾਂ ਅਰ ਖੁਆਰ ਹੋ ਕੇ ਵਿਕਾਰਾਂ ਦੇ ਬਜਾਰ ਵਿਚ ਫਿਰਦਾ ਹਾਂ ਅਤੇ ਚੰਚਲ ਹਾਂ ਅਰ ਦਿਲ ਮੇਰਾ ਜਗਤ ਵਿਚ ਬਧਾ ਹੋਇਆ ਹੈ ਅਰ ਮੇਰਾ ਮਨ ਅਜਿਤ ਹੋਇਆ ਹੈ ਅਤੇ ਕਵਲ ਦਿਲ ਦਾ ਮੁਝਿਆ ਹੈ ਅਰ ਕੁਮਲਾਇਆ ਹੈ ਅਤੇ ਦੁਖੀ ਹੈ ਤੇ ਪਦਾਰਥਾਂ ਵਲ ਦੇਖਕੇ ਹਸਦਾ ਹੈ ਅਰ ਪਾਪਾਂ ਨਾਲ ਭਰਿਆ ਹੋਇਆ ਹੈ ਅਰ ਅਗਿਆਨ ਦੇ ਅੰਧੇਰੇ ਕਰ ਖੁਆਰ ਹੋਂਦਾ ਹੈ ਅਰ ਪਾਪਾਂ ਦੇ ਬੀਜ ਬੀਜਦਾ ਹੈ ਪਰ ਜਿਸਨੂੰ ਬਜੁਰਗਾਂ ਦੀ ਸੁਹਬਤ ਹੋਂਦੀ ਹੈ ਸੋ ਭਜਨ ਨੂੰ ਦਉੜਦਾ ਹੈ ਅਤੇ ਆਜਤੀ ਕਰਕੇ/ ਕਹਨਾ ਹਾਂ ਜੁ ਸੁਆਮੀ ਤੇ ਬਾਦਸਾਹ ਨਿਆਂ ਕਰਨ ਵਾਲਾ ਹੈ ਤੇ ਇਕੋ ਹੈ ਅਤੇ ਸਭਦੇ ਪਵਿਤਰ ਕਰਨ ਵਾਲਾ ਹੈ ਅਰ ਨਾਸਥੀ ਰਹਤ ਹੈ ਤੇ ਸਰਬਦੇ ਮਥਾ ਟੇਕਣ ਦੀ ਜਗਾਂ ਹੈ ਤੇ ਇਕ ਹੈ ਅਰ ਅਗਣਤ ਹੈ ਅਰ ਸਭਸ ਦਾ ਦਾਤਾ ਹੈ ਅਰ ਗੁਪਤ ਭੀ ਹੈ ਤੇ ਪਰਗਟ ਭੀ ਹੈ ਅਰ ਗਿਆਨ ਧਿਆਨ ਤੇ ਭੀ ਨਿਆਰਾ ਹੈ ਅਤੇ ਸਭਸ ਦੇ ਕਿਰਪਾ ਕਰਨੇ ਵਾਲਾ ਹੈ ਕਿਰਪਾ ਦੇ ਸਭੇ ਨਾਮ ਹੈਨ ਅਰ ਭਜਨ ਵਾਲਿਆਂ ਦੇ ਨਾਲ ਰਿਆਇਤ ਤੇ ਹਿਮਾਇਤ ਕਰਦਾ ਹੈ ਅਰ ਕਿਰਪਾ ਨਿਹਾਇਤ ਕਰਦਾ ਹੈ ਅਰ ਸਭਨਾਂ ਦੇ ਚਾਰਾ ਮੰਨਣ ਵਾਲਾ ਹੈ ਅਰ ਆਜਤੀ ਦੇ ਮੰਨਣ ਵਾਲਾ ਹੈ ਅਰ ਚੇਤੰਨ ਹੈ ਤੇ ਦੇਖਦਾ ਹੈ ਹਾਲ ਦਿਲ ਮਨੁਖਾਂ ਦਾ ਤੇ ਜਿਨ ਤੇ ਪਰੀਆਂ ਦਾ ਸਭ ਮੁਲਕ ਭੀ ਉਸਦਾ ਹੈ ਅਤੇ ਜੀਅ ਭੀ ਉਸਦੇ ਹੈਨ ਅਗੇ ਤੇਰੇ ਪ੍ਰਗਟ ਹੈ ਰਿਦਾ ਸਾਰੀ ਖਲਕਤ ਦਾ ਕੀ ਦੇਵਤੇ ਅਰ ਕਿਆ ਮਾਨੁਖ ਅਤੇ ਕੀ ਸੂਰਗ ਕੀ ਨਰਕ ਸਭਨਾਂ ਦੇ ਭੇਦ ਦਾ ਵਾਕਫ ਹੈ ਅਰ ਕਿਰਪਾ ਕਰਕੈ ਬੰਦਿਆਂ ਨੂੰ ਨਿਵਾਜਣ ਵਾਲਾ ਹੈ ਅਰ ਜਲਾਂਵਦਾ ਭੀ ਓਹੀ ਹੈ ਤੇ ਸਾਜਦਾ ਭੀ ਓਹੀ ਹੈ ਅਰ ਸਭਨਾਂ ਦੀਆਂ ਕਾਮਨਾਂ ਪੂਰੀਆਂ ਕਰਦਾ ਹੈ ਅਰ ਝਲਾਗਦੇ ਤੇ ਰਾਤ ਦੇ ਕਰਨ ਵਾਲਾ ਭੀ ਓਹੀ ਹੈ ਅਰ ਸੰਤਾਂ ਦੇ ਸੁਖ ਦੇਵਨ ਵਾਲਾ ਭੀ ਓਹੀ ਹੈ ਅਰ ਸਾਧ ਭੀ ਤੁਧੇ ਕੀਤੇ ਹਨ ਅਤੇ ਅਸਾਧ ਭੀ ਤੁਧੇ ਕੀਤੇ ਹਨ ਅਰ ਜਮਸੇਦ ਬਾਦਸਾਹ ਨੇ ਜੋ ਪਿਆਲਾ ਕੀਤਾ ਸੀ ਸੋ ਭੀ ਤੇਰੀ ਕਲਾ ਕਰ ਕੀਤਾ ਸੀ ਜਿਸ ਜਾਮ ਵਿਚੋਂ ਸਾਰੀ ਸ੍ਰਿਸਟਿ ਨਦਰ ਆਵਦੀ ਸੀ ਅਤੇ ਆਸਕਾਂ ਤੇ ਮਾਸੂਕਾਂ ਵਿਚ ਭੀ ਤੂਹੇ ਹੈਂ ਅਰ ਪਰਗਟ ਕਰਨ ਵਾਲਾ ਭੀ ਤੂਹੇ ਹੈਂ ਚਾਹ ਕਰਨ ਕਰਾਵਨ ਵਾਲਾ ਭੀ ਤੂਹੇ ਹੈਂ ਅਰ ਸਭਸ ਦੇ ਦਬਾਵਣ ਵਾਲਾ ਭੀ ਤੂਹੇ ਹੈਂ ਤੇ ਮਨਸਾ ਪੂਰੀ ਕਰਨ ਵਾਲਾ ਭੀ ਤੂਹੇ ਹੈਂ ਅਰ ਇਕ ਸਭ ਦੇ ਵਿਚ ਮਉਜੂਦ ਤੂਹੀ ਹੈਂ ਅਰ ਪਵਿਤਰ ਕਰਨ ਵਾਲਾ ਭੀ ਤੂਹੇ ਹੈਂ ਅਰ ਪਿਆਰਾ ਭੀ ਪਿਆਰ ਤੇਰਾ ਹੈ ਅਤੇ ਮਥਾ ਟੇਕਣ ਅਰ ਟਿਕਾਵਣ ਵਾਲਾ ਭੀ ਤੁਹੀ ਹੈਂ ਅਤੇ ਬੰਦਗੀ ਕਰਨ ਕਰਾਵਣ ਵਾਲਾ ਭੀ ਤੁਹੀਂ ਹੈਂ ਅਤੇ ਪਾਤਸਾਹਾਂ ਦਾ

ਪਾਤਸਾਹ ਭੀ ਤੁਹੀ ਹੈਂ ਅਤੇ ਸੂਰਜ ਚੰਦ੍ਰਮਾਂ ਭੀ ਤੁਹੀ ਹੈਂ ਅਰ ਪ੍ਰੀਤ ਤੇਰੀ ਸਭਨਾਂ ਜਲਾਂ ਥਲਾਂ ਥੀ ਵਸੇਖ ਹੈ ਅਰ ਸਭਨਾਂ ਗਾਵਾਂ ਤੇ ਠਾਵਾਂ ਵਿਚ ਅਤੇ ਸਾਰੀ ਸ੍ਰਿਸਟਿ ਵਿਚ ਤੇਰੇ ਨਾਮ ਦਾ ਇਸਟ ਅਰ ਪਿਆਰ ਵਸੇਖ ਹੈ ਤੂੰ ਏਕ ਹੈਂ ਤੂਹੀ ਕੋਟ ਹੈਂ ਅਰ ਕਹੂੰ ਸਚ ਹੈਂ ਤੇ ਕਹੂੰ ਝੂਠ ਹੈਂ ਤੂੰ ਸਮਝ ਜੋ ਉਸ਼ਦਾ ਸਭ ਪਸਾਰਾ ਕੀਤਾ ਹੋਇਆ ਹੈ॥੫॥

ਬਹਿਰ ਛੇਵਾਂ:--ਬਾਮ ਦਾਦਾਂ ਬਿਦੇਖਸਤਹ ਬਿਸਕਸਤਹ ਚੁਖੇਜਮ ਜਿਸਰੇ ਅਜ ਜਨਿਆਜੋ ਬਤਫਰਹ ਦਰ ਤਮਹੀਦ ਕੁਸਾਇਮ ਸੂਏ ਇਲਜਾਜ ਗਰਾਇਮ ਰਖੇ ਉਮੇਦ ਬਿਸਾਇਮ ਬਮੁਨਾਜਾਤ ਦਰਾਇਮ ਕਿ ਮ੍ਹਨਾ ਜਾਤ ਬਵਦ ਤਰਫਹ ਦਲੀਲੇ ਵ ਵਕੀਲੇ ਵ ਜਲੀਲੇ ਵ ਕਫੀਲੇ ਬਤਰੀਕੇ ਰਹ ਅਹਦੀਅਤ ਫਰਦੀਅਤ ਹਮਦੀਅਤ ਸਮਦੀਅਤ ਆਵਾਹਦ ਬੇਚੂੰ ਜਿ ਚਿਓਚੂਨ ਮੁਬਰਾ ਹਮਹਿਜਾਹਰ ਮਕਨੂੰ ਨਓਜਿਸਮ ਨਜੌਹਰ ਨਓਅਕਲ ਮੁਨਵਰ ਨਚੁਰੂਹ ਅਸਤ ਮੁਜਮਰ ਨਮਿਸਾਲਅਸਤ ਨਮਾਨੰਦ ਨਕਸੇ ਦਸਤਰਸੇ ਬਾਨਫਸੇ ਹਮਚੁਖਸੇ ਅਫਤ ਦਰਸਨ ਹਰਿਸਨਾਤਿਸਨੈ ਮਾਲਕਕਦੂਸ ਆਲੇਮੀ ਹਕੀਮੀ ਕਰੀਮੀ ਕਰੀਮ ਅਸਤ ਰਹੀਮ ਅਸਤ ਬਸੀਰਅਸਤ ਕਦੀਰਅਸਤ ਕਬੀਰਅਸਤ ਗਫੂਰਅਸਤ ਸਕੂਰ ਅਸਤ ਜਹੇ ਕਾਦਰ ਕਯੂਮ ਕਹੇ ਖਾਲਕ ਹਰਿਬੂਮ ਨਿਗਹਦਾਰ ਜਹਾਂ ਦਰ ਫਸਫ ਸਖਸਤਹ ਜੁਬਾਂ ਨਾਤਕਰਾਨੁ ਤਕ ਜੁਬਾਂ ਮਾਂਦ ਇਬਾਰਤ ਜਿਬਿਆ ਰਫਤ ਇਸਾਰਤ ਜਿਨਸਾਂ ਹੋਸਮੁਅਤਲ ਜਿਖਬਰ ਫਿਕਰ ਮੁਕਦਰ ਜਿਅਸਰ ਮਾਂਦਹ ਹਮ ਅੰਦੇਸ੍ਹਿ ਜਿਵੈ ਦਰਵਸਫ ਸ੍ਹਖਸਤਹ ਜਿਪੈ ਈਹ ਮਹਿਆਲੰਮ ਜਿਸਰੇਤਾਬ ਸੁਰੀਆ ਹਮਹਿਹੈ ਗੁੰਗ ਬਵਸਫ ਹਮਹਿ ਹੈਲਾਲ ਜਿਹੈਰਾਨੀ ਹੈਰਤ ਜਿਦਹ ਦਰ ਸੁੰਨਅਤ ਆਸਾਨੀ ਇਫਲਾਕ ਚੁ ਅਜ ਅਰਸ੍ਹਚ ਅਜਕੁਰਸ ਚੁ ਅਜ ਆਬ ਚੁਅਜ ਖਾਕ ਸਭੈ ਚਿਤਰ ਹੈ ਦੁਰਜਨ ਸਭ ਮਿਤ੍ਰ ਕਈ ਦਾਨ ਮੁਨੀਸਰ ਕਈ ਦੇਵ ਰਿਖੀਸਰ ਕਈ ਧੂਤ ਕਈ ਊਤ ਕਈ ਮਛ ਕਈ ਕਛ ਪਉਨ ਕਈ ਗਗਨ ਕਈ ਚਿਤ੍ਰ ਕਈ ਸੂੰਨ ਕਈ ਮਨੰਤ੍ਰ ਕਈ ਧਨੰਤ੍ਰ ਕਈ ਥਾਟ ਕਈ ਥਟ ਕਈ ਲੀਲਾ ਕਈ ਨਟ ਜੀਆ ਜੂਨ ਸੋ ਜਗ ਫੇਰ ਕੇ ਸੰਸਾਰ ਸਵਾਰਿਆ ॥ ੬ ॥

ਤਿਸਕਾ ਬੀਚਾਰ.--ਅੰਮ੍ਰਿਤ ਵੇਲੇ ਨਿਮਾਣਾ ਮਨ ਕਰ ਜੋ ਜਾਗਦੇ ਹਨ ਅਰ ਆਜਤੀਆਂ ਕਰਕੇ ਮਹਾਰਾਜ ਦੀ ਉਸਤਤ ਕਰਦੇ ਹਨ ॥ ਅਰ ਵਿਚਾਰ ਦਾ ਦੁਆਰਾ ਖੋਲਦੇ ਹਨ ਅਰ ਮਹਾਰਾਜ ਵਲ ਧਿਆਨ ਲਾਂਵਦੇ ਹਨ ਅਰ ਮਸਤਕ ਆਸਾ ਦਾ ਘਸਾਂਵਦੇ ਹਨ ਅਰ ਨਾਮ ਦੀ ਉਸਤਤ ਵਲ ਆਂਵਦੇ ਹਨ ਅਰ ਅੰਮ੍ਰਿਤ ਵੇਲੇ ਦਾ ਜੋ ਭੋਜਨ ਹੈ ਸੋ ਜਾਮਨ ਹੈ ਪਰਮੇਸਰ ਦੇ ਪਾਵਣ ਦਾ ਅਗੇ ਸਾਧਾ ਏਹੋ ਰਖਿਆ ਹੈ ਜੋ ਪਰਮੇਸਰ ਇਕ ਹੈ ਅਰ ਉਸਤਤ ਕਰਨੈ ਜੋਗ ਹੈ ਅਰ ਪਵਿਤ੍ਰ ਹੈ ਅਰ ਬੇ ਚਿਹਨ ਹੈ

ਅਰ ਉਪਾਧਾਤੇ ਰਹਤ ਹੈ ਅਰ ਸਭਸ ਵਿਚ ਗੁਪਤ ਪਰਗਟ ਓਹੀ ਹੈ ਅਰ ਓਹ ਸਰੀਰਾਂ ਦੀ ਨਿਆਈ ਭੀ ਨਹੀਂ ਤੇ ਜਵਾਹਰਾਂ ਦੀ ਨਿਆਈ ਭੀ ਨਹੀਂ ਅਰ ਮਨ ਤੇ ਬੁਧ ਦੀ ਨਿਆਈ ਭੀ ਨਹੀਂ ਅਰ ਸਭਨਾਂ ਨੂੰ ਸਤਾ ਦੇ ਰਹਿਆ ਹੈ ਅਰ ਉਸਦੇ ਮਾਨਿੰਦ ਭੀ ਕੋਈ ਨਹੀਂ ਅਰ ਕਿਸੇ ਦਾ ਉਸਪਾਸ ਹਥ ਭੀ ਨਹੀਂ ਪਹੁਚਦਾ ਅਰ ਆਪਣੇ ਸੁਆਸਾਂ ਦੇ ਨਾਲ ਭਜਨ ਕਰੇ ਜਿਉਕਰ ਕਖ ਜਾਂ ਤ੍ਰਿਣ ਜੋ ਹੈ ਸੋ ਜਲ ਵਿਚ ਜਾ ਪਾਉਂਦਾ ਹੈ ਅਰ ਗਲ ਕੇ ਜਲ ਰੂਪ ਹੋ ਜਾਂਦਾ ਹੈ ਤੈਸੇ ਮਹਾਰਾਜ ਦੀ ਸਿਫਤ ਦੀ ਜਿਸਨੂੰ ਤ੍ਰਿਸਨਾ ਹੋਂਦੀ ਹੈ ਸੋ ਮਹਾਰਾਜ ਦੇ ਨਾਮ ਦੇ ਅਭਿਆਸਕਰ ਆਤਮ ਰੂਪ ਨੂੰ ਪ੍ਰਾਪਤ ਹੋਂਦਾ ਹੈ ਅਰ ਵਾਹਗੁਰੂ ਸਭਸੇ ਦਾ ਮਾਲਕ ਹੈ ਅਰ ਪਵਿਤ੍ਰ ਹੈ ਅਰ ਸਭਸੇ ਦੇ ਰਿਦੇ ਦੀ ਜਾਣਦਾ ਹੈ ਅਰ ਆਪਣੇ ਜਗਿਆਸੀਆਂ ਦਾ ਔਖਦ ਕਰਦਾ ਹੈ ਅਰ ਕਿਰਪਾ ਕਰਦਾ ਹੈ ਅਤੇ ਰੋਗਾਂ ਦੇ ਕਟਣ ਵਾਲਾ ਹੈ ਅਰ ਸਭਸ ਨੂੰ ਵੇਖਣ ਵਾਲਾ ਹੈ ਅਰ ਕੁਦਰਤ ਦੇ ਕਰਨ ਵਾਲਾ ਹੈ ਤੇ ਬਡਾ ਬਖਸਿੰਦ ਹੈ ਤਾਂਤੇ ਉਸਦਾ ਸੁਕਰ ਕਰੀਏ ਅਰ ਕੁਦਰਤ ਝੂਠ ਹੈ ਆਪ ਇਸਥਿਤ ਹੈ ਅਰ ਓਹ ਧੰਨ ਹੈ ਜਿਸ ਉਤਪਤ ਕੀਤਾ ਹੈ ਸਾਰੀਆਂ ਪ੍ਰਿਥੀਆਂ ਨੂੰ ਅਰ ਨਜਰ ਵਿਚ ਰਖਦਾ ਹੈ ਜਹਾਨ ਨੂੰ ਸੋ ਉਸਦੀ ਸਿਫਤ ਕਰ ਜਬਾਨ ਥਕ ਪਉਂਦੀ ਹੈ ਅਰ ਜਬਾਨ ਉਸਦੀ ਸਿਫਤ ਨੂੰ ਨਹੀਂ ਪਹੁਚਤੀ ਅਰ ਨਾ ਉਸਦੀ ਕਥਾ ਕਹੀ ਜਾਂਦੀ ਹੈ ਅਰ ਨਾ ਨਿਸਾਨੀ ਕਹੀ ਜਾਂਦੀ ਹੈ ਅਰ ਮਨ ਉਸਦੀ ਖਬਰ ਨੂੰ ਨਹੀਂ ਪਹੁੰਚ ਸਕਦਾ ਅਰ ਉਸਦਾ ਵੀਚਾਰ ਭੀ ਨਹੀਂ ਕਰ ਸਕਦਾ ਅਰ ਬੁਧ ਭੀ ਉਸਦੇ ਸਮਝਣ ਥੀ ਆਜਜ ਹੈ ਅਰ ਏਹ ਜੋ ਅਕਾਸਾਂ ਤੇ ਪਾਤਾਲਾਂ ਤੀਕਰ ਬ੍ਰਹਮੰਡ ਹੈ ਸੋ ਕੋਈ ਉਸਦੀ ਸਿਫਤ ਨਹੀਂ ਕਰ ਸਕਦਾ ਅਰ ਸਭ ਉਸਦੀ ਕਾਰੀਗਰੀ ਵਿਚ ਹੈਰਾਨ ਹੋ ਗਏ ਹੈਨ ਜੋ ਗੰਦੇ ਪਾਣੀ ਥੀ ਕੇਹੇ ਜੀਵ ਸੁੰਦਰ ਬਣਾਉਂਦਾ ਹੈ ਅਰ ਅਕਾਸ ਕਿਉਂ ਕਰ ਖਲਾ ਕੀਤਾ ਹੈਸੁ ਅਰ ਅਕਾਸ ਦੇ ਉਪਰ ਅਰਸ ਤੇ ਉਰਸ ਕੇਹੇ ਰਚੇ ਹੈਨ ਅਰ ਜਲਾਂ ਵਿਚ ਪ੍ਰਿਥਵੀ ਕਿਸ ਤਰਾਂ ਠਹਰਾਈ ਹੈ ਅਰ ਸਭੇ ਮਿਟੀ ਦੇ ਚਿਤ੍ਰ ਬਣੇ ਹੋਏ ਹੈਂ ਅਰ ਕਈ ਦੁਰਜਨ ਕਈ ਮਿਤ੍ਰ ਅਰ ਕਈ ਦਾਨੋ ਕਈ ਮੁਨੀਸਰ ਕੀਤੇ ਅਰ ਕਈ ਦੇਵਤੇ ਕਈ ਰਖੀਸਰ ਕੀਤੇ ਹਨ ਅਰ ਕਈ ਅਉਧੂਤ ਕਈ ਗ੍ਰਿਸਤੀ ਕਈ ਮਛ ਕਈ ਕਛ ਕਈ ਪਾਉਣ ਕਈ ਗਗਨ ਕਈ ਗੁਪਤ ਕਈ ਪਰਗਟ ਕਈ ਮਨੰਤ੍ਰ ਕਈ ਧਨੰਤ੍ਰ ਕਈ ਥਾਟ ਕਈ ਥਟ ਕਈ ਲੀਲਾ ਕਈ ਨਟ ਇਤਨੇ ਜੀਆਂ ਦਾ ਜਗਤ ਸਵਾਰਿਆ ਹੈ ॥ ੬ ॥

ਬਹਿਰ ਸਤਵਾਂ ਏਕਰੀਮਾ ਗੁਨਹ ਆਮੁਰਜ ਖੁਦਾਇਆ ਮਲਕਾ ਬਾਦਸਾਹਾ ਬੀਂਸੂਏ ਹਾਲਿਮ ਨੇ ਸੈਆ ਬਜੁਜ ਜੁਰਮ ਗੁਨਾਹਾ ਦਿਗਰ ਮਿਨੇਸਤਬਦਾਂ ਮਾਂ ਅਬਰੇ

ਫੈਜ ਬੁਬਾਰਾਂ ਕਤਰਾਤੇਨਮ ਅਹਿਸਾਇਜ ਨਾ ਇਤ ਬਫਿਸਾਂ ਮੇਵੇਇ ਨਿਆਮਖੁਰਾ ਅਜ ਕਰਮੇ ਖੇਸ ਬਜੁਜ ਜੋਰ ਜਫਾ ਨੇਸਤ ਦਿਗਰ ਕਾਰ ਮਰਾਈਂ ਹਮਹਿ ਆਫਾਤ ਬਲ ਅਜ ਇਲਮੋ ਦਰਦ ਇਨਾ ਜਾਂ ਕਿ ਤੁਈ ਸਾਹਿ ਬਸਤਾਰ ਗੁਨਹ ਬਖਸ ਅਤਾ ਪੋਸ ਜਸੇ ਅਕਲ ਜਹੇ ਹੋਸ ਜਹੇ ਕਾਮਦਰ ਆਗੋਸ ਗਹੇ ਇਮਸਥ ਗਹੇ ਦੋਸ ਬਫਰਮਾਨ ਅਤੀਆਤ ਖੁਦਾਏ ਬਾਦਸਾਹੇ ਬਾਦਸਾਹਾਂ ਕੀਨ ਅਜਬ ਥਟ ਉਆਂਉਸੀਰਟ ਉਸੀ ਸ੍ਰਿਸਟ ਉਪਾਈ ਜੁ ਜੀਆਂ ਜੂਨ ਬਣਾਈ ਜਗਮੰਦਰ ਜੋ ਸਵਾਰਾ ਜੁ ਕੀਆ ਆਪ ਪਸਾਰਾ ਪਚ ਪਚ ਲੋਕ ਜੁਹਾਰਾ ਨਾ ਕਿਸੀ ਪਾਇਆ ਕਨਾਰਾ ਨਾ ਕੋਈ ਪੈਰਨਹਾਰਾ ਰਹੇ ਵਹੀ ਅ·ਪ ਨਿਗਰਾ ਨ ਸੋ ਧਰਤੀ ਨ ਅਕਾਸਾ ਨ ਸੋ ਭੂਖਾ ਨ ਪਿਆਸਾ ਉਸੀ ਕਾ ਪ੍ਰੇਮ ਹੁਲਾਸਾ ਦੇਖੌਂ ਉਸ ਭਾਂਤ ਬਨਾਵਾ ਜੋ ਕਹੂੰ ਪੁਨਨ ਪਾਵਾ ਕਿ ਨਦੀਦਮ ਕਸੇ ਬਲਨ ਸੁਨੀਦਮ ਕਿ ਕਸੇ ਮਹਿਰਮ ਦਰੀਆ ਸੁਦਹਬਾਸਦ ਨਫਸੇ ਬਿਲਕੁਲ ਸਮਾਸਵਦ ਅਜ ਮਹਿਰਮ ਖਾਂਨਹ ਚਿਅਜ ਯਾਰ ਚਿਬੇਗਾਨਹ ਚਿ ਦੀਵਾਨਹ ਚਿ ਫੁਰਜਾਨਹ ਕਸੇ ਮਹਿਰਮ ਈਖਾਂਨਹ ਹਮਹਿਮਾਂਦ ਪਰੇਸਾਂ ਹਮਹਿ ਹੈਰਾਂ ਹਮਹਿ ਜੋਗੀ ਹਮਹਿ ਭੋਗੀ ਨ ਬੈਰਾਗੀ ਨ ਬਿਓਗੀ ਨ ਤਿਆਗੀ ਨ ਸੰਜੋਗੀ ॥ ਨ ਤਪੀਸਰ ਨ ਰਖੀਸਰ ਨ ਦਿਗੰਬਰ ਨ ਮੁਨੀਸਰ ਕਸੇ ਜਗ ਸਮਾਇਆ ਬਪਿਨਹਾਂ ਮਾਂਦ ਜਿ ਪੈਦਾਈ ਬੇਦਾਰ ਕਿਰਾਚਸਮ ਕਿ ਤਾਯਾਰ ਬੁਬੀਨਦ ਹਮਹ ਅਗ੍ਯਾਰ ਮਗਨੂਰ ਜਿਅਨਵਾਰ ਮਗਰ ਤੌਰਜ੍ਹਿ ਅਤਵਾਰ ਵਗਰਨਹ ਬਕਿਆਂ ਬਾਰ ਕਿ ਦੁਬੀਨਦ ਰੁਖ ਦਿਲਦਾਰ ॥ ਦਰੀਦਾਰ ਦਰਾਦਾਰ ਕਈ ਭਗਤ ਕਈ ਸਕਤ ਕਈ ਪ੍ਰੇਮ ਨੇਮ ਚੁਦੇਖਾ ਅਖੀਆਰਹੇ ਵਹੀ ਆਪੁਨਿਆਰਾ ॥ ੭ ॥

ਤਿਸਦਾ ਬੀਚਾਰ :--ਏ ਕਰਮ ਕਰਨ ਵਾਲੇ ਤੇ ਗੁਨਾਹਾਂ ਦੇ ਬਖਸਣ ਵਾਲੇ ਤੂੰ ਦੇਵਤਾ ਹੈਂ ਅਰ ਬਾਦਸਾਹ ਹੈਂ ਦੇਖ ਹਾਲ ਮੇਰਾ ਜੁ ਮੈਂ ਪਰੇਸਾਨ ਹਾਂ ਅਰ ਬਿਨਾਂ ਪਾਪਾਂ ਦੇ ਹੋਰ ਨਹੀਂ ਮੇਰੀ ਝੋਲੀ ਵਿਚ ਅਤੇ ਅੰਮ੍ਰਤ ਵਰਖਾ ਕਰ ਆਪਣੇ ਵਚਨਾਂ ਦੀ ਅਰ ਬੂੰਦਾਂ ਜੋ ਕਿਰਪਾ ਦੀਆਂ ਹਨ ਮਿਹਰ ਕਰਕੇ ਵਰਖਾਉ ॥ ਅਤੇ ਮੇਵਾ ਜੋ ਸਬਦ ਦਾ ਹੈ ਸੋ ਖਵਾਉ ਅਤੇ ਕਿਰਪਾ ਕਰ ਕਜੋ ਜੋ ਮੇਰਾ ਕੰਮ ਪਾਪਾਂ ਥੀ ਬਿਨਾਂ ਨਹੀਂ ਏਹ ਸਭੇ ਬਲਾਂਈ ਵਿਕਾਰਾਂ ਦੀਆਂ ਵਿਦਿਆ ਦੇਕਰ ਦੁਖ ਦੂਰ ਕਰ ਕਜੋਂਕਿ ਤੂੰ ਬਖਸਿੰਦ ਹੈਂ ਅਰ ਗੁਨਾਹਾਂ ਨੂੰ ਬਖਸ ਕੇ ਤੇ ਦਾਤ ਦੇਕੇ ਭਗਤਾਂ ਦਾ ਪੜਦਾ ਢਕਨਾਂ ਹੈਂ ਅਰ ਧੰਨ ਏਹ ਬੁਧ ਹੈ ਅਰ ਧੰਨ ਓਹ ਹੈਨ ਜਿਨਾਂ ਪਰੋਜਨ ਨਾਮ ਦਾ ਪਾਇਆ ਹੈ ਕਦੇ ਅਜਹੀ ਭਲਕ ਦਾ ਕਰਦੇ ਹਨ ਅਰ ਹੁਕਮ ਮਿਠਾ ਕਰ ਮੰਨਦੇ ਹਨ ਅਰ ਬਾਦਸਾਹਾਂ ਦਾ ਬਾਦਸਾਹੁ ਹੈ ਜਿਸ ਅਸਚਰਜ ਠਾਟ ਬਣਾਇਆ ਹੈ

ਜਗਦ ਦਾ ਸੋ ਉਸੇ ਦੇ ਓਅੰਕਾਰ ਨੂੰ ਉਚਾਰ ਕਰੋ ਅਰ ਉਸੇ ਸ੍ਰਿਸਟ ਉਪਾਈ ਹੈ ॥ ਅਰ ਜੀਅ ਜੂਨ ਪਰਗਟ ਕੀਤੀ ਹੈਸ ਅਰ ਜਗਤ ਦਾ ਮੰਦਰ ਬਣਾਇਆ ਹੈਸੁ ਸੋ ਆਪ ਪਸਾਰਾ ਕੀਤਾ ਹੈਸੁ ਅਰ ਲੋਕ ਪਚ ਪਚ ਮਰਦਾ ਹੈ ਪਰ ਉਸਦਾ ਕਿਨਾਰਾ ਨਹੀਂ ਪਾਇਆ ਜਾਂਦਾ ਅਰ ਕੋਈ ਅਗਿਆਨ ਦੇ ਸਮੁੰਦਰ ਥੀ ਤਰ ਨਹੀਂ ਸਕਦਾ ਇਸੇ ਵਾਸਤੇ ਓਹ ਨਿਆਰਾ ਰਹਿੰਦਾ ਹੈ ਅਰ ਓਹ ਧਰਤੀ ਅਕਾਸ ਥੀ ਨਿਆਰਾ ਹੈ ਅਰ ਉਸਨੂੰ ਭੁਖ ਪਿਆਸ ਭੀ ਨਹੀਂ ਜਿਸਨੋ ਉਸੀ ਦੇ ਪ੍ਰੇਮ ਦਾ ਹੁਲਾਸ ਹੈ ਦੇਖੋ ਉਸ ਭਾਂਤ ਬਣਾਈ ਹੈ ਜੁ ਕਿਸੇ ਪੁੰਨ ਕਰ ਨਹੀਂ ਪਾਈਤਾ ਅਰ ਨਹੀਂ ਕਿਸੇ ਦੇਖਿਆ ਜੁ ਮਾਇਆ ਦੇ ਸਮੁੰਦਰ ਦਾ ਪਾਰਾ ਪਾਇਆ ਹੋਵੇ ਸਮਾਜੁ ਸਤਿਗੁਰਾਂ ਦੇ ਜੋ ਵਾਕ ਹਨ ਉਨਾਂ ਬਿਨਾ ਮਹਰਮ ਘਰ ਦਾ ਕੋਈ ਨਹੀਂ ਹੋਂਦਾ ਕੀ ਯਾਰ ਤੇ ਕੀ ਬੇਗਾਨਾ ਕੀ ਦਿਵਾਨਾ ਤੇ ਕੀ ਸਿਆਣਾ ਕੀ ਗੁਰਾਂ ਥੀਂ ਬਿਨਾਂ ਸਭ ਪਸੇਮਾਨ ਹੋਂਦੇ ਹਨ ਅਰ ਹੈਰਾਨ ਹਨ ਅਰ ਜੋਗੀ ਭੀ ਤੇ ਭੋਗੀ ਭੀ ਅਰ ਬੈਰਾਗੀ ਬਿਓਗੀ ਅਰ ਤਿਆਗੀ ਸੰਜੋਗੀ ਅਰ ਤਪੀਸਰ ਰਖੀਸਰ ਅਰ ਦਿਗੰਬਰ ਮੁਨੀਸਰ ਸਭਨਾਂ ਥੀਂ ਗੁਪਤ ਰਹਿਆ ਹੈ ਪਰ ਜਿਸਦੇ ਗਿਆਨ ਦੇ ਨੇਤਰ ਖੁਲਦੇ ਹਨ ਸੋ ਦੇਖਦਾ ਹੈ ਅਰ ਜੋ ਦੂਜਾ ਭਾਉ ਭਾਸਦਾ ਹੈ ਸੋ ਭੀ ਵਾਹਗੁਰੂ ਦਾ ਸਰੂਪ ਹੈ ਅਰ ਉਸੇ ਦੇ ਪ੍ਰਕਾਸ ਕਰ ਸਭ ਪ੍ਰਕਾਸ ਹੋਇਆ ਹੈ ਪਰ ਗੁਰਾਂ ਥੀਂ ਬਿਨਾਂ ਕਿਸਦੀ ਸਕਤਿ ਹੈ ਜੋ ਪਰਮਾਤਮਾਂ ਨੂੰ ਦੇਖੈ ਅਰ ਇਸ ਲੋਕ ਵਿਚ ਭੀ ਤੇ ਪਰਲੋਕ ਵਿਚ ਭੀ ਕਈ ਭਗਤ ਹੋਏ ਹਨ ਅਰ ਕਈ ਸਕਤਵਾਨ ਹੋਏਹਨ ਕਈ ਪ੍ਰੇਮੀ ਅਰ ਕਈ ਨੇਮੀ ਹੋਏ ਪਰ ਓਹ ਗੁਰਾਂ ਦੇ ਦਿਖਾਏ ਬਿਨਾ ਨਿਆਰਾ ਰਹਿੰਦਾ ਹੈ ॥੭॥

ਬਹਿਰ ਅਠਵਾਂ:--ਏ ਕਰੀਮਾਂ ਮਨ ਅਗਰ ਦੂਰ ਤਰਮ ਦੂਰਨਸਾਜੀ ਜਿਦਰਮ ਗਰਚਿ ਜਿ ਤੋ ਬੇਖਬਰਮ ਲੋਕ ਬਸੌਕੇ ਤੁਪਰੰਮ ਕੰਮਖਿਰਦੋ ਬੇਹੁਨਰਮ ਕਾਨਿਆਹਰ ਖੁਸਕ ਕਰਮ ਅਜ ਤੋ ਬਾਕੀ ਸਤ ਕਰਮ ਏਸਹੇ ਖਲਾਕ ਖੁਦਾਵੰਦ ਸਮਾਵਾਤ ਤੇਰਾ ਇਸਕ ਤੇਰੀ ਬਾਤ ਤੇਰੇ ਪ੍ਰੇਮ ਕੀ ਬਰਾਤ ਸਗਲ ਤੀਨ ਲੋਕ ਖਾਤ ਮੁਝੇ ਕਰੁ ਮਇਆ ਭਲੀਭਾਤ ਤੇਰੇ ਬਾਗਤੇ ਬਲਜਾਤ ਨਾਮੁਝਪਾਂਚ ਨਾਮੁਝਸਾਂਤ ਵਹੀ ਇਸਕ ਕੀ ਬਰਾਤ ਨਿਰੰਕਾਰ ਪੁਕਾਰਾ ॥ ਤਿਸਕਾ ਬੀਚਾਰ:--ਏ ਕਰਮ ਕਰਨ ਵਾਲੇ ਮੈਂ ਜੇ ਅਗਿਆਨ ਕਰ ਤੇਥੀਂ ਦੂਰ ਹਾਂ ਤੂੰ ਮੈਨੂੰ ਦੂਰ ਨ ਕਰੇ ਅਰ ਆਪਣੇ ਦੁਆਰੇ ਦਾ ਗਿਆਨ ਦੇਵੈਂ ਅਰ ਜੇਕਰ ਮੈਂ ਤੇਰੇ ਵਚਨਾਂ ਦੀ ਸੋਝੀ ਥੀ ਬੇਖਬਰ ਹਾਂ ॥ ਪਰ ਤੇਰੇ ਸੌਕ ਨਾਲ ਉਡਦਾ ਹਾਂ ਅਰ ਅਕਲ ਤੇ ਬੇਹੁਨਰ ਹਾਂ ਸੰਤੋਖੀ ਹਾਂ ਜੋ ਦੁਖ ਸੁਖ ਹੋਵੈ ਤੇਰੀ ਦਾਤ ਨੂੰ ਬਾਕੀ ਜਾਣਦਾ ਹਾਂ ਅਰ ਤੂੰ ਬਾਦਸਾਹ ਸਾਰੀ ਸ੍ਰਿਸਟ ਦਾ ਹੈਂ ਅਰ ਤੇਰਾ ਇਸਕ ਹੈ ਅਰ ਤੇਰੀ ਹੀ ਬਾਤ ਹੈ ਅਰ ਤੇਰੇ ਪ੍ਰੇਮ ਦੀ ਬਰਾਤ ਹੈ ਸੋ ਤੀਨ ਲੋਕ ਖਾਵਦਾ ਹੈ ਅਰ

ਮੇਰੇ ਉਪਰ ਮਇਆ ਕਰ ਭਲੀ ਪ੍ਰਕਾਰ ਅਰ ਤੇਰੇ ਬਾਗ ਜੋ ਸਾਧਸੰਗਤ ਹੈ ਤਿਸਥੀਂ ਮੈਂ ਬਲਿਹਾਰੇ ਜਾਂਵਦਾ ਹਾਂ ਹੋਰ ਮੈਂ ਕੁਝ ਨਹੀਂ ਜਾਣਦਾ ਵਹੀ ਤੇਰੇ ਪ੍ਰੇਮ ਦੀ ਬਰਾਤ ਨਿਰੰਕਾਰ ਮੈਂ ਮੰਗਦਾ ਹਾਂ ॥ ੮ ॥

ਬਹਿਰ ਨੌਵਾਂ:--ਸਭ ਸ੍ਰਿਸਟ ਤੇ ਨਿਆਰਾ ਤੂੰ ਸਾਹ ਤੂੰ ਵਣਜਾਰਾ ਬਹੁ ਦਰਸਾ ਬਹੁ ਪਰਸਾ ਬਹੁ ਸਰਸਾ ਬਹੁ ਨਰਸਾ ਬਹੁ ਮੀਤਾ ਬਹੁ ਹੀਤਾ ਪ੍ਰਤੀਤਾ ਸਕਤੀਤਾ ਆਦੇਸਾ ਆਤੀਤਾ ਤੂੰ ਕਰਤਾ ਤੂੰ ਕੀਤਾ ਅਜ ਵਸਫ ਹਮਹਿ ਪਾਕਾ ਬੇਕੈਦਾ ਬੇਬਾਕਾ ਗੰਮਸਿਤੁਮੁ ਤੂ ਤਰੀਆਕਾ ਤੂੰ ਸੀਤਾ ਤੂੰ ਲੰਕਾ ਤੂੰ ਗੰਗਾ ਤੂੰ ਜਮਨਾ ਤੂੰ ਭਇਆ ਤੂੰ ਭਾਂਤਾ ਤੂੰ ਭੁਖਾ ਤੂ ਸਾਂਤਾ ਮਾਬੂਦਾ ਮਸਹੂਦਾ ਮਕਸੂਦਾ ਰਜਾਕਾ ਰਬਾਨਾ ਬੁਰਹਾਨਾ ਫੁਰਕਾਨਾ ਯਜਦਾਨਾ ਤੂੰ ਦੀਨਾ ਕੁਰਆਂਨਾ ਤੂੰ ਵੇਦਾ ਪੁਰਆਨਾ ਤੂੰ ਰਾਜਾ ਤੂੰ ਰਾਨਾ ਤੂੰ ਠਾਕੁਰ ਹਿੰਦੂਆਂਨਾ ਸਭ ਦੇਸ ਮੈਂ ਤੂੰ ਰੂੜਾ ਤੂੰ ਸਾਚਾ ਜਗ ਕੂੜਾ ਤੂੰ ਪਾਇਲ ਤੂੰ ਪੀਲਾ ਤੂੰ ਸੰਕਰ ਤੂੰ ਸੀਤਲਾ ਤੂੰ ਜਲਥਲ ਤੂੰ ਮੰਗਲਾ ਤੂੰ ਹਸਤੀ ਤੂੰ ਸੰਗਲਾ ਤੂੰ ਨੰਦਾ ਤੂੰ ਕਾਨਾ ਤੂੰ ਸਾਹਿਬ ਸੁਲਤਾਨਾ ਯਹਿ ਲੋਕ ਜੋ ਬਉਰਾਨਾ ਤੁਝ ਏਕ ਕੋ ਦੋ ਜਾਨਾ ਤੂੰ ਰੁਪਾ ਤੂੰ ਮਾਇਆ ਤੂੰ ਭੂਲਾ ਤੂੰ ਪਇਆ ਤੂੰ ਆਇਆ ਤੂੰ ਧਿਆਇਆ ਇਹ ਖੇਲ ਤੈਂ ਬਨਾਇਆ ਹਮਗੀ ਫੈਜ ਫਿਸਾਇਆ ਤੁਧਹੀ ਤੋਫਾ ਹਿਦਾਇਆ ਹਮਾ ਅਜ ਲੁਤਫ ਖੁਦਾਇਆ ਮਨ ਪਾਪੀ ਅਤ ਕ੍ਰੋਧੀ ਅਤ ਕੁਸਟੀ ਅਤ ਲੋਭੀ ਅਤ ਮੋਹੀ ਹੰਕਾਰੀ ਜੰਜਾਰੀ ਤਨ ਪਰਵਾਰਾ ਖਿਰਸੋਖਰ ਮਾਮੂਰਹ ਵਸਮਹਿ ਕੂ ਮਹਵਾਰਾ ॥ ੯ ॥

ਤਿਸਕਾ ਬੀਚਾਰ:--ਸਾਰੀ ਸ੍ਰਿਸਟ ਤੇ ਨਿਆਰਾ ਭੀ ਤੂੰ ਹੈਂ ਅਰ ਸਾਹ ਭੀ ਤੂੰ ਹੈਂ ਤੇ ਵਣਜਾਰਾ ਭੀ ਤੂੰ ਹੈਂ ਅਰ ਬਹੁਤਿਆਂ ਤੋਂ ਦਰਸਨਾਂ ਵਿਚ ਭੀ ਹੈਂ ਅਰ ਬਹੁਤਿਆਂ ਦੇ ਪਰਸਨ ਵਾਲਾ ਭੀ ਹੈਂ ਅਰ ਬਹੁਤਿਆਂ ਤੋਂ ਸਰਸ ਹੈਂ ਅਰ ਬਹੁਤਿਆਂ ਨਰਾਂ ਵਿਚ ਭੀ ਹੈਂ ਅਰ ਜੋ ਤੇਰੇ ਨਾਲ ਹਿਤ ਕਰਦੇ ਹਨ ਸੋ ਤੂੰ ਭੀ ਮਿਤ੍ਰਾਈ ਕਰਦਾ ਹੈਂ ਅਰ ਜੋ ਤੇਰੀ ਪ੍ਰਤੀਤ ਕਰਦੇ ਹਨ ਉਨਾਂ ਨੂੰ ਸਕਤ ਦੇਂਦਾ ਹੈਂ ਅਰ ਦੇਸ ਕਾਲ ਥੀ ਅਤੀਤ ਹੈਂ ਅਰ ਤੂੰ ਜਗਤ ਦਾ ਕਰਤਾ ਹੈਂ ਅਰ ਤੁਝੇ ਸਭ ਕੀਤਾ ਹੈ ਅਰ ਸਭਨਾਂ ਸਿਫਤਾਂ ਥੀ ਪਵਿਤਰ ਹੈਂ ਅਰ ਬੇਕੈਦਾ ਹੈਂ ਅਰ ਬਿਨਾ ਭੈ ਹੈਂ ਅਰ ਚਿੰਤਾ ਸਭਨਾਂ ਦੀ ਨਾਸ ਕਰਨ ਵਾਲਾ ਔਖਦ ਹੈਂ ਤੂੰ ਸੀਤਾ ਹੈਂ ਤੂੰ ਲੰਕਾ ਹੈਂ ਅਰ ਤੂੰ ਗੰਗਾ ਹੈਂ ਤੂੰ ਜਮਨਾ ਹੈਂ ਅਰ ਹੋਇਆ ਭੀ ਤੂ ਹੈਂ ਅਰ ਹੋਵਹਿਗਾ ਭੀ ਤੂੰ ਅਰ ਭੁਖਿਆਂ ਵਿਚ ਭੀ ਤੂੰ ਹੈਂ ਅਰ ਰਾਜਿਆਂ ਵਿਚ ਭੀ ਤੂੰਹੈਂ ਅਰ ਭਜਨ ਵਾਲਿਆਂ ਵਿਚ ਭੀ ਤੂ ਹੈਂ ਅਤੇ ਸਾਹਦਾਂ ਵਿਚ ਭੀ ਤੂੰ ਹੈਂ ਅਰ ਸਭਸ ਦਾ ਮਕਸੂਦ ਭੀ ਕਰਨਾ ਹੈਂ ਅਰ ਰਿਜਕ ਭੀ ਪਹੁਚਾਵਨਾ ਹੈਂ ਅਰ ਸਬਸ ਦਾ

ਰਬ ਹੈਂ ਸਭਸ ਦਾ ਛੁਡਾਵਣ ਵਾਲਾ ਹੈਂ ਅਰ ਫੁਰਕਾਨ ਭੀ ਤੂ ਹੈਂ ਕੀਤਾ ਹੈ ਅਰ ਤੂੰ ਸਾਹਿਬ ਹੈ ਅਰ ਦੀਨ ਕੁਰਾਨ ਭੀ ਤੂ ਹੈਂ ਅਰ ਵੇਦ ਪੁਰਾਨ ਭੀ ਤੂ ਹੈਂ ਅਰ ਰਾਜਾ ਭੀ ਤੂਹੇ ਹੈਂ ਅਰ ਰਾਣਾ ਭੀ ਤੂਹੇ ਹੈਂ ਅਰ ਹਿੰਦੂਆਂ ਦਾ ਠਾਕਰ ਭੀ ਤੂਹੇ ਹੈਂ ਅਰ ਸਭਨਾਂ ਦੇਸਾਂ ਵਿਚ ਸੁੰਦਰ ਹੈਂ ਅਰ ਤੂ ਸਚਾ ਹੈਂ ਜਗਤ ਝੂਠਾ ਹੈ ਅਰ ਸਾਵਾ ਭੀ ਤੂੰ ਹੈਂ ਅਰ ਪੀਲਾ ਭੀ ਤੂਹੇ ਹੈਂ ਅਰ ਸੰਕਰ ਭੀ ਤੂਹੇ ਹੈਂ ਅਰ ਸੀਤਲਾ ਭੀ ਤੂਹੇ ਹੈਂ ਅਰ ਜਲ ਥਲ ਭੀ ਤੂਹੇ ਹੈਂ ਤੇ ਮੰਗਲਾ ਭੀ ਤੂਹੇ ਹੈਂ ਅਰ ਹਾਥੀ ਭੀ ਤੂੰ ਹੈਂ ਸੰਗਲ ਭੀ ਤੂ ਹੈਂ ਅਰ ਨੰਦ ਭੀ ਤੂ ਹੈਂ ਤੇ ਕਾਨ ਭੀ ਤੂ ਹੈਂ ਅਰ ਸਾਹਿਬ ਪਾਤਸਾਹਾਂ ਦਾ ਭੀ ਤੂ ਹੈਂ ਅਰ ਏਹ ਲੋਕ ਜੋ ਬਾਵਰੇ ਹਨ ਸੋ ਤੁਧ ਇਕ ਨੂੰ ਬਹੁਤੇ ਜਾਣਦੇ ਹਨ ਅਰ ਮਾਇਆ ਕਰਕੇ ਜਗਤ ਨੂੰ ਭੁਲਾਇਆ ਭੀ ਤੂੰ ਹੈ ਅਰ ਗਿਆਨ ਕਰਕੇ ਪ੍ਰਾਪਤ ਭੀ ਤੂ ਹੋਇਆ ਹੈਂ ਅਰ ਆਇਆ ਭੀ ਤੂੰ ਹੈਂ ਤੇ ਧਿਆਇਆ ਭੀ ਤੂ ਹੈਂ ਅਰ ਏਹ ਖੇਲ ਤੈਨੇ ਬਣਾਇਆ ਹੈ ਅਰ ਸਭਸ ਤੇ ਕਿਰਪਾ ਕੀਤੀ ਹਈ ਅਰ ਵੇਦਾਂ ਰੂਪੀ ਤੋਫਾ ਦਿਤਾ ਹੈ ਸੋ ਤੇਰੀ ਕਿਰਪਾ ਹੈ ਅਰ ਮੈਂ ਪਾਪੀ ਹਾਂ ਅਤੇ ਕੁਸਟੀ ਹਾਂ ਅਤ ਲੋਭੀ ਅਤ ਮੋਹੀ ਹੰਕਾਰੀ ਜੰਜਾਰੀ ਸਰੀਰ ਦੇ ਪਾਲਨ ਵਾਲਾ ਭਾਲਕਾਂ ਤੇ ਗਧਿਆਂ ਦੀ ਨਿਆਈ ਆਸਾ ਵਿਚ ਬਧਾ ਹੋਇਆ ਹਾਂ ਸੋ ਜੇ ਤੂੰ ਛਡਾਏਂ ਤਾਂ ਛੁਟਨਾਂ ਹਾਂ ॥ ੯ ॥


ਬਹਿਰ ਦਸਵਾਂ--ਬੁਕਸਾ ਬ ਸਰਵਬਿ ਨਿਗਰ ਚੂੰ ਸਾਖਤਹ ਜਿਨੈ ਸਕਰ ਅਜ ਕਤਰਾ ਕੁਨਦ ਗੋਹਰ ਵ ਜਖੂਨ ਕੁਨਦ ਅੰਬਰ ਪੈਦਾਨਿਸਰੋ ਮ੍ਰਿਹਤਰ ਮਿਹਤਰ ਕੁਨਦ ਕਿਹਤਰ ਮਾਮੂ ਐਕੁਨ ਦੋ ਅੰਬਰ ਹਿੰਮਤ ਚੂੰ ਨਹਦ ਦਰਸਰ ਵਸਫਸ ਹਮਗੀ ਖੁਸਤਰ ਗਰਚਿ ਬਵਦੋ ਅਫਸਰ ਅਜ ਹੁਕਮ ਖੁਦਾ ਯਕਸਰ ਚਿਅਸੂਦਹ ਚਿਅਬਯਹ ਚਿਅਮੁਗਾ ਚਿਅਬਰਜ ਹਮਨਾਫਹਮਉ ਫਿਰ ਬਗੁਰੇ ਜਦ ਅਜੋ ਲਸਕਰ ਗਰਚਿ ਬਵਦ ਓਵਾਫੁਰ ਬਾਖਾਹਸ ਬਾਖੰਜਰ ਦਾਨਿਸਤਹ ਜਿਹਮਹ ਬਰਤਰ ਦਿਲ ਬਸਤੈ ਓ ਬਸਤੈ ਓ ਰਸਤੈ ਓ ਬੰਦੇ ਬੀ ਨਿੰਦਹ ਓ ਦਾਨਸ ਦਾਨਿੰਦੈ ਓ ਖਾਸਤ ਗੁਜੀ ਨਿੰਦੈ ਮਿਹਰਬਾਨਾਂ ਇੰਤਜਾਦਾ ਮੁਲਜਤਾ ਮੁਹਤ ਸਮਾਂ ਉਜਰ ਪਜੀਰਾ ਬਦਿਲੋ ਅਕਲ ਮੁਨੀਰਾ ਹਮਦਾਨਾ ਹਮਬੀਨਾ ਹਮਗੀ ਐਸੁ ਗੁਜੀਨਾ ॥ ਬਿਸਨੌਹਾਲਤਈ ਚਰਖੇ ਨਿਗੂਸਾਜ ਨਿਗਰ ਗੁੰਬਜ ਦਵਾਰ ਨਹ ਗੁਲ ਬਲ ਕਿ ਹਮਹਿ ਖਾਰ ਨਾਓ ਯਾਰ ਨਅਗ੍ਯਾਰ ਅਜੋਸਦਮ ਮਯ ਖੂੰਮਾਰ ਬਗੰਮਖਾਰ ਕਿਗਮਖਾਰ ਗਹੇ ਨੂਰ ਗਹੇ ਨਾਰ ਗਹੇਤੀਰੈ ਅਤਵਾਰ ਤੇਰੀ ਆਸ ਤੇਰਾ ਮਾਨ ਦਿਆਲਵੰਤ ਮਿਹਰਬਾਨ ਨਾਮੁਝ ਕਿਰਤ ਨਮੁਝ ਢੰਗ ਨਮੁਝ ਰੂਪ ਨਮੁਝ ਰੰਗ ਤੇਰੀ ਮਿਹਰ ਸੋ ਮੁਝ ਸੰਗ ਨਮੁਝ ਗਤ ਨਮੁਝ ਮਤ ਨਮੁਝ ਸਮਝ ਨਮੁਝ ਪਤ ਸਗਲ ਤੀਨ ਲੋਕ ਕਲਾਲ

ਤੂਹੀਆਦ ਕਾ ਦਇਆਲ ਤੂਹੀ ਸਦਾ ਹੀ ਕ੍ਰਿਪਾਲ ਮੈ ਚੇਰੋ ਮੈਦਾਸ ਤੇਰੀ ਮਇਆ ਤੇਰੀ ਆਸ ਬਿਰਥਾ ਦੂਖ ਸਭ ਨਿਵਾਰ ਖਤਾ ਚੂਕਸਭਸਵਾਰ ਤੂਹੀ ਬਹੁ ਗੁਣ ਦਾਤਾਰ ਮੁਝੇ ਚੂਕਨ ਬਿਸੀਆਰ ਉਸੀ ਨਾਮ ਕਾ ਅਧਾਰ ਈਹਾਂ ਠਉਰ ਨਹੀਂ ਯਾਰ ਮਗਰ ਦੋ ਦਿਨ ਕੇ ਚਾਰ ਈਹਾਂ ਬਾਤ ਸਮਾਚਾਰ ਕਛ ਸਮਝ ਹੋ ਹੁਸੀਆਰ ਸਿਮਰ ਨਾਮ ਓਅੰਕਾਰ ਨਿਰੰਕਾਰ ਅਪਰ ਅਪਾਰ ਜਹਾਂਬਾਨ ਜਹਾਂਦਾਰ ਹੌਂ ਸਦਕੇ ਹੋਇਆ ਤੁਧਕੌ ਕੁਰਬਾਨ ਤੇਰੇ ਮੁਖ ਤੋਂ ਸਦਵਾਰ ਕੇ ਘੁਮਾਈ ਇਹੁ ਜੀਅ ਜਾਨ ਤਾਂਈਂ ਨਾਨਕ ਗਰੀਬ ਸਾਈ ਤੂੰ ਬਖਸ ਪੁਰਖਤਾਰ ॥ ੧੦ ॥

ਤਿਸਕਾ ਵੀਚਾਰ :--ਤੂੰ ਖੋਲ ਕਰ ਅਖੀਆਂ ਦੇਖ ਜੋ ਕਮਾਦ ਵਿਚ ਸਕਰ ਕਿਉਂ ਹੋਂਦੀ ਹੈ ਤੇ ਬੂੰਦ ਦਾ ਮੋਤੀ ਕਰਦਾ ਹੈਂ ਅਰ ਲੋਹੂ ਥੋਂ ਅੰਬਰ ਬਣਾਵਦਾ ਹੈ ਅਰ ਮੂਰਖਾਂ ਨੂੰ ਰਾਜ ਦੇਂਦਾ ਹੈ ਅਰ ਰਾਜਿਆਂ ਨੂੰ ਭਸਮ ਕਰਦਾ ਹੈ ਤੇ ਨਿਆਰਿਆਂ ਨੂੰ ਇਕਠਾ ਕਰਦਾ ਹੈ ਅਰ ਜਿਸਦੇ ਸਿਰ ਹਿੰਮਤ ਰਖਦਾ ਹੈ ਉਸਥੋਂ ਆਪਣੀ ਸਿਫਤ ਕਰਾਂਵਦਾ ਹੈ ਅਰ ਭਾਵੇਂ ਰਾਜਾ ਹੋਵੈ ਹੁਕਮ ਸਾਈਂ ਦਾ ਸਭ ਨੂੰ ਮਨਜ਼ੂਰ ਹੈ ਕਿ ਆਰਾਮ ਵਿਚ ਕੇ ਬੇ ਆਰਾਮ ਵਿਚ ਕੇ ਧਨੀ ਕੇ ਕੰਗਾਲ ਜਿਸਨੂੰ ਬੁਧ ਦੇਂਦਾ ਹੈ ਤੇ ਦਬਦਬਾ ਦੇਂਦਾ ਹੈ ਉਸਤੋਂ ਲਸਕਰ ਨਸ ਜਾਂਦਾ ਹੈ ਭਾਵੇ ਬਹੁਤਾ ਭੀ ਹੋਵੈ ॥ ਨਾਲ ਸਸਤ੍ਰਾ ਦੇ ਭੀ ਜੋ ਉਸਨੂੰ ਪਛਾਣਦਾ ਹੈ ਉਸਨੂੰ ਉਚਾ ਕਰਦਾ ਹੈ ਅਰ ਜੋ ਉਸ ਨਾਲ ਦਿਲ ਬੰਨਦਾ ਹੈ ਸੋ ਉਸਨੂੰ ਮੁਕਤ ਕਰਦਾ ਹੈ ਅਰ ਸਭਨਾਂ ਜੀਆਂ ਦਾ ਜਾਤਵਾ ਅਰ ਜੋ ਉਸਦੇ ਅਗੇ ਬੇਨਤੀ ਕਰਦੇ ਹਨ ਸੋ ਮੰਨਦਾ ਹੈ ਅਰ ਮਿਹਰਬਾਨ ਹੈ ਅਰ ਪਿਆਰਾ ਹੈ ਅਰ ਲਜਤ ਦੇਵਣ ਵਾਲਾ ਹੈ ਅਰ ਦਬਦਬੇ ਵਾਲਾ ਹੈ ਅਰ ਦਿਲ ਤੇ ਅਕਲ ਦਾ ਰੋਸਨ ਹੈ ਅਰ ਜਾਣਦਾ ਭੀ ਹੈ ਅਰ ਦੇਖਦਾ ਭੀ ਹੈ ਅਰ ਸੁਖ ਭੀ ਦੇਂਦਾ ਹੈ ਅਰ ਸੁਣ ਹਾਲਤ ਅਕਾਸ ਦੀ ਜੋ ਉਲਟਾ ਕਰ ਰਖਿਆ ਹੈਸ ਅਰ ਤਾਰੇ ਸਭ ਪਏ ਫਿਰਦੇ ਹਨ ਅਰ ਜਿਤਨੇ ਸਤ੍ਰਮਿਤ੍ਰ ਸਭ ਮਾਇਆ ਵਿਚ ਮਸਤ ਹਨ ਅਰ ਜੇਹੜੇ ਉਸ ਨਾਲ ਪ੍ਰੀਤ ਕਰਦੇ ਹਨ ਉਸ ਨਾਲ ਓਹ ਪ੍ਰੀਤ ਕਰਦਾ ਹੈ ਅਰ ਮਾਇਆ ਨੋ ਜੋ ਪਰਮੇਸਰ ਦੀ ਜਾਣਦੇ ਹਨ ਉਨਾਂ ਨੂੰ ਦੀਵੇ ਦੀ ਨਿਆਈ ਰੁਸਨਾਈ ਦੇਂਦੀ ਹੈ ਅਰ ਜੋ ਆਪਣੀ ਜਾਣਦੇ ਹਨ ਉਨਾਂ ਨੂੰ ਅਗਨ ਦੀ ਨਿਆਈ ਦਗਧ ਕਰਦੀ ਹੈ ਅਰ ਜਗਤ ਅਗਿਆਨ ਦੇ ਅੰਧੇਰੇ ਵਿਚ ਪਇਆ ਹੋਇਆ ਹੈ ਪਰ ਮੈਨੂੰ ਤੇਰੀ ਆਸ ਤੇ ਮਾਣ ਹੈ ਅਰ ਤੂੰ ਦਇਆਵੰਤ ਹੈਂ ਅਰ ਮਿਹਰਬਾਨ ਹੈਂ ਮੈਨੂੰ ਨ ਹੋਰ ਕਰਮ ਹੈ ਨ ਵਿਵਹਾਰ ਹੈ ਨ ਮੇਰਾ ਰੰਗ ਹੈ ਨਾ ਮੇਰਾ ਰੂਪ ਹੈ ਅਰ ਤੇਰੀ ਮਿਹਰ ਹੀ ਚਾਹਨਾਂ ਹਾਂ ਅਤੇ ਹੋਰ ਮੇਰੀ ਨ ਗਤਿ ਹੈ ਨ ਮਤਿ ਹੈ ਨ ਸਮਝ ਹੈ

ਨ ਪਤਿ ਹੈ ਤੂੰ ਤੀਨ ਲੋਕੀ ਕਾ ਲਾਲ ਹੈਂ ਅਰ ਆਪਣੇ ਦਾਸਾਂ ਤੇ ਦਇਆਲ ਹੈਂ ਅਰ ਕ੍ਰਿਪਾਲ ਹੈਂ ਮੈ ਚੇਰਾ ਹਾਂ ਤੇ ਦਾਸ ਹਾਂ ਅਰ ਤੇਰੀ ਮਾਇਆ ਦੀ ਮੈਂ ਆਸ ਹੈ ਸੋ ਮੇਰੇ ਪਾਪ ਤੇ ਦੁਖ ਸਭ ਨਿਵਰਤ ਕਰ ਅਰ ਮੇਰੀ ਭੁਲ ਚੁਕ ਸੁਧਾਰ ਲੈ ਕਜੋਂ ਜੋ ਤੂ ਗੁਣਾ ਦਾ ਦਾਤਾ ਹੈਂ ਅਰ ਮੈਂ ਭੁਲਿਆ ਹੋਇਆ ਹਾਂ ਅਤੇ ਤੇਰੇ ਨਾਮ ਦਾ ਆਧਾਰ ਏ ਯਾਰੋ ਈਹਾਂ ਠਉਰ ਰਹਿਨ ਦੀ ਨਾਹੀਂ ਕਜੋਂਕਿ ਦੋ ਦਿਨ ਕੇ ਚਾਰ ਦਿਨ ਏਹੀਬਾਤ ਸਮਾਚਾਰਦੀ ਹੈ ਅਰ ਕੁਛ ਸਮਝ ਕੇ ਹੁਸੀਆਰ ਹੋਵੋ ਅਰ ਓਅੰਕਾਰ ਦਾ ਭਜਨ ਕਰੋ ਅਰ ਓਹ ਨਿਰੰਕਾਰ ਅਪਰ ਅਪਾਰ ਹੈ ਅਰ ਜਹਾਨ ਦੇ ਰਖਣ ਵਾਲਾ ਹੈ ਅਰ ਮੈਂ ਸਦਕੇ ਹਾਂ ਤਿਸਤੋਂ ਅਰ ਕੁਰਬਾਨ ਹਾਂ ਤਿਸਦੇ ਮੁਖ ਤੋਂ ਅਰ ਇਸ ਜੀਅ ਜਾਨ ਨੂੰ ਉਸਤੋਂ ਵਾਰਨਾ ਹਾਂ ਗੁਰੂ ਨਾਨਕ ਜੀ ਕਹਿੰਦੇ ਹਨ ਕਿ ਮੈਂ ਅਉਗਣਹਾਰ ਹਾਂ ਅਰ ਓਹ ਦਾਤਾਰ ਹੈ ਅਰ ਜੇ ਆਪਣਿਆਂ ਪਾਪਾਂ ਵਲ ਵੇਖਨਾ ਹਾਂ ਤਾਂ ਮੈਨੂੰ ਜਾਗਾ ਕੋਈ ਨਹੀਂ ਪਰ ਉਸਦੇ ਬਿਰਦ ਵਲੋਂ ਵੇਖਨਾ ਤਾਂ ਮੇਰਾ ਭੀ ਉਧਾਰ ਕਰੇਗਾ ॥ ੧੦ ॥ ਜਾਂ ਇਹ ਬਹਿਰ ਤਵੀਲ ਬਾਬੇ ਕਹੀ ਤਾਂ ਕਾਜੀ ਬੋਲਿਆ ਜੋ ਏਹ ਖਲਕਤ ਕਦ ਦੀ ਪੈਦੇ ਹੋਈ ਹੈ ਅਤੇ ਕਦ ਫਾਨੀ ਹੋਵੇਗੀ ਤਾਂ ਬਾਬੇ ਕਹਿਆ ਬਹਤਰ ਚੌਂਕੜੀਆਂ ਜੇ ਜੁਗਾਂ ਦੀਆਂ ਬੀਤਦੀਆਂ ਹਨ ਤਾਂ ਇਕ ਮਨੰਤ੍ਰ ਹੋਂਦਾ ਹੈ ਅਤੇ ਇੰਦ੍ਰ ਦਾ ਰਾਜ ਭੀ ਇਤਨਾ ਹੋਂਦਾ ਹੈ ਸੋ ਜੇ ਚਉਦਹ ਮਨੰਤਰ ਬੀਤਦੇ ਹਨ ਤਾਂ ਬ੍ਰਹਮੇ ਦਾ ਇਕ ਦਿਨ ਹੋਂਦਾ ਹੈ ॥ ਅਤੇ ਇਤਨੀ ਹੀ ਰਾਤ ਹੋਂਦੀ ਹੈ ਅਰ ਤ੍ਰੀਹਾਂ ਦਿਨਾਂ ਦਾ ਮਹੀਨਾ ਹੋਂਦਾ ਹੈ ਅਰ ਬਾਰਾਂ ਮਹੀਨਿਆਂ ਦਾ ਬਰਸ ਹੋਂਦਾ ਹੈ ਅਰ ਸੌ ਬਰਸ ਦੀ ਬ੍ਰਹਮੇ ਦੀ ਆਰਜਾ ਹੈ ਅਰ ਬ੍ਰਹਮੇ ਦੀ ਰਾਤ ਵਿਚ ਜੀਆ ਜੰਤ ਪਰਲੇ ਹੋਂਦੇ ਹਨ ਅਰ ਜਿਮੀ ਅਸਮਾਨ ਖਲੋਤੇ ਰਹਿੰਦੇ ਹਨ ਅਰ ਜਦ ਬ੍ਰਹਮਾ ਮਰਦਾ ਤਾਂ ਸਾਰਾ ਜਗਤ ਜਿਮੀ ਅਸਮਾਨ ਭੀ ਨਾਸ ਹੋ ਜਾਂਦੇ ਹਨ ਅਰ ਜੈਸੇ ਜਿਮੀ ਤੇ ਰੇਤ ਦੇ ਕਿਣਕੇ ਕਿਸੇ ਥੋਂ ਗਿਣੇ ਨਹੀਂ ਜਾਂਦੇ ਤੈਸੇ ਬ੍ਰਹਮੇ ਦੇ ਜਨਮ ਭੀ ਗਿਣੇ ਨਹੀਂ ਜਾਂਦੇ ਤਾਂ ਕਾਜੀ ਕਹਿਆ ਅਸਾਡੀਆਂ ਕਿਤਾਬਾਂ ਵਿਚ ਲਿਖਿਆ ਹੈ ਜੋ ਦਸ ਹਜਾਰ ਸਾਲ ਬਾਬੇ ਆਦਮ ਦੇ ਪੈਦਾ ਹੋਇਆ ਹੋਏ ਹਨ ਅਰ ਹੋਰ ਦਸ ਹਜਾਰ ਸਾਲ ਨੂੰ ਕਿਆਮਤ ਹੋਵੈਗੀ ਤਾਂ ਬਾਬੇ ਕਹਿਆ ਤੁਸਾਡੇ ਪੈਕੰਬਰ ਨੇ ਮਕੇ ਵਿਚ ਤਪ ਕੀਤਾ ਹੈ ਸੋ ਉਥੋਂ ਅਕਾਸ ਬਾਨੀ ਹੋਈ ਜੋ ਕੁਛ ਵਰ ਮੰਗ ਤਾਂ ਉਸ ਕਹਿਆ ਕਿ ਮੇਰਾ ਪੰਥ ਐਸਾ ਚਲੇ ਜੋ ਸਭ ਮਝਬ ਉਸ ਵਿਚ ਰਲ ਜਾਵਣ ਤਾਂ ਉਸਦੀ ਅਰਜ ਕਬੂਲ ਪਈ ਅਰ ਓਹ ਵਰ ਲੈ ਕਰ ਆਇਆ ਤਾਂ ਅਗੋਂ ਜੋ ਇਕ ਸਿਰ ਤੇ ਕੇਸ ਰਖਣੇ ਦੂਜਾ ਪਿਛਲੀ ਰਾਤ ਸਤਨਾਮ ਦਾ ਜਾਪ ਜਪਣਾ ਅਰ

ਨਾਰਦ ਮਿਲਿਆ ਅਰ ਨਾਰਦ ਕਹਿਆ ਕੀ ਵਰ ਲੀਤਾ ਈ ਤਾਂ ਪੈਕੰਬਰ ਕਹਿਆ ਮੈਂ ਆਪਨੇ ਚਲਾਵਣੇ ਦਾ ਵਰ ਲੀਤਾ ਹੈ ਤਾਂ ਨਾਰਦ ਆਖਿਆ ਕਿਤਨੀਕੁ ਮੁਦਤ ਚਲੇਗਾ ਤਾਂ ਉਸ ਕਹਿਆ ਮੈਂ ਮੁਦਤ ਨਹੀਂ ਪੁਛੀ ਤਾਂ ਨਾਰਦ ਕਹਿਆ ਜਾਇਕੇ ਮੁਦਤ ਪੁਛ ਆ ਤਾਂ ਉਸ ਫੇਰ ਆਇ ਤਪ ਕੀਤਾ ਅਤੇ ਫਿਰ ਅਵਾਜ ਆਈ ਕਿ ਹੋਰ ਕੀ ਮੰਗਨਾ ਹੈਂ ਤਾਂ ਉਸ ਕਹਿਆ ਮੇਰਾ ਮਜਬ ਕਿਤਨੀ ਮੁਦਤ ਚਲੇਗਾ ਤਾਂ ਆਵਾਜ ਆਈ ਕਿ ਬਾਰਾਂ ਬਰਸ ਤੂੰ ਤਪ ਕੀਤਾ ਹੈ ਤਾਂਤੇ ਬਾਰਾਂ ਸੈ ਬਰਸ ਤੇਰੇ ਮਜਬ ਦਾ ਪਰਕਾਸ ਹੋਵੈਗਾ ਅਰ ਦਸ ਹਜਾਰ ਬਰਸ ਤੀਕਰ ਬੁਢਿਆਂ ਦੀ ਨਿਆਈ ਚਲਿਆ ਜਾਵੈਗਾ ਅਤੇ ਅਗੇ ਘੋਰ ਕਲਜੁਗ ਆਵੈਗਾ ਤੇ ਮਜਬ ਤੁਸਾਡੇ ਦੀ ਕਿਆਮਤ ਹੋਵੈਗੀ ਅਰ ਕਲਜੁਗ ਵਿਚ ਪਾਪਾਂ ਦਾ ਅੰਧਕਾਰ ਹੋਵੇਗਾ ਪਰ ਸਤਨਾਮ ਦਾ ਜੋ ਜਾਪ ਜਪਨਗੇ ਸੋਈ ਬਚਨਗੇ ਤਾਂ ਸਭਨਾਂ ਹਾਜੀਆਂ ਜੋ ਅਸੀਂ ਮਕੇ ਮਦੀਨੇ ਨੂੰ ਸੇਂਵਦੇ ਹਾਂ ਅਤੇ ਬਤਖਾਨਿਆ ਨੂੰ ਨਹੀਂ ਮੰਨਦੇ ਅਤੇ ਤੁਸੀਂ ਤੀਰਥ



ਭੀ ਦੇਖ ਆਏ ਹੋ ਤੇ ਮਕਾ ਮਦੀਨਾ ਭੀ ਡਿਠਾ ਹੈ ਤਾਂ ਤੇ ਤੁਸੀਂ ਕਹੋ ਜੋ ਕੀ ਬਾਤ ਹੈ ਤਾਂ ਬਾਬਾ ਬੋਲਿਆ ॥ ਫਰਦ ਨੇਸਤਗੈਰ ਅਜਆਸਨ ਮਦਰਪਰਦਹਏ ਦੈਰੋ ਹਰਮ ॥ ਕੈ ਬੂਵਦਆਤਸਦੁਰੰਗਅਜ ਇਖਤਲਾਫੇਸੰਗਹਾ ॥

ਮੇਰਾ ਜੋ ਕਰਤਾਰ ਹੈ ਮਕੇ ਅਤੇ ਠਾਕਰਦੁਆਰੇ ਵਿਚ ਇਕੋ ਹੈ ਅਤੇ ਜੋ ਪਥਰ ਕਾਬੇਦੇ ਅਰ ਠਾਕਰਦੁਆਰਿਆਂ ਦੇ ਜੁਦਾ ਹੈਨ ਤਾਂ ਅਗਨ ਤਾਂ ਇਕਾ ਨਿਕਲਦੀ ਹੈ ॥ ਤੈਸੇ ਤਨ ਜੁਦਾ ਹੈਂ ਤੇ ਵਾਹਗੁਰੂ ਸਭਨਾਂ ਵਿਚ ਇਕੋ ਹੈ ਤਾਂ ਉਨਾਂ ਕਹਿਆ ਜੇ ਖੁਦਾਇਕ ਹੈ ਤਾਂ ਤੂੰ ਅਸਾਡੇ ਨਾਲ ਰਲ ਕੇ ਕਿਉਂ ਨਹੀਂ ਖਾਂਵਦਾ ਤਾਂ ਬਾਬੇ ਕਹਿਆ ਸਰੀਰਾਂ ਦੀਆਂ ਵਰਤਨਾ ਭਿੰਨ ਭਿੰਨ ਹਨ ਤੇ ਆਤਮਾ ਇਕ ਹੈ ॥ ਸੋ ਓਹ ਸਭਸ ਨੂੰ

ਸਤਾ ਦੇਂਦਾ ਹੈ ਜੈਸੇ ਅਕਾਸ ਹਿੰਦੂਆਂ ਤੇ ਮੁਸਲਮਾਨਾਂ ਦੇ ਭਾਡਿਆਂ ਵਿਚ ਇਕੋ ਹੈ ਪਰ ਹਿੰਦੂਆਂ ਦੇ ਭਾਂਡਿਆਂ ਵਿਚ ਹਿੰਦੂ ਵਰਤਦੇ ਹਨ ਅਤੇ ਮੁਸਲਮਾਨਾਂ ਦੇ ਘੜਿਆਂ ਨਾਲ ਮੁਸਲਮਾਨ ਵਰਤਦੇ ਹਨ ਅਤੇ ਆਪਣਿਆਂ ਗੁਰਾਂ ਪੀਰਾਂ ਦੀ ਵਰਤਣ ਦਰੁਸਤ ਨਹੀਂ ਰਖਦੇ ਸੋ ਭਰਿਸਟ ਹੋ ਜਾਂਦੇ ਹਨ ॥ ਤਾਂ ਹਾਜੀਆਂ ਕਹਿਆ ਕਿ ਕਿਤਾਬਾਂ ਨੂੰ ਨਿਤ ਪੜਦੇ ਸੁਣਦੇ ਹਾਂ ਪਰ ਉਸਦਾ ਮਗਜ ਦਿਲ ਵਿਚ ਕਜੋਂ ਨਹੀਂ ਠਹਿਰਦਾ ਤਾਂ ਬਾਬੇ ਕਹਿਆ ॥ ਫਰਦ ॥ ਕਿਤਾਬੇ ਮਾਰਫਤ ਅਜ ਆਲਮੇ ਦਾਨਸ ਬਵਦ ਬੇਰੂੰ ॥ ਪਏ ਇਦਰਾਕ ਅੰਦਰ ਸੀਨਹਿ ਫਿਰਹਿਗੇ ਦਿਗਰ ਬਾਇਦ ॥ ਤਿਸਦਾ ਵੀਚਾਰ:-- ਪਰਮੇਸਰ ਦੀ ਪਛਾਣ ਸੰਤਾਂ ਨੂੰ ਮਿਲਕੇ ਪ੍ਰਾਪਤ ਹੋਂਦੀ ਹੈ ਅਰ ਕਿਤਾਬਾਂ ਤੇ ਉਲਮਾਵਾਂ ਥੀ ਨਹੀਂ ਪ੍ਰਾਪਤ ਹੋਂਦੀ ਕਜੋਂਕਿ ਕੀਮੀਆਂ ਦੀਆਂ ਕਿਤਾਬਾਂ ਪੜਿਆਂ ਸੁਵਰਨ ਨਹੀਂ ਬਣਦਾ ਪਰ ਜੇ ਬਣਾਵਣ ਵਾਲਾ ਮਿਲੇ ਤਾਂ ਬਣਦਾ ਹੈ ਤਾਂ ਹਾਜੀਆਂ ਕਹਿਆ ਜੇ ਕਿਤਾਬਾਂ ਦਾ ਮਤਨ ਭੀ ਤੇ ਮਾਇਨੇ ਭੀ ਪੜੀਅਨ ਤਾਂ ਖੁਦਾਇ ਕਿਉਂ ਨਹੀਂ ਮਿਲਦਾ ਤਾਂ ਬਾਬੇ ਕਹਿਆ ॥ ਫਰਦ ॥ ਜਿਅਹਿਲਮਦਰਸਹਿ ਇਸਰਾਰ ਮਾਰਫਤ ਮਤਲਬ ॥ ਕਿਨੁਕਤਹਿਦਾਨਸਵਦਕਿਰਨਗਰ ਕਿਤਾਬ ਖੁਰਦ ॥ ਤਿਸਕਾ ਬੀਚਾਰ:--ਜੋ ਜਗਤ ਦੇ ਸੁਣਾਵਣ ਵਾਸਤੇ ਪੜਦੇ ਹਨ ਉਨਾਂ ਨੂੰ ਪ੍ਰਮੇਸਰ ਦੀ ਪਛਾਣ ਨਹੀਂ ਹੁੰਦੀ ਭਾਂਵੇਂ ਸਭੇ ਕਿਤਾਬਾਂ ਦੇ ਮਾਇਨੇ ਪੜਨ ਜੈਸੇ ਕੀੜਾ ਸਾਰੀ ਕਿਤਾਬ ਦੇ ਹਰਫ ਖਾਇ ਜਾਂਦਾ ਹੈ ਤੇ ਇਕ ਹਰਫ ਦੀ ਭੀ ਸਮਝ ਉਸਨੂੰ ਨਹੀਂ ਪਾਉਂਦੀ ਤਾਂਤੇ ਖੁਦਾਇ ਦਾ ਇਸਰਾਰ ਸੀਨਹ ਬਸੀਨਹ ਪ੍ਰਾਪਤ ਹੋਂਦਾ ਹੈ ਜੈਸੇ ਦਰਖਤ ਥੀ ਜੋ ਫਲ ਗਿੜਦਾ ਹੈ ਤੇ ਸਾਖ ਬਸਾਖ ਚਲਿਆ ਆਂਵਦਾ ਹੈ ਅਤੇ ਹੇਠ ਝੋਲੀ ਵਿਚ ਬੋਚ ਲਈਦਾ ਹੈ ॥ ਅਤੇ ਜੇ ਉਚੇ ਦਰਖਤ ਥੀ ਫਲ ਜਿਮੀਨ ਤੇ ਡਿਗਦਾ ਹੈ ਤਾਂ ਫਿਸ ਜਾਂਦਾ ਹੈ ਅਰ ਮਿਟੀ ਮਿਲ ਜਾਂਦੀ ਹੈ ਅਰ ਓਹ ਰਸ ਘਟ ਜਾਂਦਾ ਹੈ ਤੈਸੇ ਬਜੁਰਗਾਂ ਦੀ ਸੁਹਬਤ ਬਿਨਾ ਕਿਤਾਬ ਦਾ ਮਗਜ ਨਹੀਂ ਆਂਵਦਾ ਸੋ ਜਾਂ ਏਹ ਜਬਾਬ ਸਵਾਲ ਬਾਬੇ ਕੀਤਾ ਤਾਂ ਸਭਨਾਂ ਇਮਾਮਾਂ ਅਤੇ ਹਾਜੀਆਂ ਨੇ ਬਾਬੇ ਅਗੇ ਤਾਜੀਮ ਕੀਤਾ ਤਾਂ ਬਾਬੇ ਆਖਿਆ ਤੁਸਾਂ ਖੁਦਾਇ ਦਾ ਨਾਮ ਜਪਦਿਆਂ ਰਹਿਣਾ ਤਾਂ ਫਿਰ ਉਥੋਂ ਬਾਬਾ ਜੀ ਰੁਖਸਦ ਹੋਏ ਅਰ ਮਰਦਾਨੇ ਨੂੰ ਕਹਿਆ ਕਿ ਤੂੰ ਅਖੀਆਂ ਮੀਟ ॥ ਸੋ ਜਦ ਮਰਦਾਨੇ ਅਖੀਆਂ ਮੀਟ ਕੇ ਖੋਲੀਆਂ ਤਾਂ ਕਿਆ ਦੇਖੇ ਜੋ ਸਮੁੰਦਰੋਂ ਉਗਰ ਸਿਕਾਰ ਪੁਰ ਦੀ ਹਦ ਵਿਚ ਬੈਠੇ ਹਾਂ ॥

ਸਰਾਈ ਬਕਰੀਆਂ ਵਾਲਾ



ਤਾਂ ਉਥੇ ਇਕ ਨੂਰ ਨੂਸਤਰ ਨਾਮਾ ਸਰਾਈ ਬਕਰੀਆਂ ਚਾਰਦਾ ਸੀ ਸੋ ਉਸ ਬਾਬੇ ਨੂੰ ਵੇਖਕਰ ਲੋਟਾ ਦੂਧ ਦਾ ਅਗੇ ਆਨ ਰਖਿਆ ਅਰ ਸ੍ਰੀ ਬਾਬੇ ਜੀ ਨੇ ਕਹਿਆ ਕਿ ਮਰਦਾਨਿਆਂ ਦੂਧ ਪੀਉ ॥ ਤਾਂ ਮਰਦਾਨੇ ਦੂਧ ਪੀਤਾ ਅਰ ਮਰਦਾਨੇ ਕਹਿਆ ਕਿ ਭਾਈ ਤੂੰ ਕਿਸ ਭਾਵਨੀ ਕਰ ਦੂਧ ਲਿਆਇਆ ਹਾਂ ਤਾਂ ਉਸ ਆਖਿਆ ਮੈਂ ਧਨ ਭੀ ਹੀਣ ਹਾਂ ਬਹੁਤ ਦੁਖ ਪਾਇਆ ਹੈ ਤੇ ਮੈਂ ਸੁਣਿਆ ਹੈ ਕਿ ਫਕੀਰ ਪਾਤਸਾਹੀਆਂ ਬਖਸ ਦੇਂਦੇ ਹਨ ਸੋ ਮੈਂ ਚਾਹਨਾਂ ਹਾਂ ਕਿ ਏਸ ਦੇਸ ਦਾ ਰਾਜ ਮੈਨੂੰ ਮਿਲੇ ਤਾਂ ਬਾਬੇ ਕਹਿਆ ਮਰਦਾਨਾ ਇਸ ਨੂੰ ਤੂੰ ਵਰ ਦੇਹ ਜੋ ਤੇਰਾ ਹੀ ਸਿਖ ਹੋਵੈ ਤਾਂ ਮਰਦਾਨੇ ਕਹਿਆ ਤੀਨ ਬਾਤਾਂ ਤੂੰ ਕਰ ਤੇਰਾ ਰਾਜ ਹੋ ਜਾਏਗਾ ॥ ਜੋ ਇਕ ਸਿਰ ਤੇ ਕੇਸ ਰਖਣੇ ਦੂਜਾ ਪਿਛਲੀ ਰਾਤ ਸਤਨਾਮ ਦਾ ਜਾਪ ਜਪਣਾ ਅਰ ਤੀਸਰਾ ਏਹ ਕਿ ਸਾਧ ਸੰਤ ਆਵਦੇ ਜਾਂਵਦੇ ਦੀ ਸੇਵਾ ਟਹਲ ਕਰਨੀ ਸੋ ਏਹ ਉਪਦੇਸ ਕਰਕੇ ਅਰ ਰਾਜ ਦਾ ਵਰ ਦੇਕਰ ਓਥੋਂ ਅਗੇ ਆਏ ॥ ਤਾਂ ਇਕ ਦਊਦ-ਜੁਲਾਹਾ ਸੀ ॥ ਸੋ ਉਹ ਕਲੀਚਾ ਬਣਾਇਕੇ ਲਿਆਇਆ ਅਰ ਬਾਬਾ ਜੀ ਨੂੰ ਦੇਖਕਰ ਕਹਯਾ ਜੋ ਏਹ ਹੇਠ ਵਿਛਾਈਐ ਤਾਂ ਬਾਬੇ ਕਹਿਆ ਅਸਾਡੇ ਹੇਠ ਮਹਾਰਾਜ ਨੇ ਐਸਾ ਧਰਤੀ ਦਾ ਕਲੀਚਾ ਵਿਛਾਇਆ ਹੈ ਜੋ ਕਦੇ ਪੁਰਾਣਾ ਨਹੀਂ ਹੋਂਦਾ ਪਰ ਏਹ ਕੁਤੀ



ਜੋ ਸੂਈ ਪਈ ਹੈ ਅਰ ਸੀਤਕਾਲ ਕਰ ਪਈ ਕੰਬਦੀ ਹੈ ਸੋ ਏਹ ਕਲੀਚਾ ਇਸ ਉਪਰ ਪਾਉ ਤੇ ਚੂਰੀ ਇਸਨੂੰ ਨਿਤ ਖਵਾਇਆ ਕਰ ਤਾਂ ਫਿਰ ਮਰਦਾਨੇ ਪੁਛਿਆ ਤੂੰ ਕਿਸ ਭਾਵਨੀ ਕਰ ਲਿਆਇਆ ਹਾਂ ਤਾਂ ਉਸ ਆਖਿਆ ਜੀ ਮੇਰੇ ਘਰ ਬੇਟਾ ਨਹੀਂ ਹੋਂਦਾ ਸੋ ਮੈਂ ਏਹ ਚਾਹਨਾਂ ਹਾਂ ਜੋ ਮੇਰੀ ਬਹੁਤੀ ਉਲਾਦ ਹੋਵੇ ਤੇ ਸੁਖੀ ਹੋਵੇ ਤਾਂ ਮਰਦਾਨੇ ਕਹਿਆ ਸਾਧਾਂ ਦੀ ਟਹਿਲ ਕੀਤਾ ਕਰ ਅਤੇ ਸਾਈ ਦਾ ਭਜਨ ਕੀਤਾ ਕਰ ਸੋ ਤੇਰੀ ਸਭ ਕਾਮਨਾ ਪੂਰੀ ਹੋਵੈਗੀ ਸੋ ਫਿਰ ਐਸਾ ਵਰ ਦੇਕਰ ਓਥੋਂ ਟੁਰੇ ॥

ਬਾਬਾ ਜੀ ਸਿੰਧ ਨਦੀ ਦੇ ਕੰਢੇ ਆਏ

ਅਰ ਸਿੰਧ ਦੇ ਕੰਢੇ ਤੇ ਆਏ ॥ ਤਾਂ ਉਥੇ ਇਕ ਸਰਵਰ ਨਾਮਾ ਤਪਸੀ ਚਿਲਾ ਪਇਆ ਕਟਦਾ ਸੀ ਤਾਂ ਬਾਬਾ ਜੀ ਤੇ ਮਰਦਾਨਾ ਦੋਨੋਂ ਬਾਹਰ ਆਏ ਬੈਠੇ ਸੋ ਫਿਰ ਮਰਦਾਨਾ ਸਬਦ ਲਗਾ ਗਾਵਣਾ ॥

ਦੇਵਤਿਆ ਦਰਸਨ ਕੈ ਤਾਈ ਦੂਖ ਭੂਖ ਤੀਰਥ ਕੀਏ ॥ ਜੋਗੀ ਜਤੀ ਜੁਗਤਿ ਮਹਿ ਰਹਿਤੇ ਕਰਿ ਕਰਿ ਭਗਵੇ ਭੇਸ ਭਏ॥੧॥ ਤਉ ਕਾਰਣਿ ਸਾਹਿਬਾ ਰੰਗਿ ਰਤੇ ॥ ਤੇਰੇ ਨਾਮ ਅਨੇਕਾ ਰੂਪ ਅਨੰਤਾ ਕਹਣੁ ਨ ਜਾਹੀ ਤੇਰੇ ਗੁਣ ਕੇਤੇ ॥

ਸੋ ਜਾਂ ਏਹ ਵਚਨ ਚਿਲੇ ਵਿਚ ਸਰਵਰ ਸੁਣੇ ਤਾਂ ਉਸ ਆ ਕੇ ਮਥਾ ਟੇਕਿਆ ਤਾਂ ਬਾਬੇ ਕਹਿਆ ਭਾਈ ਤੂੰ ਚਿਲਾ ਕਿਉਂ ਕਟਦਾ ਹੈਂ ਤਾਂ ਉਸ ਆਖਿਆ ਜੀ ਮੁਲਤਾਨ ਦੇ ਪੀਰਾਂ ਦੀ ਇਸੇ ਤਪ ਕਰਕੇ ਵਡੀ ਮੰਨਤ ਹੋਂਦੀ ਹੈ ਸੋ ਮੈਂ ਕਹਿੰਦਾ ਹਾਂ ਕਿ ਮੇਰੀ ਭੀ ਮੰਨਤ ਹੋਵੇ ਤਾਂ ਮਰਦਾਨੇ ਕਹਿਆ ॥ ਈਹਮਹ ਮਰਦਮਾਕਿ ਮੇਬੀਨੀ ॥ ਮਗਸਨਿ ਦਗਿ ਗਿਰਦੇ ਸ੍ਰੀਰੀਨੀ ॥ ਮਰਦਾਨੇ ਕਹਿਆ ਜਿਉਂ ਮਠਿਆਈ ਤੇ ਮਖੀਆਂ ਭਿਣ ਭਿਣ ਕਰਦੀਆਂ ਹੈਨ ਤੈਸੇ ਭਜਨ ਵਾਲਿਆਂ ਨੂੰ ਲੋਕਾਂ ਦੀ ਮੰਨਤ ਖੁਆਰ ਕਰਦੀ ਹੈ ਅਰ ਜੋ ਤੇਰੇ ਮਨ ਵਿਚ ਏਹਾ ਕਾਮਨਾ ਹੈ ਤਾਂ ਤੇਰੀ ਮੰਨਤ ਮੁਲਤਾਨ ਦੇ ਪੀਰ ਕਰਨਗੇ ਅਰ ਉਨਾਂ ਥੋਂ ਬੀ ਵਧੀਕ ਹੋਵੇਗੀ ਪਰ ਜਿਥੇ ਅਸੀਂ ਬੈਠੇ ਹਾਂ ਇਥੇ ਦੀਵਾ ਬਾਲਦਿਆਂ ਰਹਿਣਾ ਅਰ ਸਤਨਾਮ ਦਾ ਜਾਪ ਜਪਣਾ ਅਰ ਸਾਧਾਂ ਸੰਤਾਂ ਦੀ ਟਹਿਲ ਕਰਨੀ ਸੋ ਤੈਨੂੰ ਨਿਹਕਾਮ ਪਦਵੀ ਭੀ ਪ੍ਰਾਪਤ ਹੋਵੇਗੀ ਸੋ ਐਸੇ ਐਸੇ ਬਚਨ ਕਰਦਿਆਂ ਜਾਂ ਪਹਿਰ ਰਾਤ ਬੀਤੀ ਤਾਂ ਮਰਦਾਨੇ ਕਹਿਆ ਜੀ ਮੈਨੂੰ ਨੀਂਦ ਆਈ ਹੈ ਤਾਂ ਬਾਬੇ ਕਹਿਆ ਮਰਦਾਨਿਆ ਜਿਸ ਵੇਲੇ ਪਿਤਾ ਕਾਲੂ ਅਤੇ ਮਾਤਾ ਤ੍ਰਿਪਤਾ ਨੂੰ ਬਾਲੇ ਨੇ- ਅਸਾਡੇ ਇਸ ਪਾਸੇ

ਦੀ ਖਬਰ ਦਸੀ ਹੈ ਸੋ ਤਿਸ ਵੇਲੇ ਦੇ ਉਨਾਂ ਦੇ ਨੇਤਰ ਅਸਾਨੂੰ ਉਡੀਕਦੇ ਹਨ ਅਰ ਬਾਲਾ ਉਨਾਂ ਨੂੰ ਸਬਦ ਦੇ ਪਰਚੇ ਨਾਲ ਪਰਚਾਈ ਰਖਦਾ ਸੋ ਭਲਕੇ ਕਰਤਾਰਪੁਰ ਨੂੰ ਚਲੀਏ ਸੋ ਏਹ ਵਚਨ ਸੁਣਕੇ ਮਰਦਾਨਾ ਸੌ ਰਹਿਆ ਅਤੇ ਜਦ ਪਿਛਲੀ ਰਾਤ ਉਠਿਆ ਤਾਂ ਕੀ ਵੇਖੇ ਜੋ ਬਾਬਾ ਤੇ ਮੈਂ ਕਰਤਾਰਪੁਰ ਬੈਠੇ ਹਾਂ ਤਾਂ ਮਰਦਾਨੇ ਕਹਿਆ ਜੀ ਅਸੀਂ ਤਾਂ ਸਿੰਧ ਦੇ ਕੰਢੇ ਸੁਤੇ ਸਾਂ ਅਰ ਇਥੇ ਰਾਵੀ



ਦੇ ਕੰਢੇ ਕਿਉ ਕਰ ਆ ਪਹੁੰਚੇ ਹਾਂ ਤਾਂ ਬਾਬੇ ਕਹਿਆ ਮਰਦਾਨਿਆ ਜਗਤ ਤ੍ਰੈਕਾਲ ਹੈ ਨਾਹੀਂ ਅਰ ਮਨ ਦੇ ਸੰਕਲਪ ਵਿਚ ਖਲੋਤਾ ਹੈ ਤਾਂ ਮਰਦਾਨੇ ਕਹਿਆ ਤੇਰੀ ਤੂੰਹੈ ਜਾਣ ਸੋ ਜਾਂ ਦਿਨ ਹੋਇਆ ਤਾਂ ਬਾਬੇ ਨੇ ਮਾਤਾ ਪਿਤਾ ਅਗੇ ਜਾਇ ਮਥਾ ਟੇਕਿਆ ਅਰ ਕਹਯਾ ਕਿ ਤੁਸਾਡੀ ਕਿਰਪਾ ਕਰ ਮਕਾ ਮਦੀਨਾ ਸਭ ਦੇਖ ਆਇਆ ਹੋਂ ਤਾਂ ਕਾਲੂ ਕਹਿਆ ਬਚਾ ਸਾਰੀ ਉਮਰ ਤੇਰੀ ਭਉਂਦਿਆਂ ਗੁਦਰੀ ਹੈ ਅਰ ਅਸਾਂ ਤੈਨੂੰ ਰਜਕੇ ਨਹੀਂ ਡਿਠਾ ਸੋ ਹੁਣ ਸੰਸਾਰੀ ਕਪੜੇ ਪਹਿਰ ਅਰ ਆਪਣੇ ਸਹਿਰ ਵਿਚ ਅਰ ਘਰ ਵਿਚ ਰਹੁ ਜੋ ਤੇਰੇ ਪੁਤ੍ਰ ਭੀ ਲਾਇਕ ਹੋਏ ਹਨ ਤਾਂ ਬਾਬੇ ਆਖਿਆ ਪਿਤਾ ਜੀ ਅਸੀਂ ਤੇਰੀ ਆਗਿਆ ਵਿਚ ਹਾਂ ॥

ਅਗੇ ਪਉੜੀ ਅਠਤੀਸਵੀਂ ਚਲੀ ਬੋਲੋ ਭਾਈ ਜੀ ਵਾਹਿਗੁਰੂ ॥

ਬਾਬਾ ਆਯਾ ਕਰਤਾਰ ਪੁਰ ਭੇਖ ਉਦਾਸੀ ਸਕਲ ਉਤਾਰਾ ॥
ਪਹਿਰ ਸੰਸਾਰੀ ਕੱਪੜੇ ਮੰਜੀ ਬੈਠ ਕੀਆ ਅਵਤਾਰਾ ॥
ਉਲਟੀ ਗੰਗ ਵਹਾਈਓਨ ਗੁਰ ਅੰਗਦ ਸਿਰ ਉੱਪਰ ਧਾਰਾ ॥
ਪੁਤ੍ਰੀਂ ਕੌਲ ਨ ਪਾਲਿਆ ਮਨ ਖੋਟੇ ਆਕੀ ਨਸਿਆਰਾ ॥
ਬਾਣੀ ਮੁਖਹੁ ਉਚਾਰੀਐ ਹੋਇ ਰੁਸ਼ਨਾਈ ਮਿਟੇ ਅੰਧਾਰਾ ॥
ਗਿਆਨ ਗੋਸ਼ਟ ਚਰਚਾ ਸਦਾ ਅਨਹਦ ਸ਼ਬਦ ਉਠੇ ਧੁਨਿਕਾਰਾ ॥
ਸੋਦਰ ਆਰਤੀ ਗਾਵੀਐ ਅੰਮ੍ਰਿਤੁ ਵੇਲੇ ਜਾਪ ਉਚਾਰਾ ॥
ਗੁਰਮੁਖ ਭਾਰ ਅਥਰਬਣ ਤਾਰਾ ॥ ੩੮ ॥

ਕਰਤਾਰ ਪੁਰ ਆਏ

(ਸਿੰਧ ਨਦੀ ਦੇ ਕੰਢੇ ਤੋਂ) ਅਤੇ ਲਹਿਣਾ ਜੀ ਮਿਲੇ

ਤਿਸਕਾ ਬੀਚਾਰ:--ਬਾਬਾ ਕਰਤਾਰ ਪੁਰ ਨੂੰ ਆਇਆ ਅਰ ਪਿਤਾ ਦੀ ਆਗਿਆ ਮੰਨਕੇ ਉਦਾਸੀ ਦਾ ਭੇਖ ਸਭ ਉਤਾਰਿਆ ਅਰ ਸੰਸਾਰੀਆਂ ਦਾ ਭੇਖ ਪਹਿਰਿਆ ਅਰ ਮੰਜੀ ਤੇ ਬੈਠਕੇ ਸਿਖਾਂ ਨੂੰ ਦਰਸਨ ਦੇਵਨ ਤੇ ਬਾਣੀਆਂ ਉਚਾਰੀਆਂ ਅਰ ਜੋ ਜੋ ਬਾਣੀ ਸੁਣੇ ਉਸਦੇ ਮਨ ਵਿਚ ਗਿਆਨ ਦਾ ਉਜਾਲਾ ਹੋਵੈ ਤੇ ਪਰਮੇਸਰ ਦੀ ਪਰੀਤ ਵਧਦੀ ਜਾਵੈ ਅਰ ਸੰਧਿਆ ਵੇਲੇ ਸੋਦਰ ਗਾਵਣ ਅਰ ਅੰਮ੍ਰਿਤ ਵੇਲੇ ਜਪ ਪੜਨ ਅਰ ਸਵਾ ਪਹਿਰ ਦਿਨ ਚੜੇ ਆਰਤੀ ਗਾਵਨ ਅਰ ਆਰਤੀ ਸੁਣਕੇ ਦੇਗ ਪ੍ਰਸਾਦ ਵਰਤੇ ਅਰ ਇਕ ਦੇਗ ਸੋਦਰ ਸੁਣਕੇ ਵਰਤੇ ਸੋ ਜੋ ਜੋ ਸਾਧ ਸੰਗਤ ਆਵੈ ਓਥੇ ਇਕਠੀ ਹੁੰਦੀ ਜਾਵੇ ਅਤੇ ਅਠ ਪਹਰ ਗਿਆਨ ਗੋਸਟ ਚਰਚਾ ਹੋਂਦੀ ਰਹੇ ਅਰ ਗੁਰੂ ਅੰਗਦ ਜੀ ਦਾ ਨਾਉ ਲਹਿਣਾ ਸੀ ਅਰ ਖਡੂਰ ਖਹਿਰਿਆਂ ਦੀ ਵਸਦਾ ਸੀ ਅਰ ਚੰਡੀ ਦਾ ਉਪਾਸਕ ਸੀ ਸੋ ਜਿਉਂ ਜਿਉਂ ਗੁਰੂ ਜੀ ਦੀ ਬਾਣੀ ਸੁਣੇ ਤਿਉਂ ਤਿਉਂ ਗੁਰੂ ਨਾਨਕ ਜੀ ਦੇ ਦਰਸਨ ਦੀ ਅਭਲਾਖਾ ਹੋਂਦੀ ਆਵੇ ਤਾਂ ਨਉਂਰਾਤਿਆਂ ਨੂੰ ਜੁਆਲਾ ਦੇ ਦਰਸਨ ਨੂੰ ਆਇਆ ਸੋ ਜਾਂ ਦਰਸਨ ਕਰਕੇ ਟੁਰਿਆ ਤਾਂ ਆਖਿਓਸ ਕਿ ਗੁਰੂ ਨਾਨਕ ਜੀ ਦਾ ਦਰਸ਼ਨ ਭੀ ਕਰ ਜਾਵਾਂ ਤਾਂ ਫਿਰ ਕਰਤਾਰ ਪੁਰ ਨੂੰ ਆਇਆ ਅਰ ਅਗੇ ਬਾਬਾ ਜੀ ਜਿਸ ਖੂਹ ਤੇ ਉਸ ਆਵਣਾ ਸੀ ਉਥੇ ਜਾਇ ਬੈਠੇ ਅਰ ਲਹਿਣਾ ਭੀ ਖੂਹ ਤੇ ਆਇਆ ਅਰ ਆਕਰ ਕਹਿਆ ਕਿ ਮੈਂ ਗੁਰੂ ਨਾਨਕ ਜੀ ਦੇ ਦਰਸਨ ਕਰਨੇ ਹਨ ਤਾਂ ਬਾਬੇ ਆਖਿਆ ਚਲ ਅਸੀਂ ਦਰਸਨ ਕਰਾਈਆਂਗੇ ਤਾਂ ਬਾਬੇ ਦੇ ਸੰਸਾਰੀ ਕਪੜੇ ਪਹਿਰੇ ਹੋਏ ਸੇ ਤਾਂਤੇ ਓਹ ਪਛਾਣੇ ਨਹੀਂ ਪਰ ਬਾਬੇ ਨਾਲ ਲਗਾ ਆਇਆ ਸੋ ਜਿਉਂ ਜਿਉਂ ਲੋਗ ਅਗੋਂ ਮਿਲਣ ਤਾਂ ਮਥਾ ਟੇਕਣ ਤਿਉਂ ਤਿਉਂ ਓਹ ਜਾਣੇ ਕਿ ਜਿਸ ਬਾਬੇ ਨਾਨਕ ਪਾਸ ਐਸੇ ਐਸੇ ਪੁਰਖ ਹੈਂ ਓਹ ਵਡਾ ਮਹਾਂ ਪੁਰਖ ਹੋਵੈਗਾ ਸੋ ਬਾਬਾ ਜੀ ਲਹਣੇ ਨੂੰ ਧਰਮਸਾਲਾ ਦੇ ਦਰਵਾਜੇ ਤੇ ਖਲਵਾ ਗਏ ਅਰ ਕਹਿ ਗਏ ਕਿ ਅਸੀਂ ਅੰਦਰਹੁ ਪੁਛਕੇ ਤੈਨੂੰ ਸਦ ਘਲਾਂਗੇ ਤਾਂ ਬਾਬਾ ਜੀ ਅੰਦਰ ਮੰਜੀ ਤੇ ਜਾਇ ਬੈਠੇ ਅਰ ਇਕ ਸਿਖ ਨੂੰ ਕਹਿਆ ਜੋ ਦਰਵਾਜੇ ਤੇ ਇਕ ਸਿਖ ਖਲੋਤਾ ਹੈ ਸੋ ਓਸ ਨੂੰ ਸਦ ਲਿਆਉ ਤਾਂ ਸਿਖ ਨਾਲ ਲਹਿਣਾ ਅੰਦਰ ਆਇਆ ਅਰ ਆਇ ਮਥਾ ਟੇਕਿਆ ਅਰ ਖਰੋਟ ਤੇ ਮਿਸਰੀ ਅਗੇ ਪ੍ਰਸਾਦ ਰਖਿਆ ਤੇ ਕਹਿਆ ਜੀ ਮੈਂ ਤੁਸਾਨੂੰ ਪਛਾਤਾ ਨਹੀਂ ਸੀ ਅਰ ਤੁਸੀਂ ਮੈਨੂੰ ਕ੍ਰਿਪਾ ਕਰਕੇ ਆਪਿ ਲਿਆਏ ਹੋ ਸੋ

ਤੁਸਾਂ ਮੇਰੀ ਲਾਜ ਰਖਣੀ ਤਾਂ ਬਾਬਾ ਬੋਲਿਆ ਕਿ ਜੇ ਤੂੰ ਆਪਾ ਛੋਡਕੇ ਤੇ ਅਸਾਡੇ ਵਚਨ ਮਿਠੇ ਕਰ ਮੰਨੇਗਾ ਤਾਂ ਤੂੰ ਪਰਮੇਸਰ ਨੂੰ ਮਿਲੇਂਗਾ ਕਯੋਂਕਿ ਜੇ ਸਿਖ ਮੁਰਦੇ ਦੀ ਨਿਆਈ ਆਪਣੇ ਸੰਕਲਪ ਮਾਰਦਾ ਹੈ ਤਾਂ ਗੁਰ ਜੋ ਗੋਰ ਰੂਪ ਹੈਨ ਤਿਨਾਂ ਦੇ ਵਿਚ ਸਮਾ ਜਾਂਵਦਾ ਹੈ ਤਾਂ ਫਿਰ ਜੋ ਪ੍ਰਸਾਦਿ ਲਿਆਇਆ ਸੀ ਖਰੋਟਾਂ ਦੀ ਗਿਰੀ ਕਢਕੇ ਅਰ ਮਿਸਰੀ ਤਿਸਦੇ ਵਿਚ ਰਲਾ ਕੇ ਪ੍ਰਸਾਦ ਸਾਧ ਸੰਗਤ ਵਿਚ ਵਰਤਾਇਆ ਤੇ ਓਸਨੂੰ ਆਪਣੇ ਪਾਸ ਰਖਿਆ ਤਾਂ ਫਿਰ ਬਚਨ ਹੋਇਆ ਏ ਲਹਿਣਾ ਜੋ ਕੁਛ ਘਰ ਬਾਰ ਦੀ ਖਬਰ ਲੈਣੀ ਹਈ ਸੋ ਲੈ ਆਉ ਤਾਂ ਲਹਿਣੇ ਕਹਿਆ ਮੇਰਾ ਘਰ ਬਾਰ ਭੀ ਤੂੰ ਹੀ ਤੇ ਗੁਰ ਭੀ ਤੂਹੀ ਹੈ ਅਰ ਮੈਂ ਤੁਸਾਂ ਨੂੰ ਛਡ ਕੇ ਕਿਥੇ ਜਾਣਾ ਹੈ ਤਾਂ ਫਿਰ ਅਠ ਪਹਰ ਸੇਵਾ ਟਹਿਲ ਕਰਦਾ ਰਹੈ ਅਤੇ ਸਾਧ ਸੰਗਤ ਵਿਚ ਕਥਾ ਕੀਰਤਨ ਸੁਣਦਾ ਰਹੈ ਅਰ ਆਪ ਭੀ ਕੀਰਤਨ ਕਰੈ ਤਾਂ ਫਿਰ ਬਾਬਾ ਜੀ ਉਸ ਦੇ ਉਪਰ ਬਹੁਤ ਪ੍ਰਸੰਨ ਰਹਿਣ ਅਰ ਜਿਥੇ ਬਾਬਾ ਜੀ ਬੈਠਣ ਓਥੇ ਬੈਠੇ ਅਰ ਜਿਥੇ ਜਾਵਣ ਉਥੇ ਹੀ ਨਾਲ ਜਾਵੈ ਅਰ ਸਦਾ ਟਹਿਲ ਕਰ ਕਰੇ ਤਾਂ ਇਕ ਦਿਨ ਬਾਬਾ ਜੀ ਆਪਣੀ ਖੇਤੀ ਜੋ ਚਾਵਲ ਦੀ ਸੀ ਉਥੇ ਗਏ ਤੇ ਉਸਦੇ ਵਿਚੋਂ ਡੀਲਾ ਤੇ ਘਾਹ ਕਢਾਇਆ ਤਾਂ ਲਖਮੀ ਦਾਸ ਤੇ ਸਿਰੀਚੰਦ ਨੂੰ ਕਹਿਆ ਕਿ ਤੁਸੀਂ ਤਿਨੇ ਪੰਡਾਂ ਕਰ ਕੇ ਘਰ ਦੀਆਂ ਮਹੀਆਂ ਵਾਸਤੇ ਸਿਰ ਤੇ ਚੁਕ



ਲੈ ਜਾਵਹੁ ਤਾਂ ਪੁਤ੍ਰਾਂ ਕਹਿਆ ਕਿ ਟਹਿਲੀਏ ਚੁਕਣ ਵਾਲੇ ਥੋੜੇ ਹਨ ਤਾਂ ਲਹਿਣੇ ਕਹਿਆ ਜੀ ਮੈਂ ਟਹਿਲੀਏ ਹੁੰਦਿਆ ਤੁਸੀਂ ਹੋਰਨਾਂ ਨੂੰ ਕਿਉਂ ਚੁਕਾਂਵਦੇ ਹੋ ਮੈਂ ਤਿੰਨੇ ਹੀ ਪੰਡਾਂ ਇਕੱਠੀਆਂ ਕਰਕੇ ਚੁਕ ਲੈਂਦਾ ਹਾਂ ਤਾਂ ਬਚਨ ਹੋਇਆ ਜੋ ਪੰਡ ਨੂੰ ਚਾ ਸਕਦਾ ਹੈ ਸੋਈ ਪੰਡ ਚਾਂਵਦਾ ਹੈ ॥ ਤਾਂ ਫਿਰ ਇਕ ਦਿਨ ਅਧੀ ਰਾਤ ਨੂੰ ਬਾਬੇ ਕਹਿਆ ਕਿ ਹੇ ਲਖਮੀ ਦਾਸ ਤੇ ਸਿਰੀ ਚੰਦ ਇਥੇ ਦਿਵਾਰ ਧਰਮਸਾਲਾ ਦੀ ਉਸਾਰੋ ਤਾਂ ਉਨਾਂ ਕਹਿਆ ਮਜੂਰ ਬਹੁਤ ਹਨ ਝਲਾਂਗੇ ਉਠਕੇ ਮਜੂਰ ਲਾ ਕੇ ਉਸਾਰ ਲਵਾਂਗੇ ਤਾਂ ਬਾਬੇ ਕਹਿਆ ਹੁਣ ਹੀ ਉਸਾਰਨੀ ਹੈ ਸੋ ਤੁਸੀਂ ਹੀ ਉਸਾਰੋ ਤਾਂ ਉਹ ਲਗੇ ਉਸਾਰਨ ਸੋ ਜਾਂ ਅਧੀ ਰਾਤ ਗੁਜਰੀ ਤਾਂ ਬਾਬੇ ਕਹਿਆ ਇਥੋਂ ਕੰਧ ਢਾਹੋ

ਤਾਂ ਉਨਾਂ ਢਾਹੀ ਤਾਂ ਫਿਰ ਬਾਬੇ ਕਹਿਆ ਫੇਰ ਉਸਾਰੋ ਤਾਂ ਉਨਾਂ ਕਹਿਆ ਜੀ ਕਿਸੇ ਵੇਲੇ ਅਸਾਨੂੰ ਭੀ ਸਵਣ ਦੇਹੋ ਜਦ ਦਿਨ ਹੋਵੈਗਾ ਉਸਾਰ ਲਵਾਂਗੇ ਤਾਂ ਫਿਰ ਬਾਬਾ ਜੀ ਨੇ ਲਹਿਣੇ ਨੂੰ ਕਹਿਆ ਤੂੰ ਦੀਵਾਰ ਉਸਾਰ ਤਾਂ ਕਈ ਦਿਨ ਤੇ ਕਈ ਰਾਤੀਂ ਉਸਾਰੇ ਭੀ ਅਤੇ ਢਾਹੇ ਭੀ ਤਾਂ ਲਖਮੀਦਾਸ ਕਹਿਆ ਮਸਤਾਨਿਆਂ ਦੀ ਨਿਆਈ ਫੇਰ ਫੇਰ ਢਾਂਡੇ ਹੋ ਤੇ ਉਸਾਰਦੇ ਹੋ ਤਾਂ ਅੰਗਦ ਜੀ ਕਹਿਆ ਅਸਾਂ ਹੁਕਮ ਮੰਨਣਾ ਹੈ ਅਸਾਂ ਨੂੰ ਦਿਵਾਰ ਨਾਲ ਕੀ ਪਰੋਜਨ ਹੈ ਸੋ ਜਾਂ ਕਿਤਨੀ ਮਦਤ ਗੁਜਰੀ ਤਾਂ ਲਹਿਣਾ ਸਭਨਾ ਬੀ ਗਯਾਨ ਕਰ ਵਸੇਖ ਹੋ ਗਿਆ ਤਾਂ ਫਿਰ ਕਥਾ ਕੀਰਤਨ ਕਰ ਸੰਸਾਰ ਦੇ ਜੋ ਪਾਪਾਂ ਦੇ ਭਾਰੀ ਭਾਰ ਸਨ ਸਭ ਉਤਰ ਗਏ ਤਾਂ ਮੇਲਾ ਸਿਵਰਾਤ ਦਾ ਹੋਇਆ ਅਰ ਸਭਨਾਂ ਸਿਧਾਂ ਕਹਿਆ ਕਿ ਅਚਲ ਵਟਾਲੇ ਦੇ ਮੇਲੇ ਤੇ ਇਕੱਠੇ ਹੋਈਏ ॥

ਬਾਬਾ ਜੀ ਸਿਵਰਾਤ ਦੇ ਮੇਲੇ ਤੇ ਗਏ

ਅਤੇ ਜੇ ਅਸੀਂ ਬਾਬੇ ਨਾਨਕ ਨੂੰ ਚਰਚਾ ਕਰਕੇ ਜੀਤੀਐ ਤਦ ਅਸਾਡੀ ਰਹਿ ਆਵੈਗੀ ਤਾਂ ਫਿਰ ਸਭੇ ਸਿਧ ਅਚਲ ਵਟਾਲੇ ਇਕੱਠੇ ਹੋਏ ਤਾਂ ਬਾਬਾ ਤੇ ਮਰਦਾਨਾ ਤੇ ਅੰਗਦ ਜੀ ਭੀ ਮੇਲੇ ਦੇ ਦਰਸਨ ਨੂੰ ਆਏ ॥

ਅਗੇ ਪਉੜੀ ਉਨਤਾਲੀਸਵੀ ਚਲੀ ॥

ਮੇਲਾ ਸੁਣ ਸ਼ਿਵਰਾਤ ਦਾ ਬਾਬਾ ਅਚਲ ਵਟਾਲੇ ਆਈ ॥
ਦਰਸ਼ਨ ਵੇਖਣ ਕਾਰਨੇ ਸਗਲੀ ਉਲਟ ਪਈ ਲੋਕਾਈ ॥
ਲੱਗੀ ਬਰਸਨ ਲੱਛਮੀ ਰਿੱਧ ਸਿੱਧ ਨਉ ਨਿੱਧ ਸਵਾਈ ॥
ਜੋਗੀ ਵੇਖ ਚਲਿਤ੍ਰ ਨੋਂ ਮਨ ਵਿਚ ਰਿਸ਼ਕ ਘਨੇਰੀ ਖਾਈ ॥
ਭਗਤੀਆਂ ਪਾਈ ਭਗਤ ਆਨ ਲੋਟਾ ਜੋਗੀ ਲਇਆ ਛਪਾਈ ॥
ਭਗਤੀਆਂ ਗਈ ਭਗਤਿ ਭੁਲ ਲੋਟੇ ਅੰਦਰ ਸੁਰਤਿ ਭੁਲਾਈ ॥
ਬਾਬਾ ਜਾਣੀ ਜਾਣ ਪੁਰਖ ਕਢਿਆ ਲੋਟਾ ਜਹਾਂ ਲੁਕਾਈ ॥
ਵੇਖ ਚਲਿਤ ਜੋਗੀ ਖੁਨਸਾਈ ॥ ੩੯ ॥

ਤਿਸਦਾ ਵੀਚਾਰ :--ਸਿਵਰਾਤ ਦੇ ਮੇਲੇ ਤੇ ਜਬ ਗੋਰਖ ਥੀਂ ਆਦਿ ਸਭੀ ਸਿਧ ਤੇ ਨਾਥ ਇਕੱਠੇ ਹੋਏ ਸਨ ਤਾਂ ਬਾਬਾ ਜੀ ਭੀ ਓਥੇ ਜਾਇ ਬੈਠੇ ਅਤੇ ਮਰਦਾਨਾ ਤੇ ਲਹਿਣਾ ਭੀ ਬਾਬਾ ਜੀ ਦੇ ਪਾਸ ਬੈਠੇ ਤਾਂ ਭਗਤੀਏ ਕ੍ਰਿਸਾਨ ਜੀ ਦਾ ਸਾਂਗ ਲਿਆਏ ਅਰ ਸਭੋ ਜਗਤ ਤਮਾਸਾ ਦੇਖਣ ਆਇਆ ਅਤੇ ਜੋਗੀਆਂ ਵਲ ਕੋਈ ਜਾਵੇ ਹੀ ਨਹੀਂ ਅਤੇ ਲਛਮੀ ਆਨਕੇ ਲਗੀ ਭਗਤੀਆਂ ਨੂੰ ਵਰਸਣ ਤਾਂ ਜੋਗੀਆਂ

ਕਹਿਆ ਕਿ ਭਗਤੀਆਂ ਦੀ ਸੁਰਤ ਤਾਂ ਮਾਇਆ ਵਿਚ ਹੈ ਤਾਂ ਫਿਰ ਭੰਗਰਨਾਥ ਨੇ ਓਹ ਲੋਟਾ ਜੋ ਜਿਸਦੇ ਵਿਚ ਭਗਤੀਏ ਲਛਮੀ ਪਾਈ ਜਾਂਦੇ ਸੀ ਤਿਸਨੂੰ ਛਪਾਕੇ ਸਤਵੇਂ ਅਕਾਸ ਤੇ ਰਖ ਆਇਆ ਅਤੇ ਭਗਤੀਏ ਜਦ ਲੋਟਾ ਸਮਾਲਨ ਤਾਂ ਲੋਟਾ ਨਜਰ ਨਾ ਆਇਆ ਅਤੇ ਭਗਤੀਏ ਜਦ ਲੋਟਾ ਅਰ ਓਹ ਫਿਰ ਲਗੇ ਚਿੰਤਾ ਕਰਨ ਤਾਂ ਬਾਬਾ



ਜੀ ਨੇ ਓਥੇ ਬੈਠਿਆਂ ਹੀ ਲੋਟੇ ਨੂੰ ਸਤਵੇਂ ਅਕਾਸ ਥੀਂ ਹਥ ਪਾਕੇ ਕਢ ਲਇਆ ਅਰ ਐਸਾ ਅਸਚਰਜ ਕੀਤਾ ਕਿ ਅਜੇ ਭੰਗਰਨਾਥ ਆਂਵਦਾ ਹੀ ਸੀ ਜੋ ਅਗੇ ਹੀ ਫੇਰ ਭਗਤੀਏ ਗਾਵਣ ਲਗ ਪਏ ਤਾਂ ਏਹ ਚਰਿਤ੍ਰ ਨੂੰ ਦੇਖਕੇ ਜੋਗੀਆਂ ਨੇ ਰਿਸਕ ਖਾਧੀ ॥

ਪਉੜੀ ਚਾਲੀਸਵੀਂ ਚਲੀ ॥

ਖਾਧੀ ਖੁਣਸ ਜੋਗੀਸ਼ਰਾਂ ਗੋਸ਼ਟ ਕਰਨ ਸਭੇ ਉਠ ਆਈ ॥
ਪੁਛੇ ਜੋਗੀ ਭੰਗ੍ਰਨਾਥ ਤੁਹਿ ਦੁਧ ਵਿਚ ਕਿਉਂ ਕਾਂਜੀ ਪਾਈ ॥
ਫਿਟਿਆ ਚਾਟਾ ਦੁਧ ਦਾ ਰਿੜਕਿਆਂ ਮੱਖਣ ਹੱਥ ਨ ਆਈ ॥
ਭੇਖ ਉਤਾਰ ਉਦਾਸ ਦਾ ਵਤ ਕਿਉਂ ਸੰਸਾਰੀ ਰੀਤ ਚਲਾਈ ॥

ਨਾਨਕ ਆਖੇ ਭੰਗ੍ਰ ਨਾਥ ਤੇਰੀ ਮਾਉਂ ਕੁਚੱਜੀ ਆਈ ॥
ਭਾਂਡਾ ਧੋਇ ਨ ਜਾਤਿਓਨ ਭਾਇ ਕੁਚੱਜੇ ਫੁੱਲ ਸੜਾਈ ॥
ਹੋਇ ਅਤੀਤ ਗ੍ਰਿਹਸਤ ਤਜ ਫਿਰ ਉਨਹੂੰ ਕੇ ਘਰ ਮੰਗਣ ਜਾਈ ॥
ਬਿਨ ਦਿਤੇ ਕਿਛੁ ਹੱਥ ਨ ਆਈ ॥ ੪੦ ॥


ਬਾਬਾ ਜੀ ਅਚਲ ਵਟਾਲੇ ਗਏ

ਤਿਸਦਾ ਬੀਚਾਰ :--ਜੋਈ ਖੁਣਸ ਖਾ ਕੇ ਬਾਬੇ ਪਾਸ ਗੋਸਟ ਕਰਨ ਆਏ ਅਰ ਭੰਗਰਨਾਥ ਕਹਿਆ ਤੁਧ ਦੁਧ ਵਿਚ ਕਾਜੀ ਕਿਉਂ ਪਾਈ ਹੈ ਜੋ ਕਾਜੀ ਪਇਆਂ ਦੁਧ ਦਾ ਭਾਂਡਾ ਫਿਟ ਜਾਂਦਾ ਹੈ ਅਰ ਮਖਣ ਹਥ ਨਹੀਂ ਆਂਵਦਾ ਸੋ ਤੈਸੇ ਤੂੰ ਉਦਾਸ ਛਡਕੇ ਫੇਰ ਗ੍ਰਿਹਸਤੀ ਹੋਇਆ ਹੈਂ ਸੋ ਤੈਨੂੰ ਗਿਆਨ ਪ੍ਰਾਪਤ ਨ ਹੋਵੇਗਾ ਤਾਂ ਗੁਰੂ ਨਾਨਕ ਜੀ ਕਹਿਆ ਹੇ ਭੰਗਰ ਨਾਥ ਤੇਰੀ ਬੁਧਰੂਪੀ ਮਾਤਾ ਕੁਚਜੀ ਹੈ ਅਰ ਤੇਰਾ ਮਨਰੂਪੀ ਭਾਂਡਾ ਸੋ ਤੇਰੀ ਮਾਤਾ ਨੇ ਹਊਮੈਂ ਦੀ ਮੈਲ ਥੀ ਸੁਧ ਨਹੀਂ ਕੀਤਾ ਅਰ ਜਿਉ ਮੈਲੇ ਭਾਂਡੇ ਵਿਚ ਫੁਲਦੁਧਦਾ ਜੋ ਮਖਣ ਹੈ ਸੜ ਜਾਂਦਾ ਹੈ ਤੈਸੇ ਹਊਮੈਂ ਕਰ ਤੇਰਾ ਗਿਆਨ ਨਸਟ ਹੋ ਗਿਆ ਹੈ ਜੋ ਅਤੀਤ ਹੋ ਕੇ ਅਰ ਪਰਮੇਸਰ ਦਾ ਦੁਆਰਾ ਛਡਕੇ ਗ੍ਰਹਸਤੀਆਂ ਦੇ ਦੁਆਰੇ ਮੰਗਣ ਜਾਂਦੇ ਹੋ ਅਰ ਮਹਾਰਾਜ ਦੇ ਭਜਨ ਤੇ ਸਿਦਕ ਨਹੀਂ ਕਰਦੇ ਪਰ ਜੋ ਬੀਜਦਾ ਹੈ ਸੋ ਲੁਣਦਾ ਹੈ ਅਰ ਤੁਸੀਂ ਇਥੇ ਪੁਨ ਦਾਨ ਨਹੀਂ ਕਰਦੇ ਤਾਂਤੇ ਅਗੇ ਕੀ ਪਾਵੋਗੇ ਅਰ ਗ੍ਰਹਸਤੀ ਜੋ ਭਜਨ ਕਰਦੇ ਹਨ ਸੋ ਉਨਾਂ ਦੇ ਘਰ ਰਹਿੰਦਾ ਹੈ ਅਰ ਜੋ ਫਕੀਰਾਂ ਦੀ ਟਹਿਲ ਕਰਦੇ ਹਨ ਸੋ ਉਨਾਂ ਦੇ ਭਜਨ ਵਿਚੋਂ ਭੀ ਹਿਸਾ ਲੈਂਦੇ ਹਨ ਜੈਸੇ ਗਊ ਕਉ ਗੋਤ ਖਵਾਲੀਦਾ ਹੈ ਤਾਂ ਉਸਦਾ ਦੁਧ ਚੋਇ ਲਈਦਾ ਹੈ ॥

ਪਉੜੀ ਇਕਤਾਲੀਵੀਂ ਚਲੀ ॥

ਏਹ ਸੁਣ ਬਚਨ ਜੋਗੀਸਰਾਂ ਮਾਰ ਕਿਲਕ ਬਹੁ ਰੂਹ ਉਠਾਈ ॥
ਖਟ ਦਰਸ਼ਨ ਕਉ ਖੇਦਿਆ ਕਲਿਜੁਗ ਬੇਦੀ ਨਾਨਕ ਆਈ ॥
ਸਿਧ ਬੋਲਨ ਸਭ ਅਉਖਧੀਆਂ ਤੰਤ੍ਰ ਮੰਤ੍ਰ ਕੀ ਧੁਨੋਂ ਚੜਾਈ ॥
ਰੂਪ ਵਟਾਯਾ ਜੋਗੀਆਂ ਸਿੰਘ ਬਾਘ ਬਹੁ ਚਲਿਤ ਦਿਖਾਈ ॥
ਇਕ ਪਰ ਕਰਕੇ ਉਡਰਨ ਪੰਖੀ ਜਿਵੇਂ ਰਹੇ ਲੀਲਾਈ ॥
ਇਕ ਨਾਗ ਹੋਇ ਪਵਨ ਛੋਡ ਇਕਨਾ ਵਰਖਾ ਅਗਨ ਵਸਾਈ ॥
ਤਾਰੇ ਤੋੜੇ ਭੰਗ੍ਰਨਾਥ ਇਕ ਚੜ੍ਹ ਮਿਰਗਾਨੀ ਜਲ ਤਰ ਜਾਈ ॥
ਸਿੱਧਾਂ ਅਗਨਿ ਨ ਬੁਝੈ ਬੁਝਾਈ ॥ ੪੧ ॥

ਤਿਸਕਾ ਬੀਚਾਰ:--ਜੋਗੀਸਰਾਂ ਨੇ ਬਚਨ ਸੁਣਕੇ ਅਰ ਕਿਲਕਾਂ ਮਾਰਕੇ ਬਡੀ ਰੂਹ ਉਠਾਈ ਕਜੋਂ ਜੋ ਛਿਅ ਦਰਸਨਾਂ ਨੂੰ ਨਾਨਕ ਨੇ ਨਿੰਦਿਆਂ ਹੈ ਅਰ ਗ੍ਰਿਹਸਤੀ ਸਲਾਹੇ ਹਨ ਤਾਂਤੇ ਤੰਤ੍ਰਾਂ ਮੰਤ੍ਰਾਂ ਅਰ ਅਉਖਧੀਆਂ ਕਰਕੇ ਇਸਦੀ ਦੇਹ ਨੂੰ ਨਾਸ ਕਰੀਏ ਤਾਂ ਫਿਰ ਜੋਗੀ ਕੋਈ ਸਿੰਘ ਬਨਿਆ ਅਰ ਕੋਈ ਬਘੇਲਾ ਅਰ ਕਈ ਪੰਖੀ ਹੋ ਕੇ ਅਕਾਸ ਨੂੰ ਉਡਨ ਅਰ ਇਕ ਨਾਗ ਹੋਕੇ ਪਉਣ ਨੂੰ ਛੋਡਨ ਅਰ ਇਕ ਅਗਨ ਵਰਖਾਵਨ ਅਰ ਭੰਗਰਨਾਥ ਅਕਾਸ ਥੀ ਤਾਰੇ ਤੋੜ ਤੋੜ ਸੁਟੇ ਅਰ ਇਕ ਮਿਰਗਾਨੀ



ਤੇ ਚੜਕੇ ਜਲ ਤਰ ਜਾਵਨ ਸੋ ਸਿਧਾਂ ਦੀ ਕ੍ਰੋਧ ਦੀ ਅਗਨਿ ਬੁਝਾਈ ਬੁਝੇ ਨਹੀਂ ਤਾਂ ਬਾਬੇ ਸਤਨਾਮ ਦਾ ਮੰਤ੍ਰ ਪੜਕੇ ਕਰਦ ਮਰਦਾਨੇ ਦੇ ਹਥ ਦਿਤੀ ਅਰ ਕਹਿਆ ਕਿ ਜਿਤਨੀ ਇਹ ਸਾਧ ਸੰਗਤ ਖਲੋਤੀ ਹੈ ਸਭਨਾਂ ਦੇ ਦੁਆਲੇ ਰਾਮ ਕਾਰ ਕਢ ਆਇ ਸੋ ਜਾਂ ਮਰਦਾਨੇ ਰਾਮ ਕਾਰ ਕਢੀ ਤਾਂ ਜੋਗੀ ਕਾਰ ਦੇ ਬਾਹਰ ਆਪਨੇ ਬਲ ਦਿਖਾਵਨ ਅਰ ਕਾਰ ਦੇ ਅੰਦਰ ਬਲ ਕਿਸੇ ਦਾ ਚਲੇ ਨਹੀਂ ॥

ਪਉੜੀ ਬਤਾਲਵੀਂ ਚਲੀ॥

ਸਿੱਧ ਬੋਲੇ ਸੁਣ ਨਾਨਕਾ ਤੁਹਿ ਜਗ ਨੂੰ ਕਰਾਮਾਤ ਦਿਖਲਾਈ॥
ਕੁਝ ਦਿਖਾਇ ਅਸਾਂ ਭੀ ਤੂੰ ਕਿਉਂ ਢਿੱਲ ਅਜੇਹੀ ਲਾਈ॥
ਬਾਬਾ ਬੋਲੇ ਨਾਥ ਜੀ ਅਸਾਂ ਵੇਖੇ ਜੋਗੀ ਵਸਤੁ ਨ ਕਾਈ॥

ਗੁਰ ਸੰਗਤ ਬਾਨੀ ਬਿਨਾਂ ਦੂਜੀ ਓਟ ਨਹੀਂ ਹੈ ਰਾਈ॥
ਸ਼ਿਵ ਰੂਪੀ ਕਰਤਾ ਪੁਰਖ ਚੱਲੇ ਨਾਹੀਂ ਧਰਤਿ ਚਲਾਈ॥
ਸਿੱਧ ਤੰਤ੍ਰ ਮੰਤ੍ਰ ਕਰ ਝੜ ਪਏ ਸ਼ਬਦ ਗੁਰੂ ਕੈ ਕਲਾ ਛਪਾਈ॥
ਦਦੇ ਦਾਤਾ ਏਕ ਹੈ ਕਕੇ ਕੀਮਤਿ ਕਿਨੈ ਨ ਪਾਈ॥
ਸੋ ਦੀਨ ਨਾਨਕ ਸਤਿਗੁਰ ਸਰਨਾਈ॥ ੪੨॥

ਤਿਸਕਾ ਬੀਚਾਰ:--ਜੋਗੀ ਕਹਿਣ ਲਗੇ ਨਾਨਕ ਜੀ ਤੂੰ ਜਗਤ ਨੂੰ ਕੀ ਕਰਾਮਾਤ ਦਿਖਾਈ ਜੋ ਜਗਤ ਆਪਣੇ ਵਸ ਕੀਤਾ ਹੈ ਅਤੇ ਅਸਾਨੂੰ ਕੁਝ ਦਿਖਾਇ ਢਿਲ ਕਿਉਂ ਲਾਈ ਹੈ ਤਾਂ ਬਾਬਾ ਬੋਲਿਆ ਨਾਥ ਜੀ ਅਸਾਡੇ ਪਾਸ ਕਰਾਮਾਤ ਕਾਈ ਨਹੀਂ ਅਰ ਸਾਧ ਸੰਗਤ ਤੇ ਗੁਰਾਂ ਦੀ ਬਾਣੀ ਬਿਨਾਂ ਅਰ ਪਰਮੇਸਰ ਦੇ ਨਾਮ ਬਿਨਾਂ ਅਸਾਨੂੰ ਹੋਰ ਓਟ ਕਾਈ ਨਹੀਂ ਸੋ ਫਿਰ ਬਾਬਾ ਜੀ ਸਾਂਤ ਰੂਪ ਹੋ ਰਹਿਆ ਅਰ ਜੋਗੀਆਂ ਥੀ ਤੋਲਿਆ ਜਾਵੇ ਨਹੀਂ ਅਰ ਜੈਸੇ ਧਰਤੀ ਕਿਸੇ ਦੀ ਹਲਾਈ ਹਲਦੀ ਨਹੀਂ ਤੈਸੇ ਜੋਗੀ ਤੰਤ੍ਰ ਮੰਤ੍ਰ ਕਰਕੇ ਥਕ ਪਏ ਪਰ ਗੁਰੂ ਨਾਨਕ ਜੀ ਆਪਣੀ ਕਲਾ ਛਪਾ ਰਖੀ ਕਯੋਂਕਿ ਸਤਿਗੁਰੂ ਸਰਬ ਜੀਅ ਕਾ ਦਾਤਾ ਹੈ ਸੋ ਉਸਦੀ ਕੀਮਤ ਕੋਈ ਨਹੀਂ ਪਾ ਸਕਦਾ॥ ਅਰ ਮੈਂ ਜੋ ਹਾਂ ਦੀਨ ਹਾਂ ਅਰ ਸਤਿਗੁਰਾਂ ਦੇ ਨਾਮ ਦੀ ਸਰਨ ਹਾਂ॥

ਪਉੜੀ ਤ੍ਰਿਤਾਲਵੀ ਚਲੀ॥

ਬਾਬਾ ਬੋਲੇ ਨਾਥ ਜੀ ਸ਼ਬਦ ਸੁਨਹੁ ਸੱਚ ਮੁਖਹੁ ਅਲਾਈ॥
ਬਾਝਹੁ ਸਚੇ ਨਾਮ ਦੇ ਹੋਰ ਕਰਾਮਾਤ ਅਸਾਥੇ ਨਾਹੀ॥
ਬਸਤਰ ਪਹਿਰੋ ਅਗਨਿ ਕੇ ਬਰਫ ਹਿਮਾਲੇ ਮੰਦਰ ਛਾਈ॥
ਕਰੋ ਰਸੋਈ ਸਾਰ ਦੀ ਸਗਲੀ ਧਰਤੀ ਨੱਥ ਚਲਾਈ॥
ਏਵਡ ਕਰੀ ਵਿਥਾਰ ਕਉ ਸਗਲੀ ਧਰਤੀ ਹੱਕੀ ਜਾਈ॥
ਤੋਲੀ ਧਰਤਿ ਅਕਾਸ਼ ਦੁਇ ਪਿਛੇ ਛਾਬੇ ਟੰਕ ਚੜ੍ਹਾਈ॥
ਇਹ ਬਲ ਰੱਖਾਂ ਆਪ ਵਿਚ ਜਿਸ ਆਖਾਂ ਤਿਸ ਪਾਰ ਕਰਾਈ॥
ਸਤਿਨਾਮੁ ਬਿਨ ਬਾਦਰ ਛਾਈ॥ ੪੩॥

ਬਾਬੇ ਕਹਿਆ ਨਾਥ ਜੀ ਤੁਸੀਂ ਸਬਦ ਸੁਣੋ ਮੈਂ ਸਚ ਕਹਿੰਨਾ ਹਾਂ ਜੋ ਸਚੇ ਨਾਮ ਬਿਨਾਂ ਹੋਰ ਕਰਾਮਾਤ ਮੈਥੇ ਕੋਈ ਨਹੀਂ ਅਰ ਜੇ ਮੈਂ ਚਾਹਾਂ ਜੋ ਅਗਨਿ ਦੇ ਕਪੜੇ ਪਹਿਰਾਂ ਅਤੇ ਬਰਫ ਦੇ ਵਿਚ ਗੁਫਾ ਕਰਾਂ ਅਰ ਸਾਰ ਦੀ ਰਸੋਈ ਕਰਾਂ ਤੇ ਧਰਤੀ ਨਥ ਕਲਾਵਾਂ ਅਰ ਏਡਾ ਵਿਸਥਾਰ ਕਰਾਂ ਜੋ ਧਰਤੀ ਨੂੰ ਗਊ ਦੀ ਨਿਆਈ ਹਕੀ ਜਾਵਾਂ ਅਰ ਧਰਤੀ ਤੇ ਅਕਾਸ ਨੂੰ ਇਕ ਤਕੜੀ ਦੇ ਛਾਬੇ ਵਿਚ ਪਾਕੇ ਤੋਲਾਂ

ਅਰ ਇਕ ਪਾਸੇ ਚਾਰ ਤਤ ਪਾਕੇ ਤੋਲੀਏ ਸੋ ਏਹ ਬਲ ਆਪ ਵਿਚ ਰਖਨਾਂ ਤੇ ਜਿਸਨੂੰ ਆਖਾਂ ਉਸ ਪਾਸੋਂ ਏਹ ਕੰਮ ਕਰਾਈ ਪਰ ਸਤਿਨਾਮ ਤੀ ਬਗੈਰ ਸਭ ਬਦਲ ਦੀ ਛਾਂਇ ਵਤ ਹੈ ॥ ਮਾਝ ਦੀ ਵਾਰ ਦਾ ਸਲੋਕ ਮਹਲਾ ੧ ॥ ਪਹਿਰਾ ਅਗਨਿ ਹਿਵੈ ਘਰੁ ਬਾਧਾ ਭੋਜਨੁ ਸਾਰੁ ਕਰਾਈ ॥ ਸਗਲੇ ਦੂਖ ਪਾਣੀ ਕਰਿ ਪੀਵਾ ਧਰਤੀ ਹਾਕ ਚਲਾਈ ॥ ਧਰਿ ਤਾਰਾਜੀ ਅੰਬਰੁ ਤੋਲੀ ਪਿਛੈ ਟੰਕੁ ਚੜਾਈ ॥ ਏਵਡ ਵਧਾ ਮਾਵਾ ਨਾਹੀ ਸਭਸੈ ਨਥਿ ਚਲਾਈ ॥ ਏਤਾ ਤਾਣੁ ਹੋਵੈ ਮਨ ਅੰਦਰਿ ਕਰੀ ਭਿ ਆਖਿ ਕਰਾਈ ॥ ਜੇਵਡ ਸਾਹਿਬੁ ਤੇਵਡ ਦਾਤੀ ਦੇ ਦੇ ਕਰੇ ਰਜਾਈ ॥ ਨਾਨਕ ਨਦਰਿ ਕਰੇ ਜਿਸੁ ਉਪਰਿ ਸਚਿ ਨਾਮਿ ਵਡਿਆਈ ॥ ਤਿਸਦਾ ਬੀਚਾਰ--ਜੇ ਮੈਂ ਚਾਹਾਂ ਤਾਂ ਅਗਨ ਦੇ ਬਸਤਰ ਪਹਿਰਾਂ ਤੇ ਹਿਮਾਲੇ ਵਿਚ ਘਰ ਬੰਧਾਂ ਤੇ ਸਸਤ੍ਰਾਂ ਨੂੰ ਖਾ ਜਾਵਾਂ ਅਤੇ ਸਭਨਾਂ ਦੁਖਾਂ ਨੂੰ ਪਾਣੀ ਦੀ ਨਿਆਈ ਪੀਵਾਂ ਤੇ ਧਰਤੀ ਨੂੰ ਗਊ ਦੀ ਨਿਆਈ ਹਕ ਲੈ ਜਾਵਾਂ ਅਤੇ ਤਕੜੀ ਲੈਕਰ ਅਕਾਸ ਨੂੰ ਤੋਲੀ ਅਰ ਪਿਛੇ ਚਹੁਮਾਸੇ ਤਤਾਂ ਦਾ ਟੰਕ ਚੜਾਈ ਅਤੇ ਸਰੀਰ ਏਡਾ ਵਧਾਵਾਂ ਜੋ ਕਈ ਬ੍ਰਹਮੰਡਾਂ ਨੂੰ ਭੇਦ ਜਾਵਾਂ ਤੇ ਸਭਨਾਂ ਨੂੰ ਨਥ ਚਲਾਵਾਂ ਸੋ ਇਤਨਾ ਬਲ ਮੇਰੇ ਵਿਚ ਸਤਿਗੁਰੂ ਦਾ ਦਿਤਾ ਹੈ ਅਰ ਆਪ ਭੀ ਕਰਾਂ ਤੇ ਜਿਸਨੂੰ ਬਚਨ ਕਰਾਂ ਸੋ ਭੀ ਕਰੇ ਪਰ ਜਿਸ ਸਾਹਿਬ ਨੇ ਏਹ ਦਾਤ ਦਿਤੀ ਹੈ ਉਸਦੀ ਮੈ ਰਜਾਇ ਮੰਨਦਾ ਹਾਂ ਸੋ ਜਾਂ ਏਹ ਬਚਨ ਬਾਬੇ ਕਹੇ ਤਾਂ ਸਿਧਾਂ ਦੀ ਕਰਾਮਾਤ ਭੀ ਕੁਛ ਚਲੇ ਨਹੀਂ ਤਾਂ ਫਿਰ ਸਭੇ ਸਭਾ ਬਣਾਇਕਰ ਚਰਚਾ ਕਰਨ ਨੂੰ ਤਲਾਇ ਉਪਰ ਆਇ ਬੈਠੇ ਜੋ ਨਾਨਕ ਨੂੰ ਚਰਚਾ ਕਰਕੇ ਜੀਤੀਏ ਤਾਂ ਖਟਦਰਸਨ ਦੀ ਪੂਜਾ ਹੋਵੈ ਤਾਂ ਬਾਬੇ ਓਥੇ ਸਿਧਾਂ ਨਾਲ ਗੋਸਟ ਕੀਤੀ ॥



ਰਾਮਕਲੀ ਮਹਲਾ ੧ ਸਿਧ ਗੋਸਟ ੧ਓ ਸਤਿਗੁਰ ਪ੍ਰਸਾਦਿ ॥

ਸਿਧ ਸਭਾ ਕਰਿ ਆਸਣਿ ਬੈਠੇ ਸੰਤ ਸਭਾ ਜੈਕਾਰੋ ॥ ਤਿਸੁ ਆਗੈ ਰਹਰਾਸਿ ਹਮਾਰੀ ਸਾਚਾ ਅਪਰ ਅਪਾਰੋ ॥ ਮਸਤਕੁ ਕਾਟਿ ਧਰੀ ਤਿਸੁ ਆਗੈ ਤਨੁ

ਮਨੁ ਆਗੈ ਦੇਉ ॥ ਨਾਨਕ ਸੰਤੁ ਮਿਲੈ ਸਚੁ ਪਾਈਐ ਸਹਜ ਭਾਇ ਜਸੁ ਲੇਉ ॥ ੧ ॥

ਤਿਸਦਾ ਵੀਚਾਰ :--ਸਿਧ ਸਭਾ ਕਰਕੈ ਆਪਣੇ ਆਸਣਾਂ ਤੇ ਬੈਠੇ ਤਾਂ ਬਾਬੇ ਉਨਾਨੋ ਜੈਕਾਰ ਜਾ ਕਹਿਆ ਤਾਂ ਉਨਾਂ ਪੁਛਿਆ ਕਿਸਦੇ ਅਗੇ ਤੁਧ ਆਦੇਸ ਕੀਤੀ ਹੈ ਤਾਂ ਬਾਬੇ ਕਹਿਆ ਜੋ ਤੁਸਾਡੇ ਵਿਚ ਆਤਮ ਸਤਾ ਹੈ ਤਿਸਨੂੰ ਮੈਂ ਜੈਕਾਰ ਕੀਤਾ ਹੈ ਸੋ ਮਸਤਕ ਕਟਕੇ ਸੰਤਾਂ ਦੇ ਅਗੇ ਰਖਨਾ ਹਾਂ ਅਤੇ ਤਨ ਮਨ ਅਗੇ ਦੇਨਾ ਹਾਂ ਜੋ ਜਿਨਾਂ ਸੰਤਾਂ ਦੇ ਮਿਲਣਥੀ ਸਚ ਪ੍ਰਾਪਤਿ ਹੋਵੈ ਗੁਰੂ ਨਾਨਕ ਜੀ ਕਹਿੰਦੇ ਹੈਨ ਕਿ ਜਿਨਾਂ ਥੀਂ ਸਹਿਜ ਤੇ ਭਾਉ ਤੇ ਜਸ ਮਿਲਦਾ ਹੈ ॥ ਸੋ ਮੇਰਾ ਤਨ ਮਨ ਧਨ ਸਭ ਤਿਨਾਂ ਦਾ ਹੈ ॥ ੧ ॥ ਉਨਾਂ ਸਿਧਾਂ ਕਹਿਆ :--ਤੁਸੀਂ ਸਾਰੀ ਉਮਰ ਨਉਖੰਡ ਧਰਤੀ ਵਿਚ ਫਿਰਦੇ ਰਹੇ ਹੋ ਅਰ ਹੁਣ ਤੁਸੀਂ ਕਿਧਰੋਂ ਆਏ ਹੋ ਤਾਂ ਬਾਬਾ ਬੋਲਿਆ :--ਕਿਆ ਭਵੀਐ ਸਚਿ ਸੂਚਾ ਹੋਇ ॥ ਸਾਚ ਸਬਦ ਬਿਨੁ ਮੁਕਤਿ ਨ ਕੋਇ ॥ ੧ ॥ ਰਹਾਉ ॥ ਬਾਬੇ ਕਹਿਆ :--ਸਭ ਜਾਗਾਂ ਵਾਹਗੁਰੂ ਪੂਰਨ ਬ੍ਰਹਮ ਸਮਾਣਿਆ ਹੂਆ ਹੈ ਸੋ ਭਵਣਾਂ ਕਿਸਦੇ ਵਿਚ ਹੈ ਕਯੋਂ ਜੋ ਬ੍ਰਹਮ ਤੋਂ ਬਿਨਾਂ ਹੋਰ ਜਾਗਾਂ ਕੋਈ ਨਹੀਂ ਅਰ ਗੁਰਾਂ ਦੇ ਸਚੇ ਸਬਦ ਨੂੰ ਸੁਣਕੇ ਪਛਾਣੀਦਾ ਹੈ ਤਾਂ ਮੁਕਤ ਹੋਈਦਾ ਹੈ ਪਰ ਸਬਦ ਵਿਚ ਮਨ ਦਾ ਠਹਿਰਾਉ ਲੋੜੀਦਾ ਹੈ ॥

ਤਾਂ ਸਿਧਾਂ ਪੁਛਿਆ:--ਕਵਨੁ ਤੁਮੇ ਕਿਆ ਨਾਉ ਤੁਮਾਰਾ ਕਉਨ ਮਾਰਗੁ ਕਉਨੁ ਸੁਆਓ ॥ ਸਾਚੁ ਕਹਉ ਅਰਦਾਸਿ ਹਮਾਰੀ ਹਉ ਸੰਤ ਜਨਾ ਬਲਿ ਜਾਉ ॥ ਕਹ ਬੈਸਹੁ ਕਹ ਰਹੀਐ ਬਾਲੇ ਕਹ ਆਵਹੁ ਕਹ ਜਾਹੋ ॥ ਨਾਨਕੁ ਬੋਲੈ ਸੁਣਿ ਬੈਰਾਗੀ ਕਿਆ ਤੁਮਾਰਾ ਰਾਹੋ ॥ ੨ ॥ ਤਿਸਦਾ ਬੀਚਾਰ ਸਿਧਾਂ ਕਹਿਆ ਤੁਸੀਂ ਕਵਨ ਹੋ ਅਰ ਤੁਸਾਡਾ ਨਾਉ ਕਿਆ ਹੈ ਅਰ ਕਿਸ ਮਾਰਗ ਸੋ ਆਏ ਹੋ ਅਰ ਤੁਸਾਡਾ ਅਸਾਡੇ ਪਾਸ ਆਵਣ ਦਾ ਸੁਆਉ ਕੀ ਹੈ ਤਾਂ ਬਾਬੇ ਕਹਿਆ ਮੈਂ ਸਚ ਕਹਿਨਾਂ ਹਾਂ ਜੋ ਮੇਰੀ ਅਰਦਾਸ ਹੈ ਕਿ ਜਿਥੈ ਸੰਤਾਂ ਦਾ ਸਮਾਗਮ ਹੋਂਦਾ ਹੈ ਓਥੇ ਮੈਂ ਜਾ ਦਰਸਨ ਕਰਦਾ ਹਾਂ ਅਰ ਮੈਂ ਸੰਤਾਂ ਥੋਂ ਬਲਿਹਾਰੇ ਬਲਿਹਾਰੇ ਜਾਤਾ ਹੋਂ ਅਰ ਤੁਸੀਂ ਜੋ ਪੁਛਦੇ ਹੋ ਕਿ ਤੂੰ ਕੌਣ ਹੈਂ ਸੋ ਸਰੀਰ ਪੰਜਾਂ ਤਤਾਂ ਦਾ ਹੈ ਅਤੇ ਤੁਸ਼ੀਂ ਇਕ ਤਤ ਕੇਹੜੇ ਨੂੰ ਪੁਛਦੇ ਹੋ ਅਤੇ ਜੇ ਆਤਮਾਂ ਨੂੰ ਪੁਛਦੇ ਹੋ ਤਾਂ ਆਤਮਾਂ ਤੁਸਾਡੇ ਤੇ ਮੇਰੇ ਵਿਚ ਇਕ ਹੈ ਤਾਂਤੇ ਪੁਛਣਾ ਅਯੋਗ ਹੈ ਅਤੇ ਅਗੇ ਤਿੰਨ ਵਾਰੀ ਮੈਂ ਤੁਸਾਡੇ ਨਾਲ ਗੋਸਟ ਕੀਤੀ ਹੈ ਸੋਈ ਮੈਂ ਨਾਨਕ ਹਾਂ ਫੇਰ ਸ੍ਰੀ ਗੁਰੁ ਨਾਨਕ ਦੇਵ ਜੀ ਬੋਲਤੇ ਭਏ ॥

ਘਟਿ ਘਟਿ ਬੈਸ ਨਿਰੰਤਰਿ ਰਹੀਐ ਚਾਲਹਿ ਸਤਿਗੁਰ ਭਾਏ ॥ ਸਹਜੇ ਆਏ

ਹੁਕਮਿ ਸਿਧਾਏ ਨਾਨਕ ਸਦਾ ਰਜਾਏ ॥ ਆਸਣਿ ਬੈਸਣਿ ਥਿਰੁ ਨਾਰਾਇਣੁ
ਐਸੀ ਗੁਰਮਤਿ ਪਾਏ ॥ ਗੁਰਮੁਖਿ ਬੂਝੈ ਆਪੁ ਪਛਾਣੈ ਸਚੇ ਸਚਿ ਸਮਾਏ ॥ ੩ ॥

ਆਤਮਾ ਘਟਿ ਘਟਿ ਵਿਖੇ ਵਿਆਪ ਰਹਿਆ ਹੈ ਅਰ ਸਰਬ ਸਰੀਰਾਂ ਦੇ ਅੰਦਰ ਬਾਹਰ ਇਕ ਰਸ ਅਕਾਸ ਦੀ ਨਿਆਈਂ ਵਿਆਪਿਆ ਹੂਆ ਹੈ ਜੈਸੇ ਸੂਰਜ ਕਾ ਤੇਜ ਕੋਠਿਆਂ ਦੇ ਅੰਦਰ ਬਾਹਰ ਬਿਆਪ ਰਹਿਆ ਹੈ ਅਰ ਸੂਰਜ ਥੀ ਜੁਦਾ ਨਹੀਂ ਹੋਇਆ ਤੈਸੇ ਤੁਸਾਡੇ ਅਸਾਡੇ ਵਿਚ ਇਕੋ ਆਤਮਾਂ ਹੈ ਅਰ ਨਿਰੰਤਰ ਹੀ ਰਹਿੰਦਾ ਹੈ ਅਰ ਅਸੀਂ ਜੋ ਚਲਦੇ ਹਾਂ ਸਤਿਗੁਰਾਂ ਦੇ ਭਾਣੇ ਵਿਚ ਅਰ ਸਹਿਜੇ ਆਏ ਹਾਂ ਤੇ ਹੁਕਮ ਵਿਚ ਚਲਦੇ ਹਾਂ ਗੁਰੂ ਨਾਨਕ ਜੀ ਕਹਿੰਦੇ ਹੈਨ ਕਿ ਸਦਾ ਉਸਦੀ ਰਜਾਇ ਵਿਚ ਹਾਂ ਅਰਆਸਣ ਜੋ ਬੈਠੇ ਹਾਂ ਥਿਰ ਨਾਰਾਇਣ ਵਿਚ ਬੈਠੇ ਹਾਂ ਐਸੀ ਗੁਰਾਂ ਤੇ ਮਤ ਪਾਈ ਹੈ ਅਰ ਗੁਰਮੁਖਿ ਜੋ ਆਪਨੂੰ ਪਛਾਣਦੇ ਹਨ ਸੋ ਸਾਚੇ ਹੋਕੇ ਸਚ ਵਿਚ ਸਮਾ ਜਾਂਦੇ ਹਨ ॥ ੩ ॥ ਫੇਰ ਸਿਧਾਂ ਪੁਛਿਆ ਅਗਿਆਨ ਥੀ ਕਿਉਂਕਰ ਲੰਘੀਏ ॥ ਦੁਨੀਆ ਸਾਗਰੁ ਦੁਤਰੁ ਕਹੀਐ ਕਿਉ ਕਰਿ ਪਾਈਐ ਪਾਰੋ ॥ ਚਰਪਟੁ ਬੋਲੈ ਅਉਧੂ ਨਾਨਕ ਦੇਹੁ ਸਚਾ ਬੀਚਾਰੋ ॥ ਆਪੇ ਆਖੈ ਆਪੇ ਸਮਝੈ ਤਿਸੁ ਕਿਆ ਉਤਰੁ ਦੀਜੈ ॥ ਸਾਚੁ ਕਹਹੁ ਤੁਮ ਪਾਰਗਰਾਮੀ ਤੁਝੁ ਕਿਆ ਬੈਸਣੁ ਦੀਜੈ ॥ ੪ ॥

ਤਿਸਕਾ ਬੀਚਾਰ:--ਜਗਤ ਅਗੰਮ ਸਾਗਰ ਹੈ ਅਰ ਤਰਿਆ ਅਉਖਾ ਜਾਂਦਾ ਹੈ ਸੋ ਇਸਦਾ ਪਾਰ ਕਿਸ ਪ੍ਰਕਾਰ ਪਾਈਐ ਚਰਪਟ ਬੋਲਿਆ ਅਉਧੂਤ ਜੋ ਨਾਨਕ ਜੀ ਸਚ ਦਾ ਵੀਚਾਰ ਅਸਾਨੂੰ ਦਸ ਤਾਂ ਬਾਬੇ ਆਖਿਆ ਆਖਣ ਵਾਲਾ ਭੀ ਆਤਮਾਂ ਹੈ ਜੋ ਪ੍ਰਾਣ ਵਿਚ ਸਤਾ ਦੇਕੈ ਪਇਆ ਬੋਲਦਾ ਹੈ ਅਰ ਮਨ ਵਿਚ ਸਤਿਆ ਦੇਕੈ ਸਮਝਦਾ ਹੈ ਸੋ ਤਿਸਨੂੰ ਦੂਜਾ ਉਤ੍ਰ ਦੇਣ ਹਾਰਾ ਕਉਣ ਹੈ ਅਰ ਮੈਂ ਸਚਿ ਕਹਿਨਾਂ ਹਾਂ ਕਿ ਤੂੰ ਅਗਿਆਨ ਕੇ ਗ੍ਰਾਮਸੇ ਪਾਰ ਉਤਰਿਆ ਹੈ ਤਾਂਤੇ ਤੈਨੂੰ ਕੇ ਉਪਦੇਸ ਕਰਨਾ ਹੈ ਅਰ ਜੇ ਅਗਿਆਂਨੀ ਕਹੇ ਤਾਂ ਉਪਦੇਸ ਭੀ ਕਰੀਏ ॥ ੪ ॥ ਬਾਬੇ ਕਹਿਆ:--

ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥ ਸੁਰਤਿ ਸਬਦਿ ਭਵ
ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥ ਰਹਹਿ ਇਕਾਂਤਿ ਏਕੋ ਮਨਿ ਵਸਿਆ
ਆਸਾ ਮਹਿ ਨਿਰਾਸੋ ॥ ਅਗਮੁ ਅਗੋਚਰੁ ਦੇਖਿ ਦਿਖਾਏ ਨਾਨਕੁ ਤਾ ਕਾ
ਦਾਸੋ ॥ ੫ ॥

ਤਿਸਕਾ ਬੀਚਾਰ:--ਜੈਸੇ ਜਲ ਵਿਚ ਕਵਲ ਹੋਂਦਾ ਹੈ ਤੇ ਨਿਰਾਲਾ ਰਹਿੰਦਾ ਹੈ ਅਰ ਧਿਆਨ ਸੂਰਜ ਵਲ ਹੋਂਦਾ ਹੈਸ ਸੋ ਜਲ ਉਸਨੂੰ ਸਪਰਸ ਨਹੀਂ ਕਰਦਾ ਅਰ ਮੁਰਗਾਈ ਆਪਣੇ ਪਰਾਂ ਨੂੰ ਸੰਕੋਚਕੇ ਨਦੀ ਤਰਦੀ ਹੈ ਤੈਸੇ ਸੁਰਤਿ ਅਨਾਹਦ ਦੇ

ਸਬਦ ਵਲ ਰਖੀਏ ਤਾਂ ਭਉਸਾਗਰ ਨੂੰ ਤਰੀਦਾ ਹੈ ਗੁਰੂ ਨਾਨਕ ਜੀ ਕਹਿੰਦੇ ਹਨ ਕਿ ਨਾਮ ਦਾ ਬਖਿਆਨ ਕਰੀਏ ਅਰ ਇਕ ਵਾਹਗੁਰੂ ਨੂੰ ਮਨ ਵਿਚ ਵਸਾਈਐ ਏਹੀ ਇਕਾਂਤ ਦੇਸ ਹੈ ਅਰ ਜਿਤਨੀਆਂ ਆਸਾਂ ਹਨ ਸਭ ਝੂਠ ਕਰ ਜਾਣੀਐ ਏਹਾਂ ਆਸਾ ਵਿਚ ਨਿਰਾਸ ਰਹਿਣਾ ਹੈ ਅਰ ਵਾਹਗੁਰੂ ਮੰਨਦੀ ਗੰਮਤਾ ਵਿਚ ਨਹੀਂ ਅਤੇ ਇੰਦ੍ਰੀਆਂ ਦੇ ਵਿਚਾਰਨ ਵਿਚ ਨਹੀਂ ਆਂਵਦਾ ਅਰ ਜੋ ਗਿਆਨ ਕਰਕੇ ਆਪ ਭੀ ਦੇਖੈ ਤੇ ਜਗਿਆਸੀਆਂ ਨੂੰ ਦਿਖਾ ਭੀ ਦੇਵੈ ਗੁਰ ਨਾਨਕ ਦੇਵ ਜੀ ਕਹਿੰਦੇ ਹਨ ਮੈਂ ਤਾਕਾ ਦਾਸ ਹਾਂ ॥ ੫ ॥

ਸੁਣਿ ਸੁਆਮੀ ਅਰਦਾਸਿ ਹਮਾਰੀ ਪੂਛਉ ਸਾਚੁ ਬੀਚਾਰੋ ॥ ਰੋਸੁ ਨ ਕੀਜੈ ਉਤਰੁ ਦੀਜੈ ਕਿਉ ਪਾਈਐ ਗੁਰ ਦੁਆਰੋ ॥ ਇਹੁ ਮਨੁ ਚਲਤਉ ਸਚ ਘਰਿ ਬੈਸੈ ਨਾਨਕ ਨਾਮੁ ਅਧਾਰੋ ॥ ਆਪੇ ਮੇਲਿ ਮਿਲਾਏ ਕਰਤਾ ਲਾਗੈ ਸਾਚਿ ਪਿਆਰੋ ॥ ੬ ॥

ਤਿਸਦਾ ਬੀਚਾਰ :--ਸਿਧਾਂ ਕਹਿਆ ਸੁਆਮੀ ਅਸਾਡੀ ਅਰਦਾਸ ਹੈ ਅਰ ਸਚਦਾ ਵੀਚਾਰ ਪੁਛਨੇ ਹਾਂ ਸੋ ਤੁਸਾਂ ਉਤਰ ਦੇਂਦਿਆਂ ਰੋਸ ਨਹੀਂ ਕਰਨਾ ਅਰ ਉਤਰ ਦੇਣਾ ਜੋ ਗੁਰਾਂ ਦਾ ਦੁਆਰਾ ਕਿਉਂ ਕਰ ਪਾਈਐ ਅਰ ਮਨ ਜੋ ਚਲਾਇਮਾਨ ਹੈ ਸੋ ਏਹ ਸਚ ਦੇ ਘਰ ਕਿਉਂਕਰ ਬੈਠੇ ਅਰ ਨਾਮ ਨਾਲ ਪਿਆਰ ਕਿਉਂਕਰ ਹੋਵੈ ਗੁਰੂ ਨਾਨਕ ਜੀ ਕਹਿੰਦੇ ਹਨ ਕਿ ਆਪ ਕਰਤਾ ਦਇਆ ਕਰੇ ਤਾਂ ਸਾਧਸੰਗਤ ਨਾਲ ਮਿਲਾਏ ਅਤੇ ਤਦ ਇਸਨੂੰ ਸਚ ਪਿਆਰਾ ਲਗੇ ਅਤੇ ਅਗਿਆਨ ਮਿਟੇ ॥੬॥

ਹਾਟੀ ਬਾਟੀ ਰਹਹਿ ਨਿਰਾਲੇ ਰੂਖਿ ਬਿਰਖਿ ਉਦਿਆਨੇ ॥ ਕੰਦ ਮੂਲੁ ਅਹਾਰੋ ਖਾਈਐ ਅਉਧੂ ਬੋਲੈ ਗਿਆਨੇ ॥ ਤੀਰਥਿ ਨਾਈਐ ਸੁਖੁ ਫਲੁ ਪਾਈਐ ਮੈਲੁ ਨ ਲਾਗੈ ਕਾਈ ॥ ਗੋਰਖ ਪੂਤੁ ਲੁਹਾਰੀ ਪਾ ਬੋਲੈ ਜੋਗ ਜੁਗਤਿ ਬਿਧਿ ਸਾਈ ॥ ੭ ॥ ਤਿਸਦਾ ਵੀਚਾਰ :--ਗੋਰਖ ਦਾ ਸਿਖ ਲੋਹਾਰੀਪਾ ਸਿਧ ਬੋਲਿਆ ਕਿ ਅਸੀਂ ਹਟਾਂ ਤੇ ਬਾਂਟਾ ਤੋ ਨਿਰਾਲੇ ਰਹਿੰਦੇ ਹਾਂ ਅਰ ਰੁਖਾਂ ਬਿਰਖਾਂ ਦੇ ਉਦਿਆਨ ਵਿਚ ਰਹਿੰਦੇ ਹਾਂ ਅਰ ਕੰਦ ਮੂਲ ਅਹਾਰ ਖਾਂਦੇ ਹਾਂ ਸੋ ਅਉਧੂ ਏਹ ਅਸਾਡਾ ਗਿਆਨ ਹੈ ਅਰ ਤੀਰਥਾਂ ਤੇ ਨਾਵਨੇ ਹਾਂ ਅਰ ਸੁਖ ਫਲ ਪਾਂਵਦੇ ਹਾਂ ਤਾਂ ਤੇ ਅਸਾਨੂੰ ਪਾਪ ਦੀ ਮੈਲ ਕੋਈ ਨਹੀਂ ਲਗਦੀ ਅਰ ਅਸਾਨੂੰ ਗੋਰਖ ਨੇ ਜੋਗ ਦੀ ਜੁਗਤ ਦਾ ਏਹਾ ਉਪਦੇਸ ਕੀਤਾ ਹੈ ॥੭॥ ਤਾਂ ਫਿਰ ਬਾਬਾ ਜੀ ਬੋਲਤੇ ਭਏ ॥ ਹਾਟੀ ਬਾਟੀ ਨੀਦ ਨ ਆਵੈ ਪਰ ਘਰਿ ਚਿਤੁ ਨ ਡੋਲਾਈ ॥ ਬਿਨੁ ਨਾਵੈ ਮਨੁ ਟੇਕ ਨ ਟਿਕਈ ਨਾਨਕ ਭੂਖ ਨ ਜਾਈ ॥ ਹਾਟ ਪਟਣੁ ਘਰੁ ਗੁਰੂ ਦਿਖਾਇਆ ਸਹਜੇ ਸਚੁ ਵਾਪਾਰੋ ॥ ਖੰਡਿਤ ਨਿਦ੍ਰਾ ਅਲਪ ਅਹਾਰੰ

ਨਾਨਕ ਤਤੁ ਬੀਚਾਰੋ ॥ ੮ ॥ ਤਿਸਦਾ ਵੀਚਾਰ :--ਗੁਰੂ ਨਾਨਕ ਜੀ ਬੋਲੇ ਹਾਂਟਾ ਬਾਟਾਂ ਜਿਥੇ ਇਛਾ ਹੋਵੈ ਰਹੇ ਪਰ ਅਗਿਆਨ ਦੀ ਨੀਂਦ ਇਸਨੂੰ ਨਾ ਆਵੈ ਅਰ ਪਰਾਏ ਘਰ ਇਸਦਾ ਚਿਤ ਡੋਲੈ ਨਹੀਂ ਪਰ ਜਉਲਗ ਇਸ ਦੇ ਪ੍ਰਾਣਾਂ ਵਿਚ ਨਾਮ ਦਾ ਪਰਚਾ ਹੋਵੈ ਨਹੀਂ ਤਉਲਗ ਮਨ ਠਹਿਰਦਾ ਨਹੀਂ ਅਰ ਇਸਦੇ ਮਨ ਦੀ ਤ੍ਰਿਸਨਾ ਰੂਪੀ ਭੁਖ ਨਹੀਂ ਜਾਂਦੀ ਅਰ ਹਟ ਪਟਣ ਸਭ ਗੁਰੂ ਦਿਖਾਏ ਹਨ ਸੋ ਜੋ ਇਸ ਵਿਚ ਸਹਜ ਹੋਵੈ ਅਤੇ ਸਚ ਸਮਾਵੈ ਅਰ ਥੋੜੀ ਨਿੰਦ੍ਰਾ ਕਰੇ ਅਰ ਅਲਪ ਅਹਾਰ ਕਰੇ ਅਰ ਤਤ ਨੂੰ ਵਿਚਾਰੇ ਤਾਂ ਭਾਵੇਂ ਕਿਥੇ ਰਹੇ ਦਰਸਨੁ ਭੇਖ ਕਰਹੁ ਜੋਗਿੰਦ੍ਰਾ ਮੁੰਦ੍ਰਾ ਝੋਲੀ ਖਿੰਥਾ ॥ ਬਾਰਹ ਅੰਤਰਿ ਏਕੁ ਸਰੇਵਹੁ ਖਟੁ ਦਰਸਨ ਇਕ ਪੰਥਾ ॥ ਇਨ ਬਿਧਿ ਮਨੁ ਸਮਝਾਈਐ ਪੁਰਖਾ ਬਾਹੁੜਿ ਚੋਟ ਨ ਖਾਈਐ ॥ ਨਾਨਕੁ ਬੋਲੈ ਗੁਰਮੁਖਿ ਬੂਝੈ ਜੋਗ ਜੁਗਤਿ ਇਵ ਪਾਈਐ ॥ ੮ ॥ ਸਿਧਾਂ ਆਖਿਆ:--ਅਸਾਡੇ ਦਰਸਨ ਦਾ ਤੁਸੀਂ ਭੇਖ ਕਰਹੁ ਅਰ ਸਭਨਾਂ ਜੋਗੀਆਂ ਦਾ ਤੁਸਾਂਨੂੰ ਸਰਦਾਰ ਕਰੀਏ ਅਰ ਮੁੰਦ੍ਰਾਂ ਪਹਿਰੋ ਤੇ ਝੋਲੀ ਲਵੋ ਅਰ ਖਿੰਥਾ ਭੀ ਲਵੋ ਅਰ ਬਾਰਹ ਪੰਥ ਜੋਗੀਆਂ ਦੇ ਹਨ ਸੋ ਜੇਹੜਾ ਤੁਸਾਨੂੰ ਭਾਵੇ ਸੋ ਇਕ ਭੇਖ ਇਨਾਂ ਵਿਚੋਂ ਲਵੋ ਕਜੋਂ ਜੋ ਖਟ ਦਰਸਨਾ ਵਿਖੇ ਮੁਖ ਪੰਥ ਜੋਗੀਆਂ ਦਾ ਹੈ ਅਤੇ ਜੇ ਜੋਗ ਦੀ ਬਿਧਿ ਕਰ ਮਨ ਨੂੰ ਸਮਝਾਈਐ ਤ ਸੰਸੇ ਵਿਪਰਜੇ ਦੀ ਚੋਟ ਨਹੀਂ ਖਾਈਐ ਗੁਰੂ ਨਾਨਕ ਜੀ ਨੂੰ ਕਹਿੰਦੇ ਹਨ ਜੋ ਸਿਧ ਬੋਲੇ ਕਿ ਅਸਾਡੇ ਬਚਨ ਨੂੰ ਜੋ ਗੁਰਮੁਖਿ ਹੋਵੈ ਸੋ ਬੁਝੈ ਪਰ ਜੋਗ ਦੀ ਜੁਗਤ ਪ੍ਰਾਣਾਂ ਦੇ ਸੰਜਮ ਕਰ ਹੋਂਦੀ ਹੈ ॥ ੯ ॥

ਅੰਤਰਿ ਸਬਦੁ ਨਿਰੰਤਰਿ ਮੁੰਦ੍ਰਾ ਹਉਮੈ ਮਮਤਾ ਦੂਰਿ ਕਰੀ ॥ ਕਾਮੁ ਕ੍ਰੋਧੁ ਅਹੰਕਾਰੁ ਨਿਵਾਰੈ ਗੁਰ ਕੈ ਸਬਦਿ ਸੁ ਸਮਝ ਪਰੀ ॥ ਖਿੰਥਾ ਝੋਲੀ ਭਰਿਪੁਰਿ ਰਹਿਆ ਨਾਨਕ ਤਾਰੈ ਏਕੁ ਹਰੀ ॥ ਸਾਚਾ ਸਾਹਿਬੁ ਸਾਚੀ ਨਾਈ ਪਰਖੈ ਗੁਰ ਕੀ ਬਾਤ ਖਰੀ ॥ ੧੦ ॥

ਬਾਬਾ ਬੋਲਿਆ--ਅੰਤਰ ਮੇਰੇ ਗੁਰਾ ਕਾ ਸਬਦ ਆਇਆ ਹੈ ਅਤੇ ਜੈਸੇ ਮੁਖ ਦਾ ਪ੍ਰਤਬਿੰਬ ਆਰਸੀ ਮੈ ਭਾਸਦਾ ਹੈ ਅਰ ਪ੍ਰਤਿਬਿੰਬ ਝੂਠ ਹੈ ਤੇ ਬਿੰਬ ਸਚ ਹੈ ਤੈਸੇ ਆਤਮਾ ਦਾ ਪ੍ਰਤਬਿੰਬ ਅਵਿਦਯਾ ਵਿਚ ਜਗਤ ਹੋ ਭਾਸਦਾ ਹੈ ॥ ਸੋ ਜਗਤ ਝੂਠ ਹੈ ਅਰ ਆਤਮਾਂ ਸਚ ਹੈ ਤਾਂਤੇ ਏਹ ਮੁੰਦ੍ਰਾ ਮੈ ਨਿਰੰਤਰ ਪਹਿਰੀਆ ਹੈ ਅਰ ਸਰੀਰ ਤੇ ਜੋ ਮੈਨੂੰ ਹਉਮੈ ਸੀ ਅਤੇ ਪਦਾਰਥਾਂ ਤੇ ਮਮਤਾ ਸੀ ਸੋ ਗੁਰਪ੍ਰਸਾਦ ਦੂਰ ਹੋਈ ਹੈ ਅਰ ਕਾਮ ਕ੍ਰੋਧ ਅਹੰਕਾਰ ਰੂਪੀ ਜੋ ਮਨ ਨੂੰ ਲਗੀਆਂ ਸੀਆਂ ਸੋ ਗੁਰਾਂ ਦੇ ਸਬਦ ਸਮਝ ਕਰ ਦੂਰ ਹੋ ਗਈਆਂ ਹਨ ਸੋ ਏਹ ਖਿੰਥਾ ਅਰ ਝੋਲੀ ਪਹਿਰੀ ਹੈ ਅਤੇ ਜੋ ਸਰਬ ਵਿਚ

ਆਤਮਾ ਜਾਤਾ ਹੈ ਸੋ ਭੀ ਖਿੰਥਾ ਪਹਿਰੀ ਹੈ ਗੁਰੂ ਨਾਨਕ ਜੀ ਕਹਿੰਦੇ ਹੈਨ ਕਿ ਏਕ ਪਰਮੇਸਰ ਦਾ ਨਾਮ ਤਾਰਦਾ ਹੈ ਅਰ ਜੈਸਾ ਓਹ ਸਚਾ ਸਾਹਿਬ ਹੈ ਤੈਸਾ ਉਸਦਾ ਨਾਮ ਭੀ ਸਚਾ ਹੈ ਪਰ ਉਸ ਨੂੰ ਗੁਰਾਂ ਦੀ ਬਾਤ ਕਰਕੇ ਸਚਾ ਪਰਖੀਦਾ ਹੈ ॥ ੧੦ ॥ ਊਂਧਉ ਖਪਰੁ ਪੰਚ ਭੂ ਟੋਪੀ॥ ਕਾਂਇਆ ਕੜਾਸਣੁ ਮਨੁ ਜਾਗੋਟੀ ॥ ਸਤੁ ਸੰਤੋਖੁ ਸੰਜਮੁ ਹੈ ਨਾਲਿ ॥ ਨਾਨਕ ਗੁਰਮੁਖਿ ਨਾਮੁ ਸਮਾਲਿ ॥ ੧੧ ॥ ਫੇਰ ਗੁਰੂ ਨਾਨਕ ਜੀ ਕਹਿੰਦੇ ਹੈਨ ਕਿ ਜੈਸੇ ਅਤੀਤ ਪ੍ਰਸਾਦ ਖਾਂਦੇ ਹੈਨ ਅਤੇ ਖਪਰ ਨੂੰ ਊਂਧਾ ਕਰ ਰਖਦੇ ਹੈਨ ਤੈਸੇ ਮਨਰੂਪੀ ਖਪਰ ਨੂੰ ਆਸਾ ਰੂਪੀ ਭਿਖਿਆ ਥੀ ਉਲਟਾ ਕਰੇ ਅਰ ਪੰਜ ਦੈਵੀ ਸੰਪਤਾ ਦੇ ਗੁਣ ਜੋ ਹੈਨ ਤਿਨਾਂ ਦੀ ਟੋਪੀ ਕਰੇ ਅਥਵਾ ਪੰਜ ਭੂਤਾਂ ਦਾ ਜੋ ਸਰੀਰ ਹੈ ਅਰ ਏਹ ਜੋ ਇਸਦੇ ਮਨ ਵਿਚ ਧਾਰਿਆ ਹੋਇਆ ਹੈ ਸੋ ਗਿਆਨ ਕਰਕੈ ਆਪਣੇ ਮਨ ਨੂੰ ਦੇਹ ਅਭਿਮਾਨ ਥੀ ਰਹਿਤ ਕਰੇ ਅਤੇ ਕਾਇਆ ਨੂੰ ਕੜਦਾ ਹੈ ਜੋ ਜਪ ਤਪ ਸੰਜਮ ਵਰਤ ਕਰਾਂਵਦੇ ਹੈਂਨ ॥ ਅਤੇ ਮਨ ਨੂੰ ਗਿਆਨ ਕਰਕੇ ਜਗਾਵੇ ਸੋ ਏਹ ਜਗੋਟੀ ਕਰੇ ਅਰ ਸਤ ਜੋ ਹੈ ਸਚ ਜਾਣਨਾ ਤੇ ਸਚ ਕਮਾਵਣਾ ਅਤੇ ਯਥਾ ਲਾਭ ਸੰਤੁਸਟ ਰਹਿਣਾ ਅਤੇ ਪ੍ਰਾਣਾ ਦਾ ਸੰਜਮ ਕਰਨਾ ਜੋ ਨਾਮ ਬਿਨਾ ਬਿਰਥੇ ਸਾਸ ਨ ਜਾਵਨ ਸੋ ਇਨਾਂ ਕਰਮਾਂ ਦਾ ਸੰਗ ਕਰੇ ਤੇ ਗੁਰਮੁਖਾਂ ਦਾ ਸੰਗ ਕਰੇ ਅਤੇ ਗੁਰਾਂ ਦਾ ਵਚਨ ਮਨ ਵਿਚ ਵਸਾਵੇ ਅਰ ਆਠ ਪਹਰ ਨਾਮ ਚਿਤਾਰਦਾ ਰਹੇ ॥੧੧॥

ਕਵਨੁ ਸੁ ਗੁਪਤਾ ਕਵਨੁ ਸੁ ਮੁਕਤਾ ॥ ਕਵਨੁ ਸੁ ਅੰਤਰਿ ਬਾਹਰਿ ਜੁਗਤਾ ॥ ਕਵਨੁ ਸੁ ਆਵੈ ਕਵਨੁ ਸੁ ਜਾਇ ॥ ਕਵਨੁ ਸੁ ਤ੍ਰਿਭਵਣਿ ਰਹਿਆ ਸਮਾਇ ॥ ੧੨ ॥ ਘਟਿ ਘਟਿ ਗੁਪਤਾ ਗੁਰਮੁਖਿ ਮੁਕਤਾ ॥ ਅੰਤਰਿ ਬਾਹਰਿ ਸਬਦਿ ਸੁ ਜੁਗਤਾ ॥ ਮਨਮੁਖਿ ਬਿਨਸੈ ਆਵੈ ਜਾਇ ॥ ਨਾਨਕ ਗੁਰਮੁਖਿ ਸਾਚਿ ਸਮਾਇ ॥੧੩॥ ਕਿਉ ਕਰਿ ਬਾਧਾ ਸਰਪਨਿ ਖਾਧਾ ॥ ਕਿਉ ਕਰਿ ਖੋਇਆ ਕਿਉ ਕਰਿ ਲਾਧਾ ॥ ਕਿਉ ਕਰਿ ਨਿਰਮਲੁ ਕਿਉ ਕਰਿ ਅੰਧਿਆਰਾ ॥ ਇਹੁ ਤਤੁ ਬੀਚਾਰੈ ਸੁ ਗੁਰੂ ਹਮਾਰਾ ॥ ੧੪ ॥ ਤਾਂ ਸਿਧਾਂ ਪੁਛਿਆ ਕਿ ਪਰਮਾਤਮਾ ਗੁਪਤ ਕਿਥੇ ਹੈ ਅਰ ਪਰਗਟ ਕਿਥੇ ਹੈ ਅਰ ਅੰਤਰਿ ਬਾਹਰ ਇਕ ਰਸ ਕਿਥੇ ਹੈ ਅਤੇ ਆਂਵਦਾ ਜਾਂਵਦਾ ਕਿਉਂਕਰ ਹੈ ਅਤੇ ਸਮਾਇ ਕਿਉਂਕਰ ਰਹਿੰਦਾ ਹੈ ॥੧੨॥ ਤਾਂ ਬਾਬੇ ਕਹਿਆ ਜੈਸੇ ਸਾਰੀ ਧਰਤੀ ਵਿਚ ਜਲ ਗੁਪਤ ਹੈ ਅਰ ਜਿਥੇ ਅਵਰਨ ਨਹੀਂ ਤਿਥੇ ਪ੍ਰਗਟ ਹੈ ਤੈਸੇ ਅਗਿਆਨ ਵਿਚ ਆਤਮਾ ਗੁਪਤ ਹੈ ਅਤੇ ਗਿਆਨ ਕਰ ਪ੍ਰਗਟ ਹੋਂਦਾ ਹੈ ॥੧੩॥ ਤਾਂ ਸਿਧਾਂ ਪੁਛਿਆ ਏਹ ਮਨ ਅਗਿਆਨ ਦੇ ਬੰਧਨ ਵਿਚ ਕਿਉਂਕਰ ਬਾਧਾ ਹੈ ਅਤੇ ਅਵਿਦਿਆ ਰੂਪੀ ਸਰਪਨੀ ਨੇ ਕਿਉਂਕਰ ਖਾਧਾ ਹੈ ਅਤੇ ਏਹ ਤਾਂ ਬ੍ਰਹਮ ਸਰੂਪ ਹੈਸੀ ਇਸਨੇ ਆਪਣਾ

ਸਰੂਪ ਕਿਉਂ ਕਰ ਗਵਾਇਆ ਹੈ ਅਰ ਫੇਰ ਕਿਸਨੂੰ ਮਿਲਕੇ ਲਧਾ ਹੈ॥ ਅਰ ਏਹ ਮਨ ਨਿਰਮਲ ਕਿਉਂਕਰ ਹੋਵੈ ਅਤੇ ਮੈਲਾ ਕਿਉਂਕਰ ਹੋਇਆ ਹੈ ਤੇ ਜੋ ਇਸ ਤਤ ਗਿਆਨ ਦਾ ਵਿਚਾਰ ਦੇਵੈ ਸੋਈ ਅਸਾਡਾ ਗੁਰੂ ਹੈ ॥੧੪॥ ਦੁਰਮਤਿ ਬਾਧਾ ਸਰਪਨਿ ਖਾਧਾ ॥ ਮਨਮੁਖਿ ਖੋਇਆ ਗੁਰਮੁਖਿ ਲਾਧਾ ॥ ਸਤਿਗੁਰੁ ਮਿਲੈ ਅੰਧੇਰਾ ਜਾਇ ॥ ਨਾਨਕ ਹਉਮੈ ਮੇਟਿ ਸਮਾਇ ॥ ੧੫ ॥ ਤਿਸਦਾ ਬਿਚਾਰ ਬਾਬਾ ਜੀ ਕਹੇ ਹੈਂ ਕਿ ਦੁਰਮਤ ਜੋ ਮਨ ਵਿਚ ਵਿਖਿਆ ਦੀ ਪ੍ਰੀਤ ਹੈ ਸੋ ਇਸਦਾ ਬਧਾ ਹੋਇਆ ਦੇਹ ਦੇ ਭੋਗਾਂ ਵਿਚ ਫਾਥਾ ਹੋਇਆ ਹੈ ਅਰ ਅਵਿਦਿਆ ਰੂਪੀ ਸਰਪਨੀ ਨੇ ਖਾਧਾ ਹੈ ਅਤੇ ਜਿਨਾਂ ਮਨ ਵਲ ਮੁਖ ਕੀਤਾ ਹੈ ਓਨਾ ਆਤਮ ਗਿਆਨ ਖੋਇਆ ਅਤੇ ਜਿਨਾਂ ਗੁਰੂ ਵਲ ਮੁਖਿ ਕੀਤਾ ਹੈ ਓਨਾ ਆਤਮ ਗਿਆਨ ਲਧਾ ਹੈ ਅਰ ਜੋ ਸਤਿਗੁਰੂ ਨੋ ਮਿਲਦੇ ਹਨ ਤਾਂ ਓਨਾਂ ਦੇ ਵਚਨ ਸੁਣਕੇ ਅਗਿਆਨ ਦਾ ਅੰਧੇਰਾ ਮਿਟਦਾ ਹੈ ਗੁਰੂ ਨਾਨਕ ਜੀ ਕਹਿੰਦੇ ਹੈਨ ਕਿ ਜੇ ਹਉਮੈ ਮਿਟਦੀ ਹੈ ਤਾਂ ਵਾਹਗੁਰੂ ਵਿਚ ਸਮਾ ਜਾਂਦਾ ਹੈ ॥ ੧੫ ॥ ਸੁੰਨ ਨਿਰੰਤਰਿ ਦੀਜੈ ਬੰਧੁ ॥ ਉਡੈ ਨ ਹੰਸਾ ਪੜੈ ਨ ਕੰਧੁ ॥ ਸਹਜ ਗੁਫਾ ਘਰੁ ਜਾਣੈ ਸਾਚਾ ॥ ਨਾਨਕ ਸਾਚੇ ਭਾਵੈ ਸਾਚਾ ॥ ੧੬ ॥ ਜੈਸੇ ਜੋਗੀ ਮਨ ਨੂੰ ਦਸਵੇਂ ਦੁਆਰ ਵਿਚ ਪ੍ਰਾਣਾ ਸੰਜੁਗਤ ਬੰਨਦੇ ਹਨ॥ ਤੈਸੇ ਗਿਆਨੀ ਚੇਤਨਰੂਪ ਜੋ ਸੁੰਨ ਹੈ ਉਸ ਵਿਚ ਮਨ ਬੰਨਦੇ ਹੈਨ॥ ਅਤੇ ਜਬ ਲਗ ਪ੍ਰਾਣ ਨਹੀਂ ਉਡਦੇ ਤਬ ਲਗ ਸਰੀਰ ਨਹੀਂ ਗਿਰਦਾ ਅਰ ਜੈਸੇ ਜੋਗੀ ਗੁਫਾ ਵਿਚ ਬੈਠਕੇ ਆਪਣੇ ਸਰੀਰ ਵਿਚ ਆਤਮ ਜੋਤ ਲਭਦੇ ਹਨ ਤੈਸੇ ਤੈਸੇ ਸਾਧ ਸਾਂਤਿ ਦੀ ਗੁਫਾ ਵਿਚ ਕਰਤਾਰ ਨੂੰ ਦੇਖਦੇ ਹਨ ॥ ਗੁਰੂ ਨਾਨਕ ਜੀ ਕਹਿੰਦੇ ਹੈਨ ਕਿ ਜੋ ਸਚ ਨਾਲ ਭਾਉ ਲਾਂਵਦੇ ਹਨ ਸੋਈ ਸਚੇ ਹਨ ॥ ੧੬ ॥

ਤਾਂ ਫਿਰ ਸਿਧਾਂ ਨੇ ਪ੍ਰਸਨ ਕੀਤਾ :--ਕਿਸੁ ਕਾਰਣਿ ਗ੍ਰਿਹੁ ਤਜਿਓ ਉਦਾਸੀ ॥ ਕਿਸੁ ਕਾਰਣਿ ਇਹੁ ਭੇਖੁ ਨਿਵਾਸੀ ॥ ਕਿਸੁ ਵਖਰ ਕੇ ਤੁਮ ਵਣਜਾਰੇ ॥ ਕਿਉ ਕਰਿ ਸਾਥੁ ਲੰਘਾਵਹੁ ਪਾਰੇ ॥ ੧੭ ॥ ਤਿਸਦਾ ਬੀਚਾਰ :--ਸਿਧਾਂ ਪੁਛਿਆ ਤੂੰ ਘਰ ਨੂੰ ਛਡਕੇ ਉਦਾਸੀ ਕਿਉਂ ਹੋਇਆ ਸੇਂ ਅਤੇ ਫੇਰ ਏਸ ਭੇਖ ਗ੍ਰਿਹਸਤ ਵਿਚ ਨਿਵਾਸ ਕਿਉਂ ਕੀਤਾ ਹਈ ਅਰ ਕਿਸ ਪਦਾਰਥ ਦਾ ਤੂੰ ਵਣਜਾਰਾ ਹੈਂ ਅਤੇ ਇਤਨਾ ਜੋ ਸਾਥ ਬਣਾਇਆ ਹਈ ਸੋ ਇਸਨੂੰ ਪਾਰ ਕਿਉਂਕਰ ਉਤਾਰੇਂਗਾ ॥ ੧੭ ॥ ਗੁਰਮੁਖਿ ਖੋਜਤ ਭਏ ਉਦਾਸੀ ॥ ਦਰਸਨ ਕੈ ਤਾਈ ਭੇਖ ਨਿਵਾਸੀ ॥ ਸਾਚ ਵਖਰ ਕੇ ਹਮ ਵਣਜਾਰੇ ॥ ਨਾਨਕ ਗੁਰਮੁਖਿ ਉਤਰਸਿ ਪਾਰੇ ॥ ੧੮ ॥ ਤਾਂ ਬਾਬੇ ਕਹਿਆ ਸੰਤਾਂ ਦੇ ਖੋਜ ਵਾਸਤੇ ਅਸੀਂ ਉਦਾਸੀ ਹੋਏ ਹਾਂ ਅਤੇ ਗੁਰਮੁਖਾਂ ਦੇ ਦਰਸਨ ਵਾਸਤੇ

ਇਸ ਭੇਖ ਵਿਚ ਵਾਸ ਕੀਤਾ ਹੈ ਅਰ ਸਚ ਵਖਰ ਦੇ ਹਮ ਵਣਜਾਰੇ ਹਾਂ ਗੁਰੂ ਨਾਨਕ ਜੀ ਕਹਿੰਦੇ ਹਨ ਕਿ ਜੋ ਗੁਰੂ ਦੇ ਬਚਨ ਸੁਣਦੇ ਹਨ ਅਤੇ ਗੁਰਮੁਖਾਂ ਨਾਲ ਪ੍ਰੀਤ ਕਰਦੇ ਹਨ ਸੋ ਪਾਰ ਉਤਰਦੇ ਹਨ ॥ ੧੮ ॥

ਕਿਤੁ ਬਿਧਿ ਪੁਰਖਾ ਜਨਮੁ ਵਟਾਇਆ ॥ ਕਾਹੇ ਕਉ ਤੁਝੁ ਇਹੁ ਮਨੁ ਲਾਇਆ ॥ ਕਿਤੁ ਬਿਧਿ ਆਸਾ ਮਨਸਾ ਖਾਈ ॥ ਕਿਤੁ ਬਿਧਿ ਜੋਤਿ ਨਿਰੰਤਰਿ ਪਾਈ ॥ ਬਿਨੁ ਦੰਤਾ ਕਿਉ ਖਾਈਐ ਸਾਰੁ ॥ ਨਾਨਕ ਸਾਚਾ ਕਰਹੁ ਬੀਚਾਰੁ ॥ ੧੯ ॥ ਸਤਿਗੁਰ ਕੈ ਜਨਮੇ ਗਵਨੁ ਮਿਟਾਇਆ ॥ ਅਨਹਤ ਰਾਤੇ ਇਹੁ ਮਨੁ ਲਾਇਆ ॥ ਮਨਸਾ ਆਸਾ ਸਬਦਿ ਜਲਾਈ ॥ ਗੁਰਮੁਖਿ ਜੋਤਿ ਨਿਰੰਤਰਿ ਪਾਈ ॥ ਤ੍ਰੈ ਗੁਣ ਮੇਟੇ ਖਾਈਐ ਸਾਰੁ ॥ ਨਾਨਕ ਤਾਰੇ ਤਾਰਣਹਾਰ ॥ ੨੦ ॥

ਤਾਂ ਸਿਧਾਂ ਪੁਛਿਆ ਹੇ ਪੁਰਖਾ ਪ੍ਰਥਮੇ ਤੂ ਅਤੀਤ ਸੇਂ ਅਤੇ ਹੁਣ ਤੂੰ ਫਿਰ ਗ੍ਰਿਹਸਤ ਦਾ ਭੇਖ ਵਟਾਇਆ ਹੈ ਸੋ ਤੁਧੁ ਆਪਨਾ ਮਨ ਕਿਸ ਨਾਲ ਲਾਇਆ ਹੈ ਅਰ ਆਸਾ ਤੇ ਮਨਸਾ ਜੋ ਡਾਇਣਾਂ ਹੈਨ ਅਰ ਜੋ ਸਾਰੇ ਜਗਤ ਦੇ ਖਾਵਣ ਵਾਲੀਆਂ ਹਨ ਸੋ ਤੁਧ ਕਿਉਂ ਖਾਧੀਆਂ ਹੈਨ ਅਤੇ ਨਿਰੰਤਰ ਜੋਤ ਕਿਉਂ ਕਰ ਪਾਈ ਹੈ ਅਤੇ ਜਪ ਤਪ ਜੋਗ ਕੁਛ ਕੀਤਾ ਨਹੀਂ ਸੋ ਤੈਨੂੰ ਗਿਆਨ ਕਿਉਂ ਕਰ ਪ੍ਰਾਪਤ ਹੋਇਆ ਹੈ ਅਰ ਬਿਨ ਦੰਤਾ ਦੇ ਸਾਰ ਤੁਧ ਕਿਉਂਕਰ ਖਾਧਾ ਹੈ ਗੁਰੂ ਨਾਨਕ ਜੀ ਨੂੰ ਸਿਧ ਕਹਿੰਦੇ ਹਨ ਕਿ ਸਚਾ ਵੀਚਾਰ ਕਹੋ ॥ ੧੯ ॥

ਤਾਂ ਬਾਬਾ ਜੀ ਕਹਿੰਦੇ ਹਨ ਕਿ ਜਿਸ ਦਿਨ ਥੀ ਸਤਿਗੁਰਾਂ ਦਾ ਗਿਆਨ ਸੁਣਿਆ ਹੈ ਅਤੇ ਸਤਿਗੁਰਾਂ ਦੇ ਘਰਿ ਅਸਾਡਾ ਜਨਮ ਹੋਇਆ ਹੈ ਅਤੇ ਗਿਆਨ ਕਰ ਸਰੀਰ ਨੂੰ ਆਪ ਥੀ ਨਿਆਰਾ ਜਾਤਾ ਹੈ ਤਾਂ ਆਵਾਗਵਨ ਮਿਟਾਇਆ ਹੈ ਅਰ ਅਨਾਹਦ ਸਬਦ ਜੋ ਦਸਵੇਂ ਦੁਆਰ ਦੀਆਂ ਧੁਨਾਂ ਹਨ ਅਥਵਾ ਗੁਰਾਂ ਦਾ ਸਬਦ ਜੋ ਤੁਰੀਆ ਦੇ ਲਖਾਵਣ ਵਾਲਾ ਹੈ ਸੋ ਉਸ ਨਾਲ ਅਸਾਂ ਆਪਨਾ ਮਨ ਲਾਇਆ ਹੈ ਅਤੇ ਗੁਰੂ ਕਾ ਸਬਦ ਸੁਣਕੈ ਜਗਤ ਝੂਠ ਜਾਤਾ ਹੈ ਅਰ ਆਸਾ ਮਨਸਾ ਸਭ ਖਾਈ ਹੈ ਅਤੇ ਗੁਰੂ ਦਾ ਸਬਦ ਸੁਣਕੈ ਨਿਰੰਤਰ ਜੋਤ ਪਰਮਾਤਮਾ ਦੀ ਜਾਤੀ ਹੈ ਅਰ ਤ੍ਰਿਹਾਂ ਗੁਣਾਂ ਨੂੰ ਝੂਠ ਜਾਣਕੈ ਸਾਰ ਖਾਧਾ ਹੈ ਗੁਰੂ ਨਾਨਕ ਜੀ ਕਹਿੰਦੇ ਹੈਨ ਕਿ ਸਤਿਗੁਰੂ ਜੋ ਤਾਰਣਹਾਰ ਹਨ ਸੋਈ ਸਿਖਾਂ ਨੂੰ ਤਾਰਦੇ ਹਨ ॥੨੦॥

ਆਦਿ ਕਉ ਕਵਨੁ ਬੀਚਾਰੁ ਕਥੀਅਲੇ ਸੁੰਨ ਕਹਾ ਘਰ ਵਾਸੋ ॥ ਗਿਆਨ ਕੀ ਮੁਦ੍ਰਾ ਕਵਨ ਕਥੀਅਲੇ ਘਟਿ ਘਟਿ ਕਵਨ ਨਿਵਾਸੋ ॥ ਕਾਲ ਕਾ ਠੀਗਾ

ਕਿਉ ਜਲਾਈਅਲੇ ਕਿਉ ਨਿਰਭਉ ਘਰਿ ਜਾਈਐ ॥ ਸਹਜ ਸੰਤੋਖ ਕਾ
ਆਸਣੁ ਜਾਣੈ ਕਿਉ ਛੇਦੇ ਬੈਰਾਈਐ ॥ ਗੁਰ ਕੈ ਸਬਦਿ ਹਉਮੈ ਬਿਖੁ ਮਾਰੈ
ਤਾ ਨਿਜ ਘਰਿ ਹੋਵੈ ਵਾਸੋ ॥ ਜਿਨਿ ਰਚਿ ਰਚਿਆ ਤਿਸੁ ਸਬਦਿ ਪਛਾਣੈ
ਨਾਨਕੁ ਤਾ ਕਾ ਦਾਸੋ ॥ ੨੧ ॥

ਤਿਸਦਾ ਬੀਚਾਰ :--ਸਿਧਾਂ ਪੁਛਿਆ ਕਿ ਆਦ ਜੋ ਭਗਵਾਨ ਹੈ ਤਿਸਦਾ ਕੀ ਵੀਚਾਰ ਕਰੀਏ ਅਰ ਸੁੰਨ ਜੋ ਪਰਮਾਤਮਾ ਹੈ ਤਿਸਦਾ ਕਉਨ ਘਰ ਹੈ ਅਤੇ ਗਿਆਨ ਦੀਆਂ ਮੁੰਦ੍ਰਾ ਕਵਨ ਹਨ ਅਰ ਘਟ ਘਟ ਵਿਚ ਕਿਸਦਾ ਨਿਵਾਸ ਹੈ ਅਤੇ ਕਾਲ ਦਾ ਠੀਗਾ ਕਿਸ ਤਰਾਂ ਜਲਾਈਐ ਅਰ ਨਿਰਭਉ ਦੇ ਘਰ ਕਿਸ ਤਰਾਂ ਜਾਈਐ ਅਰ ਸਹਿਜ ਸੰਤੋਖ ਦੇ ਆਸਣ ਵਿਚ ਕਿਸ ਤਰਾਂ ਬੈਠੀਏ ਅਰ ਵੈਰੀਆਂ ਨੂੰ ਕਿਸ ਤਰਾਂ ਛੇਦੀਐ ਤਾਂ ਬਾਬੇ ਕਹਿਆ ਗੁਰਾਂ ਦੇ ਸਬਦ ਕਰ ਹਉਮੈ ਜੋ ਵਿਖ ਹੈ ਤਿਸਨੂੰ ਮਾਰੇ ਤਾਂ ਫਿਰ ਇਸਦਾ ਆਤਮ ਗਿਆਨ ਵਿਚ ਜਾਇ ਵਾਸਾ ਹੁੰਦਾ ਹੈ ਅਰ ਜਿਸਨੇ ਇਸ ਸਰੀਰ ਦੀ ਰਚਨਾ ਨੂੰ ਰਚਿਆ ਹੈ ਤਿਸਨੂੰ ਗੁਰਾਂ ਦੇ ਸਬਦ ਕਰ ਪਛਾਣਦਾ ਹੈ ਗੁਰੂ ਨਾਨਕ ਜੀ ਕਹਿੰਦੇ ਹਨ ਮੈਂ ਤਿਸਕਾ ਦਾਸ ਹੋਂ ॥ ੨੧ ॥

ਕਹਾ ਤੇ ਆਵੈ ਕਹਾ ਇਹੁ ਜਾਵੈ ਕਹਾ ਇਹੁ ਰਹੈ ਸਮਾਈ ॥ ਏਸੁ ਸਬਦ ਕਉ
ਜੋ ਅਰਥਾਵੈ ਤਿਸੁ ਗੁਰ ਤਿਲੁ ਨ ਤਮਾਈ ॥ ਕਿਉ ਤਤੈ ਅਵਿਗਤੈ ਪਾਵੈ
ਗੁਰਮੁਖਿ ਲਗੈ ਪਿਆਰੋ ॥ ਆਪੇ ਸੁਰਤਾ ਆਪੇ ਕਰਤਾ ਕਹੁ ਨਾਨਕ
ਬੀਚਾਰੋ ॥ ਹੁਕਮੇ ਆਵੈ ਹੁਕਮੇ ਜਾਵੈ ਹੁਕਮੇ ਰਹੈ ਸਮਾਈ॥ ਪੂਰੇ ਗੁਰ ਤੇ ਸਾਚੁ
ਕਮਾਵੈ ਗਤਿ ਮਿਤਿ ਸਬਦੇ ਪਾਈ ॥ ੨੨ ॥

ਸਿਧਾਂ ਪੁਛਿਆ ਏਹ ਜੀਅ ਕਹਾਂ ਤੇ ਆਂਵਦੇ ਹਨ ਅਰ ਕਹਾਂ ਤੇ ਜਾਂਦੇ ਹਨ ॥ ਅਰ ਸਮਾਏ ਹੋਏ ਕਹਾਂ ਹੈਂ ਸੋ ਜੋ ਇਸ ਸਬਦ ਦੇ ਉਤਰ ਨੂੰ ਦੇਵੈ ਸੋਈ ਅਸਾਡਾ ਗੁਰੂ ਹੈ ਅਰ ਉਸ ਨੂੰ ਇਕ ਤਿਲ ਤਮਾ ਨਹੀਂ ਅਰ ਤਤ ਜੋ ਪ੍ਰਮਾਤਮਾ ਹੈ ਜੋ ਜਿਸ ਦੀ ਰਾਤ ਲਖੀ ਨਹੀਂ ਜਾਂਦੀ ਸੋ ਉਸਨੂੰ ਕਿਉਂ ਕਰ ਪਾਵੇ ਅਤੇ ਗੁਰਮੁਖਾਂ ਨਾਲ ਪਿਆਰ ਕਿਉਂ ਕਰ ਲਗੇ ਅਰ ਮਨ ਵਿਖੇ ਸਤਿਆ ਦੇਕੇ ਸਭਸ ਦਾ ਜਾਤਵਾ ਹੈ ਅਰ ਈਸਰ ਵਿਚ ਸਤਿਆ ਦੇਕੇ ਸਭਸੇ ਦਾ ਕਰਤਾ ਹੈ ਸੋ ਨਾਨਕ ਜੀ ਇਸਦਾ ਵੀਚਾਰ ਅਸਾਨੂੰ ਕਹੋ ਤਾਂ ਬਾਬੇ ਕਹਿਆ ਗੁਰੂ ਕੇ ਹੁਕਮ ਵਿਚ ਆਂਵਦਾ ਹੈ ਅਰ ਹੁਕਮ ਵਿਚ ਹੀ ਜਾਂਦਾ ਹੈ ਅਰ ਹੁਕਮ ਵਿਚ ਹੀ ਸਾਰੀ ਸ੍ਰਿਸਟ ਸਮਾਈ ਹੋਈ ਹੈ ਸੋ ਜੋ ਪੂਰੇ ਗੁਰੂ ਨੂੰ ਮਿਲਦਾ ਹੈ ਤਾਂ ਸਚ ਕਮਾਂਵਦਾ ਹੈ ਅਰ ਜਗਤ ਦੀ ਗਤਿ ਤੇ ਮਿਤਿ ਗੁਰ ਕੇ ਸਬਦ ਕਰ ਅਨਿਤ ਜਾਣੀਦੀ ਹੈ ॥ ੨੨ ॥ ਐਸਾ ਕਹਿ ਕਰ ਬਾਬਾ ਜੀ ਨੇ ਹੋਰ ਕਹਿਆ ॥

ਆਦਿ ਕਉ ਬਿਸਮਾਦੁ ਬੀਚਾਰੁ ਕਥੀਅਲੇ ਸੁੰਨ ਨਿਰੰਤਰਿ ਵਾਸੁ ਲੀਆ ॥ ਅਕਲਪਤ ਮੁਦ੍ਰਾ ਗੁਰ ਗਿਆਨੁ ਬੀਚਾਰੀਅਲੇ ਘਟਿ ਘਟਿ ਸਾਚਾ ਸਰਬ ਜੀਆ ॥ ਗੁਰ ਬਚਨੀ ਅਵਿਗਤਿ ਸਮਾਈਐ ਤਤੁ ਨਿਰੰਜਨੁ ਸਹਜਿ ਲਹੈ ॥ ਨਾਨਕ ਦੂਜੀ ਕਾਰ ਨ ਕਰਣੀ ਸੇਵੈ ਸਿਖੁ ਸੁ ਖੋਜਿ ਲਹੈ ॥ ਹੁਕਮੁ ਬਿਸਮਾਦੁ ਹੁਕਮਿ ਪਛਾਣੈ ਜੀਅ ਜੁਗਤਿ ਸਚੁ ਜਾਣੈ ਸੋਈ ॥ ਆਪੁ ਮੇਟਿ ਨਿਰਾਲਮੁ ਹੋਵੈ ਅੰਤਰਿ ਸਾਚੁ ਜੋਗੀ ਕਹੀਐ ਸੋਈ ॥ ੨੩ ॥

ਤਿਸਦਾ ਬੀਚਾਰ:--ਬਾਬਾ ਜੀ ਕਹੇ ਹੈਂ ਕਿ ਆਦ ਪੁਰਖ ਜੋ ਮਹਾਰਾਜ ਹੈ ਸੋ ਉਸਦਾ ਅਸਚਰਜ ਵੀਚਾਰ ਹੈ ਅਰ ਓਹ ਜੋ ਚੇਤੰਨ ਹੈ ਸੋ ਅਕਾਸ ਦੀ ਨਿਆਈ ਨਿਰੰਤਰ ਵਿਆਪਿਆ ਹੋਇਆ ਹੈ ਅਰ ਕਲਪਨਾ ਤੇ ਰਹਿਤ ਜੋ ਮੁੰਦ੍ਰਾਂ ਹੋਂਦੀਆਂ ਹੈਨ ਸੋ ਗੁਰਾਂ ਦੇ ਸਬਦ ਕਰ ਹੋਂਦੀਆਂ ਹੈਨ ਅਰ ਘਟ ਘਟ ਵਿਚ ਜੋ ਸਚਾ ਹੈ ਸੋ ਗੁਰਾਂ ਦੇ ਸ਼ਬਦ ਕਰ ਪਛਾਣੀਦਾ ਹੈ ਗੁਰਾਂ ਦੇ ਬਚਨਾਂ ਨੂੰ ਮੰਨਣ ਕਰ ਜੋ ਜਿਸਦੀ ਰਾਤ ਨਹੀਂ ਲਖੀ ਜਾਂਦੀ ਉਸਦੇ ਵਿਚ ਸਮਾਈਦਾ ਹੈ ਸਾਰ ਰੂਪ ਨਿਰਾਉਪਾਧ ਜੋ ਆਤਮਾ ਹੈ ਓਹ ਸਹਜੇ ਅਭਿਆਸ ਕਰ ਪ੍ਰਾਪਤ ਹੋਂਦਾ ਹੈ ਗੁਰੂ ਨਾਨਕ ਜੀ ਕਹਿੰਦੇ ਹੈਨ ਕਿ ਹੋਰ ਇਸਨੂੰ ਕਾਰ ਕਰਨੀ ਕੋਈ ਨਹੀਂ ਪਰ ਜੋ ਗੁਰਾਂ ਦੇ ਬਚਨਾਂ (ਸਬਦਾਂ) ਨੂੰ ਸੇਵਦੇ ਹਨ ਸੋ ਖੋਜਕੇ ਪ੍ਰਮਾਤਮਾਂ ਨੂੰ ਲੈਂਦੇ ਹੈ ॥ ਅਰ ਵਾਹਗੁਰੂ ਦੇ ਹੁਕਮ ਵਿਚ ਅਸਚਰਜ ਹੋਂਦੇ ਹੈਨ ਅਰ ਵਾਹਗੁਰੂ ਦੇ ਹੁਕਮ ਹੀ ਨੂੰ ਸਚ ਪਛਾਣਦੇ ਹੈਂ ਅਰ ਵਾਹਗੁਰੂ ਦੇ ਹੁਕਮ ਵਿਚ ਹੀ ਜੀਆਂ ਦੀ ਕਲਾ ਜਾਣਦੇ ਹੈਂ ਅਰ ਆਪਾ ਮੇਟ ਕੇ ਸਰੀਰ ਤੇ ਇੰਦ੍ਰੀਆਂ ਤੇ ਨਿਰੰਤਰ ਸਬਦ ਨੂੰ ਪਛਾਣਦੇ ਹਨ ਤਾਂਤੇ ਜੋਗੀ ਸੋਈ ਕਹੀਦੇ ਹਨ ॥ ੨੩ ॥

ਅਵਿਗਤੋ ਨਿਰਮਾਇਲ ਉਪਜੇ ਨਿਰਗੁਣ ਤੇ ਸਰਗੁਣੁ ਥੀਆ ॥ ਸਤਿਗੁਰ ਪਰਚੈ ਪਰਮ ਪਦੁ ਪਾਈਐ ਸਾਚੈ ਸਬਦਿ ਸਮਾਇ ਲੀਆ ॥ ਏਕੇ ਕਉ ਸਚੁ ਏਕਾ ਜਾਣੈ ਹਉਮੈ ਦੂਜਾ ਦੂਰਿ ਕੀਆ ॥ ਸੋ ਜੋਗੀ ਗੁਰ ਸਬਦੁ ਪਛਾਣੈ ਅੰਤਰਿ ਕਮਲੁ ਪ੍ਰਗਾਸੁ ਥੀਆ ॥ ਜੀਵਤੁ ਮਰੈ ਤਾ ਸਭੁ ਕਿਛੁ ਸੂਝੈ ਅੰਤਰਿ ਜਾਣੈ ਸਰਬ ਦਇਆ ॥ ਨਾਨਕ ਤਾ ਕਉ ਮਿਲੈ ਵਡਾਈ ਆਪੁ ਪਛਾਣੈ ਸਰਬ ਜੀਆ ॥ ੨੪ ॥

ਜੇ ਆਤਮਾ ਨੂੰ ਅਵਗਤਿ ਸਮਝੈ ਤਾਂ ਇਸਦੇ ਮਨ ਦੀ ਨਿਰਮਲਤਾ ਉਪਜਤੀ ਹੈ ਅਰ ਇਉਂ ਜਾਣੀਦਾ ਹੈ ਜੋ ਨਿਰਗੁਣ ਥੀ ਸਰਗੁਣ ਹੋਂਦਾ ਹੈ ਪਰ ਜੋ ਸਤਗੁਰੂ ਦੇ ਸਬਦ ਦਾ ਪਰਚਾ ਹੋਂਦਾ ਹੈ ਤਾਂ ਪਰਮਪਦ ਜੋ ਗਿਆਨ ਹੈ ਪ੍ਰਾਪਤ ਹੋਂਦਾ ਹੈ ਅਰ

ਸਚੇ ਸਬਦ ਵਿਚ ਸਮਾਇ ਲਈਦਾ ਹੈ ਤਾਂਤੇ ਇਕ ਜੋ ਪ੍ਰਮਾਤਮਾ ਹੈ ਸੋ ਉਸਨੂੰ ਸਚ ਜਾਣੇ ਅਰ ਹਉਮੈ ਦੂਜਾ ਭਾਉ ਦੂਰ ਕਰੇ ਸੋਈ ਜੋਗੀ ਹੈ ਅਤੇ ਜੇ ਗੁਰ ਕਾ ਸਦਦ ਪਛਾਨੈ ਤਾਂ ਅੰਦਰ ਉਸਦੇ ਕਮਲ ਪ੍ਰਗਾਸ ਹੁੰਦਾ ਹੈ ਅਰ ਜੋ ਜੀਂਵਦਾ ਮਰਦਾ ਹੈ ਅਰ ਆਪਨੇ ਮਨ ਨੂੰ ਨੀਵਾਂ ਕਰੰਦਾ ਹੈ ਤਾਂ ਉਸਨੂੰ ਸਭ ਕਿਛ ਸੂਝਦਾ ਹੈ ਅਰ ਆਪਨੇ ਰਿਦੇ ਵਿਚ ਸਰਬ ਤੇ ਦਇਆ ਕਰਦਾ ਹੈ ਗੁਰੂ ਨਾਨਕ ਜੀ ਕਹਿੰਦੇ ਹੈਨ ਕਿ ਤਿਸਨੂੰ ਵਡਿਆਈ ਮਿਲਦੀ ਹੈ ਅਰ ਜੋ ਆਂਪਨੇ ਆਪ ਨੂੰ ਸਰਬ ਜੀਆਂ ਵਿਚ ਜਾਣਦੇ ਹਨ ਸੋਈ ਸੰਤ ਹਨ ॥ ੨੪ ॥ ਏਹ ਕਹਿ ਕਰ ਬਾਬਾ ਜੀ ਨੇ ਹੋਰ ਕਹਿਆ ॥

ਸਾਚੋ ਉਪਜੈ ਸਾਚਿ ਸਮਾਵੈ ਸਾਚੇ ਸੂਚੇ ਏਕ ਮਇਆ ॥ ਝੂਠੇ ਆਵਹਿ ਠਵਰ ਨ ਪਾਵਹਿ ਦੂਜੈ ਆਵਾ ਗਉਣੁ ਭਇਆ ॥ ਆਵਾ ਗਉਣ ਮਿਟੈ ਗੁਰ ਸਬਦੀ ਆਪੇ ਪਰਖੈ ਬਖਸਿ ਲਇਆ ॥ ਏਕਾ ਬੇਦਨ ਦੂਜੈ ਬਿਆਪੀ ਨਾਮੁ ਰਸਾਇਣੁ ਵੀਸਰਿਆ ॥ ਸੋ ਬੂਝੈ ਜਿਸੁ ਆਪਿ ਬੁਝਾਏ ਗੁਰਕੈ ਸਬਦਿ ਸੁ ਮੁਕਤੁ ਭਇਆ ॥ ਨਾਨਕ ਤਾਰੇ ਤਾਰਣਹਾਰਾ ਹਉਮੈ ਦੂਜਾ ਪਰਹਰਿਆ ॥ ੨੫ ॥

ਤਿਸਦਾ ਬੀਚਾਰ :--ਤਾਂ ਬਾਬੇ ਕਹਿਆ ਸਚ ਥੀ ਜਗਤ ਉਪਜਤਾ ਹੈ ਅਰ ਸਚ ਬੀਚ ਸਚ ਸਮਾਂਵਦਾ ਹੈ ਜੋ ਜੈਸੇ ਜਲ ਤੇ ਤਰੰਗ ਉਪਜਦੇ ਹਨ ਅਰ ਜਲ ਬਿਖੈਹੀ ਸਮਾਂਵਦੇ ਹਨ ਅਰ ਸਚੇ ਸਬਦ ਨਾਲ ਸੁਚਾ ਤਬ ਹੋਵੈ ਜਾਂ ਗੁਰਾਂ ਕੀ ਮਇਆ ਹੋਵੈ ਅਰ ਝੂਠੇ ਜੋ ਅਗਿਆਨੀ ਹੈਨ ਸੋ ਜਨਮਾਂ ਮੈਂ ਆਂਵਦੇ ਹਨ ਅਤੇ ਰਹਿਣਾ ਨਹੀਂ ਪਾਂਵਦੇ ਅਰ ਦੂਜੇ ਭਾਵ ਕਰ ਓਨਾਹਾ ਕੋ ਆਵਾਗੌਣ ਹੋਂਦਾ ਹੈ ਪਰ ਜੋ ਗੁਰਾਂ ਕਾ ਸਬਦ ਸੁਣਦੇ ਹਨ ਉਨਾਂ ਕਾ ਆਵਾਗਵਣ ਮਿਟਦਾ ਹੈ ॥ ਅਰ ਜੋ ਆਪ ਕੋ ਪਛਾਣਦੇ ਹਨ ਉਨਾਂ ਕੋ ਕਰਤਾਰ ਰਖਦਾ ਹੈ ਅਰ ਬਖਸ ਲੈਂਦਾ ਹੈ ਅਤੇ ਓਹ ਜਨਮ ਮਰਨ ਮੈ ਨਹੀਂ ਆਂਵਦੇ ਅਤੇ ਦੂਜੇ ਭਾਵ ਕਾ ਜੋ ਰੋਗ ਹੈ ਸੋ ਅਗਿਆਨੀਆਂ ਕੋ ਲਗਦਾ ਹੈ ਕਜੋਂਕਿ ਨਾਮ ਜੋ ਰਸਾਇਣ ਹੈ ਸੋ ਭੁਲ ਗਇਆ ਹੈ ਪਰ ਸੋਈ ਬੁਝਦਾ ਹੈ ਜਿਸਨੋ ਸਤਿਗੁਰ ਆਪਿ ਬੁਝਾਂਵਦਾ ਹੈ ਅਰ ਗੁਰਾਂ ਦਾ ਸਬਦ ਸਮਝ ਕੈ ਸੁ ਮੁਕਤਿ ਹੋਂਦੀ ਹੈ ਗੁਰੂ ਨਾਨਕ ਜੀ ਕਹਿੰਦੇ ਹੈਨ ਕਿ ਤਾਰਨ ਵਾਲੇ ਸਤਿਗੁਰੂ ਹੈਨ ਪਰ ਉਸਨੂੰ ਤਾਰਦੇ ਹਨ ਜੋ ਹਉਮੈ ਦੂਰ ਕਰਦੇ ਹਨ ॥

ਮਨਮੁਖਿ ਭੂਲੈ ਜਮ ਕੀ ਕਾਣਿ ॥ ਪਰ ਘਰੁ ਜੋਹੈ ਹਾਣੇ ਹਾਣਿ ॥ ਮਨਮੁਖਿ ਭਰਮਿ ਭਵੈ ਬੇਬਾਣਿ ॥ ਵੇ ਮਾਰਗਿ ਮੂਸੈ ਮੰਤ੍ਰਿ ਮਸਾਣਿ ॥ ਸਬਦੁ ਨ ਚੀਨੈ ਲਵੈ ਕੁਬਾਣਿ ॥ ਨਾਨਕ ਸਾਚਿ ਰਤੇ ਸੁਖੁ ਜਾਣਿ ॥ ੨੬ ॥

ਮਨਮੁਖ ਜੋ ਅਗਿਆਨ ਕਰ ਭੂਲੇ ਸੋ ਜਮ ਕੀ ਕਾਣ ਵਿਚ ਹੈਨ ਅਰ

ਦੇਹ ਭੀ ਪਰਾਇਆ ਘਰ ਹੈ ਤੇ ਜਗਤ ਭੀ ਬਿਰਾਨਾ ਘਰ ਹੈ ਤੇ ਬਿਗਾਨੀ ਇਸਤ੍ਰੀ ਭੀ ਬਿਗਾਨਾ ਘਰ ਹੈ ਸੋ ਜੋ ਪਰਾਏ ਘਰਾਂ ਕੋ ਜੋਹਤੇ ਹੈਂ ਉਨਕੋ ਘਾਟਾ ਹੀ ਹੈ ਅਰ ਮਨਮੁਖ ਜੋ ਜੀਅ ਸੋ ਭਰਮ ਕਰਕੇ ਅਗਿਆਨ ਕੇ ਬੰਧਨ ਵਿਖੇ ਭਰਮਦੇ ਹਨ ਅਰ ਮੰਤ੍ਰਾਂ ਮਸਾਣਾਂ ਵਿਖੇ ਆਰਜਾ ਗਵਾਂਵਦੇ ਹਨ ਅਰ ਗੁਰਾਂ ਕੇ ਸਬਦ ਕੋ ਨਹੀਂ ਚੀਨਤੇ ਅਰ ਕੁਬਾਣੀ ਕਿਆ ਫਿਕਾ ਬੋਲਦੇ ਹਨ ਤਾਂਤੇ ਗੁਰੂ ਨਾਨਕ ਜੀ ਕਹਿੰਦੇ ਹਨ ਕਿ ਜੋ ਸਬਦ ਨਾਲ ਰਤੇ ਹਨ ਸੋਈ ਸਚੇ ਹਨ ॥ ੨੬ ॥ ਤਾਂ ਫਿਰ ਬਾਬਾ ਜੀ ਨੇ ਹੋਰ ਕਿਆ ॥

ਗੁਰਮੁਖਿ ਸਾਚੇ ਕਾ ਭਉ ਪਾਵੈ ॥ ਗੁਰਮੁਖਿ ਬਾਣੀ ਅਘੜੁ ਘੜਾਵੈ ॥ ਗੁਰਮੁਖਿ ਨਿਰਮਲ ਹਰਿ ਗੁਣ ਗਾਵੈ ॥ ਗੁਰਮੁਖਿ ਪਵਿਤ੍ਰੁ ਪਰਮ ਪਦੁ ਪਾਵੈ ॥ ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ ॥ ਨਾਨਕ ਗੁਰਮੁਖਿ ਸਾਚਿ ਸਮਾਵੈ ॥ ੨੭ ॥

ਤਿਸਕਾ ਬੀਚਾਰ :--ਤਾਂ ਬਾਬਾ ਬੋਲਿਆ ਕਿ ਗੁਰਮਖਿ ਜੋ ਹੈਨ ਸਚੇ ਕਾ ਭਉ ਪਾਂਵਦੇ ਹਨ ਅਰ ਗੁਰਮੁਖਿ ਜੋ ਹੈਨ ਸੋ ਮੀਠੀ ਬਾਣੀ ਬੋਲਦੇ ਹਨ ਅਰ ਗੁਰਮੁਖਿ ਜੋ ਹੈਨ ਸੋ ਹਰਿ ਗੁਣ ਗਾਂਵਦੇ ਹਨ ਅਰ ਗੁਰਮੁਖਿ ਜੋ ਹੈਨ ਸੋ ਪਵਿਤਰ ਹਨ ॥ ਅਰ ਗਿਆਨ ਕੇ ਪਦ ਨੂੰ ਪਾਵਤੇ ਹਨ ਅਰ ਗੁਰਮੁਖਿ ਰੋਮ ਰੋਮ ਕਰਕੇ ਹਰਿ ਨੂੰ ਧਿਆਂਵਦੇ ਹਨ ਗੁਰੂ ਨਾਨਕ ਜੀ ਕਹਿੰਦੇ ਹੈਨ ਕਿ ਗੁਰਮੁਖਿ ਜੋ ਹੈਨ ਸੋ ਸਚਿ ਮਹਿ ਸਮਾਇ ਜਾਂਦੇ ਹਨ ॥ ੨੭ ॥

ਗੁਰਮੁਖਿ ਪਰਚੈ ਬੇਦ ਬੀਚਾਰੀ ॥ ਗੁਰਮੁਖਿ ਪਰਚੈ ਤਰੀਐ ਤਾਰੀ ॥ ਗੁਰਮੁਖਿ ਪਰਚੈ ਸੁ ਸਬਦਿ ਗਿਆਨੀ ॥ ਗੁਰਮੁਖਿ ਪਰਚੈ ਅੰਤਰ ਬਿਧਿ ਜਾਨੀ ॥ ਗੁਰਮੁਖਿ ਪਾਈਐ ਅਲਖ ਅਪਾਰੁ ॥ ਨਾਨਕ ਗੁਰਮੁਖਿ ਮੁਕਤਿ ਦੁਆਰੁ ॥ ੨੮ ॥

ਬਾਬਾ ਬੋਲਿਆ ਇਹ ਮਨ ਪਰਚੇ ਬਿਨਾ ਰਹਿੰਦਾ ਨਾਹੀ ਪਰ ਗੁਰਮੁਖਾਂ ਦਾ ਪਰਚਾ ਬੇਦਾਂ ਦੇ ਬੀਚਾਰ ਵਿਚ ਹੈ ਸੋ ਜੋ ਗੁਰਮੁਖਿ ਨਾਲ ਪਰਚਾ ਲਾਂਵਦੇ ਹਨ ਸੇ ਗਿਆਨ ਨੂੰ ਪ੍ਰਾਪਤ ਹੋ ਕੇ ਭਉਜਲ ਦੀ ਤਾਰੀ ਤਰ ਜਾਂਦੇ ਹਨ ਅਰ ਜੋ ਗੁਰਮੁਖਾਂ ਦੇ ਨਾਲ ਪਰਚਾ ਲਾਂਵਦੇ ਹਨ ਗੁਰਾਂ ਦੇ ਸਬਦ ਦਾ ਉਨਾਂ ਨੂੰ ਗਿਆਨ ਹੋਂਦਾ ਹੈ ॥ ਅਰ ਜੋ ਗੁਰਮੁਖਾਂ ਨਾਲ ਪਰਚਾ ਲਾਂਵਦੇ ਹਨ ਸੋ ਅੰਤਰ ਕੀ ਬਿਧਿ ਜਾਣਦੇ ਹਨ ਅਰ ਗੁਰਮੁਖਾਂ ਨੂੰ ਮਿਲ ਕੇ ਅਲਖ ਅਪਾਰ ਜੋ ਪਾਰਬ੍ਰਹਮ ਹੈ ਤਿਸਨੂੰ ਪ੍ਰਾਪਤ ਹੋਂਦੇ ਹਨ ਗੁਰੂ ਨਾਨਕ ਜੀ ਕਹਿੰਦੇ ਹੈਨ ਕਿ ਗੁਰ ਦੇ ਮੁਖ ਥੀਂ ਸੁਣਕੇ ਮੋਖ ਦੁਆਰਾ ਪਾਂਵਦੇ ਹਨ ॥ ੨੮ ॥

ਗੁਰਮੁਖਿ ਅਕਥੁ ਕਥੈ ਬੀਚਾਰਿ ॥ ਗੁਰਮੁਖਿ ਨਿਬਹੈ ਸਪਰਵਾਰਿ ॥ ਗੁਰਮੁਖਿ ਜਪੀਐ ਅੰਤਰਿ ਪਿਆਰਿ ॥ ਗੁਰਮੁਖਿ ਪਾਈਐ ਸਬਦਿ ਅਚਾਰਿ ॥ ਸਬਦਿ ਭੇਦਿ ਜਾਣੈ ਜਾਣਾਈ ॥ ਨਾਨਕ ਹਉਮੈ ਜਾਲਿ ਸਮਾਈ ॥ ੨੯ ॥ ਤਿਸਕਾ ਬੀਚਾਰ :-- ਗੁਰਮੁਖਿ ਜੋ ਹੈਨ ਸੋ ਅਕਥ ਕਥਾਂ ਦਾ ਬੀਚਾਰ ਕਰਦੇ ਹਨ ਅਰ ਗੁਰਮੁਖਾਂ ਦਾ ਪਰਵਾਰ ਸਮੇਤ ਉਧਾਰ ਹੁੰਦਾ ਹੈ ਅਰ ਗੁਰਮੁਖਿ ਰਿਦੇ ਦੇ ਪਿਆਰ ਨਾਲ ਜਪਦੇ ਹਨ ਅਰ ਗੁਰਮੁਖਿ ਸਬਦ ਦਾ ਭੇਦ ਪਾਂਵਦੇ ਹਨ ਬਾਬੇ ਕਹਿਆ ਕਿ ਗੁਰਮੁਖ ਆਪ ਭੀ ਭੇਦ ਪਾਂਵਦੇ ਹਨ ਅਤੇ ਜਗਿਆਸੀਆਂ ਨੂੰ ਭੀ ਭੇਦ ਦਸਦੇ ਹਨ ਸੋ ਗੁਰੂ ਨਾਨਕ ਜੀ ਕਹਿੰਦੇ ਹੈਨ ਕਿ ਹਉਮੈ ਨੂੰ ਮਾਰਕੇ ਬ੍ਰਹਮ ਵਿਚ ਜਾਇ ਸਮਾਂਵਦੇ ਹਨ ॥ ੨੯ ॥

ਗੁਰਮੁਖਿ ਧਰਤੀ ਸਾਚੈ ਸਾਜੀ ॥ ਤਿਸ ਮਹਿ ਓਪਤਿ ਖਪਤਿ ਸੁ ਬਾਜੀ ॥ ਗੁਰ ਕੈ ਸਬਦਿ ਰਪੈ ਰੰਗੁ ਲਾਇ ॥ ਸਾਚਿ ਰਤਉ ਪਤਿ ਸਿਉ ਘਰਿ ਜਾਇ ॥ ਸਾਚ ਸਬਦ ਬਿਨੁ ਪਤਿ ਨਹੀ ਪਾਵੈ ॥ ਨਾਨਕ ਬਿਨੁ ਨਾਵੈ ਕਿਉ ਸਾਚਿ ਸਮਾਵੈ ॥ ੩੦ ॥ ਤਿਸਕਾ ਬੀਚਾਰ :--ਗੁਰਮੁਖ ਧਰਤੀ ਹੈ ਅਥਵਾ ਗੁਰਮੁਖਾਂ ਦੇ ਸਰੀਰ ਜੋ ਹੈਂ ਸੋ ਧਰਤੀ ਹੈ ॥ ਸੋ ਸਚੇ ਨੇ ਸਾਜੀ ਹੈ ਅਰ ਤਿਸ ਮਹਿ ਉਤਪਤ ਤੇ ਪਰਲਉ ਜੋ ਹੈ ਸੋ ਬਾਜੀ ਹੈ ਅਥਵਾ ਗੁਰਮੁਖਾਂ ਦੇ ਮਨ ਵਿਚ ਸੰਕਲਪ ਜੋ ਉਪਜਤੇ ਹੈਂ ਸੋ ਬਾਜੀ ਜਾਣਤੇ ਹੈਂ ਅਰ ਗੁਰਾਂ ਦੇ ਸਬਦਿ ਨਾਲ ਉਨਾਂ ਦੇ ਮਨ ਨੂੰ ਰੰਗ ਲਗਦਾ ਹੈ ਅਰ ਸਚ ਨਾਲ ਰੰਗੇ ਹੋਏ ਪਤਿ ਨਾਲ ਆਤਮ ਗਿਆਨ ਨੂੰ ਪ੍ਰਾਪਤ ਹੋਂਦੇ ਹੈਨ ਅਰ ਸਚੇ ਸਬਦਿ ਬਿਨਾ ਪਤਿ ਨਹੀਂ ਪਾਂਵਦੇ ਗੁਰੂ ਨਾਨਕ ਜੀ ਕਹਿੰਦੇ ਹਨ ਕਿ ਬਿਨਾਂ ਪਰਮੇਸਰ ਦੇ ਨਾਮ ਸਚ ਵਿਚ ਕਿਸ ਤਰਾਂ ਸਮਾਵਨਾ ॥ ੩੦ ॥

ਗੁਰਮੁਖਿ ਅਸਟ ਸਿਧੀ ਸਭਿ ਬੁਧੀ ॥ ਗੁਰਮੁਖਿ ਭਵਜਲੁ ਤਰੀਐ ਸਚ ਸੁਧੀ ॥ ਗੁਰਮੁਖਿ ਸਰ ਅਪਸਰ ਬਿਧਿ ਜਾਣੈ ॥ ਗੁਰਮੁਖਿ ਪਰਵਿਰਤਿ ਨਰਵਿਰਤਿ ਪਛਾਣੈ ॥ ਗੁਰਮੁਖਿ ਤਾਰੇ ਪਾਰਿ ਉਤਾਰੇ ॥ ਨਾਨਕ ਗੁਰਮੁਖਿ ਸਬਦਿ ਨਿਸਤਾਰੇ ॥੩੧॥ ਗੁਰਮੁਖਾਂ ਨੂੰ ਮਿਲਕੇ ਅਠੇ ਸਿਧੀਆਂ ਪ੍ਰਾਪਤਿ ਹੋਂਦੀਆਂ ਹੈਂ ਅਤੇ ਸਭ ਬੁਧੀਆਂ ਹੋਂਦੀਆਂ ਹਨ ਅਸਟ ਸਿਧੀ ਕੇ ਨਾਮ ॥ ਅਣਮਾ ਮਹਿਮਾ ਗਰਮਤਾ ਲਘਮਾ ਪ੍ਰਾਪਤ ਕਾਮਾ ॥ ਬਸੀਕਰਣ ਅਰ ਈਸਤ ਅਸਟ ਸਿਧੀ ਕੇ ਨਾਮ ॥ ਸੋ ਏਹ ਵਾਹਗੁਰੂ ਦੀ ਭਗਤੀ ਦੀਆਂ ਦਾਸੀਆਂ ਹਨ ਅਰ ਗੁਰਮੁਖ ਭਉਜਲ ਤੇ ਤਾਰਦੇ ਹਨ ਅਰ ਸਚ ਦੀ ਉਨਾਂ ਨੂੰ ਸੋਝੀ ਹੋਂਦੀ ਹੈ ਅਰ ਗੁਰਮੁਖ ਸਚ ਤੇ ਝੂਠ ਦੀ ਬਿਧੀ ਜਾਣਦੇ ਹਨ ਅਰ ਗੁਰਮੁਖ ਪਰਵਿਰਤ ਦੀ ਬਿਧਿ ਜੋ ਵਿਵਹਾਰ ਹੈ ਉਨਾਂ ਨੂੰ ਭੀ ਜਾਣਦੇ ਹਨ ਅਤੇ ਨਿਰਵਿਰਤੀ

ਜੋ ਗਿਆਨ ਹੈ ਤਿਸਨੂੰ ਭੀ ਜਾਣਦੇ ਹਨ ਅਰ ਗੁਰਮੁਖਿ ਜਗਿਆਸੀ ਨੂੰ ਗਿਆਨ ਕਰਕੇ ਤਾਰਦੇ ਹਨ ਜੋ ਭਉਜਲਤੇ ਪਾਰ ਉਤਾਰਦੇ ਹਨ ਗੁਰੂ ਨਾਨਕ ਜੀ ਕਹਿੰਦੇ ਹਨ ਕਿ ਗੁਰਮੁਖ ਸਬਦਿ ਦੇ ਕੇ ਨਿਸਤਾਰਦੇ ਹਨ ॥ ਅਬ ਨੌ ਨਿਧੀ ਕੇ ਨਾਮ ॥ ਦੋਹਰਾ ॥ ਮਹਾਪਦਮ ਅਉਪਦਮ ਪੁੰਨ ਕਛ ਪਰਮਕਰਮੁਕੰਦ ॥ ਸੰਖਖਰਬਅਰਨੀਲਇਕ ਏਕ ਕਹਤ ਹੈ ਕੁੰਦ ॥ ਸਬਦ ਦੇ ਵਿਚ ਸਭ ਨਉਨਿਧਿ ਹੈਂ ॥ ੩੧ ॥

ਨਾਮੇ ਰਾਤੇ ਹਉਮੈ ਜਾਇ ॥ ਨਾਮਿ ਰਤੇ ਸਚਿ ਰਹੇ ਸਮਾਇ ॥ ਨਾਮਿ ਰਤੇ ਜੋਗ ਜੁਗਤਿ ਬੀਚਾਰੁ ॥ ਨਾਮਿ ਰਤੇ ਪਾਵਹਿ ਮੋਖ ਦੁਆਰੁ ॥ ਨਾਮਿ ਰਤੇ ਤ੍ਰਿਭਵਣ ਸੋਝੀ ਹੋਇ ॥ ਨਾਨਕ ਨਾਮਿ ਰਤੇ ਸਦਾ ਸੁਖੁ ਹੋਇ ॥ ੩੨ ॥ ਤਿਸਕਾ ਬੀਚਾਰ :--ਬਾਬੇ ਕਹਿਆ ਕਿ ਜੇਹੜੇ ਪਰਮੇਸਰ ਦੇ ਨਾਮ ਨਾਲ ਰਤੇ ਹੈਨ ਉਨਾਂ ਦੀ ਹਉਮੈਂ ਜਾਂਦੀ ਹੈ ਅਰ ਜੋ ਨਾਮ ਨਾਲ ਰਤੇ ਹੈਂ ਸੋ ਸਚਿ ਵਿਚਿ ਸਮਾ ਜਾਂਦੇ ਹਨ ਅਰ ਜੋ ਨਾਮ ਨਾਲ ਰਤੇ ਹੈਂ ਸੋ ਪ੍ਰਾਣਾਂ ਦੀ ਜੁਗਤ ਵੀਚਾਰਦੇ ਹਨ ਅਰ ਜੋ ਨਾਮ ਨਾਲ ਰਤੇ ਹੈਂ ਸੋ ਮੁਕਤ ਨੂੰ ਪ੍ਰਾਪਤ ਹੋਂਦੇ ਹਨ ਅਰ ਜੋ ਨਾਮ ਨਾਲ ਰਤੇ ਹੈਨ ਤਿਨਾਂ ਨੂੰ ਤ੍ਰਿਭਵਣ ਦੀ ਸੋਝੀ ਹੁੰਦੀ ਹੈ ਗੁਰੂ ਨਾਨਕ ਜੀ ਕਹਿੰਦੇ ਹੈਨ ਕਿ ਜੋ ਨਾਮ ਨਾਲ ਰਤੇ ਹੈਨ ਸੋ ਸਦਾ ਸੁਖੀ ਰਹਿੰਦੇ ਹੈਨ ॥੩੨॥

ਨਾਮਿ ਰਤੇ ਸਿਧ ਗੋਸਟਿ ਹੋਇ ॥ ਨਾਮਿ ਰਤੇ ਸਦਾ ਤਪੁ ਹੋਇ ॥ ਨਾਮਿ ਰਤੇ ਸਚੁ ਕਰਣੀ ਸਾਰੁ ॥ ਨਾਮਿ ਰਤੇ ਗੁਣ ਗਿਆਨ ਬੀਚਾਰੁ ॥ ਬਿਨੁ ਨਾਵੈ ਬੋਲੈ ਸਭੁ ਵੇਕਾਰੁ ॥ ਨਾਨਕ ਨਾਮਿ ਰਤੇ ਤਿਨ ਕਉ ਜੈਕਾਰੁ ॥ ੩੩ ॥ ਤਿਸਕਾ ਬੀਚਾਰ:--ਜੋ ਪਰਮੇਸਰ ਦੇ ਨਾਮ ਨਾਲ ਰਤੇ ਹੈਂ ਉਨਾਂ ਦੀ ਸਿਧਾਂ ਤੇ ਦੇਵਤਿਆਂ ਨਾਲ ਗੋਸਟਿ ਹੋਂਦੀ ਹੈ ਅਰ ਜੋ ਨਾਮ ਨਾਲ ਰਤੇ ਹੈਂ ਉਨਾਂ ਨੂੰ ਸਾਤਕੀ ਤਪ ਹੁੰਦਾ ਹੈ ਸੋ ਸਾਤਕੀ ਤਪ ਦਮ ਤੇ ਸਮ ਕਹੀਦਾ ਹੈ ਜੋ ਨਾਮ ਨਾਲ ਰਤੇ ਹੈਂ ਤਿਨਾਂ ਦੀਆਂ ਸਚੀਆਂ ਕਰਨੀਆਂ ਹੋਂਦੀਆਂ ਹੈ ਅਰ ਜੋ ਨਾਮ ਨਾਲ ਰਤੇ ਹੈਂ ਸੋ ਗੁਣ ਗਾਂਵਦੇ ਹਨ ਤੇ ਗਿਆਨ ਵੀਚਾਰਦੇ ਹੈਨ ਅਰ ਬਿਨਾਂ ਨਾਮ ਸਭ ਝੂਠ ਹੀ ਬੋਲਣਾ ਹੈ ਗੁਰੂ ਨਾਨਕ ਜੀ ਕਹਿੰਦੇ ਹਨ ਕਿ ਜੋ ਨਾਮ ਨਾਲ ਰਤੇ ਹਨ ਤਿਨਾਂ ਦਾ ਹੀ ਜੈਕਾਰ ਹੈ ॥ ੩੩ ॥

ਪੂਰੇ ਗੁਰ ਤੇ ਨਾਮੁ ਪਾਇਆ ਜਾਇ ॥ ਜੋਗ ਜੁਗਤਿ ਸਚਿ ਰਹੇ ਸਮਾਇ ॥ ਬਾਰਹ ਮਹਿ ਜੋਗੀ ਭਰਮਾਏ ਸੰਨਿਆਸੀ ਛਿਅ ਚਾਰਿ ॥ ਗੁਰ ਕੈ ਸਬਦਿ ਜੋ ਮਰਿ ਜੀਵੈ ਸੋ ਪਾਏ ਮੋਖ ਦੁਆਰੁ ॥ ਬਿਨੁ ਸਬਦੈ ਸਭਿ ਦੂਜੈ ਲਾਗੇ ਦੇਖਹੁ ਰਿਦੈ ਬੀਚਾਰਿ ॥ ਨਾਨਕ ਵਡੇ ਸੇ ਵਡਭਾਗੀ ਜਿਨੀ ਸਚੁ ਰਖਿਆ ਉਰਿ ਧਾਰਿ ॥ ੩੪ ॥ ਸਿਧਾਂ ਪੁਛਿਆ ਨਾਮ ਕਿਸਨੂੰ ਮਿਲਕੇ ਪਾਈਦਾ ਤਾਂ ਬਾਬੇ ਕਹਿਆ ਨਾਮ ਸਭ ਵਿਸ੍ਵ ਜਪਦੀ

ਹੈ ਪਰ ਨਿਸਚਾ ਗੁਰਾਂ ਦੇ ਉਪਦੇਸ ਕਰ ਹੋਂਦਾ ਹੈ ਅਤੇ ਜੋਗ ਦੀ ਜੁਗਤ ਕਰ ਜੋ ਨਾਮ ਜਪਦਾ ਹੈ ਸੋ ਸਚ ਵਿਚ ਜਾਇ ਸਮਾਂਵਦਾ ਹੈ ਅਰ ਜੋਗ ਦੀ ਜੁਗਤ ਏਹ ਹੈ ਕਿ ਪ੍ਰਾਣਾ ਦਾ ਜਾਪ ਕਰਨਾਂ ਪਰ ਬਾਰਹ ਪੰਥਾਂ ਵਿਚ ਜੋਗੀ ਭਰਮੇ ਹੋਏ ਹਨ ਅਤੇ ਦਸ ਨਾਮ ਵਿਚ ਸੰਨਿਆਸੀ ਭਰਮੇ ਹੋਏ ਹਨ ਪਰ ਜੋ ਗੁਰਾਂ ਦੇ ਸਬਦ ਸੁਣਦੇ ਹੈਨ ਦੇਹ ਅਭਿਮਾਨ ਉਨਾਂ ਦਾ ਮਰਦਾ ਹੈ ਅਰ ਆਤਮ ਗਿਆਨ ਕਰ ਜੀਵਦੇ ਹਨ ਤਾਂਤੇ ਸੋਈ ਮੁਕਤ ਦੁਆਰ ਨੂੰ ਪਾਂਵਦੇ ਹਨ ਪਰ ਬਿਨਾਂ ਵਾਹਗੁਰੂ ਦੇ ਸਬਦ ਸਭ ਦੁਐਤ ਨੂੰ ਲਗੀ ਹੋਈ ਹੈ ਸੋ ਤੁਸੀ ਰਿਦੇ ਵਿਚ ਵਿਚਾਰ ਦੇਖਹੁ ਗੁਰੂ ਨਾਨਕ ਜੀ ਕਹਿੰਦੇ ਹੈਨ ਕਿ ਵਡਭਾਗੀ ਸੇਈ ਹਨ ਜਿਨਾਂ ਸਚ ਨਾਮ ਰਿਦੇ ਧਾਰਿਆ ਹੈ ॥੩੪॥

ਗੁਰਮੁਖਿ ਰਤਨੁ ਲਹੈ ਲਿਵ ਲਾਇ ॥ ਗੁਰਮੁਖਿ ਪਰਖੈ ਰਤਨੁ ਸੁਭਾਇ ॥ ਗੁਰਮੁਖਿ ਸਾਚੀ ਕਾਰ ਕਮਾਇ ॥ ਗੁਰਮੁਖਿ ਸਾਚੇ ਮਨੁ ਪਤੀਆਇ ॥ ਗੁਰਮੁਖਿ ਅਲਖੁ ਲਖਾਏ ਤਿਸੁ ਭਾਵੈ ॥ ਨਾਨਕ ਗੁਰਮੁਖਿ ਚੋਟ ਨ ਖਾਵੈ ॥ ੩੫ ॥ ਤਿਸਕਾ ਬੀਚਾਰ :--ਬਾਬਾ ਜੀ ਕਹਿੰਦੇ ਹੈਨ ਕਿ ਜੋ ਗੁਰਮੁਖ ਹੈਨ ਸੋ ਸਬਦ ਰੂਪੀ ਰਤਨ ਨੂੰ ਲਭਦੇ ਹੈਨ ਲਿਵਲਾਇਕੈ ਅਰ ਗੁਰਮੁਖ ਪਰਖਦੇ ਹਨ ਸਬਦ ਦੇ ਤਾਤਪਰਜ ਨੂੰ ਅਰ ਗੁਰਮੁਖ ਸਚ ਦੀ ਕਾਰ ਕਮਾਂਵਦੇ ਹਨ ਅਰ ਗੁਰਮੁਖਾਂ ਦੀ ਸਚ ਆਤਮਾ ਦੇ ਨਾਲ ਮਨ ਦੀ ਪਰਤੀਤ ਆਂਵਦੀ ਹੈ ਅਰ ਗੁਰਮੁਖਿ ਅਲਖ ਬ੍ਰਹਮ ਜੋ ਹੈ ਤਿਸਨੂੰ ਲਖਾਂਵਦੇ ਹਨ ਅਤੇ ਜੋ ਜਗਿਆਸੀ ਉਨਾਂ ਦੇ ਮਨ ਨੂੰ ਭਾਂਵਦਾ ਹੈ ਤਿਸਨੂੰ ਸਚ ਵਿਖਾਲਦੇ ਹਨ ਗੁਰੂ ਨਾਨਕ ਜੀ ਕਹਿੰਦੇ ਹੈਨ ਕਿ ਜੋ ਗੁਰਮੁਖ ਹੈਨ ਸੋ ਕਾਮ ਕ੍ਰੋਧ ਦੀ ਚੋਟ ਨਹੀਂ ਖਾਂਵਦੇ ॥ ਪਰ ਜਿਨਾਂ ਗਿਆਨ ਦੀ ਜਿਹਰ ਪਹਰੀ ਹੋਈ ਹੈ ਕਯੋਂ ਜੋ ਜਿਹਰ ਵਾਲੇ ਸਸਤ੍ਰਾਂ ਦੀ ਧਮਕ ਹੋਂਦੀ ਹੈ ਤੇ ਨੰਗੇ ਦਾ ਸਰੀਰ ਕਟਿਆ ਜਾਂਦਾ ਹੈ ਤੈਸੇ ਗਿਆਨੀਆਂ ਨੂੰ ਕਾਮ ਕ੍ਰੋਧ ਤੇ ਸੋਕ ਕਟਦੇ ਨਹੀਂ ਅਤੇ ਅਗਿਆਨੀਆਂ ਨੂੰ ਕਟਿ ਜਾਂਦੇ ਹਨ ॥ ੩੫ ॥

ਗੁਰਮੁਖਿ ਨਾਮੁ ਦਾਨੁ ਇਸਨਾਨੁ ॥ ਗੁਰਮੁਖਿ ਲਾਗੈ ਸਹਜਿ ਧਿਆਨੁ ॥ ਗੁਰਮੁਖਿ ਪਾਵੈ ਦਰਗਹ ਮਾਨੁ ॥ ਗੁਰਮੁਖਿ ਭਉ ਭੰਜਨੁ ਪਰਧਾਨੁ ॥ ਗੁਰਮੁਖਿ ਕਰਣੀ ਕਾਰ ਕਰਾਏ ॥ ਨਾਨਕ ਗੁਰਮੁਖਿ ਮੇਲਿ ਮਿਲਾਏ ॥ ੩੬ ॥ ਤਿਸਕਾ ਬੀਚਾਰ :-- ਬਾਬੇ ਕਹਿਆ ਕਿ ਸੰਸਾਰੀਆਂ ਦਾ ਦਿਨ ਰਾਤ ਵਿਖਿਆਂ ਵਿਚ ਅਕਾਰਥਾ ਜਾਂਦਾ ਹੈ ਅਤੇ ਗੁਰਮੁਖ ਨਾਮ ਜਪਦੇ ਹਨ ਅਰ ਦਾਨ ਦੇਂਦੇ ਹਨ ਅਤੇ ਇਸਨਾਨ ਕਰਦੇ ਹਨ ਅਰ ਗੁਰਮੁਖ ਸਹਜੇ ਨਾਮ ਵਲ ਧਿਆਨ ਲਾਂਵਦੇ ਹਨ ਅਰ ਗੁਰਮੁਖਿ ਵਾਹਗੁਰੂ ਦੀ ਦਰਗਾਹ ਵਿਚ ਮਾਨ ਵਡਿਆਈ ਪਾਂਵਦੇ ਹਨ ਅਰ ਗੁਰਮੁਖ ਜੋ ਹੈਨ ਸੋ ਜਨਮ ਮਰਨ

ਦੇ ਭੈ ਭੰਜਨ ਨੂੰ ਪਰਧਾਨ ਹਨ ਅਰ ਗੁਰਮੁਖ ਜੇਹੜੀਆਂ ਕਰਨੀਆਂ ਸਤਿਗੁਰਾਂ ਦਸੀਆਂ ਹੈ ਸੋ ਕਾਰ ਕਰਦੇ ਹਨ ਗੁਰੂ ਨਾਨਕ ਜੀ ਕਹਿੰਦੇ ਹੈਨ ਕਿ ਉਹ ਸਤਸੰਗ ਵਿਚ ਮਿਲਦੇ ਹੈਨ ॥ ੩੬ ॥ ਫਿਰ ਬਾਬਾ ਜੀ ਕਹੇ ਹੈਂ :--

ਗੁਰਮੁਖਿ ਸਾਸਤ੍ਰ ਸਿਮ੍ਰਿਤਿ ਬੇਦ ॥ ਗੁਰਮੁਖਿ ਪਾਵੈ ਘਟਿ ਘਟਿ ਭੇਦ ॥ ਗੁਰਮੁਖਿ ਵੈਰ ਵਿਰੋਧ ਗਵਾਵੈ ॥ ਗੁਰਮੁਖਿ ਸਗਲੀ ਗਣਤ ਮਿਟਾਵੈ ॥ ਗੁਰਮੁਖਿ ਰਾਮ ਨਾਮ ਰੰਗਿ ਰਾਤਾ ॥ ਨਾਨਕ ਗੁਰਮੁਖਿ ਖਸਮੁ ਪਛਾਤਾ ॥੩੭॥ ਤਿਸਕਾ ਬੀਚਾਰ ਗੁਰਮੁਖਿ ਸਾਸਤ੍ਰ ਸਿੰਮ੍ਰਤ ਬੇਦ ਨੂੰ ਸਮਝਦੇ ਹਨ ਅਰ ਗੁਰਮੁਖਿ ਹੀ ਪਾਂਵਦੇ ਹਨ ਘਟਿ ਘਟਿ ਵਿਖੇ ਆਤਮਾ ਦਾ ਭੇਦ ॥ ਅਰ ਗੁਰਮੁਖ ਵੈਰ ਤੇ ਵਾਦ ਗਵਾਂਵਦੇ ਹਨ ਅਰ ਗੁਰਮੁਖਿ ਸਭ ਗਣਤੀਆਂ ਤੇ ਚਿੰਤਾ ਮਿਟਾਂਵਦੇ ਹਨ ਅਰ ਗੁਰਮੁਖ ਜੋ ਹੈਨ ਸੋ ਰਾਮ ਨਾਮ ਦੇ ਰੰਗ ਤੇ ਰਹਿੰਦੇ ਹਨ ॥ ਗੁਰੂ ਨਾਨਕ ਜੀ ਕਹਿੰਦੇ ਹੈਨ ਕਿ ਗੁਰਮੁਖਾਂ ਨੇ ਖਸਮ ਨੂੰ ਪਛਾਤਾ ਹੈ ॥ ੩੭ ॥

ਬਿਨੁ ਗੁਰ ਭਰਮੈ ਆਵੈ ਜਾਇ ॥ ਬਿਨੁ ਗੁਰ ਘਾਲ ਨ ਪਵਈ ਥਾਇ ॥ ਬਿਨੁ ਗੁਰ ਮਨੂਆ ਅਤਿ ਡੋਲਾਇ ॥ ਬਿਨੁ ਗੁਰ ਤ੍ਰਿਪਤਿ ਨਹੀ ਬਿਖੁ ਖਾਇ ॥ ਬਿਨੁ ਗੁਰ ਬਿਸੀਅਰੁ ਡਸੈ ਮਰਿ ਵਾਟ ॥ ਨਾਨਕ ਗੁਰ ਬਿਨੁ ਘਾਟੇ ਘਾਟ ॥੩੮॥ ਤਿਸਕਾ ਬੀਚਾਰ ਬਾਬਾ ਜੀ ਕਹਿੰਦੇ ਹੈਨ ਕਿ ਬਿਨਾਂ ਸਤਿਗੁਰਾਂ ਦੇ ਮਿਲੇ ਭਰਮਿਆ ਹੋਇਆ ਆਵਾਗਉਣ ਵਿਚ ਰਹਿੰਦਾ ਹੈ ਅਰ ਬਿਨਾ ਸਤਿਗੁਰਾਂ ਦੇ ਸਾਧਨਾ ਕਾਈ ਥਾਇ ਨਹੀਂ ਪੌਂਦੀ ਅਰ ਬਿਨਾ ਗੁਰਾਂ ਦੇ ਮਨ ਡੋਲਦਾ ਹੈ ਅਰ ਬਿਨਾਂ ਗੁਰਾਂ ਦੇ ਤ੍ਰਿਪਤਿ ਨਹੀਂ ਹੋਂਦਾ ਅਤੇ ਵਿਖੈ ਭੋਗਦਾ ਹੈ ਅਰ ਬਿਨਾਂ ਗੁਰਾਂ ਦੇ ਅਗਿਆਨ ਰੂਪੀ ਸਰਪ ਡਸਦਾ ਹੈ ਅਤੇ ਧਰਮ ਦੀ ਵਾਟ ਮਾਰਦਾ ਹੈ ਸੋ ਗੁਰੂ ਨਾਨਕ ਜੀ ਕਹਿੰਦੇ ਹਨ ਕਿ ਗੁਰ ਥੀ ਬਿਨਾ ਘਾਂਟਾ ਹੀ ਥੀਂਦਾ ਹੈ ॥ ੩੮ ॥

ਜਿਸੁ ਗੁਰੁ ਮਿਲੈ ਤਿਸੁ ਪਾਰਿ ਉਤਾਰੈ ॥ ਅਵਗਣ ਮੇਟੈ ਗੁਣਿ ਨਿਸਤਾਰੈ ॥ ਮੁਕਤਿ ਮਹਾ ਸੁਖ ਗੁਰ ਸਬਦੁ ਬੀਚਾਰਿ ॥ ਗੁਰਮੁਖਿ ਕਦੇ ਨ ਆਵੈ ਹਾਰਿ ॥ ਤਨੁ ਹਟੜੀ ਇਹੁ ਮਨੁ ਵਣਜਾਰਾ ॥ ਨਾਨਕ ਸਹਜੇ ਸਚੁ ਵਾਪਾਰਾ ॥ ੩੯ ॥ ਤਿਸਕਾ ਬੀਚਾਰ :--ਜਿਸਨੂੰ ਪੂਰੇ ਗੁਰੂ ਮਿਲਦੇ ਹਨ ਤਿਸਨੂੰ ਨਾਮ ਦੇ ਜਹਾਜ ਤੇ ਚਾੜ ਕਰ ਅਗਯਾਨ ਥੀ ਪਾਰ ਉਤਾਰਦੇ ਹਨ ਅਤੇ ਅਵਗੁਣ ਤਿਨਾਂ ਦੇ ਮਿਟ ਜਾਂਵਦੇ ਹਨ ਅਤੇ ਗੁਣ ਉਨਾਂ ਨੂੰ ਦੇ ਕੇ ਸਤਗੁਰ ਨਿਸਤਾਰਾ ਕਰਦੇ ਹਨ ॥ ਅਰ ਮੁਕਤਿ ਭੀ ਤੇ ਸੁਖ ਭੀ ਗੁਰੂ ਦੇ ਸਬਦ ਦੇ ਵੀਚਾਰ ਵਿਚ ਹੋਂਦੇ ਹਨ ਅਰ ਗੁਰਮੁਖ ਮੁਕਤ ਭੀ ਤੇ ਸਭੇ ਸੁਖ ਭੀ ਗੁਰੂ ਦੇ ਸਬਦ ਦੇ ਵੀਚਾਰ ਕਰ ਹੋਂਦੇ ਹਨ ਅਰ

ਗੁਰਮੁਖ ਆਪਣੀ ਆਰਜਾ ਹਾਰਦੇ ਨਹੀਂ ਨਾਮ ਜਪਦੇ ਹਨ ਅਰ ਗੁਰਮੁਖਾਂ ਦਾ ਤਨ ਹਟ ਹੈ ਅਤੇ ਜਗਿਆਸੀਆਂ ਦਾ ਮਨ ਵਣਜਾਰਾ ਹੈ ॥ ਗੁਰੂ ਨਾਨਕ ਜੀ ਕਹਿੰਦੇ ਹੈਨ ਕਿ ਓਹ ਸਹਜੇ ਸਚੇ ਨਾਮ ਦਾ ਤੇ ਗਿਆਨ ਦਾ ਵਾਪਾਰ ਕਰਦੇ ਹਨ ॥ ੩੯ ॥ ਅਤੇ ਫਿਰ ਬਾਬਾ ਜੀ ਕਹਿਆ ਹੈ ਕਿ :--

ਗੁਰਮੁਖਿ ਬਾਂਧਿਓ ਸੇਤੁ ਬਿਧਾਤੈ ॥ ਲੰਕਾ ਲੂਟੀ ਦੈਤ ਸੰਤਾਪੈ ॥ ਰਾਮਚੰਦਿ ਮਾਰਿਓ ਅਹਿ ਰਾਵਣੁ ॥ ਭੇਦੁ ਬਭੀਖਣ ਗੁਰਮੁਖਿ ਪਰਚਾਇਣੁ ॥ ਗੁਰਮੁਖਿ ਸਾਇਰਿ ਪਾਹਣ ਤਾਰੇ ॥ ਗੁਰਮੁਖਿ ਕੋਟਿ ਤੇਤੀਸ ਉਧਾਰੇ ॥ ੪੦ ॥ ਤਿਸਕਾ ਬੀਚਾਰ :--ਕਿ ਗੁਰੂ ਦੇ ਮੁਖ ਥੀ ਜੋ ਨਾਮ ਦਾ ਮਹਾਤਮ ਸੁਣਿਆ ਹੈਸੀ ਸੋ ਬਿਧਾਤਾ ਜੋ ਰਾਮ ਜੀ ਹੈ ਸੋ ਉਨਾਂ ਪਰਬਤਾਂ ਤੇ ਰਾਮ ਨਾਮ ਲਿਖਿਆ ਤਾਂ ਹੁਣ ਤਕ ਸਮੁੰਦ੍ਰ ਤੇ ਪਾਹਣ ਪਏ ਤਰਦੇ ਹਨ ਅਤੇ ਗੁਰਮੁਖ ਜੋ ਰਾਮ ਜੀ ਹਨ ਉਨਾਂ ਨੇ ਤੇਤੀਸ ਕਰੋੜੀ ਦੇਵਤੇ ਜੋ ਰਾਵਣ ਦੀ ਬੰਧ ਵਿਚ ਹੈਸਨ ਉਨਾਂ ਨੂੰ ਛਡਾਇਆ ਤੇ ਲੰਕਾ ਨੂੰ ਲੂਟਿਆ ਤੇ ਦੈਤਾਂ ਨੂੰ ਤਪਾਇਆ ਅਰ ਮਾਰਿਆ ਅਤੇ ਜੋ ਰਾਵਣ ਸਰਪ ਹੈਸੀ ਉਸਨੂੰ ਮਾਰਿਆ ਅਰ ਭਭੀਖਣ ਜੋ ਗੁਰਮੁਖਿ ਹੈਸੀ ਸੋ ਉਸਨੇ ਰਾਮ ਜੀ ਨਾਲ ਪਰਚਾ ਲਾਇਆ ਅਰ ਗੁਰਮੁਖਿ ਜੋ ਰਾਮ ਜੀ ਹੈਸਨ ਉਨਾਂ ਪਰਬਤਾਂ ਨੂੰ ਭੀ ਤਾਰਿਆ ਹੈ ਅਤੇ ਦੇਵਤਿਆਂ ਦਾ ਭੀ ਉਧਾਰ ਕੀਤਾ ਹੈ ॥ ੪੦ ॥ ਅਤੇ ਦੂਸਰਾ ਅਰਥ ਇਹ ਹੈ ਕਿ ਗੁਰਾ ਦੇ ਮੁਖ ਦੇ ਜੋ ਸਬਦ ਹੈਨ ਤਿਨਾਂ ਦੀ ਪੁਲ ਅਗਿਆਨ ਦੇ ਸਮੁੰਦਰ ਪਰ ਬਿਧਾਤਾ ਨੇ ਬਧੀ ਹੈ ਅਤੇ ਲੰਕਾ ਜੋ ਅਵਿਦਿਆ ਹੈ ਸੋ ਲੂਟੀ ਹੈ ਅਤੇ ਦੈਤ ਜੋ ਕਾਮ ਕ੍ਰੋਧਾਦਿਕ ਹੈਨ ਤਿਨਾਂ ਨੂੰ ਸੰਤਾਪ ਦਿਤਾ ਹੈ ਅਰ ਰਾਮ ਦਾ ਜੋ ਨਾਮ ਹੈ ਸੋਈ ਚੰਦ੍ਰਮਾ ਹੈ ਅਤੇ ਮਨ ਰੂਪੀ ਰਾਵਣ ਹੈ ਜੋ ਜਿਸਨੇ ਸਭਨਾਂ ਰਿਖੀਸਰਾਂ ਤਪੀਸਰਾਂ ਨੂੰ ਰੁਵਾਇਆ ਹੈ ਸੋ ਉਸ ਮਨ ਨੂੰ ਸੰਤਾਂ ਨੇ ਰਾਮ ਨਾਮ ਕਰ ਮਾਰਿਆ ਹੈ ਅਰ ਗੁਰਮੁਖ ਜੋ ਹੈਨ ਸੋਈ ਭਭੀਖਣ ਹੈਨ ਸੋ ਉਨਾਂ ਨੇ ਮਨ ਦੇ ਰੋਕਨ ਦੀ ਗਤਿ ਅਤੇ ਭੇਦ ਦਸਿਆ ਹੈ ਅਰ ਗੁਰਾਂ ਦੇ ਵਚਨਾਂ ਕਰ ਜੋ ਪਥਰਾਂ ਦੀ ਨਿਆਂਈ ਅਗਿਆਨੀ ਹੈਸਨ ਸੋ ਭੀ ਤਾਰੇ ਹਨ ਤੇ ਗੁਰਮੁਖਾਂ ਨੇ ਸਭ ਦੇਵਤਿਆਂ ਤੇ ਮਨੁਖਾਂ ਦੇ ਨਾਮ ਦੇਕਰ ਉਧਾਰ ਕੀਤਾ ਹੈ ॥ ੪੦ ॥

ਗੁਰਮੁਖਿ ਚੂਕੈ ਆਵਣ ਜਾਣੁ ॥ ਗੁਰਮੁਖਿ ਦਰਗਹ ਪਾਵੈ ਮਾਣੁ ॥ ਗੁਰਮੁਖਿ ਖੋਟੇ ਖਰੇ ਪਛਾਣੁ ॥ ਗੁਰਮੁਖਿ ਲਾਗੈ ਸਹਜਿ ਧਿਆਨੁ ॥ ਗੁਰਮੁਖਿ ਦਰਗਹ ਸਿਫਤਿ ਸਮਾਇ ॥ ਨਾਨਕ ਗੁਰਮੁਖਿ ਬੰਧੁ ਨ ਪਾਇ ॥ ੪੧ ॥ ਬਾਬਾ ਜੀ ਕਹਿੰਦੇ ਹੈਨ ਕਿ ਗੁਰਮੁਖਾਂ ਦਾ ਆਵਣਾ ਜਾਣਾ ਗਿਆਨ ਕਰ ਮਿਟਦਾ ਹੈ ਅਰ ਗੁਰਮੁਖ ਦਰਗਾਹ

ਮਾਨ ਪਾਂਵਦੇ ਹਨ ਅਰ ਗੁਰਮੁਖਿ ਖੋਟੇ ਖਰੇ ਕਰਮ ਪਛਾਣਦੇ ਹਨ ਅਰ ਗੁਰਮੁਖਾਂ ਦਾ ਸਹਜੇ ਪਰਮੇਸਰ ਦੇ ਚਰਨਾਂ ਵਲ ਧਿਆਨ ਲਗਦਾ ਹੈ ਅਰ ਗੁਰਮੁਖਿ ਦਰਗਹਿ ਵਿਚ ਸਿਫਤ ਕਰ ਸਮਾਂਵਦੇ ਹਨ ਗੁਰੂ ਨਾਨਕ ਜੀ ਕਹਿੰਦੇ ਹਨ ਕਿ ਗੁਰਮੁਖ ਅਗਿਆਨ ਦੇ ਬੰਧਨਾ ਵਿਚ ਨਹੀਂ ਪਉਂਦੇ॥੪੧॥

ਗੁਰਮੁਖ ਨਾਮੁ ਨਿਰੰਜਨ ਪਾਏ ॥ ਗੁਰਮੁਖਿ ਹਉਮੈ ਸਬਦਿ ਜਲਾਏ ॥ ਗੁਰਮੁਖਿ ਸਾਚੇ ਕੇ ਗੁਣ ਗਾਏ ॥ ਗੁਰਮੁਖਿ ਸਾਚੈ ਰਹੈ ਸਮਾਏ ॥ ਗੁਰਮੁਖਿ ਸਾਚਿ ਨਾਮਿ ਪਤਿ ਊਤਮ ਹੋਇ ॥ ਨਾਨਕ ਗੁਰਮੁਖਿ ਸਗਲ ਭਵਣ ਕੀ ਸੋਝੀ ਹੋਇ ॥ ੪੨ ॥ ਤਿਸਕਾ ਬੀਚਾਰ--ਗੁਰਮੁਖ ਨਾਮ ਨਿਰੰਜਨ ਦਾ ਪਾਂਵਦੇ ਹਨ ਅਤੇ ਗੁਰਮੁਖ ਸਬਦ ਸੁਣਕੇ ਹਉਮੈ ਗਵਾਂਵਦੇ ਹੈਨ ਅਰ ਗੁਰਮੁਖ ਸਾਚੇ ਕੇ ਗੁਣ ਗਾਂਵਦੇ ਹੈਨ ਅਰ ਗੁਰਮੁਖ ਸਚ ਵਿਚ ਸਮਾਇ ਜਾਂਦੇ ਹਨ ਅਰ ਗੁਰਮੁਖਾਂ ਦੀ ਸਚ ਨਾਮ ਦੀ ਪਤਿ ਊਤਮ ਹੋਂਦੀ ਹੈ ਗੁਰੂ ਨਾਨਕ ਜੀ ਕਹਿੰਦੇ ਹੈਨ ਕਿ ਗੁਰਮੁਖਾਂ ਨੂੰ ਸਭਨਾਂ ਭਵਨਾਂ ਦੀ ਸੋਝੀ ਹੋਂਦੀ ਹੈ ॥ ੪੨ ॥

ਕਵਣ ਮੂਲੁ ਕਵਣ ਮਤਿ ਵੇਲਾ ॥ ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ ॥ ਕਵਣ ਕਥਾ ਲੇ ਰਹਹੁ ਨਿਰਾਲੇ ॥ ਬੋਲੈ ਨਾਨਕੁ ਸੁਣਹੁ ਤੁਮ ਬਾਲੇ ॥ ਏਸੁ ਕਥਾ ਕਾ ਦੇਇ ਬੀਚਾਰੁ ॥ ਭਵਜਲੁ ਸਬਦਿ ਲੰਘਾਵਣਹਾਰੁ ॥੪੩॥ ਤਿਸਦਾ ਬੀਚਾਰ--ਸਿਧਾਂ ਕਹਿਆ ਕਿ ਤੇਰਾ ਕਵਣ ਮੂਲ ਹੈ ਜੋ ਜਿਸਨੂੰ ਤੂੰ ਜਪਨਾ ਹੈ ਅਤੇ ਇਹ ਮਤ ਤੈਨੂੰ ਕਿਸ ਵੇਲੇ ਦੀ ਆਈ ਹੈ ਅਰ ਤੇਰਾ ਗੁਰੂ ਕਵਣ ਹੈ ਜਿਸਦਾ ਤੂੰ ਚੇਲਾ ਹੈਂ ਅਰ ਕਿਸ ਕਥਾ ਨੂੰ ਲੈਕਰ ਤੂੰ ਵਿਖਿਆ ਥੀ ਨਿਰਾਲਾ ਹੋਇਆ ਹੈਂ ਸੋ ਸਿਧ ਬੋਲੇ ਕਿ ਹੇ ਨਾਨਕ ਬਾਲੇ ਤੁਮ ਸੁਣੋ ਅਰ ਇਸ ਕਥਾ ਦਾ ਵੀਚਾਰ ਦੇਹੋ ਜੋ ਓਹ ਸਬਦ ਕਵਣ ਹੈ ਜੋ ਪਾਰ ਉਤਾਰਣ ਵਾਲਾ ਹੈ ॥ ੪੩ ॥

ਪਵਨ ਅਰੰਭੁ ਸਤਿਗੁਰ ਮਤਿ ਵੇਲਾ ॥ ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥ ਅਕਥ ਕਥਾ ਲੇ ਰਹਉ ਨਿਰਾਲਾ ॥ ਨਾਨਕ ਜੁਗਿ ਜੁਗਿ ਗੁਰ ਗੋਪਾਲਾ ॥ ਏਕੁ ਸਬਦੁ ਜਿਤੁ ਕਥਾ ਵੀਚਾਰੀ ॥ ਗੁਰਮੁਖਿ ਹਉਮੈ ਅਗਨਿ ਨਿਵਾਰੀ ॥ ੪੪ ॥ ਤਿਸਕਾ ਬੀਚਾਰ--ਬਾਬੇ ਕਹਿਆ ਪ੍ਰਾਨਾਂ ਦਾ ਜੋ ਰੋਕਣਾ ਹੈ ਸੋਈ ਮੇਰਾ ਮੂਲ ਹੈ ਅਰ ਜਿਸ ਸਮੈ ਸਤਿਗੁਰੂ ਦੀ ਮਤਿ ਲਈ ਹੈ ਸੋਈ ਮੇਰਾ ਵੇਲਾ ਹੈ ਅਰ ਸਬਦਿ ਮੇਰਾ ਗੁਰੂ ਹੈ ਤੇ ਸੁਰਤਿ ਮੇਰੀ ਜੋ ਹੈ ਸੋ ਏਹ ਚੇਲਾ ਹੈ ਅਰ ਨਾਮ ਦੀ ਜੋ ਅਕਥ ਕਥਾ ਹੈ ਸੋਈ ਲੈਕੇ ਮੈ ਜਗਤਿ ਥੀ ਨਿਰਾਲਾ ਹੋਇਆ ਹੋਂ ਗੁਰੂ ਨਾਨਕ ਜੀ ਕਹਿੰਦੇ ਹੈਨ ਕਿ ਜੁਗ ਜੁਗ ਵਿਚ ਗੁਰ ਜਪ ਤਪ ਨੂੰ ਪਾਲਦੇ ਹਨ ਅਰ ਗਿਆਨ ਅਰ ਧਿਆਨ ਕਰਕੈ ਪੋਖਦੇ ਹਨ ਜੋ

ਇਕ ਸਤਿਗੁਰੂ ਦੇ ਸਬਦ ਕਰ ਕਥਾ ਬੀਚਾਰੀ ਹੈ ਅਰ ਗੁਰਮੁਖਾਂ ਨੇ ਹਉਮੈ ਦੀ ਅਗਨਿ ਨਿਵਾਰੀ ਹੈ ॥ ੪੪ ॥

ਮੈਣ ਕੇ ਦੰਤ ਕਿਉ ਖਾਈਐ ਸਾਰੁ ॥ ਜਿਤੁ ਗਰਬੁ ਜਾਇ ਸੁ ਕਵਣੁ ਆਹਾਰੁ ॥ ਹਿਵੈ ਕਾ ਘਰੁ ਮੰਦਰੁ ਅਗਨਿ ਪਿਰਾਹਨੁ ॥ ਕਵਨ ਗੁਫਾ ਜਿਤੁ ਰਹੈ ਅਵਾਹਨੁ ॥ ਇਤ ਉਤ ਕਿਸ ਕਉ ਜਾਣਿ ਸਮਾਵੈ ॥ ਕਵਨ ਧਿਆਨੁ ਮਨੁ ਮਨਹਿ ਸਮਾਵੈ ॥ ੪੫ ॥ ਤਿਸਕਾ ਬੀਚਾਰ:--ਸਿਧਾਂ ਕਹਿਆ ਤੂੰ ਬਾਲਾ ਹੈ ਜੋ ਕੋਈ ਜੋਗ ਨਹੀਂ ਸਾਧਿਆ ਅਰ ਤਪ ਨਹੀਂ ਕੀਤਾ ਸੋ ਤੇਰੇ ਮੋਮ ਦੇ ਦੰਦ ਹੈਨ ਅਰ ਮੋਮ ਦੇ ਦੰਦਾਂ ਨਾਲ ਤੁਧ ਗਿਆਨ ਦਾ ਸਾਰ ਕਿਉਂ ਕਰ ਖਾਧਾ ਹੈ ਅਰ ਜਿਸ ਕਰ ਗਰਬ ਮਿਟ ਜਾਏ ਸੋ ਕਵਨ ਅਹਾਰ ਹੈ ਅਰ ਬਰਫ ਦੇ ਘਰ ਵਿਚ ਅਗਨ ਦਾ ਪਿਰਾਹਨ ਕਿਉਂ ਕਰ ਰਹੀਦਾ ਹੈ ਅਰ ਕੇਹੜੀ ਗੁਫਾ ਵਿਚ ਕਾਮਨਾ ਰੂਪੀ ਅਗਨਿ ਰਹਦਾ ਹੈ ਅਰ ਏਹ ਤਾਂ ਜਗਤ ਬ੍ਰਹਮ ਮਈ ਹੈ ਸੋ ਇਸਦੇ ਵਿਚ ਤ੍ਰਿਸਨਾ ਰੂਪੀ ਅਗਨਿ ਹਉਮੈ ਦੇ ਗੁਫੇ ਵਿਚ ਰਹਿੰਦੀ ਹੈ ਅਤੇ ਇਸ ਅਗਿਆਨ ਤੇ ਗਿਆਨ ਵਿਚ ਪਰਮਾਤਮਾਂ ਦੀ ਸਤਾ ਨੂੰ ਜਾਣਦਾ ਹੈ ਤਾਂ ਅਗਨਿ ਸਮਾ ਜਾਂਦੀ ਹੈ ਸੋ ਕੌਨ ਧਿਆਨ ਹੈ ਜੋ ਮਨ ਦੀ ਮਨਉਤ ਮਨ ਵਿਚ ਸਮਾਇ ਜਾਵੇ ॥ ੪੫ ॥

ਹਉ ਹਉ ਮੈ ਮੈ ਵਿਚਹੁ ਖੋਵੈ ॥ ਦੂਜਾ ਮੇਟੈ ਏਕੋ ਹੋਵੈ ॥ ਜਗੁ ਕਰੜਾ ਮਨਮੁਖੁ ਗਾਵਾਰੁ ॥ ਸਬਦੁ ਕਮਾਈਐ ਖਾਈਐ ਸਾਰੁ ॥ ਅੰਤਰਿ ਬਾਹਰਿ ਏਕੋ ਜਾਣੈ ॥ ਨਾਨਕ ਅਗਨਿ ਮਰੈ ਸਤਿਗੁਰ ਕੈ ਭਾਣੈ ॥ ੪੬ ॥ ਹਉਮੈਂ ਤੇ ਮੇਰਾ ਸੋ ਅਣਹੋਂਦੇ ਹਨ ਸੋ ਓਹ ਵਿਚੋਂ ਖੋਵੈ ਅਰ ਦੁਐਤ ਆਪਣੇ ਰਿਦੇ ਵਿਚੋਂ ਮੇਟੇ ਤਾਂ ਵਾਹਗੁਰੂ ਨਾਲ ਇਕੋ ਹੋਵੈ ਅਰ ਜਗਤ ਕਰੜਾ ਹੈ ਅਰ ਜੇਹੜੇ ਮਨਮੁਖ ਜਗਤ ਵਿਚ ਰਚੇ ਹੈਂ ਸੋ ਗਵਾਰ ਹੈਂ ॥ ਪਰ ਸਬਦ ਨੂੰ ਕਮਾਈਐ ਤਾਂ ਸਚ ਨੂੰ ਪ੍ਰਾਪਤ ਹੋਈਐ ਅਰ ਅੰਦਰ ਤੇ ਬਾਹਰ ਇਕ ਵਾਹਗੁਰੂ ਜਾਣੀਐ ਗੁਰੂ ਨਾਨਕ ਜੀ ਕਹਿੰਦੇ ਹੈਨ ਕਿ ਗੁਰਾਂ ਦੇ ਮੰਨਣ ਕਰ ਤ੍ਰਿਸਨਾ ਦੀ ਅਗਨਿ ਮਰਦੀ ਹੈ ॥ ੪੬ ॥

ਸਚ ਭੈ ਰਾਤਾ ਗਰਬੁ ਨਿਵਾਰੈ ॥ ਏਕੋ ਜਾਤਾ ਸਬਦੁ ਵੀਚਾਰੈ ॥ ਸਬਦੁ ਵਸੈ ਸਚੁ ਅੰਤਰਿ ਹੀਆ ॥ ਤਨੁ ਮਨੁ ਸੀਤਲੁ ਰੰਗਿ ਰੰਗੀਆ ॥ ਕਾਮੁ ਕ੍ਰੋਧੁ ਬਿਖੁ ਅਗਨਿ ਨਿਵਾਰੇ ॥ ਨਾਨਕ ਨਦਰੀ ਨਦਰਿ ਪਿਆਰੇ ॥ ੪੭ ॥ ਸਚੇ ਦੇ ਭੈ ਵਿਚ ਜੇਹੜੇ ਰਤੇ ਹੈਂ ਸੋ ਗਰਬ ਨਿਵਾਰਦੇ ਹਨ ਸੋ ਇਕ ਉਨਾਂ ਹੀ ਜਾਤਾ ਹੈ ਜੋ ਸਬਦ ਬੀਚਾਰਦੇ ਹਨ ਅਰ ਗੁਰਾਂ ਦਾ ਸਬਦ ਜਿਨਾਂ ਦੇ ਹੀਏ ਵਿਚ ਵਸਦਾ ਹੈ ਉਨਾਂ ਦਾ ਤਨ ਮਨ ਸੀਤਲ ਹੋਂਦਾ ਹੈ ਅਰ ਪਰਮੇਸਰ ਦੇ ਨਾਮ ਨਾਲ ਰੰਗੀਦੇ ਹਨ ਅਰ ਕਾਮ ਕ੍ਰੋਧ ਰੂਪੀ ਵਿਖ

ਅਗਨਿ ਹੈ ਸੋ ਸਬਦ ਨਿਵਾਰਦਾ ਹੈ ਗੁਰੂ ਨਾਨਕ ਜੀ ਕਹਿੰਦੇ ਹੈਨ ਕਿ ਜੋ ਨਦਰ ਸਤਿਗੁਰੂ ਦੀ ਹੋਂਦੀ ਹੈ ਤਾਂ ਸਤਿ ਨੂੰ ਪ੍ਰਾਪਤਿ ਹੋਂਦਾ ਹੈ ॥ ੪੭ ॥

ਕਵਨ ਮੁਖਿ ਚੰਦੁ ਹਿਵੈ ਘਰੁ ਛਾਇਆ ॥ ਕਵਨ ਮੁਖਿ ਸੂਰਜੁ ਤਪੈ ਤਪਾਇਆ ॥ ਕਵਨ ਮੁਖਿ ਕਾਲੁ ਜੋਹਤ ਨਿਤ ਰਹੈ ॥ ਕਵਨ ਬੁਧਿ ਗੁਰਮੁਖਿ ਪਤਿ ਰਹੈ ॥ ਕਵਨੁ ਜੋਧੁ ਜੋ ਕਾਲੁ ਸੰਘਾਰੈ ॥ ਬੋਲੈ ਬਾਣੀ ਨਾਨਕੁ ਬੀਚਾਰੈ ॥ ੪੮ ॥ ਤਿਸਕਾ ਬੀਚਾਰ ॥ ਸਿਧਾਂ ਪੁਛਿਆ:--ਕਿਸ ਜੁਗਤ ਕਰ ਚੰਦ੍ਰਮਾਂ ਦੀ ਜੋਤ ਸੀਤਲ ਹੋਂਦੀ ਹੈ ਅਤੇ ਸੂਰਜ ਕਿਸ ਤੇਜ ਕਰ ਤਪਦਾ ਹੈ ਅਤੇ ਕਾਲ ਕਿਸ ਪ੍ਰਕਾਰ ਜੀਆਂ ਦੇ ਸੁਆਸਾਂ ਨੂੰ ਨਿਤ ਜੋਹਦਾ ਹੈ ਅਰ ਕਵਣ ਬੁਧ ਇਸਨੂੰ ਪ੍ਰਾਪਤਿ ਹੋਵੈ ਜੋ ਗੁਰਾਂ ਦੇ ਗੁਰਮੁਖਾਂ ਨਾਲ ਪਤਿ ਰਹੇ ਅਰ ਕਵਨ ਜੋਧਾ ਹੈ ਜੋ ਕਾਲ ਨੂੰ ਸੰਘਾਰੇ ਸਿਧ ਬੋਲੇ ਜੋ ਗੁਰਮੁਖ ਹੋਵੇਗਾ ਸੋ ਇਸਨੂੰ ਵੀਚਾਰੇਗਾ ॥ ੪੮ ॥

ਸਬਦੁ ਭਾਖਤ ਸਸਿ ਜੋਤਿ ਅਪਾਰਾ ॥ ਸਸਿ ਘਰਿ ਸੂਰੁ ਵਸੈ ਮਿਟੈ ਅੰਧਿਆਰਾ ॥ ਸੁਖੁ ਦੁਖੁ ਸਮ ਕਰਿ ਨਾਮੁ ਅਧਾਰਾ ॥ ਆਪੇ ਪਾਰਿ ਉਤਾਰਣਹਾਰਾ ॥ ਗੁਰ ਪਰਚੈ ਮਨੁ ਸਾਚਿ ਸਮਾਇ ॥ ਪ੍ਰਣਵਤਿ ਨਾਨਕੁ ਕਾਲੁ ਨ ਖਾਇ ॥ ੪੯ ॥ ਤਿਸਕਾ ਬੀਚਾਰ:--ਗੁਰੂ ਨਾਨਕ ਜੀ ਕਹਿਆ ਕਿ ਗੁਰਾਂ ਦੇ ਸਬਦ ਸਮਝਣ ਕਰ ਚੰਦ੍ਰਮੇਂ ਦੀ ਸੀਤਲ ਜੋਤਿ ਹੋਂਦੀ ਹੈ ਅਰ ਚੰਦ੍ਰਮਾਂ ਦਾ ਘਰ ਰਾਤ ਹੈ ਸੋ ਉਸ ਵਿਚ ਸੂਰਜ ਦਾ ਨਿਵਾਸ ਹੋਂਦਾ ਹੈ ਤਾਂ ਅੰਧੇਰਾ ਮਿਟ ਜਾਂਦਾ ਹੈ ਤੈਸੇ ਅਗਿਆਨੀਆਂ ਨੂੰ ਗਿਆਨ ਪ੍ਰਾਪਤ ਹੋਂਦਾ ਹੈ ਅਤੇ ਗਿਆਨ ਰੂਪੀ ਸੂਰਜ ਚੜਿਆਂ ਅਗਿਆਨ ਦਾ ਅੰਧੇਰਾ ਮਿਟ ਜਾਂਦਾ ਹੈ ਅਤੇ ਦੂਜਾ ਅਰਥ ਇਹ ਹੈ ਕਿ ਚੰਦ੍ਰਮਾਂ ਸਾਂਤ ਰੂਪ ਹੈ ਸੋ ਸਾਂਤਕੀ ਗੁਣ ਹੋਇਆ ਹੈ ਅਤੇ ਸੂਰਜ ਤਪਤ ਰੂਪ ਸੋ ਤਾਂਮਸੀ ਗੁਣ ਹੋਇਆ ਸੋ ਜੋ ਸਾਂਤਕੀ ਗੁਣ ਨਾਲ ਤਾਂਮਸੀ ਗੁਣ ਘਟਾਇਆ ਤਾਂ ਅਗਿਆਨ ਦਾ ਅੰਧੇਰਾ ਮਿਟ ਜਾਂਦਾ ਹੈ ਤੀਸਰਾ ਅਰਥ:--ਜੋਗ ਉਪਰਿ ਹੈ ਜੋਗੀ ਜਨ ਸਜੀ ਨਾਸਕਾ ਦੀ ਸੁਰ ਨੂੰ ਸੂਰਜ ਕਹਿੰਦੇ ਹਨ ਅਤੇ ਖਬੀ ਨਾਸਕਾ ਵਿਚੋਂ ਪ੍ਰਾਣ ਆਂਵਦੇ ਹਨ ਉਸਨੂੰ ਚੰਦ੍ਰਮਾਂ ਕਹਦੇ ਹਨ ਸੋ ਸਜੀ ਨਾਸਕਾ ਨੂੰ ਰੋਕ ਕੇ ਖਬੀ ਨਾਸਕਾ ਵਿਚ ਪ੍ਰਾਣ ਲਿਆਂਵਦੇ ਹਨ ਅਰ ਫੇਰ ਸੁਖਮਨਾ ਜਾਇ ਠਹਰਦੈ ਹਨ ਤਾਂ ਜੋਤ ਦਾ ਉਜਾਲਾ ਹੋਂਦਾ ਅਰ ਅੰਧਕਾਰ ਉਨਾਂ ਦਾ ਮਿਟ ਜਾਂਦਾ ਹੈ ਅਰ ਨਾਮ ਦੇ ਅਭਿਆਸ ਵਿਚ ਰਹਿੰਦੇ ਹਨ ਸੋ ਉਨਾਂ ਨੂੰ ਦੁਖ ਸੁਖ ਸਮਾਨ ਭਾਸਦਾ ਹੈ ਅਰ ਸਤਿਗੁਰ ਉਨਾਂ ਦੇ ਆਪ ਪਾਰ ਉਤਾਰਨ ਵਾਲਾ ਹੁੰਦਾ ਹੈ ਅਰ ਗੁਰਾਂ ਦੇ ਸਬਦ ਦੇ ਪਰਚੇ ਕਰ ਉਨਾਂ ਦਾ ਮਨ ਸਚ ਵਿਚ ਸਮਾਂਵਦਾ ਹੈ ਗੁਰੂ ਨਾਨਕ ਜੀ ਕਹਿੰਦੇ ਹੈਨ ਕਿ ਉਨਾਂ ਨੂੰ ਕਾਲ ਨਹੀਂ ਖਾਂਦਾ ॥ ੪੯ ॥

ਨਾਮ ਤਤੁ ਸਭ ਹੀ ਸਿਰਿ ਜਾਪੈ ॥ ਬਿਨੁ ਨਾਵੈ ਦੁਖੁ ਕਾਲੁ ਸੰਤਾਪੈ ॥ ਤਤੋ ਤਤੁ ਮਿਲੈ ਮਨੁ ਮਾਨੈ ॥ ਦੂਜਾ ਜਾਇ ਇਕਤੁ ਘਰਿ ਆਨੈ ॥ ਬੋਲੈ ਪਵਨਾ ਗਗਨੁ ਗਰਜੈ ॥ ਨਾਨਕ ਨਿਹਚਲੁ ਮਿਲਣੁ ਸਹਜੈ ॥ ੫੦ ॥ ਬਾਬਾ ਜੀ ਕਹਿੰਦੇ ਹਨ :--ਕਿ ਪਰਮੇਸਰ ਦਾ ਨਾਮ ਤਤ ਹੈ ਅਰ ਸਭਨਾਂ ਕਰਮਾਂ ਦੇ ਸਿਰ ਏਹ ਕਰਮ ਹੈ ਸੋ ਬਿਨਾਂ ਪ੍ਰਮੇਸ਼ਰ ਦੇ ਨਾਮ ਦੁਖ ਤੇ ਕਾਲ ਜੀਆਂ ਨੂੰ ਸਤਾਂਵਦਾ ਹੈ ਅਰ ਜਿਸ ਵੇਲੇ ਗੁਰਾਂ ਦੇ ਸਬਦ ਨਾਲ ਮੰਨ ਮੰਨੀਦਾ ਹੈ ਤਾਂ ਤਤ ਨਾਲ ਤਤ ਮਿਲ ਜਾਂਦਾ ਹੈ ਅਰ ਦੇਹ ਅਭਮਾਨ ਦੂਰ ਹੋ ਜਾਂਦਾ ਹੈ ਜੈਸੇ ਜਲ ਮੋ ਜਲ ਪਾਇਆਂ ਸਮਾਇ ਜਾਂਦਾ ਹੈ ਅਰ ਜੋ ਇਸ ਪ੍ਰਕਾਰ ਜਾਣਦੇ ਹੈਨ ਕਿ ਜੈਸੇ ਪਉਣ ਗਗਨ ਮੈ ਧੁਨ ਕਰਤਾ ਹੈ ਤੈਸੇ ਘਟ ਰੂਪੀ ਅਕਾਸ ਵਿਚ ਪ੍ਰਾਣ ਬੋਲਦੇ ਹਨ ਅਰ ਮੈਂ ਇਨਾਂ ਦਾ ਸਾਖੀ ਹੋ ਗੁਰੂ ਨਾਨਕ ਜੀ ਕਹਿੰਦੇ ਹੈਨ ਕਿ ਜੋ ਆਪਨੂੰ ਨਿਹਚਲ ਜਾਣਦਾ ਹੈ ਸੋ ਸਹਜੇ ਵਾਹਗੁਰੂ ਨੂੰ ਪ੍ਰਾਪਤ ਹੋਂਦਾ ਹੈ ॥ ੫੦ ॥ ਇਸ ਦੇ ਉਪਰੰਤ ਬਾਬਾ ਜੀ ਕਹਾ ॥

ਅੰਤਰਿ ਸੁੰਨੰ ਬਾਹਰਿ ਸੁੰਨੰ ਤ੍ਰਿਭਵਣ ਸੁੰਨ ਮਸੁੰਨੰ ॥ ਚਉਥੇ ਸੁੰਨੈ ਜੋ ਨਰੁ ਜਾਣੈ ਤਾ ਕਉ ਪਾਪੁ ਨ ਪੁੰਨੰ ॥ ਘਟਿ ਘਟਿ ਸੁੰਨ ਕਾ ਜਾਣੈ ਭੇਉ ॥ ਆਦਿ ਪੁਰਖੁ ਨਿਰੰਜਨ ਦੇਉ ॥ ਜੋ ਜਨੁ ਨਾਮ ਨਿਰੰਜਨ ਰਾਤਾ ॥ ਨਾਨਕ ਸੋਈ ਪੁਰਖੁ ਬਿਧਾਤਾ ॥ ੫੧ ॥ ਤਿਸਕਾ ਬੀਚਾਰ:--ਬਾਬਾ ਜੀ ਕਹਿੰਦੇ ਹੈਨ ਕਿ ਜੈਸੇ ਅੰਦਰ ਬਾਹਰ ਏਕ ਅਕਾਸ ਹੀ ਹੈ ਅਰ ਤੀਨੋਂ ਭਵਣਾ ਵਿਚ ਸਮਾਣਾ ਹੋਇਆ ਹੈ ਤੈਸੇ ਚੌਥਾ ਜੋ ਚੇਤੰਨ ਸੁੰਨ ਹੈ ਅਤੇ ਜੋ ਉਸਨੂੰ ਜਾਣਦੇ ਹਨ ਤਿਨਾਂ ਨੂੰ ਪਾਪ ਪੁੰਨ ਪ੍ਰਵੇਸ ਨਹੀਂ ਕਰਦਾ ਤਾਂਤੇ ਘਟ ਘਟ ਵਿਖੇ ਚੇਤਨ ਸੁੰਨ ਦਾ ਭੇਦ ਜਾਣੇ ਅਰ ਸੋਈ ਆਦ ਪੁਰਖ ਹੈ ਅਰ ਮਾਇਆ ਦੀ ਉਪਮਾ ਥੀ ਰਹਤ ਚੇਤੰਨ ਦੇਵ ਹੈ ਅਤੇ ਜੋ ਜਨ ਵਾਹਗੁਰੂ ਦੇ ਨਾਮ ਰਤੇ ਹੈ ਗੁਰੂ ਨਾਨਕ ਜੀ ਕਹਿੰਦੇ ਹਨ ਸੋਈ ਪਰਮੇਸਰ ਰੂਪ ਹੈ ॥

ਸੁੰਨੋ ਸੁੰਨੁ ਕਹੈ ਸਭੁ ਕੋਈ ॥ ਅਨਹਤ ਸੁੰਨੁ ਕਹਾ ਤੇ ਹੋਈ ॥ ਅਨਹਤ ਸੁੰਨਿ ਰਤੇ ਸੇ ਕੈਸੇ ॥ ਜਿਸ ਤੇ ਉਪਜੇ ਤਿਸ ਹੀ ਜੈਸੇ ॥ ਓਇ ਜਨਮਿ ਨ ਮਰਹਿ ਨ ਆਵਹਿ ਜਾਹਿ ॥ ਨਾਨਕ ਗੁਰਮੁਖਿ ਮਨੁ ਸਮਝਾਹਿ ॥ ੫੨ ॥ ਸਿਧਾਂ ਪੁਛਿਆ:-- ਸੁੰਨ ਅਕਾਸ ਤਾਂ ਸਭ ਕੋਈ ਜਾਣਦਾ ਹੈ ਪਰ ਜੇਹੜਾ ਨਾਸਥੀ ਰਹਤ ਅਕਾਸ ਹੈ ਸੋ ਕਿਥੋਂ ਉਪਜਿਆ ਹੈ ਅਤੇ ਜੇਹੜੇ ਅਨਹਤ ਸੁੰਨ ਨਾਲ ਰਤੇ ਹਨ ਸੋ ਕੈਸੇ ਹਨ ਤਾਂ ਬਾਬੇ ਕਹਿਆ ਓਹ ਜਿਸਤੇ ਉਪਜੇ ਹਨ ਤਿਸ ਹੀ ਜੈਸੇ ਹੈਂ ਅਰ ਜਨਮ ਮਰਨ ਵਿਚ ਫੇਰ ਨਹੀਂ ਆਂਵਦੇ ਗੁਰੂ ਨਾਨਕ ਜੀ ਕਹਿੰਦੇ ਹਨ ਕਿ ਗੁਰਮੁਖ ਆਪਣੇ ਮਨ ਨੂੰ ਸਮਝਾਂਵਦੇ ਹਨ ॥ ੫੨ ॥

ਨਉ ਸਰ ਸੁਭਰ ਦਸਵੈ ਪੂਰੇ ॥ ਤਹ ਅਨਹਤ ਸੁੰਨ ਵਜਾਵਹਿ ਤੂਰੇ ॥ ਸਾਚੈ ਰਾਚੇ ਦੇਖਿ ਹਜੂਰੇ ॥ ਘਟਿ ਘਟਿ ਸਾਚੁ ਰਹਿਆ ਭਰਪੂਰੇ ॥ ਗੁਪਤੀ ਬਾਣੀ ਪਰਗਟੁ ਹੋਇ ॥ ਨਾਨਕ ਪਰਖਿ ਲਏ ਸਚੁ ਸੋਇ ॥ ੫੩ ॥ ਬਾਬਾ ਜੀ ਕਹਿਆ ਕਿ ਨਉਂ ਦੁਆਰੇ ਜੋ ਹੈਨ ਸੋ ਰੋਕ ਕੇ ਦਸਵੇਂ ਦੁਆਰ ਪ੍ਰਾਣਾਂ ਨੂੰ ਚਾੜਤੇ ਹੈਂ ਅਰ ਉਥੇ ਅਨਹਤ ਸਬਦ ਦੇ ਤੂਰ ਵਜਦੇ ਹਨ ਅਥਵਾ ਨੌਧਾ ਭਗਤੀ ਨੂੰ ਸਾਧ ਕੇ ਪ੍ਰੇਮਾ ਭਗਤਿ ਵਿਚ ਮਨ ਨੂੰ ਪੂਰਦੇ ਹਨ ਅਰ ਉਥੇ ਗੁਰਾਂ ਦਾ ਸਬਦ ਤੁਰੀਆ ਗੁਣ ਹੈ ਸੋ ਉਸਦੀ ਅਰਾਧਨਾ ਸੁਣਦੇ ਹਨ ਅਰ ਸਚ ਜੋ ਆਤਮਾ ਉਸਨੂੰ ਹਜੂਰ ਦੇਖਕੇ ਉਸ ਨਾਲ ਮੰਨ ਰੰਗਦੇ ਹਨ ਅਰ ਘਟਿ ਘਟਿ ਵਿਖੇ ਸਚ ਭਰਪੂਰ ਜਾਣਦੇ ਹਨ ਅਰ ਇਹ ਗੁਪਤੀ ਬਾਣੀ ਗੁਰਮੁਖਾਂ ਨੂੰ ਪਰਗਟ ਹੋਈ ਹੈ ਗੁਰੂ ਨਾਨਕ ਜੀ ਕਹਿਆ ਕਿ ਜੋ ਇਸਨੂੰ ਪਰਖੇਗਾ ਸੋ ਸਚ ਨੂੰ ਲਹੇਗਾ ॥ ੫੩ ॥

ਸਹਜ ਭਾਇ ਮਿਲੀਐ ਸੁਖੁ ਹੋਵੈ ॥ ਗੁਰਮੁਖਿ ਜਾਗੈ ਨੀਦ ਨ ਸੋਵੈ ॥ ਸੁੰਨ ਸਬਦੁ ਅਪਰੰਪਰਿ ਧਾਰੈ ॥ ਕਹਤੇ ਮੁਕਤੁ ਸਬਦਿ ਨਿਸਤਾਰੈ ॥ ਗੁਰ ਕੀ ਦੀਖਿਆ ਸੇ ਸਚਿ ਰਾਤੇ ॥ ਨਾਨਕ ਆਪੁ ਗਵਾਇ ਮਿਲਣ ਨਹੀ ਭ੍ਰਾਤੇ ॥ ੫੪ ॥ ਤਿਸਕਾ ਬੀਚਾਰ:--ਜਾਂ ਸਾਧ ਸੰਗਤ ਨੂੰ ਮਿਲ ਸਾਂਤ ਉਪਜਤੀ ਹੈ ਤਾਂ ਸੁਖ ਹੋਂਦਾ ਹੈ ਅਰ ਗੁਰਮੁਖ ਗਿਆਨ ਕਰ ਜਾਗੇ ਹੈਂ ਸੋ ਅਗਿਆਨ ਦੀ ਨੀਂਦ ਮੋਂ ਨਹੀਂ ਸਉਂਦੇ ॥ ਅਰ ਦਸਵੇਂ ਦੁਆਰ ਦਾ ਜੋ ਸਬਦ ਹੈ ਸੋ ਪਰੇ ਤੇ ਪਰੇ ਹੈ ਅਤੇ ਗੁਰਾਂ ਦਾ ਜੋ ਸਬਦ ਹੈ ਸੋ ਸਰਬਾ ਪਰਾ ਹੈ ਸੋ ਉਸਨੂੰ ਭਾਰਦੇ ਹੈਂ ਅਰ ਕਹਣ ਵਾਲੇ ਭੀ ਮੁਕਤ ਹੋਂਦੇ ਹਨ ਅਤੇ ਓਹ ਸਬਦ ਓਨਾ ਦਾ ਨਿਸਤਾਰਾ ਕਰਦਾ ਹੈ ਪਰ ਜਿਨਾਂ ਗੁਰੂ ਦੀ ਦੀਖਿਆ ਸੁਣੀ ਹੈ ਸੋ ਸਚ ਵਿਚ ਰੰਗੀ ਦੇ ਹੈਂ ਗੁਰੂ ਨਾਨਕ ਜੀ ਕਹਿਆ ਕਿ ਜਿਨਾਂ ਆਪਾ ਗਵਾਇਆ ਹੈ ਸੋਈ ਪਰਮੇਸਰ ਨੂੰ ਮਿਲਦੇ ਹਨ ਅਤੇ ਉਨਾਂ ਨੂੰ ਫੇਰ ਭਰਮ ਨਹੀਂ ਹੋਂਦਾ ॥ ੫੪ ॥

ਕੁਬੁਧਿ ਚਵਾਵੈ ਸੋ ਕਿਤੁ ਠਾਇ ॥ ਕਿਉ ਤਤੁ ਨ ਬੂਝੈ ਚੋਟਾ ਖਾਇ ॥ ਜਮ ਦਰਿ ਬਾਧੇ ਕੋਇ ਨ ਰਾਖੈ ॥ ਬਿਨੁ ਸਬਦੈ ਨਾਹੀ ਪਤਿ ਸਾਖੈ ॥ ਕਿਉ ਕਰਿ ਬੂਝੈ ਪਾਵੈ ਪਾਰੁ ॥ ਨਾਨਕ ਮਨਮੁਖਿ ਨ ਬੁਝੈ ਗਵਾਰੁ ॥ ੫੫ ॥ ਸਿਧਾਂ ਕਹਿਆ ਕਬੁਧ ਇਨਾਂ ਜੀਆਂ ਨੂੰ ਪਈ ਭਟਕਾਂਵਦੀ ਹੈ ਸੋ ਕਿਉਂ ਕਰ ਮਿਟ ਅਰ ਤਤ ਨੂੰ ਕਿਉਂ ਨਹੀਂ ਬੂਝਦੇ ਸੋ ਜੋ ਜਮ ਦੀਆਂ ਚੋਟਾਂ ਖਾਂਦੇ ਹਨ ਅਰ ਜਮ ਦੇ ਦੁਆਰੇ ਬਧੇ ਹੋਇਆਂ ਨੂੰ ਕੋਈ ਨ ਰਖੇਗਾ ਕਯੋਂਕਿ ਬਿਨਾ ਗੁਰਾਂ ਦੇ ਸਬਦ ਪਤ ਨਹੀਂ ਰਹਿੰਦੀ ਅਰ ਆਤਮ ਗਿਆਨ ਨੂੰ ਕਿਉਂ ਕਰ ਬੁਝਣ ਜੋ ਭਉਜਲ ਤੇ ਪਾਰ ਪਰੈਂ

ਹੇ ਨਾਨਕ ਜੀ ਏ ਮਨਮੁਖ ਜੋ ਗਵਾਰ ਹੈ ਬੁਝਦਾ ਨਹੀਂ ॥ ੫੫ ॥ ਤਾਂ ਫਿਰ ਬਾਬਾ ਜੀ ਕਹਿਆ ॥ ੫੫ ॥

ਕੁਬੁਧਿ ਮਿਟੈ ਗੁਰ ਸਬਦੁ ਬੀਚਾਰਿ ॥ ਸਤਿਗੁਰੁ ਭੇਟੈ ਮੋਖ ਦੁਆਰ ॥ ਤਤੁ ਨ ਚੀਨੈ ਮਨਮੁਖੁ ਜਲਿ ਜਾਇ ॥ ਦੁਰਮਤਿ ਵਿਛੁੜਿ ਚੋਟਾ ਖਾਇ ॥ ਮਾਨੈ ਹੁਕਮੁ ਸਭੇ ਗੁਣ ਗਿਆਨ ॥ ਨਾਨਕ ਦਰਗਹ ਪਾਵੈ ਮਾਨੁ ॥ ੫੬ ॥ ਤਿਸਕਾ ਬੀਚਾਰ :-- ਬਾਬਾ ਜੀ ਨੇ ਕਹਿਆ ਕੁਬੁਧ ਗੁਰਾਂ ਦੇ ਸਬਦ ਦੇ ਵੀਚਾਰ ਕਰ ਮਿਟਦੀ ਹੈ ਅਰ ਸਤਿਗੁਰਾਂ ਨੂੰ ਭੇਟਦਾ ਹੈ ਤਾਂ ਮੁਕਤ ਨੂੰ ਪ੍ਰਾਪਤ ਹੋਂਦਾ ਹੈ ਪਰ ਜੋ ਤਤ ਗਿਆਨ ਨਹੀਂ ਚੀਨਦੇ ਸੋ ਮਨਮੁਖ ਜਲ ਜਾਂਦੇ ਹਨ ਅਰ ਦੁਰਮਤ ਕਰਕੇ ਵਿਛੜੇ ਜਨਮ ਮਰਨ ਦੀਆਂ ਚੋਟਾਂ ਖਾਂਦੇ ਹਨ ਤਾਂਤੇ ਜੋ ਵਾਹਗੁਰੂ ਦਾ ਹੁਕਮ ਮਿਠਾ ਜਾਣਦੇ ਹੈਂ ਸਭੇ ਗੁਣ ਤੇ ਗਿਆਨ ਉਨਾਂ ਨੂੰ ਪ੍ਰਾਪਤ ਹੋਂਦੇ ਹਨ ਗੁਰੂ ਨਾਨਕ ਜੀ ਕਹਿਆ ਵਾਹਗੁਰੂ ਦੀ ਦਰਗਾਹ ਵਿਚ ਸੋਈ ਮਾਨ ਪਾਂਵਦੇ ਹਨ ॥ ੫੬ ॥

ਸਾਚੁ ਵਖਰੁ ਧਨੁ ਪਲੈ ਹੋਇ ॥ ਆਪਿ ਤਰੈ ਤਾਰੇ ਭੀ ਸੋਇ ॥ ਸਹਜਿ ਰਤਾ ਬੂਝੈ ਪਤਿ ਹੋਇ ॥ ਤਾ ਕੀ ਕੀਮਤਿ ਕਰੈ ਨ ਕੋਇ ॥ ਜਹ ਦੇਖਾ ਤਹ ਰਹਿਆ ਸਮਾਇ ॥ ਨਾਨਕ ਪਾਰਿ ਪਰੈ ਸਚ ਭਾਇ ॥ ੫੭ ॥ ਬਾਬੇ ਕਹਿਆ ਸਚ ਨਾਮ ਦਾ ਵਖਰ ਹੈ ਸੋ ਏਹੁ ਧਨ ਜਿਨਾਂ ਦੇ ਪਲੇ ਹੈ ਓਹ ਆਪ ਭੀ ਤਰਦੇ ਹਨ ਅਰ ਜਗਿਆਸੀਆਂ ਨੂੰ ਭੀ ਤਾਰਦੇ ਹਨ ਤਾਂਤੇ ਜੋ ਸਹਿਜ ਨਾਲ ਰਤੇ ਹੈਂ ਤੇ ਗਿਆਨ ਨੂੰ ਬੁਝਦੇ ਹਨ ਉਨਾ ਦੀ ਪਤਿ ਹੋਂਦੀ ਹੈ ਅਰ ਉਨਾਂ ਦੀ ਕੀਮਤ ਕੋਈ ਕਹਿ ਨਹੀਂ ਸਕਦਾ ਅਰ ਜਿਥੇ ਵਹੁ ਦੇਖਦੇ ਹੈਂ ਗੁਰੂ ਸਮਾਣਾ ਦੇਖਦੇ ਹਨ ਗੁਰੂ ਨਾਨਕ ਜੀ ਕਹਿੰਦੇ ਹਨ ਕਿ ਜੋ ਸ਼ਚ ਨਾਲ ਭਾਉ ਲਾਂਵਦੇ ਹਨ ਸੋ ਪਾਰ ਪਉਂਦੇ ਹਨ ॥ ੫੭ ॥

ਸੁ ਸਬਦ ਕਾ ਕਹਾ ਵਾਸੁ ਕਥੀਅਲੇ ਜਿਤੁ ਤਰੀਐ ਭਵਜਲੁ ਸੰਸਾਰੋ ॥ ਤ੍ਰੈ ਸਤ ਅੰਗੁਲ ਵਾਈ ਕਹੀਐ ਤਿਸੁ ਕਹੁ ਕਵਨੁ ਅਧਾਰੋ ॥ ਬੋਲੈ ਖੇਲੈ ਅਸਥਿਰੁ ਹੋਵੈ ਕਿਉ ਕਰਿ ਅਲਖੁ ਲਖਾਏ ॥ ਸੁਣਿ ਸੁਆਮੀ ਸਚੁ ਨਾਨਕੁ ਪ੍ਰਣਵੈ ਅਪਣੇ ਮਨ ਸਮਝਾਏ ॥ ਗੁਰਮੁਖਿ ਸ਼ਬਦੇ ਸਚਿ ਲਿਵ ਲਾਗੈ ਕਰਿ ਨਦਰੀ ਮੇਲਿ ਮਿਲਾਏ ॥ ਆਪੇ ਦਾਨਾ ਆਪੇ ਬੀਨਾ ਪੂਰੈ ਭਾਗਿ ਸਮਾਏ ॥ ੫੮ ॥ ਸਿਧਾਂ ਪੁਛਿਆ :--ਉਸ ਸਬਦ ਦਾ ਕਿਥੇ ਵਾਸਾ ਹੈ ਜਿਸ ਕਰ ਭਵਜਲ ਸੰਸਾਰ ਤਰੀਦਾ ਹੈ ਅਰ ਦਸ ਪ੍ਰਾਣ ਜੋ ਸਰੀਰ ਵਿਚ ਰਹਿੰਦੇ ਹਨ ਤਿਨਾਂ ਦਾ ਕਉਣ ਅਧਾਰ ਹੈ ਅਤੇ ਫਿਰ ਸਿਧਾਂ ਪ੍ਰਸ਼ਨ ਕੀਤਾ ਕਿ ਦਸਾਂ ਪ੍ਰਾਣਾਂ ਦਾ ਨਾਉਂ ਕੀ ਹੈ ਤਾਂ ਬਾਬੇ ਕਹਿਆ ਪ੍ਰਾਣ ਅਪਾਨ ਸਮਾਨ ਵਿਆਨ ਉਦਾਨ ਕ੍ਰਿਕਲਾ ਦੇਵਦਤ ਨਾਗ ਕਰਮ ਧਨੰਜੈ ॥ ਅਥਵਾ

ਦਸ ਅੰਗਲ ਪ੍ਰਾਣ ਜੋ ਬਾਹਰ ਅੰਦਰ ਆਂਵਦੇ ਜਾਂਵਦੇ ਹਨ ਸੋ ਕਿਸ ਅਧਾਰ ਲਹਿਰੇ ਹੈ ਜੋ ਜਿਸਦੀ ਸਤਿਆ ਕਰ ਬੋਲਦਾ ਖੇਲਦਾ ਹੈ ਅਤੇ ਇਸਥਿਰ ਹੋਂਦਾ ਹੈ ਅਰ ਉਸ ਅਲਖ ਨੂੰ ਕਿਉਂ ਕਰ ਲਖੇ ਸੁਣ ਨਾਨਕ ਜੀ ਸਿਧ ਕਹਿੰਦੇ ਹਨ ਕਿ ਆਪਣੇ ਮਨ ਨੂੰ ਕਿਉਂ ਸਮਝਾਵੈ ਤਾਂ ਬਾਬਾ ਜੀ ਬੋਲਿਆ ਗੁਰਾਂ ਦੇ ਸਬਦਿ ਕਰ ਜਉ ਸਤਿ ਨਾਲ ਲਿਵ ਲਗੇ ਤਾਂ ਸਤਿਗੁਰਾਂ ਦੀ ਨਦਰ ਕਰ ਸੰਗਤ ਦੇ ਮੇਲ ਵਿਚ ਮਿਲਦਾ ਹੈ ਅਰ ਪ੍ਰਮਾਤਮਾ ਜੋ ਮਨ ਵਿਚ ਸਤਿਆ ਦੇ ਕੇ ਜਾਣਦਾ ਹੈ ਅਰ ਨੇਤਰਾਂ ਵਿਚ ਸਤਿਆ ਦੇ ਕਰ ਦੇਖਦਾ ਹੈ ਸੋ ਪੂਰੇ ਭਾਗ ਜੇ ਹੋਂਦੇ ਹਨ ਤਾਂ ਉਸ ਵਿਚ ਸਮਾਇ ਜਾਂਦਾ ਹੈ ॥ ੫੮ ॥

ਸੁ ਸਬਦ ਕਉ ਨਿਰੰਤਰਿ ਵਾਸੁ ਅਲਖੰ ਜਹ ਦੇਖਾ ਤਹ ਸੋਈ ॥ ਪਵਨ ਕਾ ਵਾਸਾ ਸੁੰਨ ਨਿਵਾਸਾ ਅਕਲ ਕਲਾ ਧਰ ਸੋਈ ॥ ਨਦਰਿ ਕਰੇ ਸਬਦੁ ਘਟ ਮਹਿ ਵਸੈ ਵਿਚਹੁ ਭਰਮੁ ਗਵਾਏ ॥ ਤਨੁ ਮਨੁ ਨਿਰਮਲੁ ਨਿਰਮਲ ਬਾਣੀ ਨਾਮੋੁ ਮੰਨਿ ਵਸਾਏ ॥ ਸਬਦਿ ਗੁਰੂ ਭਵ ਸਾਗਰੁ ਤਰੀਐ ਇਤ ਉਤ ਏਕੋ ਜਾਣੈ ॥ ਚਿਹਨੁ ਵਰਨੁ ਨਹੀ ਛਾਇਆ ਮਾਇਆ ਨਾਨਕ ਸਬਦੁ ਪਛਾਣੈ ॥ ੫੯ ॥ ਬਾਬੇ ਆਖਿਆ ਸਬਦ ਜੋ ਬ੍ਰਹਮ ਹੈ ਅਰ ਨਿਰੰਤਰ ਉਸਦਾ ਵਾਸਾ ਹੈ ਪਰ ਅਲਖ ਹੈ ਲਖਿਆ ਨਹੀਂ ਜਾਂਦਾ ਸੋ ਜੇ ਗੁਰਾਂ ਨੂੰ ਮਿਲਕੇ ਲਖੀਦਾ ਹੈ ਤਾਂ ਜਿਥੇ ਦੇਖੀਏ ਵਿਆਪਿਆ ਹੋਇਆ ਹੈ ਅਰ ਪਵਨ ਦਾ ਜੋ ਵਾਸਾ ਹੈ ਸੋ ਘਟਿ ਰੂਪੀ ਅਕਾਸ ਵਿਚ ਵਸਦਾ ਹੈ ਪਰ ਕਲਪਨਾ ਥੀ ਰਹਿਤ ਆਤਮਾ ਹੈ ਉਸਦੀ ਕਲਾ ਕਰ ਧਾਰਿਆ ਹੋਇਆ ਹੈ ਅਰ ਸਤਿਗੁਰਾਂ ਦੀ ਨਦਰ ਕਰ ਸਬਦ ਇਸਦੇ ਘਟ ਵਿਚ ਵਸੇ ਤਾਂ ਭਰਮ ਜਾਵੇ ਸੋ ਉਸਦਾ ਤਨ ਮਨ ਨਿਰਮਲ ਹੋਂਦਾ ਹੈ ਅਰ ਜੋ ਨਿਰਮਲ ਬਾਣੀ ਸੁਣਦਾ ਹੈ ਤੇ ਨਾਮ ਮੰਨ ਵਸਾਂਵਦਾ ਹੈ ਸੋ ਗੁਰਾਂ ਦੇ ਸਬਦ ਕਰ ਭਵਸਾਗਰ ਤਰਦਾ ਹੈ ਅਰ ਲੋਕ ਪਰਲੋਕ ਵਿਚ ਵਾਹਗੁਰੂ ਜਾਣਦਾ ਹੈ ਸੋ ਕੈਸਾ ਵਾਹਗੁਰੂ ਹੈ ਜਿਸਦਾ ਚਿਹਨ ਵਰਨ ਕੋਈ ਨਹੀ ਅਰ ਉਸਦੀ ਛਾਇਆ ਭੀ ਨਹੀ ਅਰ ਮਾਇਆ ਤੋ ਭੀ ਨਿਰਾਲਾ ਹੈ ਗੁਰੂ ਨਾਨਕ ਜੀ ਕਹਿੰਦੇ ਹਨ ਗੁਰਾਂ ਦੇ ਸਬਦ ਕਰ ਪਛਾਣੀਦਾ ਹੈ ॥ ੫੯ ॥

ਤ੍ਰੈ ਸਤ ਅੰਗੁਲ ਵਾਈ ਅਉਧੂ ਸੁੰਨ ਸਚੁ ਆਹਾਰੋ ॥ ਗੁਰਮੁਖਿ ਬੋਲੈ ਤਤੁ ਬਿਰੋਲੈ ਚੀਨੈ ਅਲਖ ਅਪਾਰੋ ॥ ਤ੍ਰੈ ਗੁਣ ਮੇਟੈ ਸਬਦੁ ਵਸਾਏ ਤਾ ਮਨਿ ਚੂਕੈ ਅਹੰਕਾਰੋ ॥ ਅੰਤਰਿ ਬਾਹਰਿ ਏਕੋ ਜਾਣੈ ਤਾ ਹਰਿ ਨਾਮਿ ਲਗੈ ਪਿਆਰੋ ॥ ਸੁਖਮਨਾ ਇੜਾ ਪਿੰਗੁਲਾ ਬੂਝੈ ਜਾ ਆਪੇ ਅਲਖੁ ਲਖਾਏ ॥ ਨਾਨਕ ਤਿਹੁ ਤੇ ਊਪਰਿ ਸਾਚਾ ਸਤਿਗੁਰ ਸਬਦਿ ਸਮਾਏ ॥ ੬੦ ॥ ਤਿਸਕਾ ਬੀਚਾਰ--ਬਾਬੇ ਜੀ ਕਹਿਆ ਦਸ ਪ੍ਰਾਣ ਦੇਹ ਵਿਚ

ਰਹਿੰਦੇ ਹਨ ਸੋ ਉਨਾਂ ਦਾ ਸਚ ਅਹਾਰ ਹੈ ਅਰ ਗੁਰਾਂ ਜੋ ਵਚਨ ਬੋਲੇ ਹੈਂ ਸੋ ਜੋ ਉਨਾਂ ਦੇ ਵਿਚੋਂ ਤਤ ਵਿਰੋਲਦੇ ਹਨ ਓਹ ਅਲਖ ਅਪਾਰ ਨੂੰ ਚੀਨਦੇ ਹਨ ਅਰ ਜਿਨਾਂ ਦੇ ਮਨ ਸਬਦ ਵਸਦਾ ਹੈ ਸੋ ਤ੍ਰੈਗੁਣ ਤੇ ਹੰਕਾਰਾਂ ਨੂੰ ਮਿਟਾਂਵਦੇ ਹਨ ਅਰ ਅੰਤਰ ਬਾਹਰ ਏਕ ਪਰਮਾਤਮਾ ਜਾਣਦੇ ਹਨ ਤਾਂ ਪਰਮੇਸਰ ਦੇ ਨਾਮ ਨਾਲ ਪਿਆਰ ਲਗਦਾ ਹੈ ਅਰ ਇੜਾ ਪਿੰਗਲਾ ਨੂੰ ਤਿਆਗ ਕੇ ਸੁਖਮਨਾ ਵਿਚ ਜਾਂਦਾ ਹੈ ਸੋ ਅਲਖ ਨੂੰ ਲਖਦੇ ਹਨ ਗੁਰੂ ਨਾਨਕ ਜੀ ਕਹਿੰਦੇ ਹਨ ਕਿ ਜੋ ਤ੍ਰਿਹਗੁਣਾ ਤੇ ਉਪਰ ਸਚਾ ਤੁਰੀਆ ਹੈ ਸਤਿਗੁਰਾਂ ਦੇ ਸਬਦ ਕਰ ਉਸ ਵਿਚ ਸਮਾਈਦਾ ਹੈ ॥੬੦॥

ਮਨ ਕਾ ਜੀਉ ਪਵਨੁ ਕਥੀਅਲੇ ਪਵਨੁ ਕਹਾ ਰਸੁ ਖਾਈ ॥ ਗਿਆਨ ਕੀ ਮੁਦ੍ਰਾ ਕਵਨ ਅਉਧੂ ਸਿਧ ਕੀ ਕਵਨ ਕਮਾਈ ॥ ਬਿਨੁ ਸਬਦੈ ਰਸੁ ਨ ਆਵੈ ਅਉਧੂ ਹਉਮੈ ਪਿਆਸ ਨ ਜਾਈ ॥ ਸਬਦਿ ਰਤੇ ਅੰਮ੍ਰਿਤ ਰਸੁ ਪਾਇਆ ਸਾਚੇ ਰਹੇ ਅਘਾਈ ॥ ਕਵਨ ਬੁਧਿ ਜਿਤੁ ਅਸਥਿਰੁ ਰਹੀਐ ਕਿਤੁ ਭੋਜਨਿ ਤ੍ਰਿਪਤਾਸੈ ॥ ਨਾਨਕ ਦੁਖੁ ਸੁਖੁ ਸਮ ਕਰਿ ਜਾਪੈ ਸਤਿਗੁਰ ਤੇ ਕਾਲੁ ਨ ਗ੍ਰਾਸੈ ॥੬੧॥ ਸਿਧਾਂ ਪੁਛਿਆ:--ਮਨਕਾ ਜੀਉ ਜੋ ਹੈ ਸੋ ਪ੍ਰਾਣ ਕਹੇਦੇ ਹਨ ਅਤੇ ਓਹ ਪ੍ਰਾਣ ਕੀ ਰਸ ਖਾਂਦੇ ਹਨ ਅਰ ਗਿਆਨ ਦੀਆਂ ਮੁੰਦ੍ਰਾ ਕਵਨ ਹੈਂ ਅਰ ਕਿਸ ਕਮਾਈ ਕਰ ਸਿਧਤਾ ਨੂੰ ਪ੍ਰਾਪਤ ਹੋਂਦੇ ਹਨ ਅਰ ਓਹ ਸਬਦ ਕੇਹੜਾ ਹੈ ਜਿਸ ਬਿਨਾ ਰਸ ਨਹੀਂ ਆਂਵਦਾ ਅਤੇ ਹਉਮੈ ਦੀ ਪਿਆਸ ਨਹੀਂ ਜਾਂਦੀ ਅਰ ਜਿਸ ਸਬਦ ਨਾਲ ਮਨ ਰੰਗੀਦਾ ਹੈ ਅਤੇ ਅੰਮ੍ਰਿਤ ਪ੍ਰਾਪਤ ਹੋਂਦਾ ਹੈ ਅਰ ਸਚ ਵਿਚ ਅਘਾਇ ਰਹਿੰਦਾ ਹੈ ॥ ਅਰ ਓਹ ਬੁਧ ਕਵਣ ਹੈ ਜਿਸ ਕਰ ਬੁਧ ਅਸਥਿਰ ਰਹਿੰਦੀ ਹੈ ਅਰ ਕਿਸ ਭੋਜਨ ਕਰ ਤ੍ਰਿਪਤਿ ਹੋਂਦੀ ਹੈ ਗੁਰੂ ਨਾਨਕ ਜੀ ਕਹਿਆ ਹੈ ਕਿ ਦੁਖ ਸੁਖ ਸਮ ਕਰ ਜਾਣੈ ਅਤੇ ਸਤਿਗੁਰਾਂ ਨੂੰ ਮਿਲੈ ਤਾਂ ਇਸਨੂੰ ਕਾਲ ਨਹੀਂ ਗ੍ਰਾਸਦਾ ॥ ੬੧ ॥

ਰੰਗਿ ਨ ਰਾਤਾ ਰਸਿ ਨਹੀ ਮਾਤਾ ॥ ਬਿਨੁ ਗੁਰ ਸਬਦੈ ਜਲਿ ਬਲਿ ਤਾਤਾ ॥ ਬਿੰਦੁ ਨ ਰਾਖਿਆ ਸਬਦੁ ਨ ਭਾਖਿਆ ॥ ਪਵਨੁ ਨ ਸਾਧਿਆ ਸਚੁ ਨ ਅਰਾਧਿਆ ॥ ਅਕਥ ਕਥਾ ਲੇ ਸਮ ਕਰਿ ਰਹੈ ॥ ਤਉ ਨਾਨਕ ਆਤਮ ਰਾਮ ਕਉ ਲਹੈ ॥ ੬੨ ॥ ਤਿਸਦਾ ਬੀਚਾਰ--ਗੁਰੂ ਨਾਨਕ ਜੀ ਕਹਿੰਦੇ ਹੈਨ ਕਿ ਜੋ ਗੁਰਾਂ ਦੇ ਸਬਦ ਦੇ ਰੰਗ ਨਾਲ ਨਹੀਂ ਰਤਾ ਸੋ ਅੰਮ੍ਰਿਤ ਰਸ ਨਾਲ ਨਹੀ ਮਸਤ ਹੋਇਆ ਅਰ ਬਿਨਾਂ ਗੁਰਾਂ ਦੇ ਸਬਦ ਤ੍ਰਿਸਨਾਂ ਕਰ ਜਲਦਾ ਹੀ ਰਹਿੰਦਾ ਹੈ ਅਤੇ ਜੇੜੇ ਜੋਗੀ ਬਿੰਦ ਨਹੀਂ ਰਖਦੇ ਸੋ ਅਨਾਹਦ ਦਾ ਸਬਦ ਨਹੀਂ ਸੁਣਦੇ ਅਰ ਜੋ ਪ੍ਰਾਣਾਯਾਮ ਨਹੀਂ ਕਰਦੇ ਸੋ ਸਚ ਨੂੰ ਨਹੀਂ ਅਰਾਧਦੇ ਅਤੇ ਬਿੰਦ ਬੀਚਾਰ ਨੂੰ ਭੀ ਕਹਿੰਦੇ ਹਨ ਸੋ ਜਿਨਾਂ ਦੇ ਮਨ ਗੁਰਾਂ

ਦੇ ਸਬਦ ਦਾ ਬੀਚਾਰ ਨਹੀਂ ਠਹਿਰਦਾ ਸੋ ਸਬਦ ਨਹੀਂ ਸੁਣਦੇ ਅਰ ਜੋ ਪ੍ਰਾਣਾ ਨੂੰ ਨਾਮ ਕਰ ਨਹੀਂ ਸਾਧਦੇ ਅਰ ਗਲਾਂ ਵਿਚ ਆਰਜਾ ਗਵਾਂਵਦੇ ਹਨ ਸੋ ਸਚ ਨਹੀਂ ਪਾਂਵਦੇ ਕਯੋਂਕਿ ਗੁਰਾਂ ਦੇ ਵਚਨ ਅਕਥ ਕਥਾ ਹੈ ਸੋ ਜਿਸਦੇ ਮਨ ਵਿਚ ਸਮਾਵਦੇ ਹਨ ਗੁਰੂ ਨਾਨਕ ਜੀ ਕਹਿੰਦੇ ਹੈਨ ਕਿ ਓਹ ਆਤਮ ਰਾਮ ਵਿਚ ਸਮਾਵਦੇ ਹਨ ॥੬੨॥

ਗੁਰਪਰਸਾਦੀ ਰੰਗੇ ਰਾਤਾ ॥ ਅੰਮ੍ਰਿਤੁ ਪੀਆ ਸਾਚੇ ਮਾਤਾ ॥ ਗੁਰ ਵੀਚਾਰੀ ਅਗਨਿ ਨਿਵਾਰੀ ॥ ਅਪਿਉ ਪੀਓ ਆਤਮ ਸੁਖੁ ਧਾਰੀ ॥ ਸਚੁ ਅਰਾਧਿਆ ਗੁਰਮੁਖਿ ਤਰੁ ਤਾਰੀ ॥ ਨਾਨਕ ਬੂਝੈ ਕੋ ਵੀਚਾਰੀ ॥ ੬੩ ॥ ਤਾਂ ਬਾਬੇ ਕਹਿਆ :-- ਜਿਨਾਂ ਸਚਿ ਸਤਿਗੁਰੂ ਨੂੰ ਜਾਤਾ ਹੈ ਤਾਂ ਗੁਰੂ ਦੇ ਸਬਦ ਦੇ ਰੰਗ ਵਿਚ ਰਤੇ ਹਨ ਅਰ ਅੰਮ੍ਰਿਤ ਜੋ ਸਬਦ ਹੈ ਅਤੇ ਜਿਨਾਂ ਪੀਤਾ ਹੈ ਸੋ ਸਚੇ ਵਿਚ ਮਸਤ ਹੋਏ ਹਨ ਅਰ ਜਿਨਾਂ ਗੁਰੂ ਦਾ ਸਬਦ ਬੀਚਾਰਿਆ ਹੈ ਤਿਨਾਂ ਦੀ ਤ੍ਰਿਸਨਾ ਰੂਪੀ ਅਗਨਿ ਨਿਵਰਤ ਹੋਂਦੀ ਹੈ ਅਤੇ ਜਿਨਾਂ ਅੰਮ੍ਰਿਤ ਸਬਦ ਪੀਆ ਹੈ ਉਨਾਂ ਨੂੰ ਆਤਮ ਗਿਆਨ ਦਾ ਸੁਖ ਪ੍ਰਾਪਤ ਹੋਇਆ ਹੈ ਅਰ ਜਿਨਾਂ ਸਚ ਅਰਾਧਿਆ ਹੈ ਸੋ ਗੁਰਮੁਖ ਤਾਰੀ ਤਰਦੇ ਹਨ ਗੁਰੂ ਨਾਨਕ ਜੀ ਕਹਿੰਦੇ ਹੈਨ ਕੇ ਕੋਈ ਵਿਚਾਰ ਕਰਕੈ ਪਰਮਾਤਮਾ ਨੂੰ ਬੁਝਦਾ ਹੈ ॥ ੬੩ ॥

ਇਹੁ ਮਨੁ ਮੈਗਲੁ ਕਹਾ ਬਸੀਅਲੇ ਕਹਾ ਬਸੈ ਇਹੁ ਪਵਨਾ ॥ ਕਹਾ ਬਸੈ ਸੁ ਸਬਦੁ ਅਉਧੂ ਤਾ ਕਉ ਚੂਕੈ ਮਨ ਕਾ ਭਵਨਾ ॥ ਨਦਰਿ ਕਰੇ ਤਾ ਸਤਿਗੁਰੁ ਮੇਲੇ ਤਾ ਨਿਜ ਘਰਿ ਵਾਸਾ ਇਹੁ ਮਨੁ ਪਾਏ ॥ ਆਪੈ ਆਪੁ ਖਾਇ ਤਾ ਨਿਰਮਲੁ ਹੋਵੈ ਧਾਵਤੁ ਵਰਜਿ ਰਹਾਏ ॥ ਕਿਉ ਮੂਲੁ ਪਛਾਣੈ ਆਤਮੁ ਜਾਣੈ ਕਿਉ ਸਸਿ ਘਰਿ ਸੂਰੁ ਸਮਾਵੈ ॥ ਗੁਰਮੁਖਿ ਹਉਮੈ ਵਿਚਹੁ ਖੋਵੈ ਤਉ ਨਾਨਕ ਸਹਜਿ ਸਮਾਵੈ ॥ ੬੪ ॥ ਸਿਧ ਪੁਛਦੇ ਹਨ ਕਿ ਏਹ ਮਨ ਜੋ ਹਾਥੀ ਦੀ ਨਿਆਈ ਮਸਤ ਹੈ ਸੋ ਇਸ ਸਰੀਰ ਦੇ ਕਿਸ ਥਾਂਇ ਰਹਿੰਦਾ ਹੈ ਅਤੇ ਏਹ ਪ੍ਰਾਣ ਕਿਥੇ ਰਹਿੰਦੇ ਹਨ ਅਰ ਓਹ ਸਬਦ ਗੁਰੂ ਦਾ ਕਿਥੇ ਵਸਦਾ ਹੈ ਜਿਸ ਕਰ ਮਨ ਦਾ ਭਵਨਾ ਮਿਟ ਜਾਂਦਾ ਹੈ ਤਾਂ ਬਾਬਾ ਬੋਲਿਆ ਏਹ ਮਨ ਅਹੰਕਾਰ ਵਿਚ ਵਸਦਾ ਹੈ ਪਰ ਜੇ ਸਤਿਗੁਰ ਨਦਰ ਕਰਨ ਤਾਂ ਇਹੁ ਮਨ ਆਤਮ ਗਿਆਨ ਨੂੰ ਪ੍ਰਾਪਤ ਹੋਵੈ ॥ ਅਤੇ ਆਪਾ ਵਿਚਹੁ ਖਾਵੈ ਤਾਂ ਨਿਰਮਲ ਹੋਵੈ ਅਰ ਮਨ ਦੀਆਂ ਧਾਵਣੀਆਂ ਮਿਟਣ ਤਾਂ ਸਿਧਾਂ ਕਹਿਆ ਮੂਲ ਜੋ ਇਸਦਾ ਆਤਮਾ ਹੈ ਸੋ ਉਸਨੂੰ ਕਿਉਂ ਕਰ ਪਛਾਣੈ ਅਰ ਸੀਤਲ ਤਾਈ ਦੇ ਘਰ ਵਿਚ ਤਾਮਸੀ ਗੁਣ ਕਿਉਂ ਕਰ ਸਮਾ ਜਾਵੇਂ ਤਾਂ ਬਾਬੇ ਕਹਿਆ ਗੁਰਮੁਖ ਹੌਮੈ ਨੂੰ ਗਵਾਵਦੇ ਹਨ ਤਾਂਤੇ ਗੁਰ ਨਾਨਕ ਜੀ ਕਹਿੰਦੇ ਹਨ

ਕਿ ਜੋ ਸਹਜੇ ਸਮਾਵਦੇ ਹਨ ॥ ੬੪ ॥

ਇਹੁ ਮਨੁ ਨਿਹਚਲੁ ਹਿਰਦੈ ਵਸੀਅਲੇ ਗੁਰਮੁਖਿ ਮੂਲੁ ਪਛਾਨਿ ਰਹੇ ॥ ਨਾਭਿ ਪਵਨੁ ਘਰਿ ਆਸਣਿ ਬੈਸੈ ਗੁਰਮੁਖਿ ਖੋਜਤ ਤਤੁ ਲਹੇ ॥ ਸੁ ਸਬਦੁ ਨਿਰੰਤਰਿ ਨਿਜ ਘਰਿ ਆਛੈ ਤ੍ਰਿਭਵਣ ਜੋਤਿ ਸੁ ਸਬਦਿ ਲਹੈ ॥ ਖਾਵੈ ਦੂਖ ਭੂਖ ਸਾਚੇ ਕੀ ਸਾਚੇ ਹੀ ਤ੍ਰਿਪਤਾਸਿ ਰਹੈ ॥ ਅਨਹਦ ਬਾਣੀ ਗੁਰਮੁਖਿ ਜਾਣੀ ਬਿਰਲੋ ਕੋ ਅਰਥਾਵੈ ॥ ਨਾਨਕੁ ਆਖੈ ਸਚੁ ਸੁਭਾਖੈ ਸਚਿ ਰਪੈ ਰੰਗੁ ਕਬਹੂ ਨ ਜਾਵੈ ॥ ੬੫ ॥ ਬਾਬਾ ਜੀ ਕਹਿੰਦੇ ਹੈਨ ਕਿ ਇਹ ਮਨ ਨਿਹਚਲ ਹੋ ਕੇ ਹਿਰਦੇ ਵਿਚ ਵਸਦਾ ਹੈ ਪਰ ਜੇ ਗੁਰਮੁਖਾਂ ਨੂੰ ਮਿਲਕੇ ਮੂਲ ਜੋ ਨਾਮ ਹੈ ਉਸਨੂੰ ਪਛਾਣਦੇ ਹਨ ਅਰ ਪਵਨ ਦਾ ਆਸਨ ਨਾਭ ਦੇ ਘਰ ਵਿਚ ਜੋ ਪ੍ਰਾਣਾਂ ਦੀ ਤੇ ਅਪਾਨ ਵਾਉਦੀ ਗੰਢ ਹੈ ਸੋ ਜੇ ਗੁਰਮੁਖਾਂ ਨੂੰ ਮਿਲਕੇ ਖੋਜਦਾ ਹੈ ਤਾਂ ਤਤ ਜੋ ਨਾਮ ਹੈ ਸੋ ਲਭਦਾ ਹੈ ਅਰ ਸਬਦ ਬ੍ਰਹਮ ਜੋ ਹੈ ਅਰ ਅੰਤਰੇਥੀ ਰਹਤ ਤ੍ਰਿਹੁ ਭਵਨਾਂ ਵਿਚ ਵਿਆਪਿਆ ਹੋਇਆ ਹੈ ਸੋ ਗੁਰੂ ਕੇ ਸਬਦ ਕਰ ਉਸਦੀ ਜੋਤ ਲਭਦੀ ਹੈ ਅਰ ਜੇ ਸਚੇ ਨਾਮ ਦੀ ਇਸਨੂੰ ਭੁਖ ਲਗਦੀ ਹੈ ਤਾਂ ਦੁਖ ਇਸਦੇ ਸਭੇ ਨਿਵਰਤ ਹੋਂਦੇ ਹਨ ਅਤੇ ਸਚ ਨਾਲ ਹੀ ਤ੍ਰਿਪਤ ਹੋਂਦਾ ਹੈ ਅਰ ਅਨਹਦ ਦੀ ਬਾਣੀ ਤੁਰੀਆ ਗੁਰੂ ਕੇ ਸਬਦ ਦੀ ਜੋ ਹੈ ਸੋ ਗੁਰਮੁਖਾਂ ਨੇ ਜਾਤੀ ਹੈ ਪਰ ਕੋਈ ਵਿਰਲਾ ਇਸਦਾ ਅਰਥ ਬਤਾਂਵਦਾ ਹੈ ਗੁਰੂ ਨਾਨਕ ਜੀ ਕਹਿੰਦੇ ਹੈਂ ਕਿ ਜੋ ਸਚ ਕਮਾਂਵਦਾ ਹੈ ਤਾਂ ਸਚ ਦਾ ਰੰਗ ਕਦੇ ਉਤਰਦਾ ਨਹੀਂ ॥ ੬੫ ॥

ਜਾ ਇਹੁ ਹਿਰਦਾ ਦੇਹ ਨ ਹੋਤੀ ਤਉ ਮਨੁ ਕੈਠੈ ਰਹਤਾ ॥ ਨਾਭਿ ਕਮਲ ਅਸਥੰਭੁ ਨ ਹੋਤੋ ਤਾ ਪਵਨੁ ਕਵਨ ਘਰਿ ਸਹਤਾ ॥ ਰੂਪੁ ਨ ਹੋਤੋ ਰੇਖ ਨ ਕਾਈ ਤਾ ਸਬਦਿ ਕਹਾ ਲਿਵ ਲਾਈ ॥ ਰਕਤੁ ਬਿੰਦੁ ਕੀ ਮੜੀ ਨ ਹੋਤੀ ਮਿਤਿ ਕੀਮਤਿ ਨਹੀ ਪਾਈ ॥ ਵਰਨੁ ਭੇਖੁ ਅਸਰੂਪੁ ਨ ਜਾਪੀ ਕਿਉ ਕਰਿ ਜਾਪਸਿ ਸਾਚਾ ॥ ਨਾਨਕ ਨਾਮਿ ਰਤੇ ਬੈਰਾਗੀ ਇਬ ਤਬ ਸਾਚੋ ਸਾਚਾ ॥ ੬੬ ॥ ਤਿਸਕਾ ਬੀਚਾਰ :--ਸਿਧਾਂ ਪੁਛਯਾ ਕਿ ਜਬ ਦੇਹ ਨਹੀਂ ਸੀ ਰਚੀ ਤੇ ਹਿਰਦਾ ਭੀ ਨਹੀਂ ਸੀ ਤਉ ਮਨ ਕਿਥੇ ਰਹਿੰਦਾ ਸੀ ਅਤੇ ਨਾਭ ਕਮਲ ਇਸਥੰਭ ਨਹੀਂ ਸਾ ਤਾਂ ਪ੍ਰਾਣ ਕਿਸ ਘਰ ਵਸਦੇ ਸਨ ਅਰ ਜੇ ਰੂਪ ਰੇਖ ਦੇਹ ਕੋਈ ਨਹੀਂ ਸੀ ਤਾਂ ਸਬਦ ਦੀ ਕਿਸ ਨਾਲ ਲਿਵ ਲਗੀ ਸੀ ਅਰ ਏਹ ਰਕਤ ਬਿੰਦ ਕਾ ਸਰੀਰ ਨਹੀਂ ਸਾ ਤਾਂ ਪਰਮੇਸਰ ਦੀ ਮਿਤਿ ਕਿਸ ਪਾਈ ਸੀ ਅਰ ਜਉ ਵਰਨ ਭੇਖ ਤੇ ਪ੍ਰਾਣ ਤੇ ਰੂਪ ਨਹੀਂ ਸਾ ਜਾਪਦਾ ਤਾਂ ਕਿਉਂ ਕਰ ਸਚੇ ਨੂੰ ਜਾਣਦਾ ਸੀ ਗੁਰੂ ਨਾਨਕ ਜੀ ਕਹਿੰਦੇ ਹੈਨ ਕਿ ਜੋ ਬੈਰਾਗ ਕਰ ਨਾਮ ਨਾਲ

ਪ੍ਰੀਤਿ ਲਾਂਵਦੇ ਹੈਨ ਉਨਾਂ ਨੂੰ ਤਦ ਭੀ ਤੇ ਹੁਣ ਭੀ ਸਚਾ ਹੀ ਭਾਸਤਾ ਹੈ ॥੬੬॥

ਹਿਰਦਾ ਦੇਹ ਨ ਹੋਤੀ ਅਉਧੂ ਤਉ ਮਨੁ ਸੁੰਨਿ ਰਹੈ ਬੈਰਾਗੀ ॥ ਨਾਭਿ ਕਮਲੁ ਅਸਥੰਭੁ ਨ ਹੋਤੋ ਤਾ ਨਿਜ ਘਰਿ ਬਸਤਉ ਪਵਨੁ ਅਨਰਾਗੀ ॥ ਰੂਪ ਨ ਰੇਖਿਆ ਜਾਤਿ ਨ ਹੋਤੀ ਤਉ ਅਕੁਲੀਣਿ ਰਹਤਉ ਸਬਦੁ ਸੁ ਸਾਰੁ ॥ ਗਉਨੁ ਗਗਨੁ ਜਬ ਤਬਹਿ ਨ ਹੋਤਉ ਤ੍ਰਿਭਵਣ ਜੋਤਿ ਆਪੇ ਨਿਰੰਕਾਰੁ ॥ ਵਰਨੁ ਭੇਖੁ ਅਸਰੂਪੁ ਸੁ ਏਕੋ ਏਕੋ ਸਬਦੁ ਵਿਡਾਣੀ ॥ ਸਾਚ ਬਿਨਾ ਸੂਚਾ ਕੋ ਨਾਹੀ ਨਾਨਕ ਅਕਥ ਕਹਾਣੀ ॥੬੭॥ ਤਿਸਕਾ ਬੀਚਾਰ :--ਬਾਬਾ ਬੋਲਿਆ ਕਿ ਹੇ ਅਉਧੂਤ ਜਬ ਹਿਰਦਾ ਦੇਹ ਨਹੀਂ ਸੀ ਤਉ ਏਹ ਮਨ ਉਸ ਚੇਤਨ ਸੁੰਨ ਵਿਚ ਰਹਿੰਦਾ ਸੀ ਅਰ ਜੋ ਨਾਭ ਕਮਲ ਦਾ ਥੰਭ ਨਹੀਂ ਸਾ ਤਾਂ ਪਵਨ ਆਪਣੇ ਅਕਾਸ ਰੂਪੀ ਘਰ ਵਿਚ ਰਹਿੰਦਾ ਸੀ ਅਰ ਜਬ ਰੂਪ ਰੇਖ ਜਾਤਿ ਨਹੀਂ ਸੀ ਤਉ ਅਕਲ ਜੋ ਆਤਮਾ ਸੀ ਉਸਦੇ ਵਿਚ ਸਬਦ ਵਸਦਾ ਸੀ ਅਰ ਜਬ ਅਕਾਸ ਭੀ ਨਹੀਂ ਸੀ ਤੇ ਆਵਾਗਉਣ ਭੀ ਨਹੀਂ ਸੀ ਤਾਂ ਤੀਨ ਭਵਨਾ ਵਿਚ ਇਕ ਨਿਰੰਕਾਰ ਦੀ ਜੋਤ ਹੈ ਸੀ ਅਰ ਜੇ ਹੁਣ ਵਰਨ ਰੂਪ ਹੋਏ ਹੈਨ ਤਉ ਭੀ ਇਕ ਆਤਮਾ ਹੈ ਅਰ ਗੁਰੂ ਕੇ ਸਬਦ ਕਰ ਇਕ ਜਾਤਾ ਹੈ ਪਰ ਸਚ ਬਿਨਾ ਸੂਚਾ ਕੋਈ ਨਹੀਂ ਗੁਰੂ ਨਾਨਕ ਜੀ ਕਹਿੰਦੇ ਹਨ ਕਿ ਏਹ ਅਕਥ ਕਹਾਣੀ ਹੈ ॥

ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ ਕਿਤੁ ਕਿਤੁ ਦੁਖਿ ਬਿਨਸਿ ਜਾਈ ॥ ਹਉਮੈ ਵਿਚਿ ਜਗੁ ਉਪਜੈ ਪੁਰਖਾ ਨਾਮਿ ਵਿਸਰਿਐ ਦੁਖੁ ਪਾਈ ॥ ਗੁਰਮੁਖਿ ਹੋਵੈ ਸੁ ਗਿਆਨੁ ਤਤੁ ਬੀਚਾਰੈ ਹਉਮੈ ਸਬਦਿ ਜਲਾਏ ॥ ਤਨੁ ਮਨੁ ਨਿਰਮਲੁ ਨਿਰਮਲ ਬਾਣੀ ਸਾਚੈ ਰਹੈ ਸਮਾਏ ॥ ਨਾਮੇ ਨਾਮਿ ਰਹੈ ਬੈਰਾਗੀ ਸਾਚੁ ਰਖਿਆ ਉਰਿਧਾਰੇ ॥ ਨਾਨਕ ਬਿਨੁ ਨਾਵੈ ਜੋਗੁ ਕਦੇ ਨ ਹੋਵੈ ਦੇਖਹੁ ਰਿਦੈ ਬੀਚਾਰੇ ॥ ੬੮ ॥ ਸਿਧਾਂ ਪੁਛਿਆ :--ਕਿ ਜਗਤ ਕਿਸ ਬਿਧਿ ਕਰ ਉਪਜਿਆ ਹੈ ਅਤੇ ਕਿਸ ਕਿਸ ਦੁਖ ਕਰ ਬਿਨਸਦਾ ਹੈ ਤਾਂ ਬਾਬੇ ਆਖਿਆ ਹਉਮੈ ਕਰਕੇ ਜਗਤ ਉਪਜਿਆ ਹੈ ਅਰ ਨਾਮ ਵਿਸਰਿਆ ਦੁਖ ਪਾਂਵਦਾ ਹੈ ਪਰ ਗੁਰਮੁਖ ਗਿਆਨ ਦਾ ਤਤ ਬੀਚਾਰਦਾ ਹੈ ਤਾਂ ਹਉਮੈਂ ਉਸਦੀ ਗੁਰ ਕਾ ਸਬਦ ਜਲਾਇ ਦੇਂਦਾ ਹੈ ਅਰ ਉਨਾਂ ਦੇ ਤਨ ਮਨ ਨਿਰਮਲ ਹੋਂਦੇ ਹਨ ਅਰ ਜੋ ਨਿਰਮਲ ਬਾਣੀ ਵੀਚਾਰਦੇ ਹਨ ਸੋ ਸਚ ਵਿਚ ਸਮਾ ਜਾਂਦੇ ਹਨ ਤਾਂਤੇ ਪਰਮੇਸਰ ਦੇ ਨਾਮ ਕਰ ਦੁਖਾਂ ਥੀਂ ਬੈਰਾਗੀ ਰਹਿੰਦੇ ਹਨ ਅਰ ਸਚ ਨੂੰ ਰਿਦੇ ਵਿਚ ਧਾਰਦੇ ਹਨ ਗੁਰੂ ਨਾਨਕ ਜੀ ਕਹਿੰਦੇ ਹਨ ਬਿਨਾ ਨਾਮ ਜੋਗ ਨਹੀਂ ਹੋਂਦਾ ਤੁਸੀਂ ਬੀਚਾਰ ਦੇਖੋ ॥ ੬੮ ॥ ਫਿਰ ਬਾਬਾ ਜੀ ਨੇ ਕਹਿਆ :--

ਗੁਰਮੁਖਿ ਸਾਚੁ ਸਬਦੁ ਬੀਚਾਰੈ ਕੋਇ ॥ ਗੁਰਮੁਖਿ ਸਚੁ ਬਾਣੀ ਪਰਗਟੁ ਹੋਇ ॥ ਗੁਰਮੁਖਿ ਮਨੁ ਭੀਜੈ ਵਿਰਲਾ ਬੂਝੈ ਕੋਇ ॥ ਗੁਰਮੁਖਿ ਨਿਜ ਘਰਿ ਵਾਸਾ ਹੋਇ ॥ ਗੁਰਮੁਖਿ ਜੋਗੀ ਜੁਗਤਿ ਪਛਾਣੈ ॥ ਗੁਰਮੁਖਿ ਨਾਨਕ ਏਕੋ ਜਾਣੈ ॥ ੬੯ ॥ ਤਿਸਦਾ ਬੀਚਾਰ :--ਬਾਬੇ ਜੀ ਕਹਿਆ ਕਿ ਕੋਈ ਗੁਰਮੁਖਿ ਸਚ ਸਬਦ ਨੂੰ ਬੀਚਾਰਦਾ ਹੈ ਅਰ ਗੁਰਮੁਖਾਂ ਨੂੰ ਸਚੀ ਬਾਣੀ ਪਰਗਟ ਹੋਂਦੀ ਹੈ ਅਰ ਗੁਰਮੁਖਾਂ ਦਾ ਮਨ ਭਿਜਦਾ ਹੈ ਪਰ ਕੋਈ ਵਿਰਲਾ ਬੂਝਦਾ ਹੈ ਅਰ ਗੁਰਮੁਖਾਂ ਦਾ ਆਤਮ ਗਿਆਨ ਵਿਚ ਵਾਸਾ ਹੋਂਦਾ ਹੈ ਅਰ ਗੁਰਮਖ ਜੋਗੀ ਜੋ ਹੈਨ ਸੋ ਸਬਦ ਦੀ ਜੁਗਤ ਪਛਾਣਦੇ ਹਨ ਗੁਰੂ ਨਾਨਕ ਜੀ ਕਹਿੰਦੇ ਹੈਨ ਕਿ ਗੁਰਮੁਖਿ ਇਕ ਵਾਹਗੁਰੂ ਨੂੰ ਜਾਣਦੇ ਹਨ ॥ ੬੯ ॥

ਬਿਨੁ ਸਤਿਗੁਰ ਸੇਵੇ ਜੋਗੁ ਨ ਹੋਈ ॥ ਬਿਨੁ ਸਤਿਗੁਰ ਭੇਟੇ ਮੁਕਤਿ ਨ ਕੋਈ ॥ ਬਿਨੁ ਸਤਿਗੁਰ ਭੇਟੇ ਨਾਮੁ ਪਾਇਆ ਨ ਜਾਇ ॥ ਬਿਨੁ ਸਤਿਗੁਰ ਭੇਟੇ ਮਹਾ ਦੁਖੁ ਪਾਇ ॥ ਬਿਨੁ ਸਤਿਗੁਰ ਭੇਟੇ ਮਹਾ ਗਰਬਿ ਗੁਬਾਰਿ ॥ ਨਾਨਕ ਬਿਨੁ ਗੁਰ ਮੂਆ ਜਨਮੁ ਹਾਰਿ ॥ ੭੦ ॥ ਬਾਬੇ ਕਹਿਆ ਕਿ:--ਬਿਨਾਂ ਸਤਿਗੁਰਾਂ ਦੀ ਸੇਵਾ ਜੋਗ ਪ੍ਰਾਪਤ ਨਹੀਂ ਹੋਂਦਾ ਭਾਵੇਂ ਜੇਹਾ ਤਪ ਕਰੇ ॥ ਅਰ ਬਿਨਾਂ ਸਤਿਗੁਰਾਂ ਦੇ ਭੇਟੇ ਮੁਕਤ ਨਹੀਂ ਹੋਂਦਾ ਅਰ ਬਿਨਾਂ ਸਤਿਗੁਰਾਂ ਦੇ ਨਾਮ ਪ੍ਰਾਪਤ ਨਹੀਂ ਹੋਂਦਾ ਅਰ ਬਿਨਾ ਸਤਿਗੁਰ ਭੇਟੇ ਮਹਾਂ ਦੁਖ ਪਾਂਵਦਾ ਹੈ ਅਰ ਬਿਨਾ ਸਤਿਗੁਰਾਂ ਦੇ ਭੇਟੇ ਗਰਬ ਦਾ ਅੰਧੇਰਾ ਨਹੀਂ ਮਿਟਦਾ ਗੁਰੂ ਨਾਨਕ ਜੀ ਕਹਿੰਦੇ ਹੈਨ ਕਿ ਬਿਨਾਂ ਸਤਿਗੁਰਾਂ ਦੇ ਮਿਲੇ ਜਨਮ ਹਾਰ ਜਾਂਦਾ ਹੈ ॥ ੭੦ ॥

ਗੁਰਮੁਖਿ ਮਨੁ ਜੀਤਾ ਹਉਮੈ ਮਾਰਿ ॥ ਗੁਰਮੁਖਿ ਸਾਚੁ ਰਖਿਆ ਉਰ ਧਾਰਿ ॥ ਗੁਰਮੁਖਿ ਜਗੁ ਜੀਤਾ ਜਮਕਾਲੁ ਮਾਰਿ ਬਿਦਾਰਿ ॥ ਗੁਰਮੁਖਿ ਦਰਗਹ ਨ ਆਵੈ ਹਾਰਿ ॥ ਗੁਰਮੁਖਿ ਮੇਲਿ ਮਿਲਾਏ ਸੁੋ ਜਾਣੈ ॥ ਨਾਨਕ ਗੁਰਮੁਖਿ ਸਬਦਿ ਪਛਾਣੈ ॥ ੭੧ ॥ ਬਾਬੇ ਕਹਿਆ:--ਗੁਰਮੁਖਾ ਨੇ ਮਨ ਜੀਤਾ ਹੈ ਹਉਮੈ ਨੂੰ ਦੂਰ ਕਰਕੇ ਅਰ ਗੁਰਮੁਖਾਂ ਸਚ ਰਿਦੈ ਵਿਚ ਧਾਰ ਰਖਿਆ ਹੈ ਅਰ ਗੁਰਮੁਖਿ ਗਿਆਨ ਕਰ ਜਗਜੀਤਾ ਹੈ ਤੇ ਕਾਲ ਨੂੰ ਭੀ ਮਾਰਿਆ ਹੈ ਅਰ ਗੁਰਮੁਖਾਂ ਨੂੰ ਦਰਗਹ ਵਿਚ ਹਾਰ ਨਹੀਂ ਆਂਵਦੀ ਅਰ ਗੁਰਮੁਖਾਂ ਦੀ ਸੰਗਤ ਜੋ ਜਿਨਾਂ ਨੂੰ ਵਾਹਗੁਰੂ ਮਿਲਾਂਵਦਾ ਹੈ ਸੋ ਪਛਾਣਦੇ ਹਨ ਗੁਰੂ ਨਾਨਕ ਜੀ ਕਹਿੰਦੇ ਹਨ ਕਿ ਜੋ ਗੁਰਮੁਖਾਂ ਦੀਆਂ ਰਹਿਤਾਂ ਸਬਦਾਂ ਵਿਚ ਲਿਖੀਆਂ ਹੋਈਆਂ ਹੈਂ ੧. ਸਚ ਬੋਲਣਾ, ੨. ਸੀਲ ਰਖਣਾ, ੩. ਨਾਮ ਜਪਣਾ, ੪. ਵੰਡ ਖਾਣਾ, ੫. ਥੋੜੇ ਬਹੁਤੇ ਤੇ ਸੰਤੋਖ ਕਰਨਾ, ੬. ਅਰ ਦੁਖ ਸੁਖ

ਵਿਚ ਸਮਾਨ ਰਹਿਣਾ, ੭. ਪਦਾਰਥਾਂ ਦਾ ਆਵਣਾ ਜਾਣਾ ਵਾਹਗੁਰੂ ਦੇ ਭਾਣੇ ਵਿਚ ਜਾਣਨਾ ਤਾਂਤੇ ਸਦਾ ਪ੍ਰਸੰਨ ਰਹਿਣਾ ਅਰ ਹਰ ਕਿਸੇ ਦਾ ਆਦਰ ਕਰਨਾ ਅਰ ਮਹਾਂ ਪੁਰਖਾਂ ਅਗੇ ਨਿਵ ਚਲਣਾ ਅਰ ਆਪਣਾ ਆਦਰ ਨਾ ਚਾਹਣਾ ਅਰ ਸਭਨਾਂ ਵਿਚ ਵਾਹਗੁਰੂ ਦਾ ਰੂਪ ਜਾਣਨਾ ਅਰ ਵਾਹਗੁਰੂ ਦਾ ਸਿਖ ਜਾਣਨਾ ਅਰ ਕਿਸੇ ਨਾਲ ਵੈਰ ਵਿਰੋਧ ਨਾ ਕਰਨਾ ਸੋ ਇਤਆਦਿਕ ਗੁਣ ਤਾਂ ਬਹੁਤੇਰੇ ਹੈਂ ਪਰ ਜੇ ਇਨਾਂ ਗੁਣਾਂ ਵਿਚੋਂ ਥੋੜੇ ਬੀ ਕਿਸੇ ਵਿਚ ਹੋਵਣ ਸੋ ਗੁਰਮੁਖ ਹੈ ਅਰ ਜਿਨਾਂ ਵਿਚ ਬਹੁਤ ਹੈਂ ਸੋ ਗੁਰਮੁਖ ਤਰ ਹੈਂ ਅਰ ਜਿਨਾਂ ਵਿਚ ਸਭੇ ਗੁਣ ਹੈਂ ਸੋ ਗੁਰਮਖ ਤਮ ਹੈਂ ਪਰ ਸਬਦ ਕਰਕੇ ਗੁਰਮੁਖ ਪਛਾਣੀਦੇ ਹਨ ॥ ੭੧ ॥

ਸਬਦੈ ਕਾ ਨਿਬੇੜਾ ਸੁਣਿ ਤੂ ਅਉਧੂ ਬਿਨੁ ਨਾਵੈ ਜੋਗੁ ਨ ਹੋਈ ॥ ਨਾਮੇ ਰਾਤੇ ਅਨਦਿਨੁ ਮਾਤੇ ਨਾਮੈ ਤੇ ਸੁਖੁ ਹੋਈ ॥ ਨਾਮੈ ਹੀ ਤੇ ਸਭੁ ਪਰਗਟੁ ਹੋਵੈ ਨਾਮੇ ਸੋਝੀ ਪਾਈ ॥ ਬਿਨੁ ਨਾਵੈ ਭੇਖ ਕਰਹਿ ਬਹੁਤੇਰੇ ਸਚੈ ਆਪਿ ਖੁਆਈ ॥ ਸਤਿਗੁਰ ਤੇ ਨਾਮੁ ਪਾਈਐ ਅਉਧੂ ਜੋਗ ਜੁਗਤਿ ਤਾ ਹੋਈ ॥ ਕਰਿ ਬੀਚਾਰੁ ਮਨਿ ਦੇਖਹੁ ਨਾਨਕ ਬਿਨੁ ਨਾਵੈ ਮੁਕਤਿ ਨ ਹੋਈ ॥ ੭੨ ॥ ਤਿਸਕਾ ਬੀਚਾਰ ਬਾਬੇ ਜੀ ਕਹਿਆ ਹੈ ਕਿ ਇਸ ਚਰਚਾ ਦਾ ਸਿਧਾਂਤ ਸੁਣੋ ਸਿਧਾਹੋ ਜੋ ਬਿਨਾ ਨਾਮ ਜੋਗ ਨਹੀਂ ਹੋਂਦਾ ਅਰ ਜੋ ਦਿਨੇ ਰਾਤੀ ਨਾਮ ਜਪਦੇ ਹਨ ਤੇ ਨਾਮ ਨਾਲ ਰਤੇ ਹੋਏ ਹੈਂ ਸੋ ਨਾਮ ਕਰਕੇ ਸੁਖੀ ਹੈਂ ਅਰ ਜਗਤਿ ਦੀ ਉਤਪਤਿ ਭੀ ਓਅੰਕਾਰ ਦੇ ਨਾਮ ਥੀ ਹੈ ਤਾਂਤੇ ਨਾਮ ਕਰਕੇ ਅੰਤਹਕਰਨ ਸੁਧ ਹੋਂਦੇ ਹਨ ਅਰ ਨਾਮ ਕਰ ਗਿਆਨ ਤੇ ਜੋਗ ਦੀ ਸੋਝੀ ਹੋਂਦੀ ਹੈ ਅਰ ਬਿਨਾ ਨਾਮ ਬਹੁਤੇ ਭੇਖ ਕਰਦੇ ਹੈਂ ਸੋ ਜਿਨਾ ਨੂੰ ਸਚੇ ਆਪ ਗਵਾਇਆ ਹੈ ਸੋਈ ਨਾਮ ਵਿਸਾਰਦੇ ਹਨ ਅਤੇ ਜੋ ਸਤਿਗੁਰਾਂ ਨੂੰ ਮਿਲਕੇ ਨਾਮ ਨੂੰ ਪ੍ਰਾਪਤ ਹੋਂਦੇ ਹਨ ਤਾਂ ਜੋਗ ਦੀ ਜੁਗਤ ਪ੍ਰਾਪਤ ਹੋਂਦੀ ਹੈ ਗੁਰੂ ਨਾਨਕ ਜੀ ਕਹਿੰਦੇ ਹਨ ਕਿ ਮਨ ਵਿਖੇ ਵੀਚਾਰ ਕਰ ਦੇਖੋ ਜੋ ਨਾਮ ਬਿਨਾ ਮੁਕਤਿ ਕੋਈ ਨਹੀਂ ਹੋਂਦਾ ॥ ੭੨ ॥

ਤੇਰੀ ਗਤਿ ਮਿਤਿ ਤੂਹੈ ਜਾਣਹਿ ਕਿਆ ਕੋ ਆਖਿ ਵਖਾਣੈ ॥ ਤੂ ਆਪੇ ਗੁਪਤਾ ਆਪੇ ਪਰਗਟੁ ਆਪੇ ਸਭਿ ਰੰਗ ਮਾਣੈ ॥ ਸਾਧਿਕ ਸਿਧ ਗੁਰੂ ਬਹੁ ਚੇਲੇ ਖੋਜਤ ਫਿਰਹਿ ਫੁਰਮਾਣੈ ॥ ਮਾਗਹਿ ਨਾਮੁ ਪਾਇ ਇਹ ਭਿਖਿਆ ਤੇਰੇ ਦਰਸਨ ਕਉ ਕੁਰਬਾਣੈ ॥ ਅਬਿਨਾਸੀ ਪ੍ਰਭਿ ਖੇਲੁ ਰਚਾਇਆ ਗੁਰਮੁਖਿ ਸੋਝੀ ਹੋਈ ॥ ਨਾਨਕ ਸਭਿ ਜੁਗ ਆਪੇ ਵਰਤੈ ਦੂਜਾ ਅਵਰੁ ਨ ਕੋਈ ॥੭੩॥੧॥ ਗੁਰੂ ਨਾਨਕ ਜੀ ਕਹਿੰਦੇ ਹੈਨ ਵਾਹਗੁਰੂ ਦੀ ਗਤਿ ਮਿਤਿ ਵਾਹਗੁਰੂ ਹੀ ਜਾਣਦਾ ਹੈ ਕੋਈ ਕੀਕਰ ਉਸਨੂੰ

ਕਹੇ ਅਰ ਆਪੇ ਗੁਪਤਾ ਅਰ ਆਪੇ ਪਰਗਟੁ ਹੈ ਅਰ ਆਪੇ ਸਭ ਰੰਗ ਮਾਣਦਾ ਹੈ ਅਰ ਜਿਤਨੇ ਸਾਧਨਾ ਕਰਨ ਵਾਲੇ ਹਨ ਅਰ ਜਿਤਨੇ ਗੁਰੂ ਅਰ ਚੇਲੇ ਹੈਂ ਸੋ ਸਭੇ ਉਸਦੇ ਹੁਕਮ ਨੂੰ ਖੋਜਦੇ ਫਿਰ੍ਦੇ ਹਨ ਅਰ ਨਾਮ ਮੰਗਦੇ ਹਨ ਜੋ ਨਾਮ ਦੀ ਭਿਖਿਆ ਪਾਇ ॥ ਅਰ ਤੇਰੇ ਦਰਸਨ ਤੋਂ ਕੁਰਬਾਨ ਕੁਰਬਾਨ ਜਾਂਦੇ ਹੈਂ ਅਰ ਤੂੰ ਈਸਰ ਰੂਪ ਤੇ ਗੁਰ ਰੂਪ ਤੇ ਸੰਤ ਰੂਪ ਹੋ ਕੇ ਦਰਸਨ ਦਿਤਾ ਹੈ ਸੋ ਅਬਿਨਾਸੀ ਪ੍ਰਭ ਏਹ ਖੇਲ ਰਚਾਇਆ ਹੈ ॥

ਜੈਸੇ ਬਾਜੀਗਰ ਦੀ ਬਾਜੀ ਦੀ ਕਲਾ ਬਾਜੀਗਰ ਦੇ ਸਗਿਰਦ ਨੂੰ ਸੋਝੀ ਹੋਂਦੀ ਹੈ ਤੈਸੇ ਵਾਹਗੁਰੂ ਦੀ ਲੀਲਾ ਦੀ ਗੁਰਮੁਖਾਂ ਨੂੰ ਸੋਝੀ ਹੋਈ ਅਰ ਓਹ ਏਵ ਜਾਣਦੇ ਹੈਂ ਜੈਸੇ ਸਭ ਭੂਖਣਾ ਵਿਚ ਇਕ ਸੋਨਾ ਹੈ ਅਰ ਸਭਨਾ ਤਰੰਗਾਂ ਵਿਚ ਇਕ ਜਲ ਹੈ ਤੈਸੇ ਸਭ ਜੁਗਾਂ ਵਿਚ ਇਕ ਵਾਹਗੁਰੂ ਹੈ ਅਰ ਉਸ ਬਿਨਾਂ ਦੂਜਾ ਨਾ ਹੋਇਆ ਹੈ ਨਾ ਹੁਣ ਹੈ ਅਰ ਨਾ ਹੀ ਹੋਵੇਗਾ ॥ ਸੋ ਦੂਜਾ ਹੋਰ ਕੋਈ ਨਹੀਂ ॥੭੩॥ ਜਾਂ ਏਹੁ ਸਿਧ ਗੋਸਟ ਬਾਬੇ ਕਹੀ ਤਾਂ ਸਭਨਾਂ ਸਿਧਾਂ ਦੇ ਮਨ ਸਾਂਤ ਆਈ ਅਰ ਸਭਨਾਂ ਸਿਧਾਂ ਨੇ ਮੱਥਾ ਟੇਕਿਆ ਪਰ ਭੰਗਰ ਨਾਥ ਡੰਡਉਤ ਨਾ ਕੀਤਾ ਜੋ ਅਸੀਂ ਅਉਧੂਤ ਹਾਂ ਤਾਂਤੇ ਗ੍ਰਹਸਤੀ ਦੇ ਅਗੇ ਡੰਡਉਤ ਨਾਹੀਂ ਕਰਦੇ ਤਾਂ ਭੰਗਰ ਨਾਥ ਕਹਿਆ ਤੁਧ ਜਗਤ ਨੂੰ ਕਿਆ ਕਰਾਮਾਤ ਦਿਖਾਈ ਹੈ ਸੋ ਜੇ ਅਸਾਨੂੰ ਭੀ ਕਰਾਮਾਤ ਦਿਖਾਏ ਤਾਂ ਅਸੀਂ ਮਥਾ ਟੇਕੀਏ ਤਾਂ ਫਿਰ ਮਰਦਾਨੇ ਦਾ ਰਬਾਬ ਲੈਕਰ ਭੰਗਰ ਨਾਥ ਅਕਾਸ ਨੂੰ ਉਡਿਆ ਤਾਂ ਬਾਬੇ ਆਪਣੀ ਖੜਾਉਂ ਉਡਾਈ ਜੋ ਭੰਗਰ ਨਾਥ ਨੂੰ ਲੈ ਆਉ ਤਾਂ ਖੜਾਉਂ ਭੰਗਰ ਨਾਥ ਦੇ ਸਿਰ ਤੇ ਲਗੀ ਮਾਰ ਕਰਨ ਸੋ ਉਸਨੂੰ ਮਾਰਦੀ ਹੀ ਫੇਰ ਬਾਬੇ ਦੇ ਅਗੇ ਲਿਆਈ ਤਾਂ ਭੰਗਰ ਨਾਥ ਰਬਾਬ ਮਰਦਾਨੇ ਦੇ ਅਗੇ ਆਣ ਰਖਿਆ ਜੋ ਮੈਨੂੰ ਬਖਸੀਏ ਤਾਂ ਬਾਬੇ ਕਹਿਆ ਕਿ ਜੇ ਮਥਾ ਟੇਕੈਂਗਾ ਤਾਂ ਖੜਾਉਂ ਤੈਨੂੰ ਮਾਰਨੋ ਛੋਡੇਗੀ ਤਾਂ ਫਿਰ ਭੰਗਰ ਨਾਥ ਮਥਾ ਟੇਕਿਆ ਤਾਂ ਗੋਰਖ ਕਹਿਆ ਭੰਗਰ ਨਾਥ ਕਰਾਮਾਤ ਡਿਠੇ ਬਿਨਾ ਨਹੀਂ ਸੀ ਰਹਿੰਦਾ ਹੁਣ ਰਾਜੀ ਹੋਇਆ ਹੈਂ ਸਭਨਾਂ ਸਿਧਾਂ ਫੇਰ ਡੰਡਉਤ ਕੀਤਾ ॥ ਤਾਂ ਸਿਖਾਂ ਭਾਈ ਮਨੀ ਸਿੰਘ ਜੀ ਨੂੰ ਪੁਛਿਆ ਜੀ ਇਹ ਸਿਧ ਗੋਸਟ ਤਾਂ ਸੁਮੇਰ ਪਰਬਤ ਉਤੇ ਜਨਮ ਸਾਖੀ ਵਿਚ ਲਿਖੀ ਹੋਈ ਹੈ ਤੇ ਤੁਸਾਂ ਅਚਲ ਵਟਾਲੇ ਕਹੀ ਹੈ ਤਾਂ ਭਾਈ ਮਨੀ ਸਿੰਘ ਕਹਿਆ ਅਸਾਂ ਭਾਈ ਗੁਰਦਾਸ ਜੀ ਦੇ ਬਚਨਾਂ ਅਨੁਸਾਰ ਕਹੀ ਹੈ ਅਤੇ ਪਰੋਜਨ ਸਮਝਣਾ ਹੈ ਕਯੋਂਕਿ ਪੰਡ ਨਹੀਂ ਗਿਣਨੇ ਅੰਬਾਂ ਦਾ ਰਸ ਚੂਸਣਾ ਹੈ ਤੈਸੇ ਵਚਨਾਂ ਦਾ ਤਾਤਪਰਜ ਕਮਾਵਣਾ ਹੈ ਸੋ ਜੋ ਕਮਾਵਨਗੇ ਤਿਨਾਂ ਨੂੰ ਹੀ

ਫਲ ਹੋਵੇਗਾ ਅਰ ਸਤਿਗੁਰਾਂ ਗੋਸਟਾਂ ਸਿਖਾਂ ਦੇ ਸਮਝਣ ਵਾਸਤੇ ਕੀਤੀਆਂ ਹਨ ਸੋ ਜੋ ਇਨਾਂ ਰਹਤਾਂ ਨੂੰ ਕਮਾਵੇਗਾ ਤਿਨਾ ਨੂੰ ਸਿਖੀ ਪ੍ਰਾਪਤ ਹੋਵੇਗੀ ਅਰ ਜੋ ਪੜਕੇ ਹੋਰਨਾਂ ਨੂੰ ਸੁਨਾਵਣਗੇ ਤਾਂ ਉਨਾਂ ਦਾ ਵਿਵਹਾਰ ਸਿਧਿ ਹੋਵੈਗਾ ਸੋ ਭਾਵੇ ਪਰਲੋਕ ਦੀ ਗਤ ਲਵੇ ਭਾਵੇ ਲੋਕ ਦੀ ਗਤਿ ਲਵੇ ਇਸ ਵਿਚ ਦੋਨੋਂ ਗਤਾ ਹੈਨ ਅਤੇ ਪਰਜੋਜਨ ਪਰਮੇਸਰ ਦੇ ਨਾਮ ਜਪਣ ਦਾ ਹੈ ॥ ਏਥੇ ਸਿਧਾਂ ਨਾਲ ਗੋਸਟ ਪੂਰੀ ਹੋਈ ॥ ਬੋਲੋ ਜੀ ਭਾਈ ਜੀ ਵਾਹਗੁਰੂ ॥

ਪਉੜੀ ਚਉਤਾਲਵੀਂ ਚਲੀ ॥

ਬਾਬੇ ਕੀਤੀ ਸਿਧ ਗੋਸ਼ਟ ਸ਼ਬਦ ਸ਼ਾਂਤਿ ਸਿਧਾਂ ਵਿਚ ਆਈ ॥
ਜਿਣ ਮੇਲਾ ਸ਼ਿਵਰਾਤ ਦਾ ਖਟ ਦਰਸ਼ਨ ਆਦੇਸ ਕਰਾਈ ॥
ਸਿੱਧ ਬੋਲਨ ਸ਼ੁਭ ਬਚਨ ਧੰਨ ਨਾਨਕ ਤੇਰੀ ਵਡੀ ਕਮਾਈ ॥
ਵੱਡਾ ਪੁਰਖ ਪ੍ਰਗੱਟਿਆ ਕਲਿਜੁਗ ਅੰਦਰ ਜੋਤਿ ਜਗਾਈ ॥
ਮੇਲਿਓਂ ਬਾਬਾ ਉਠਿਆ ਮੁਲਤਾਨੇ ਦੀ ਜ਼ਯਾਰਤ ਜਾਈ ॥
ਅਗੋਂ ਪੀਰ ਮੁਲਤਾਨ ਦੇ ਦੁੱਧ ਕਟੋਰਾ ਭਰ ਲੈ ਆਈ ॥
ਬਾਬੇ ਕਢ ਕਰ ਬਗਲ ਤੇ ਚੰਬੇਲੀ ਦੁਧ ਵਿੱਚ ਮਿਲਾਈ ॥
ਜਿਉਂ ਸਾਗਰ ਵਿਚ ਗੰਗ ਸਮਾਈ ॥ ੪੪ ॥

ਤਿਸਦਾ ਬੀਚਾਰ :--ਬਾਬੇ ਸਾਰੀ ਸਿਧ ਗੋਸਟਿ ਸਿਧਾਂ ਨਾਲ ਰਾਮਕਲੀ ਵਿਚ ਕੀਤੀ ਤਾਂ ਸਬਦ ਸੁਣਕੇ ਜੋਗੀਆਂ ਦੇ ਮਨ ਵਿਚ ਸਾਂਤ ਆਈ ਅਰ ਜਿਤਨੇ ਸਿਧ ਸਿਵਰਾਤ ਦੇ ਮੇਲੇ ਆਏ ਸੇ ਸਭਨਾਂ ਬਾਬੇ ਨੂੰ ਆਦੇਸ ਕੀਤੀ ਅਰ ਸਿਧ ਸੇਵਕ ਭਾਵ ਹੋਕੇ ਸੁਭ ਬਚਨ ਲਗੇ ਬੋਲਣ ਕਿ ਧੰਨ ਗੁਰੂ ਨਾਨਕ ਜੀ ਅਰ ਤੇਰੀ ਬਡੀ ਕਮਾਈ ਹੈ ਕਯੋਂ ਜੋ ਕਲਜੁਗ ਵਿਚ ਤੂੰ ਵਡਾ ਪੁਰਖ ਹੋਇਆ ਹੈਂ ਅਰ ਤੇਰੇ ਗਿਆਨ ਦੀ ਜੋਤ ਪ੍ਰਗਟੀ ਹੈ ਅਰ ਅਗਿਆਨ ਦਾ ਅੰਧੇਰਾ ਮਿਟ ਗਇਆ ਹੈ ॥ ਸੋ ਮੇਲੇ ਦੇ ਸਿਧਾਂ ਨੂੰ ਜਿਤਕੇ ਬਾਬੇ ਮਰਦਾਨੇ ਨੂੰ ਆਖਿਆ ਕਿ ਅਸਾਂ ਮੁਲਤਾਨ ਜਾਣਾ ਹੈ ਸੋ ਫਿਰ ਗੁਰੂ ਅੰਗਦ ਤੇ ਬਾਲੇ ਨੂੰ ਪਿਤਾ ਕਾਲੂ ਤੇ ਮਾਤਾ ਤ੍ਰਿਪਤਾ ਪਾਸ ਕਰਤਾਰਪੁਰ ਨੂੰ ਰੁਖਸਤ ਕੀਤਾ ਅਰ ਆਪ ਮਰਦਾਨੇ ਨੂੰ ਲੈਕੇ ਚਨੀਓਟ ਦੀ ਪਰਬਤੀ ਉਪਰ ਚਨਾਬ ਦੇ ਕੰਠੇ ਉਤੇ ਜਾ ਬੈਠੇ ਸੋ ਸਾਹਬੁਰਾਨ ਉਥੋਂ ਦਾ ਪੀਰ ਸੀ ਸੋ ਦੀਦਾਰ ਨੂੰ ਆਇਆ ਅਰ ਬਾਬੇ ਦੇ ਚਰਨ ਪਕੜੇ ਜੋ ਮੈਨੂੰ ਕੁਝ ਉਪਦੇਸ ਕਰੋ ਤਾਂ ਬਾਬੇ ਬਚਨ ਕੀਤਾ ਦੰਮ ਦੰਮ ਵਾਹਗੁਰੂ ਦਾ ਜਾਪ ਕਰਨਾ ਤੇ ਜੋ ਮਰੀਦ ਹੋਵਨ ਉਨਾਂ ਨੂੰ ਭੀ ਸਬਦ ਦਾ ਉਪਦੇਸ ਕਰਨਾ ਅਤੇ ਕੜਾਹ ਦਾ ਪ੍ਰਸਾਦ ਵਰਤਾਵਣਾ ਅਰਦਾਸ

ਕਰਕੈ ਤੁਸਾਡਾ ਇਸੇ ਕਰ ਕਲਿਆਨ ਹੋਵੈਗਾ ਤਾਂ ਉਥੋਂ ਬਾਬਾ ਜੀ ਮੁਲਤਾਨ ਨੂੰ ਗਏ ਅਰ ਸਮਸਪਰੇਜ ਕੇ ਪਾਸ ਜਾਇ ਆਸਣ ਕੀਤਾ ਅਤੇ ਮੁਲਤਾਨ ਦੇ ਪੀਰਾਂ ਨੂੰ ਖਬਰ ਭੇਜੀ ਜੋ ਅਸੀਂ ਤੁਸਾਡੇ ਦੀਦਾਰ ਨੂੰ ਆਏ ਹਾਂ ॥

ਬਾਬਾ ਜੀ ਮੁਲਤਾਨ ਗਏ

ਤਾਂ ਅਗੇ ਪੀਰਾਂ ਦੁਧ ਦਾ ਕਟੋਰਾ ਭੇਜਿਆ ਜੋ ਮੁਲਤਾਨ ਪੀਰਾਂ ਨਾਲ ਪੁਰ ਹੈ ਤਾਂ ਬਾਬੇ ਚੰਬੇਲੀ ਦਾ ਫੁਲ ਕਟੋਰੇ ਉਤੇ ਰਖ ਦਿਤਾ ਜੋ ਅਸੀਂ ਫੁਲਾਂ ਦੀ ਨਿਆਈ ਨਿਰਲੇਪ ਰਹਾਂਗੇ ਤਾਂ ਸਭੇ ਪੀਰ ਮੁਲਤਾਨ ਦੇ ਉਥੇ ਹੀ ਆਏ ਤਾਂ ਸਮਸ ਪੁਛਿਆ ਜੋ ਮੈ ਤਪ ਕਰ ਸਰੀਰ ਨੂੰ ਦਗਧ ਕੀਤਾ ਹੈ ਪਰ ਮਨ ਦੀਆਂ ਜੋ ਵਾਸਨਾ ਹੈਨ ਸੋ ਨਹੀਂ ਮਰਦੀਆਂ ਤਾਂ ਬਾਬੇ ਕਹਿਆ ਵਰਮੀ ਦੇ ਮਾਰਿਆਂ ਸਰਪ ਨਹੀਂ ਮਰਦਾ ਅਰ ਸਰਪ ਜੋ ਵਸ ਹੋਂਦਾ ਹੈ ਸੋ ਮੰਤ੍ਰ ਕਰ ਵਸ ਹੋਂਦਾ ਹੈ ਤੈਸੇ ਸਰੀਰ ਤੇ ਤਪ ਕੀਤਿਆਂ ਮਨ ਨਹੀਂ ਮਰਦਾ ਮਨ ਜੋ ਵਸ ਹੋਂਦਾ ਹੈ ਸੋ ਗੁਰੂ ਦੇ ਸਬਦ ਕਰ ਵਸ ਹੋਂਦਾ ਹੈ ਤਾਂ ਸਮਸ ਪੁਛਿਆ ਉਹ ਕੇਹੜਾ ਸਬਦ ਹੈ ਤਾਂ ਬਾਬੇ ਕਹਿਆ ਜਗਤ ਨੂੰ ਝੂਠਾ ਜਾਨਣਾ ਏਹੋ ਸਬਦ ਹੈ ਅਰ ਜੇਤਾ ਜਗਤ ਹੈ ਮਨ ਦੇ ਸੰਕਲਪ ਵਿਚ ਖਲੋਤਾ ਹੈ ਸੋ ਜੇ ਸਬਦ ਵਲ ਸੰਕਲਪ ਹੋਵੈਗਾ ਤਾਂ ਸੁਧ ਹੋਵੈਗਾ ਤਾਂ ਬਹਾਵਲਹਕਿ ਬੋਲਿਆ ਕਿ ਮਾਇਆ ਨੂੰ ਝੂਠ ਕਹਿੰਦੇ ਹੈਨ ਤੇ ਮਾਇਆ ਬਿਨਾ ਵਿਵਹਾਰ ਭੀ ਸੁਧ ਨਹੀਂ ਹੋਤਾ ਤਾਂ ਬਾਬੇ ਕਹਿਆ ਜੇਹੀ ਮਾਇਆ ਝੂਠੀ ਹੈ ਤੇਹਾ ਵਿਵਹਾਰ ਭੀ ਝੂਠਾ ਹੈ ਅਰ ਜੇਹਾ ਪਰਮੇਸਰ ਸਚ ਹੈ ਤੇਹਾ ਉਸ ਦਾ ਨਾਮ ਭੀ ਸਚ ਹੈ ॥ ਤਾਂ ਰੁਕਨਦੀਂ ਪੁਛਿਆ ਕਿ ਬਜੁਰਗਾਂ ਦੇ ਕੀ ਲਛਣ ਹੈਨ ਤਾਂ ਬਾਬੇ ਕਹਿਆ ਪਹਲੇ ਤਾਂ ਏਹ ਜੋ ਨੀਯਤ ਸਾਫ ਕਰੇ ਤੇ ਬਜੁਰਗਾਂ ਦੀ ਸੋਹਬਤ ਕਰੇ ਦੂਸਰਾ ਜੋ ਕਿਸੇ ਦੇ ਗੁਣ ਸੁਣੇ ਤਾਂ ਪ੍ਰਸੰਨ ਹੋਵੈ ਤੀਸਰਾ ਗੁਣਾਂ ਵਾਲੇ ਦੀ ਖਿਦਮਤ ਕਰੇ ਅਰ ਚੌਥਾ ਵਡਿਆਈ ਗੁਰ ਪੀਰ ਦੀ ਜਾਣੇ ਜੋ ਜਿਸਨੂੰ ਮਿਲਕੇ ਗੁਣ ਪ੍ਰਾਪਤ ਹੋਵਣ ਅਰ ਰੰਜਵਾਂ ਜੈਸੇ ਖਾਵਣ ਦਾ ਕੇ ਅਮਲ ਦਾ ਵਿਯਸਨ ਹੈ ਤੈਸੇ ਗੁਰਾਂ ਦੇ ਸਬਦ ਦਾ ਤੇ ਆਤਮ ਗਿਆਨ ਦਾ ਵਿਯਸਨ ਕਰੇ ਤੇ ਛੇਵਾਂ ਆਪਣੀ ਇਸਤ੍ਰੀ ਨਾਲ ਪਿਆਰ ਕਰੇ ਅਰ ਸਤਵਾਂ ਜਿਸ ਗਲ ਵਿਚ ਸਾਧਾਂ ਨਾਲ ਦੁਬਧਾ ਪਵੈ ਉਸਦਾ ਤਿਆਗ ਕਰੇ ਅਰ ਅਠਵਾਂ ਆਪਥੀਂ ਬੁਧ ਕਰਕੈ ਯਾ ਤਪ ਕਰ ਵਡਾ ਹੋਵੈ ਉਸਦੀ ਟਹਿਲ ਕਰਨੀ ਨਾਵਾਂ ਜੇ ਬਲ ਹੋਵੈ ਤਾਂ ਆਪਣੇ ਮਨ ਨੂੰ ਹੀ ਨੀਵਾਂ ਕਰਨਾ ਹੋਰਸ ਨੂੰ ਬਲ ਨਾ ਵਿਖਾਲਣਾ ਅਰ ਦਸਵਾਂ ਬਦਕਾਰਾਂ ਦੀ ਸੋਹਬਤ ਦਾ ਤਿਆਗ ਕਰਨਾ ਤਾਂ ਸਭਨਾਂ ਪੀਰਾਂ ਇਹ ਵਚਨ ਸੁਣਕੈ ਸਿਜਦਹ ਕੀਤਾ ਤੇ ਕਹਿਆ ਕੁਛ ਅਸਾਨੂੰ ਉਪਦੇਸ ਕਰੋ

ਤਾਂ ਬਾਬਾ ਜੀ ਨੇ ਹਾਜਰਨਾਮਾ ਕਹਿਆ ॥ ਹਾਜਰਾਂ ਨੂੰ ਮਿਹਰ ਹੈ ਬੇਹਾਜਰਾਂ ਨੂੰ ਬਿਮਿਹਰ ਹੈ ਈਮਾਨ ਦੋਸਤ ਹੈ ਬੇਈਮਾਨ ਕਾਫਰ ਹੈ ਪਸਗੈਬਤ ਕਾ ਮੂੰਹ ਕਾਲਾ ਹੈ ਗੁਸਾ ਹਰਾਮ ਹੈ ਨਰਸ ਸੈਤਾਨ ਹੈ ਦਰੋਗ ਦੋਜਖ ਹੈ ਸਚ ਬਹਿਸਤੀ ਹੈ ਨਫਸ ਸੈਤਾਨ ਹੈ ਖਾਬ ਹਰਾਮ ਹੈ ਇਲਮ ਗੁਲ ਹੈ ਤਿਕਬਰ ਖਾਰ ਹੈ ਸਖੀ ਬਹਿਸਤੀ ਹੈ ਸੂਮ ਦੋਜਖੀ ਹੈ ਏਤੇ ਟੋਲ ਜੋ ਜਾਣ ਜਣਾਵੈ ਤੌ ਨਾਨਕ ਦਾਨਸ ਮੰਦ ਕਹਾਵੈ ॥ ਜਾਂ ਏਹ ਹਾਜਰ ਨਾਮਾ ਬਾਬੇ ਕੀਤਾ ਤਾਂ ਸਭੇ ਪੀਰ ਚਰਨਾਂ ਤੇ ਡਿਗ ਪਏ ਤਾਂ ਫਿਰ ਬਾਬੇ ਕਹਿਆ ਮਰਦਾਨਿਆਂ ਪਟਣ ਅਸਾਂ ਜਾਣਾ ਹੈ ਕਜੋਂਕਿ ਸੇਖ ਬਰਾਮ ਨੂੰ ਉਪਦੇਸ ਕੀਤੀ ਸੀ ਸੋ ਦੇਖਾਂ ਉਸਨੂੰ ਉਪਦੇਸ ਚਿਤ ਹੈ ਕੇ ਵਿਸਰ ਗਇਆ ਹੈ ਤਾਂ ਬਾਬਾ ਤੇ ਮਰਦਾਨਾ ਪਟਣ ਸੇਖ ਫਰੀਦ ਦੇ ਆਇ ਉਤਰੇ ॥

ਸਾਖੀ ਸੇਖ ਬ੍ਰਹਮ ਦੀ

ਤਾਂ ਸੇਖ ਬਰਾਹਮ ਨੂੰ ਖਬਰ ਹੋਈ ਤਾਂ ਸੇਖ ਬਰਾਹਮ ਇਕ ਬਕਰਾ ਤੇ ਰਸਤ ਘਿਉ ਆਟਾ ਲੈਕੇ ਆਇ ਮਿਲਿਆ ਜੋ ਆਪ ਤੁਸੀ ਇਥੇ ਲੰਗਰ ਕਰਵਾਹੋ ਅਰ ਨਾਲ ਹਿੰਦੂ ਰਸੋਈ ਰਸੋਈਏ ਲਿਆਇਆ ਹਾਂ ਤਾਂ ਬਾਬੇ ਕਹਿਆ ਸਰੀਰ ਦੀ ਲਜਤ ਵਾਸਤੇ ਬਕਰਾ ਮਾਰਨਾ ਨਹੀਂ ਤਾਂ ਸੇਖ ਕਹਿਆ ਕਿ ਜੇਕਰ ਹਲਾਲ ਕਰੀਏ ਤਾਂ ਦੋਸ ਨਹੀਂ ਹੋਂਦਾ ਤਾਂ ਫਿਰ ਬਾਬਾ ਜੀ ਨੇ ਰਾਮਕਲੀ ਦੀ ਵਾਰ ਵਿਚ ਸਲੋਕ ਕੀਤਾ ॥ ਮਹਲਾ ੧ ॥

ਸਚੁ ਕੀ ਕਾਤੀ ਸਚੁ ਸਭੁ ਸਾਰੁ ॥ ਘਾੜਤਿ ਤਿਸ ਕੀ ਅਪਰ ਅਪਾਰ ॥ ਸਬਦੇ ਸਾਣ ਰਖਾਈ ਲਾਇ ॥ ਗੁਣ ਕੀ ਥੇਕੈ ਵਿਚਿ ਸਮਾਇ ॥ ਤਿਸ ਕਾ ਕੁਠਾ ਹੋਵੈ ਸੇਖੁ ॥ ਲੋਹੂ ਲਬੁ ਨਿਕਥਾ ਵੇਖੁ ॥ ਹੋਇ ਹਲਾਲੁ ਲਗੈ ਹਕਿ ਜਾਇ ॥ ਨਾਨਕ ਦਰਿ ਦੀਦਾਰਿ ਸਮਾਇ ॥ ੨ ॥

ਤਿਸਕਾ ਬੀਚਾਰ:--ਕਿ ਸਚੁ ਜੋ ਹੈ ਕਰਤਾਰ ਹੈ ਸੋ ਤਿਸਨੂੰ ਸਤਿਗੁਰਾਂ ਨੂੰ ਮਿਲਕੇ ਪਛਾਨਣਾ ਇਹ ਕਾਤੀ ਕੀਜੈ ਅਤੇ ਸਚ ਜੋ ਆਤਮਾ ਹੈ ਉਸਦਾ ਸਾਰ ਕੀਚੈ ਸੋ ਘੜੀਐ ਅਤੇ ਸਤਿਗੁਰ ਜੋ ਲਹਾਰ ਹੈਨ ਸੋ ਜੇ ਘੜਨ ਵਾਲੇ ਹੋਂਦੇ ਹਨ ਤਾਂ ਅਪਰ ਅਪਾਰ ਘਾੜਤ ਘੜੀਦੀ ਹੈ ਅਤੇ ਗੁਰਾਂ ਦਾ ਜੋ ਸਬਦ ਹੈ ਸੋਈ ਸਾਣ ਹੈ ਸੋ ਉਸਦੇ ਉਤੇ ਤੀਖਣ ਕੀਚੈ ਅਰ ਜਿਉਂ ਜਿਉਂ ਸਤਿਗੁਰਾਂ ਦਾ ਸਬਦ ਸੁਣੀਦਾ ਹੈ ਤਿਉਂ ਤਿਉਂ ਮਤ ਉਜਲ ਹੋਂਦੀ ਹੈ ਤਾਂ ਇਸ ਮਤ ਰੂਪੀ ਕਾਤੀਕਰ ਮਨਰੂਪੀ ਬਕਰਾ ਕਹੀਦਾ ਹੈ ਤਾਂ ਹਲਾਲ ਹੋਂਦਾ ਹੈ ਤੈਸੇ ਮਨਰੂਪੀ ਬਕਰਾ ਭੀ ਸੁਖਮ ਹੈ ਤੇ ਗੁਰਮਤ

ਰੂਪੀ ਕਾਤੀ ਭੀ ਸੂਖਮ ਹੈ ਸੋ ਤਿਸ ਨਾਲ ਮਨ ਹਲਾਲ ਹੋਂਦਾ ਹੈ ਅਤੇ ਪਰਮੇਸਰ ਦੇ ਗੁਣ ਜੋ ਗਾਵਣੇ ਹਨ ਤੇ ਸੁਭ ਕਰਮ ਕਰੀਦੇ ਹਨ ਓਹ ਉਸਥੇ ਕਵਚ ਸਮਾਂਵਦੀ ਹੈ ਤਾਂ ਫਿਰ ਅਭਮਾਨ ਕਰ ਖੁੰਢੀ ਨਹੀਂ ਹੁੰਦੀ ਅਤੇ ਤਿਸ ਨਾਲ ਜੇ ਮਨਉਤ ਰੂਪੀ ਬਕਰਾ ਕੁਸਦਾ ਹੈ ਤਾਂ ਲਬ ਰੂਪੀ ਲੋਹੂ ਵਿਚੋਂ ਨਿਕਲਦਾ ਹੈ ਅਤੇ ਜੈਸੇ ਲਹੂ ਨਿਕਸਿਆ ਬਕਰਾ ਹਲਾਲ ਹੋਂਦਾ ਹੈ ਤੈਸੇ ਜੇ ਮਨ ਵਿਚੋਂ ਲੋਭ ਦੂਰ ਹੋਂਦਾ ਹੈ ਤਾਂ ਮਨ ਪਵਿਤ ਹੋਂਦਾ ਹੈ ਅਤੇ ਕਰਤਾਰ ਮਿਲਦਾ ਹੈ ਅਤੇ ਗੁਰੂ ਦੇ ਦਰਬਾਰ ਵਿਚ ਸਮਾਂਵਦਾ ਹੈ ਸੋ ਜਾਂ ਏਹ ਸੁਣਿਆ ਤਾਂ ਸੇਖ ਕਹਿਆ ਕਿ ਅਗੇ ਤਾਂ ਸਾਡਾ ਮਨ ਵਡਿਆਈ ਚਾਂਹਦਾ ਸੀ ਪਰ ਹੁਣ ਤੁਸਾਡੇ ਵਚਨ ਸੁਣਕੇ ਨਿਮਾਣਾ ਹੋਇਆ ਹੈ ਤਾਂ ਬਾਬੇ ਕਹਿਆ ਫੁਵਾਰੇ ਦਾ ਜਲ ਜਿਤਨਾ ਨੀਵਾਂ ਜਾਂਵਦਾ ਹੈ ਤਿਤਨਾ ਹੀ ਉਚਾ ਚੜਦਾ ਹੈ ਤੈਸੇ ਜੋ ਮਨ ਨੀਵਾਂ ਕਰਦੇ ਹਨ ਸੋ ਉਚੀ ਪਦਵੀ ਕਰਤਾਰ ਦੀ ਨੂੰ ਪ੍ਰਾਪਤ ਹੋਂਦੇ ਹਨ ॥

ਸਾਖੀ ਇਕ ਸਾਹੂਕਾਰ ਦੀ

ਤਾਂ ਬਾਬਾ ਤੇ ਮਰਦਾਨਾ ਉਥੋਂ ਪਟਣ ਥੀਂ ਤੁਰ ਕੇ ਤੇ ਆਣ ਸਤਘਰੇ ਵਿਚ ਆਸਣ ਕੀਤਾ ਅਰ ਇਕ ਸਰਾਫ ਦੀ ਹਟ ਤੇ ਆਇ ਬੈਠੇ ਤਾਂ ਉਸ ਦੇ ਬਹੁਤ ਗੁਮਾਸਤੇ ਸੇ ਤੇ ਬਹੁਤਾ ਧਨ ਸਾ ਸੋ ਸਾਰਾ ਦਿਨ ਓਹ ਪਰਚਿਆ ਰਹਿਆ ਤੇ ਬਾਬੇ ਵਲ ਧਿਆਨ ਭੀ ਨ ਕੀਤਾ ਤਾਂ ਮਰਦਾਨੇ ਕਹਿਆ ਜੀ ਏਹ ਵਡਾ ਸੁਖੀ ਹੈ ਤੇ ਦਾਨ ਪੁੰਨ ਕੁਝ ਨਹੀਂ ਕਰਦਾ ਤੇ ਸਾਧਾਂ ਦੀ ਟਹਿਲ ਕੁਝ ਨਹੀਂ ਕਰਦਾ ਤਾਂ ਬਾਬੇ ਕਹਿਆ ਜੋ ਮਰਦਾਨਿਆ ਦੁਖ ਤੇ ਸੁਖ ਪਾਪਾਂ ਤੇ ਪੁੰਨਾਂ ਦਾ ਧਰਮ ਹੈ ਪਰ ਬਿਨਾ ਗਿਆਨ ਸੁਖੀ ਕੋਈ ਨਹੀਂ ਸੋ ਤੂੰ ਇਸ ਨੂੰ ਪੁਛ ਦੇਖ ਤਾਂ ਮਰਦਾਨੇ ਕਹਿਆ ਤੈਨੂੰ ਇਤਨਾ ਸੁਖ ਕਿਉਂ ਕਰ ਹੋਇਆ ਹੈ ਅਰ ਤੂੰ ਵਡਾ ਸੁਖੀ ਨਜਰ ਆਂਵਦਾ ਹੈਂ ਤਾਂ ਉਸ ਕਹਿਆ ਕਿ ਮੇਰੇ ਜਿਡਾ ਦੁਖੀ ਕੋਈ ਨਹੀਂ ਤਾਂ ਫਿਰ ਬਾਬਾ ਜੀ ਨੂੰ ਤੇ ਮਰਦਾਨੇ ਨੂੰ ਨਿਆਰਾ ਲੈ ਬੈਠਾ ਅਰ ਕਹਿਓਸ ਕਿ ਮੇਰਾ ਇਸਤ੍ਰੀ ਨਾਲ ਬਹੁਤ ਪਿਆਰ ਸੀ ਇਕ ਸਮੇਂ ਇਸਤ੍ਰੀ ਅਰਜਾਈ ਹੋਈ ਮਰਨ ਪ੍ਰਜੰਤ ਸੋ ਜਾਂ ਚੌਂਕੇ ਤੇ ਉਤਾਰੀ ਅਰ ਬਹੁਤ ਦਾਨ ਪੁੰਨ ਕਰਵਾਇਆ ਤਾਂ ਮੈਂ ਰੁਦਨ ਕਰਨ ਲਗਾ ਜੋ ਮੈਂ ਕਿਉਂ ਕਰ ਜੀਵਾਂਗਾ ਤਾਂ ਇਸਤ੍ਰੀ ਕਹਿਆ ਤੂੰ ਪੁਰਖ ਹੈਂ ਅਰ ਧਨਵਾਨ ਹੈਂ ਹੋਰ ਇਸਤ੍ਰੀ ਵਿਆਹ ਲਵੇਂਗਾ ਤਾਂ ਫਿਰ ਮੈਨੂੰ ਭੁਲਾ ਦੇਵੇਂਗਾ ਸੋ ਏਹ ਬਾਤ ਸੁਣ ਕੇ ਮੈਂ ਲਿੰਗ ਇੰਦ੍ਰੀ ਕਟ ਸੁਟੀ ਤੇ ਓਹ ਇਸਤ੍ਰੀ ਫੇਰ ਅਰੋਗ ਹੋ ਗਈ ਅਰ ਹੁਣ ਕਹਿੰਦੀ ਹੈ ਜੋ ਮੈਂ ਕਾਮ

ਕਲੋਲ ਬਿਨਾ ਰਹਿ ਨਹੀਂ ਸਕਦੀ ਸੋ ਮੇਰੇ ਦੇਖਦੇ ਓਹ ਹੋਰ ਪੁਰਖ ਭੋਗਦੀ ਹੈ ਅਰ ਮੈਂ ਵੇਖਕੇ ਦਗਧ ਹੋਂਦਾ ਹਾਂ ਤਾਂਤੇ ਮੇਰੇ ਜੇਡਾ ਦੁਖੀ ਕੋਈ ਨਹੀਂ ਤਾਂ ਬਾਬੇ ਕਹਿਆ ਦੁਖ ਤੇ ਸੁਖ ਪੂਰਬਲੇ ਜਨਮਾਂ ਦੇ ਪਾਪਾਂ ਪੁੰਨਾਂ ਦਾ ਫਲ ਹੈ (ਧਰਮ) ਅਰ ਈਸਰ ਥੀਂ ਆਦਿ ਜੀਵ ਪ੍ਰਜੰਤ ਆਪਨੇ ਆਪਨੇ ਕਰਮ ਅਵਸ ਭੋਗਣੇ ਹਨ ਅਰ ਕਰਮ ਕੀਤੇ ਹੋਇ ਭੋਗ ਦਿਤੇ ਬਿਨਾਂ ਮਿਟਦੇ ਨਹੀਂ ਪਰ ਗਿਆਨੀ ਲੀਲਾ ਮਾਤ੍ਰ ਭੋਗਦੇ ਹਨ ਤੇ ਅਗਿਆਨੀ ਦੁਖੀ ਸੁਖੀ ਹੋਂਦੇ ਹਨ ਤਾਂ ਫਿਰ ਬਾਬਾ ਜੀ ਨੇ ਰਾਮਕਲੀ ਦੀ ਵਾਰ ਵਿਚ ਸਲੋਕ ਕਹਿਆ ॥ ਮ ੧ ॥

ਸਹੰਸਰ ਦਾਨ ਦੇ ਇੰਦ੍ਰੁ ਰੁਆਇਆ ॥ ਪਰਸ ਰਾਮੁ ਰੋਵੈ ਘਰਿ ਆਇਆ ॥ ਅਜੈ ਸੁ ਰੋਵੈ ਭੀਖਿਆ ਖਾਇ ॥ ਐਸੀ ਦਰਗਹ ਮਿਲੈ ਸਜਾਇ ॥ ਰੋਵੈ ਰਾਮੁ ਨਿਕਾਲਾ ਭਇਆ ॥ ਸੀਤਾ ਲਖਮਣੁ ਵਿਛੁੜਿ ਗਇਆ ॥ ਰੋਵੈ ਦਹ ਸਿਰੁ ਲੰਕ ਗਣਾਇ ॥ ਜਿਨਿ ਸੀਤਾ ਆਦੀ ਡਉਰੂ ਵਾਇ ॥ ਰੋਵਹਿ ਪਾਂਡਵ ਭਏ ਮਜੂਰ ॥ ਜਿਨ ਕੈ ਸੁਆਮੀ ਰਹਿਤ ਹਦੂਰਿ ॥ ਰੋਵੈ ਜਨਮੇਜਾ ਖੁਇ ਗਇਆ ॥ ਏਕੀ ਕਾਰਣਿ ਪਾਪੀ ਭਇਆ ॥ ਰੋਵਹਿ ਸੇਖ ਮਸਾਇਕ ਪੀਰ ॥ ਅੰਤਿ ਕਾਲਿ ਮਤੁ ਲਾਗੈ ਭੀੜ ॥ ਰੋਵਹਿ ਰਾਜੇ ਕੰਨ ਪੜਾਇ ॥ ਘਰਿ ਘਰਿ ਮਾਂਗਹਿ ਭੀਖਿਆ ਜਾਇ ॥ ਰੋਵਹਿ ਕਿਰਪਨ ਸੰਚਹਿ ਧਨੁ ਜਾਇ ॥ ਪੰਡਿਤ ਰੋਵਹਿ ਗਿਆਨੁ ਗਵਾਇ ॥ ਬਾਲੀ ਰੋਵੈ ਨਾਹਿ ਭਤਾਰੁ ॥ ਨਾਨਕ ਦੁਖੀਆ ਸਭੁ ਸੰਸਾਰੁ ॥ ਮੰਨੇ ਨਾਉ ਸੋਈ ਜਿਣਿ ਜਾਇ ॥ ਅਉਰੀ ਕਰਮ ਨ ਲੇਖੈ ਪਾਇ ॥ ੧ ॥

ਤਾਂ ਬਾਬੇ ਕਹਿਆ ਕਿ ਜੋ ਗਿਆਨਵਾਨ ਹੈਂ ਸੋ ਜੈਸਾ ਸਰੀਰ ਅਨਿਤ ਜਾਣਤੇ ਹਨ ਤੈਸਾ ਸੁਖ ਦੁਖ ਭੀ ਅਨਿਤ ਜਾਣਤੇ ਹਨ ਅਤੇ ਜੋ ਜਗਿਆਸੀ ਹਨ ਸੋ ਦੁਖ ਸੁਖ ਦੋਨੋਂ ਪਰਮੇਸਰ ਵਲੋਂ ਜਾਣਦੇ ਹਨ ਜੋ ਪਰਮੇਸਰ ਅਸਾਡਾ ਮਿਤ੍ਰ ਹੈ ਸੋ ਜੇ ਦੁਖ ਦੇਵੈਗਾ ਤਉ ਭੀ ਅਸਾਡੇ ਕਲਿਆਣ ਵਾਸਤੇ ਅਰ ਜੇ ਸੁਖ ਦੇਂਦਾ ਹੈ ਤਉ ਭੀ ਅਸਾਡੇ ਕਲਿਆਣ ਵਾਸਤੇ ਜੈਸੇ ਵੈਦ ਜੇ ਰੋਗੀ ਨੂੰ ਕਉੜ ਅਉਖਦ ਦੇਂਦਾ ਹੈ ਭਾਵੇਂ ਮਿਠ ਦੇਂਦਾ ਹੈ ਤਾਂ ਰੋਗੀ ਦੇ ਸੁਖ ਵਾਸਤੇ ਹੀ ਦੇਂਦਾ ਹੈ ਅਤੇ ਜੇ ਕਰਮਾਂ ਵਲੋਂ ਦੁਖ ਸੁਖ ਜਾਣੀਐ ਤਾਂ ਦੁਖਾਂ ਭੋਗਿਆ ਪੂਰਬਲੇ ਪਾਪ ਮਿਟਦੇ ਹਨ ਤੇ ਸੁਖ ਭੋਗਿਆਂ ਪੁੰਨ ਮਿਟ ਜਾਂਦੇ ਹਨ ਤਾਂਤੇ ਜੋ ਪਾਪਾਂ ਪੁੰਨਾਂ ਦਾ ਫਲ ਹੈ ਸੋ ਅਵਸਮੇਵ ਭੋਗਵਤ ਹੈ ਤਾਂਤੇ ਜੋ ਸਤਸੰਗੀ ਹੈਨ ਸੋ ਸਦਾ ਰਾਜੀ ਹੈਨ ਤੇ ਜੋ ਅਗਿਆਨੀ ਹੈਨ ਸੋ ਸਦਾ ਦੁਖੀ ਹੈਨ ਪਰ ਆਪਣੇ ਕਰਮਾਂ ਦਾ ਫਲ ਗਿਆਨੀ ਰਾਜੀ

ਹੋਕੇ ਭੋਗਦੇ ਹਨ ਅਤੇ ਅਗਿਆਨੀ ਦੁਖੀ ਹੋ ਕੇ ਭੋਗਦੇ ਹਨ ਤਾਂ ਮਰਦਾਨੇ ਕਹਿਆ ਇਸ ਸਲੋਕ ਦਾ ਅਰਥ ਭੀ ਕਹੋ ਤਾਂ ਬਾਬਾ ਬੋਲਿਆ ਕਿ ਇੰਦ੍ਰ ਜੋ ਸਉ ਜੱਗ ਕਰਦਾ ਹੈ ਤਾਂ ਇੰਦ੍ਰ ਹੋਂਦਾ ਹੈ ਪਰ ਇੰਦ੍ਰ ਆਪਣੀਆਂ ਅਪਛਰਾਂ ਛਡਕੇ ਤੇ ਗੋਤਮ ਤਪੇ ਦੀ ਇਸਤ੍ਰੀ ਪਾਸ ਆਇਆ ਤਾਂ ਗੋਤਮ ਕਹਿਆ ਕਿ ਇਕ ਭਗ ਵਾਸਤੇ ਤੂੰ ਆਇਆ ਹੈ ਤਾਂਤੇ ਸਹੰਸ੍ਰ ਭਗ ਨੂੰ ਪ੍ਰਾਪਤ ਹੋਵੇਂਗਾ ਤਾਂ ਫਿਰ ਇੰਦ੍ਰ ਨੂੰ ਸਹੰਸ੍ਰ ਭਗਾਂ ਹੋਈਆਂ ਤਾਂ ਫਿਰ ਜਲ ਵਿਚ ਜਾ ਛਪਿਆ ਅਰ ਰੁੰਨਾ ॥ ਅਤੇ ਪਰਸ ਰਾਮ ਇਕੀ ਵਾਰੀ ਨਿਹ ਖਤ੍ਰਾਇਣ ਕੀਤਾ ਸੋ ਜਾਂ ਰਾਮ ਜੀ ਉਸਦਾ ਬਲ ਖੋਹ ਲਇਆ ਤਾਂ ਸਮੁੰਦ੍ਰ ਝੋਲ ਬੇਲੇ ਜਾਹ ਵਿਚ ਘਰ ਕੀਤੋ ਸੁ ਤਾਂ ਰੁੰਨਾਂ ਤੇ ਅਜ ਤਕ ਚਿਰੰਜੀਵ ਹੈ ਤੇ ਬ੍ਰਹਮਾਂ ਨੂੰ ਭਿਖਿਆ ਮੰਗਦਾ ਦੇਖਦਾ ਹੈ ਤੇ ਰੋਂਦਾ ਹੈ ਅਥਵਾ ਅਜੈ ਰਾਜਾ ਜੋ ਰਾਜ ਨੂੰ ਛਡਕੇ ਤੇ ਅਤੀਤ ਹੋਇਆ ਹੈ ਤਾਂ ਰੁੰਨਾ ਸੋ ਐਸੀ ਪਾਪਾਂ ਦੀ ਦਰਗਾਹ ਵਿਚ ਸਜਾਇ ਮਿਲਦੀ ਹੈ ਅਤੇ ਜਿਸ ਵੇਲੇ ਰਾਮ ਨੂੰ ਪਿਤਾ ਨਿਕਾਲਾ ਦਿਤਾ ਸੀ ਤੇ ਸੀਤਾ ਨੂੰ ਰਾਵਣ ਛਪਾ ਲੈ ਗਿਆ ਤੇ ਲਖਮਣ ਨੂੰ ਮੂਰਛਾ ਕੀਤਾ ਤਾਂ ਰਾਮ ਜੀ ਰੁੰਨਾ ॥ ਤੇ ਜਬ ਮਹਾਰਾਜ ਨੇ ਲੰਕਾ ਨੂੰ ਜੀਤ ਕੇ ਤੇ ਭਭੀਛਨ ਨੂੰ ਰਾਜ ਦਿਤਾ ਤੇ ਰਾਵਨ ਦਾ ਸਭ ਕੁਟੰਬ ਮਾਰਕੇ ਤੇ ਉਸਨੂੰ ਭੀ ਖੇਤ ਵਿਚ ਗਿਰਾਇਆ ਤਾਂ ਰਾਵਨ ਭੀ ਰੁੰਨਾ ॥ ਅਰ ਪਾਂਡਵ ਦੁਰਯੋਧਨ ਨਾਲ ਜੂਆ ਖੇਲੇ ਅਰ ਜੂਅਤੇ ਸਕਨਿ ਖੋਟੇ ਪਾਸੇ ਬਣਾਕੇ ਉਨਾਂ ਦਾ ਰਾਜ ਭਾਗ ਸਭ ਜਿਤਿਆ ਤਾਂ ਤੇਰਾਂ ਬਰਸ ਬਨਬਾਸ ਵਿਚ ਰਹੇ ਅਰ ਚੌਧਵੇਂ ਬਰਸ ਬੈਰਾਠ ਦੇ ਨਗਰ ਮਜੂਰ ਹੋ ਕੇ ਰਹੇ ਅਤੇ ਉਨਾਂ ਦੇ ਰੋਬਰੋ ਕਰੀਚਕ ਨੇ ਦਰੋਪਤੀ ਨੂੰ ਲਤ ਮਾਰੀ ਤਾਂ ਪਾਂਡਵ ਭੀ ਰੁੰਨੇ ਅਰ ਓਹ ਜਿਸ ਸਮੇਂ ਮਹਾਰਾਜ ਨੂੰ ਚਿਤ ਕਰਦੇ ਸਨ ਉਸੇ ਵੇਲੇ ਮਹਾਰਾਜ ਉਨਾਂ ਦੇ ਹਜੂਰ ਆਂਵਦਾ ਸੀ ॥ ਅਰ ਰਾਜੇ ਜਨਮੇਜੇ ਬਿਆਸ ਜੀ ਥੀ ਪੁਛਿਆ ਜੋ ਰਾਜ ਯੁਧਿਸਟਰ ਧਰਮ ਪੁਤ੍ਰ ਨੇ ਜੋ ਜੂਆ ਖੇਲਿਆ ਕਿਸੇ ਵਰਜਿਆ ਨਹੀਂ ਤਾਂ ਬਿਆਸ ਜੀ ਕਹਿਆ ਅਸੀਂ ਸਭੇ ਵਰਜ ਰਹੇ ਪਰ ਈਸਰ ਦੀ ਨੇਤ ਅਵਸ ਹੋਈ ਤਾਂ ਉਸ ਕਹਿਆ ਕਿ ਜੇ ਅਗੇ ਹੀ ਕੋਈ ਖਬਰ ਕਰੇ ਤਾਂ ਕਿਉਂ ਕਰ ਨੇਤ ਹੋਂਦੀ ਹੈ ਤਾਂ ਵਿਆਸ ਕਹਾ ਇਸੇ ਬਰਸ ਤੁਧ ਘੋੜੀ ਮੁਲ ਲੈਣੀ ਹੈ ਤੇ ਸਿਕਾਰ ਚੜਨਾ ਹੈ ਤੇ ਉਸਨੂੰ ਦਰਿਆਈ ਘੋੜਾ ਲਗੇਗਾ ਤੇ ਉਸ ਵਿਚੋਂ ਸਿਆਹ ਕਰਨ ਜਗ ਦਾ ਵਛੇਰਾ ਜੰਮੇਗਾ ਸੋ ਤੂੰ ਫਿਰ ਜਗ ਕਰੇਗਾ ਅਰ ਤੇਰੀ ਇਸਤ੍ਰੀ ਨਗਨ ਹੋਵੇਗੀ ਤਾਂ ਬ੍ਰਾਹਮਣ ਹਸਣਗੇ ਤੇ ਤੂੰ ਬ੍ਰਾਹਮਣਾਂ ਨੂੰ ਮਾਰੇਂਗਾ ਸੋ ਤੈਨੂੰ ਛਤੀ ਕੁਸਟ ਹੋਵਨਗੇ ਅਤੇ ਫੇਰ ਅਠਾਰਾਂ ਪਰਬ ਮਹਾਭਾਰਥ ਦੇ ਸੁਣੇਗਾ ਅਤੇ ਜਦ

ਭੀਮ ਦੀ ਕਥਾ ਹੋਵੈਗੀ ਜੋ ਹਾਥੀ ਉਸਨੇ ਗੰਧ੍ਰਬ ਨੂੰ ਚਲਾਏ ਹੈਨ ਅਤੇ ਹੁਣ ਤੀਕ ਓਹ ਅਕਾਸ ਥੀ ਨਹੀਂ ਆਏ ॥ ਸੋ ਜਦ ਤੂੰ ਨ ਮੰਨੇਗਾ ਤਾਂ ਇਕ ਕੁਸਟ ਤੇਰੇ ਨਕ ਵਿਚ ਰਹੇਗਾ ਤੇ ਤੂੰ ਉਸ ਰੋਗ ਨਾਲ ਹੀ ਮਰੇਂਗਾ ਤਾਂ ਸਭੇ ਗਲਾਂ ਇਉਂ ਹੀ ਹੋਈਆਂ ਤਾਂ ਫਿਰ ਜਨਮੇਜਾ ਭੀ ਰੁੰਨਾਂ ਸੋ ਇਕ ਵਚਨ ਨਾ ਮੰਨਣੇ ਕਰ ਪਾਪੀ ਹੋਇਆ ਜੋ ਪੰਡਤ ਕਹਾ ਭੀਮ ਦੇ ਹਾਥੀ ਅਕਾਸ ਵਿਚ ਚਲਾਏ ਹੋਏ ਅਕਾਸ ਵਿਚ ਫਿਰਦੇ ਹਨ ਤੇ ਰਾਜੇ ਨੇ ਨਕ ਮਰੋੜਿਆ ਤਾਂ ਕੁਸਟੀ ਹੋਇਆ ਤਾਹੀ ਤੇ ਰੁੰਨਾਂ ॥ ਅਰ ਹੋਰ ਜੇਤੇ ਸੇਖ ਮਸਾਇਕ ਪੀਰ ਹਨ ਸੋ ਸਭੇ ਰੋਂਦੇ ਹਨ ਜੋ ਮਤ ਅੰਤ ਕਾਲ ਅਸਾਨੂੰ ਜਮ ਦੀ ਭੀੜ ਨ ਪਵੈ ॥ ਅਰ ਗੋਪੀ ਚੰਦ ਆਦਿਕ ਰਾਜੇ ਕੰਨ ਪੜਾਇ ਕਰ ਰੁੰਨੇ ਹਨ ਜੋ ਘਰ ਘਰ ਵਿਚ ਭਿਖਿਆ ਮੰਗਦੇ ਹਨ ॥ ਅਤੇ ਜੋ ਕਿਰਪਨਾਂ ਦਾ ਧਨ ਸੰਚਿਆ ਹੋਇਆ ਜਾਂਦਾ ਹੈ ਤਾਂ ਰੋਂਦੇ ਹਨ ਅਰ ਪੰਡਤ ਜੋ ਗਿਆਨ ਸੁਣਾਵਦੇ ਹਨ ਤੇ ਕਮਾਵਦੇ ਨਹੀਂ ਤਾਂ ਮਰਦੇ ਹੋਏ ਪਛੋਤਾਵਦੇ ਤੇ ਰੋਂਦੇ ਹਨ ॥ ਅਰ ਬਾਲੀ ਦੂਲਹੁ ਦੇਵੀ ਸੀ ਜੋ ਮਹਾਰਾਜ ਨੂੰ ਕਹਿੰਦੀ ਸੀ ਕਿ ਮੇਰਾ ਹੋਰ ਭਰਤਾਰ ਕੋਈ ਨਹੀਂ ਤੂੰ ਮੈਨੂੰ ਵਰ ਤਾਂ ਮਹਾਰਾਜ ਕਹਿਆ ਕਿ ਸ੍ਵਾਸਬੀਜ ਦਾਨੋ ਨੋ ਤੂੰ ਮਾਰੇਗੀ ਤਾਂ ਮੈਂ ਤੈਨੂੰ ਵਰਾਂਗਾ ਸੋ ਜਾਂ ਸ੍ਵਾਸਬੀਜ ਦਾਨੋ ਨਾਲ ਯੁਧ ਕੀਤਾ ਤਾਂ ਉਸਦੇ ਸ੍ਵਾਸਾਂ ਵਿਚੋਂ ਤੇ ਮੁੜਕੇ ਵਿਚੋਂ ਤੇ ਚਿਤਵਨੀ ਵਿਚੋਂ ਕਈ ਦਾਨੋ ਉਤਪਤਿ ਹੋਏ ਤਾਂ ਓਹ ਭੀ ਰੁੰਨੀ ਅਰ ਅਕਾਲ ਪੁਰਖ ਨੂੰ ਚਿਤ ਕੀਤਾ ਤਾਂ ਅਕਾਲ ਪੁਰਖ ਅਸਧੁਜ ਰੂਪ ਧਾਰਕੈ ਸੁਆਸਬੀਜ ਨੂੰ ਮਾਰਿਆ ॥ ਗੁਰੂ ਨਾਨਕ ਜੀ ਕਹਿੰਦੇ ਹਨ ਕਿ ਸਾਰਾ ਸੰਸਾਰ ਅਗਿਆਨ ਕਰ ਦੁਖੀ ਹੈ ਪਰ ਜੋ ਪਰਮੇਸਰ ਦਾ ਨਾਮ ਮੰਨਦਾ ਹੈ ਸੋਈ ਜਿਣਜਾਣਾ ਹੈ ਅਤੇ ਹੋਰ ਕਰਮ ਲੇਖੇ ਨਹੀਂ ਪਉਣੇ ਤਾਂਤੇ ਸੁਖੀ ਸੋਈ ਹੈਨ ਜਿਨਾਂ ਨਾਮ ਜਪਿਆ ਹੈ ਤਾਂ ਸਰਾਫ ਚਰਨਾਂ ਤੇ ਗਿੜ ਪਇਆ ਫਿਰ ਬਚਨ ਹੋਇਆ ਕਿ ਜੋ ਕਾਮ ਗਿੜਦਾ ਹੈ ਤੋ ਆਪ ਸਮਾਨ ਪੁਤ੍ਰ ਹੋਂਦਾ ਹੈ ਅਰ ਜੋ ਕਾਮ ਨੂੰ ਦਸਵੇ ਦੁਆਰ ਠਹਿਰਾਵੀਏ ਤੇ ਸਾਸ ਸਾਸ ਨਾਮ ਜਪੀਏ ਤਾਂ ਜਨਮ ਮਰਨ ਕਟੀਦਾ ਹੈ ਤਾਂ ਫਿਰ ਉਸਨੇ ਸਿਖਣੀ ਨੂੰ ਮਥਾ ਆਣ ਟਿਕਾਇਆ ਤਾਂ ਬਚਨ ਹੋਇਆ ਕਿ ਜੋ ਬਿਰਾਨੇ ਪੁਰਖਾਂ ਦਾ ਸੰਗ ਕਰਦੀਆਂ ਹਨ ਸੋ ਨਰਕਾਂ ਵਿਚ ਦੁਖ ਪਾਂਵਦੀਆਂ ਹਨ ਤਾਂਤੇ ਤੁਸਾਂ ਸੀਲ ਰਖਣਾ ਤਾਂ ਫਿਰ ਬਾਬਾ ਜੀ ਨੇ ਤਿਨਾ ਨੂੰ ਨਾਮ ਦਾ ਉਪਦੇਸ ਦਿਤਾ ਅਰ ਨਿਤਾਪ੍ਰਤ ਸਤਸੰਗ ਕਰਨਾ ਕਹਿਆ ਅਰ ਮਨਿਛਤ ਪਦਾਰਥ ਤਿਨਾ ਨੂੰ ਬਖਸੇ ॥

ਸਾਖੀ ਦੀਪਾਲੂ ਸ਼ਹਿਰ ਘੋਏ ਜਟ ਦੀ

ਤਾਂ ਫਿਰ ਸਿਖਾਂ ਪ੍ਰਸ਼ਨ ਕੀਤਾ ਕਿ ਮਹਾਰਾਜ ਘੋਏ ਜਟ ਦੀ ਸਾਖੀ ਕਿਸ ਤਰਾਂ ਹੈ ਸੋ ਭੀ ਕਿਰਪਾ ਕਰ ਸੁਨਾਵੋ ਤਾਂ ਸਿਖਾਂ ਦੀ ਬੇਨਤੀ ਸੁਨ ਕਰ ਭਾਈ ਮਨੀ ਸਿੰਘ ਜੀ ਕਹਿਤੇ ਭਏ ਕਿ ਭਾਈ ਬਾਲਾ ਸੁਨਾਇਆ ਹੈ ਕਿ ਹੇ ਮਹਾਰਾਜ ਫੇਰ ਮੈਨੂੰ ਗੁਰੂ ਨਾਨਕ ਜੀ ਕਹਿਆ ਭਾਈ ਕਿਧਰ ਚਲਨਾ ਹੈ ਤਾਂ ਮੈਂ ਕਹਿਆ ਗੁਰੂ ਜੀ ਜਿਧਰ ਤੁਸਾਡੀ ਮਰਜੀ ਤਾਂ ਗੁਰੂ ਜੀ ਕਹਿਆ ਚਲ ਭਾਈ ਕਰਤਾਰ ਦੀ ਖੁਸੀ ਤੇਰੇ ਪਰ ਹੈ ਸੋ ਏਹ ਕਹਿ ਕਰ ਗੁਰੂ ਜੀ ਮਨਸਾ ਦੀ ਚਾਲ ਚਲੇ ਤਾਂ ਇਕ ਪਲਕ ਮਹਿ ਦੀਪਾਲੂ ਸਹਿਰ ਆਏ ਪਰ ਜਿਥੋਂ ਤੇ ਤੁਰੇ ਸੈ ਉਥੋਂ ਤੋਂ ਪੰਦਰਹ ਹਜਾਰ ਕੋਹਾਂ ਆਹਾ ਅਤੇ ਬਡੇ ਬਡੇ ਉਸ ਨਗਰ ਦੇ ਕਨਾਰੇ ਬਾਗ ਬਗੀਚੇ ਬਾਵਲੀ ਤਾਲ ਸਰੋਵਰ ਕਵਲੋਂ ਕੇ ਪੂਰਣ ਹੂਏ ਹੈਂ ਅਰ ਬਡੇ ਭਵਰ ਸਬਦ ਕਰਦੇ ਹਨ ਤਾਂ ਗੁਰੂ ਨਾਨਕ ਜੀ ਸਵਾ ਕੋਸ ਸਹਿਰ ਦੇ ਬਾਹਰ ਬਾਗ ਮੈਂ ਡੇਰਾ ਕਰਕੇ ਆਸਣ ਕੀਆ ਊਹਾਂ ਕੋਈ ਮਨੁਖ ਭੀ ਕਬੀ ਸੰਜੋਗ ਸੇ ਆਵੈ ਅਤੇ ਇਕ ਸਾਧ ਰੋਗ ਪਹਰ ਰਾਤ ਰਹਿੰਦੀ ਨਾਵਣ ਜਾਵੈ ਸੋ ਗੁਰੂ ਜੀ ਕੇ ਪਾਸ ਨੇੜੇ ਹੀ ਤਲਾਉ ਆਹਾ ਜਿਤ ਵੇਲੇ ਗੁਰੂ ਨਾਨਕ ਜੀ ਇਸਨਾਨ ਕਰਨ ਜਾਵਨ ਤਿਤ ਵੇਲੇ ਉਹ ਭੀ ਆਵੇ ਪਰ ਗੁਰੂ ਜੀ ਡੇੜ ਪਹਿਰ ਰਾਤ ਰਹਿੰਦੀ ਨਾਲ ਨਾਇ ਆਵਨ ਫੇਰ ਆਣ ਕਰ ਭਜਨ ਕਰਨ ਸੋ ਗੁਰੂ ਜੀ ਨੂੰ ਉਹ ਜਾਗਾਂ ਬਹੁਤ ਪਸੰਦ ਆਈ ਅਤੇ ਓਹ ਜੋ ਸਾਧ ਨਾਉਣ ਤਲਾਉ ਆਉਂਦਾ ਆਹਾ ਸੋ ਇਕ ਦਿਨ ਨਾਇਕੇ ਜਿਉ ਧਿਆਨ ਵਿਚ ਖੜਾ ਸਾ ਤਿਉ ਧਿਆਨ ਵਿਚ ਖੜਾ ਹੀ ਰਹਿਆ ਅਰ ਦਿਨ ਚੜ ਆਇਆ ਜਦ ਫਿਰ ਧਿਆਨ ਤੋਂ ਉਤਰ ਕੇ ਚਲਿਆ ਤਾਂ ਪਾਸ ਦੀ ਗੁਰੂ ਨਾਨਕ ਜੀ ਦੇ ਰਾਹੁ ਆਹਾ ਸੋ ਉਹ ਪਾਸ ਦੀ ਮਥਾ ਟੇਕਕੇ ਚਲਿਆ ਤਾਂ ਗੁਰੂ ਨਾਨਕ ਜੀ ਸਦ ਕੇ ਪੁਛਿਆ ਭਾਈ ਸਿਖਾ ਤੂੰ ਕਉਣ ਸਾਧ ਹੁੰਦਾ ਹੈਂ ਅਰ ਭਾਈ ਤੂੰ ਨਿਸੰਗ ਕਹੁ ਅਸਾਂ ਤੇ ਕਿਉਂ ਸੰਗਨਾ ਹੈਂ ਤਾਂ ਉਸ ਸਾਧ ਨੇ ਕਹਿਆ ਜੀ ਮੈਂ ਤਾਂ ਜਟ ਹੁੰਦਾ ਹਾਂ ਤਾਂ ਗੁਰੂ ਨਾਨਕ ਜੀ ਕਹਿਆ ਭਾਈ ਤੂੰ ਘੋਏ ਭੀ ਜਾਣਦਾ ਹੈ ਤਾਂ ਰਤੀ ਕੁ ਚੁਪ ਕਰਕੇ ਫੇਰ ਆਖਿਆ ਜੀ ਤੈਂ ਉਸ ਨਾਲ ਕੀ ਕੰਮ ਹੈ ਤਾਂ ਗੁਰੂ ਨਾਨਕ ਜੀ ਕਹਿਆ ਭਾਈ ਦਸੇਂਗਾ ਤਾਂ ਕੰਮ ਭੀ ਕਰ ਲੇਵਾਂਗੇ ਤਾਂ ਉਸਨੇ ਕਹਿਆ ਜੀ ਘੋਹਾ ਜਟ ਗੁਲਾਮ ਤਾਂ ਤੁਸਾਡਾ ਹਉਹੀ ਹੋਂ ਤਾਂ ਗੁਰੂ ਨਾਨਕ ਜੀ ਉਸਨੂੰ ਗਲ ਨਾਲ ਲਾਇਆ ਅਤੇ ਕਹਿਆ ਭਾਈ ਰਾਜੀ ਹੈਂ ਅਤੇ ਫਿਰ ਘੋਆ ਭੀ ਚਰਨਾਂ ਤੇ ਡਿਗ ਪਇਆ ਅਤੇ ਮੁਹਤੇ ਭੀ ਘੋਹੇ ਕਹਿਆ ਜੀ ਮਿਹਰਵਾਨ ਮੈਂ ਤੁਸਾਨੂੰ ਸਿਵਾਣ ਨਹੀਂ ਕਰ ਸਕਦਾ ਤੁਸੀਂ

ਆਪਣਾ ਠਿਕਾਣਾ ਕਿਰਪਾ ਕਰ ਕੇ ਦਸੀਏ ਤਾਂ ਗੁਰੂ ਨਾਨਕ ਜੀ ਕਹਿਆ ਭਾਈ ਓਹ ਸਮਾ ਯਾਦ ਕਰ ਜਿਸ ਸਮੈ ਰਾਤ ਕੋ ਕੀਰਤਨ ਕਰਤੇ ਥੇ ਅਤੇ ਇਕ ਦਿਨ ਤੂੰ ਅਸਾਨੂੰ ਕਹਿਆ ਸੀ ਕਿ ਭਾਈ ਜੀ ਕਿਆ ਕਰੀਏ ਲੋਕ ਅਸਾਡਾ ਖਹਿੜਾ ਨਹੀਂ ਛਡਦੇ ਜੋ ਰੋਜ ਕਹਿੰਦੇ ਹਨ ਹਮਕੋ ਸਬਦ ਸੁਨਾਵੋ ਅਤੇ ਕਰਾਮਾਤ ਪਏ ਮੰਗਦੇ ਹੈਂ ਅਰ ਰੋਜ ਰੋਜ ਕੇ ਦੁਖਾਵਣੇ ਕਰ ਹਮਕੋ ਬਡਾ ਕ੍ਰੋਧ ਹੋ ਆਵਤਾ ਹੈ ਅਤੇ ਫੇਰ ਹਮ ਰਿਦੇ ਵਿਖੇ ਵੀਚਾਰ ਕਰਤੇ ਹੈਂ ਜੋ ਹਮ ਕ੍ਰੋਧ ਕਿਸ ਪਰ ਕਰੈਂ ਕਜੋਂ ਜੋ ਸਭੀ ਸਾਹਬ ਕੇ ਬੰਦੇ ਹਨ ਤਬ ਹਮ ਨੇ ਕਹਿਆ ਭਾਈ ਜੀ ਹੈ ਤੋ ਦਰੁਸਤ ਜੋ ਕਰਾਮਾਤ ਕਹਰ ਕਾ ਨਾਮ ਹੈ ਅਤੇ ਜੋ ਕਹਿਰ ਕਰੈ ਸੋ ਕਰਾਮਾਤ ਦੇਵੈ ॥ ਅਰ ਫਿਰ ਅਸਾਂ ਕਹਿਆ ਭਾਈ ਜੀ ਭਗਤ ਜੀ ਭਗਤ ਤਾਂ ਤੁਸਾਡੀ ਪੂਰੀ ਹੋਈ ਹੈ ॥ ਪਰ ਤੁਸੀਂ ਪੰਦਰਾਂ ਵਰੇ ਹੋਰ ਭਲੀ ਬੁਰੀ ਗੁਜਰਾਨ ਕਰੋ ਅਤੇ ਫੇਰ ਤੁਮ ਹਿੰਦੂ ਜਾਟ ਕੇ ਘਰ ਜਨਮੋਗੇ ਤਬ ਤੁਮਾਰਾ ਉਧਾਰ ਹੋਵੇਗਾ ਅਤੇ ਇਹ ਭੀ ਤੁਮਕੋ ਕਹਿਆ ਥਾ ਜੋ ਤੁਮਕੋ ਹਮ ਮਿਲੈਂਗੇ ਅਤੇ ਤੇਰਾ ਉਧਾਰ ਭੀ ਹੋਵੇਗਾ ਅਤੇ ਭਾਈ ਸਾਡਾ ਤਪ ਪੂਰਾ ਹੋਇਆ ਅਤੇ ਅਸੀਂ ਹੁਣ ਖਤ੍ਰੀ ਦੇ ਘਰ ਜਨਮ ਧਾਰਾਂਗੇ ਅਤੇ ਭਾਈ ਜੀ ਤਬ ਤੇਰਾ ਨਾਉਂ ਮੋਲਕ ਹੋਤਾ ਥਾ ਅਰ ਤੇਰੇ ਵਿਚ ਜੀਰਾਂਦ ਬਡੀ ਆਹੀ ਪਰ ਤੂੰ ਸਾਥੋਂ ਪਿਛ ਹਟਿਆ ਸੋ ਤੈਂ ਇਕ ਪਾਪ ਕੀਤਾ ਆਹਾ ਜੋ ਤੇਰੀ ਇਸਤ੍ਰੀ ਕਾਮਵਤੀ ਅਰ ਤੈ ਸੰਗ ਕਰਕੈ ਕਾਮ ਦਾਨ ਨਹੀਂ ਕੀਆ ਸੋ ਉਸਦੇ ਮਨ ਕਾਮ ਕੀ ਤ੍ਰਿਸਨਾ ਰਹੀ ਅਰ ਓਹ ਪੂਰੀ ਨਾ ਹੋਈ ਇਹ ਤੈਨੂੰ ਪਾਪ ਹੋਇਆ ਸੋ ਇਸਤੇ ਤੈਨੂੰ ਸਾਥੋਂ ਪਿਛੇ ਪੰਦਰਹ ਵਰੇ ਤੇਲੀ ਦੇ ਘਰ ਰਖਿਆ ਹੈ ਨਹੀਂ ਤਾਂ ਤੈਨੇ ਸਾਡੇ ਨਾਲ ਹੀ ਉਧਰਨਾ ਸੀ ਸੋ ਪੰਦਰਹ ਵਰੇ ਪਿਛੋਂ ਤੂੰ ਮੋਇਆ ਸੋ ਭਾਈ ਤੂੰ ਇਕ ਨਿਰੰਕਾਰ ਦਾ ਹੀ ਜਾਪ ਕਰਿਆ ਕਰ ਅਰ ਸਵਾ ਪਹਰ ਰਾਤ ਰਹਿੰਦੀ ਇਸਨਾਨ ਕਰਿਆ ਕਰ ਅਤੇ ਤੂੰ ਅਗੇ ਹੀ ਕਰਦਾ ਹੈ ਪਰ ਤੈਨੂੰ ਭਾਈ ਘੋਹਾ ਬੁਝਾਈ ਹੈ ਹੋਰ ਨੂੰ ਨਾਂਹੀਂ ਬੁਝਾਈ ਅਤੇ ਭਾਈ ਘੋਹਾ ਸੈਦੋ ਹੁਣ ਕਿਧਰ ਹੈ ਅਤੇ ਅਸਾਂ ਹੁਣ ਉਸਨੂੰ ਭੀ ਮਿਲਣਾ ਹੈ ਅਤੇ ਭਾਈ ਘੋਹਾ ਭਾਈ ਸੈਦੋ ਦੀ ਵਾਰਤਾ ਦਸ ਤਾਂ ਭਾਈ ਘੋਹੇ ਆਖਿਆ ਜੀ ਗਰੀਬ ਨਿਵਾਜ ਓਹ ਤਾਂ ਮਰ ਗਿਆ ਹੈ ਅਰ ਉਸਨੂੰ ਸਤ ਵਰੇ ਹੋਏ ਹਨ ਮੋਏ ਨੂੰ ਅਗੇ ਓਹ ਰਾਜਪੂਤ ਦੇ ਘਰ ਆਹਾ ਹੁਣ ਤਾਂ ਮੈਨੂੰ ਕੁਛ ਖਬਰ ਨਹੀਂ ਜੋ ਕਿਸ ਜਾਮੇ ਵਿਚ ਹੈ ਕਿਆ ਜਾਪੇ ਜੋ ਮੁਕਤ ਹੋਇ ਗਇਆ ਹੈ ਸੋ ਤੁਸਾਡੀਆਂ ਬਾਤਾਂ ਤੁਸੀਂ ਹੀ ਜਾਣੋ ਤਾਂ ਗੁਰੂ ਨਾਨਕ ਜੀ ਕਹਿਆ ਭਾਈ ਹੁਣ ਓਹ ਦਲੇਲਪੁਰ ਹੈ ਅਰ ਇਥੋਂ ਤੇ ਕੋਹ ਨਉਂਕ ਜਾਂਗਾ ਹੈ ਓਥੇ ਰਵਿਦਾਸੀਏ ਚਮਾਰਾਂ ਦੇ ਘਰ ਹੈਗਾ ਹੈ ਅਰ ਦੋ ਵਾਰੀ ਚੰਡਾਲਾਂ ਦੇ ਘਰਾਂ ਵਿਚ ਜਨਮਿਆ ਸੀ

ਜੋ ਅਠੋ ਪਹਰ ਏਸੇ ਕੰਮ ਵਿਚ ਰਹਿਆ ਹੈ ਨਾਰਾਇਣ ਤੋਂ ਭੁਲਿਆ ਤੇ ਏਹੋ ਜਨਮ ਪਾਇਦਾ ਰਹਿਆ ਜਦ ਸਾਥੋਂ ਵਿਛੜਿਆ ਹੈ ਤਬ ਗੁਰੀਏ ਜਟ ਕੇ ਹੋਤਾ ਥਾ ॥ ਅਰ ਇਸਕੀ ਮਾਤਾ ਕਾ ਨਾਮ ਸੁਹਾਵੀ ਥਾ ਪਰ ਇਸਨੇ ਤਦੋਂ ਇਕ ਮਨੁਖ ਕੌ ਕਹਿਆ ਥਾ ਜੋ ਮੈਂ ਤੇਰਾ ਕਾਰਜ ਕਰ ਦੇਵਾਂਗਾ ਸੋ ਜਬ ਉਸ ਕੇ ਕਾਰਜ ਕਾ ਸਮਾ ਆਇਆ ਤਬ ਸੈਦੋ ਹਈ ਤਈ ਕਰਨ ਲਗਾ ਵਾਰਤਾ ਹੋਰ ਕਿਆ ਜੋ ਉਸਕਾ ਕਾਰਜ ਨਾ ਕਰਦੀਆਂ ਅਤੇ ਸਾਸਤ੍ਰ ਕਾਰੋਂ ਨੇ ਭੀ ਕਹਿਆ ਹੈ ਜੋ ਏਹ ਵਡਾ ਪਾਪ ਹੋਤਾ ਹੈ ਜੋ ਕਹਿ ਕਰ ਕੰਮ ਤੋਂ ਮੁਕਰਤਾ ਹੈ ਸੋ ਪਹਲੋਂ ਤੋਂ ਇਕ ਜਨਮ ਚੰਡਾਲੋਂ ਕੇ ਘਰ ਹੋਤਾ ਹੈ ਅਤੇ ਹੋਰ ਭੀ ਹੋਤਾ ਹੈ ਅਰ ਨਪੁੰਸਕ ਭੀ ਹੋਤਾ ਹੈ ਜੋ ਇਕ ਪਾਪ ਕਰਤਾ ਹੈ ਪਰ ਐਉ ਹੈ ਜੋ ਏਕ ਬਾਤ ਕਾ ਪਾਪ ਹੋਤਾ ਹੈ ਸੋ ਇਉਂ ਹੋਤਾ ਹੈ ਅਰ ਏਸਨੇ ਤੋ ਸਾਤ ਪਾਪ ਕੀਏ ਹੈਂ ਜੋ ਏਕ ਤੋ ਇਉ ਹੂਆ ਕਿ ਇਸਨੈ ਰਾਜਾ ਜਨਕ ਕੋ ਜੂਠਾ ਚੋਰੀ ਖੁਲਾਇਆ ਅਰ ਰਾਜੇ ਜਨਕ ਕਾ ਇਹ ਖਾਸ ਖਿਜਮਤਗਾਰ ਥਾ ਪਰ ਚੋਰੀ ਇਹ ਚੀਜ ਜੋ ਲਿਆਵੈ ਸੋ ਜੂਠ ਕਰਕੈ ਲੈ ਆਵੈ ਅਰ ਪਰਮੇਸਰ ਤੋ ਘਟਾ ਕਾ ਮਾਲਕ ਹੈ ਰਾਜਾ ਨੇ ਮਨ ਮੈਂ ਬੂਝੀ ਅਰ ਕਹਿਆ ਰੇ ਸੋਦਰੀਆ ਤੂੰ ਯਹ ਕਿਆ ਬਾਤ ਕਰਤਾ ਹੈਂ ਸੋ ਭਾਈ ਏਹ ਕਾਮ ਤੂੰ ਹਮਾਰੇ ਨਾ ਕਰਿਆ ਕਰ ਤਿਸ ਦਿਨ ਤੇ ਏਹੁ ਕਾਮ ਭੀ ਛੋਡਿਆ ਅਰ ਔਰ ਤੀਸਰਾ ਪਾਪ ਕੀਆਜੋ ਰਾਜਾ ਕੇ ਅੰਤਰ ਜਨਾਨਿਓ ਮੈ ਇਕ ਚੰਬੇਲੀ ਗੋਲੀ ਸੀ ਸੋ ਉਸਕੇ ਸਾਥ ਸਪਰਸ ਕੀਆ ਅਰ ਰਾਜੇ ਨੇ ਭੀ ਸੁਣਿਆ ਸਹੀ ਪਰ ਰਾਜਾ ਨੇ ਮੁਖ ਸੋ ਕੁਛ ਨ ਕਹਾ ਕਾਹੇ ਤੇ ਜੋ ਰਾਜਾ ਸਰਬ ਆਤਮਾ ਇਕ ਹੀ ਦੇਖਤਾ ਥਾ ਇਸੇ ਤੇ ਰਾਜਾ ਗੁਸੇ ਨਾ ਹੋਇਆ ਅਰ ਚੌਥਾ ਪਾਪ ਏਕ ਔਰ ਕੀਆ ਜੋ ਚੌਦਸ ਕੇ ਦਿਨ ਬ੍ਰਾਹਮਣ ਕੇ ਸਾਥ ਲੜਿਆ ਅਰ ਉਸਕੋ ਬਡੀਆਂ ਲਤਾਂ ਮੁਸਟਾਂ ਮਾਰੀਆਂ ਇਸਤੇ ਓਹ ਬ੍ਰਾਹਮਣ ਬੜਾ ਦੁਖੀ ਹੋਇਆ ਅਰ ਮੁਖ ਤੇ ਬ੍ਰਾਹਮਣ ਨੇ ਕਹਿਆ ਜੋ ਤੂੰ ਚੰਡਾਲ ਹੋਵੈਗਾ ਅਰ ਪੰਜਵਾਂ ਇਕ ਪਾਪ ਔਰ ਹੂਆ ਜੋ ਏਹ ਰਾਜਾ ਕੇ ਭੰਡਾਰੇ ਸੋ ਤੇਲ ਮੁਕਤਾ ਰੋਜ ਹੀ ਚੁਰਾਇਆ ਕਰੇ ॥ ਅਰ ਰਾਜਾ ਨੇ ਸੁਣਿਆ ਅਰ ਸੁਣ ਕਰ ਮੁਖ ਸੇ ਕਹਿਆ ਰੇ ਚੰਡਾਲ ਏਹ ਕਾਮ ਤੈਨੇ ਕਿਆ ਕੀਆ ਤਬ ਏਹ ਚੁਪ ਕਰ ਰਹਿਆ ਅਰ ਛੇਵਾਂ ਏਹ ਪਾਪ ਕੀਆ ਜੋ ਇਸਨੈ ਇਕ ਖਰ ਕੋ ਮਾਰਿਆ ਸੋ ਖਰ ਕਾ ਸ੍ਰਾਪ ਭੀ ਹੂਆ ਅਰ ਸਤਵਾਂ ਏਕ ਅਤੀਤ ਉਸਕੋ ਇਸਨੇ ਪਹਿਲੇ ਗੁਰੂ ਕੀਆ ਪਾਛੈ ਉਸਕੋ ਮਾਇਆ ਕੇ ਲੋਭ ਕਰਕੈ ਮਾਰਣ ਲਗਾ ਤੋ ਉਨਾਂ ਕਹਿਆ ਰੇ ਮਲੇਛ ਮੁਝੇ ਕਿਉਂ ਮਾਰਤਾ ਹੈ ਬਾਰ ਬਾਰ ਚੰਡਾਲ ਹੋਵੈਗਾ ਸੋ ਇਨਾਂ ਪਾਪਾਂ ਸੇ ਸੈਦੋ ਕੋ ਏਹ ਫਲ ਪ੍ਰਾਪਤ ਹੋਇਆ ॥ ਅਰ ਸੈਦੋ ਤਪ ਬਡਾ ਕੀਆ ਥਾ ਪਰ ਜਿਉਂ ਨਿਰੰਕਾਰ ਭਾਨੀ ਤਿਉ ਹੋਈ ਤਾਂ ਫਿਰ

ਘੋਹੇ ਅਰਦਾਸ ਕੀਤੀ ਜੀ ਸਚੇ ਪਾਤਿਸਾਹੁ ਹੁਣ ਜਿਸ ਜਾਮੇਂ ਵਿਚ ਹੋਵੈ ਸੋ ਮੈਨੂੰ ਦਿਖਾਲੀਏ ॥ ਅਤੇ ਮਿਹਰਵਾਨ ਹੁਣ ਕਦ ਉਧਰਸੀ ਤਾਂ ਗੁਰੂ ਨਾਨਕ ਜੀ ਕਹਿਆ ਭਾਈ ਘੋਹਾ ਸੈਦੋ ਸਾਡੇ ਸਰੀਰ ਤੁਰੇਤੇ ਦੋ ਸੈ ਪੰਝੀ ਵਰੇ ਪਿਛੇ ਸਾਡੇ ਘਰ ਹੋਸੀ ਅਤੇ ਸਾਡੇ ਅਵਤਾਰ ਕੋਲੋਂ ਉਧਰਸੀ ਅਰ ਭਾਈ ਘੋਹਾ ਉਹ ਭੀ ਸਾਡਾ ਜਾਮਾ ਹੋਸੀ ਅਰ ਕਿਤੇ ਸਾਡੀ ਅੰਸ ਭੀ ਹੋਸੀ ਅਤੇ ਉਹ ਸਾਡਾ ਨਉਵਾਂ ਮਹਲ ਹੋਸੀ ਅਰ ਭਾਈ ਘੋਹਾ ਉਹ ਰੂਪ ਸਾਡਾ ਹੀ ਹੋਸੀ ਪਰ ਹੋਵੈਗਾ ਅਲੋਪ ਅਤੇ ਜਗਤ ਤੇ ਨਿੰਦਿਆ ਕਰਾਵਸੀ ਅਤੇ ਸਰੀਰ ਭੀ ਆਪਣਾ ਹੋਮਸੀ ਪਰ ਸੁਆਰਥ ਦੇ ਵਾਸਤੇ ਤਾਂ ਫਿਰ ਘੋਹੇ ਅਰਦਾਸ ਕੀਤੀ ਮਿਹਰਵਾਨ ਜੀ ਕੁਝ ਤੁਸਾਡੇ ਵਾਸਤੇ ਪ੍ਰਸਾਦ ਲਿਆਂਵਦਾ ਹਾਂ ਤਾਂ ਸ੍ਰੀ ਗੁਰੂ ਨਾਨਕ ਜੀ ਕਹਿਆ ਭਾਈ ਘੋਹਾ ਜੋ ਕੁਛ ਤੈਂ ਕਰਨਾ ਹੈ ਅਸਾਂ ਵਾਸਤੇ ਸੋ ਹਛਾ ਹੀ ਕਰਨਾ ਹੈ ਪਰ ਝਬ ਹੀ ਆਵੇ ਅਤੇ ਆਪਣੇ ਪੁਤਰ ਨੂੰ ਭੀ ਨਾਲ ਲਿਆਵੀਂ ਤਾਂ ਭਾਈ ਘੋਹਾ ਗੁਰੂ ਜੀ ਪਾਸੋਂ ਉਠ ਕਰ ਆਪਣੇ ਘਰ ਆਇਆ ਅਰ ਆਣ ਕਰ ਆਪਣੀ ਸਿਖਣੀ ਨੂੰ ਕਹਿਆ ਜੋ ਹੇ ਸਿਖਣੀਏ ਤੂੰ ਪ੍ਰਸਾਦ ਤਿਆਰ ਕਰ ਸਾਡੇ ਗੁਰਦੇਵ ਆਏ ਹਨ ਪਰ ਤੂੰ ਝਬ ਕਰ ॥ ਤਾਂ ਸਿਖਣੀ ਅਛੀ ਤਰਾਂ ਸੁਚਮ ਕਰਕੈ ਪ੍ਰਸਾਦ ਤਿਆਰ ਕੀਤਾ ਅਰ ਤਿਆਰ ਕਰਕੈ ਅਰਦਾਸ ਕੀਤੀ ਜੀ ਪ੍ਰਸਾਦ ਤਿਆਰ ਹੈ ਤਾਂ ਭਾਈ ਘੋਹੇ ਨੇ ਬਾਗ ਤੇ ਮੇਵਾ ਲਿਆਂਦਾ ਸੋ ਮੇਵਾ ਲਿਆਨ ਕੇ ਅਰ ਦਰਸੇ ਬੇਟੇ ਨੂੰ ਆਪਣੇ ਨਾਲ ਲੈਕਰ ਅਰ ਪ੍ਰਸਾਦ ਹਥ ਲੈਕਰ ਤੁਰਿਆ ਅਤੇ ਦਰਸੇ ਨੂੰ ਕਹਿਆ ਜੋ ਬੇਟਾ ਤੈ ਗੁਰੂ ਜੀ ਦੇ ਚਰਨਾਂ ਉਪਰ ਭੇਟ ਰਖਕੇ ਮਥਾ ਟੇਕਣਾ ਅਤੇ ਮਨਚਿਤ ਕਰਕੇ ਖੁਸੀ ਲੇਵਣੀ ਅਰ ਨਾਲੇ ਘੋਹੇ ਦੀ ਇਸਤ੍ਰੀ ਮਤਿ ਆਹੀ ਸੋ ਉਸਦਾ ਨਾਉ ਸੁਖਦੇਵੀ ਆਹਾ ਉਨ ਆਖਿਆ ਜੀ ਮੈਂ ਭੀ ਦਰਸਨ ਨੂੰ ਚਲਦੀ ਹਾਂ ਤਾਂ ਭਾਈ ਘੋਹੇ ਆਖਿਆ ਚਲ ਸਿਖਣੀਏ ਤੂੰ ਭੀ ਚਲ ਤਾਂ ਦੋਨੋਂ ਤੁਰੇ । ਅਰ ਪੁਤਰ ਘੋਹੇ ਦੇ ਅਗੇ ਹੀ ਗਇਆ ਸੋ ਦਰਸੇ ਨੇ ਅਗੇ ਹੀ ਚਰਨਾਂ ਉਪਰ ਆਣ ਮਥਾ ਟੇਕਿਆ ਤਾਂ ਗੁਰੂ ਨਾਨਕ ਜੀ ਦਰਸੇ ਉਪਰ ਬਹੁਤੀ ਮਿਹਰਵਾਨਗੀ ਕੀਤੀ ਅਤੇ ਦਰਸੇ ਨੂੰ ਸ੍ਰੀ ਗੁਰੂ ਜੀ ਪੈਰਾਂ ਦੀਆਂ ਕੌਸਾਂ ਦਿਤੀਆਂ ਅਤੇ ਦਰਸੇ ਨੇ ਸਿਰ ਉਪਰ ਰਖੀਆਂ ਅਤੇ ਗੁਰੂ ਜੀ ਬਹੁਤ ਮਿਹਰਵਾਨ ਹੋਏ ਤਾਂ ਦਰਸਾ ਚਰਨਾਂ ਦੇ ਤਲੇ ਬੈਠ ਗਿਆ ਅਰ ਪਿਛੋਂ ਭਾਈ ਘੋਹਾ ਅਤੇ ਭਾਈ ਘੋਹੇ ਦੀ ਇਸਤ੍ਰੀ ਸੁਖਦੇਵਾਂ ਦੋਹਾਂ ਨੇ ਆਣ ਮਥਾ ਟੇਕਿਆ ਤਾਂ ਗੁਰੂ ਨਾਨਕ ਜੀ ਨੇ ਕਹਿਆ ਆਉ ਭਾਈ ਘੋਹਾ ਅਤੇ ਮਾਈ ਸੁਖਦੇਵਾਂ ਕਰਤਾਰ ਤੁਸਾਡਾ ਭਲਾ ਕਰਸੀ ਅਤੇ ਆਪਣੇ ਨਾਮ ਦੀ ਦਾਤ ਦੇਵਸੀ ਤਾਂ ਘੋਹੇ ਨੇ ਅਤੇ ਸੁਖਦੇਵ ਨੇ ਪ੍ਰਸਾਦਿ ਗੁਰੂ ਨਾਨਕ ਜੀ ਅਗੇ ਰਖਿਆ ਤਾਂ ਗੁਰੂ ਨਾਨਕ ਜੀ ਕਹਿਆ ਭਾਈ

ਘੋਹਾ ਏਹ ਕੀ ਲਿਆਇਆ ਹੈਂ ਤਾਂ ਘੋਹੇ ਕਹਿਆ ਜੀ ਤੇਰਾ ਦਿਤਾ ਹੋਇਆ ਪ੍ਰਸਾਦ ਲਿਆਇਆ ਹਾਂ ਬਾਬੇ ਕਹਿਆ ਭਾਈ ਘੋਹਾ ਅਸਾਂ ਤੈਨੂੰ ਸਬਦ ਦਿਤਾ ਸੀ ਤੂੰ ਇਹੁ ਰਸ ਕਸ ਦਾ ਪ੍ਰਸਾਦ ਕਿਧਰ ਤੇ ਲਿਆਇਆ ਹੈਂ ਤਾਂ ਘੋਹੇ ਨੇ ਕਹਿਆ ਮਿਹਰਮਾਨ ਏਹੁ ਪ੍ਰਸਾਦ ਸਿਖਣੀ ਪ੍ਰੀਤ ਨਾਲ ਬਣਾਇਕੇ ਆਂਦਾ ਹੈ ਅਤੇ ਮੈ ਤੇਰੇ ਦਰਸਨ ਨਾਲ ਤ੍ਰਿਪਤ ਹੋਇ ਗਇਆ ਹਾਂ ਅਤੇ ਤੈਂ ਮੈਨੂੰ ਵਡੀ ਦਾਤ ਦਿਤੀ ਹੈ ਸੋ ਮੈਂ ਜਾਣਦਾ ਹਾਂ ਜੋ ਤੇਰਾ ਦਰਸਨ ਹੀ ਮੈਨੂੰ ਗੰਗਾ ਪਿਰਾਗ ਹੈ ਅਰ ਸਭਨਾਂ ਦਾ ਇਸਨਾਨ ਹੈ ਤਾਂ ਗੁਰੂ ਨਾਨਕ ਜੀ ਕਹਿਆ ਭਾਈ ਘੋਹਾ ਤੈਨੂੰ ਖਬਰ ਹੋਸੀ ਕੇ ਨਾ ਹੋਸੀ ਤਾਂ ਘੋਹੇ ਆਖਿਆ ਜੀ ਮੈਨੂੰ ਖਬਰ ਨਹੀਂ ਜੀ ਤਾਂ ਫੇਰ ਗੁਰੂ ਨਾਨਕ ਜੀ ਕਹਿਆ ਭਾਈ ਘੋਹਾ ਤੇਰੇ ਬੇਟੇ ਨੇ ਤੇਰੇ ਨਾਲੋਂ ਭੀ ਤਪ ਭਾਰੀ ਕੀਤਾ ਆਹਾ ਪਰ ਇਕ ਖੋਟ ਵਿਚ ਹੋਇ ਗਇਆ ਆਹਾ ਉਸਤੇ ਇਸਨੂੰ ਤਿੰਨ ਜਨਮ ਵਿਛੜੇ ਨੂੰ ਹੋਏ ਹੈਨ ਸੋ ਹੁਣ ਤੇਰੇ ਘਰ ਭੀ ਤਪ ਕਰੈ ਅਤੇ ਸਤਵੇਂ ਜਾਮੇ ਵਿਚ ਜੋਤ ਵਰਤਸੀ ਤਾਂ ਸਾਡਾ ਭੇਖ ਹੋਵੈਗਾ ਸਾਂਗ ਵਿਚ ਅਤੇ ਉਸਦੇ ਫਕੀਰ ਭੀ ਹੋਸਨ ਸੋ ਓਸ ਜਾਮੇ ਤੇ ਏਨ ਉਧਰਨਾ ਹੈ ਅਰ ਸਾਥੋਂ ਪਿਛੈ ਇਕ ਸੌ ਪਝੰਤਰ ਵਰ੍ਹੇ ਪਿਛੋਂ ਹੋਸੀ ਅਰ ਬਡਾ ਭਾਰੀ ਸਾਂਗ ਹੋਸੀ ॥ ਅਰ ਥੋੜਾ ਚਿਰ ਰਹਿਸੀ ਤਾਂ ਭਾਈ ਘੋਹੇ ਨੇ ਅਰਦਾਸ ਕੀਤੀ ਜੀ ਮਿਹਰਵਾਨ ਤਪ ਇਸਦਾ ਪੂਰਾ ਹੋਇਆ ਤਾਂ ਇਹੁ ਮੁਕਤ ਕਿਉਂ ਨਾ ਹੋਇਆ ਅਤੇ ਕਸਰ ਕੀ ਰਹਿ ਗਈ ਅਤੇ ਜਨਮ ਤਿਨ ਜਾਮੇ ਇਹੁ ਕਿਸਦੇ ਹੋਇਆ ਸੋ ਏਹ ਕਿਰਪਾ ਕਰਕੇ ਦਸੀਏ ਤਾਂ ਸ੍ਰੀ ਗੁਰੂ ਨਾਨਕ ਜੀ ਕਹਿਆ ਭਾਈ ਘੋਹਾ ਤਿੰਨ ਜਨਮ ਤਿਖਾਣ ਦੇ ਘਰ ਰਹਿਆ ਪਰ ਭਗਤਿ ਵਿਚ ਰਹਿਆ ਅਤੇ ਪਹਿਲੇ ਜਨਮ ਉਦੇ ਸਿੰਘ ਕਾ ਬੇਟਾ ਬੀਰਮ ਦੇਉ ਕਾ ਭਾਈ ਸੋ ਦੋਨੋ ਬੀਰਮ ਦੇਉ ਅਤੇ ਇਸਦਾ ਨਾਉ ਨਾਰ ਸਿੰਘ ਥਾ ਤਬ ਇਨ ਦੋਨੋਂ ਨੇ ਤਪ ਭਾਰੀ ਕੀਆ ਥਾ ਪਰ ਏਸਨੇ ਉਸਕੀ ਬਰਾਬਰੀ ਕਰੀ ਥੀ ਅਤੇ ਬੀਰਮ ਦੇਉ ਪਿਛਲੇ ਜਨਮੋ ਕਾ ਉਤਮ ਥਾ ਤਉ ਉਸਕੇ ਮੁਖ ਤੇ ਅਵਾਜ ਨਿਕਲੀ ਰੇ ਕਿਉਂ ਬਾਢੀਆਂ ਕੀ ਤਰਹਿ ਵਿੰਗ ਚੜਾਵਤਾ ਹੈ ਸੋ ਇਸ ਕਰਕੈ ਇਸਕਾ ਤਪ ਘਟ ਰਹਿਆ ਅਰ ਫੇਰ ਵਹੁ ਤੋ ਰਾਜਾ ਜਨਕ ਕਾ ਦਮਾਦ ਹੂਆ ਅਰ ਉਸਕੇ ਵਿਵਾਹਿ ਵਿਖੇ ਇਸਕੌ ਭੀ ਹਮਨੇ ਦੇਖਿਆ ਪਰ ਇਸ ਕੇ ਮੁਖ ਕੀ ਸੋਭ ਮਾੜੀ ਜੇਸੀ ਹੋ ਗਈ ਕਜੋਂਕਿ ਏਕ ਤੋ ਸਾਈਂ ਲੋਕੋਂ ਕਾ ਸ੍ਰਾਪ ਅਰ ਦੂਸਰਾ ਏਹ ਕ੍ਰੋਧ ਬਹੁਤ ਕਰਤਾ ਥਾ ਸੋ ਇਸ ਕਰਕੈ ਇਸਕੈ ਮੁਖ ਕੀ ਸੋਭਾ ਦੂਰ ਹੋਇ ਗਈ ਥੀ ਤਬ ਓਹ ਬੀਰਮ ਦੇਉ ਕਿਤਨਾਕ ਚਿਰ ਰਹਿ ਕਰ ਫੇਰ ਓਹ ਗੁਰੂ ਕੇ ਤੁਲ ਹੋਇ ਗਇਆ ਅਤੇ ਮਾਤਲੋਕ ਮਾਝੇ ਵਿਚ ਦਰਸੇ ਨੂੰ ਤਿਖਾਣ ਦੇ

ਘਰ ਜਨਮ ਹੋਇਆ ॥ ਪਰ ਭਾਈ ਭਜਨ ਦਾ ਬੀਜ ਜਾਂਦਾ ਨਹੀਂ ਫੇਰ ਤੇਰੇ ਘਰ ਤਦ ਪੈਦੇ ਹੋਇਆ ਸੋ ਹੁਣ ਕਮਾਈ ਕਰਸੀ ਫੇਰ ਉਧਰਸੀ ਤਾਂ ਘੋਹੇ ਨੇ ਕਹਿਆ ਜੀ ਹੁਣ ਬੀਰਮ ਦੇਉ ਕਿਸਕੇ ਜਨਮੇਗਾ ਤਾਂ ਗੁਰੂ ਨਾਨਕ ਜੀ ਕਹਿਆ ਜਟ ਦੇ ਘਰ ਜਨਮੇਗਾ ਅਤੇ ਨਾਉ ਹੰਸਾਲ ਹੋਸੀ ਅਤੇ ਭਾਰੀ ਸੰਤ ਹੋਸੀ ਅਰ ਬਡਾ ਗੁਰਮੁਖ ਹੋਸੀ ॥ ਅਤੇ ਤੇਰੇ ਬੇਟੇ ਦੇ ਤ੍ਰਿਹੁ ਜਨਮ ਤ੍ਰਿਖਾਣ ਦਿਆਂ ਦਾ ਨਾਮ ਬਾਲੂ ਹਰੀਆ ਦਰਬਾਰੀ ਅਤੇ ਹੁਣ ਦਰਸਾ ਅਤੇ ਜਦ ਉਧਰਸੀ ਤਾਂ ਹਰਿਭਜ ਰਾਸੇ ਹੋਸੀ ਫਕੀਰੀ ਭੇਸ ਵਿਚ ਪਰ ਬਡਾ ਗੁਰਮੁਖਿ ਹੋਸੀ ਤਦ ਓਹ ਇਸਨੂੰ ਚਰਨਾਂ ਦੀ ਦੀਖਿਆ ਦੇਸਨ ਤਾਂ ਫੇਰ ਉਧਰਸੀ ਤਾਂ ਗੁਰੂ ਨਾਨਕ ਜੀ ਕਹਿਆ ਓਹ ਸਤਲੁਦ੍ਰ ਜੋ ਨਦੀ ਹੈ ਤਿਸਕੇ ਕਿਨਾਰੇ ਇਕ ਇਕ ਪਿੰਡ ਬਡਾ ਕਸਬਾ ਹੋਵੈਗਾ ਸੋ ਉਥੇ ਏਸਨੂੰ ਅਸਾਡੇ ਅਉਤਾਰ ਦਾ ਦਰਸਨ ਹੋਸੀ ॥ ਅਤੇ ਖਤ੍ਰੀ ਜਨਮ ਏਹ ਭੀ ਹੋਸੀ ਅਤੇ ਓਹ ਅਸਾਡਾ ਭੇਖ ਭੀ ਖਤ੍ਰੀ ਦੇ ਘਰ ਹੋਸੀ ਪਰ ਉਸਦੀ ਇਸ ਉਪਰ ਬਹੁਤ ਕਿਰਪਾ ਹੋਸੀ ਅਰ ਬਾਲਕ ਜਾਮੇ ਵਿਚ ਇਸਦੇ ਨਾਲ ਬਹੁਤ ਸੰਗ ਵਿਚ ਰਹਿਆ ਕਰੈਗਾ ਅਰ ਓਹ ਸੰਗ ਹੀ ਇਸਨੂੰ ਰਖੈਗਾ ਅਤੇ ਵਿਸਾਹ ਏਸਦਾ ਰਤੀ ਨ ਕਰੇਗਾ ਅਤੇ ਭਾਈ ਵਹੁ ਵਡਾ ਗੁਰਮੁਖ ਹੋਸੀ ਅਤੇ ਜੇ ਤੂੰ ਕਹਿੰਦਾ ਹੋਵੈ ਜੋ ਗੁਰੂ ਭੀ ਜਨਮ ਵਿਚ ਆਂਵਦਾ ਹੈ ਤਾਂ ਇਹੁ ਜਾਣ ਜੋ ਉਹ ਰੰਚਕ ਜੋ ਉਸਕੀ ਅੰਸ ਹੋਤੀ ਹੈ ਉਹ ਵਿਸਤਾਰ ਕਰਕੈ ਪਸਰ ਜਾਂਦੀ ਹੈ ਅਤੇ ਇਵ ਜਾਨਕੇ ਭਰਮਣਾ ਨਾਂਹੀ ਭਾਈ ਘੋਹਾ ਕਲਜੁਗ ਵਿਚ ਵਡੇ ਸਬਦ ਬਿਨਾ ਕਿਸੇ ਨੂੰ ਨਾ ਜਾਣਨਗੇ ਤਾਂ ਗੁਰੂ ਜੀ ਸਲੋਕ ਕਹਿਆ ॥

ਸਲੋਕ ਮਹਲਾ ੧ ॥ ਜਾਂਮਾ ਪਹਰ ਜੁਗਾ ਵਿਚਿ ਬੈਠਾ ਸਗਲ ਪਰੋਈ ਸੂਤਾ ॥ ਅੰਧਕਾਰ ਦੀਪਕ ਪਰਗਾਸਿਆ ਕਹੁ ਨਾਨਕ ਮਰਮੁ ਨ ਜਾਣੈ ਦੈਤਾ ॥ ਆਦਿ ਪੁਰਖ ਅਪਰੰਪਰ ਕਰਤਾ ਆਪੇ ਦਾਨਾ ਬੀਨਾ ॥ ਕਹਣ ਸੁਣਨ ਤੇ ਰਹੈ ਨਿਆਰਾ ਕਾਹੂ ਸੰਗ ਨ ਭੀਨਾ ॥ ਤਾਕਾ ਜਨਮ ਨ ਵਰਨ ਚਿਹਨ ਹੈ ਕਉਣ ਕਹੈ ਤੂੰ ਕਦਕਾ ॥ ਹਾਜਰ ਹੁਜਤ ਨਿਕਟ ਨ ਆਵੈ ਹਰਖ ਸੋਗ ਤੇ ਰਹਿਤਾ ॥ ਗਗਨ ਨਿਰੰਤਰ ਸਹਲ ਨਿਵਾਸੀ ਕੂੰਜ ਅਵਾਜਾ ਬੋਲੇ ॥ ਕਹੁ ਨਾਨਕ ਅਬ ਭਈ ਹੈਰਾਨੀ ਕੋਈ ਸਾਧੂ ਤਤ ਵਿਰੋਲੈ ॥ ੧ ॥

ਭਾਈ ਘੋਹਾ ਸਤਵੇਂ ਜਾਮੈਂ ਸਾਂਗ ਭਾਰਾ ਹੋਸੀ ਤਦ ਤੇਰਾ ਪੁਤ੍ਰ ਉਧਰਸੀ ਤਾਂ ਘੋਹੇ ਆਖਿਆ ਜੀ ਮੇਰੀ ਸਿਖਣੀ ਰੋਗੀ ਹੀ ਰਹਿੰਦੀ ਹੈ ਅਤੇ ਇਸਨੂੰ ਸਾਂਤ ਨਹੀਂ ਆਂਵਦੀ ਏਹ ਕਿਰਪਾ ਕਰਕੈ ਦਸੀਏ ਤਾਂ ਸ੍ਰੀ ਗੁਰੂ ਨਾਨਕ ਜੀ ਕਹਿਆ

ਭਾਈ ਏਹੁ ਤਿੰਨ ਵਾਰੀ ਇਸਤ੍ਰੀ ਹੁੰਦੀ ਰਹੀ ਹੈ ਅਤੇ ਪਹਲੇ ਪਹਲ ਏਹੁ ਮਰਦ ਦਾ ਰੂਪ ਹੁੰਦੀ ਸੀ ਸੋ ਪਹਲੇ ਪਹਲ ਏਹੁ ਰਾਜਾ ਜਨਕ ਕੇ ਕਬੀਲਿਓਂ ਕਾ ਰਸੋਈਆ ਥਾ ਸੋ ਰਸੋਈ ਕਰਿਆ ਕਰੇ ਅਤੇ ਫੇਰ ਏਕ ਦਿਨ ਰਾਜਾ ਨੇ ਮਨ ਵਿਖੇ ਵੀਚਾਰ ਕੀਆ ਕਿ ਜਨਾਨਿਓਂ ਕੇ ਪ੍ਰਸਾਦ ਵਿਚੋਂ ਇਕੋਤ੍ਰ ਸੌ ਕੰਗਾਲਾਂ ਕਾ ਪ੍ਰਸਾਦ ਭੀ ਵੰਡ ਦੀਆ ਕਰੈਂ ਤਾਂ ਫਿਰ ਇਸ ਰਸੋਈਏ ਕੋ ਹੁਕਮ ਦੀਆ ਅਰ ਏਸ ਨੇ ਕਹਾ ਬਹੁਤ ਖੂਬ ਸੋ ਰਾਜਾ ਕੋ ਕਹਿ ਕਰ ਅਪਨੇ ਲੰਗਰ ਮੈਂ ਆਇਆ ਅਤੇ ਤਬ ਨਾਮ ਇਸਕਾ ਜਗੀਰੀ ਦਾਸ ਥਾ ਅਰ ਏਹੁ ਰੋਜ ਭੰਡਾਰੇ ਸੇ ਇਕੋਤਰ ਸੌ ਕੀ ਰਸਤ ਲੀਆ ਕਰੈ ਅਰ ਪਹਲੋ ਆਪ ਖਾਇ ਲੇਵੈ ਸੋ ਤਬ ਇਸਕੀ ਭੁਖ ਭੀ ਅਧਣ ਕੀ ਦੋਨੋਂ ਵਖਤ ਕੀ ਹੋਤੀ ਥੀ ਅਰ ਰਾਜਾ ਕੀ ਰਾਨੀ ਕੋ ਪਾਂਚ ਸਾਤ ਬਾਰ ਇਸਨੈ ਜੂਠ ਭੀ ਖੁਲਾਈ ਅਰ ਜਬ ਏਹੁ ਪਹਿਲੇ ਹੀ ਘਰ ਤੇ ਜਾਤਾ ਥਾ ਤਬ ਰਾਣੀ ਕੇ ਪੈਰੀਂ ਪੈਤਾ ਥਾ ਅਤੇ ਓਹ ਕਿਰਪਾ ਕਰਤੇ ਥੇ ਅਰ ਕਹਤੇ ਥੇ ਹੇ ਜਗੀਰੀ ਦਾਸ ਤੇਰੇ ਹਾਥ ਤੇ ਹਮ ਭੋਜਨ ਖਾਤੇ ਹੈ ਅਰ ਤੂੰ ਜਨਮਾਂ ਦਾ ਭੀ ਪੂਰਬੀਆ ਹੈਂ ਤਬ ਏਹ ਮੁਖ ਤੇ ਕਹਤਾ ਥਾ ਜੋ ਜੀ ਮੈਂ ਤੋ ਤੁਮਾਰਾ ਸਿਖ ਹੋਂ ਅਰ ਗੁਲਾਮ ਹੋਂ ਤਬ ਰਾਣੀ ਚੁਪ ਕਰ ਕਹਤੀ ਥੀ ਤਬ ਫਿਰ ਰਾਜਾ ਨੇ ਦਰੋਗੇ ਸੇ ਪੂਛਿਆ ਰੇ ਮੈ ਜਗੀਰੀ ਦਾਸ ਕੋ ਕਹਿਆ ਹੂਆ ਹੈ ਕਿ ਇਕੋਤਰ ਸੌ ਮਨੁਖਾਂ ਕਾ ਪ੍ਰਸਾਦ ਬਾਂਟਿਆ ਕਰ ਤਬ ਦਰੋਗੇ ਨੇ ਕਹਿਆ ਜੀ ਮੈਂਨੇ ਤੋ ਕਬੀ ਨਹੀਂ ਬਾਂਟਤੇ ਦੇਖਿਆ ਤਬ ਰਾਜਾ ਨੇ ਇਸ ਕੋ ਬੁਲਾਇਆ ਪਰ ਕ੍ਰੋਧ ਨਹੀਂ ਕੀਆ ਅਰ ਰਸਨਾ ਤੇ ਕਹਿਆ ਰੇ ਜਗੀਰੀ ਦਾਸ ਤੂੰ ਇਕੋਤਰ ਸੌ ਕੰਗਾਲ ਕੋ ਪ੍ਰਸਾਦ ਰਾਣੀ ਕੀ ਰਸੋਈ ਤੇ ਬਗੈਰ ਬਾਂਟਤਾ ਹੈ ਤਾਂ ਇਸਕੀ ਜੁਬਾਨ ਸੇ ਅਵਾਜ ਨਾ ਨਿਕਲੇ ਅਰ ਇਸ ਕੇ ਮੁਖ ਤੇ ਬਾਤ ਇਸ ਵਾਸਤੇ ਨਹੀਂ ਸੀ ਨਿਕਸਤੀ ਜੋ ਏਕ ਤੋ ਏਹ ਝੂਠਾ ਅਰ ਦੂਸਰੇ ਰਾਜਾ ਜੀ ਸਤਿਬਿਤ ਅਰ ਸਤ ਸਰੂਪ ਥੇ ਸੋ ਉਨ ਕੇ ਸਨਮੁਖ ਝੂਠ ਕੈਸੇ ਬੋਲ ਸਕੇ ਸੋ ਜਬ ਇਸ ਕੇ ਮੁਖ ਤੇ ਅਵਾਜ ਨਾ ਨਿਕਲੀ ਤਬ ਰਾਜਾ ਨੇ ਕਹਿਆ ਰੇ ਤੂੰ ਤਾਂ ਤ੍ਰੀਮਤ ਕਾ ਰੂਪ ਹੈਂ ਸੋ ਐਸੇ ਕਹਿ ਕਰ ਰਾਜਾ ਚੁਪ ਕਰ ਰਹਿਆ ਅਰ ਏਹ ਡੇਰੇ ਆਇਆ ਤੇ ਲਗਾ ਵਿਚਾਰ ਕਰਨ ਜੋ ਹੁਣ ਮੈਂ ਕਿਆ ਕਰਾਂ ਮੁਝ ਕੋ ਤਾਂ ਸ੍ਰਾਪ ਗੁਰੋਂ ਕਾ ਹੂਆ ਹੈ ਸੋ ਤਬ ਇਸ ਕਾ ਸਰੀਰ ਲੰਗਰ ਵਿਚ ਹੀ ਚਲਣ ਲਗਾ ਪਰ ਬੁਰੀ ਕਸਟਤਾਈ ਸੇ ਸੋ ਜਬ ਦੋ ਪਹਿਰ ਅੜਾਉਂਦਾ ਰਹਿਆ ਤਬ ਰਾਣੀ ਜੀ ਨੇ ਪੁਕਾਰ ਸੁਣੀ ਅਰ ਓਹ ਬਹੁਤ ਦਇਆਵਾਨ ਸੇ ਸੋ ਸੁਣ ਕੇ ਆਏ ਸੋ ਜਬ ਆਇ ਕਰ ਦੇਖਾ ਤਬ ਏਸ ਨੇ ਕਹਾ ਹੇ ਮਾਤਾ ਜੀ ਮੈਨੂੰ ਰਾਜਾ ਜੀ ਦਾ ਸ੍ਰਾਪ ਹੋਇਆ ਹੈ ਜੋ ਜਾਹੁ ਤੂੰ ਤਾਂ ਤ੍ਰੀਮਤ ਹੈਂ ਅਤੇ ਹੁਣ ਮੇਰੀ ਦੇਹ ਛੁਟਦੀ ਨਾਹੀਂ

ਸੋ ਕਦੀ ਮੇਰਾ ਭੀ ਉਧਾਰ ਹੋਸੀ ॥ ਤਾਂ ਮਾਤਾ ਨੇ ਕਹਾ ਹੇ ਪੁਤਰ ਤਿੰਨ ਜਾਮੇਂ ਇਸਤ੍ਰੀ ਦੇ ਜਾਮੇ ਵਿਚ ਰਹੇਂਗਾ ਅਤੇ ਚੌਥਾ ਭੀ ਇਸਤ੍ਰੀ ਦਾ ਹੋਸੀ ਪਰ ਉਸ ਭਰਤੇ ਤੇ ਤੂੰ ਰਾਤਿ ਨੂੰ ਪ੍ਰਾਪਤਿ ਹੋਵੇਂਗੀ ਅਰ ਫੇਰ ਮਨੁਖ ਦਾ ਜਨਮ ਹੋਵੈਗਾ ਸੋ ਇਤਨੀ ਬਾਤ ਕਹਿ ਕਰ ਰਾਣੀ ਮੰਦਰ ਮੈਂ ਆਈ ਅਰ ਪਿਛੈ ਇਸਦਾ ਸਰੀਰ ਚਲ ਗਿਆ ਅਤੇ ਭਾਈ ਘੋਹਾ ਸਾਸਤ੍ਰਕਾਰੋਂ ਨੇ ਭੀ ਕਹਿਆ ਹੈ ਕਿ ਜੋ ਜੂਠਾ ਕਰਕੈ ਕਿਸੇ ਮਨੁਖ ਇਸਤ੍ਰੀ ਨੂੰ ਦੇਂਦਾ ਹੈ ਓਹ ਇਸਤ੍ਰੀ ਦੇ ਹੀ ਜਨਮ ਵਿਚ ਰਹਿੰਦਾ ਹੈ ਸੋ ਏਸ ਨੇ ਇਕ ਤਾਂ ਜੂਠਾ ਰਾਣੀ ਨੂੰ ਖੁਲਾਇਆ ਅਰ ਦੂਸਰਾ ਰਾਜਾ ਕਾ ਸ੍ਰਾਪ ਹੋਇਆ ਪਰ ਭਾਈ ਘੋਹਾ ਭਗਤ ਕੀਤੀ ਜਾਂਦੀ ਨਹੀਂ ਜੋ ਤ੍ਰੀਮਤ ਭੀ ਹੋਈ ਪਰ ਸਾਈਂ ਲੋਕਾਂ ਦੇ ਘਰ ਹੋਂਦੀ ਰਹੀ ਅਤੇ ਹੁਣ ਤੇਰੇ ਘਰ ਇਸਤ੍ਰੀ ਹੀ ਸਿਝਸੀ ਅਰ ਹੁਣ ਫੇਰ ਮਰਦ ਦੇ ਜਨਮ ਹੋਕੇ ਉਧਰੇਗੀ ਅਰ ਅਗੇ ਜਿਨਾਂ ਦੇ ਘਰ ਹੁੰਦੀ ਰਹੀ ਹੈ ਸੋ ਤਿਨਾਂ ਦੇ ਨਾਉਂ ਏਹ ਹਨ ਜੋ ਪਹਿਲੇ ਖਤਰੀ ਸੀ ਰਾਮਦਾਸ ਓਸ ਦੇ ਘਰ ਹੋਈ ਸੀ ਸੋ ਓਹ ਭੀ ਸੰਤ ਆਹਾ ਅਰ ਫੇਰ ਇਕਸ ਤ੍ਰਿਖਾਣ ਧਰਮੇ ਦੇ ਘਰ ਹੋਈ ਸੋ ਓਹ ਭੀ ਸੰਤ ਆਹਾ ਭਲਾ ਸਿਖ ਹੀ ਥਾ ਪਰ ਏਸਨੇ ਸੀਲ ਨ ਪਾਲਿਆ ਹਰਾਮ ਹੀ ਕਰਦੀ ਰਹੀ ਅਤੇ ਇਸਦੇ ਘਰ ਵਾਲਾ ਸੰਤ ਸਾ ਸੋ ਓਸਨੇ ਮੁਹਤੇ ਕੁਛ ਨ ਕਹਾ ਪਰ ਫੇਰ ਉਸ ਪਾਸ ਤੇ ਚੁਮਾਰ ਦੇ ਘਰ ਹੋਈ ਪਰ ਉਹ ਭੀ ਸਬਦ ਬਾਣੀ ਪੜਦੇ ਸੁਣਦੇ ਸੇ ਅਤੇ ਏਸਦੇ ਭਰਤੇ ਦਾ ਨਾਉ ਬੀਨਾ ਥਾ ਅਤੇ ਤਦ ਏਹੁ ਬਹੁਤ ਸੁੰਦਰ ਸੀ ਪਰ ਇਸਦਾ ਸਤਰਹਾ ਸੌ ਸਤ ਰਹੇਦਾ ਸਦਕਾ ਹੁਣ ਤੇਰੇ ਘਰ ਹੈ ਅਤੇ ਜਦ ਤੇਰੇ ਘਰੋਂ ਮਰਸੀ ਤਦ ਫੇਰ ਮਰਦ ਜਾਮਾ ਹੋਸੀ ਸੋ ਭਾਈ ਇਸਦੀ ਇਉਂ ਹਕੀਕਤ ਹੈ ਤਾਂ ਘੋਹੇ ਪੁਛਿਆ ਮਿਹਰਵਾਨ ਸੈਦੋ ਕਦ ਉਧਰਸੀ ਤਾਂ ਗੁਰੂ ਨਾਨਕ ਜੀ ਸਲੋਕ ਕਹਿਆ ॥

ਸਲੋਕ ਮਹਲਾ ੧ ॥ ਦਸਤ ਮੁਹਾਰ ਅਪਣੇ ਵਸ ਰਖੀ ਜਾਂ ਤੁਣ ਕੈ ਤਾ ਤੋਲੈ ॥
ਭਰਮ ਭੀਤਿ ਵਿਚ ਸਭ ਜਗ ਡੋਲਿਆ ਵਹੁ ਆਪ ਅਡੋਲ ਨ ਡੋਲੈ ॥
ਪੈਨਣਹਾਰਾ ਸਦਾ ਅਬਿਨਾਸੀ ਤਾਤੇ ਰਹੈ ਨਿਆਰਾ ॥ ਕਹੁ ਨਾਨਕ ਕੋਟ ਜੁਗ
ਬੀਤੇ ਤਾਕਾ ਅੰਤ ਨ ਪਾਰਾਵਾਰਾ ॥ ਮੁਖ ਆਗਰ ਕਾ ਕਹਿਆ ਜੋ ਮਾਨੈ ਸੋ ਸਿਖ
ਭਰਮ ਭੁਲਾਨੇ ॥ ਸਬਦ ਨਿਰੰਤਰ ਜੋ ਸਿਖ ਖੋਜੈ ਸਾਚੇ ਸਬਦ ਸਮਾਨੇ ॥
ਬਾਬਾ ਮਹਲਾਂ ਮਹਲ ਜੋ ਨਾਵਾਂ ਪ੍ਰਗਟਿਓ ਆਇ ॥ ਤਿਸਨੋ ਬਖਸ਼ੇ ਨਾਨਕਾ
ਜਿਸਨੋਂ ਦੇਇ ਬੁਝਾਈ ॥ ੧ ॥

ਫਿਰ ਘੋਹੇ ਅਰਦਾਸ ਕੀਤੀ ਮਿਹਰਵਾਨ ਤੂੰ ਖਾਂਦਾ ਪੀਂਦਾ ਕਿਛ ਨਹੀਂ ਤਾਂ

ਗੁਰੂ ਨਾਨਕ ਜੀ ਬਚਨ ਕੀਤਾ ॥

ਸਲੋਕ ਮਹਲਾ ੧ ॥ ਆਪਾ ਮਧੇ ਘਰ ਕਰੇ ਨਾਂ ਕਿਛ ਪੀਐ ਨ ਖਾਇ ॥ ਨੀਚਾਂ ਅੰਦਰ ਨੀਚ ਜਾਤਿ ਸਤਿਗੁਰ ਰਹੇ ਬਿਲਾਇ ॥ ਸਾਗੀ ਸਾਗੁ ਰਚਾਇਆ ਫੀਟੈ ਸਗਲ ਜਹਾਨ ॥ ਨਾਨਕ ਗੁਰਮੁਖਿ ਉਬਰੇ ਕੋ ਸਬਦਾ ਰਤਾ ਗਿਆਨ ॥ ਗੁਰ ਚੇਲੇ ਰਹਰਾਸ ਹੈ ਅੰਤਰ ਦੇਖੈ ਟੋਹਿ ॥ ਸਾਚੀ ਹਰਿ ਪ੍ਰਭ ਹੋਇਆ ਨਾਹਿ ਮਿਲਾਵਾ ਹੋਹਿ ॥

ਭਾਈ ਅਗੈ ਹੋਰ ਸਮਾ ਵਰਤਸੀ ਪਰ ਜਿਤਨਾ ਚਿਰ ਸਾਡਾ ਅਵਤਾਰ ਰਹਸੀ ਤਿਤਨਾ ਚਿਰ ਜੁਗ ਭਲਾ ਵਰਤਸੀ ਅਤੇ ਘੋਰ ਕਲਜੁਗ ਅਗੇ ਹੋਸੀ ਜੋ ਪੀਰ ਦੀ ਪੀਰੀ ਨ ਰਹਸੀ ਅਰ ਫਕੀਰ ਦੀ ਫਕੀਰੀ ਨ ਰਹਸੀ ਸੋ ਆਪ ਨਿਰੰਕਾਰ ਹੀ ਸਚਾ ਹੋਸੀ ਹੋਰ ਸਭੇ ਝੂਠੇ ਹੋਸਨ ਅਤੇ ਸਰੀਰਾਂ ਵਿਚੋਂ ਬਰਕਤ ਭੀ ਘਟ ਜਾਸੀ ਅਤੇ ਕਿਸੇ ਸੰਤ ਵਿਚ ਬਰਕਤ ਹੋਸੀ ਤਾਂ ਭਾਈ ਘੋਹੇ ਅਰਦਾਸ ਕੀਤੀ ਜੀ ਪਾਤਿਸਾਹ ਪ੍ਰਸਾਦਿ ਤਾਂ ਮੁਹਿ ਪਾਵੋ ਤਾਂ ਗੁਰੂ ਨਾਨਕ ਜੀ ਕਹਿਆ ਭਾਈ ਘੋਹਾ ਤੂੰ ਆਪਣੇ ਨਫਰ ਨੂੰ ਲਿਆਵੇਂ ਤਾਂ ਅਸੀਂ ਪ੍ਰਸਾਦ ਅਚਵੀਏ ਤਾਂ ਘੋਹੇ ਆਖਿਆ ਮਿਹਰਵਾਨ ਕਿਆ ਜੀਆਂ ਜੰਤਾਂ ਨੂੰ ਮਿਲਣਾ ਹੈ ਪ੍ਰਸਾਦ ਅਚਵੀਦੇ ਤਾਂ ਗੁਰੂ ਨਾਨਕ ਜੀ ਕਹਿਆ ਭਾਈ ਘੋਹਾ ਬਿਨਾਂ ਉਸਦੇ ਮਿਲਾਪ ਅਸਾਂ ਪ੍ਰਸਾਦ ਅਚਵਣਾ ਨਹੀਂ ਤਾਂ ਘੋਹੇ ਆਪਣੀ ਤ੍ਰੀਮਤ ਨੂੰ ਕਹਿਆ ਹੇ ਸਿਖਣੀਏ ਤੂੰ ਕਰਮ ਦੇਵੀ ਆਪਣੀ ਨੂੰਹ ਨੂੰ ਅਤੇ ਅੰਮ੍ਰਿਤੀਏ ਨੂੰ ਭੇਜ ਦੇਵੇਂ ਤਾਂ ਓਹ ਭੀ ਦਰਸਨ ਕਰ ਜਾਵਨ ਤਾਂ ਗੁਰੂ ਜੀ ਥੋਂ ਸੁਖਦੇਵਾ ਤੁਰ ਕੇ ਘਰ ਗਈ ਤਾਂ ਘੋਹੇ ਅਤੇ ਦਰਸੇ ਦੋਹਾਂ ਹਥ ਜੋੜੇ ਅਰ ਕਹਿਆ ਹੇ ਪਾਤਿਸਾਹ ਤੂੰ ਜਾਣੀਜਾਣ ਹੈਂ ਸੋ ਗਰੀਬ ਨਿਵਾਜ ਤੂੰ ਕਿਸ ਅਧਾਰ ਰਹਿੰਦਾ ਹੈ ਜੋ ਖਾਂਦਾ ਪੀਂਦਾ ਕਿਛ ਨਹੀਂ ਤਾਂ ਗੁਰੂ ਜੀ ਸਲੋਕ ਕਹਿਆ ॥

ਸਲੋਕ ਮਹਲਾ ੧ ॥ ਆਦਿ ਪੁਰਖ ਕੋ ਹਮਨੇ ਜਾਨਿਆ ॥ ਦੂਸਰ ਕੋ ਹਮਨਾਹਿ ਪਛਾਨਿਆ ॥ ਏਕਸ ਕੇ ਗੁਨ ਗਾਇ ਬਿਅੰਤ ॥ ਜੋ ਸਗਲ ਸਮਗ੍ਰੀ ਕਾ ਜਾਨੈ ਅੰਤ ॥ ਖਟ ਦਰਸਨ ਉਸਕਾ ਧਿਆਨ ਧਾਰਹਿ ॥ ਔਰ ਦੇਉ ਦਾਨੋ ਦੈਤ ਉਸ ਊਪਰ ਡਾਰ ਕੈ ਵਾਰੋ ॥ ਹਮਨੇ ਏਕ ਨਿਰੰਜਨ ਧਿਆਇਆ ॥ ਤਿਸਕਰ ਜਨਮ ਮਰਣ ਕਾ ਭਉ ਜੋ ਗਵਾਇਆ ॥ ਜਬ ਦੇਖਿਆ ਪਾਰਬ੍ਰਹਮ ਕਰਤਾ ਅਬਿਨਾਸੀ ॥ ਬਲ ਹਮਰੀ ਟੂਟ ਗਈ ਪੈਰਨ ਕੀ ਫਾਸੀ ॥ ਦੂਜੈ ਕੋ ਹਮ ਕਬਹੂ ਨ ਜਾਨਿਆ ॥ ਏਕਸ ਕੇ ਰੰਗ ਹਮਰਾ ਮਨ ਮਾਨਿਆ ॥ ਜਿਸ

ਜਗਤ ਕੋ ਲੋਕ ਸਤ ਕਰ ਮਾਨੇ ॥ ਗੁਰਪ੍ਰਸਾਦਿ ਹਮ ਸੁਫਨਾ ਕਰਿ ਜਾਨੇ ॥
ਔਰ ਲੋਗ ਤ੍ਰੈਗੁਣ ਮੈਂ ਜਰਤੇ ॥ ਹਮ ਇਸ ਪਾਪ ਮਧ ਨਹੀਂ ਘਰ ਕਰਤੇ ॥
ਜਬ ਕਾ ਦੇਖਿਆ ਦੀਨ ਦਇਆਲਾ ॥ ਤਬਕਾ ਹਮਾਰਾ ਛੁਟਿਆ ਸਭ
ਜੰਜਾਲਾ ॥ ਸਾਧ ਸੰਗਿ ਹਮਰਲ ਕੀਰਤਨ ਕਰਤੇ ॥ ਜਲ ਮਹਿ ਜਲ ਹੀ
ਰੂਪ ਹੋਇ ਨਿਰੰਕਾਰੀ ਫਿਰ ਤੇ ॥ ਕਹੁ ਨਾਨਕ ਹਮ ਝੋਲ ਪਿਆਲਾ ਅੰਮ੍ਰਿਤ
ਕਾ ਪੀਆ ॥ ਤਿਸਕਰ ਓਅੰਕਾਰ ਕੇ ਸੰਗ ਰਲੀਆ ॥ ੧ ॥

ਜਾਂ ਸਬਦ ਦਾ ਭੋਗ ਪਇਆ ਤਾਂ ਅੰਮ੍ਰਿਤੀਏ ਆਇਕੇ ਮਥਾ ਟੇਕਿਆ ਅਤੇ ਪਿਛੇ ਤੇ ਕਰਮ ਦੇਵਾਂ ਨੇ ਮਥਾ ਆਣ ਟੇਕਿਆ ਤਾਂ ਗੁਰੂ ਨਾਨਕ ਜੀ ਕਹਿਆ ਆਉ ਭਾਈ ਅੰਮ੍ਰਿਤੀਆ ਕਰਤਾਰ ਚਿਤ ਆਵੈ ਅਤੇ ਬੀਬੀ ਕਰਮ ਦੇਵਾਂ ਨੂੰ ਭੀ ਕਰਤਾਰ ਚਿਤ ਆਵੈ ਤਾਂ ਘੋਹੇ ਅਤੇ ਦਰਸੇ ਦੋਹਾਂ ਮਥਾ ਟੇਕਿਆ ਅਰ ਬੜੇ ਅਦਬ ਨਾਲ ਗਲ ਵਿਚ ਪਲਾ ਪਾਇਕੇ ਅਰਦਾਸ ਕੀਤੀ ਕਿ ਜੀ ਪਾਤਸਾਹ ਸਾਸਾਂ ਦਾ ਸਹਾਈ ਹੋਵੀਂ ਅਤੇ ਨਾਮ ਦੀ ਦਾਤਿ ਦੇਵੀਂ ਅਤੇ ਗਰੀਬ ਨਿਵਾਜ ਤੇਰੇ ਚਰਨਾਂ ਨਾਲ ਧਿਆਨ ਰਹੇ ਤਾਂ ਗੁਰੂ ਨਾਨਕ ਜੀ ਬਚਨ ਕੀਤਾ ਭਾਈ ਘੋਹਾ ਤੇਰੀ ਨੂੰਹ ਬਡੀ ਗੁਰਮੁਖਿ ਹੈ ਅਤੇ ਪਿਛੇ ਭੀ ਭਲੀ ਆਹੀ ਤਾਂ ਘੋਹੇ ਆਖਿਆ ਜੀ ਮਿਹਰਵਾਨ ਤੁਸਾਂ ਗੁਲਾਮ ਨੂੰ ਕੀ ਫੁਰਮਾਇਆ ਤਾਂ ਗੁਰੂ ਨਾਨਕ ਜੀ ਕਹਿਆ ਸੁਣ ਭਾਈ ਘੋਹਾ ਤੇਰੀ ਨੂੰਹ ਦੀ ਵਾਰਤਾ ਜੋ ਤ੍ਰੇਤੇ ਵਿਚ ਰਾਜਾ ਜਨਕ ਕੀ ਰਾਣੀ ਕਮਲਾਵਤੀ ਕੀ ਖਾਸ ਗੋਲੀ ਹੋਤੀ ਥੀ ਅਰ ਬਹੁਤ ਟਹਿਲ ਮੈਂ ਰਹਿਤੀ ਥੀ ਅਰ ਜਬ ਰਾਜਾ ਜਨਾਨਿਓ ਮੈ ਜਾਤਾ ਥਾ ਤੋ ਇਸਕਾ ਨਾਮ ਕਮਲਤੀ ਹੋਤਾ ਥਾ ਸੋ ਰਾਜਾ ਜੀ ਇਸਕੋ ਪੁਛੈਂ ਕਿ ਰੀ ਕਮਲਤੀ ਤੇਰਾ ਵਿਵਾਹ ਕਰ ਦੇਵੈਂ ਜੌ ਤੂੰ ਇਸ ਬਾਤ ਪਰ ਰਾਜੀ ਹੋਵੇਂ ਤੋ ਤੇਰਾ ਕਿਸੀ ਪੁਰਖ ਸਾਥ ਵਿਵਾਹੁ ਕਰ ਦੇਵੈਂ ਤਬ ਏਹ ਕਹਿਤੀ ਥੀ ਜੀ ਤੁਮ ਮੇਰੇ ਗੁਰ ਹੋ ਸੋ ਤੁਮ ਆਪਣੇ ਦਰਸਨ ਕੀ ਹੀ ਮੁਝੇ ਤ੍ਰਿਪਤਿ ਦੇਹੋ ਤਬ ਰਾਜੇ ਜਨਕ ਗੰਭੀਰ ਬਾਣੀ ਦਇਆ ਕਰਕੇ ਕਾ ਜੋ ਰੀ ਕਮਲਤੀ ਤੇਰਾ ਏਕ ਜਨਮ ਔਰ ਰਹਿਆ ਹੈ ਸੋ ਉਸ ਕੇ ਘਰ ਮੈ ਤੂੰ ਬੀਸ ਬਰਸ ਰਹੈਂਗੀ ਪਰ ਤੇਰਾ ਧਰਮ ਸਤ ਰਹੇਗਾ ਅਰ ਪਾਛੈ ਉਸਕੇ ਮਿਰਤ ਹੋਵੈਂਗੀ ਸੋ ਤਬ ਤੇਰੇ ਘਰ ਵਾਲੇ ਕਾ ਨਾਮ ਤੇਜ ਨਿਧਿ ਹੋਵੈਗਾ ਅਤੇ ਜਨਮ ਖਤ੍ਰੀ ਦੇ ਘਰ ਹੋਵੈਗਾ ਅਰ ਫੇਰ ਤੂੰ ਉਸਕੇ ਘਰ ਤੇ ਮਿਰਤ ਹੋਕਰ ਜਟ ਦੇ ਘਰ ਹੋਕਰ ਉਧਰੈਂਗੀ ਸੋ ਹੁਣ ਤੂੰ ਘੋਹੇ ਸਿਖ ਦੀ ਨੂੰਹ ਹੈ ਅਤੇ ਦਰਸੇ ਸੰਤ ਦੀ ਸਿਖਣੀ ਹੈ ਅਰ ਹੁਣ ਪਾਰ ਤੇਰਾ ਬੇੜਾ ਪਾਰ ਲੰਘਸੀ ਜੋ ਹੁਣ ਤੇਰਾ ਗੁਰੂ ਕੇ ਚਰਨਾ ਪਾਸ ਠਿਕਾਣਾ ਹੋਸੀ ਅਰ ਤੇਰੇ ਸੰਗ ਕਰਕੇ ਮਾਈਆਂ ਪੁਰਖ ਉਧਰਨਗੇ ਅਤੇ ਫੇਰ ਗੁਰੂ ਨਾਨਕ ਜੀ ਕਹਿਆ

ਲਿਆਓ ਭਾਈ ਘੋਹਾ ਤੇਰਾ ਪ੍ਰਸਾਦਿ ਅਚਵੀਏ ਗੁਰੂ ਨਾਨਕ ਜੀ ਕਹਿਆ ਭਾਈ ਬਾਲਾ ਛੈ ਵੰਡੇਕਰ ਜੋ ਏਕ ਘੋਹੇ ਨੂੰ ਦੇਹ ਅਰ ਇਕ ਅੰਮ੍ਰਿਤੀਏ ਨੂੰ ਦੇਹ ਅਰ ਇਕ ਬਾਟਾ ਦਰਸੇ ਨੂੰ ਅਰ ਇਕ ਕਰਮ ਦੇਵਾਂ ਨੂੰ ਅਤੇ ਇਕ ਤੂੰ ਲਹੁ ਅਰ ਇਕ ਸਾਡੇ ਹਥ ਲਿਆਇ ਕਰ ਦੇਹ ਅਰ ਕਹਿਆ ਕਿ ਭਲਾ ਸੁਖਦੇਵਾਂ ਨੇ ਅਸਾਡੇ ਵਾਸਤੇ ਉਤਮ ਪ੍ਰਸਾਦ ਆਂਦਾ ਹੈ ਤਾਂ ਗੁਰੂ ਨਾਨਕ ਜੀ ਨੇ ਪ੍ਰਸਾਦ ਮੁਹ ਪਾਇਆ ਤਾਂ ਫਿਰ ਸਭਨਾਂ ਨੇ ਮੂਹ ਪਾਇਆ ਅਤੇ ਫਿਰ ਗੁਰੂ ਜੀ ਮੁਹ ਪਾਇ ਕਰ ਘੋਹੇ ਨੂੰ ਅੰਮ੍ਰਿਤੀਏ ਨੂੰ ਦਰਸੇ ਨੂੰ ਕਰਮ ਦੇਵਾਂ ਨੂੰ ਚੌਹਾਂ ਨੂੰ ਸੀਤ ਪ੍ਰਸਾਦ ਦਿਤਾ ਪਰ ਘੋਹੇ ਨੂੰ ਰਸਨਾ ਵਿਚੋਂ ਚਿਥਿਆ ਹੋਇਆ ਰੰਚਕ ਮਾਤ੍ਰ ਦਿਤਾ ਤਾਂ ਭਾਈ ਘੋਹੇ ਉਹ ਮੁਹ ਪਾਇਆ ਸੋ ਪਉਣੇ ਨਾਲ ਹੀ ਕਪਾਟ ਖੁਲ ਗਏ ਅਰ ਦਿਬਦ੍ਰਿਸਟ ਹੋ ਗਈ ਅਰ ਸੁਧ ਰਿਦਾ ਹੋ ਆਇਆ ਅਰ ਬਾਣੀ ਉਚਰਨ ਲਗਾ॥ ਤਾਂ ਦਰਸੇ ਅਤੇ ਅੰਮ੍ਰਿਤੀਏ ਨੂੰ ਭੀ ਸੀਤ ਪ੍ਰਸਾਦ ਦਿਤਾ ਤਾਂ ਫਿਰ ਤਿੰਨੇ ਏਕ ਰੂਪ ਹੋਇ ਗਏ ਤਾਂ ਭਾਈ ਘੋਹੇ ਸਬਦ ਉਚਰਿਆ॥ ਗੁਰੂ ਨਾਨਕ ਜੀ ਅਗੈ ਮਥਾ ਟੇਕ ਕੇ॥

ਧੰਨ ਧੰਨ ਗੁਰੂ ਨਾਨਕ ਜੀ ਜਿਨਿ ਪੂਰਨ ਕੀਆ ਉਪਦੇਸ॥ ਤਿਸਕੀ ਨਜਰ ਤੇ ਹਮ ਤਰੇ ਔਰ ਤਰੇ ਹੈਂ ਅਨੇਕ॥ ਭਈ ਕ੍ਰਿਪਾ ਨਿਰੰਜਨ ਕੀ ਜਬ ਹਮ ਤੁਮਾਰਾ ਦਰਸਨ ਕੀਨਾ॥ ਐਸਾ ਤੁਮਾਰਾ ਨਾਮ ਹੈ ਜੋ ਗਰੀਬ ਨਿਵਾਜ ਆਪ ਪ੍ਰਬੀਨਾ॥ ਤੁਮਰੇ ਦਰਸਨ ਹਮ ਭਏ ਸੁਹੇਲੇ॥ ਧੰਨ ਧੰਨ ਗੁਰੂ ਨਾਨਕ ਜੀ ਜਿਨ ਪੈਰ ਕੇ ਬੰਧਨ ਖੋਲੇ॥ ਤੁਮ ਕ੍ਰਿਪਾ ਕੀਨੀ ਤਬ ਤੁਮਾਰਾ ਹਮ ਦਰਸਨ ਪਾਇਆ॥ ਹਮ ਕੀਟ ਜੰਤ ਕ੍ਰਿਮਾਣ ਕੀ ਕਰੋ ਸਹਾਇਆ॥ ਦੇਸ ਦਿਸੰਤਰ ਹਮ ਫਿਰ ਬਹੁ ਥਾਕੇ॥ ਕਿਨਹੁ ਨ ਦਿਖਾਇਆ ਉਹ ਪ੍ਰੇਮ ਰਸ ਪਾਗੈ॥ ਗੁਰ ਪਰਮੇਸਰ ਗੁਰੂ ਨਾਨਕ ਤੂੰ ਗੁਰ ਸੂਰਾ ਤੂੰ ਪੂਰਾ॥ ਖੋਲ ਕਪਾਟ ਮੁਝ ਚੇਰੇ ਹੂੰ ਕੇ ਸਭ ਕਾਰਜ ਕੀਨਾ ਹੈ ਪੂਰਾ॥ ੧॥

ਤਾਂ ਫਿਰ ਸਭੋ ਚਾਰੋਂ ਨੇ ਗੁਰੂ ਨਾਨਕ ਜੀ ਅਗੈ ਮਥਾ ਟੇਕਿਆ ਫੇਰ ਗੁਰੂ ਨਾਨਕ ਜੀ ਨੇ ਘੋਹੇ ਨੂੰ ਥਾਪੀ ਲਾਈ ਤਾਂ ਘੋਹਾ ਸਬਦ ਵਿਚ ਮਗਨ ਹੋਇਆ ਅਤੇ ਫਿਰ ਘੋਹੇ ਅਰਦਾਸ ਕੀਤੀ ਜੀ ਮਿਹਰਬਾਨ ਭਗਤੇ ਨੂੰ ਏਹੀਆਂ ਜੇਹੀਆਂ ਜੂਨਾਂ ਹੋਈਆਂ ਅਤੇ ਤੁਸੀਂ ਦਸਦੇ ਹੋ ਜੋ ਓਹ ਸੰਤ ਹੋਵੈਗਾ ਤਾਂ ਗੁਰੂ ਨਾਨਕ ਜੀ ਕਹਿਆ ਭਾਈ ਘੋਹਾ ਏਹ ਕਰਤਾਰ ਦੀ ਬੇਪਰਵਾਹੀ ਹੈ ਜੋ ਕਦੀ ਕੋਈ ਪਿਛਲੇ ਜਨਮ ਪਾਪ ਕੀਤਾ ਹੋਵੇ ਸੋ ਏਸ ਜਨਮ ਬਦਲਾ ਦੇਂਦਾ ਹੈ ਅਤੇ ਜੇਕਰ ਕੁਛ ਬਾਕੀ ਰਹਿ ਜਾਂਦੀ ਹੈ ਤਾਂ ਦੂਸਰੇ ਜਨਮ ਭੋਗੀਦਾ ਹੈ ਅਤੇ ਜੇ ਕੋਈ ਓਸ ਜਨਮ ਵਿਚ ਭਲੀ ਬੁਰੀ

ਵਾਸਨਾ ਫੁਰਨੀ ਹੈ ਤਾਂ ਫੇਰ ਭਲੇ ਬੁਰੇ ਜਨਮ ਭੋਗਤਾ ਹੈ ਅਤੇ ਜੋ ਭਜਨ ਤਪ ਕੀਤਾ ਹੁੰਦਾ ਹੈ ਸੋ ਜਾਂਦਾ ਨਹੀਂ ਸੋ ਉਹ ਬੁਰੇ ਜਨਮ ਤੇ ਹਟਾਇ ਕਰ ਭਲੇ ਜਨਮ ਵਿਚ ਲਿਆਂਵਦਾ ਹੈ ਤਾਂ ਤੇ ਭਾਈ ਘੋਹਾ ਜੇਹੜਾ ਨਾਮ ਦਾ ਬਿਉਹਾਰ ਕਰਨਾ ਇਹੋ ਲਾਹਾ ਹੈ ਅਤੇ ਭਾਈ ਏਹੁ ਲਾਲ ਹੈ ਅਰ ਪਲੇ ਰਖਿਆਂ ਤੇ ਰਾਖੀ ਕੀਤੀ ਤਾਂ ਜਾਂਦਾ ਨਹੀਂ ਅਤੇ ਬੇਫਿਕਰ ਹੋਏ ਤੇ ਭੁਲ ਪੈਂਦਾ ਹੈ ਅਤੇ ਗਵਾਚ ਜਾਂਦਾ ਹੈ ਅਤੇ ਜੇਹੜੇ ਗੁਰਮੁਖ ਹੋਂਦੇ ਹਨ ਸੋ ਅਠੋ ਪਹਰ ਯਾਦ ਰਖਦੇ ਹਨ ਅਤੇ ਜੇਹੜੇ ਬੇਮੁਖ ਹੈਂ ਤਿਨਾ ਨੂੰ ਯਾਦ ਭੀ ਨਹੀਂ ਰਹਿੰਦਾ ਤਾਂ ਘੋਹੇ ਅਰਦਾਸ ਕੀਤੀ ਜੀ ਮਿਹਰਵਾਨ ਸੈਦੋ ਦੀ ਵਾਰਤਾ ਸਾਨੂੰ ਦਸੋ ਜੋ ਹੁਣ ਸਾਨੂੰ ਮਿਲੈਗਾ ਕਿਨਾਂ ਮਿਲੈਗਾ ਤਾਂ ਗੁਰੂ ਨਾਨਕ ਜੀ ਕਹਿਆ ਭਾਈ ਘੋਹਾ ਸੈਦੋ ਹੁਣ ਤੈਨੂੰ ਸਿਵਾਣ ਨਹੀਂ ਸਕਦਾ ਪਰ ਤੈਨੂੰ ਮਿਲਾਈਐਂਗੇ ॥ ਜੋ ਓਹ ਹੁਣ ਚਮਾਰਾਂ ਦੇ ਘਰ ਹੈ ਅਤੇ ਅਗੇ ਕਮਾਈ ਕਰਸੀ ਤਾਂ ਫੇਰ ਉਧਰਸੀ ਜੋ ਜਦ ਸਾਡਾ ਨੌਵਾਂ ਮਹਲ ਹੋਸੀ ਪਰ ਹੋਸੀ ਪੂਰਾ ਗੁਰੂ ਅਤੇ ਰਹੇਗਾ ਸਾਂਗ ਵਿਚ ਅਲੋਪ ਸੋ ਤਿਸਦੇ ਸੰਗ ਕਰਕੈ ਸੈਦਾ ਉਧਰਸੀ ਤਾਂ ਘੋਹੇ ਕਹਿਆ ਜੀ ਹੁਣ ਜਿਸ ਜਾਮੇ ਵਿਚ ਓਹ ਹੈ ਸੋ ਮੈਨੂੰ ਕਿਰਪਾ ਕਰਕੇ ਦਿਖਾਲੀਏ ਅਰ ਮਿਲਾਈਏ ਤਾਂ ਗੁਰੂ ਨਾਨਕ ਜੀ ਕਹਿਆ ਭਲਾ ਭਾਈ ਘੋਹਾ ਸਿਸਤਾਓ ਤੇਰਾ ਕਹਿਆ ਭੀ ਕਰੀਐਗੇ ਅਤੇ ਐਥੇ ਤੇ ਚਾਲੀ ਕੋਹ ਪਿੰਡ ਹੈ ਉਥੇ ਰਹਿੰਦਾ ਹੈ ਅਤੇ ਜੇ ਮਿਲਣਾ ਹੈ ਤਾਂ ਅਸੀਂ ਮੇਲੀਐਗੇ ਅਤੇ ਤੇਰੇ ਨਾਲ ਓਸਦੀ ਵਾਰਤਾ ਕਰਾਈਐਗੇ ਅਰ ਅਜ ਤੋਂ ਪੰਜਵੇਂ ਦਿਨ ਚਲਾਂਗੇ ਅਤੇ ਤੇਰਾ ਕਹਿਆ ਮੰਨੀਐਗੇ ਅਤੇ ਇਕ ਅਸਾਡਾ ਮੇਲੀ ਓਥੇ ਹੋਰ ਹੈ ਅਰ ਸਿਖ ਹੈ ਅਤੇ ਤੇਰੇ ਜਿਹਾ ਗੁਰਮੁਖਿ ਹੈ ਅਤੇ ਓਹ ਸਿਖ ਨੂੰ ਭੀ ਤੇਰੇ ਨਾਲ ਰਲਾਵਣਾ ਹੈ ਅਤੇ ਉਹ ਵਡਾ ਮਹਾਂ ਪੁਰਖ ਹੋਸੀ ਅਤੇ ਸੈਦੇ ਦੀ ਬੀ ਸਾਡੇ ਨਾਲ ਬਹੁਤ ਚਰਚਾ ਹੋਸੀ ਅਤੇ ਭਾਈ ਘੋਹਾ ਜੇਹਾ ਇਸ ਪ੍ਰਾਣੀ ਦੇ ਰਿਦੇ ਵਿਖੇ ਫੁਰਣਾ ਵਿਸਤਾਰ ਕਰਣਾ ਹੈ ਤੇਹੇ ਪਦਾਰਥ ਭੋਗਣੇ ਦਾ ਸਾਖੀ ਹੋਂਦਾ ਹੈ ਅਤੇ ਕੀ ਭਲਾ ਕੀ ਬੁਰਾ ਭਾਈ ਘੋਹਾ ਜਿਸਨੂੰ ਕਰਤਾਰ ਮਿਹਰ ਕਰਦਾ ਹੈ ਸੋ ਬੈਠਿਆਂ ਉਠਦਿਆਂ ਸੋਵਦਿਆਂ ਸਦਾ ਹੀ ਯਾਦ ਕਰਦਾ ਹੈ ਸੋ ਸਭਨਾ ਉਪਰ ਦੀਵਾਨ ਹੈ ਅਤੇ ਓਹ ਸਚ ਨਿਰੰਕਾਰ ਪਾਂਵਦਾ ਹੈ ਅਤੇ ਹੋਰ ਸਭ ਪਈ ਆਵਾਗਉਣ ਵਿਚ ਭਟਕਦੀ ਹੈ ਅਤੇ ਭਾਈ ਘੋਹਾ ਜਿਸਨੂੰ ਕਰਤਾਰ ਬੁਝਾਏ ਸੋਈ ਬੁਝਸੀ ॥

ਹੋਰ ਐਵੇ ਮਰਸੈ ਝਾਗ ਪਇਆ ਦਝਸੀ ॥ ਬਿਨ ਨਾਵੈ ਹੋਗੁ ਖੁਆਰ
ਪਇਆ ਝਗਸੀ ॥ ਕਾਲ ਬੁਰਾ ਖੈਕਾਲ ਸਰਪਰ ਠਗਸੀ ॥ ਜਿਨਾ ਦੁਨੀਆਂ
ਨੇਹੁ ਸੋ ਪਏ ਰੁਲਸੀ ॥ ਜਿਨਾ ਏਕੰਕਾਰ ਧਿਆਇਆ ਤਿਸਕੀ ਦਿਸਟਿ

ਖੁਲਸੀ ॥ ਹੋਰ ਸਭੇ ਆਹੂ ਲਾਹਨਿ ਸੰਤਨ ਬਿਨ ਪਾਰ ਨ ਲੰਘਸੀ ॥ ਜੋ ਉਨਕੇ ਪਿਛੇ ਛੁਟੇ ਲੰਘਹੀ ਸੋ ਜਮਕੇ ਡਰਤੇ ਭਜਸੀ ॥ ਇਕਨਾ ਇਉ ਧਿਆਇਆ ਸੋ ਲੰਘੇ ਸਾਗਰ ॥ ਹੋਰ ਬੰਨੇ ਖੜੀ ਪੁਕਾਰਦੀ ਔਖਾ ਹੈ ਪਾਧਰ ॥ ਦੀਨਾ ਨਾਥ ਦਇਆਲ ਕੀ ਕੌਣ ਜਾਣੈ ਕੀਮਤ ॥ ਜੋ ਬੂਝੈ ਸੋ ਜਾਨਸੀ ਉਹਦੀ ਸਦਸੀਵਸਾ ॥ ਕਹੁ ਨਾਨਕ ਸੰਤਨ ਗੁਰ ਭੇਟਿਆ ਉਹ ਉਤਰੇ ਪਾਰ ॥ ਮੂਲ ਪਛਾਨ ਕੇ ਮੂਲ ਵਿਚ ਰਲ ਗਏ ਪਾਏ ਸਚ ਸਾਰਾ ॥੧॥

ਤਾਂ ਘੋਹੇ ਅਰਦਾਸ ਕੀਤੀ ਜੀ ਮਿਹਰਵਾਨ ਹੁਣ ਸੈਦੇ ਨੂੰ ਮਿਲਾਈਏ ਤਾਂ ਗੁਰੂ ਨਾਨਕ ਜੀ ਕਹਿਆ ਭਲਾ ਭਾਈ ਘੋਹਾ ਤੇਰਾ ਉਸਦਾ ਭੀ ਮੇਲ ਕਰਾਈਐਂਗੇ ਤਾਂ ਸ੍ਰੀ ਗੁਰੂ ਨਾਨਕ ਜੀ ਮੈਨੂੰ ਪੁਛਿਆ ਕਿਉਂ ਭਾਈ ਬਾਲਾ ਕਿਸ ਤਰਾਂ ਮਰਜੀ ਹੈ ਤਾਂ ਮੈਂ ਆਖਿਆ ਗਰੀਬ ਨਿਵਾਜ ਜੋ ਤੁਸਾਡੀ ਰਜਾਇ ਹੋਵੈ ਸੋ ਕਰੀਏ ਤਾਂ ਗੁਰੂ ਨਾਨਕ ਜੀ ਆਖਿਆ ਕਿਉਂ ਰਮੇਸੁਰਦਾਸਾ ਤੇਰੀ ਕਿਆ ਮਰਜੀ ਹੈ ਤਾਂ ਰਮੇਸੁਰਦਾਸ ਪੰਡਤ ਨੇ ਕਹਿਆ ਜੀ ਗਰੀਬ ਨਿਵਾਜ ਮੈਨੂੰ ਕਿਰਪਾ ਕਰੀਏ ਤੇ ਨਾਮ ਦੀ ਲਾਜ ਰਖੀਏ ਤਾਂ ਗੁਰੂ ਨਾਨਕ ਜੀ ਅੰਗ ਨਾਲ ਮੇਲ ਲਇਆ ਅਰ ਕੰਠ ਨਾਲ ਜਦ ਲਾਇਆ ਤਾਂ ਰਮੇਸੁਰਦਾਸ ਹਉ ਤੇਰੇ ਅੰਗ ਸੰਗ ਹਾਂ ਸੋ ਤੈ ਕਰਤਾਰ ਕਰਤਾਰ ਜਪਣਾ ਅਰ ਜਿਥੇ ਅਸੀਂ ਤਿਥੇ ਤੂੰ ਸਾਡੇ ਨਾਲ ਹੀ ਹੈਂ ਅਰ ਸਾਥੇ ਜੁਦਾ ਨਹੀਂ ਤਾਂ ਗੁਰੂ ਨਾਨਕ ਜੀ ਪੰਡਤ ਦੇ ਪਰਥਾਇ ਸਬਦ ਕਹਿਆ ਵੈਰਾਗ ਵਿਖੇ ਅਰ ਵਡੇ ਵੇਲੇ ਚਾਰ ਘੜੀ ਦਿਨ ਚੜੇ ॥

ਸਿਰੀ ਰਾਗੁ ਮਹਲਾ ੧ ॥ ਅਮਲੁ ਗਲੋਲਾ ਕੂੜਕਾ ਦਿਤਾ ਦੇਵਣਹਾਰਿ ॥ ਮਤੀ ਮਰਣੁ ਵਿਸਾਰਿਆ ਖੁਸੀ ਕੀਤੀ ਦਿਨ ਚਾਰਿ ॥ ਸਚੁ ਮਿਲਿਆ ਤਿਨ ਸੋਫੀਆ ਰਖਣ ਕਉ ਦਰਵਾਰੁ ॥੧॥ ਨਾਨਕ ਸਾਚੇ ਕਉ ਸਚੁ ਜਾਣੁ ॥ ਜਿਤੁ ਸੇਵਿਐ ਸੁਖੁ ਪਾਈਐ ਤੇਰੀ ਦਰਗਹ ਚਲੈ ਮਾਣੁ ॥ ੧ ॥ ਰਹਾਉ ॥ ਸਚੁ ਸਰਾ ਗੁੜ ਬਾਹਰਾ ਜਿਸੁ ਵਿਚਿ ਸਚਾ ਨਾਉ ॥ ਸੁਣਹਿ ਵਖਾਣਹਿ ਜੇਤੜੇ ਹਉ ਤਿਨ ਬਲਿਹਾਰੈ ਜਾਉ ॥ ਤਾ ਮਨੁ ਖੀਵਾ ਜਾਣੀਐ ਜਾ ਮਹਲੀ ਪਾਏ ਥਾਉ ॥ ੨ ॥ ਨਾਉ ਨੀਰੁ ਚੰਗਿਆਈਆ ਸਤੁ ਪਰਮਲੁ ਤਨਿ ਵਾਸੁ ॥ ਤਾ ਮੁਖੁ ਹੋਵੈ ਉਜਲਾ ਲਖ ਦਾਤੀ ਇਕ ਦਾਤਿ ॥ ਦੂਖ ਤਿਸੈ ਪਹਿ ਆਖੀਅਹਿ ਸੂਖ ਜਿਸੈ ਹੀ ਪਾਸਿ ॥੩॥ ਸੋ ਕਿਉ ਮਨਹੁ ਵਿਸਾਰੀਐ ਜਾ ਕੇ ਜੀਅ ਪਰਾਣ ॥ ਤਿਸੁ ਵਿਣ ਸਭੁ ਅਪਵਿਤ੍ਰੁ ਹੈ ਜੇਤਾ ਪੈਨਣੁ ਖਾਣੁ ॥ ਹੋਰਿ ਗਲਾਂ ਸਭਿ ਕੂੜੀਆ ਤੁਧੁ ਭਾਵੈ ਪਰਵਾਣੁ ॥ ੪ ॥ ੧ ॥

ਤਾਂ ਪੰਡਤ ਸ੍ਰੀ ਗੁਰੂ ਨਾਨਕ ਜੀ ਪਾਸੋਂ ਦੋਂਹ ਵਰੀ ਆਪਣੇ ਘਰ ਨੂੰ ਰੁਖਸਤ ਹੋਇਆ ਅਰ ਬਾਣੀ ਗੁਰੂ ਜੀ ਬਹੁਤ ਲਿਖ ਲੀਤੀ ਅਰ ਗੁਰੂ ਜੀ ਨੂੰ ਮਥਾ ਟੇਕ ਕੇ ਤੁਰਿਆ ॥

ਸਾਖੀ ਕ੍ਰਿਪਾਲ ਚੰਦ ਦੀ

ਅਗੇ ਸਾਖੀ ਕ੍ਰਿਪਾਲ ਚੰਦ ਨਾਲ ਹੋਈ ਤਾਂ ਭਾਈ ਘੋਹਾ ਅਤੇ ਭਾਈ ਬਾਲਾ ਗੁਰੂ ਨਾਨਕ ਜੀ ਨਾਲ ਤੁਰੇ ਅਤੇ ਦਰਸੇ ਅਤੇ ਅੰਮ੍ਰਿਤੀਏ ਨੂੰ ਤੇ ਕਰਮ ਦੇਵਾਂ ਨੂੰ ਖੁਸੀ ਦੇ ਕੇ ਛਡ ਤੁਰੇ ਦੀਪਾਲ ਸਹਿਰੋਂ ਤਾਂ ਦਰਸੇ ਹਥ ਜੋੜ ਕੇ ਕਹਾ ਮਿਹਰਵਾਨ ਅਸਾਂ ਰਜ ਕਰ ਦਰਸਨ ਨਹੀਂ ਕੀਤਾ ਸੋ ਫੇਰ ਭੀ ਕਦੀ ਮੇਲ ਹੋਸੀ ਤਾਂ ਸ੍ਰੀ ਗੁਰੂ ਜੀ ਕਹਿਆ ਆਹੋ ਮੇਲ ਹੋਸੀ ਅਜ ਤੇ ਬੀਸ ਦਿਨ ਕੋ ਅਤੇ ਦਸ ਦਿਨ ਹੋਰ ਤੁਸਾਡੇ ਪਾਸ ਰਹਿਣਾ ਹੈ ਅਤੇ ਹੁਣ ਅਸੀਂ ਰਮਦੇ ਹਾਂ ਤਾਂ ਸਭਨਾ ਨੇ ਮਥਾ ਟੇਕਿਆ ਤਾਂ ਭਾਈ ਘੋਹਾ ਅਤੇ ਮੈਂ ਅਰ ਗੁਰੂ ਨਾਨਕ ਜੀ ਤਿੰਨੇ ਤੁਰੇ ਦੀਪਾਲੂ ਸਹਰ ਤੇ ਅਤੇ ਇਕ ਪਲਕ ਦੇ ਵਿਚ ਚਿਹਾਰੀ ਬਿਲਾਇਤ ਮਹਿ ਅਸੀਂ ਤਿੰਨੇ ਜਾਇ ਖੜੇ ਹੋਏ ਸੋ ਦੋ ਕੋਹ ਉਜਾੜ ਵਿਚ ਰਸਤੇ ਮੈਂ ਬੈਠ ਗਏ ਤਿੰਨੇ ਅਸੀਂ ਅਰ ਗੁਰੂ ਨਾਨਕ ਜੀ ਦੀ ਸਮਾਧ ਲਗ ਗਈ ਅਰ ਦੋ ਦਿਨ ਸਮਾਧ ਲਗੀ ਰਹੀ ਅਤੇ ਅਸੀਂ ਬੈਠੇ ਰਹੇ ਸੋ ਜਾਂ ਦੂਜਾ ਦਿਨ ਹੋਇਆ ਤਾਂ ਗੁਰੂ ਜੀ ਦੇਹ ਵਿਚ ਆਏ ਤਾਂ ਅਸਾਂ ਦੋਹਾਂ ਮਥਾ ਟੇਕਿਆ ਤਾਂ ਗੁਰੂ ਜੀ ਕਹਿਆ ਰਾਜੀ ਹੋ ਤਾਂ ਅਸਾਂ ਕਹਿਆ ਜੀ ਤੇਰੀ ਮਿਹਰ ਤਾਂ ਓਥੇ ਇਕ ਟੋਭਾ ਸੀ ਉਸ ਵਿਖੇ ਇਸਨਾਨ ਕੀਤਾ ਅਰ ਓਥੇ ਇਕ ਸਿਖ ਖਤਰੀ ਰਹਿੰਦਾ ਸੀ ਸੋ ਓਹ ਭੀ ਓਥੇ ਹੀ ਵਾਰਤਾ ਭਜਨ ਤਪ ਕਰਨ ਆਉਂਦਾ ਸੀ ਜੋ ਓਸੇ ਟੋਭੇ ਚਾਰ ਘੜੀ ਰਾਤ ਰਹਿੰਦੀ ਆਵਣਾ ਅਤੇ ਆਪਣਾ ਬਿਉਹਾਰ ਕਰਕੇ ਚਲਾ ਜਾਂਦਾ ਸੀ ਅਰ ਜਾਂ ਫੇਰ ਘੜੀ ਦਿਨ ਰਹੇ ਤਾਂ ਫੇਰ ਓਸੇ ਟੋਭੇ ਤਿੰਨ ਘੜੀਆਂ ਰਾਤ ਤੀਕਰ ਓਹ ਭਜਨ ਤਪ ਕਰਦਾ ਆਹਾ ਤਾਂ ਗੁਰੂ ਨਾਨਕ ਜੀ ਓਸਦੀ ਦ੍ਰਿਸਟ ਵਿਚ ਆਏ ਤਾਂ ਮਨ ਵਿਚ ਵਿਚਾਰ ਕੀਤੀ ਜੋ ਸੰਤ ਭਲੇ ਹਨ ਪਰ ਭਾਈ ਕੁਛ ਪ੍ਰਸਾਦ ਲੈ ਚਲੀਏ ਤਾਂ ਰਿਦੇ ਵਿਚ ਵਿਚਾਰੀ ਜੋ ਭਾਈ ਜੇਹੜਾ ਮੈਂ ਖੁਆਜੇ ਦੇ ਵਿਚ ਪਾਵਣ ਨੂੰ ਲਿਆਵਨਾ ਸੋਈ ਲੈ ਚਲਸਾ ਸੋ ਫੇਰ ਸੇਰ ਇਕ ਮਿਠਿਆਈ ਸੋ ਲੈ ਕੇ ਗੁਰੂ ਨਾਨਕ ਜੀ ਅਗੇ ਆਣ ਮਥਾ ਟੇਕਿਆ ਅਤੇ ਕਿਹਾ ਸਾਧ ਜੀ ਪੈਰੀ ਪਇਆ ਤਾਂ ਗੁਰੂ ਨਾਨਕ ਜੀ ਕਹਿਆ ਸਤ ਕਰਤਾਰ ਭਾਈ ਸਤ ਕਰਤਾਰ ਆਉ ਭਾਈ ਕ੍ਰਿਪਾਲ ਚੰਦ ਰਾਜੀ ਤੋ ਹੋ ਅਤੇ ਭਾਈ ਮੂਲ ਚੰਦ ਤੁਮਾਰਾ ਪਿਤਾ ਤੋ ਰਾਜੀ ਹੈ ਅਰ ਮਾਤਾ ਤੇਰੀ

ਸਰੂਪੋ ॥ ਤਾਂ ਕ੍ਰਿਪਾਲ ਚੰਦ ਹੱਕਾ ਬੱਕਾ ਰਹਿ ਗਿਆ ਅਤੇ ਪ੍ਰਸਾਦ ਅਗੇ ਰਖਿਆ ਤ ਪ੍ਰਸਾਦ ਗੁਰੂ ਨਾਨਕ ਜੀ ਲੈ ਕੇ ਸਾਨੂੰ ਦਿਤਾ ਅਤੇ ਅਸੀਂ ਭੁਖੇ ਆਹੇ ਸੋ ਅਸਾਂ ਦੁਹਾਂ ਪ੍ਰਸਾਦ ਖਾਧਾ ਤੇ ਕ੍ਰਿਪਾਲ ਚੰਦ ਕਹਿਆ ਸਾਧ ਜੀ ਮੈ ਤੋ ਤੁਸਾਨੂੰ ਸਿੰਞਾਣ ਨਹੀਂ ਸਕਦਾ ਅਤੇ ਤੁਮ ਮੇਰਾ ਨਾਉਂ ਕਿਸ ਤੇ ਸੁਣਿਆ ਹੈ ਅਤੇ ਮੈਂ ਤਾਂ ਤੁਸਾਡਾ ਗਰੀਬ ਖਤਰੀ ਹਾਂ ਅਤੇ ਤੁਸੀਂ ਅੰਤਰਜਾਮੀ ਸਾਧ ਹੋ ਇਸ ਬਾਤ ਦਾ ਮੈਨੂੰ ਜਬਾਬ ਕਰੋ ਤਾਂ ਗੁਰੂ ਨਾਨਕ ਜੀ ਕਹਿਆ ਭਾਈ ਕ੍ਰਿਪਾਲ ਚੰਦ ਜਬ ਤ੍ਰੇਤਾ ਕੇ ਅੰਤ੍ਰ ਵਿਖੇ ਹਮ ਤੁਮ ਜਲ ਕੇ ਕਿਨਾਰੇ ਭਜਨ ਕਰਤੇ ਥੇ ਅਰ ਤਬ ਤੁਮ ਕੋ ਖੁਆਜਾ ਹੀ ਤੇ ਨਿਸਚਾ ਥਾ ਅਰ ਤਬ ਤੁਮ ਅਗਯਾਤ ਥੇ ਜੋ ਪਹਿਲੇ ਤੋ ਤੁਮ ਹਮ ਕੋ ਗੁਰ ਜਾਨਤੇ ਥੇ ਅਰ ਫੇਰ ਤੁਮ ਕੋ ਏਹ ਸਮਝ ਹੋਈ ਜੋ ਹਮਾਰੇ ਗੁਰਦੇਵ ਨੇ ਖੁਆਜੇ ਹੀ ਤੇ ਪਾਈ ਹੈ ਸੋ ਅਸੀਂ ਭੀ ਖੁਆਜੇ ਹੀ ਕੀ ਸੇਵਾ ਕਰੀਏ ਅਤੇ ਤਦ ਤੁਸੀਂ ਦੋਇ ਭਾਈ ਥੇ ਸੋ ਦੁਨਹੁ ਨੇ ਨਿਸਚਾ ਕੀਆ ਜੋ ਹਮਾਰਾ ਗੁਰੂ ਖੁਆਜਾ ਹੈ ਅਤੇ ਤਬ ਹਮਾਰੀ ਟਹਿਲ ਤੁਮ ਨੇ ਛੋਡੀ ਜੋ ਥੋੜੀ ਕਰਨ ਲਗੇ ਅਤੇ ਉਸਦੀ ਸੇਵਾ ਵਿਖੇ ਸਮਰਥ ਹੂਏ ਤਬ ਏਕ ਦਿਨ ਤੁਸੀਂ ਦੋਨੋਂ ਭਾਈ ਅਧੀ ਰ੍ਹਾਤ ਕੋ ਖੁਆਜੇ ਕੀ ਸੇਵਾ ਕਰਨੇ ਚਲੇ ਥੇ ਸੋ ਤਬ ਤੁਸਾਡੇ ਮਾਰਗ ਦੇ ਵਿਚ ਇਕ ਮਨੁਖ ਆਉਂਦਾ ਸੀ ਅਤੇ ਰਾਤ ਅੰਧੇਰੀ ਸੀ ਅਤੇ ਤਦ ਤੁਸਾਂ ਪੁਛਿਆ ਭਾਈ ਤੂੰ ਕਉਣ ਹੈਂ ਅਰ ਏਸ ਵੇਲੇ ਕਿਥੇ ਚਲਿਆ ਹੈਂ ਤਾਂ ਉਸ ਨੇ ਕਹਿਆ ਭਾਈ ਮੈਂ ਖੁਆਜਾ ਹਾਂ ਤੇ ਗੁਰੂ ਨਾਨਕ ਜੀ ਦੇ ਦਰਸਨ ਨੂੰ ਜਾਂਦਾ ਹਾਂ ਤਾਂ ਤੁਸਾਂ ਪੁਛਿਆ ਭਾਈ ਤੂੰ ਕਿਉਂ ਜਾਂਦਾ ਹੈਂ ਉਨਾਂ ਪਾਸ ਤਾਂ ਖੁਆਜੇ ਕਹਿਆ ਓਹ ਮੇਰਾ ਗੁਰੂ ਹੈ ਅਰ ਹਰ ਰੋਜ ਉਨਾਂ ਦੇ ਦਰਸਨ ਨੂੰ ਕੁਛ ਭੇਟ ਲੈ ਕਰ ਜਾਂਦਾ ਅਤੇ ਅਜ ਮਛੀ ਹੀ ਭੇਟ ਲੈ ਕਰ ਜਾਂਦਾ ਹਾਂ ਤਾਂ ਫਿਰ ਤੁਸੀਂ ਉਸਨੂੰ ਪੁਛਣ ਲਗੇ ਭਾਈ ਅਸੀਂ ਤਾਂ ਤੇਰੇ ਦਰਸਨ ਨੂੰ ਚਲੇ ਸੇ ਅਤੇ ਤੂੰ ਆਖਦਾ ਹੈਂ ਮੈਂ ਗੁਰੂ ਨਾਨਕ ਜੀ ਦੇ ਦਰਸਨ ਨੂੰ ਚਲਿਆ ਹਾਂ ਸੋ ਅਸੀਂ ਤੈਨੂੰ ਹੁਣ ਕੀ ਸੇਵੀਏ ਤਾਂ ਖੁਆਜੇ ਕਹਿਆ ਪਰਮੇਸਰ ਦੇ ਪਿਆਰਿਓ ਮੈਂ ਪਾਣੀ ਹਾਂ ਅਰ ਉਹ ਪਉਣ ਗੁਰੂ ਹੈ ਅਰ ਮੈਂ ਕਈ ਉਸਤੇ ਉਪਜਿਆ ਹਾਂ ਅਰ ਕਈ ਬਾਰ ਉਸ ਮੈ ਲੀਨ ਹੋ ਜਾਂਦਾ ਹਾਂ ॥ ਅਤੇ ਭਾਈ ਉਸਦਾ ਪ੍ਰੇਮ ਮੇਰੇ ਉਤੇ ਬਹੁਤ ਹੈ ਜੋ ਓਹ ਮੇਰੇ ਉਪਰ ਹੀ ਬੈਠ ਕੇ ਭਜਨ ਕੀਰਤਨ ਕਰਦਾ ਹੈ ਅਰ ਮੈਂ ਓਸਦਾ ਸਿਖ ਹਾਂ ਤਾਂ ਏਹ ਗਲ ਕਹਿ ਕੇ ਖੁਆਜਾ ਸਾਡੇ ਪਾਸ ਆਇਆ ਸੋ ਆਇਕੇ ਦਰਸਨ ਪਰਸਨ ਕਰਕੈ ਅਰ ਸਾਡੀ ਟਹਿਲ ਕਰਕੈ ਚਲਿਆ ਗਿਆ ਅਤੇ ਤੁਸੀਂ ਭੀ ਪਿਛੈ ਛੇਤੀ ਹੀ ਆਏ ਤੇ ਅਸਾਂ ਤੁਸਾਨੂੰ ਪੁਛਿਆ ਭਾਈ ਅਜ ਤੁਸੀਂ ਅਸਾਂ ਤੇ ਛੇਤੀ ਹੀ ਆਏ ਹੋ ਅਰ ਅਗੇ

ਤੁਸੀਂ ਬਹੁਤ ਦਿਨ ਚੜੇ ਆਉਂਦੇ ਸੇ ਤਾਂ ਤੁਸਾਂ ਦੁਹਾਂ ਸਾਨੂੰ ਮਥਾ ਟੇਕਿਆ ਅਤੇ ਉਠੋ ਨਾਹੀਂ ਤਾਂ ਅਸੀਂ ਤੁਸਾਨੂੰ ਪੁਛਿਆ ਅਤੇ ਤੁਸਾਂ ਸਭ ਹਕੀਕਤ ਕਹਿ ਸੁਨਾਈ ਜੋ ਮਿਹਰਵਾਨ ਅਸੀਂ ਬਹੁਤ ਭੁਲੇ ਹਾਂ ਕਿ ਅਸਾਂ ਖੁਆਜੇ ਨੂੰ ਤੇਰੇ ਤੇ ਵਧ ਜਾਤਾ ਸੀ ਅਤੇ ਅਸੀਂ ਤੇਰੀ ਵਡਿਆਈ ਨੂੰ ਜਾਣਦੇ ਨਾਸੇ ਪਰ ਖੁਆਜੇ ਤੇ ਅਸਾਡੀ ਨਿਸਾ ਹੋਈ ਤਾਂ ਗੁਰੂ ਜੀ ਕਹਿਆ ਭਾਈ ਤੁਸਾਂ ਉਧਰਨਾ ਸੀ ਪਰ ਇਕ ਜਨਮ ਤੁਸਾਨੂੰ ਹੋਰ ਹੋਵੇਗਾ ਕਜੋਂ ਜੋ ਤੁਸਾਡਾ ਰਿਦਾ ਫਿਰ ਗਿਆ ਸੀ ਸਾਡੇ ਕੋਲੋਂ ਸੋ ਇਸ ਵਾਸਤੇ ਤੁਸੀਂ ਕਲਜੁਗ ਵਿਚ ਉਧਰੋਗੇ ਸੋ ਭਾਈ ਜੀ ਵਚਨ ਦਾ ਸਦਕਾ ਤੁਸਾਡੇ ਪਾਸ ਅਸੀਂ ਆਏ ਹਾਂ ਜੀ ਅਤੇ ਤੁਸਾਡਾ ਦੂਸਰਾ ਭਾਈ ਤਾਂ ਜਲ ਵਿਖੇ ਗਲ ਗਿਆ ਅਤੇ ਉਸਨੇ ਕਰਤਾਰ ਨੂੰ ਏਕ ਟੇਕ ਧਾਰਕੇ ਉਸ ਸਿਮਰਨ ਕੀਤਾ ਆਹਾ ਅਰ ਤੈ ਭੀ ਵਡੀ ਭਗਤੀ ਕੀਤੀ ਆਹੀ ਇਕਸੈ ਪੁਰਖ ਦੀ ਪਰ ਹੁਣ ਸਾਡੇ ਸੰਗ ਹੋ ਕੇ ਉਧਰਨਾ ਹੈ ਤਾਂ ਫਿਰ ਗੁਰੂ ਨਾਨਕ ਜੀ ਕਹਿਆ ਭਾਈ ਕ੍ਰਿਪਾਲ ਚੰਦ ਹੁਣ ਸਾਨੂੰ ਖੁਸੀ ਕਰੋ ਹੁਣ ਅਸੀਂ ਅਗਲੇ ਮਹਲਿਓਂ ਸੈਦੇ ਨੂੰ ਮਿਲਣਾ ਹੈ ਅਤੇ ਉਸ ਸਹਰ ਦਾ ਪੈਂਡਾ ਅਸੀ ਕੋਹਾਂ ਹੈਸੀ ਅਤੇ ਸਹਰ ਅਸੀ ਕੋਹਾਂ ਵਿਚ ਵਸਦਾ ਸੀ ਤਾਂ ਕ੍ਰਿਪਾਲ ਚੰਦ ਕਹਿਆ ਮਿਹਰਵਾਨ ਓਹ ਤਾਂ ਚਮਯਾਰੀ ਮਹਲੇ ਹੈ ਅਰ ਹਮਾਰੇ ਪਾਸ ਦਸਵੇਂ ਦਿਨ ਆਉਂਦਾ ਹੈ ਅਤੇ ਤੁਸੀਂ ਤਾਂ ਜਾਣੀ ਜਾਣ ਹੋ ਅਤੇ ਲੋਕ ਦੇਖਣ ਤਾਂ ਗੁਸੇ ਹੋਵਣ ਜੋ ਨੀਚ ਨੂੰ ਲੈ ਬੈਠਦਾ ਹੈ ਤਿਸ ਲੀਏ ਦਸਵੇਂ ਦਿਨ ਨੂੰ ਪਹਰ ਰਾਤ ਗਈ ਨੂੰ ਸਬਦ ਕੀਰਤਨ ਸੁਣਨੇ ਵਾਸਤੈ ਆਇ ਬੈਠਤਾ ਹੈ ॥

ਸਾਖੀ ਸੈਦੇ ਚਮਾਰ ਦੀ

ਸੋ ਕੋਈ ਬਰਸ ਪੰਦ੍ਰਾਂ ਕੁ ਹੋਏ ਹਨ ਸੈਦੇ ਨੂੰ ਸਾਡੇ ਕੋਲ ਆਉਂਦਿਆਂ ਨੂੰ ਅਤੇ ਅਗੇ ਜਦ ਅਸੀਂ ਕੀਰਤਨ ਕਰਦੇ ਸੇ ਤਾਂ ਪਹਲੇ ਪਹਲ ਏਹ ਸਾਡੇ ਦਰਵਾਜੇ ਹਵੇਲੀ ਦੇ ਅਗੇ ਖੜਾ ਹੋਇਕੇ ਸੁਣਦਾ ਸੀ ਅਤੇ ਕਦੀ ਰਾਤ ਹੀ ਗੁਜਰ ਜਾਵੇ ਸੋ ਘੜੀ ਦਿਨ ਚੜੇ ਘਰ ਜਾਇ ਅਤੇ ਪਹਿਲੋਂ ਤਾਂ ਏਹੁ ਬੁਰਾ ਕਰਮ ਕਰਦਾ ਸੀ ਜੋ ਜੀਆਂ ਨੂੰ ਰਾਤ ਦਿਨ ਮਾਰਤਾ ਥਾ ਪਰ ਏਕ ਦਿਨ ਇਸ ਸਰੋਵਰ ਪਰ ਅਸਾਨੂੰ ਏਥੇ ਹੀ ਮਿਲਿਆ ਥਾ ਪਰ ਫੇਰ ਸਬਦ ਸੁਣਨ ਨਿਤ ਆਇਆ ਕਰੇ ਅਤੇ ਇਕ ਦਿਨ ਅਸਾਂ ਆਖਿਆ ਭਾਈ ਜੀ ਅੰਦਰ ਆਉ ਤਾਂ ਓਹ ਅੰਦਰ ਆਇ ਬੈਠਾ ਸੋ ਫੇਰ ਅਸਾਂ ਚੌਥੇ ਪੰਜਵੇਂ ਦਿਨ ਕਹਾ ਸਿਖ ਜੀ ਤੂੰ ਨੇਮ ਕਰਕੇ ਆਇਆ ਕਰ ਜੋ ਦਸਾਂ ਦਿਨਾਂ ਵਿਚ ਇਕ ਦਿਨ ਅਸਾਡੇ ਕੋਲ ਆਵਨ ਅਤੇ ਤੈਨੂੰ ਪੰਝੀ ਕੋਹਾਂ ਪੈਂਡਾ ਰੋਜ ਪਹੁਚਦਾ ਹੈ

ਤਾਂਤੇ ਭਾਈ ਤੂੰ ਦਸਵੇਂ ਦਿਨ ਅਸਾਡੇ ਕੋਲ ਆਇਆ ਕਰ ਤਾਂ ਉਸ ਸਿਖ ਨੈ ਮੰਨ ਲੀਤਾ ਤਾਂ ਗੁਰੂ ਨਾਨਕ ਜੀ ਕਹਿਆ ਭਾਈ ਕ੍ਰਿਪਾਲ ਚੰਦ ਹੁਣ ਸਾਨੂੰ ਉਸਨੂੰ ਮਿਲਾਉ ਤਾਂ ਕ੍ਰਿਪਾਲ ਚੰਦ ਮਥਾ ਟੇਕਿਆ ਗੁਰੂ ਜੀ ਨੂੰ ਤੇ ਘਰ ਆਇਆ ਅਰ ਆਇ ਕਰ ਘੋੜੇ ਉਪਰ ਕਾਠੀ ਪਾਈ ਅਰ ਕ੍ਰਿਪਾਲ ਚੰਦ ਹੋਰੀ ਬਡੇ ਲਾਖਾਪਤੀ ਸਾਹੂਕਾਰ ਥੇ ਤਬ ਕ੍ਰਿਪਾਲ ਚੰਦ ਘੋੜੇ ਤੇ ਚੜ ਕਰ ਅਰ ਉਸ ਮਹਲੇ ਕੇ ਦਰਵਾਜੇ ਪਰ ਖੜਾ ਹੋ ਕੇ ਅਰ ਕਿਸੀ ਮਨੁਖ ਨੂੰ ਕਹਿ ਕਰ ਸੈਦੇ ਨੂੰ ਕ੍ਰਿਪਾਲ ਚੰਦ ਨੇ ਸਦਵਾਇਆ ਤਾਂ ਸੈਦਾ ਆਇਆ ਜਾਂ ਡਿਠਾ ਸੈਦੇ ਨੇ ਜੋ ਭਾਈ ਕ੍ਰਿਪਾਲ ਚੰਦ ਹੈ ਤਾਂ ਮਥਾ ਟੇਕਦਾ ਟੇਕਦਾ ਓਥੇ ਆਇਆ ਤਾਂ ਫਿਰ ਅਦਬ ਨਾਲ ਮਥਾ ਟੇਕਿਆ ਤਾਂ ਫਿਰ ਭਾਈ ਕ੍ਰਿਪਾਲ ਚੰਦ ਨੇ ਭੀ ਨਿਉਂਕੇ ਮਥਾ ਟੇਕਿਆ ਤਾਂ ਸੈਦੇ ਕਹਿਆ ਜੀ ਤੂੰ ਮੇਰੇ ਸਿਰ ਪਾਪ ਨਾ ਚੜਾਇਆ ਕਰ ਜੋ ਤੂੰ ਉਚਾ ਹੋ ਕੇ ਅਸਾਂ ਨੀਚਾਂ ਨੂੰ ਨਿਉਂਣਾ ਹੈਂ ਤਾਂ ਭਾਈ ਕ੍ਰਿਪਾਲ ਚੰਦ ਆਖਿਆ ਭਾਈ ਨਿਉਂਣਾ ਹੀ ਭਲਾ ॥ ਤਾਂ ਫਿਰ ਕ੍ਰਿਪਾਲ ਚੰਦ ਨੇ ਸੈਦੇ ਨੂੰ ਕਹਿਆ ਕਿ ਜਿਸ ਵਾਸਤੇ ਭਾਈ ਸੈਦਾ ਅਸੀਂ ਭਜਨ ਕੀਰਤਨ ਕਰਦੇ ਸੇ ਸੋਈ ਪਰਮੇਸਰ ਅਸਾਂ ਕੋਲ ਆਇਆ ਹੈ ਤਾਂ. ਸੈਦੇ ਕਹਿਆ ਜੀ ਮੇਰਾ ਤਾਂ ਮੇਲੀ ਕੋਈ ਨਹੀਂ ਪਰ ਜੇ ਤੁਸਾਡਾ ਮੇਲੀ ਉਹ ਸਾਧ ਹੈ ਤਾਂ ਮੈਂ ਦਰਸਨ ਨੂੰ ਜਾਂਦਾ ਹਾਂ ਤਾਂ ਕ੍ਰਿਪਾਲ ਚੰਦ ਕਹਿਆ ਭਲਾ ਭਾਈ ਸੈਦਾ ਹੁਣ ਤਾਂ ਚਲੀਏ ਤਾਂ ਭਾਈ ਸੈਦਾ ਕ੍ਰਿਪਾਲ ਚੰਦ ਦੇ ਨਾਲ ਗੁਰੂ ਨਾਨਕ ਜੀ ਦੇ ਹਜੂਰ ਆਇਆ ਸੋ ਤ੍ਰਿਕਾਲਾਂ ਦੇ ਵੇਲੇ ਸਵੇਰ ਦੇ ਤੁਰੇ ਆ ਪਹੁੰਚੇ ਤਾਂ ਕ੍ਰਿਪਾਲ ਚੰਦ ਗੁਰੂ ਨਾਨਕ ਜੀ ਦੇ ਚਰਨਾਂ ਤੇ ਮਥਾ ਟੇਕਿਆ ਅਤੇ ਸੈਦੇ ਦੂਰ ਹੀ ਤੇ ਮਥਾ ਟੇਕਿਆ ਅਤੇ ਮੁਖ ਤੇ ਕਹਾ ਸਾਧ ਜੀ ਮਥਾ ਟੇਕਦੇ ਹਾਂ ਤਾਂ ਗੁਰੂ ਨਾਨਕ ਜੀ ਕਹਿਆ ਆਉ ਭਾਈ ਕਰਤਾਰ ਚਿਤ ਆਵੈ ਰਾਜੀ ਤਾਂ ਹੌ ਨਾ ਤਾਂ ਸੈਦਾ ਮੂਹ ਵਲ ਵੇਖੇ ਤੇ ਸਿਵਾਣ ਸਕੇ ਨਹੀਂ ਤਾਂ ਫੇਰ ਸ੍ਰੀ ਗੁਰੂ ਨਾਨਕ ਜੀ ਨੂੰ ਪੁਛਣ ਲਗਾ ਸਾਧ ਜੀ ਤੁਮ ਮੇਰੇ ਮਹਿਰਮ ਕਦ ਕੇ ਹੋ ਅਤੇ ਮੈਂ ਤਾਂ ਜੀ ਤੁਸਾਡਾ ਗੁਲਾਮ ਚਮਿਆਰ ਹਾਂ ਜੀ ਅਤੇ ਮੈਂ ਤਾਂ ਤੁਸਾਨੂੰ ਸਿਵਾਣ ਨਹੀਂ ਸਕਦਾ ਤਾਂ ਗੁਰੂ ਨਾਨਕ ਜੀ ਕਹਿਆ ਭਾਈ ਸੈਦਾ ਹੁਣ ਆਪੇ ਸਿਵਾਣੇਗਾ ਕਯੋਂ ਜੋ ਅਗੇ ਤੁਸਾਂ ਅਗੇ ਪੜਦਾ ਹੋ ਗਿਆ ਸੀ ਸੋ ਤਿਸ ਨੇ ਤੈਨੂੰ ਛਾਇ ਲਿਆ ਸੀ ਅਤੇ ਹੁਣ ਕ੍ਰਿਪਾਲ ਚੰਦ ਕੇ ਸੰਗ ਤੇ ਚਾਨਣਾ ਹੋ ਆਵਸੀ ਤਾਂ ਫਿਰ ਗੁਰੂ ਨਾਨਕ ਜੀ ਸਲੋਕ ਕਹਿਆ ॥

ਸਤਜੁਗ ਮੈ ਹਮ ਤੁਮ ਏਕ ਸੰਗ ਰਹਿਤੇ ॥ ਖਾਵਤ ਪੀਵਤ ਹਰਿ ਸਿਮਰਨ ਏਕਠਾ ਕਰਤੇ ਤ੍ਰੇਤੇ ਮੈ ਭੀ ਹਮਰੇ ਸਾਥ ਸਮਾਹੀ ॥ ਦੁਆਪਰ ਮੈ ਤੁਮ ਜੁਦਾ ਹੋਇ ਕਰ ਬਹੁਤ ਦੁਖ ਪਾਹੀ ॥ ਤਬ ਚਲਤੇ ਚਲਤੇ ਗਏ ਰਸਾਤਲ ॥ ਤਬ

ਤੁਮ ਬੁਰੇ ਕਾਮ ਕੀਏ ਅਰ ਭਏ ਤੁਮ ਆਤਰ ॥ ਤਬ ਦੀਨ ਦਯਾਲ ਕੋ ਤੁਮ ਬਿਸਰਾਨਾ ॥ ਤਿਸਤੇ ਤੁਮ ਹਮਤੇ ਜੁਦਾ ਕਰ ਠਾਨਾ ॥ ਦਿਨ ਦਿਨ ਤੁਮਕੋ ਅਤ ਦੁਖ ਹੋਇਆ ॥ ਤੁਮ ਭਲੇ ਕਰਮ ਕੋ ਪੁੰਨ ਸਭ ਖੋਇਆ ॥ ਤਬ ਤੁਮ ਬਹੁਤ ਵਾਰ ਚਮਾਰ ਘਰ ਹੋਏ ॥ ਤੁਮਰੇ ਪਾਪ ਕੀਏ ਸਭ ਸਾਖੀ ਖੜੋਏ ॥ ਤਿਸਤੇ ਤੁਮਰੇ ਏਕ ਦੋ ਜਨਮ ਰਹੇ ॥ ਕ੍ਰਿਪਾਲ ਚੰਦ ਕਾ ਸੰਗ ਤਬ ਤੁਮਕੋ ਚਹੈ ॥ ਇਸਕੇ ਸੰਗ ਤੇ ਸਰਪਰ ਜਾਵੈ ॥ ਤਤਕਾਲ ਨਿਰੰਜਨ ਕੀ ਪੂਰੀ ਸਮਾਵੈ ॥ ਨਾ ਤੌ ਸਭ ਤੇ ਉਰੇ ਰਹੋਗੇ ਖੜੇ ॥ ਬਿਨ ਨਿਰੰਕਾਰ ਕੇ ਭਜਨ ਉਹਾਂ ਨਹੀਂ ਚੜੇ ॥ ਜਬ ਤੁਮ ਰਿਦੇ ਸੋ ਚਿੰਤਾ ਦ੍ਵੈਤ ਮਿਟਾਵੋ ॥ ਤਬ ਤੁਮ ਅਸਵਨੀ ਸਰੂਪ ਕੇ ਸੰਗ ਸਮਾਵੋ ॥ ਜਿਸ ਦਿਨ ਤੁਮ ਨੇ ਹਰਖ ਸੋਗ ਗਵਾਇਆ ॥ ਤਿਸ ਦਿਨ ਤੁਮ ਨੇ ਅੰਮ੍ਰਿਤ ਸਾਰ ਪਾਇਆ ॥ ਕਹੁ ਨਾਨਕ ਹਮ ਸਭ ਕੀ ਰੇਨ ਹੋਇ ਭਜਿਓ ਨਿਰੰਜਨ ॥ ਤਿਸਤੇ ਕਿਲਵਿਖ ਕਾਟ ਸਭੀ ਦੀਏ ਨਿਰੰਜਨ ॥

ਤਾਂ ਫਿਰ ਸੈਦੇ ਮਥਾ ਟੇਕਿਆ ਅਤੇ ਮੁਖ ਤੇ ਕਹਾ ਸਾਧ ਜੀ ਮੈਂ ਗਰੀਬ ਚਮਾਰ ਤੁਸਾਡਾ ਹਾਂ ਪਰ ਮੈਂ ਤੁਸਾਡੀ ਇਹੁ ਬੋਲੀ ਸਮਝੀ ਨਹੀਂ ਸੋ ਮੈਨੂੰ ਕ੍ਰਿਪਾ ਕਰਕੇ ਖੋਲਕੇ ਦਸੋ ਜੋ ਮੈਂ ਸਮਝਾਂ ਜੀ ਤਾਂ ਗੁਰੂ ਨਾਨਕ ਜੀ ਕ੍ਰਿਪਾਲ ਚੰਦ ਨੂੰ ਕਹਿਆ ਭਾਈ ਕ੍ਰਿਪਾਲ ਚੰਦ ਇਸ ਦੇ ਅਜੇ ਆਈਨੇ ਖੁਲਣ ਵਿਚ ਦਿਨ ਬਹੁਤ ਰਹਿੰਦੇ ਹਨ ਅਤੇ ਅਜੇ ਇਸਨੂੰ ਚਾਨਣਾਂ ਨਹੀਂ ਹੋਇਆ ਪਰ ਤੇਰੇ ਸੰਗਤੇ ਹੁਣ ਖੁਲ ਆਉਸੀ ਅਤੇ ਸਾਰਾ ਚਾਨਣਾ ਸਾਡੇ ਆਉਤਾਰ ਦੇ ਮਿਲਿਆਂ ਤੇ ਹੋਵਣਾ ਹੈ ਅਤੇ ਭਾਈ ਤੇਰੇ ਮਿਲਣੇ ਤੇ ਸੁਭਾਉ ਅਛਾ ਹੋਇ ਆਵੇਗਾ ਅਤੇ ਗੁਣ ਭੀ ਤੇਰੇ ਮਿਲਾਪ ਤੇ ਹੋਵੇਗਾ ਅਰ ਫੇਰ ਜਨਮ ਭੀ ਸੁਖ ਵਿਚ ਭੋਗੇਗਾ ਅਤੇ ਫੇਰ ਗੁਰੂ ਨਾਨਕ ਜੀ ਕਹਿਆ ਭਾਈ ਕ੍ਰਿਪਾਲ ਚੰਦ ਅਜੇ ਇਸਦੇ ਦੋਇ ਜਨਮ ਚਮਾਰ ਦੇ ਰਹਿੰਦੇ ਹੈਨ ਪਰ ਹੁਣ ਸੁਖੀ ਭੋਗੇਗਾ ਭਾਈ ਗਿਆਨਵਾਨ ਨੂੰ ਜਿਸ ਤਰਾਂ ਗੁਜਰਦੀ ਹੈ ਤਿਉ ਸੁਖੀ ਹੋ ਕੇ ਕਟਦਾ ਹੈ ਸੋ ਭਾਈ ਹੁਣ ਤੇਰੇ ਸੰਗਤੇ ਪਾਵੇਗਾ ਤਾਂ ਸੈਦੇ ਕਹਿਆ ਸਾਧ ਜੀ ਮੈਂ ਤੇਰਾ ਕਹਿਆ ਤਦ ਮੰਨਾਂਗਾ ਜਦ ਤੂੰ ਮੈਨੂੰ ਦਰੁਸਤ ਠਿਕਾਣਾ ਦਸੇਂਗਾ ਤਾਂ ਮੈਂ ਜਾਣਾਗਾ ਤਾਂ ਗੁਰੂ ਨਾਨਕ ਜੀ ਕਹਿਆ ਭਾਈ ਸੈਦਾ ਅਜੇ ਤੈਨੂੰ ਮਲੂਮ ਨਹੀਂ ਹੋਇਆ ਜਦ ਹੋਸੀ ਤਦ ਤੂੰ ਆਪੇ ਹੀ ਜਾਣੇਗਾ ਅਤੇ ਸੁਣ ਭਾਈ ਸਤਜੁਗ ਵਿਚ ਹਮ ਤੁਮ ਇਕਠੇ ਹੂਏ ਥੇ ਅਰ ਤ੍ਰੇਤੇ ਮੈਂ ਭੀ ਪਰ ਅੰਤ ਤ੍ਰੇਤੇ ਮੈਂ ਤੁਮ ਜੁਦੇ ਹੋ ਗਏ ਤਾਂ ਫਿਰ ਐਸੇ ਜੁਦੇ ਹੂਏ ਜੋ ਫੇਰ ਨਾ ਮਿਲੇ ਪਰ ਅਬ ਦਇਆ ਭਾਈ ਕ੍ਰਿਪਾਲ ਚੰਦ

ਕੀਸੇ ਹੁਣ ਮਿਲੇ ਹੋਂ ਸੰਤੋ ਕੀ ਦਿਆਲਗੀ ਐਸੀ ਹੋਤੀ ਹੈ ਤਾਂ ਸੈਦੇ ਕਹਿਆ ਜੀ ਮਿਲੇ ਕਦ ਹੋ ਅਤੇ ਜੁਦੇ ਕਦ ਹੋਇ ਗਏ ਹੋ ਮੇਰੇ ਸੰਗ ਤੇ ਅਤੇ ਮੈਂ ਕਦ ਦਾ ਤੁਮਾਰੇ ਕੋਲੋਂ ਜੁਦੇ ਹੋਇਆ ਇਹ ਵਾਰਤਾ ਕ੍ਰਿਪਾ ਕਰਕੈ ਮੈਨੂੰ ਸੁਣਾਈਐ ਅਤੇ ਕਿਸ ਸੰਜੋਗ ਤੇ ਜੁਦਾ ਹੋਇਆ ਤਾਂ ਗੁਰੂ ਨਾਨਕ ਜੀ ਭਲਾ ਭਾਈ ਸਭੋ ਕੁਛ ਦਸੀਏਗਾ ਤਾਂ ਗੁਰੂ ਨਾਨਕ ਜੀ ਕਹਿਆ ਭਾਈ ਸੈਦਾ ਤ੍ਰੇਤੇ ਕੇ ਅੰਤ ਵਿਖੇ ਪਹਲੇ ਗੁਰੀਏ ਜਟ ਕੇ ਹੋਤਾ ਥਾ ਅਤੇ ਤੇਰੀ ਮਾਤਾ ਕਾ ਨਾਮ ਸੁਹਾਵੀ ਥਾ ਪਰ ਤੈਨੇ ਭਦ ਇਕਸ ਮਾਨੁਖ ਨੂੰ ਕਹਿਆ ਭਾਈ ਜੀ ਜੋ ਮੈਂ ਤੇਰਾ ਕਾਰਜ ਕਰ ਦੇਵਾਂਗਾ ਜਾਂ ਕਰਾਇ ਦੇਵਾਂਗਾ ਸੋ ਜਦ ਕਾਰਜ ਕਾ ਸਮਾਂ ਆਇਆ ਤਬ ਤੂੰ ਮੁਕਰ ਗਇਆ ਅਤੇ ਕਾਰਜ ਉਸਦਾ ਕਰਿਆ ਨਹੀਂ ਤਬ ਉਸ ਅਰਥੀ ਕੀ ਚਾਹ ਘਟ ਗਈ ਅਤੇ ਸਾਸਤ੍ਰਕਾਰੋਂ ਨੇ ਭੀ ਕਹਿਆ ਹੈ ਜੋ ਏਹ ਬਡਾ ਪਾਪ ਹੋਤਾ ਹੈ ਜੋ ਕਹਿ ਕਰ ਮੁਕਰ ਜਾਣਾ ਸੋ ਤਿਸਕੋ ਇਕਤੀ ਜਨਮ ਚੰਡਾਲ ਕੇ ਹੋਤੇ ਹੈਂ ਅਤੇ ਬਾਰ ਬਾਰ ਨਵੁੰਸਕ ਹੋਤਾ ਹੈ ॥ ਅਰ ਦੂਸਰਾ ਤੂੰ ਰਾਜਾ ਕਾ ਖਿਜਮਤਗਾਰ ਥਾ ਅਤੇ ਤਬ ਰਾਜਾ ਜੀ ਤੇਰੇ ਹਥ ਕਾ ਪ੍ਰਸਾਦ ਛਕਦੇ ਥੇ ਪਰ ਤੈਨੂੰ ਐਸਾ ਕੋਈ ਸੁਭਾਉ ਪੈ ਗਿਆ ਜੋ ਤੂੰ ਰਾਜਾ ਜੀ ਨੂੰ ਜੂਠਾ ਹੀ ਖੁਲਾਇਆ ਕਰੇਂ ਸੋ ਤੈਨੇ ਪਾਂਚ ਸਾਤ ਵਾਰ ਰਾਜਾ ਜੀ ਕੋ ਜੂਠਾ ਖੁਲਾਇਆ ਸੋ ਤਿਸ ਕਰ ਭੀ ਪਾਪ ਹੂਆ ਅਰ ਰਾਜਾ ਭੀ ਘਟਾਂ ਕੇ ਮਾਲਕ ਥੇ ਪਰ ਰਾਜਾ ਜਨਕ ਜੀ ਨੇ ਤੇਰਾ ਮਾਨ ਰਖਿਆ ਅਰ ਇਉਂ ਕਹਿਆ ਜੋ ਭਾਈ ਏਹ ਟਹਲ ਛੋਡ ਦੇਹ ਅਰ ਔਰ ਟਹਿਲ ਕਰਿਆ ਕਰ ਸੋ ਤਬ ਤੁਮਨੇ ਓਹ ਟਹਿਲ ਛੋਡ ਦਈ ਅਤੇ ਔਰ ਕਾਮ ਕਰਨੇ ਲਗਾ ਪਰ ਪਾਪ ਤੇਰੇ ਕੋ ਕਹਾ ਸੋ ਜਬ ਏਹ ਕਾਮ ਛਡਿਆ ਤਾਂ ਰਾਜਾ ਕੇ ਅੰਦਰ ਜਨਾਨਿਓਂ ਮੈਂ ਇਕ ਚੰਬੇਲੀ ਗੋਲੀ ਸੀ ਸੋ ਉਸਕੇ ਸਾਥ ਤੈਂ ਸਪਰਸ ਪ੍ਰੀਤ ਕਰੀ ਤਾਂ ਫਿਰ ਲੋਕ ਭੀ ਰਾਜਾ ਕੋ ਕਹੈਂ ਅਰ ਰਾਜਾ ਭੀ ਔਰਤੋਂ ਤੇ ਸੁਨੈਂ ਅਰ ਆਪ ਭੀ ਜਾਣੇ ਪਰ ਰਾਜਾ ਨੇ ਤੁਮਕੋ ਕੁਛ ਨਾ ਕਹਿਆ ਸੋ ਫਿਰ ਕਿਤਨੇਕ ਮਹੀਨਿਓਂ ਮੈ ਉਸਕੋ ਦੁਖ ਹੋਇ ਗਿਆ ਤਿਸਤੇ ਓਹ ਚੰਬੇਲੀ ਮਰ ਗਈ ਤਬ ਤੂੰ ਉਸ ਮਾਨੁਖ ਕਾ ਸਬਰ ਕੀਆ ਪਰ ਰਿਦਾ ਤੇਰਾ ਕਾਮ ਦੇ ਦੁਖ ਕਰ ਅਗਨ ਕਾ ਰੂਪ ਹੋਇ ਗਇਆ ਤਾਂ ਫਿਰ ਇਕ ਦਿਨ ਉਸ ਚੰਬੇਲੀ ਕਾ ਫਿਕਰ ਕਰਤਾ ਥਾ ਜੋ ਭਾਈ ਚੰਬੇਲੀ ਮੇਰੀ ਸੁਖ ਰੂਪ ਥੀ ਸੋ ਹੁਣ ਮੁਝਕੋ ਸੁਖ ਕਬ ਹੋਣਾ ਹੈ ਤਾਂ ਸਮਾਂ ਪਾਇਕੇ ਇਕ ਬ੍ਰਹਮਣ ਤੇਰੇ ਡੇਰੇ ਆਇਆ ਤੇ ਉਸ ਬ੍ਰਾਹਮਣ ਕਹਿਆ ਭਾਈ ਤੂੰ ਸੁਖੀ ਰਹੁ ਅਤੇ ਤੇਰਾ ਦਿਲ ਤਾਂ ਰਾਜੀ ਨਹੀਂ ਸੀ ਸੋ ਤੈਨੂੰ ਗੁਸਾ ਜੋ ਆਇਆ ਤੂੰ ਅਗੇ ਹੀ ਗੁਸੇ ਵਿਚ ਬੈਠਾ ਥਾ

ਉਸਕੇ ਘੁਲ ਪਿਆ ਅਰ ਲੜਿਆ ਅਤੇ ਤੂੰ ਬ੍ਰਾਹਮਣ ਨੂੰ ਬਹੁਤ ਮਾਰਿਆ ਤਾਂ ਤਿਸ ਬ੍ਰਾਹਮਣ ਨੇ ਤੈਨੂੰ ਸਰਾਪ ਦਿਤਾ ਜੋ ਬਾਰ ਬਾਰ ਤੂੰ ਚੰਡਾਲ ਹੋਵੇਂਗਾ ਸੋ ਇਕ ਪਾਪ ਇਹ ਹੂਆ ਅਤੇ ਇਕ ਪਾਪ ਹੂਆ ਜੋ ਤੂੰ ਰਾਜਾ ਕੇ ਭੰਡਾਰੇ ਤੇ ਤੇਲ ਦੋ ਮਣ ਰੋਜ ਚੁਰਾਇਆ ਕਰੈਂ ਸੋ ਇਕ ਦਿਨ ਰਾਜਾ ਨੇ ਸੁਣਿਆ ਅਰ ਸੁਣ ਕਰ ਮੁਖ ਸੋ ਕਹਿਆ ਰੇ ਚੰਡਾਲ ਤੈਨੇ ਏਹੁ ਕਾਮ ਕਿਆ ਕੀਆ ਅਤੇ ਤੂੰ ਚੁਪ ਕਰ ਰਿਹਾ ਅਤੇ ਛੇਵਾਂ ਏਹੁ ਪਾਪ ਤੈਨੇ ਕੀਆ ਜੋ ਤੈਨੇ ਇਕ ਖਰ ਕਉ ਮਾਰਿਆ ਭੀ ਕਾਹੇ ਤੇ ਜੋ ਤੂੰ ਰਿਦੇ ਇਹੁ ਜਾਤਾ ਜੋ ਭਾਈ ਮੈ ਉਤਮ ਹਾਂ ਅਤੇ ਏਹ ਨੀਚ ਹੈ ਅਤੇ ਸਵੇਰੇ ਮੇਰੇ ਬੂਹੇ ਤੇ ਆਨ ਬੋਲਤਾ ਹੈ ਇਸ ਕਰਕੇ ਤੂੰ ਉਸਕੋ ਜਾਨ ਸੇ ਮਾਰ ਦਿਤਾ ਸੋ ਉਹ ਭੀ ਪਾਪ ਹੋਇਆ ਅਤੇ ਇਕ ਹੋਰ ਪਾਪ ਹੋਇਆ ਜੋ ਤੈਂ ਇਕ ਫਕੀਰ ਕੋ ਆਪਣਾ ਗੁਰੂ ਕੀਤਾ ਅਰ ਦੀਖਿਆ ਲਈ ਅਰ ਫੇਰ ਮਾਇਆ ਜੋ ਉਸ ਪਾਸ ਤੈਨੂੰ ਨਜਰ ਆਈ ਤਿਸ ਕਰਕੈ ਗਲ ਵਿਚ ਰਸਾ ਪਾਇ ਕਰ ਤੈਂ ਉਸਕੋ ਟੰਗ ਦੀਆ ਸੋ ਜਦ ਉਸਦੀ ਜਾਨ ਲਗੀ ਨਿਕਲਨ ਤਾਂ ਤੈਨੂੰ ਉਸਨੇ ਸ੍ਰਾਪ ਦਿਤਾ ਜੋ ਤੂੰ ਚੰਡਾਲ ਹੋਵੇਂਗਾ ਅਤੇ ਭਾਈ ਸੈਦਾ ਤੈਂ ਏਹੁ ਪਾਪ ਕੀਤੇ ਹਨ ਸੋ ਤਿਨਾਂ ਦਾ ਫਲ ਤੈਂ ਭੋਗਿਆ ਹੈ ਅਰ ਤੈਂ ਭਗਤ ਭੀ ਵਡੀ ਕੀਤੀ ਆਹੀ ਪਰ ਭਾਈ ਪਾਪ ਜੋ ਕੀਤੇ ਲੇਖਾ ਨਹੀਂ ਛੁਟਦਾ ਅਤੇ ਭਾਈ ਘੋਹਾ ਤੇਰਾ ਯਾਰ ਭੀ ਪੁਰਾਤਨ ਅਸਾਂ ਨਾਲ ਹਈ ਤਾਂ ਭਾਈ ਸੈਦੇ ਮਥਾ ਟੇਕਿਆ ਅਤੇ ਫਿਰ ਭਾਈ ਸੈਦਾ ਲਗਾ ਕਹਿਣ ਮਿਹਰਵਾਨ ਇਨ ਪਾਪਾਂ ਤੇ ਮੈਂ ਫੇਰ ਕਿਤ ਜਨਮ ਆਇਆ ਤਾਂ ਗੁਰੂ ਨਾਨਕ ਜੀ ਕਹਿਆ ਭਾਈ ਸੈਦਾ ਇਨਾਂ ਸ੍ਰਾਪਾਂ ਨੂੰ ਲੈ ਕੇ ਤੂੰ ਭਾਈ ਘੋਹੇ ਦੇ ਗੁਧਾਲੂ ਸਹਿਰ ਰਹਿੰਦਾ ਸੇ ਰਾਜਪੂਤ ਹਿੰਦੂ ਦੇ ਘਰ ॥ ਪਰ ਤੂੰ ਸਰਾਪਿਆ ਹੋਇਆ ਸੈਂ ਇਸ ਵਾਸਤੇ ਤੂੰ ਸੰਗ ਤੇ ਜੁਦਾ ਹੋਇ ਕਰ ਜੂਨਾਂ ਪਾਈਆਂ ਅਤੇ ਘੋਹਾ ਤੈਨੂੰ ਸਬਦ ਕੀਰਤਨ ਉਪਦੇਸ ਦਸਿਆ ਕਰੇ ਪਰ ਤੈਨੂੰ ਇਸ ਕੰਮ ਦਾ ਅਸਰ ਨ ਹੋਵੈ ਕਯੋਂ ਜੋ ਤੂੰ ਸਰਾਪਿਆ ਹੋਇਆ ਥਾ ਅਤੇ ਹੁਣ ਤੂੰ ਕ੍ਰਿਪਾਲ ਚੰਦ ਦੇ ਸੰਗ ਤੇ ਤਰੈਂਗਾ ਅਤੇ ਘੋਹੇ ਨਾਲ ਭੀ ਮੇਲ ਰਖਿਆ ਕਰ ਅਤੇ ਤੇਰਾ ਨਿਸਤਾਰਾ ਸਵਾ ਦੋਸੈ ਵਰੇ ਨੂੰ ਸਾਡੇ ਅਵਤਾਰ ਦੇ ਮੇਲ ਤੇ ਹੋਸੀ ਅਤੇ ਅਸੀਂ ਤਾਂ ਤੇਰਾ ਹੁਣੇ ਕੰਮ ਕਰ ਜਾਈਏ ਪਰ ਤੇਰਾ ਸਰੀਰ ਅਜੇ ਸੁਧ ਨਹੀਂ ਹੋਇਆ ਭਾਈ ਬਿਨਾਂ ਆਪਣੀ ਕਮਾਈ ਸੁਖ ਨਹੀਂ ਹੁੰਦਾ ਅਤੇ ਜੇ ਕਹੇਂ ਮੈਨੂੰ ਹੁਣੇ ਸਾਂਤਿ ਹੋਵੈ ਤਾਂ ਅਛਾ ਹੈ ਪਰ ਅਸੀਂ ਏਹ ਕਹਿੰਦੇ ਹਾਂ ਜੋ ਕਾਈ ਕਸਰ ਨਾ ਤੇਰੇ ਵਿਚ ਰਹੇ ਅਤੇ ਤੂੰ ਜੇ ਕਹਿੰਦਾ ਹੋਵੇਂ ਜੋ ਗੁਰ ਮੈਨੂੰ ਹੁਣੇ ਕਿਉਂ ਨਾ ਤਾਰ ਗਿਆ ਤਾਂ ਭਾਈ ਅਸੀਂ ਤੇਰੇ ਭਲੇ ਵਿਚ ਹਾਂ ਕਯੋਂਕਿ ਜੋ ਪਿਛਲੀ ਤੇਰੀ

ਕਮਾਈ ਸੀ ਸੋ ਤਾਂ ਦੂਰ ਹੋਈ ਅਤੇ ਹੁਣ ਦੇ ਜਨਮਾਂ ਵਿਚ ਜੋੜੀ ਕ੍ਰਿਪਾਲ ਚੰਦ ਦੇ ਨਾਲ ਰਲ ਕੇ ਕਰੇਂਗਾ ਸੋ ਉਸ ਨਾਲ ਤਰਸੀ ਪਰ ਤੈਂ ਅਸਾਡੇ ਅਵਤਾਰ ਨਾਲ ਮਿਲਣਾ ਹੈ ਅਤੇ ਉਸ ਨਾਲ ਤੈ ਵਡੀ ਚਰਚਾ ਵਾਰਤਾ ਕਰਣੀ ਹੈ ਨਹੀਂ ਤਾਂ ਹੁਣੇ ਤੈਨੂੰ ਅਸੀਂ ਉਧਾਰਦੇ ਅਤੇ ਭਾਈ ਜੇਹੜਾ ਫਲ ਪੱਕ ਕੇ ਉਤਰਦਾ ਹੈ ਸੋ ਹਛਾ ਹੀ ਉਤਰਦਾ ਹੈ ਅਤੇ ਸੁਆਦ ਹੁੰਦਾ ਹੈ ਅਤੇ ਭਾਈ ਮਿਠਤ ਭੀ ਹੁੰਦੀ ਹੈ ਤਿਸ ਤਰਾਂ ਅਸੀਂ ਤੈਨੂੰ ਆਖਦੇ ਆਹੇ ਜੋ ਤੂੰ ਦੋਇ ਜਨਮ ਕਮਾਈ ਕਰੇਂਗਾ ਨਿਹਗਰਬ ਹੋਕੇ ਸੋ ਤੇਰੇ ਕੰਮ ਆਵੇਗੀ ਅਤੇ ਏਹੋ ਗਲ ਤਹਕੀਕ ਹੋਵਣੀ ਹੈ ਜੋ ਤੂੰ ਜਲ ਨਾਲ ਜਲ ਰਲ ਜਾਵੈਂਗਾ ਤਾਂ ਸੈਦੇ ਨੇ ਹਥ ਜੋੜੇ ਗੁਰੂ ਜੀ ਅਗੇ ਅਰ ਕਹਿਆ ਹੇ ਮਿਹਰਵਾਨ ਮੈਨੂੰ ਆਪਣੇ ਨਾਮ ਦੀ ਦਾਤ ਦੇਹੋ ਅਤੇ ਗਰੀਬ ਨਿਵਾਜ ਨਾਮ ਬਿਨਾਂ ਮੈਂ ਅਨੇਕ ਜਨਮ ਪਾਏ ਹਨ ਤਾਂ ਗੁਰੂ ਨਾਨਕ ਜੀ ਕਹਿਆ ਭਾਈ ਸੈਦਾ ਹੁਣ ਕੀ ਆਖਦਾ ਹੈ ਅਸਾਂ ਤੈਨੂੰ ਕਰਤਾਰ ਤੇ ਕ੍ਰਿਪਾਲ ਚੰਦ ਦਿਵਾਇਆ ਹੈ ਸੋ ਤੂੰ ਉਸ ਤੇ ਹੀ ਤਰਣਾ ਹੈ ਅਤੇ ਫੇਰ ਰਹਿੰਦਾ ਸਾਡੇ ਅਵਤਾਰ ਨੇ ਉਧਾਰਨਾ ਹੈ ॥ ਅਤੇ ਤੇਰਾ ਸਰੀਰ ਭੀ ਤਦ ਸੁੰਦਰ ਹੋਸੀ ਅਤੇ ਤੇਰੇ ਉਤੇ ਕਰਤਾਰ ਦੀ ਭੀ ਮਿਹਰਵਾਨਗੀ ਹੋਸੀ ॥ ਤਦ ਤੂੰ ਤਰਸੀ ਤਾਂ ਸੈਦੇ ਗੁਰੂ ਨਾਨਕ ਜੀ ਨੂੰ ਅਤੇ ਕ੍ਰਿਪਾਲ ਚੰਦ ਨੂੰ ਮਥਾ ਟੇਕਿਆ ਤਾਂ ਸ੍ਰੀ ਗੁਰੂ ਨਾਨਕ ਜੀ ਨੇ ਸਭਨਾਂ ਨੂੰ ਨਾਮ ਦਾ ਉਪਦੇਸ ਦਿਤਾ ਅਰ ਸਤਸੰਗ ਦ੍ਰਿੜਾਇ ਕਰ ਅਰ ਸਭਨਾਂ ਪਾਸੋਂ ਵਿਦਿਆ ਹੋਇ ਕਰ ਆਪ ਚਲਦੇ ਰਹੇ ॥

ਅਗੇ ਸਾਖੀ ਇਕ ਰਾਜੇ ਨਾਲ ਹੋਈ

ਗੁਰੂ ਨਾਨਕ ਜੀ ਇਕਸ ਦੇਸ ਵਿਚ ਸੈਲ ਕਰਦੇ ਕਰਦੇ ਜਾਇ ਪਹੁਚੇ ਸੋ ਓਥੇ ਅਗ ਭੀ ਅਤੇ ਅੰਨ ਭੀ ਦੋਨੋ ਵਸਤੂ ਪੈਦੇ ਨਹੀਂ ਹੁੰਦੀਆਂ ਸਨ ਅਤੇ ਦੁੰਬਿਆਂ ਦਾ ਮਾਸ ਉਥੇ ਖਾਂਵਦੇ ਸਨ ਅਤੇ ਆਏ ਅਤੀਤ ਫਕੀਰ ਨੂੰ ਭੀ ਦੇਂਵਦੇ ਸਨ ॥ ਅਤੇ ਇਸ ਤਰਾਂ ਕਰਦੇ ਸਨ ਜੋ ਦੁੰਬਾ ਮਾਰ ਕੇ ਤਿਸਦੇ ਮਾਸ ਨੂੰ ਇਕ ਪਥਰ ਉਪਰ ਰਖਦੇ ਸਨ ਅਤੇ ਮਾਸ ਨੂੰ ਵਿਚ ਰਖਦੇ ਸਨ ਅਤੇ ਫਿਰ ਸਵਾ ਪਹਿਰ ਸੂਰਜ ਦਾ ਜਾਪ ਕਰਨਾ ਤਾਂ ਓਹ ਮਾਸ ਰਿਝ ਜਾਵੈ ਅਤੇ ਜੇ ਕੋਈ ਸਾਧ ਫਕੀਰ ਉਥੇ ਜਾਇ ਤਾਂ ਤਿਸ ਦੀ ਸੇਵਾ ਬਹੁਤ ਕਰਨ ਅਤੇ ਮਾਸ ਖਾਵਣੇ ਨੂੰ ਦੇਣ ਤਾਂ ਗੁਰੂ ਜੀ ਭੀ ਉਸ ਦੇਸ ਵਿਚ ਜਾਇ ਬੈਠੇ ਸੋ ਉਸ ਸਹਿਰ ਦੇ ਬਾਹਰ ਇਕ ਅਯਾਲ ਦੁੰਬੇ ਚਾਰਦਾ ਫਿਰਦਾ ਸੀ ਤਾਂ ਓਹ ਅਯਾਲੀ ਗੁਰੂ ਜੀ ਦੇ ਪਾਸ ਆਇ ਬੈਠਾ ਤੇ ਉਸ ਅਯਾਲ ਨੇ ਕਹਿਆ ਹੇ ਸੰਤ ਜੀ ਮੈਂ ਇਕ ਦੁੰਬਾ ਮਾਰਦਾ ਹਾਂ ਤੁਸੀਂ ਖਾਵੋ ਨਹੀਂ ਤਾਂ ਦੁੰਬਿਆਂ ਦਾ ਖਸਮ

ਮੈਨੂੰ ਮਾਰੇਗਾ ਤੇ ਕਹੇਗਾ ਤੁਹਿ ਅਤੀਤ ਕੋ ਭੁਖਾ ਕਿਉਂ ਰਖਿਆ ਤੇ ਇਸ ਮੁਲਖ ਦੀ ਰੀਤ ਇਹੋ ਹੈ ਜੋ ਜਿਸਨੂੰ ਅਤੀਤ ਨਜਰੀ ਆਇ ਜਾਵੈ ਸੋਈ ਮਾਸ ਖੁਲਾਵੈ ਅਤੇ ਏਸ ਮੁਲਕ ਵਿਚ ਅੱਗ ਅਤੇ ਅੰਨ ਦੋਵੇਂ ਵਸਤੂ ਹੈ ਨਹੀਂ ਅਰ ਪੈਦੇ ਹੀ ਨਹੀਂ ਹੋਂਦੀਆਂ ਤਾਂ ਗੁਰੂ ਜੀ ਕਹਿਆ ਭਾਈ ਹੁਣ ਤੂੰ ਦੁੰਬਾ ਮਾਰ ਤਾਂ ਉਸ ਅਯਾਲੀ ਨੇ ਦੁੰਬਾ ਮਾਰਿਆ ਅਰ ਏਕ ਪਥਰ ਹੇਠ ਰਖਿਆ ਅਰ ਇਕ ਉਪਰ ਰਖਿਆ ਤੇ ਵਿਚ ਮਾਸ ਰਖ ਕੇ ਸੂਰਜ ਕਾ ਜਾਪ ਲਗਾ ਕਰਨ ਤਾਂ ਸਵਾ ਪਹਰ ਵਿਚ ਮਾਸ ਰਿਝ ਆਇਆ ਤਾਂ ਅਯਾਲ ਨੇ ਕਹਿਆ ਗੁਰੂ ਜੀ ਨੂੰ ਜੋ ਤੁਸੀਂ ਏਹ ਮਾਸ ਖਾਵੋ ਜੀ ਤਾਂ ਗੁਰੂ ਜੀ ਨੇ ਕਹਾ ਇਸ ਦੁੰਬੇ ਦਾ ਖਲੜਾ ਅਤੇ ਹਡੀਆਂ ਇਕਠੀਆਂ ਕਰ ਸੋ ਕਰਾਇ ਕਰ ਅਪਨੇ ਮੁਖੋਂ ਕਹਾ ਉਠ ਦੁੰਬੇ ਚਰ ਇਤਨੇ ਆਖਣ ਤੇ ਦੁੰਬਾ ਚਰਦਾ ਫਿਰੇ ਅਯਾਲ ਏਹ ਦੇਖ ਕੇ ਹੈਰਾਨ ਹੋ ਰਹਿਆ ਤਾਂ ਗੁਰੂ ਜੀ ਨੇ ਕਹਾ ਅਯਾਲ ਨੂੰ ਤੂੰ ਜਾਇ ਕੇ ਨਗਰ ਵਿਚੋਂ ਕਿਸੇ ਵਡੇ ਆਦਮੀ ਨੂੰ ਬੁਲਾਇ ਲਿਆਓ ਅਰ ਤੂੰ ਜਾਇ ਕੇ ਕਹੁ ਕਿ ਤੁਹਾਨੂੰ ਇਕ ਵਾਹਗੁਰੂ ਦਾ ਸੰਤ ਬੁਲਾਂਵਦਾ ਹੈ ਅਤੇ ਅੱਗ ਤੇ ਅੰਨ ਏਹ ਦੋਵੇਂ ਵਸਤੂ ਤੁਹਾਨੂੰ ਦੇਂਵਦਾ ਹੈ ਸੋ ਏਹ ਬਾਤ ਸੁਣ ਕੇ ਅਯਾਲੀ ਸਹਿਰ ਵਿਚ ਗਇਆ ਅਰ ਇਕ ਵਡਾ ਸਾਹੂਕਾਰ ਸੀ ਤਿਸਨੂੰ ਜਾਇ ਕਰ ਕਹਿਆ ਕਿ ਹੇ ਮਹਾਰਾਜ ਤੁਹਾਨੂੰ ਇਕ ਅਤੀਤ ਬੁਲਾਂਵਦਾ ਹੈ ਅਤੇ ਵਾਹਗੁਰੂ ਪਾਸੋਂ ਅੱਗ ਅਤੇ ਅੰਨ ਦੋਵੇਂ ਵਸਤੂ ਲੈ ਦੇਵੇਗਾ ਸੋ ਏਹ ਗਲ ਸੁਣ ਕੇ ਉਹ ਸਾਹੂਕਾਰ ਉਠ ਟੁਰਿਆ ਤਾਂ ਆਇ ਕਰ ਕਿਆ ਦੇਖੇ ਜੋ ਇਕ ਸਾਂਈ ਲੋਕ ਬੈਠਾ ਪਰ ਬਡਾ ਮਹਾਂ ਪੁਰਖ ਹੈ ਸੋ ਉਹ ਸਾਹੂਕਾਰ ਗੁਰੂ ਜੀ ਦੀ ਚਰਨੀਂ ਲਗਾ ਤਾਂ ਗੁਰੂ ਜੀ ਨੇ ਕਹਿਆ ਭਾਈ ਤੂੰ ਕਿਛ ਅਨਾਜ ਲੈ ਆਉ ਤਾਂ ਉਸਨੇ ਕਹਿਆ ਗਰੀਬ ਨਿਵਾਜ ਜੀ ਏਥੇ ਤਾਂ ਅਨਾਜ ਪੈਦਾ ਹੀ ਨਾਹੀਂ ਹੋਂਦਾ ਪਰ ਗੁਰੂ ਜੀ ਹੁਕਮ ਕਰੋ ਤਾਂ ਇਸ ਅਸਥਾਨ ਦੇ ਰਾਜਾ ਨੂੰ ਆਖਦਾ ਹਾਂ ਤਾਂ ਓਹ ਗੁਰੂ ਜੀ ਦੇ ਪਾਸੋਂ ਉਠ ਕਰ ਅਤੇ ਆਗਯਾ ਲੈ ਕਰ ਰਾਜਾ ਪਾਸ ਗਇਆ ਅਤੇ ਰਾਜਾ ਨੂੰ ਜਾਇ ਕਰ ਕਹਿਆ ਹੇ ਰਾਜਾ ਜੀ ਇਸ ਨਰਗ ਦੇ ਬਾਹਰ ਇਕ ਸੰਤ ਆਇ ਬੈਠਾ ਹੈ ਅਤੇ ਉਸਨੇ ਬਡੀ ਕਿਰਪਾ ਕੀਤੀ ਹੈ ਜੋ ਕਹਿੰਦਾ ਹੈ ਅੱਗ ਅਤੇ ਅੰਨ ਤੁਹਾਨੂੰ ਕਰਤਾਰ ਦੇ ਪਾਸੋਂ ਲੈ ਦੇਵਾਂਗਾ ਪਰ ਤੂੰ ਆਪਣੇ ਰਾਜਾ ਕੋ ਲੈ ਆਉ ਤਾਂ ਰਾਜਾ ਏਹੁ ਸੁਣ ਕੇ ਉਠ ਚਲਿਆ ਅਤੇ ਗੁਰੂ ਜੀ ਕੀ ਚਰਨੀਂ ਆਇ ਲਗਾ ਤਾਂ ਗੁਰੂ ਜੀ ਨੇ ਖੁਸੀ ਕੀਤੀ ਤੇ ਕਹਾ ਹੇ ਰਾਜਾ ਤੁਸੀਂ ਏਕ ਕਰਤਾਰ ਦੀ ਭਗਤਿ ਕਰਨੀ ਗ੍ਰਹਣ ਕਰੋ ਤਾਂ ਤੁਹਾਨੂੰ ਕਰਤਾਰ ਸਭੇ ਸੁਖ ਦੇਵੇਗਾ ਸੋ ਏਹ ਸੁਣ ਕੇ ਸਭ ਰਾਜਾ ਪਰਜਾ ਗੁਰੂ ਨਾਨਕ ਜੀ ਕੇ ਸਿਖ ਹੋਏ ਅਤੇ ਸ੍ਰੀ ਗੁਰੂ ਜੀ ਨੇ

ਕਿਰਪਾ ਕਰਕੇ ਕਹਿਆ ਥੋਹੜਾ ਸਾ ਅੰਨ ਲੈ ਆਉ ਤਾਂ ਸਾਰੇ ਉਸ ਨਗਰ ਤੇ ਇਕ ਸੇਰ ਭਰ ਅੰਨ ਨਿਕਲਿਆ ਸੋ ਉਹ ਲੈ ਆਏ ਤਾਂ ਗੁਰੂ ਜੀ ਨੇ ਓਹ ਅੰਨ ਉਸ ਧਰਤੀ ਵਿਚ ਬੀਜਣ ਨੂੰ ਕਹਾ ਤਾਂ ਉਨਾਂ ਲੋਕਾਂ ਨੇ ਬੀਜਿਆ ਤਾਂ ਗੁਰੂ ਜੀ ਕੇ ਹੁਕਮ ਨਾਲ ਓਹ ਅੰਨ ਉਗਿਆ ਤਾਂ ਉਨਾਂ ਨੇ ਗਾਹਿਆ ਅਤੇ ਅਤੁਟ ਭੰਡਾਰ ਸ੍ਰੀ ਗੁਰੂ ਜੀ ਕੇ ਹੁਕਮ ਨਾਲ ਹੋ ਗਿਆ ਅਤੇ ਫੇਰ ਸ੍ਰੀ ਗੁਰੂ ਜੀ ਨੇ ਪਥਰ ਝਾੜ ਕਰ ਅਗਨ ਨਿਕਾਲੀ ਤਾਂ ਸ੍ਰੀ ਗੁਰੂ ਜੀ ਨੇ ਉਨਾਂ ਲੋਕਾਂ ਨੂੰ ਦੋਵੇਂ ਵਸਤੂ ਅਗ ਤੇ ਅਨਾਜ ਦਿਤੇ ਅਤੇ ਉਨਾਂ ਸਭਨਾਂ ਲੋਕਾਂ ਨੂੰ ਸਿਖੀਦਾਨ ਦਿਤਾ ਤਾਂ ਸਭ ਲੋਕ ਗੁਰੂ ਗੁਰੂ ਲਗੇ ਜਪਣ ਅਤੇ ਮਹਾਰਾਜ ਜੀ ਦੀ ਚਰਨੀ ਲਗੇ ਤੇ ਸਿਖ ਹੋਏ ਤਾਂ ਸ੍ਰੀ ਗੁਰੂ ਜੀ ਨੇ ਉਨਾਂ ਨੂੰ ਅੰਨ ਬੀਜਣ ਦਾ ਹੁਕਮ ਦਿਤਾ ਜੋ ਸਮੇਂ ਸਿਰ ਅੰਨ ਬੀਜਿਆ ਕਰੋ ਅਤੇ ਆਏ ਸੰਤ ਦੀ ਸੇਵਾ ਕਰਿਆ ਕਰੋ ਤਨ ਮਨ ਧਨ ਕਰਕੇ ਅਤੇ ਪਰਮੇਸਰ ਜੀ ਕੀ ਭਗਤਿ ਕੀਤਾ ਕਰੋ ਤਾਂ ਤੁਹਾਡਾ ਉਧਾਰ ਹੋਵੇਗਾ ਤਾਂ ਏਹੁ ਬਚਨ ਕਹਿ ਕਰ ਸ੍ਰੀ ਗੁਰੂ ਜੀ ਓਥੋਂ ਚਲਣ ਲਗੇ ਤਾਂ ਓਹ ਲੋਕ ਬਡਾ ਪ੍ਰੇਮ ਕਰਤੇ ਭਏ ਤਾਂ ਸ੍ਰੀ ਗੁਰੂ ਜੀ ਕੋਈ ਸਮਾਂ ਉਸ ਅਸਥਾਨ ਰਹੇ ਤਾਂ ਫੇਰ ਚੁਪਾਤੇ ਹੀ ਉਸ ਅਸਥਾਨ ਤੋਂ ਗੁਰੂ ਜੀ ਚਲਦੇ ਰਹੇ ॥

ਅਗੇ ਸਾਖੀ ਸਹੁ ਸੁਹਾਗਣ ਫਕੀਰ ਨਾਲ ਹੋਈ

ਫਿਰ ਗੁਰੂ ਜੀ ਸੈਲ ਕਰਦੇ ਕਰਦੇ ਇਕ ਸਹਿਰ ਜਾਇ ਨਿਕਲੇ ਅਰ ਇਕਸ ਬੁਢੀ ਦੇ ਘਰ ਜਾਇ ਰਹੇ ਤਾਂ ਉਸ ਸਹਿਰ ਵਿਖੇ ਇਕ ਫਕੀਰ ਰਹਿੰਦਾ ਸੀ ਅਰ ਜਿਸ ਰਾਤ ਚੰਦ ਚੜੇ ਉਸ ਦਿਨ ਉਸ ਫਕੀਰ ਕੈ ਬਡੀ ਹਜੂਮ ਇਕਠੀ ਹੋਂਦੀ ਸੀ ਅਤੇ ਲੋਕ ਨਜਰ ਤੇ ਨਿਆਮਤਾਂ ਲਿਆਂਵਦੇ ਸੇ ਅਰ ਨਗਾਰੇ ਨੌਬਤਾਂ ਵਜਦੀਆਂ ਹੈਸਨ ਉਸਦੇ ਇਕ ਵਡਾ ਮੇਲਾ ਲਗਦਾ ਸੀ ਅਤੇ ਜੇ ਕੋਈ ਪੁਛੇ ਜੋ ਅਜ ਇਸਦੇ ਕਿਆ ਹੈ ਤਾਂ ਲੋਕ ਕਹਿਨ ਜੋ ਏਹ ਫਕੀਰ ਆਖਦਾ ਹੈ ਜੋ ਚੰਦ ਰਾਤ ਨੂੰ ਮੇਰੇ ਘਰ ਸਹੁ ਆਂਵਦਾ ਹੈ ਅਰ ਫੁਲਾਂ ਦੀ ਸੇਜ ਵਿਛਾਂਵਦਾ ਹੈ ਅਰ ਰਾਤ ਸਾਰੀ ਬੈਠਾ ਰਹਿੰਦਾ ਹੈ ਅਤੇ ਅੰਦਰ ਕਿਸੇ ਨੂੰ ਜਾਣ ਨਹੀਂ ਦੇਂਦਾ ਅਤੇ ਨਾ ਕਿਸੇ ਨੂੰ ਆਪਣਾ ਦੀਦਾਰ ਦੇਂਦਾ ਹੈ ਐਸੀ ਰਹਿਤ ਓਹ ਫਕੀਰ ਰਹਿੰਦਾ ਹੈਸੀ ਸੋ ਜਾਂ ਇਕ ਘੜੀ ਦਿਨ ਰਹਿਆ ਤਾਂ ਸਹਿਰ ਵਿਚ ਬੜਾ ਸੋਰ ਮਚਿਆ ਅਤੇ ਉਸ ਦਿਨ ਚੰਦ ਰਾਤ ਸੀ ਤਾਂ ਉਸ ਬੁਢੀ ਮਾਈ ਨੇ ਪ੍ਰਸਾਦ ਤਿਆਰ ਕਰਕੇ ਸ੍ਰੀ ਗੁਰੂ ਜੀ ਦੇ ਅਗੇ ਆਇ ਹਥ ਜੋੜੇ ਅਰ ਕਹਿਆ ਗੁਰੂ ਜੀ ਪ੍ਰਸਾਦ ਤਿਆਰ ਹੈ ਤਾਂ ਸ੍ਰੀ ਗੁਰੂ ਨਾਨਕ ਜੀ ਨੇ ਕਹਿਆ ਮਾਈ ਜੀ ਪ੍ਰਸਾਦ ਭੀ

ਪਾਇ ਲਵਾਂਗੇ ਪਰ ਸਹਿਰ ਵਿਚ ਧੁਮ ਕੇਹੀ ਹੈ ਤਾਂ ਉਸ ਬੁਢੀ ਨੇ ਆਖਿਆ ਗੁਰੂ ਜੀ ਇਥੇ ਇਕ ਸਹੁ ਸੁਹਾਗਣ ਫਕੀਰ ਰਹਿੰਦਾ ਹੈ ਅਤੇ ਉਹ ਆਖਦਾ ਹੈ ਜੋ ਮੇਰੇ ਘਰ ਚੰਦ ਰਾਤ ਨੂੰ ਸਹੁ ਆਂਵਦਾ ਹੈ ਸੋ ਅਜ ਉਸਦੇ ਬਡੀ ਸਾਦੀ ਹੈਗੀ ਹੈ ਜੀ ਤਾਂ ਸ੍ਰੀ ਗੁਰੂ ਨਾਨਕ ਜੀ ਕਹਿਆ ਚਲੋ ਭਾਈ ਬਾਲਾ ਤੇ ਮਰਦਾਨਾ ਅਸੀ ਭੀ ਉਸਦੇ ਡੇਰੇ ਚਲੀਏ ਅਤੇ ਸਹੁ ਸੁਹਾਗਣ ਦਾ ਦੀਦਾਰ ਕਰੀਏ ਤਾਂ ਗੁਰੂ ਜੀ ਭੀ ਉਸਦੇ ਦਰਵਾਜੇ ਪਰ ਜਾਇ ਖੜੇ ਹੋਏ ਅਤੇ ਅਗੇ ਵਡੀ ਹਜੂਮ ਖੜੀ ਹੈ ਅਰ ਅੰਦਰ ਕਿਸੇ ਨੂੰ ਜਾਣ ਦੇਂਦਾ ਨਹੀਂ ਤੇ ਜਦ ਗੁਰੂ ਜੀ ਭੀ ਉਸਦੇ ਦੀਦਾਰ ਵਾਸਤੇ ਅੰਦਰ ਚਲੇ ਤਾਂ ਲੋਕਾਂ ਨੇ ਗੁਰੂ ਜੀ ਨੂੰ ਅੰਦਰ ਜਾਵਣ ਨਾ ਦਿਤਾ ਤਾਂ ਗੁਰੂ ਜੀ ਨੇ ਦਰਵਾਨਾਂ ਨੂੰ ਕਹਿਆ ਭਾਈ ਤੁਸੀਂ ਅੰਦਰ ਜਾਇ ਕਰ ਕਹੋ ਜੋ ਇਕ ਫਕੀਰ ਤੁਮਾਰੇ ਦਰਸਨ ਦੀਦਾਰ ਵਾਸਤੇ ਬਾਹਰ ਖੜੇ ਹਨ ਤਾਂ ਦਰਵਾਨਾਂ ਨੇ ਅੰਦਰ ਜਾਇ ਕਰ ਉਸ ਸਹੁ-ਸੁਹਾਗਣ ਫਕੀਰ ਕੋ ਕਹਾ ਜੋ ਤੁਮਾਰੇ ਦੀਦਾਰ ਵਾਸਤੇ ਫਕੀਰ ਬਾਹਰ ਆਏ ਹਨ ਤਾਂ ਸਹੁ ਸੁਹਾਗਣ ਨੇ ਕਹਿਆ ਕਿ ਅਜ ਮੈਂ ਆਪਣਾ ਦੀਦਾਰ ਕਿਸੇ ਨੂੰ ਨਹੀਂ ਦੇਣਾ ਕਯੋਂਕਿ ਮੈਂ ਆਪਣੇ ਸਹੁਕਾ ਦੀਦਾਰ ਕਰਨਾ ਹਾਂ ਤਾਂ ਦਰਵਾਨਾਂ ਨੇ ਆਇ ਕਰ ਕਹਾ ਜੀ ਓਹ ਕਹਿੰਦਾ ਹੈ ਅਜ ਮੈਂ ਦੀਦਾਰ ਆਪਣੇ ਸਹੁਕਾ ਕਰਦਾ ਹਾਂ ਇਸ ਵਾਸਤੇ ਅਜ ਦੀਦਾਰ ਕਿਸੇ ਕੋ ਦੇਣਾ ਨਹੀਂ ਤਾਂ ਸ੍ਰੀ ਗੁਰੂ ਨਾਨਕ ਜੀ ਨੇ ਕਹਿਆ ਚਲੋ ਭਾਈ ਬਾਲਾ ਤੇ ਮਰਦਾਨਾ ਇਥੇ ਕੁਛ ਨਹੀਂ ਇਹੁ ਸਭ ਝੂਠਾ ਹੀ ਸਾਂਗ ਹੈ ਇਸਨੂੰ ਅਜੇ ਆਪਣੇ ਸਹੁ ਕਾ ਦੀਦਾਰ ਨਹੀਂ ਹੋਇਆ ਅਤੇ ਜੇ ਇਸਨੂੰ ਆਪਣੇ ਸਹੁ ਕਾ ਦੀਦਾਰ ਨਹੀਂ ਹੋਇਆ ਅਤੇ ਜੇ ਇਸਨੂੰ ਆਪਣੇ ਸਹੁ ਕਾ ਦੀਦਾਰ ਹੁੰਦਾ ਤਾਂ ਇਹੁ ਹਰ ਬੁਰਕੇ ਅੰਦਰ ਸਹੁ ਨੂੰ ਜਾਣਦਾ ਤਾਂ ਫਿਰ ਸ੍ਰੀ ਗੁਰੂ ਜੀ ਉਥੋ ਚਲਕੇ ਇਕ ਪਹਾੜੀ ਉਪਰ ਜਾਇ ਬੈਠੇ ਤਾਂ ਕੁਦਰਤ ਸ੍ਰੀ ਪਰਮੇਸਰ ਜੀ ਕੀ ਨਾਲ ਮੇਲੇ ਵਿਚ ਬਡੀ ਲੜਾਈ ਹੋਈ ਅਰ ਕਈ ਆਪਸ ਵਿਚ ਲੜ ਮੋਏ ਅਰ ਕੋਇ ਝੰਡੇ ਬੈਠਕਾਂ ਉਠਾਇ ਕਰ ਲੈ ਗਿਆ ਅਰ ਕੋਈ ਨਗਾਰੇ ਲੈ ਗਿਆ ਅਤੇ ਮੇਲਾ ਉਸ ਫਕੀਰ ਦੇ ਲਗਣੋ ਰਹਿ ਗਿਆ ਅਰ ਲੋਕ ਬੋਲ ਉਠੇ ਜੋ ਏਹੁ ਫਕੀਰ ਝੂਠਾ ਹੈ ਅਰ ਝੂਠ ਕਾ ਸ਼ਾਂਗ ਕਰਦਾ ਸੀ ਅਤੇ ਫਿਰ ਉਸ ਫਕੀਰ ਨੂੰ ਕੋਈ ਮੁਹਲਾਵੇ ਨਹੀਂ ਜਾਂ ਮਹੀਨਾ ਗੁਜਰਿਆ ਤਾਂ ਗੁਰੂ ਜੀ ਫੇਰ ਉਸ ਬੁਢੀ ਮਾਈ ਦੇ ਘਰ ਆਏ ਅਤੇ ਉਸ ਸਹਿਰ ਵਿਚ ਫਿਰ ਉਸ ਦਿਨ ਚੰਦ ਰਾਤ ਸੀ ਅਤੇ ਉਸ ਫਕੀਰ ਦੇ ਘਰ ਮੇਲਾ ਹੋਇਓ ਨਾਹੀ ਤਾਂ ਗੁਰੂ ਨਾਨਕ ਜੀ ਕਹਿਆ ਬੁਢੀਏ ਅਜ ਮੇਲਾ ਉਸ ਫਕੀਰ ਦੇ ਕਿਉਂ ਨਹੀਂ ਲਗਾ ਤਾਂ ਉਸ ਬੁਢੀ ਨੇ ਕਹਿਆ ਗੁਰੂ ਜੀ ਉਸ ਫਕੀਰ ਦਾ ਹੁਣ ਬੁਰਾ ਹਾਲ ਹੈ ਅਤੇ ਤੇਰੀਆਂ ਛੂੰ ਹੈ ਜਾਣੇ ਉਹ ਫਕੀਰ

ਝੂਠਾ ਸਾਂਗ ਕਰਦਾ ਸੀ ਸੋ ਝੂਠ ਕਾ ਝੂਠ ਹੀ ਹੋਇ ਗਇਆ ਹੈ ਸੋ ਜਾਂ ਕਿਤਨੇਕੂ ਦਿਨ ਗੁਜਰੇ ਤਾਂ ਇਕ ਦਿਨ ਸਹਿਰ ਮੈਂ ਗੁਰੂ ਜੀ ਚਲੇ ਜਾਂਦੇ ਸੇ ਤਾਂ ਇਕ ਲੂਲਾ ਲੰਗੜਾ ਸਹਿਰ ਵਿਚ ਮੰਗਦਾ ਸੀ ਸੋ ਗੁਰੂ ਜੀ ਕੇ ਪਾਸ ਆਇ ਪਹੁਚਿਆ ਤੇ ਓਹ ਖਰਾ ਅਧੀਨ ਹੋਇਆ ਹੈਸੀ ਤਾਂ ਸ੍ਰੀ ਗੁਰੂ ਜੀ ਨੇ ਉਸ ਲੂਲੇ ਵਲ ਮਿਹਰ ਦੀ ਨਜਰ ਕੀਤੀ ਤਾਂ ਉਸਦੇ ਹਥ ਪੈਰ ਚੰਗੇ ਹੋਇ ਗਏ ਤਾਂ ਓਹ ਗੁਰੂ ਜੀ ਕੀ ਚਰਨੀ ਆਇ ਲਗਾ ਅਤੇ ਕਹਿ ਓਸ ਹੇ ਗੁਰੂ ਜੀ ਮੈਂ ਤੁਸਾਡੇ ਨਾਲ ਰਹਾਂਗਾ ਜੀ ਤਾਂ ਗੁਰੂ ਨਾਨਕ ਜੀ ਨੇ ਕਹਿਆ ਸੁਣ ਭਾਈ ਜੋ ਕੋਈ ਤੈਨੂੰ ਪੁਛੇਗਾ ਜੋ ਤੇਰੇ ਹਥ ਪੈਰ ਚੰਗੇ ਕਿਸ ਤਰਾਂ ਹੋਏ ਹਨ ਤਾਂ ਤੂੰ ਕਹੀਂ ਮੇਰੇ ਹਥ ਪੈਰ ਸਹੁ ਸੁਹਾਗਣ ਫਕੀਰ ਨੇ ਦਿਤੇ ਹਨ ਤਾਂ ਓਹ ਪੁਰਖ ਗੁਰੂ ਜੀ ਅਗੇ ਮਥਾ ਟੇਕ ਕੇ ਸਹਿਰ ਵਿਚ ਆਇਆ ਅਤੇ ਜੋ ਕੋਈ ਉਸ ਨੂੰ ਪੁਛੇ ਤਾਂ ਓਹ ਕਹਿਆ ਕਰੇ ਜੋ ਮੈਨੂੰ ਹਥ ਪੈਰ ਸਹੁ ਸੁਹਾਗਣ ਫਕੀਰ ਨੇ ਦਿਤੇ ਹਨ ਤਾਂ ਓਹ ਲੂਲਾ ਫਿਰਦਾ ਫਿਰਦਾ ਉਸ ਝੂਠੇ ਫਕੀਰ ਪਾਸ ਭੀ ਗਇਆ ਤਾਂ ਉਸ ਫਕੀਰ ਨੇ ਭੀ ਉਸ ਨੂੰ ਪੁਛਿਆ ਜੋ ਭਾਈ ਤੇਰੇ ਹਥ ਪੈਰ ਕਿਸ ਤਰਾਂ ਹਛੇ ਹੋਏ ਹਨ ਤਾਂ ਉਸ ਲੂਲੇ ਕਹਿਆ ਕਿ ਮੈਨੂੰ ਹਥ ਪੈਰ ਸਹੁ ਸੁਹਾਗਣ ਫਕੀਰ ਨੇ ਦਿਤੇ ਹਨ ਤਾਂ ਉਸ ਝੂਠੇ ਫਕੀਰ ਕਹਿਆ ਭਾਈ ਓਹ ਕਿਥੇ ਹੈ ਜਿਸ ਨੇ ਤੈਨੂੰ ਹਥ ਪੈਰ ਦਿਤੇ ਹਨ ਤਾਂ ਉਸ ਲੂਲੇ ਨੇ ਕਹਿਆ ਜੋ ਓਹ ਇਕ ਬੁਢੀ ਦੇ ਘਰ ਸਹਿਰ ਵਿਚ ਬੈਠੇ ਹਨ ਸੋ ਉਸਦੇ ਦੀਦਾਰ ਕਰਨੇ ਤੇ ਮੇਰੇ ਹਥ ਪੈਰ ਹਛੇ ਹੋਏ ਹੈਨ ਤਾਂ ਏਹ ਬਾਤ ਸੁਣਕੇ ਓਹ ਝੂਠਾ ਫਕੀਰ ਭੀ ਸ੍ਰੀ ਗੁਰੂ ਨਾਨਕ ਜੀ ਕੀ ਪੈਰੀ ਆਇ ਪਇਆ ਅਰ ਕਹਾ ਹੇ ਗੁਰੂ ਜੀ ਮੈਂ ਭੁਲਾ ਹਾਂ ਅਤੇ ਮੈਂ ਤੁਹਾਨੂੰ ਜਾਨਿਆ ਨਹੀਂ ਸੀ ਜੀ ਹੁਣ ਮੇਰਾ ਗੁਨਾਹ ਮਾਫ ਕਰਹੁ ਜੀ ਤਾਂ ਗੁਰੂ ਨਾਨਕ ਜੀ ਕਹਿਆ ਸੁਣ ਭਾਈ ਤੂੰ ਸਹੁ ਨੂੰ ਹਰ ਬੁਰਕੇ ਦੇ ਅੰਦਰ ਜਾਨਿਆ ਕਰ ਅਤੇ ਸਭ ਨੂੰ ਦੀਦਾਰ ਦਿਆ ਕਰ ਅਰ ਅਗਲੇ ਦਾ ਭੀ ਲੀਤਾ ਕਰ ਤਾਂ ਤੈਨੂੰ ਸਹੁ ਕਾ ਦੀਦਾਰ ਹੋਵੇਗਾ ਅਰ ਜੇ ਤੂੰ ਸਭਨਾਂ ਵਿਚ ਇਕ ਸਹੁ ਨੂੰ ਜਾਨੇਗਾ ਅਤੇ ਪਰਮੇਸਰ ਦੀ ਬੰਦਗੀ ਕਰੇਂਗਾ ਤਾਂ ਸਹੁ ਨੂੰ ਮਿਲੇਂਗਾ ਤਾਂ ਓਹ ਸਹੁ ਸੁਹਾਗਣ ਫਕੀਰ ਸ੍ਰੀ ਗੁਰੂ ਜੀ ਪਾਸੋਂ ਖੁਸੀ ਲੈ ਕਰ ਉਸੀ ਟਿਕਾਣੇ ਆਇ ਬੈਠਾ ਅਤੇ ਉਹ ਲੂਲਾ ਕਹਿੰਦਾ ਫਿਰੇ ਜੋ ਮੈਨੂੰ ਸਹੁ ਸੁਹਾਗਣ ਨੇ ਚੰਗਾ ਕੀਤਾ ਹੈ ਤਾਂ ਫੇਰ ਸਭ ਲੋਕ ਸਹੁ ਸੁਹਾਗਣ ਦੀ ਉਸਤਤ ਲਗੇ ਕਰਨ ਅਤੇ ਫੇਰ ਉਸਦੇ ਮੇਲਾ ਲਗਾ ਹੋਵਣ ਅਰ ਸ੍ਰੀ ਗੁਰੂ ਜੀ ਕੀ ਮਿਹਰ ਕਾ ਸਦਕਾ ਫਿਰ ਉਸੀ ਤਰਾਂ ਨਜਰ ਨਿਆਜ ਨਿਆਮਤਾਂ ਲਗੀਆਂ ਆਵਣ ਅਤੇ ਨਗਾਰੇ ਨੌਬਤਾਂ ਲਗੀਆਂ ਵਜਣ ਅਤੇ ਓਹ ਸਹੁ ਸੁਹਾਗਣ ਗੁਰੂ ਨਾਨਕ ਜੀ ਕਾ ਮੁਰੀਦ ਹੋਇਆ ਅਤੇ ਓਹ ਜੋ ਘੁੰਘਰੂ

ਅਤੇ ਮੌਲੀ ਦੇ ਅਟੇ ਰਖਦੇ ਹਨ ਸੋ ਉਸ ਸਹੁ ਸੁਹਾਗਣ ਦੇ ਮੁਰੀਦ ਹੈਗੇ ਹਨ ਤਾਂ ਗੁਰੂ ਨਾਨਕ ਜੀ ਨੇ ਓਥੇ ਇਕ ਸਲੋਕ ਕਹਿਆ ੧ ॥

ਤੁਧ ਭਾਵਹਿ ਤਾਂ ਵਾਵਹਿ ਗਾਵਹਿ ਤੁਧ ਭਾਵੈ ਜਲ ਨਾਵਹਿ ॥ ਜਾਂ ਤੁਧ ਭਾਵਹਿ ਤਾਂ ਕਰਹਿ ਬਿਭੂਤਾ ਸਿੰਙੀ ਨਾਦ ਵਜਾਵਹਿ ॥ ਜਾਂ ਤੁਧ ਭਾਵਹਿ ਤਾਂ ਪੜਹਿ ਕਤੇਬਾਂ ਮੁਲਾਂ ਸੇਖ ਕਹਾਵਹਿ ॥ ਜੇ ਤੁਧ ਭਾਵਹਿ ਤਾਂ ਹੋਵਹਿ ਰਾਜੇ ਰਸ ਕਸ ਬਹੁਤ ਕਰਾਵਹਿ ॥ ਜਾਂ ਤੁਧ ਭਾਵਹਿ ਤਾਂ ਤੇਗ ਵਗਾਵਹਿ ਸਿਰ ਮੁੰਡੀ ਕਟ ਜਾਵਹਿ ॥ ਜਾ ਤੁਧ ਭਾਵਹਿ ਤਾਂ ਜਾਹਿ ਦਿਸੰਤਰ ਸੁਣਿ ਗਲਾਂ ਘਰ ਆਵਹਿ ॥ ਜਾਂ ਤੁਧ ਭਾਵਹਿ ਤਾਂ ਨਾਇ ਰਚਾਵਹਿ ਤੁਧ ਭਾਣੇ ਤੂੰ ਭਾਵਹਿ ॥ ਨਾਨਕ ਏਕ ਕਹੈ ਬੇਨੰਤੀ ਹੋਰ ਸਗਲੇ ਕੂੜ ਕਮਾਵਹਿ ॥ ੧ ॥

ਏਹ ਸਲੋਕ ਕਹਿ ਕਰ ਬਾਬਾ ਜੀ ਉਥੋਂ ਚਲਦੇ ਰਹੇ ॥

ਅਗੇ ਸਾਖੀ ਇਕ ਦੇਵ ਨਾਲ ਹੋਈ

ਸ੍ਰੀ ਗੁਰੂ ਨਾਨਕ ਜੀ ਇਕ ਹੋਰਸ ਨਗਰ ਗਏ ਉਸਕਾ ਨਾਮ ਹਾਰੁ ਪੁਰ ਥਾਂ ਤਾਂ ਸ੍ਰੀ ਗੁਰੂ ਜੀ ਭਾਈ ਬਾਲੇ ਅਤੇ ਮਰਦਾਨੇ ਨੂੰ ਸੰਗ ਲੈਕਰ ਉਪਦੇਸ ਕਰਤੇ ਹੂਏ ਗ੍ਰਾਮ ਕੇ ਬਾਹਰ ਬ੍ਰਿਛ ਕੇ ਹੇਠ ਜਾਇ ਬੈਠੇ ਤਿਸ ਗ੍ਰਾਮ ਕੋ ਦੇਵ ਅਗਨ ਲਗਾਇ ਜਾਂਦਾ ਸੀ ਅਰ ਉਨਾਂ ਲੋਕਾਂ ਨੂੰ ਨਿਤ ਨਵੇਂ ਘਰ ਬਣਾਉਣੇ ਪੈਂਦੇ ਸਨ ਅਤੇ ਸ੍ਰੀ ਗੁਰੂ ਜੀ ਉਸ ਨਗਰ ਦੇ ਪਾਸ ਬਾਹਰ ਜਾਇ ਬੈਠੇ ਤਾਂ ਸੰਤ ਜਾਨਕੇ ਉਸ ਨਗਰੀ ਦੇ ਲੋਕਾਂ ਸ੍ਰੀ ਗੁਰੂ ਜੀ ਪਾਸ ਆਇ ਅਰ ਬਡੀ ਭਾਊ ਭਗਤ ਨਾਲ ਗੁਰੂ ਜੀ ਦੇ ਅਗੇ ਮਥਾ ਟੇਕਿਆ ਅਤੇ ਫਿਰ ਉਨਾਂ ਨੇ ਭੋਜਨ ਵਾਸਤੇ ਅੰਨ ਲਿਆਂਦਾ ਅਤੇ ਬਡੀ ਬੇਨਤੀ ਕਰਕੇ ਤਿਨਾਂ ਨੇ ਅਰਜ ਕੀਤੀ ਸੋ ਤਿਨਾਂ ਦੀ ਬੇਨਤੀ ਸੁਣ ਕੇ ਗੁਰੂ ਜੀ ਕਿਰਪਾ ਕਰਤੇ ਭਏ ਜੋ ਬਡੇ ਕਿਰਪਾ ਕੇ ਸਮੁੰਦਰ ਹਨ ਤਾਂ ਸ੍ਰੀ ਗੁਰੂ ਨਾਨਕ ਜੀ ਕਿਤਨੇ ਦਿਨ ਉਥੇ ਰਹੇ ਜੋ ਸਰਬ ਲੋਕਾਂ ਦੀ ਕਲਿਆਨ ਕੇ ਕਰਤਾ ਹੈਂ ਅਰ ਰਾਜਿਉਂ ਕੇ ਰਿਖੀਉਂ ਕੇ ਸਿਖੋਂ ਕੇ ਸਭ ਕੇ ਸੁਖ ਦਾਇਕ ਹੈਂ ਅਰ ਜਿਨਾਂ ਦੇ ਦਰਸਨ ਕੀਏ ਤੇ ਸਭ ਪਾਪ ਦੂਰ ਹੋਤੇ ਹੈਂ ਸੋ ਜਬ ਕਿਤਨੇ ਕੁ ਦਿਨ ਬੈਠਿਆਂ ਗੁਜਰ ਗਏ ਅਰ ਸਭ ਪਰ ਜਾ ਕੇ ਲੋਕ ਬਡੀ ਭਾਵਨੀ ਨਾਲ ਸੇਵਾ ਕਰਤੇ ਹੈਂ ਅਰ ਸ੍ਰੀ ਗੁਰੂ ਨਾਨਕ ਜੀ ਕੀ ਪ੍ਰੀਤ ਕਰਤੇ ਹੈਂ ਸੋ ਜਾਂ ਉਹ ਦਿਨ ਆਇਆ ਤਾਂ ਸਭ ਲੋਕ ਇਕਠੇ ਹੋਇ ਕਰ ਗੁਰੂ ਜੀ ਪਾਸ ਆਏ ਅਰ ਕਹਿਣ ਲਾਗੇ ਹੇ ਮਹਾ ਪੁਰਸੋ ਇਥੇ ਅਚਾਨਕ ਅੱਗ ਲਗ ਜਾਂਦੀ ਹੈ ਇਸ ਵਾਸਤੇ ਇਨਾਂ ਘਰਾਂ ਨੂੰ

ਛਡਕੇ ਚਲ ਜਾਂਦੇ ਹਾਂ ਅਰ ਇਹ ਘਰਾਂ ਦੇ ਅਸਬਾਬ ਲੱਦਕੇ ਅਸੀਂ ਟੁਰ ਜਾਂਦੇ ਹਾਂ ਹੋਰ ਅਸਾਨੂੰ ਕਿਸੇ ਦਾ ਡਰ ਭੌ ਨਹੀਂ ਪਰ ਅਗਨ ਦੇ ਡਰ ਕਰਕੇ ਅਸੀਂ ਪਰਵਾਰ ਸਮੇਤ ਨਿਕਲ ਜਾਂਦੇ ਹਾਂ ਜੋ ਛੇ ਮਹੀਨੇ ਪਿਛੋਂ ਇਕ ਦੇਵ ਅਗਨ ਲਗਾਇ ਕਰ ਸਾੜ ਜਾਂਦਾ ਹੈ ਸੋ ਅਸੀਂ ਇਸੇ ਵਾਸਤੇ ਇਥੋਂ ਚਲੇ ਜਾਂਦੇ ਹਾਂ ਅਰ ਹੋਰ ਅਸਥਾਨ ਗੁਜਾਰਾ ਕਰ ਆਂਵਦੇ ਹਾਂ ਅਤੇ ਫੇਰ ਆਣਕੇ ਘਰ ਬਣਾਇ ਕਰ ਰਹਿੰਦੇ ਹਾਂ ਇਸ ਵਾਸਤੇ ਆਪ ਸਾਡੇ ਨਾਲ ਹੀ ਚਲੀਏ ਆਪ ਕੀ ਸੇਵਾ ਕਰੀਏਗੇ ਆਪ ਪੂਰਨ ਸੰਤ ਹੋ ਜਿਸ ਤਰਾਂ ਆਪ ਦੀ ਰਜਾਇ ਹੈ ਸੋ ਕਰੀਏ ਆਪ ਪਰਉਪਕਾਰੀ ਹੋ ਸੋ ਏਹ ਬਾਤ ਸੁਣ ਕਰ ਸ੍ਰੀ ਗੁਰੂ ਨਾਨਕ ਜੀ ਕ੍ਰਿਪਾ ਕੇ ਸਮੁੰਦ੍ਰ ਕਹਿਤੇ ਭਏ ਭਾਈ ਤੁਸੀਂ ਗੁਰੂ ਕੇ ਸਿਖ ਹੋਵਹੁ ਤਾਂ ਫੇਰ ਤੁਹਾਡੇ ਘਰ ਨਹੀਂ ਸੜਨਗੇ ਅਰ ਜੇ ਸਤਿਨਾਮ ਕਾ ਸਿਮਰਨ ਕਰਹੁਗੇ ਤਾਂ ਤੁਹਾਡੇ ਸਭ ਡਰ ਭੌ ਦੂਰ ਹੋ ਜਾਵਣਗੇ ਅਰ ਮਨ ਬਾਂਛਤ ਸੁਖ ਪਾਵਹੁਗੇ ਅਰ ਸਾਂਤ ਸੰਤੋਖ ਵਿਚ ਅਪਨੇ ਘਰਾਂ ਮੈ ਬਸਤੇ ਰਹੋਗੇ ਅਤੇ ਅਜ ਤੋਂ ਲੈਕੇ ਅਗੇ ਅਗਨ ਨਹੀਂ ਲਗੇਗੀ ਪਰ ਇਥੇ ਧਰਮਸਾਲਾ ਬਡੀ ਸੁੰਦਰ ਬਨਾਵੋ ਅਤੇ ਸੰਤੋ ਕੀ ਅਰ ਆਏ ਅਤਿਥੋਂ ਕੀ ਸੇਵਾ ਹਿਤ ਨਾਲ ਕਰਿਆ ਕਰੋ ਤਾਂ ਉਨਾਂ ਲੋਕਾਂ ਨੇ ਕਹਿਆ ਬਹੁਤ ਭਲਾ ਅਰ ਹੇ ਗੁਰੂ ਜੀ ਹਮ ਆਪ ਕੇ ਸਿਖ ਹੋਵਹਿਗੇ ਤਾਂ ਓਹ ਲੋਕ ਸਭ ਇਕਤ੍ਰ ਹੋਇ ਕਰ ਸਿਖ ਹੋਏ ਅਤੇ ਦੂਸਰੇ ਗ੍ਰਾਮ ਕੋ ਭੀ ਨਹੀਂ ਗਏ ਓਥੇ ਹੀ ਰਹੇ ਸੋ ਜਦੋਂ ਓਹ ਦਿਨ ਆਇਆ ਜਿਸ ਦਿਨ ਅਗਨ ਲਗਦੀ ਹੁੰਦੀ ਸੀ ਤਾਂ ਓਸ ਦਿਨ ਇਸਤ੍ਰੀਆਂ ਤੇ ਪੁਰਖ ਅਰ ਲੜਕੇ ਬਾਲੇ ਸਭ ਪਰਵਾਰ ਗੁਰੂ ਜੀ ਦੇ ਪਾਸ ਆਇਆ ਅਤੇ ਕਹਿਓਨੇ ਹੇ ਗਰੀਬ ਨਿਵਾਜ ਅਜ ਇਥੇ ਅਗ ਲਗਣੀ ਹੈ ਸਾਨੂੰ ਕਿਆ ਹੁਕਮ ਹੈ ਤਾਂ ਗੁਰੂ ਨਾਨਕ ਜੀ ਨੇ ਕਹਿਆ ਭਾਈ ਸਭ ਇਕਤ੍ਰ ਹੋਇ ਕਰ ਸਤਨਾਮ ਪਰਮੇਸਰ ਕਾ ਜਾਪ ਜਪਹੁ ਤਾਂ ਲੋਕਾਂ ਨੇ ਆਪਣੇ ਘਰਾਂ ਥੀ ਕੋਈ ਵਸਤ ਕਢੀ ਅਰ ਕਿਸੇ ਨੇ ਕੋਈ ਵਸਤੂ ਨਹੀਂ ਕਢੀ ਇਕਤ੍ਰ ਹੋਇ ਕਰ ਸਭ ਲੋਕ ਡਰਦੇ ਮਾਰੇ ਗੁਰੂ ਜੀ ਦੇ ਪਾਸ ਆਇ ਬੈਠੇ ਜਾਂ ਅਗਨ ਲਗਣੇ ਦਾ ਵੇਲਾ ਹੋਇਆ ਤਾਂ ਉਨਾਂ ਲੋਕਾਂ ਨੇ ਦੇਖਿਆ ਜੋ ਇਕ ਦਉ ਹੈ ਅਰ ਬਡਾ ਬਿਕਰਾਲ ਸਰੂਪ ਹੈ ਅਰ ਅਸਮਾਨ ਦੇ ਨਾਲ ਉਸਦਾ ਸਿਰ ਹੈ ਅਰ ਪੈਰ ਉਸਦੇ ਜਮੀਨ ਵਿਚ ਨਜਰ ਆਂਵਦੇ ਹਨ ਤੇ ਕਾਲਾ ਰੰਗ ਬੜਾ ਭੈਆਨਕ ਹੈ ਅਰ ਲਾਲ ਲੋਹੇ ਦੀ ਨਿਆਈ ਅਖੀਆਂ ਹੈਨ ਅਰ ਬਡਾ ਗੁਸੇ ਦਾ ਭਰਿਆ ਹੋਇਆ ਉਨਾਂ ਲੋਕਾਂ ਦੀ ਤਰਫ ਆਂਵਦਾ ਹੈ ਅਤੇ ਏਹੁ ਕਹਿੰਦਾ ਹੈ ਕਿ ਅਗੇ ਤਾਂ ਮੇਰੇ ਡਰ ਕਰਕੇ ਏਹੁ ਲੋਕ ਨਿਕਲ ਜਾਂਦੇ ਹੈਸਨ ਤੇ ਮੈਂ ਇਨਾਂ ਦੇ ਘਰਾਂ ਨੂੰ ਸਾੜਦਾ ਸਾਂ ਅਰ

ਹੁਣ ਇਨਾਂ ਨੇ ਮੇਰਾ ਡਰ ਛਡ ਦਿਤਾ ਹੈ ਅਤੇ ਏਹੁ ਏਥੇ ਹੀ ਬੈਠੇ ਹੈਨ ਤਾਂਤੇ ਅਬ ਮੈਂ ਇਨਾਂ ਨੂੰ ਸਾੜਾਂਗਾ ਸੋ ਜਦ ਲੋਕਾਂ ਨੇ ਦੇਵ ਆਂਵਦਾ ਦੇਖਿਆ ਤਾਂ ਸਭਨਾਂ ਦੇ ਮੂੰਹ ਪੀਲੇ ਹੋਇ ਗਏ ਅਤੇ ਥਰਥਰ ਪਏ ਕੰਬਦੇ ਹੈਨ ਅਰ ਹੋਰ ਉਨਾਂ ਕੁਝ ਸੁਝਦਾ ਨਹੀਂ ਇਹੋ ਕਹਿੰਦੇ ਹਨ ਕਿ ਹੁਣ ਮੋਏ ਕੇ ਮੋਏ ਅਤੇ ਓਹ ਦੇਵ ਆਪਣੇ ਦੰਦਾਂ ਵਿਚ ਹੋਠਾਂ ਨੂੰ ਚਬਾਉਂਦਾ ਹੈ ਤੇ ਜੀਭ ਨੂੰ ਸਵਾਰਦਾ ਹੈ ਤੇ ਹੱਥ ਵਿਚ ਬਲਦੀ ਅਗ ਲਈ ਆਂਵਦਾ ਹੈ ਮਾਨੋਂ ਸਭਨਾਂ ਦਾ ਕਾਲ ਹੈ ਅਤੇ ਲੋਕ ਕਹਿੰਦੇ ਹਨ ਹੇ ਗੁਰੂ ਜੀ ਅਗੇ ਭੱਜ ਜਾਂਦੇ ਸਾਂ ਤਾਂ ਬਚ ਰਹਿੰਦੇ ਸਾਂ ਤੇ ਹੁਣ ਭਜ ਕੇ ਜਾਣ ਦੀ ਥਾਉਂ ਕੋਈ ਨਹੀਂ ਤਾਂਤੇ ਹੇ ਸੰਤ ਜੀ ਅਬ ਕਿਰਪਾ ਕਰੋ ਅਰ ਸਾਡੀ ਰਖਿਆ ਕਰੋ ਤਾਂ ਗੁਰੂ ਨਾਨਕ ਜੀ ਨੇ ਦੇਖਿਆ ਜੋ ਨਰ ਨਾਰੀ ਸਭ ਡਰਦੇ ਮਾਰੇ ਅਧੀਰਜੀ ਹੋਇ ਰਹੇ ਹਨ ਅਤੇ ਕੰਬਦੇ ਹੈਨ ਸੋ ਲੋਕਾਂ ਨੂੰ ਦੁਖੀ ਦੇਖਕੇ ਉਸ ਦੇਉ ਦੀ ਤਰਫ ਦੇਖਿਆ ਜਾਂ ਗੁਰੂ ਜੀ ਦੀ ਦ੍ਰਿਸਟ ਉਸ ਦੇਵ ਤੇ ਪੜੀ ਤਾਂ ਓਹ ਦੇਵ ਮੂਰਛਾ ਹੋਇ ਕਰ ਡਿਗ ਪਇਆ ਜਿਸ ਤਰਾਂ ਵਿਰੋਲੇ ਵਿਚੋਂ ਖੰਭ ਡਿਗ ਪੈਂਦਾ ਹੈ ਅਰ ਜਿਸ ਤਰਾਂ ਪੁਰਾਣਾ ਬਿਰਛ ਪਵਨ ਦੇ ਬੇਗ ਨਾਲ ਡਿਗ ਪੈਂਦਾ ਹੈ ਔਰ ਐਸਾ ਡਿਗਿਆ ਜੋ ਕੁਛ ਸੁਧ ਨਾ ਰਹੀ ਓਸ ਤੇ ਗੁਰੂ ਨਾਨਕ ਜੀ ਸਭਨਾਂ ਉਪਰ ਕਿਰਪਾ ਕਰਨੇ ਵਾਲੇ ਹੈਨ ਅਤੇ ਤ੍ਰਿਲੋਕੀ ਕੇ ਸੁਖਦਾਇਕ ਹੈਨ ਸੋ ਉਸ ਦੇਵ ਨੂੰ ਡਿਗਦਿਆਂ ਦੇਖ ਕਰ ਮਹਾਰਾਜ ਜੀ ਨੂੰ ਦਇਆ ਆਈ ਅਰ ਜਿਸ ਵੇਲੇ ਓਹ ਦੇਵ ਡਿਗਿਆ ਸੀ ਤਾਂ ਉਸ ਵਕਤ ਉਸਦਾ ਸਿਰ ਗੁਰੂ ਜੀ ਦੇ ਚਰਨਾਂ ਪਾਸ ਡਿਗਿਆ ਸੀ ਤਾਂ ਗੁਰੂ ਨਾਨਕ ਜੀ ਨੇ ਉਸਦੇ ਸਿਰ ਨੂੰ ਆਪਣਾ ਚਰਨ ਛੁਹਾਇਆ ਜੇਹੜਾ ਚਰਨ ਮਹਾਰਾਜ ਜੀ ਕਾ ਸਭ ਸਿਖਾਂ ਸੰਤਾਂ ਕਾ ਸੁਖਦਾਈ ਹੈ ਸੋ ਜਿਸ ਵੇਲੇ ਉਸ ਦੇਵ ਦੇ ਸਿਰ ਨੂੰ ਗੁਰੂ ਜੀ ਕੀ ਚਰਨ ਛੁਹਿਆ ਤਾਂ ਉਸ ਦੇਵ ਦੀ ਮੂਰਛਾ ਖੁਲ ਗਈ ਤੇ ਸੁਚੇਤ ਹੋਇ ਗਇਆ ਅਰ ਉਠ ਕਰ ਗੁਰੂ ਜੀ ਕੀ ਚਰਨੀਂ ਆਇ ਲਗਾ ਅਰ ਜਿਸ ਤਰਾਂ ਮੋਏ ਪੁਰਸ ਨੂੰ ਸੰਜੀਵਨੀ ਹਾਥ ਆਵੈ ਤਾਂ ਚੇਤੰਨ ਹੋਇ ਜਾਂਦਾ ਹੈ ਇਸੇ ਤਰਾਂ ਗੁਰੂ ਜੀ ਦੇ ਚਰਨਾਂ ਵਿਚ ਆਇਆ ਤੇ ਆਪਣਾ ਸਿਰ ਰਖਿਆ ਅਤੇ ਗੁਰੂ ਜੀ ਦਾ ਤੇਜ ਪ੍ਰਤਾਪ ਦੇਖ ਕਰ ਬਡਾ ਦੀਨ ਹੋਇਆ ਅਤੇ ਕਹਿਣ ਲਗਾ ਹੇ ਪ੍ਰਭ ਜੀ ਮੈਂ ਤੁਹਾਡੀ ਸਰਨ ਹੋਂ ਮੇਰੀ ਰਖਿਆ ਕਰੋ ਮੇਰਾ ਅਪਰਾਧ ਖਿਮਾਂ ਕਰੋ ਕਯੋਂਕਿ ਤੁਸੀਂ ਪਰਮੇਸਰ ਹੋ ਅਰ ਤੁਮਾਰੇ ਮੈਂ ਤੇ ਪਰਮੇਸਰ ਮੈ ਭੇਦ ਕੁਛ ਨਹੀਂ ਜੀ ਅਤੇ ਮੈਂ ਅਜਾਣ ਸੀ ਅਰ ਤੁਹਾਡੀ ਮਹਿਮਾਂ ਮੈਨੇ ਜਾਣੀ ਨਹੀਂ ਸੀ ਪਰ ਆਪ ਮਹਾਂ ਪੁਰਖ ਹੋ ਅਰ ਸਰਬ ਗੁਣਾ ਕੀ ਖਾਨ ਹੋ ਅਰ ਮੈਂ ਇਨਾਂ ਲੋਕਾਂ ਪਾਸੋਂ ਆਪਣੀ ਡੀਂਨ ਮਨਾਂਵਦਾ ਸੀ ਸੋ ਇਸ ਵਾਸਤੇ ਇਨਾਂ ਦੇ

ਘਰ ਸਾੜ ਜਾਂਦਾ ਸਾਂ ਪਰ ਹੁਣ ਮੈਂ ਭੁਲਾ ਹਾਂ ਜੋ ਤੁਹਾਡੇ ਹੁੰਦਿਆਂ ਏਹੁ ਕਰਨ ਆਇਆ ਸਾਂ ਸੋ ਹੁਣ ਮੈਨੂੰ ਬਖਸੀਏ ਕਯੋ ਜੋ ਅਬ ਇਨ ਕੇ ਭਾਗ ਜਾਗੇ ਹਨ ਜੋ ਤੁਸੀ ਮਹਾ ਪੁਰਖ ਇਥੇ ਆਇ ਪਹੁੰਚੇ ਹੋ ਸੋ ਹੁਣ ਸਭ ਕਾ ਕਲਿਆਣ ਕਰਹੁ ਜੀ ਅਰ ਤੁਸੀ ਕਿਰਪਾ ਕੀ ਨਿਧ ਹੋ ਅਤੇ ਪਰਉਪਕਾਰੀ ਹੋ ਅਰ ਮੈਂ ਭੀ ਆਪ ਕਾ ਦਾਸ ਹੋਂ ਅਤੇ ਜੋ ਆਗਿਆ ਕਰੋਗੇ ਸੋਈ ਮੈਂ ਕਰਾਂਗਾ ਸੋ ਅਬ ਸਰਬ ਪ੍ਰਕਾਰ ਕਾ ਕਸਟ ਮੇਟੀਏ ਜੀ ਏਹੁ ਬਾਰਤਾ ਸੁਣ ਕਰ ਸ੍ਰੀ ਗੁਰੂ ਨਾਨਕ ਜੀ ਦੀਨਾ ਕੇ ਦਿਆਲ ਸਰਬ ਪਰ ਕ੍ਰਿਪਾਲ ਬਾਨੀ ਬੋਲਤੇ ਭਏ ਕਿ ਉਨਾਂ ਸਰਬ ਸਿਖਾਂ ਕੋ ਕਹਾ ਇਸ ਨਗਰ ਮੈਂ ਇਕ ਧਰਮਸਾਲਾ ਬਡੀ ਸੁੰਦਰ ਬਨਾਓ ਸੋ ਤਹਾਂ ਕੀਰਤਨ ਹੋਇਆ ਕਰੇ ਅਰ ਨਿਤ ਹੀ ਸਤਨਾਮ ਕਾ ਸਿਮਰਨ ਕਰਿਆ ਕਰੋ ਰਾਤ ਦਿਨ ਜੋ ਜਿਸਤੇ ਤੁਮਾਰੇ ਸਭ ਲੋਕਾਂ ਦੇ ਪਾਪ ਦੂਰ ਹੋਇ ਜਾਵਣਗੇ ਅਤੇ ਉਸ ਦੇਵ ਕੋ ਕਹਿਆ ਕਿ ਤੇਰੀ ਕਲਿਆਣ ਹੋਵੈਗੀ ਪਰ ਤੂੰ ਇਸ ਧਰਮਸਾਲ ਕਾ ਜਲ ਭਰਿਆ ਕਰ ਕਯੋਂਕਿ ਅਬ ਤੂੰ ਬਖਸਿਆ ਹੈ ਸੋ ਆਪਣੇ ਸਿਰ ਪਰ ਰਖਕੇ ਇਨਾਂ ਸਿਖਾਂ ਕੀ ਧਰਮਸਾਲਾਂ ਮੈਂ ਜਲ ਭਰ ਲਿਆਇਆ ਕਰ ਅਤੇ ਫੇਰ ਸ੍ਰੀ ਗੁਰੂ ਜੀ ਬਚਨ ਕਰਤੇ ਹੈਂ ਕਿ ਹਰ ਇਕ ਧਰਮਸਾਲਾ ਮੈਂ ਜੋ ਕੋਈ ਮਾਨੁਖ ਸੇਵਾ ਕਰੇਗਾ ਅਥਵਾ ਜਲ ਭਰੈਗਾ ਜਾਂ ਧਰਮਸਾਲਾ ਮੈ ਦੀਪਕ ਜਗਾਵੈਗਾ ਯਾ ਝਾੜੂ ਸੂਹਨੀ ਕਰੈਗਾ ਉਸਦਾ ਮਨ ਨਿਰਮਲ ਹੋਵੈਗਾ ਅਰ ਪਾਪ ਦੂਰ ਹੋਵਨਗੇ ਅਤੇ ਅੰਤ ਸਮੇਂ ਸਤਗਤਿ ਕਾ ਅਧਕਾਰੀ ਹੋਵੈਗਾ ਅਰ ਜੋ ਸਤਨਾਮ ਸਿਮਰੈਗਾ ਸੋ ਸਰਬ ਸੁਖਾ ਕਾ ਅਧਿਕਾਰੀ ਹੋਵੈਗਾ ਏਹ ਬਚਨ ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਕੇ ਉਨਾ ਮੰਨ ਲੀਤੇ ਅਰ ਧਰਮਸਾਲਾ ਕੀ ਰਚਨਾ ਰਚੀ ਅਤੇ ਸੰਤਾਂ ਕੀ ਸੇਵਾ ਲਗੀ ਹੋਵਨ ਅਤੇ ਉਸ ਦੇਵ ਨੂੰ ਗੁਰੂ ਜੀ ਨੇ ਕਹਿਆ ਭਾਈ ਜੋ ਕੁਛ ਸੁਭ ਕਰਮ ਕਰੈਗਾ ਸੋਈ ਤੇਰੇ ਕੰਮ ਆਵੇਗਾ ਤਾਂ ਦੇਉ ਮਥਾ ਟੇਕ ਕੇ ਚਲਦਾ ਰਹਿਆ ਅਰ ਓਹ ਸਾਰਾ ਦੇਸ ਗੁਰੂ ਜੀ ਕੇ ਸਿਖ ਹੋਏ ਅਤੇ ਗੁਰੂ ਜੀ ਕੀ ਚਰਨੀ ਲਗੇ ਅਤੇ ਹੋਰ ਆਸ ਪਾਸ ਦੇ ਲੋਕ ਗੁਰੂ ਜੀ ਕਾ ਨਾਮ ਸੁਨ ਕਰ ਆਵਨ ਅਤੇ ਭਗਤੀ ਦੀ ਰੀਤ ਸਿਖਣ ਅਰ ਸਤਨਾਮ ਜਪਣ ਸੋ ਪਰਮ ਪਦ ਕੇ ਅਧਕਾਰੀ ਹੋ ਕਰ ਅਪਨੇ ਗ੍ਰਿਹਿ ਕੋ ਜਾਵਣ ॥ ਅਰ ਸਿਖੀ ਕੀ ਰੀਤ ਸਾਰੇ ਦੇਸ ਮੈਂ ਵਿਦਤ ਹੋ ਗਈ ਅਰ ਲੋਕ ਲਗੇ ਗੁਰੂ ਗੁਰੂ ਜਪਣ ਤਾਂ ਸ੍ਰੀ ਗੁਰੂ ਨਾਨਕ ਜੀ ਓਥੋਂ ਰਮਤੇ ਹੋਏ ॥

ਸਾਖੀ ਅਜਿਤੇ ਨਾਲ ਹੋਈ

ਤਾਂ ਸ੍ਰੀ ਗੁਰੂ ਨਾਨਕ ਜੀ ਜਾਂਦੇ ਜਾਂਦੇ ਸਮੁੰਦਰ ਦੇ ਕਿਨਾਰੇ ਜਾਇ ਬੈਠੇ ਤਾਂ

ਅਜਿਤੇ ਨੇ ਸੁਣਿਆ ਜੋ ਗੁਰੂ ਨਾਨਕ ਜੀ ਫਲਾਨੀ ਜਾਗਾਂ ਆਏ ਹਨ ਤਾਂ ਅਜਿਤੇ ਨੂੰ ਕਰਜ ਦੇਣੇ ਕੀ ਬਹੁਤ ਜਰੂਰਤ ਹੈਸੀ ਤੇ ਸਾਹੁ ਨੇ ਅਜਿਤੇ ਨੂੰ ਰੋਕ ਛਡਿਆ ਸੀ ਤਾਂ ਅਜਿਤੇ ਨੇ ਸਾਹੁ ਨੂੰ ਕਹਿਆ ਕਿ ਮੈਂ ਆਪਨੇ ਗੁਰੂ ਜੀ ਨੂੰ ਮਿਲ ਆਵਾਂ ਤਾਂ ਉਸਨੇ ਅਜਿਤੇ ਨੂੰ ਭੇਜ ਦਿਤਾ ਤਾਂ ਫਿਰ ਅਜਿਤਾ ਗੁਰੂ ਜੀ ਦੇ ਪਾਸ ਆਇਆ ਅਤੇ ਆਇ ਕਰ ਗੁਰੂ ਜੀ ਦੇ ਅਗੇ ਮਥਾ ਟੇਕਿਆ ਤਾਂ ਗੁਰੂ ਜੀ ਨੇ ਕਹਿਆ ਅਜਿਤਿਆ ਸੁਖ ਹੈ ਤਾਂ ਅਜਿਤੇ ਆਖਿਆ ਗੁਰੂ ਜੀ ਤੇਰਾ ਸਦਕਾ ਸੁਖ ਹੈ ਜੀ ਸੋ ਜਾਂ ਕਿਤਨੇਕੁ ਦਿਨ ਗੁਜਰੇ ਤਾਂ ਅਜਿਤੇ ਦੇ ਮਨ ਵਿਚ ਆਈ ਕਿ ਮੈਂ ਈਵੇਂ ਹੀ ਇਸ ਫਕੀਰ ਨਾਲ ਇਤਨਾ ਚਿਰ ਰਹਿਆ ਹਾਂ ਅਤੇ ਈਵੇਂ ਹੀ ਮੈਂ ਇਸ ਦੀ ਖਿਜਮਤ ਕੀਤੀ ਹੈ ਇਕ ਸੌ ਰੁਪਯਾ ਮੈਂ ਸਾਹੁ ਦਾ ਦੇਣਾ ਹੈ ਅਤੇ ਓਸ ਨੇ ਮੇਰੇ ਬਚਿਆਂ ਨੂੰ ਅਰ ਕੋੜਮ ਮੇਰਾ ਪਕੜ ਰਖਿਆ ਹੈਸ ਅਤੇ ਮੈਂ ਫਕੀਰ ਦੇ ਪਾਸ ਹਾਂ ਤਾਂ ਸ੍ਰੀ ਗੁਰੂ ਨਾਨਕ ਜੀ ਨੇ ਅਜਿਤੇ ਦੇ ਮਨ ਦੀ ਜਾਣ ਕੇ ਆਖਿਆ ਹੇ ਅਜਿਤਿਆ ਗਿਣਤੀਆਂ ਵਿਚ ਕਿਉਂ ਪਇਆ ਹੈਂ ਅਤੇ ਬਹੁਤਾ ਕਾੜ੍ਹਾ ਕਿਉਂ ਕਰਦਾ ਹੈਂ ਅਰ ਕਿਆ ਤੇਰੀ ਖਬਰ ਹੈ ਅਤੇ ਅਜਿਤਿਆ ਤੇਰੇ ਆਤਮੇ ਕਿਆ ਵਰਤੀ ਹੈ ਤਾਂ ਫੇਰ ਅਜਿਤੇ ਨੇ ਕਹਿਆ ਹੇ ਗੁਰੂ ਜੀ ਤੁਸੀਂ ਅੰਤਰ ਕੀ ਸਭ ਕੁਛ ਜਾਣਦੇ ਹੋ ਜੀ ਅਰ ਤੁਹਾਡੇ ਕੋਲੋਂ ਕੁਛ ਛਪਿਆ ਨਹੀਂ ਜੀ ਤਾਂ ਗੁਰੂ ਜੀ ਨੇ ਕਹਿਆ ਅਜਿਤਿਆ ਉਸ ਜਾਂਗਾ ਜਾਇ ਕਰ ਅਰ ਮਿਟੀ ਦੀ ਢੀਂਮ ਉਠਾਇ ਕਰ ਜਿਤਨੇ ਰੁਪਯੇ ਦੀ ਤੈਨੂੰ ਲੋੜ ਹੈ ਉਤਨੇ ਰੁਪਯੇ ਲੈ ਆਵੀਂ ਤਾਂ ਅਜਿਤੇ ਕਹਿਆ ਭਲਾ ਗੁਰੂ ਜੀ ਤਾਂ ਫਿਰ ਅਜਿਤੇ ਨੇ ਤਿਵੇਂ ਹੀ ਕੀਤਾ ਪਰ ਜਿਸ ਵੇਲੇ ਉਥੇ ਜਾਇ ਕਰ ਢੀਮ ਮਿਟੀ ਦੀ ਉਠਾਈ ਤਾਂ ਰੁਪਯੇ ਦੇਖ ਕੇ ਲੋਭ ਕੀਤਾ ਜੋ ਬਹੁਤ ਸਾਰੇ ਰੁਪਯੇ ਲੈ ਕੇ ਗੁਰੂ ਨਾਨਕ ਜੀ ਦੇ ਪਾਸ ਆਇਆ ਤਾਂ ਗੁਰੂ ਨਾਨਕ ਜੀ ਨੇ ਕਹਿਆ ਅਜਿਤਿਆ ਰੁਪਯੇ ਲੀਤੇ ਹੈਨੀ ਤਾਂ ਅਜਿਤੇ ਨੇ ਕਹਿਆ ਆਹੋ ਗੁਰੂ ਜੀ ਮੈਂ ਰੁਪਯੇ ਲੈ ਆਂਦੇ ਹੈਨ ਤਾਂ ਫਿਰ ਗੁਰੂ ਨਾਨਕ ਜੀ ਨੇ ਕਹਿਆ ਅਜਿਤਿਆ ਰੁਪਯੇ ਗਿਣ ਕੇ ਪਲੇ ਬੰਨ ਲੈ ਤਾਂ ਅਜਿਤੇ ਕਹਿਆ ਭਲਾ ਗੁਰੂ ਜੀ ਤਾਂ ਫਿਰ ਅਜਿਤੇ ਨੇ ਰੁਪਯੇ ਗਿਣੇ ਤਾਂ ਸਗਵਾਂ ਦੋ ਰੁਪਯੇ ਘਟ ਗਏ ॥ ਤਾਂ ਅਜਿਤਾ ਹੈਰਾਨ ਹੋਇ ਗਇਆ ਅਤੇ ਕਹਿ ਓਸ ਮੈਂ ਤਉ ਸਗੋਂ ਬਹੁਤ ਰੁਪਯੇ ਲੀਤੇ ਹੈ ਸਨ ਪਰ ਇਥੇ ਸਗੋਂ ਦੋਇ ਰੁਪਯੇ ਘਟ ਗਏ ਹੈਨ ਤਾਂ ਗੁਰੂ ਨਾਨਕ ਜੀ ਕਹਿਆ ਅਜਿਤਿਆ ਤੂੰ ਉਥੇ ਹੀ ਜਾਇ ਕਰ ਦੇਖ ਸੋ ਜਦ ਅਜਿਤੇ ਨੇ ਓਥੇ ਜਾਇ ਕਰ ਦੇਖਿਆ ਤਾਂ ਦੋਇ ਰੁਪਯੇ ਪਏ ਹੋਏ ਦੇਖੇ ਤਾਂ ਅਜਿਤੇ ਨੇ ਦੋਇ ਰੁਪਯੇ ਲੈ ਕੇ ਗੁਰੂ ਨਾਨਕ ਜੀ ਅਗੇ ਮਥਾ ਆਇ ਟੇਕਿਆ

ਅਰ ਲਗਾ ਸ੍ਰੀ ਗੁਰੂ ਜੀ ਕੀ ਉਸਤਤੀ ਕਰਣ ॥

ਸਾਖੀ ਬਾਬਾ ਜੀ ਜਲ ਵਿਚ ਰੋਟੀਆਂ ਪਕਾਈਆਂ

ਗੁਰੂ ਜੀ ਜਾਂਦੇ ਜਾਂਦੇ ਇਕਸ ਹੋਰ ਦੇਸ ਵਿਚ ਜਾਇ ਬੈਠੇ ਤਾਂ ਉਥੋਂ ਦਿਆਂ ਲੋਕਾਂ ਨੇ ਮਰਦਾਨੇ ਨੂੰ ਅੰਨ ਕੋਰਾ ਹੀ ਦਿਤਾ ਅਤੇ ਪਾਣੀ ਅਰ ਅੱਗ ਦੋਨੋਂ ਵਸਤੂ ਮਨੇ ਕਰ ਛਡੀਆਂ ਤਾਂ ਮਰਦਾਨਾ ਸਾਰੇ ਸਹਰ ਵਿਚ ਫਿਰਿਆ ਪਰ ਅਗ ਅਤੇ ਪਾਣੀ ਕੋਈ ਦੇਵੈ ਨਹੀਂ ਤਾਂ ਸ੍ਰੀ ਗੁਰੂ ਨਾਨਕ ਜੀ ਅਤੇ ਭਾਈ ਬਾਲਾ ਅਤੇ ਮਰਦਾਨਾ ਉਥੋਂ ਉਠ ਕੇ ਹੋਰ ਥੇ ਜਾਇ ਬੈਠੇ ਤਉ ਗੁਰੂ ਜੀ ਨੇ ਬਚਨ ਕੀਤਾ ਮਰਦਾਨਿਆ ਤੂੰ ਇਥੋਂ ਪਥਰ ਚੁਕ ਤਾਂ ਮਰਦਾਨੇ ਨੇ ਉਥੋਂ ਪਥਰ ਚੁਕਿਆ ਸੋ ਉਸ ਪਥਰ ਦੇ ਹੇਠੋਂ ਕੁਦਰਤ ਦਾ ਤਲਾਉ ਨਿਕਲਿਆ ਜਲ ਦਾ ਭਰਿਆ ਹੋਇਆ ਤਾਂ ਬਚਨ ਹੋਇਆ ਮਰਦਾਨਿਆ ਤੂੰ ਇਸ ਕੁੰਡ ਦੇ ਵਿਚ ਰੋਟੀਆਂ ਘੜ ਕੇ ਪਾਇ ਦੇ ਅਤੇ ਹੋਰ ਅਨਾਜ ਕਪੜੇ ਵਿਚ ਬੰਨ ਕੇ ਉਸ ਜਲ ਦੇ ਵਿਚ ਪਾਇ ਦੇ ਪਰ ਵਾਹਿਗੁਰੂ ਆਖ ਕੇ ਤਾਂ ਮਰਦਾਨੇ ਕਹਿਆ ਸਤ ਬਚਨ ਸੋ ਵਾਹਿਗੁਰੂ ਆਖ ਕੇ ਉਸ ਕੁੰਡ ਵਿਚ ਰੋਟੀਆਂ ਘੜ ਕੇ ਪਾਇ ਦਿਤੀਆਂ ਅਤੇ ਹੋਰ ਅਨਾਜ ਕਪੜੇ ਵਿਚ ਬੰਨ ਕੇ ਉਸ ਜਲ ਦੇ ਕੁੰਡ ਵਿਚ ਪਾਇ ਦਿਤਾ ਤਾਂ ਸਭ ਕੁਛ ਪਾਵਣੇ ਨਾਲ ਸਾਰਾ ਅੰਨ ਪਾਣੀ ਵਿਚ ਡੁਬ ਗਇਆ ਤਾਂ ਮਰਦਾਨੇ ਨੇ ਆਖਿਆ ਹੇ ਗੁਰੂ ਜੀ ਏਹ ਅਨਾਜਤ ਅਸਾਡਾ ਏਵੇਂ ਹੀ ਗਵਾਇਆ ਤਾਂ ਗੁਰੂ ਜੀ ਨੇ ਬਚਨ ਕੀਤਾ ਮਰਦਾਨਿਆ ਤੂੰ ਵਾਹਗੁਰੂ ਆਖ ਕੇ ਕਹੁ ਹੇ ਸਚੇ ਪਾਤਸਾਹ ਏਹ ਅਨਾਜ ਨਿਕਲੈ ਤਾਂ ਮੈਂ ਇਕ ਰੋਟੀ ਤੇਰੇ ਨਮਤਿ ਦੇਵਾਂਗਾ ਜੀ ਤਾਂ ਮਰਦਾਨੇ ਕਹਿਆ ਹੇ ਗਰੀਬ ਨਿਵਾਜ ਜੀ ਇਕ ਰੋਟੀ ਮੈਂ ਤੇਰੇ ਨਮਤਿ ਦਿਤੀ ਜੀ ਏਹੁ ਅਨਾਜ ਅਸਾਡਾ ਬਾਹਰ ਨਿਕਲੈ ਜੀ ਤਾਂ ਭਾਈ ਮਰਦਾਨੇ ਦੇ ਇਤਨੇ ਆਖਣ ਨਾਲ ਤੁਰਤ ਹੀ ਰੋਟੀਆਂ ਪਕ ਕੇ ਬਾਹਰ ਨਿਕਲ ਆਈਆਂ ਅਤੇ ਹੋਰ ਅੰਨ ਭੀ ਰਿਝ ਕੇ ਬਾਹਰ ਨਿਕਲ ਆਇਆ ਤਾਂ ਗੁਰੂ ਨਾਨਕ ਜੀ ਆਖਿਆ ਸੁਣ ਮਰਦਾਨਿਆਂ ਜੋ ਕੋਈ ਮਾਨੁਖ ਸ੍ਰੀ ਪਰਮੇਸਰ ਜੀ ਕੇ ਅਰਥ ਕਰਕੇ ਦੇਂਦਾ ਹੈ ਸੋ ਏਸੇ ਤਰਾਂ ਡੁਬਿਆ ਹੋਇਆ ਤਰ ਆਉਂਦਾ ਹੈ ਤਾਂ ਮਰਦਾਨਾ ਗੁਰੂ ਜੀ ਦੀ ਪੈਰੀਂ ਆਇ ਪਇਆ ॥

ਫੇਰ ਓਹ ਸਾਰੇ ਦੇਸ ਨੇ ਇਹ ਕੌਤਕ ਦੇਖਿਆ ਤੇ ਬਡੇ ਹੈਰਾਨ ਹੋਏ ਗਏ ਲੋਕ ਅਤੇ ਆਪਸ ਵਿਚ ਆਖਣ ਲਗੇ ਹੇ ਸ੍ਰੀ ਪਰਮੇਸਰ ਜੀ ਇਸ ਫਕੀਰ ਨੇ ਤਾਂ ਪਾਣੀ ਵਿਚ ਰੋਟੀਆਂ ਪਕਾਇ ਲੀਤੀਆਂ ਹੈਨ ਦੇਖੋ ਭਾਈ ਅਸਾਂ ਇਸਨੂੰ ਅੱਗ ਭੀ

ਅਤੇ ਪਾਣੀ ਭੀ ਨਹੀਂ ਸੀ ਦਿਤਾ ਪਰ ਇਸਨੇ ਕੁਦਰਤ ਨਾਲ ਪਾਣੀ ਭੀ ਕਢ ਲਿਆ ਹੈ ਅਤੇ ਫੇਰ ਅੰਨ ਭੀ ਪਕਾਇ ਲਿਆ ਹੈਸ ਤਾਂ ਤੇ ਏਹ ਕੋਈ ਵਡਾ ਮਹਾਪੁਰਖ ਹੈ ਅਰ ਕਲਾਵਾਨ ਸਾਧ ਹੈ ਤਾਂ ਫੇਰ ਉਸ ਦੇਸ ਦੇ ਰਾਜੇ ਨੇ ਸੁਣਿਆਂ ਸੋ ਆਪਣੇ ਵਜੀਰਾਂ ਨੂੰ ਅਤੇ ਆਪਣੀ ਪਰਜਾ ਨੂੰ ਨਾਲ ਲੈਕੇ ਗੁਰੂ ਜੀ ਕੀ ਚਰਨੀ ਆਇ ਲਗਾ ਅਤੇ ਹਥ ਜੋੜ ਕੇ ਅਰਦਾਸ ਕੀਤੀ ਓਸ ਕਿ ਹੇ ਮਹਾਪੁਰਖ ਜੀ ਸਾਨੂੰ ਬਖਸੀਏ ਜੀ ਜੋ ਸਾਥੋਂ ਬਡੀ ਬੇਅਦਬੀ ਹੋਈ ਹੈ ਅਰ ਤੁਸੀਂ ਸੰਤ ਪਰਉਪਕਾਰੀ ਹੋ ਅਤੇ ਦਿਆਲਤਾ ਵਾਲੇ ਹੋ ਸੋ ਅਸਾਡੇ ਉਪਰ ਖਿਮਾ ਕਰੀਐ ਜੀ ਤਾਂ ਸ੍ਰੀ ਗੁਰੂ ਨਾਨਕ ਜੀ ਨੇ ਬਚਨ ਕੀਤਾ ਕਿ ਸੁਣੋ ਪਰਮੇਸਰ ਦੇ ਲੋਕਹੁ ॥ ਵਾਸਦੇਵ ਸਰਬਤ੍ਰ ਮਹਿ ਊਨਨਾ ਕਤਹੂ ਠਾਇ ॥ ਅੰਤਰਿ ਬਾਹਰਿ ਸੰਗ ਹੈ ਨਾਨਕ ਕਾਇ ਦੁਰਾਇ ॥੧॥ ਓਹ ਪਰਮੇਸਰ ਸਰਬ ਅਸਥਾਨਾ ਮੈਂ ਵਸਦਾ ਹੈ ਅਰ ਜਿਥੇ ਕਿਥੇ ਹਾਜਰ ਹਜੂਰ ਹੈ ਅਤੇ ਕੋਈ ਅਸਥਾਨ ਐਸਾ ਨਹੀਂ ਜਿਥੇ ਓਹ ਹੈ ਨਹੀਂ ਸਾਰੇ ਓਹ ਪਰਮੇਸਰ ਵਰਤਦਾ ਹੈ ਅਰ ਅੰਗਸੰਗ ਹੈ ਅਰ ਜਹਾਂ ਕਹਾਂ ਲੋਕ ਪਰਲੋਕ ਵਿਚ ਸਹਾਇਕ ਹੈ ਅਤੇ ਉਸ ਪਰਮੇਸਰ ਕੋਲੋਂ ਕੁਛ ਭੁਲਿਆ ਹੋਇਆ ਨਹੀਂ ਸੋ ਤੁਸੀਂ ਭੀ ਉਸ ਪਰਮੇਸਰ ਦਾ ਨਾਮ ਜਪਿਆ ਕਰੋ ਤਾਂ ਤੁਹਾਡਾ ਭੀ ਭਲਾ ਹੋਵੇਗਾ ਤਾਂ ਰਾਜਾ ਪਰਜਾ ਉਸ ਦੇਸ ਦੇ ਸਭੋ ਹੀ ਸ੍ਰੀ ਗੁਰੂ ਜੀ ਕੇ ਸਿਖ ਹੋਏ ਅਤੇ ਗੁਰੂ ਗੁਰੂ ਲਗੇ ਜਪਣ ਅਤੇ ਗੁਰੂ ਜੀ ਉਨਾਂ ਲੋਕਾਂ ਨੂੰ ਏਹ ਬਚਨ ਕੀਤਾ ਜੋ ਹੇ ਭਾਈ ਤੁਹਾਡਾ ਕਲਿਆਣ ਤਦ ਹੋਵੈਗਾ ਜਦ ਤੁਸੀਂ ਕਿਰਤ ਕਮਾਈ ਕਰਕੇ ਤਿਸ ਵਿਚੋਂ ਕੁਛ ਸਾਧ ਸੰਗਤ ਦੇ ਕੁਛ ਮੁਹਿ ਪਾਵੋਗੇ ਤਾਂਤੇ ਤੁਸਾਂ ਟਹਿਲ ਸੇਵਾ ਕਰਨੀ ਅਰ ਭਾਵ ਭਗਤਿ ਕਰਨੀ ਤਾਂ ਤੁਹਾਡਾ ਭਲਾ ਹੋਵੈਗਾ ਸੋ ਸ੍ਰੀ ਗੁਰੂ ਜੀ ਉਨਾਂ ਨੂੰ ਸਿਖ ਕਰਕੇ ਚਲੇ ॥

ਸਾਖੀ ਮਰਦਾਨੇ ਨਾਲ

ਇਕ ਦਿਨ ਗੁਰੂ ਜੀ ਆਪਣੇ ਧਿਆਨ ਮੈਂ ਬੈਠੇ ਥੇ ਤਾਂ ਮਰਦਾਨੇ ਨੇ ਪੁਛਿਆ ਗੁਰੂ ਬਾਬਾ ਜੀ ਅਜ ਤੁਸੀਂ ਬਡੇ ਬੇਸੁਮਾਰ ਦੇ ਘਰ ਦਿਸਦੇ ਹੋ ਤਾਂ ਗੁਰੂ ਨਾਨਕ ਜੀ ਕਹਿਆ ਮਰਦਾਨਿਆਂ ਆਤਮੇ ਨਾਲ ਗਿਆਨ ਕਰਦੇ ਹਾਂ ਤਾਂ ਮਰਦਾਨੇ ਕਹਿਆ ਜੀ ਮਿਹਰਵਾਨ ਮੇਰੀ ਅਰਦਾਸ ਹੈ ਅਰ ਤੇਰੇ ਸੰਗ ਲਗਿਆਂ ਦਾ ਅਸਾਨੂੰ ਗੁਣ ਏਹੋ ਹੈ ਜੋ ਕਾਈ ਜੀਅ ਦੀ ਗੁਹਜ ਬਾਤ ਹੋਵੈ ਸੋ ਭੀ ਅਸਾਂ ਨਾਲ ਕੀਚੈ ਜੀ ਅਤੇ ਤਾਂ ਅਸਾਡਾ ਜੀਉ ਭੀ ਪਰਚਿਆ ਰਹੈ ਕਯੋਂਕਿ ਅਸਾਡਾ ਜੀਉ ਤੇਰਿਆਂ ਚਰਨਾਂ ਨਾਲ ਜੁੜਿਆ ਹੈ ਤਬ ਗੁਰੂ ਬਾਬਾ ਜੀ ਮਰਦਾਨੇ ਉਪਰ ਮਿਹਰਵਾਨ ਹੋਇਆ

ਅਰ ਜੀਅਕੀ ਜੋ ਆਹੀ ਸੋ ਮਰਦਾਨੇ ਨੂੰ ਆਖ ਸੁਣਾਈ ਅਤੇ ਰਾਗ ਤੁਖਾਰੀ ਵਿਚ ਸਬਦ ਬੋਲਿਆ ॥

ਤੁਖਾਰੀ ਮਹਲਾ ੧ ॥ ਏ ਮਨ ਮੇਰਿਆ ਤੂ ਸਮਝੁ ਅਚੇਤ ਇਆਣਿਆ ਰਾਮ ॥ ਏ ਮਨ ਮੇਰਿਆ ਛੋਡਿ ਅਵਗਣ ਗੁਣੀ ਸਮਾਣਿਆ ਰਾਮ ॥ ਬਹੁ ਸਾਦ ਲੁਭਾਣੇ ਕਿਰਤ ਕਮਾਣੇ ਵਿਛੁੜਿਆ ਨਹੀ ਮੇਲਾ ॥ ਕਿਉ ਦੁਤਰੁ ਤਰੀਐ ਜਮ ਡਰਿ ਮਰੀਐ ਜਮ ਕਾ ਪੰਥੁ ਦੁਹੇਲਾ ॥ ਮਨਿ ਰਾਮੁ ਨਹੀ ਜਾਤਾ ਸਾਝ ਪ੍ਰਭਾਤਾ ਅਵਘਟਿ ਰੁਧਾ ਕਿਆ ਕਰੇ ॥ ਬੰਧਨਿ ਬਾਧਿਆ ਇਨ ਬਿਧਿ ਛੂਟੈ ਗੁਰਮੁਖਿ ਸੇਵੈ ਨਰ ਹਰੇ ॥ ੧ ॥

ਤਬ ਗੁਰੂ ਬਾਬਾ ਜੀ ਨੇ ਕਹਿਆ ਮਰਦਾਨਿਆਂ ਇਹ ਮਨ ਅਚੇਤ ਇਆਣਾ ਕਿਉਂ ਹੋਇ ਰਹਿਆ ਹੈ ਅਰ ਤੂੰ ਸਮਝਦਾ ਕਿਉਂ ਨਹੀਂ ਮੇਰੇ ਮਨਾ ਤੂੰ ਔਗਣ ਛਡ ਕੇਹੜੇ ਜੋ ਕਾਮ ਕ੍ਰੋਧ ਲੋਭ ਮੋਹ ਅਹੰਕਾਰ ਨਿੰਦਿਆ ਖੁਦੀ ਅਭਿਮਾਨ ਅਤੇ ਕਮਾਉ ਕਿਆ ਨਾਮ ਦਾਨ ਇਸਨਾਨ ਸਚ ਸੀਲ ਸੰਜਮ ਸੰਤੋਖ ਦਇਆ ਭਾਉ ਭਗਤਿ ਅਤੇ ਗਰੀਬੀ ਅਰ ਹਰਿਕੇ ਸੇਵਕ ਉਪਰ ਮਿਹਰਵਾਨ ਏਹੁ ਗੁਣ ਕਮਾਵੇਂ ਤੂੰ ਅਤੇ ਪਰਮੇਸਰ ਜੀ ਕਾ ਨਾਮ ਜੋ ਸਤ ਹੈ ਸੋ ਗੁਰੂ ਕੇ ਪ੍ਰਸਾਦ ਜਪਣਾ ਅਰ ਜਹਾਂ ਇਸ ਜੀਅ ਕਾ ਕੋਈ ਨਾ ਸਹਾਇਕ ਹੋਵੇਗਾ ਤਹਾਂ ਹਰ ਜੀ ਕਾ ਨਾਮ ਸਹਾਇਕ ਹੋਵੇਗਾ ॥ ਅਰ ਏਹ ਜੋ ਦੁਨੀਆਂ ਕੇ ਸੁਆਦ ਰਸ ਭੋਗ ਜੋ ਤੂੰ ਲੇਤਾ ਹੈ ਪਰਮੇਸਰ ਜੀ ਕਾ ਨਾਮ ਵਿਸਾਰ ਕਰ ਸੋ ਤੁਝ ਕੋ ਏਹ ਵਿਛੋੜਨਗੇ ਪਰਮੇਸਰ ਤੇ ਸੋ ਤੂੰ ਅਬ ਕਾ ਵਿਛੜਿਆ ਕਬ ਮਿਲੈਂਗਾ ਤੇ ਜੂੰਨੀ ਭਵਣਾ ਪੜੇਗਾ ਅਰ ਤੁਝ ਕੋ ਜਮ ਕਾ ਡੰਡ ਸੁਝਤਾ ਨਹੀਂ ਜੋ ਨਿਤਪ੍ਰਤਿ ਸੰਸਾਰ ਕੋ ਲੀਏ ਜਾਤਾ ਹੈ ਅਜ ਕੇ ਕਲ ਤੇਰੇ ਸਿਰ ਪਰ ਭੀ ਆਇ ਕੜਕਦਾ ਹੈ ਅਰ ਤੂੰ ਜਮ ਤੇ ਨਹੀਂ ਡਰਦਾ ਜੋ ਮਹਾਂ ਬਿਖਮ ਪੰਥ ਜਮ ਕਾਲ ਕਾ ਸੁਣੀਦਾ ਹੈ ਅਰ ਮਨ ਕੋ ਅੰਤਰ ਲੋਭ ਬਿਆਪਤਾ ਹੈ ਨਿਕਸਨ ਨਾਹੀਂ ਦੇਤਾ ਤੇਰੇ ਸੁਆਸ ਜਮ ਕਾਲ ਦੇਖਦਾ ਹੈ ਇਕ ਪਲ ਮੇਂ ਪਕੜ ਲੇਵੇਗਾ ਦੁਸਤਰ ਸਾਗਰ ਅਗਨ ਕਾ ਹੈ ਜੋ ਤੈ ਨੇ ਲੰਘਨਾ ਹੈ ਅਰ ਮਹਾਂ ਬਿਖਮ ਪੈਂਡਾ ਤੇਰੇ ਸਿਰ ਉਪਰ ਹੈ ਸੋ ਏਡੇ ਮਾਮਲੇ ਤੇਰੇ ਸਿਰ ਉਪਰ ਹੈਨ ਅਤੇ ਤੈਨੂੰ ਨਿੰਦ੍ਰਾ ਕਜੋਂ ਕਰ ਆਂਵਦੀ ਹੈ ਅਰ ਤਿਨ ਸੈ ਸਠਾਂ ਦਿਨਾਂ ਦਾ ਪੈਂਡਾ ਹੈ ਤੇਰੇ ਸਿਰ ਤੇ ਅਰ ਖਰਚ ਪਲੇ ਤੇਰੇ ਹੈ ਨਹੀਂ ਅਰ ਅਗਨ ਕਾ ਪਾਣੀ ਕਾ ਸਾਗਰ ਤੈਨੇ ਲੰਘਣਾ ਹੈ ਪਰ ਜਿਨਾਂ ਪਰਮੇਸਰ ਅਰਾਧਿਆ ਹੈ ਹੇ ਮਰਦਾਨਿਆ ਉਨਾਂ ਨੂੰ ਏਸ ਰਾਹ ਨਹੀਂ ਲੰਘਨਾ ਪੈਂਦਾ ਤਾਂਤੇ ਜਬ ਸਾਂਝ ਕਾ ਸਮਾਂ ਹੋਇ ਸਵੇਰ ਕਾ ਸਮਾਂ ਹੋਇ ਤਬ ਭੀ ਪਰਮੇਸਰ ਕੋ ਅਰਾਧੈ ਤਉ ਇਸ ਕਾ

ਭਲਾ ਹੋਵੈ ਇਉਂ ਨਾ ਕਰੈ ਜੋ ਪੰਜ ਪਹਿਰ ਧੰਧੇ ਕਮਾਵੇ ਅਤੇ ਤਿੰਨ ਪਹਿਰ ਸੋਇ ਰਹੇ ਸੋ ਪਰਮੇਸਰ ਕਿਸ ਵਖਤ ਮਿਲੈਗਾ ਅਰ ਜੀਵ ਕੀ ਕਲਿਆਣ ਕਬ ਹੋਵੈਗੀ ॥

ਏ ਮਨ ਮੇਰਿਆ ਤੂ ਛੋਡ ਆਲ ਜੰਜਾਲਾ ਰਾਮ ॥ ਏ ਮਨ ਮੇਰਿਆ ਹਰਿ ਸੇਵਹੁ ਪੁਰਖੁ ਨਿਰਾਲਾ ਰਾਮ ॥ ਹਰਿ ਸਿਮਰਿਹੁ ਏਕੰਕਾਰੁ ਸਾਚਾ ਸਭੁ ਜਗਤੁ ਜਿੰਨਿ ਉਪਾਇਆ ॥ ਪਉਣੁ ਪਾਣੀ ਅਗਨਿ ਬਾਧੇ ਗੁਰਿ ਖੇਲੁ ਜਗਤਿ ਦਿਖਾਇਆ ॥ ਆਚਾਰਿ ਤੂ ਵੀਚਾਰਿ ਆਪੇ ਹਰਿ ਨਾਮੁ ਸੰਜਮ ਜਪ ਤਪੋ ॥ ਸਖਾ ਸੈਨੁ ਪਿਆਰੁ ਪ੍ਰੀਤਮੁ ਨਾਮੁ ਹਰਿ ਕਾ ਜਪੁ ਜਪੋ ॥

ਹੇ ਮਰਦਾਨਿਆ ਏਹ ਸੰਸਾਰ ਕੇ ਆਲ ਜੰਜਾਲ ਹੈਨ ਸੋ ਇਸ ਪ੍ਰਾਣੀ ਕੇ ਕਿਤੇ ਕੰਮ ਨਹੀਂ ਆਵਨਗੇ ਮਾਤਾ ਪਿਤਾ ਭੈਣ ਭਾਈ ਸਾਕ ਸੈਣ ਇਸਤ੍ਰੀ ਪੁਤਰ ਧੀਆਂ ਘਰ ਦਰ ਪਦਾਰਥ ਪਰਵਾਰ ਇਹੁ ਜਿਤਨੀਆਂ ਵਸਤੂਆਂ ਆਪਣੀਆਂ ਕਰ ਜਾਤੀਆਂ ਹੈਨ ਸੋ ਇਨਾਂ ਵਿਚੋਂ ਤੇਰਾ ਕੋਈ ਸਹਾਈ ਨਹੀਂ ਅਤੇ ਏਹ ਜੋ ਜੇਹੜੀ ਦੇਹੀ ਭੇਰੀ ਹੈ ਜੋ ਜਿਸਨੋਂ ਤੂੰ ਆਪਨੀ ਕਰ ਕੇ ਜਾਣਦਾ ਹੈਂ ਸੋ ਏਹੁ ਦੇਹੀ ਭੇਰੇ ਨਾਲੋਂ ਅਗੇ ਹੀ ਵਿਦਿਆ ਲੈਂਦੀ ਜਾਂਦੀ ਹੈ ਪ੍ਰਥਮੇਂ ਕਾਲੇ ਵਾਲ ਸੋ ਧਉਲੇ ਸੁਫੈਦ ਹੋਇ ਜਾਂਦੇ ਹੈਨ ਸੋ ਏਹ ਮੂਰਖ ਮਨੁਖ ਨੋ ਨਿਸਾਨੀ ਦੇਂਦੇ ਹਨ ਜੈਸੇ ਲਕੜੀਆਂ ਜਲਾਇ ਕਰ ਕੋਲੇ ਤਿਨਾਂ ਕੋਲਿਆਂ ਕੀ ਚਿਟੀ ਸੁਆਹ ਏਕ ਤਮਾਸਾ ਹੋਇ ਗਿਆ ਜਾਣ ਤੂੰ ਹੇ ਮਨਾ ਮਰਨਾ ਤੇਰੇ ਨਜੀਕ ਆਇਆ ਹੈ ਅਤੇ ਅਖੀਆਂ ਤੇਰੀਆਂ ਤੈਥੋਂ ਅਗੇ ਹੀ ਵਿਦਾ ਹੋਂਦੀਆਂ ਹੈਨ ਅਰ ਬੁਢੇਪਾ ਆਂਵਦਾ ਹੈ ਤਾਂ ਅਖੀਆਂ ਕੰਨ ਵਿਦਾ ਹੋਇ ਜਾਂਦੇ ਹੈਨ ਅਰ ਦੰਦ ਮੁਹੋਂ ਨਿਕਲ ਜਾਂਦੇ ਹੈਨ ਅਤੇ ਮੂੰਹ ਵੇਲਾ ਹੋਇ ਜਾਂਦਾ ਹੈ ਏਹ ਦੇਹੀ ਕਾਕਰੀ ਕਰਦੀ ਹੈਸੀ ਬੋਲਦੇ ਚਲਦੇ ਦੀ ਜਿਥੇ ਕਹੇ ਉਥੇ ਜਾਣਾ ਤੇ ਇਸ ਦੇਹੀ ਨੂੰ ਦਰਮਾਹਾਂ ਮਿਲਦਾ ਸੀ ਖਾਵਣਾ ਪੈਨਣਾ ਤੇ ਭੋਗ ਬਿਲਾਸ ਕਰਤੀ ਥੀ ਅਤੇ ਪੁਰਾਣੀ ਹੋਇ ਗਈ ਜੈਸੇ ਪੁਰਾਣਾ ਘਰ ਗਿਤ਼ ਜਾਂਦਾ ਹੈ ਸੇ ਹਡ ਪੈਰ ਜੋ ਥੇ ਸੋ ਥਕ ਗਏ ਬੋਲਤਾ ਚਲਤਾ ਕਹਿਤਾ ਹੈ ਕਿ ਫਲਾਨੇ ਅਸਥਾਨ ਜਾਹਗਾਂ ਜ਼ਰੂਰ ਜਾਣਾ ਹੈ ਪਰ ਭਾਈ ਚਲਿਆ ਨੇਹੀਂ ਜਾਤਾ ਸੋ ਬੁਢੇਪੇ ਦੀ ਮਾਰੀ ਦੇਹੀ ਹੈਰਾਨ ਹੋਇ ਕਰ ਗਿਰਿਆ ਹੀ ਚਾਹੈਗੀ ਸੋ ਮਰਦਾਨਿਆ ਪੁਰਖ ਦੇ ਕੰਮੋ ਗਈ ਤੇ ਚਾਕਰੀ ਤੇ ਭੀ ਰਹੀ ਸੋ ਏਹ ਦੇਹੀ ਜੀਂਵਦਿਆਂ ਆਹੀ ਵਿਦਿਆ ਲੈਂਦੀ ਹੈ ਅਤੇ ਕੰਮ ਕਰਨੇ ਰਹਿ ਗਈ ਅਤੇ ਜਿਨਾਂ ਦੇ ਵਾਸਤੇ ਮਾਇਆ- ਦੇ ਜੰਜਾਲ ਕਰਦਾ ਸੀ ਤੇ ਪਾਪ ਕਮਾਂਵਦਾ ਸੀ ਸੋ ਤੈਨੂੰ ਅਗੇ ਹੀ ਤਿਆਗ ਖੜੇ ਹੈਨ ਅਤੇ ਇਸਤ੍ਰੀ ਘਰ ਕੀ ਜਿਹੜੀ ਆਪਣੀ ਹੈ ਸੀ ਸੋ ਤੇਰੀ ਕਿਸੇ ਤਰਾਂ ਨਹੀਂ ਜੇ ਕਰ ਤੂੰ ਕਿਸੇ ਕੀ ਇਸਤ੍ਰੀ ਵਲ

ਦੇਖੇਂਗਾ ਤਾਂ ਓਹ ਭੀ ਪਰਪੁਰਖ ਕੋ ਤਕੇਗੀ ਤੇ ਜੇਹੜਾ ਤੂੰ ਜਾਣਨਾ ਹੈ ਕਿ ਪੁਤ੍ਰ ਮੇਰਾ ਹੈ ਸੋ ਜਿਸ ਵਕਤੋਂ ਵਿਵਾਹੁ ਕੀਤਾ ਓਹ ਤਾਂ ਆਪਣੀ ਇਸਤ੍ਰੀ ਕਾ ਹੋ ਗਿਆ ਅਰ ਧੀ ਜੋ ਤੰ ਆਪਣੀ ਜਾਣਦਾ ਸੀ ਸੋ ਜਬ ਉਸਕੋ ਬਿਆਹਿਆ ਤਬ ਓਹ ਪਰਾਈ ਹੋਇ ਗਈ ਸੋ ਨਾਂ ਉਹ ਤੇਰਾ ਪੁਤਰ ਤੇ ਨਾ ਤੇਰੀ ਧੀਅ ਸੋ ਤੇਰੇ ਕਿਸੇ ਤਰਾਂ ਨਹੀਂ ਹੁੰਦੇ ਸੋ ਮਰਦਾਨਿਆ ਏਹ ਨਾਨਕ ਨਿਰਗੁਣਆਰਾਂ ਕਿਤ ਗੁਣ ਪਰਮੇਸਰ ਪਾਵੇ. ਜੋ ਗੋਬਿੰਦ ਸੇ ਪ੍ਰੀਤ ਕਰੇਗਾ ਤਾਂ ਸਿਝੇਗਾ ਅਤੇ ਪਰਮੇਸਰ ਜੀ ਭੀ ਤਬ ਸਹਾਇ ਹੁੰਦਾ ਹੈ ਜਾਂ ਪਰਮੇਸਰ ਕਾ ਸਿਮਰਨ ਕਰੀਐ ਇਸ ਮਨੁਖ ਦੇਹ ਵਿਖੇ ਜੋ ਇਹ ਜੀਵ ਆਇਆ ਹੈ ਤੇ ਇਸ ਵਿਖੈ ਭੀ ਤਿੰਨ ਗੁਣ ਹਨ ਪਉਣ ਪਾਣੀ ਅਗਨ ਏਹ ਤਿੰਨੇ ਆਪਸ ਮੈਂ ਵੈਰੀ ਹਨ ਅਰ ਇਸ ਦੇਹੀ ਮੈ ਇਕਠੇ ਰਹਿਤੇ ਹਨ ਐਸਾ ਉਹ ਪਰਮੇਸਰ ਕਰਨਹਾਰ ਹੈ ਇਨਾਂ ਤਿੰਨਾਂ ਨੂੰ ਸਾਰੇ ਬ੍ਰਹਮੰਡ ਵਿਖੇ ਇਕਠੇ ਕਰ ਰਖੇ ਹਨ ਤਿਸ ਪਰਮੇਸਰ ਐਸੇ ਸਮਰਥ ਕੋ ਰਾਤ ਦਿਨ ਹਰ ਵੇਲੇ ਜਪੋ ਸਾਝ ਭੀ ਸਵੇਰੇ ਭੀ ਜਪੋ ਜੋ ਗੁਰੂ ਨੇ ਪਰਮੇਸਰ ਕਾ ਨਾਮ ਮੰਤ੍ਰ ਦੀਆਂ ਹੈ ਤਿਸਕੋ ਜਪਤੇ ਹੀ ਰਹੋ ਜਹਾਂ ਸਾਧ ਸੰਗਤ ਹੋਵੈ ਤਹਾਂ ਬਾਸਾ ਪਾਵੋਗੇ ਮਹਾਂ ਖੁਸੀ ਹੋਵੋਗੇ ਅਤੇ ਜੋ ਅਧਰਮੀ ਹੋਇਗਾ ਸੋ ਗਲ ਜਾਵੇਗਾ ਹੱਕ ਭੀ ਤੇ ਅਨਹੱਕ ਭੀ ਮਾਰੀਐਗਾ ਕਯੋਂ ਜੋ ਧਰਮ ਵਿਚ ਵਿਸਨ ਜੀ ਕਾ ਵਾਸਾ ਹੈ ਅਤੇ ਅਧਰਮ ਵਿਚ ਸੈਤਾਨ ਕਾ ਵਾਸਾ ਹੈ ਸੋ ਸੈਤਾਨ ਕੋ ਬਿਸਨ ਜੀ ਮਾਰ ਨਿਕਾਲਤੇ ਹੈਂ ਅਰ ਤਕੜੀ ਸਜਾਇ ਦੇਤੇ ਹੈਨ ਜਮ ਡੰਡ ਕੇ ਹਵਾਲੇ ਅਧਰਮੀ ਕੋ ਕਰੀਐਗਾ ਅਤੇ ਜਮ ਮਾਰ ਕਰ ਘੋਰ ਨਰਕ ਮੈ ਪਾਵੈਗਾ ਸੋ ਹੇ ਮਰਦਾਨਿਆ ਜਦ ਕਦ ਇਸ ਜੀਅ ਕੋ ਰਾਮ ਕਾ ਨਾਮ ਹੀ ਸਹਾਈ ਹੋਵੈਗਾ ਸੋ ਆਪਣੀ ਕਿਰਤ ਭੀ ਕਰੇ ਤੇ ਪਰਮੇਸਰ ਕੋ ਭੀ ਸਿਮਰਤਾ ਰਹੇ ਤਬ ਇਸ ਜੀਵ ਕਾ ਛੁਟਕਾਰਾ ਹੋਵੈਗਾ ਅਤੇ ਪਰਮੇਸਰ ਜੀ ਕੇ ਨਾਮ ਕੀ ਮਹਿਮਾ ਜਾਨਤਾ ਨਾਹੀ ਪਰ ਤਬ ਮਹਿਮਾ ਜਾਨੈਗਾ ਜਬ ਆਗੈ ਜਾਵੈਗਾ ਅਤੇ ਨਾਮ ਬਿਨਾਂ ਇਸ ਪ੍ਰਾਣੀ ਕੋ ਦੁਖ ਲਗੈਗਾ ਸੋ ਦੁਖੀ ਹੋਇ ਕਰ ਹਾਇ ਹਾਇ ਕਰਕੇ ਪਛਤਾਵੇਗਾ ਤਾਂ ਏਹ ਵੇਲਾ ਹਥ ਆਵਨੇ ਕਾ ਨਹੀਂ ਤੇ ਪਰਮੇਸਰ ਕੇ ਭਜਨ ਵਾਲਿਆਂ ਕੋ ਜਮ ਆਖੋਂ ਸੇ ਭੀ ਨਹੀਂ ਦੇਖੇਗਾ ਸੋ ਜਮ ਕੀ ਸਾਸਨਾ ਤੇ ਛੁਟੇਗਾ ਸਤਿਗੁਰ ਕਾ ਸਬਦ ਗਾਵਤਾ ਪੜਤਾ ਰਹੋ ਅਰ ਏਹੀ ਜਾਣ ਤੂੰ ਜੋ ਸਤਿਗੁਰੂ ਪਰਮੇਸਰ ਮੇਰੇ ਸੰਗ ਹੀ ਹੈ ਅਰ ਏਕ ਪਲਕ ਭਰ ਭੀ ਦੂਰ ਨਹੀਂ ਹੈ ॥

ਨਾਨਕ ਸਿਮਰਹੁ ਸਾਸ ਸਾਸ ਜੋ ਸਦ ਰਹੈ ਹਜੂਰ ॥
ਹਿਤ ਕਰ ਸਿਮਰਹੁ ਸਾਹਿਬੈ ਜੋ ਨਹਿ ਕਤਹੀ ਦੂਰ ॥

ਤਾਂ ਮਰਦਾਨੇ ਮਥਾ ਟੇਕਿਆ ਅਰ ਬਾਬੇ ਜੀ ਕਹਿਆ :--

ਏ ਮਨ ਮੇਰਿਆ ਤੂ ਥਿਰੁ ਰਹੁ ਚੋਟ ਨ ਖਾਵਹੀ ਰਾਮ ॥ ਏ ਮਨ ਮੇਰਿਆ ਗੁਣ ਗਾਵਹਿ ਸਹਜਿ ਸਮਾਵਹੀ ਰਾਮ ॥ ਗੁਣ ਗਾਇ ਰਾਮ ਰਸਾਇ ਰਸੀਅਹਿ ਗੁਰ ਗਿਆਨ ਅੰਜਨੁ ਸਾਰਹੇ ॥ ਤ੍ਰੈ ਲੋਕ ਦੀਪਕੁ ਸਬਦਿ ਚਾਨਣੁ ਪੰਚ ਦੂਤ ਸੰਘਾਰਹੇ॥ ਭੈ ਕਾਟਿ ਨਿਰਭਉ ਤਰਹਿ ਦੁਤਰ ਗੁਰਿ ਮਿਲਿਐ ਕਾਰਜ ਸਾਰਏ ॥ ਰੂਪੁ ਰੰਗੁ ਪਿਆਰੁ ਹਰਿ ਸਿਉ ਹਰਿ ਆਪਿ ਕਿਰਪਾ ਧਾਰਏ ॥ ੩ ॥

ਸੁਣ ਮਰਦਾਨਿਆ ਤੂੰ ਮੇਰਾ ਸਮੀਪ ਰਹਿਣੇ ਵਾਲਾ ਹੈਂ ਸੋ ਮੇਰਾ ਕਹਿਣਾ ਕੰਨੀਂ ਸੁਣ ਪ੍ਰੇਮ ਨਾਲ ਜੇ ਆਪਣੇ ਮਨ ਨੂੰ ਇਨਾਂ ਬਚਨਾਂ ਪੁਰ ਅਸਥਿਰ ਕਰੈਂਗਾ ਤਾਂ ਜਮ ਕੀ ਚੋਟ ਤੇ ਬਚਹਿੰਗਾ ਜੇ ਤੂੰ ਪ੍ਰੇਮ ਪ੍ਰੀਤ ਲਾਇ ਕਰ ਹਰ ਜੀ ਪਿਆਰੇ ਕੀ ਭਗਤਿ ਭਾਉ ਕਰੇਂਗਾ ਤੇ ਹਰਿਨਾਮ ਪੜਹਿਗਾ ਗਾਵਹਿੰਗਾ ਜਾਂ ਹਿਰਦੇ ਬਸਾਵਹਿਗਾ ਤਾਂ ਤੁਝ ਕੇਉ ਸਦਾ ਸਹਿਜ ਸੁਖ ਮੈਂ ਪਰਮੇਸਰ ਰਖੈਗਾ ਤੇ ਤੁਮ ਕਉ ਚਿੰਤਾ ਨਾ ਬਿਆਪੇਗੀ ਸਤਿਗੁਰ ਕਾ ਆਸਰਾ ਮਨ ਮੈ ਲੀਏ ਰਹੁ ਤਾਂ ਤੇਰੀਆਂ ਸਗਲ ਆਸਾਂ ਸਤਿਗੁਰ ਪਰਮੇਸਰ ਪੂਰਨ ਕਰੇਗਾ ਅਚਿੰਤ ਰਿਜਕ ਪਹੁੰਚਾਵੇਗਾ ਪਰ ਤੂੰ ਰਸਾਇ ਰਸਾਇ ਕਰ ਹਰਿ ਜੀ ਕੇ ਗੁਣ ਗਾਵਤਾ ਰਹੋ ਤਾਂ ਇਸੀ ਕਿਰਤ ਮੈਂ ਤੇਰੀ ਦੇਹ ਛੁਟੈਗੀ ਤਬ ਪਰਮੇਸਰ ਜੀ ਰੀਝੇਗਾ ਅਤੇ ਪਰਮੇਸਰ ਜੀ ਕਾ ਸਿਮਰਨ ਕੈਸਾ ਹੈ ਕਿ ਜੋ ਸ੍ਰੀ ਭਗਵੰਤ ਕੋ ਸਿਮਰਤੇ ਹੈਂ ਤਿਨਕੇ ਨੇਤ੍ਰ ਲਾਲ ਭਿੰਨੇ ਹੋਇ ਰਹਤੇ ਹੈਂ ਅਰ ਤਿਨਕੇ ਮਾਥੇ ਪੈ ਤਿਲਕ ਭੀ ਜੋਤ ਸਾਥ ਹੋ ਜਾਤਾ ਹੈ ਅਰ ਜਿਹਬਾ ਭੀ ਰਸੀਲੀ ਹੋਇ ਜਾਤੀ ਹੈ ਅਤੇ ਤਿੰਨਾਂ ਲੋਕਾਂ ਵਿਚ ਸ੍ਰੀ ਪਰਮੇਸਰ ਕੇ ਨਾਮ ਕਾ ਉਜਾਲਾ ਹੋਤਾ ਹੈ ਅਤੇ ਜੇ ਗੁਰੂ ਕਾ ਸਬਦ ਨਾ ਹੋਤਾ ਤਬ ਜਗਤ ਸੰਸਾਰ ਕਾ ਅੰਧਕਾਰ ਦੂਰ ਨਹੀਂ ਹੋਤਾ ਏਹੁ ਸਬਦ ਕਾ ਹੀ ਪਰਗਾਸ ਹੈ ਹੇ ਮਰਦਾਨਿਆ ਜਗਤ ਸੰਸਾਰ ਕਾ ਸੁਖ ਦੇਖ ਕਰ ਭੁਲਣਾ ਨਹੀਂ ਗੁਰੂ ਜੀ ਦੇ ਵਲ ਸਾਵਧਾਨ ਰਹਿਣਾ ਅਗੇ ਦੁਤਰ ਸਾਗਰ ਅਗਨ ਕਾ ਜੋ ਹੈ ਸੋ ਗੁਰੂ ਕੇ ਆਸਰੇ ਪਾਰ ਲੰਘਹਿਗਾ ਤਾਂ ਮਰਦਾਨੇ ਸ੍ਰੀ ਗੁਰੂ ਜੀ ਕੀ ਉਸਤਤਿ ਕੀਤੀ ਜੋ ਧੰਨ ਨਾਨਕ ਕਾਲੂਆਣ ਨਿਮਾਣਿਆਂ ਦਾ ਮਾਣ ਨਿਤਾਣਿਆਂ ਦਾ ਤਾਣ ਤੂੰ ਸਚਾ ਗੁਰੂ ਅਭਗ ਦੀਬਾਣ ॥ ਬਾਬਾ ਜੀ ਕਹੇ ਹੈਂ :--

ਹੇਮਨਾ ਮੇਰਿਆ ਤੂ ਕਿਆ ਲੈ ਆਇਆ ਕਿਆ ਲੈ ਜਾਇਸੀ ਰਾਮ ॥ ਏ ਮਨ ਮੇਰਿਆ ਤਾ ਛੁਟਸੀ ਜਾ ਭਰਮੁ ਚੁਕਾਇਸੀ ਰਾਮ ॥ ਧਨੁ ਸੰਚਿ ਹਰਿ ਹਰਿ ਨਾਮ ਵਖਰੁ ਗੁਰ ਸਬਦਿ ਭਾਉ ਪਛਾਣਹੇ ॥ ਮੈਲੁ ਪਰਹਰਿ ਸਬਦਿ ਨਿਰਮਲੁ ਮਹਲੁ ਘਰੁ ਸਚੁ ਜਾਣਹੇ ॥ ਪਤਿ ਨਾਮੁ ਪਾਵਹਿ ਘਰਿ ਸਿਧਾਵਹਿ ਝੋਲਿ ਅੰਮ੍ਰਿਤ ਪੀ ਰਸੋ ॥ ਹਰਿ ਨਾਮੁ ਧਿਆਈਐ ਸਬਦਿ ਰਸੁ ਪਾਈਐ

ਵਡਭਾਗਿ ਜਪੀਐ ਹਰਿ ਜਸੋ ॥ ੪ ॥

ਹੇ ਮਰਦਾਨਿਆ ਜਿਤਨਾ ਚਿਰ ਏਹ ਪ੍ਰਾਣੀ ਪਹਿਲੇ ਆਪਣੇ ਆਪ ਨੂੰ ਨਹੀਂ ਪਛਾਣਦਾ ਕਿ ਜਦ ਜੰਮਿਆਂ ਹੈ ਤਾਂ ਕਿਆ ਲੈ ਆਇਆ ਹੈ ਅਰ ਜਬ ਇਥੋਂ ਜਾਏਗਾ ਤਦ ਕਿਆ ਲੈ ਜਾਵੈਗਾ ਅਰ ਕਿਤਨੀਆਂ ਕੁ ਪੰਡਾਂ ਬੰਨਕੇ ਲੈ ਜਾਵੇਗਾ ਇਕ ਨੌਂ ਗਜ ਕਪੜਾ ਤੇ ਤਖਤਾ ਤੇ ਨੌਂ ਮਣ ਲਕੜੀਆਂ ਅਰ ਮਿਟੀ ਦੀ ਕੁਨਾਲੀ ਪਾਉ ਭਰ ਆਟਾ ਜਵਾਂ ਦਾ ਏਹੁ ਸਾਥ ਨਹੀਂ ਜਾਂਦਾ ਏਥੇ ਹੀ ਆਟਾ ਜਵਾਂ ਦਾ ਕੁਤਿਆਂ ਖਾਧਾ ਅਰ ਘੜੀ ਕੁਨਾਲੀ ਜਿਮੀ ਤੇ ਭੰਨੀ ਅਤੇ ਲਕੜੀਆਂ ਕਪੜਾ ਅਗਨ ਜਲਾਇਆ ਤੇ ਨੰਗਾ ਹੀ ਆਇਆ ਤੇ ਨੰਗਾ ਹੀ ਗਿਆ ਅਰ ਵਲ ਛਲ ਕਰਕੇ ਜੋ ਖਟਿਆ ਸੀ ਕਮਾਇਆ ਸੀ ਜੋੜਿਆ ਸੀ ਸੋ ਜੇਹੜਾ ਜੋਰੂ ਦੇ ਹਥ ਆਇਆ ਓਨੇ ਲੀਤਾ ਅਰ ਜੋ ਪੁਤ੍ਰ ਧੀਆਂ ਦੇ ਵਿਆਹ ਕੀਤੇ ਸੋ ਓਨਾ ਦਾ ਹੋਇਆ ਅਰ ਜੋ ਨਫਰਾਂ ਚਾਕਰਾਂ ਦੇ ਹਥ ਲਗਾ ਸੋ ਚਾਕਰਾਂ ਚਾਕਰੀ ਲੀਤੀ ਏਹੁ ਮੂਰਖ ਖਾਲੀ ਹੀ ਹਥੀਂ ਆਇਆ ਤੇ ਖਾਲੀ ਹੀ ਹਥੀਂ ਗਇਆ ਅਤੇ ਪਾਪ ਕਰਕੇ ਜੇਹੜਾ ਧਨ ਕਮਾਇਆ ਸੀ ਸੋ ਸੰਨਬੰਧੀ ਲੈ ਗਏ ਇਸਕੇ ਸਾਥ ਨਹੀਂ ਗਇਆ ਨਾ ਕੋਈ ਮਿਤਰ ਨਾ ਸਾਕ ਨਾ ਕੁਟੰਬੀ ਸੋ ਓਥੇ ਕੋਈ ਨਾ ਪਕਰਿਆ ਜੋ ਜੇਹੜਾ ਇਸਦੇ ਰਾਹ ਜਾਂਦਿਆਂ ਕੰਮ ਆਵਦਾ ਜਿਉਂ ਬਲਦ ਕਮਾਈ ਕਰਦੇ ਹਨ ਤੇ ਰਾਜੇ ਰਾਉ ਰੰਕ ਸਭ ਕੋਈ ਖਾਂਦੇ ਹੈਨ ਤੇ ਬਲਦਾਂ ਦੇ ਮੂੰਹ ਛਿਲਕੇ ਘਾਸ ਵਿਚ ਫਿਰਦੇ ਹੈਨ ਤੈਸੇ ਇਨਾਂ ਪ੍ਰਾਣੀਆਂ ਦੀ ਕਮਾਈ ਹਰੀ ਦੇ ਅਰਥ ਕੋਈ ਨਾਹੀਂ ਲਾਇ ਸਕਦੇ ਰੇ ਮਰਦਾਨਿਆ ਸਬਦ ਕੀ ਕਹਿੰਦਾ ਹੈ ਅਤੇ ਏਹ ਪ੍ਰਾਣੀ ਕਿਆ ਕਮਾਂਵਦਾ ਹੈ ਅਤੇ ਇਹ ਜੋ ਮਾਇਆ ਹੈ ਸੋ ਕਿਸੇ ਦੇ ਪਿਛੇ ਨਾ ਚਲੀ ਅਤੇ ਅਗੇ ਕਵਨ ਲੈ ਜਾਵਿਗਾ ਅਰ ਮਾਇਆ ਤਿਸੇ ਕੀ ਹੈ ਜੋ ਹਰਿ ਅਰਥ ਖਰਚ ਕਰਦਾ ਹੈ ਸੋਈ ਧਨ ਵਾਲਾ ਹੈ ਜੋ ਪਰਮੇਸਰ ਪਾਸੇ ਲਾਂਵਦਾ ਹੈ ਇਸ ਜੀਵ ਕੋ ਭਰਮ ਮਾਇਆ ਦਾ ਡਾਢਾ ਲਗਾ ਹੈ ਜੇ ਏਹੁ ਭਰਮ ਗਵਾਏ ਤਾਂ ਜਮ ਦੀ ਮਾਰ ਤੇ ਛੁਟ ਜਾਵੈ ਇਸ ਪ੍ਰਾਣੀ ਕਵਨ ਧਨ ਜੋੜਿਆ ਹੈ ਜੋ ਸ੍ਰੀ ਰਾਮ ਨਾਮ ਕਾ ਜਪ ਕੀਤਾ ਹੈ ਸੋ ਇਸਕੇ ਸਾਥ ਚਲੇਗਾ ਸੋਈ ਏਹੁ ਧਨ ਪ੍ਰਾਣੀ ਸੰਚਦਾ ਨਾਹੀਂ ਬਾਬਾ ਰਾਮ ਨਾਮ ਬੈਸੰਤਰ ਹੈ ਗੁਰ ਕਹਿਆ ਏਹੁ ਮੰਤ੍ਰ ਤਾਂ ਮਰਦਾਨੇ ਅਰਦਾਸ ਕੀਤੀ ਹੇ ਗੁਰੂ ਜੀ ਹੇ ਮਿਹਰਵਾਨ ਜੀ ਏਹੁ ਜੀਵ ਗੁਰੂ ਵਿਚਦੋਂ ਮਿਲਦਾ ਹੈ ਕਿ ਗੁਰੂ ਤੇ ਬਗੈਰ ਭੀ ਮਿਲਦਾ ਹੈ ਤਾਂ ਸ੍ਰੀ ਗੁਰੂ ਜੀ ਕਹਿਆ ॥

ਏ ਮਨ ਮੇਰਿਆ ਬਿਨੁ ਪਉੜੀਆ ਮੰਦਰਿ ਕਿਉ ਚੜੈ ਰਾਮ ॥ ਹੇ ਮਨ

ਮੇਰਿਆ ਬਿਨੁ ਬੇੜੀ ਪਾਰਿ ਨ ਅੰਬੜੇ ਰਾਮ ॥ ਪਾਰਿ ਸਾਜਨੁ ਅਪਾਰੁ ਪ੍ਰੀਤਮੁ ਗੁਰ ਸਬਦ ਸੁਰਤਿ ਲੰਘਾਵਏ ॥ ਮਿਲਿ ਸਾਧ ਸੰਗਤਿ ਕਰਹਿ ਰਲੀਆ ਫਿਰਿ ਨ ਪਛੋਤਾਵਏ ॥ ਕਰਿ ਦਇਆ ਦਾਨੁ ਦਇਆਲ ਸਾਚਾ ਹਰਿ ਨਾਮ ਸੰਗਤਿ ਪਾਵਓ ॥ ਨਾਨਕੁ ਪਇਅੰਪੈ ਸੁਣਹੁ ਪ੍ਰੀਤਮ ਗੁਰ ਸਬਦਿ ਮਨੁ ਸਮਝਾਵਓ ॥ ੫ ॥ ੬ ॥

ਮਰਦਾਨਿਆਂ ਬਿਨਾਂ ਪਉੜੀ ਤੇ ਮੰਦਰ ਮਹਿਲਾਂ ਪਰ ਨਹੀਂ ਚੜਿਆ ਜਾਂਦਾ ਜਿਉਂ ਬੇੜੀ ਬਿਨਾਂ ਪਾਰ ਨਹੀਂ ਉਤਰਤਾ ਤਿਉ ਗੁਰ ਬਿਨਾਂ ਪਰਮੇਸਰ ਨਹੀਂ ਮਿਲਦਾ ਅਤੇ ਪਰਮੇਸਰ ਨੇ ਮਾਇਆ ਕਾ ਦਰੀਆਉ ਜਗਦ ਮੈਂ ਚਲਾਇਆ ਹੈ ਦਰੀਆਓਂ ਪਾਰ ਪਰਮੇਸਰ ਹੈ ਜੋ ਮਾਇਆ ਕੋ ਤਰੇ ਸੋ ਪਰਮੇਸਰ ਕੋ ਮਿਲੇ ਮਾਇਆ ਕਾ ਤਰਨਾ ਏਹ ਹੈ ਪਰਮੇਸਰ ਅਰਥ ਖਰਚ ਕਰਨਾ ਸੋ ਜਾਇ ਪਾਰ ਪੜੈਗਾ ਅਰ ਪਰਮੇਸਰ ਕੋ ਮਿਲੇਗਾ ਅਰ ਜੋ ਮਾਇਆ ਨਾਲ ਲਪਟਿਆ ਹੈ ਅਰ ਤਿਆਗ ਕੁਛ ਨਹੀਂ ਕਰਤਾ ਸੋ ਵਿਚੇ ਹੀ ਡੁਬਤਾ ਹੈ ਤਾਂਤੇ ਪਰਮੇਸਰ ਕਾ ਨਾਮ ਲੇਵਹੁ ਹੇ ਮਰਦਾਨਿਆ ਮਾਇਆ ਕੇ ਲਪਟੇ ਨਰਕ ਜਾਵਹਿਗੇ ਅਤੇ ਪਰਮੇਸਰ ਕੇ ਹਿਤ ਕਰਨੇ ਵਾਲੇ ਈਹਾਂ ਸੁਖ ਭੋਗਤੇ ਹੈਂ ਆਗੇ ਸ੍ਵਰਗ ਮੈਂ ਜਾਵਹਿਗੇ ਫੇਰ ਮੁਕਤਿ ਕਉ ਪ੍ਰਾਪਤਿ ਹੋਂਵਹਿਗੇ ਗੁਰਮੁਖਾਂ ਕਾ ਛੁਟਕਾਰਾ ਈਹਾਂ ਭੀ ਤੇ ਆਗੇ ਭੀ ਹੋਇਗਾ ਅਤੇ ਸਾਕਤਾਂ ਕਉ ਠਉਰ ਕੋਈ ਨਾਹੀ ਅਤੇ ਸੰਸਾਰ ਚਲਣਾ ਚਲਣਾ ਕਹਿਤਾ ਹੈ ਪਰ ਈਹਾਂ ਤੋਂ ਗੁਰੂ ਸਾਥ ਮਿਲ ਕਰ ਪੁਛਦੇ ਭੀ ਨਹੀਂ ਕਿ ਓਹ ਅਸਥਾਨ ਕੇਹੜਾ ਹੈ ਜਿਥੇ ਜਾਇ ਕਰ ਬਸਨਾ ਹੈ ਓਹ ਪੁਰਸ ਅੰਧੇ ਅਗਿਆਨੀ ਹੈਂ ਜੇਹੜੇ ਗੁਰੂ ਕੋ ਦੂਸਰਾ ਜਾਣਤੇ ਹਨ ਗੁਰੂ ਪਰਮੇਸਰ ਇਕੋ ਹੈ ਜੇ ਹਰਿ ਰੂਠੇ ਤੋਂ ਗੁਰਾਂ ਪਾਸ ਜਾਵੇ ਤੌ ਬਚ ਰਹਿਤਾ ਹੈ ਅਤੇ ਜੇ ਗੁਰੂ ਰੂਠੇ ਤਉ ਅਸਥਾਨ ਕੋਈ ਨਹੀਂ ਜਹਾਂ ਸਮਾਈ ਹੋਵੈ ਫੇਰ ਬਾਬਾ ਜੀ ਨੇ ਕਰਤਾਰ ਦਾ ਧੰਨਭਾਦ ਕਰਕੇ ਮਥਾ ਟੇਕਿਆ ਅਤੇ ਮਰਦਾਨਾ ਸ੍ਰੀ ਗੁਰੂ ਜੀ ਕੀ ਚਰਨੀ ਪਾਇਆ ॥

ਆਗੈ ਸਾਖੀ ਸਬਦ ਕੇ ਪਥਰਾਇ ਸੰਤਾਂ ਸੇ ਹੋਈ

ਸਬਦ ਰਾਗ ਮਾਰੂ ਮੈਂ ਗੁਰੂ ਜੀ ਕਹਿਆ ॥

ਮਾਰੂ ਮਹਲਾ ੫ ॥ ਮੋਹਨੀ ਮੋਹਿ ਲੀਏ ਤ੍ਰੈਗੁਨੀਆ ॥ ਲੋਭਿ ਵਿਆਪੀ ਝੂਠੀ ਦੁਨੀਆ ॥ ਮੇਰੀ ਮੇਰੀ ਕਰਕੈ ਸੰਚੀ ਅੰਤ ਕੀ ਬਾਰ ਸਗਲ ਲੇ ਛਲੀਆ ॥ ੧ ॥ ਨਿਰਭਉ ਨਿਰੰਕਾਰੁ ਦਇਅਲੀਆ ॥ ਜੀਅ ਜੰਤ ਸਗਲੇ

ਪ੍ਰਤਿਪਲੀਆ ॥ ੧ ॥ ਰਹਾਉ ॥ ਏਕੈ ਸੂਮੁ ਕਰਿ ਗਾਡੀ ਗਡਹੈ ॥ ਏਕਹਿ ਸੁਪਨੈ ਦਾਮੁ ਨ ਛਡਹੈ ॥ ਰਾਜੁ ਕਮਾਇ ਕਰੀ ਜਿਨਿ ਥੈਲੀ ਤਾ ਕੈ ਸੰਗਿ ਨ ਚੰਚਲਿ ਚਲੀਆ ॥੨॥ ਏਕਹਿ ਪ੍ਰਾਣ ਪਿੰਡ ਤੇ ਪਿਆਰੀ ॥ ਇਕ ਸੰਚੀ ਤਜਿ ਬਾਪ ਮਹਤਾਰੀ ॥ ਸੁਤ ਮੀਤ ਭ੍ਰਾਤ ਤੇ ਗੁਹਜੀ ਤਾਕੈ ਨਿਕਟਿ ਨ ਹੋਈ ਖਲੀਆ ॥ ੩ ॥ ਹੋਇ ਅਉਧੂਤ ਬੈਠੇ ਲਾਇ ਤਾਰੀ ॥ ਜੋਗੀ ਜਤੀ ਪੰਡਿਤ ਬੀਚਾਰੀ ॥ ਗ੍ਰਿਹਿ ਮੜੀ ਮਸਾਣੀ ਬਨ ਮਹਿ ਬਸਤੇ ਊਠਿ ਤਿਨਾ ਕੈ ਲਾਗੀ ਪਲੀਆ ॥ ੪ ॥ ਕਾਟੇ ਬੰਧਨ ਠਾਕੁਰਿ ਜਾ ਕੇ ॥ ਹਰਿ ਹਰਿ ਨਾਮੁ ਬਸਿਓ ਜੀਅ ਤਾ ਕੈ ॥ ਸਾਧਸੰਗਿ ਭਏ ਜਨ ਮੁਕਤੇ ਗਤਿ ਪਾਈ ਨਾਨਕ ਨਦਰਿ ਨਿਹਲੀਆ ॥ ੫ ॥ ੧ ॥

ਉਸ ਵੇਲੇ ਸਭ ਸੰਗਤ ਗੁਰੂ ਜੀ ਕੇ ਹਜੂਰ ਬੈਠੀ ਥੀ ਅਤੇ ਉਸ ਅਸਥਾਨ ਇਕ ਖਤਰੀ ਸੀ ਓਹ ਚਾਰ ਕਰੋੜ ਰੁਪਯਾ ਜਮਾਂ ਰਖਦਾ ਸੀ ਦੇਂਦਾ ਕਿਸੀ ਕੋ ਨਹੀਂ ਸੀ ਸਨਬੰਧੀ ਉਸ ਕੇ ਵਿਰਵੇ ਥੇ ਅਰ ਕਿਸੀ ਧਰਮ ਕੇ ਰਾਹੁ ਪਰ ਭੀ ਨਹੀਂ ਲਗਾਂਵਦਾ ਸੀ ਕਿਸੀ ਮਿਤ੍ਰ ਕੋ ਕਿਸੀ ਸੰਤ ਸੰਗ ਕੇ ਅਰਥ ਭੀ ਨਹੀਂ ਲਗਾਂਵਦਾ ਸੀ ਸੋ ਇਕ ਦਿਨ ਓਹ ਧਨੀ ਸ਼ਬਦ ਸੁਣਕੇ ਬਡੇ ਭੈ ਕੋ ਪ੍ਰਾਪਤਿ ਹੂਆ ਅਤੇ ਹਥ ਜੋੜ ਕੇ ਅਰਦਾਂਸ ਕੀਤੀ ਹੇ ਸਚੇ ਗੁਰੂ ਜੀ ਮੇਰੀ ਕਲਿਆਣ ਕਿਸ ਤਰਾਂ ਹੋਵੈ ਜੀ ਤਾਂ ਸ੍ਰੀ ਗੁਰੂ ਜੀ ਕਹਿਆ ਸੁਣ ਭਾਈ ਤੇਰੇ ਜੈਸਾ ਇਕ ਪਦਾਰਥ ਵਾਲਾ ਸੀ ਜੋ ਸੰਕਟ ਉਸ ਭੋਗਿਆ ਸੀ ਤੇਰੇ ਪ੍ਰਤਿ ਸੁਣਾਵਦੇ ਹਾਂ ਤੂੰ ਸੁਣ ਬਹੁਤ ਪਦਾਰਥ ਉਸ ਪਾਸ ਹੈ ਸੀ ਅਰ ਉਸ ਦੌਲਤ ਕੇ ਊਪਰ ਬੈਠਾ ਰਹੇ ਵਿਸਾਹੁ ਕਿਸੀ ਕਾ ਕਰੇ ਨਹੀਂ ਦੇਵੇ ਕਿਸੀ ਕੋ ਨਹੀਂ ਅਤੇ ਆਪ ਭੀ ਖਾਵੇ ਨਹੀਂ ਬਡਾ ਸੰਕਟ ਸਹਾਰ ਪਦਾਰਥ ਕੀ ਰਾਖੀ ਕਰਦਿਆਂ ਉਸ ਕੀ ਆਰਬਲਾ ਗੁਜਰੀ ਤਾਂ ਆਗਿਆ ਨਿਰੰਕਾਰ ਕੀ ਹੋਈ ਜੋ ਅਮਕੇ ਅਸਥਾਨ ਤੋਂ ਉਸ ਮਾਇਆ ਧਾਰੀ ਕੋ ਪਕੜ ਲਿਆਵੋ ਤਾਂ ਉਨਾਂ ਜਮਦੂਤਾਂ ਨੇ ਉਸ ਕੋ ਕੇਸਾਂ ਤੇ ਆਇ ਪਕੜਿਆ ਧਰਤੀ ਸੇ ਪਟਕਾਇਆ ਤਾਂ ਗਿਰਤੇ ਹੂਏ ਨੇ ਕਹਿਆ ਹਾਇ ਹਾਇ ਤੁਮ ਕੌਨ ਹੋ ਰਾਮ ਨਾਮ ਕਾ ਸਬਦ ਉਸ ਕੇ ਮੁਖ ਤੇ ਭੀ ਨਾ ਨਿਕਲਿਆ ਜਮਦੂਤ ਮਾਰਨੇ ਲਗੇ ਤੇ ਕਹਾ ਹਮ ਧਰਮਰਾਜ ਕੇ ਦੂਤ ਹੈਂ ਤੇਰੇ ਕੋ ਜਮ ਪੁਰੀ ਮੈਂ ਲੈ ਜਾਵਹਿਗੇ ਤਾਂ ਮਾਇਆ ਧਾਰੀ ਨੇ ਕਹਿਆ ਤੁਸੀਂ ਮੇਰੀ ਬਾਤ ਤੋ ਸੁਣੋ ਦੂਤਾ ਨੇ ਕਹਿਆ ਕਿਆ ਕਹਿਤਾ ਹੈਂ ਮਾਇਆ ਧਾਰੀ ਨੇ ਕਹਿਆ ਜਿਤਨਾ ਪਦਾਰਥ ਮੇਰਾ ਹੈ ਸੋ ਉਸਕਾ ਏਕ ਹਿਸਾ ਲੇਵਹੁ ਤੇ ਮੈਨੂੰ ਛੋਡ ਜਾਵੋ ਦੂਤਾਂ ਨੇ ਉਸਕੋ ਬਹੁਤ ਮਾਰ ਮਾਰੀ ਅਰ ਘਸੀਟਕੇ ਉਸਕੋ ਘਰ ਤੇ ਬਾਹਰ ਕੀਤਾ

ਧਨੀ ਨੇ ਕਹਾ ਅੱਧਾ ਧਨ ਤੁਮ ਲੇ ਜਾਵੋ ਅਰ ਮੁਝਕੋ ਛੋਡ ਜਾਵੋ ਤਾਂ ਦੂਤਾਂ ਨੇ ਉਸਤੇ ਭੀ ਅਧਕ ਮਾਰਿਆ ਅਰ ਕਹਿਆ ਹਮ ਤੇਰੇ ਕੋ ਹੀ ਲੀਏ ਜਾਵਹਿਗੇ ਫੇਰ ਧਨੀ ਨੇ ਕਹਿਆ ਤੀਨ ਹਿਸੇ ਤੁਮ ਲੇਵਹੁ ਅਰ ਮੇਰੇ ਕਉ ਛੋਡ ਦਿਓ ਤਾਂ ਦੂਤਾਂ ਹੋਰ ਅਧਕ ਮਾਰ ਕੀਤੀ ਤੇ ਕਹਾ ਤੁਝਕੋ ਨਹੀਂ ਛੋਡਨੇ ਕੇ ਔਰ ਧਨ ਹਮ ਨਹੀਂ ਲੇਤੇ ਫਿਰ ਧਨੀ ਨੇ ਕਹਾ ਸਭ ਦੌਲਤ ਲੇਵਹੁ ਤੇ ਮੇਰੇ ਕਉ ਮਤ ਲੇ ਜਾਵਹੁ ਦੂਤਾਂ ਨੇ ਕਹਾ ਰੇ ਬੋਧੇ ਇਸ ਲਛਮੀ ਸਾਥ ਤੋ ਹਮਾਰਾ ਕੁਛ ਕਾਮ ਨਹੀਂ ਅਰ ਸਾਰੀ ਪ੍ਰਿਥਵੀ ਕਾ ਰਾਜ ਭੀ ਹਮਾਰੇ ਕਿਸੇ ਕਾਮ ਨਹੀਂ ਹਮਾਰਾ ਤੋ ਤੇਰੇ ਕੋ ਪਕੜ ਲੇ ਜਾਨੇ ਕਾ ਕਾਮ ਹੈ ਤਾਂ ਧਨੀ ਨੇ ਕਹਿਆ ਸੁਨੋ ਪਰਮੇਸਰ ਦੇ ਵਾਸਤੇ ਮੈਨੂੰ ਇਸ ਲਛਮੀ ਸਾਥ ਦੋ ਚਾਰ ਬਾਤਾਂ ਤਾਂ ਕਰ ਲੇਣੇ ਦੇਵੋ ਪੀਛੇ ਲੇ ਜਾਵੋ ਤਾਂ ਦੂਤਾਂ ਨੇ ਉਸ ਧਨ ਕੇ ਪਾਸ ਜਾਇ ਖੜਾ ਕੀਤਾ ਧਨੀ ਨੇ ਕਹਾ ਹੇ ਲਛਮੀ ਤੁਝਕੋ ਮੈਂ ਅਤ ਸਨੇਹ ਸੇ ਰਾਖਿਆ ਕਿ ਕਿਸੇ ਦਿਨ ਤੂੰ ਮੇਰੇ ਕਾਮ ਆਵੇਗੀ ਸੋ ਤੂੰ ਮੇਰੀ ਸਹਾਇਤਾ ਕਰ ਮੈਂ ਤੁਝਕੋ ਬਡੀ ਪਿਆਰੀ ਕਰ ਜਾਣਤਾ ਥਾ ਅਤੇ ਖਰਚ ਨਹੀਂ ਕਰਦਾ ਸਾ ਜੋ ਨਿਖੁਟੇ ਨਹੀਂ ਮੈਂ ਤੇਰੀ ਰਖਵਾਲੀ ਕਰਦੇ ਕਰਦੇ ਇਸ ਦੇਹੀ ਕੋ ਭੀ ਸੁਕਾਇਆ ਦਿਨ ਰਾਤ ਸੇਵਾ ਤੇਰੀ ਕਰਦਾ ਰਿਹਾ ਅਰ ਰਜਕੇ ਖਾਧਾ ਪਹਿਧਾ ਭੀ ਨਹੀਂ ਕਿ ਅੰਤ ਕੋ ਮੇਰੇ ਤਾਈ ਛੁਡਾਵੇਗੀ ਜਿਤਨਾ ਚਿਰ ਮੈ ਜੀਵਿਆ ਤੇਰੇ ਅਰਥ ਹੀ ਦੇਹ ਸੁਕਾਈ ਸਭਨਾ ਤੇ ਤੁਝ ਕਉ ਪਿਆਰੀ ਕਰਕੇ ਰਖਦਾ ਰਿਹਾ ਹੋਂ ਹੋਰ ਗੁਣ ਤੋ ਸਭ ਰਹੇ ਚਾਰ ਕਦਮ ਮੇਰੇ ਸਾਥ ਪਹੁਚਾਵਣ ਤੋ ਚਲ ਮੇਰੇ ਕੋ ਛੁਡਾਇ ਨਹੀਂ ਸਕਦੀ ਏ ਬਾਰਤਾ ਸੁਣ ਲਛਮੀ ਬੋਲੀ ਹੇ ਪਾਪੀ ਜਿਸ ਤਰਾਂ ਪ੍ਰਿਥਵੀ ਖੋਦ ਕੇ ਮੇਰੇ ਕੋ ਤੈਨੇ ਗਾਡਿਆ ਹੈ ਤਿਸੀ ਤਰਾਂ ਮੈਂ ਤੁਝਕੋ ਨਰਕ ਮੈਂ ਪਾਵੋਂਗੀ ॥ ਹੇ ਦੁਸਟ ਤੈਨੇ ਮੇਰੇ ਕੋ ਕਿਸੀ ਮਿਤ੍ਰ ਕੇ ਅਰਥ ਤੇ ਅਰ ਨਾ ਕਿਸੀ ਤੀਰਥ ਯਾਤ੍ਰਾ ਮੈ ਨਾ ਕਿਸੀ ਸੰਤ ਸੇਵਾ ਮੈ ਅਰ ਨਾ ਕੋਈ ਖੂਹਾ ਬਾਵਲੀ ਤਾਲਾਬ ਬਾਗ ਬਨਾਇਆ ਹੈ ਅਤੇ ਨਾ ਕਿਸੀ ਅਤਿਥ ਕੋ ਸੀਭ ਧੂਪ ਨਿਵਾਰਣ ਕਰਨੇ ਕੋ ਬਸਤ੍ਰ ਬਨਾਇ ਦੀਏ ਅਰ ਕਿਸੀ ਧਰਮ ਕੇ ਮਾਰਗ ਮੈ ਮੁਝਕੋ ਨਹੀਂ ਖਰਚ ਕੀਆ ਹੈ ਅਤੇ ਤੈਨੇ ਪਰਉਪਕਾਰ ਭੀ ਨਹੀਂ ਕੀਆ ਹੈ ਅਤੇ ਨਾ ਕਿਸੀ ਸਨਬੰਧੀ ਕੋ ਮੇਰੇ ਕਰਕੇ ਸੁਖ ਦੀਆ ਅਤੇ ਨਾ ਪਰਮੇਸਰ ਕਾ ਯਸ ਕੰਨੀ ਸੁਣਿਆ ਅਰ ਮੁਖੋਂ ਗੋਬਿੰਦ ਕਾ ਨਾਮ ਭੀ ਨਹੀਂ ਲੀਆ ਹੇ ਪਾਪੀ ਮੇਰੇ ਹੁੰਦਿਆਂ ਤੈਨੇ ਮਨ ਭਾਂਵਦੇ ਪਦਾਰਥ ਭੀ ਨਹੀਂ ਖਾਧੇ ਪੀਤੇ ਪਹਿਨੇ ਇਸ ਜੀਅ ਜੈਸਾ ਪਰਾਹੁਣਾ ਹੋਰ ਕੋਈ ਨਹੀਂ ਇਸਕੋ ਭੀ ਤੂੰ ਤਰਸਾਂਵਦਾ ਰਹਿਆ ਹੈਂ ਹੇ ਅਭਾਗੀ ਮੈਂ ਕਿਆ ਕਰਾਂ ਮੇਰੇ ਹੁੰਦਿਆਂ ਕੋਈ ਸੁਭ ਕਰਮ ਕਰਦਾ ਕਿਸੀ ਧੀਆਂ ਭੈਣਾਂ ਕੇ ਅਰਥ ਕਰਦਾ ਸੋ ਜੇ ਸੰਸਾਰ ਵਿਖੇ ਭੀ

ਸੋਭਾ ਲੇਤਾ ਤੌ ਭੀ ਆਜ ਕੇ ਦਿਨ ਬਾਜੰਤ੍ਰਾ ਕੇ ਬਜਤੇ ਪਾਰਬ੍ਰਹਮ ਕੇ ਪਾਸ ਮੈਂ ਤੁਝਕੋ ਲੇ ਜਾਤੀ ਬੈਕੁੰਠ ਮੈਂ ਬਸਾਤੀ ਤੁਝਕੋ ਸੁਖ ਮਿਲਤਾ ਸੁਣ ਹੇ ਪਾਪੀ ਦਈਕੇ ਮਾਰੇ ਇਸ ਆਪਣੇ ਮਨ ਕੋ ਭੀ ਸੁਖੀ ਨਹੀਂ ਕੀਆ ਛਾਦਨ ਭੋਜਨ ਕਰਕੇ ਅਤੇ ਨਾ ਕਿਸੀ ਕੋ ਛਾਦਨ ਭੋਜਨ ਦੇ ਸਕਿਆ ਹੇ ਪਾਪੀ ਜਿਸ ਜਿਸ ਜੂਨਾਂ ਮੇਂ ਤੂੰ ਜਾਵੇਂਗਾ ਤਹਾਂ ਹੀ ਦਾਲਿਦ੍ਰੀ ਰਹੇਂਗਾ ਓਹ ਧਨੀ ਜੈਸਾ ਸੀ ਤੈਸਾ ਹੀ ਚੁਪ ਕਰ ਗਿਆ ਤਾਂ ਫੇਰ ਜਮਗਣ ਉਸਕੋ ਮਾਰਤੇ ਪੀਟਦੇ ਧਰਮਰਾਜਾ ਕੇ ਪਾਸ ਲੈ ਗਏ ਤਾਂ ਧਰਮਰਾਇ ਨੇ ਉਸਕੋ ਅੰਧ ਘੋਰ ਨਰਕ ਮੇਂ ਸੁਟਿਆ ਤਾਂ ਏਹ ਬਾਰਤਾ ਸੁਣਕੇ ਬਡਾ ਭੈਭੀਤ ਹੋਇਆ ਅਤੇ ਕਹਿਆ ਹੇ ਗੁਰੂ ਜੀ ਮੇਰੇ ਪਰ ਕਿਰਪਾ ਕਰਹੁ ਤਾਂ ਗੁਰੂ ਜੀ ਕਹਾ ਧਰਮਸਾਲ ਬਨਾਇ ਕਰ ਆਏ ਸੰਤ ਦੀ ਸੇਵਾ ਕਰ ਭੂਖੇ ਕੋ ਅੰਨ ਨੰਗੇ ਕਉ ਕਪੜਾ ਦੇਹ ਅਰ ਮਿਠਾ ਬੋਲਿਆ ਕਰ ਅਤੇ ਅਭਮਾਨ ਨਹੀਂ ਕਰਨਾ ਨਿੰਮ੍ਰ ਹੋਇਕੇ ਸੇਵਾ ਕਰਨੀ ਗੋਬਿੰਦ ਕਾ ਨਾਮ ਜਪਹੁ ਭੀ ਤੇ ਸੁਣਹੁ ਭੀ ਅਤੇ ਧਰਮ ਦੀ ਕਿਰਤ ਕਰਨੀ ਜੋ ਲਾਭ ਹੋਵੇ ਤਿਸਦਾ ਦਸਵਾਂ ਹਿਸਾ ਪਰਮੇਸਰ ਨਮਿਤ ਦੇਵਣਾ ਤੇਰੀ ਕਲਿਆਨ ਹੋਵੇਗੀ ਏਹੁ ਮਾਇਆ ਮੋਹਨੀ ਹੈ ਜਿਸਨੇ ਇਸਨੂੰ ਆਪਨੀ ਜਾਣਕੇ ਸੰਚੀ ਹੈ ਤਿਸ ਅੰਤ ਨੂੰ ਸਹਾਇਕ ਨਹੀਂ ਹੁੰਦੀ ਏਹ ਛਲ ਰੂਪ ਹੈ ਜੀਅ ਜੰਤ ਕੀ ਪਾਲਨਾ ਭੀ ਇਸੀ ਕਰ ਹੁੰਦੀ ਹੈ ਇਸਨੂੰ ਪਰਮੇਸਰ ਦੀ ਜਾਣਕੇ ਮੋਹਨਾ ਕਰੇ ਪਰਮੇਸਰ ਅਰਥ ਖਰਚ ਕਰੇ ਤੌਹੀ ਭਲੀ ਹੈ ॥ ਭਾਈ ਮਨੀ ਸਿੰਘ ਜੀ ਕਹੈ ਕਿ ਸੁਣੋ ਸਾਧ ਸੰਗਤ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਕੀਆਂ ਕਥਾਂ ਬਿਅੰਤ ਹੈਂ ਅਰ ਜੇ ਕੋਈ ਰੇਤ ਦੇ ਕਿਣਕਿਆਂ ਦਾ ਅੰਤ ਪਾ ਲਵੇ ਤਾਂ ਪਾ ਲਵੇ ਪਰ ਜਿਤਨੇ ਸ੍ਰੀ ਗੁਰੂ ਨਾਨਕ ਜੀ ਕੇ ਚਰਿਤ੍ਰ ਅਰ ਗੁਣ ਅਤੇ ਉਪਕਾਰ ਹਨ ਤਿੰਨਾਂ ਦਾ ਅੰਤ ਨਹੀਂ ਪਾਇਆ ਜਾਂਦਾ ॥

ਸਾਖੀ ਮਾਤਾ ਪਿਤਾ ਨਾਲ

ਸੋ ਮਹਾਰਾਜ ਅਨੇਕ ਕੌਤਕ ਕਰਤੇ ਕਰਤੇ ਮਰਦਾਨੇ ਸੰਜੁਗਤ ਸ੍ਰੀ ਮਹਾਰਾਜ ਕਰਤਾਰ ਪੁਰ ਆਏ ਅਰ ਮਾਤਾ ਪਿਤਾ ਦੇ ਅਗੇ ਮਥਾ ਟੇਕਿਆ ਤੇ ਲਹਣਾ ਤੇ ਬਾਲਾ ਸਿਰੀ ਚੰਦ ਤੇ ਲਖਮੀ ਦਾਸ ਹੋਰ ਸਭ ਸਿਖ ਚਰਨੀ ਲਗੇ ਅਰ ਪ੍ਰਸੰਨ ਹੋਏ ਤਾਂ ਲਹਿਣੇ ਕਹਿਆ ਸਰਬ ਜਗਤ ਕਾ ਤੁਸਾਂ ਕਲਿਆਨ ਕੀਤਾ ਹੈ ਪਰ ਤੁਸਾਡਾ ਮਾਤਾ ਪਿਤਾ ਭੀ ਅਤੇ ਦਾਸ ਭੀ ਅਸੀਂ ਤੁਹਾਡੀ ਰਸਨਾ ਥੀ ਵਚਨ ਸੁਨਣੇ ਚਾਹਨੇ ਹਾਂ ਜੋ ਅਸਾਡਾ ਹੰਕਾਰ ਮਿਟੇ ਅਤੇ ਘਰ ਹੋਂਦੇ ਭੁਖਾ ਕੋਈ ਨਹੀਂ ਮਰਦਾ ਤਾਂ ਬਚਨ ਹੋਇਆ ਤੁਸੀਂ ਮੇਰੇ ਸਨਮੁਖ ਹੋਇ ਬੈਠੋ ਤਾਂ ਕਾਲੂ ਅਤੇ ਮਾਤਾ ਤ੍ਰਿਪਤਾ ਤੇ ਲਹਿਣ



ਅਰ ਬਾਲਾ ਤੇ ਸਿਰੀ ਚੰਦ ਅਰ ਲਖਮੀ ਦਾਸ ਹੋਰ ਸਿਖ ਸਿਖਣੀਆਂ ਸਭ ਪੰਗਤ ਕਰ ਬੈਠੇ ਤਾਂ ਬਾਬਾ ਬੋਲਿਆ ਕਿ ਹੰਕਾਰ ਬਿਨਾਂ ਤਾਂ ਕੋਈ ਨਹੀਂ ਦੇਹ ਦੀ ਪਾਲਣਾ ਕਰਦਾ ਜੋ ਸਿਵਾ ਹੰਕਾਰ ਦੇ ਨਹੀਂ ਹੋਂਦੀ ਪਰ ਅਗਿਆਨੀਆਂ ਦਾ ਅਹੰਕਾਰ ਦ੍ਰਿੜ ਹੋਇਆ ਹੈ ਅਰ ਗਿਆਨਵਾਨ ਦਾ ਪੋਲਾ ਹੰਕਾਰ ਹੈ ਜੋ ਇਕ ਅਗਿਆਨ ਰੂਪੀ ਬਾਲਕ ਹੈ ਅਤੇ ਉਸਨੇ ਆਪਣੇ ਪਰਛਾਵੇਂ ਵਿਖੇ ਬੈਤਾਲ ਰੂਪੀ ਅਹੰਕਾਰ ਕਲਪਿਆ ਹੈ ਸੋ ਤਿਸਨੂੰ ਕਲਪ ਕੇ ਆਪੇ ਦੁਖੀ ਹੋਂਦਾ ਹੈ ਪਰ ਜੇ ਸਤਿਗੁਰ ਮਿਲਣ ਤਾਂ ਤੇ ਇਸਨੂੰ ਆਪਣਾ ਸਰੂਪ ਦਿਖਾਲਣ ਤਾਂ ਹੰਕਾਰ ਰੂਪੀ ਪ੍ਰੇਤ ਜੋ ਅਣਹੋਂਦਾ ਇਸ ਕਲਪਿਆ ਹੈ ਸੋ ਇਸਦਾ ਦੂਰ ਹੋ ਜਾਵੇ ਤਾਂ ਫਿਰ ਪ੍ਰਛਾਵੇਂ ਦੇ ਦੇਖੇ ਭੀ ਇਸਨੂੰ ਬੈਤਾਲ ਨਹੀਂ ਭਾਸਦਾ ਹੈ ਗੁਰੂ ਅੰਗਦ ਜੀ ਕਹਿਆ ਬਾਲਕ ਨੇ ਕਿਸੇ ਥੋਂ ਬੈਤਾਲ ਸੁਣਿਆ ਹੈ ਤਾਂ ਇਸ ਬੈਤਾਲ ਕਲਪਿਆ ਹੈ ਬਾਬੇ ਕਹਿਆ ਜਿਸਤੇ ਉਸ ਸੁਣਿਆ ਹੈ ਉਸ ਭੀ ਭਰਮ ਕਰ ਪ੍ਰਛਾਵੇਂ ਨੂੰ ਹੀ ਬੈਤਾਲ ਜਾਤਾ ਹੈ ਵਾਸਤਵ ਬੈਤਾਲ ਹੋਇਆ ਹੀ ਨਹੀਂ ॥ ਤੈਸੇ ਮਨ ਨੇ ਅਗਿਆਨ ਕਰ ਜਗਤ ਰੂਪੀ ਬੈਤਾਲ ਕਲਪਿਆ ਹੈ ਵਾਸਤਵ ਜਗਤ ਹੀ ਨਹੀਂ ਸਤ ਰੂਪ ਦਾ ਪ੍ਰਮਾਦ ਹੋਣਾ ਏਹੀ ਜਗਤ ਹੈ ਜਿਸ ਵੇਲੇ ਸਤਿਗੁਰਾਂ ਨੂੰ ਮਿਲਕੇ ਸਤਸਰੂਪ ਨੂੰ ਪਛਾਤਾ ਤਾਂ ਜਗਤ ਭਰਮ ਦੂਰ ਹੋ ਜਾਂਦਾ ਹੈ ਜੈਸੇ ਸੁਪਨੇ ਕੀ ਸ੍ਰਿਸਟ ਜਾਗੇ ਹੋਇਆ ਹੋ ਜਾਂਦੀ ਹੈ ਤੈਸੇ ਜੋ ਗਿਆਨ ਕਰ ਜਾਗਦੇ ਹਨ ਜਗਤ ਸੁਪਨਾ ਉਨਾਂ ਦਾ ਦੂਰ ਹੋ ਜਾਂਦਾ ਹੈ ਕਾਲੂ ਕਹਿਆ ਜੀ ਤੁਸਾਡੇ ਬਚਨ ਅਸਾਂ ਸੁਣੇ ਭੀ ਤੇ ਅਸਾਡਾ ਅਗਿਆਨ ਨਹੀਂ ਮਿਟਦਾ ਬਾਬਾ

ਬੋਲਿਆ ਜੈਸੇ ਸੂਰਜ ਦਿਆਂ ਪ੍ਰਕਾਸਿਆਂ ਰਾਤ ਦਾ ਅੰਧੇਰਾ ਮਿਟ ਜਾਂਦਾ ਹੈ ਅਰ ਸੀਤਕਾਲ ਜੋ ਹੈ ਸਨੇ ਸਨੇ ਜਿਉਂ ਜਿਉਂ ਸੂਰਜ ਬਲ ਪਾਂਵਦਾ ਹੈ ਤਾਂ ਸਰਦ ਕਾਲ ਮਿਟ ਜਾਂਦਾ ਹੈ ਤੈਸੇ ਜੋ ਅਗਿਆਨੀ ਹੈਂ ਤਿਨਾਂ ਨੂੰ ਈਸਰ ਵਿਚ ਭੀ ਭਰਮ ਹੈ ਜੋ ਈਸਰ ਹੈ ਕਿ ਨਹੀਂ ਅਰ ਸਤਿਗੁਰਾਂ ਦਾ ਸਬਦ ਸੁਣਦਾ ਹੈ ਤਾਂ ਈਸਰ ਨੂੰ ਸਤ ਜਾਣਦਾ ਹੈ ਸਖਿਆਤਕਾਰ ਸਨੇ ਸਨੇ ਸਬਦ ਦੇ ਅਭਿਆਸ ਕਰ ਹੋਂਦਾ ਹੈ ਤੇ ਸੂਰਜ ਦੇ ਚੜਿਆਂ ਜਿਥੇ ਨਿਗਵਰਨ ਜਗਾਂ ਹੋਂਦੀ ਹੈ ਓਥੇ ਉਜਾਲਾ ਤਤਕਾਲ ਹੋਂਦਾ ਹੈ ॥ ਤੇ ਜਿਥੇ ਪਰਬਤਾਂ ਦੀਆਂ ਗੁਫਾਂ ਕੇ ਅਨੇਰੀਆਂ ਕੋਠੜੀਆਂ ਹੋਂਦੀਆਂ ਹੈਨ ਓਥੇ ਅੰਧੇਰਾ ਰਹਿੰਦਾ ਹੈ ਤੈਸੇ ਸਬਦ ਦੇ ਸੁਣਨ ਕਰ ਭੀ ਜੋ ਨਿਹਕਾਮੀ ਹੈਨ ਉਨਾਂ ਨੂੰ ਗਿਆਨ ਦਾ ਪ੍ਰਕਾਸ ਹੋਂਦਾ ਹੈ ਅਤੇ ਜੋ ਵਾਸਨਾ ਦੇ ਬਧੇ ਹੋਏ ਹੈਨ ਸੋ ਜਬ ਲਗ ਵਾਸਨਾ ਨਾ ਮਿਟਣ ਤਬ ਲਗ ਗਿਆਨ ਦ੍ਰਿੜ ਨਹੀਂ ਹੁੰਦਾ ਤਾਂ ਕਾਲੂ ਕਹਿਆ ਗਿਆਨ ਦ੍ਰਿੜ ਕਿਉਂ ਕਰ ਹੋਵੈ ਤਾਂ ਬਾਬੇ ਕਹਿਆ ਜੋ ਸਪਤ ਭੂਮਕਾ ਗਿਆਨ ਕੀਆ ਹੈਨ ਸੋ ਜੇ ਸਪਤਮੀ ਭੂਮਕਾ ਵਿਚ ਪ੍ਰਾਪਤਿ ਹੋਂਦਾ ਹੈ ਤਾਂ ਜਨਮ ਮਰਨ ਇਸਦਾ ਮਿਟ ਜਾਂਦਾ ਹੈ ॥ ਤਾਂ ਕਾਲੂ ਕਹਿਆ ਸਪਤ ਭੂਮਕਾ ਕੌਣ ਹਨ ਤਾਂ ਬਾਬੇ ਕਹਿਆ ਪ੍ਰਥਮੇਂ ਸੁਭ ਇਛਾ ਸੁਭ ਇਛਿਆ ਇਸ ਨੂੰ ਕਹਿੰਦੇ ਹੈਨ ਜੋ ਮੈਂ ਅਗਿਆਨ ਦੇ ਵਿਚ ਬਧਾ ਹੋਇਆ ਹਾਂ ਸੋ ਮੈਂ ਸੰਤਾਂ ਦੀ ਸੰਗਤ ਕਰਾਂ ਤੇ ਪੁਛਾਂ ਜੋ ਅਗਿਆਨ ਦਾ ਬੰਧਨ ਕਿਉਂ ਕਰ ਮਿਟਦਾ ਹੈ ਦੂਜੀ ਵਿਚਾਰਨਾ ਹੈ ਜੋ ਸੰਤਾਂ ਥੀ ਵਚਨ ਸੁਣੀਅਨ ਉਨਾਂ ਨੂੰ ਵੀਚਾਰੀਐ ਜੋ ਸੰਤਾਂ ਨੇ ਖੋਟੇ ਕਰਮ ਕੌਨ ਦਸੇ ਹਨ ਅਤੇ ਖਰੇ ਕੌਨ ਦਸੇ ਹਨ ਅਰ ਮੇਰੇ ਵਿਚ ਸੁਭ ਕਰਮ ਕੌਨ ਹਨ ਅਤੇ ਅਸੁਭ ਕੌਨ ਹਨ ਤਾਂ ਫਿਰ ਅਸੁਭ ਕਰਮਾਂ ਨੂੰ ਹਟਾਏ ਅਰ ਸੁਭ ਕਰਮਾਂ ਨੂੰ ਅੰਗੀਕਾਰ ਕਰੇ ਅਰ ਤੀਜੀ ਭੂਮਕਾ ਤਨ ਮਾਨਸਾ ਹੈ ਜੋ ਆਪਣੇ ਮਨ ਨੂੰ ਸੂਖਮ ਕਰਨਾ ਅਰ ਜਪ ਤਪ ਦਾ ਤੇ ਸ੍ਰਵਨ ਮਨਨ ਦਾ ਅਭਮਾਨ ਨਹੀਂ ਕਰਨਾ ਅਤੇ ਸੰਤਾਂ ਦੀ ਸੇਵਾ ਟਹਲ ਕਰਨੀ ਅਰ ਇਕਾਂਤ ਬੈਠ ਕੇ ਵੀਚਾਰਨਾ ਜੋ ਮੇਰੇ ਵਿਚ ਕੌਨ ਸੇ ਵਿਕਾਰ ਘਟੇ ਹਨ ਅਰ ਕੌਨ ਸੇ ਸੁਭ ਲਛਨ ਆਏ ਹਨ ਅਰ ਮਨ ਦੀ ਹਊਮੈਂ ਘਟਾਵਣੀ ਏਹ ਤਨ ਮਾਨਸਾ ਹੈ ਚੌਥੀ ਭੂਮਕਾ ਸਤ ਵਾਪਤ ਉਸ ਨੂੰ ਕਹਿੰਦੇ ਹਨ ਕਿ ਜੋ ਸਤ ਆਤਮ ਗਿਆਨ ਹੈ ਉਸ ਦਾ ਪ੍ਰਾਪਤ ਹੋਣਾ ਜੋ ਸਰਬ ਜਗਤ ਨੂੰ ਅਨਿਤ ਜਾਣਨਾ ਸੋ ਤਿੰਨ ਭੂਮਕਾ ਅਗਿਆਨ ਵਿਚ ਹੋਂਦੀਆਂ ਹਨ ਅਰ ਉਨਾਂ ਵਿਚ ਜਗਤ ਜਾਗ੍ਰਤ ਦੀ ਸਮਿਗ੍ਰੀ ਦੀ ਨਿਆਈ ਭਾਸਦਾ ਹੈ ਤੇ ਸਤ ਵਾਪਤ ਜਬ ਆਂਵਦੀ ਹੈ ਤਬ ਜਗਤ ਸੁਪਨੇ ਦੀ ਨਿਆਈ ਭਾਸਤਾ ਹੈ ਅਰ ਅਸੰਸਕਤ ਪੰਜਵੀਂ ਭੂਮਕਾ ਹੈ ਜੈਸੇ ਸਖੋਪਤ ਆਦਿ

ਹੋਂਦਾ ਹੈ ਤੇ ਆਪੋਂ ਉਠਦਾ ਨਹੀਂ ਜੇ ਕੋਈ ਉਠਾਏ ਤਾਂ ਉਠਦਾ ਹੈ ਅਰ ਪੰਜਵੀਂ ਭੂਮਕਾ ਵਾਲੇ ਦੇ ਸੰਸੇ ਸਭ ਨਿਵਰਤ ਹੋਂਦੇ ਹਨ ਆਪੋ ਸੰਸਾ ਨਹੀਂ ਹੋਂਦਾ ਪਰ ਜੇ ਕੋਈ ਕਹੇ ਜੋ ਜਗਤ ਹੈ ਤਾਂ ਕੁਛਕ ਸੰਸਾ ਪਾਉਂਦਾ ਹੈ ਅਰ ਵਿਵਹਾਰ ਖਾਵਣ ਪੀਵਣ ਮਾਤ੍ਰ ਜੇ ਕੋਈ ਉਠ ਕੇ ਸਰੀਰ ਦਾ ਬਿਉਹਾਰ ਕਰਾਏ ਤਾਂ ਕਰਦਾ ਹੈ ਪਰ ਆਪੋ ਉਸ ਨੂੰ ਭੁਖ ਨਹੀਂ ਹੋਂਦੀ ਅਤੇ ਚੌਥੀ ਅਵਸਥਾ ਵਾਲੇ ਨੂੰ ਆਪੋ ਭੀ ਸਰੀਰ ਦਾ ਬਿਉਹਾਰ ਫੁਰਦਾ ਹੈ ॥ ਅਤੇ ਛਠੀ ਭੂਮਕਾ ਪਦਾਰਥ ਅਭਾਵਨੀ ਹੈ ਜੈਸੇ ਸਖੋਪਤ ਦਾ ਮਧ ਹੋਤਾ ਹੈ ਅਰ ਆਪੋ ਭੀ ਅਤੇ ਪਰ ਥੋਂ ਭੀ ਉਸ ਨੂੰ ਜਾਗ੍ਰਤ ਨਹੀਂ ਹੋਂਦੀ ਤੈਸੇ ਛਠੀ ਅਵਸਥਾ ਵਾਲੇ ਨੂੰ ਸਰੀਰ ਦੀ ਕਿਰਿਆ ਭੀ ਭੁਲੀ ਹੋਂਦੀ ਹੈ ਜੇ ਕਿਸੇ ਮੂੰਹ ਵਿਚ ਗ੍ਰਾਸ ਪਾਇਆ ਹੈ ਤਾਂ ਓਹ ਲੰਘਾ ਲੈਂਦਾ ਹੈ ਅਤੇ ਜੇ ਨਹੀਂ ਪਾਇਆ ਤਾਂ ਚਿਤ ਨਹੀਂ ਤਾਂ ਹੋਰ ਜਗਤ ਕਦ ਚਿਤ ਆਵਦਾ ਹੈ ਅਰ ਸਪਤਮੀ ਭੂਮਕਾ ਤੁਰੀਆ ਹੈ ਇਕ ਵਾਹਗੁਰੂ ਹੀ ਭਾਸਤਾ ਹੈ ਹੋਰ ਦੂਜਾ ਨ ਕੋਈ ਹੋਇਆ ਹੈ ਨ ਹੋਵਣਾ ਹੈ ਆਪ ਨੂੰ ਸਭ ਸਦਾ ਸਾਖੀ ਤੇ ਨਿਰਾਲਾ ਕੂਟ ਸਥ ਭੀ ਭਿੰਨ ਜਾਣਦਾ ਹੈ ਤਾਂ ਦ੍ਰਿੜ ਗਿਆਨ ਹੋਂਦਾ ਹੈ ਤਾਂਤੇ ਜੋ ਤੁਸੀਂ ਸਾਧ ਸੰਗਤ ਵਿਚ ਬੈਠ ਕੇ ਜੋ ਵਚਨ ਸੁਣੋ ਤਾਂ ਇਕਠੇ ਬੈਠ ਕੇ ਵੀਚਾਰਨੇ ਜੋ ਜੋ ਕਿਸੇ ਦੇ ਚਿਤ ਵਿਚ ਹੋਵੈ ਸੋ ਕਹਿਣਾ ਕਜੋਂ ਜੋ ਸਭੇ ਮਿਲ ਕੇ ਗਿਆਨ ਦ੍ਰਿੜ ਹੋਂਦਾ ਹੈ ਤਾ ਕਾਲੂ ਕਹਿਆ ਜੀ ਚਰਚਾ ਕਰਣੀ ਕਿਤਨੇ ਪ੍ਰਕਾਰ ਦੀ ਹੈ ਤਾਂ ਬਾਬਾ ਬੋਲਿਆ ਚਰਚਾ ਚਾਰ ਪ੍ਰਕਾਰ ਦੀ ਹੈ ਸੋ ਗੁਰਮੁਖ ਦੁਇ ਪ੍ਰਕਾਰ ਦੀ ਚਰਚਾ ਕਰਦੇ ਹਨ ਅਰ ਦੋਇ ਪ੍ਰਕਾਰ ਦੀ ਤਿਆਗਦੇ ਹਨ ਤਾਂ ਕਾਲੂ ਕਹਿਆ ਉਨਾਂ ਚਰਚਾ ਦੇ ਕਿਆ ਨਾਮ ਹੈਨ ਤਾਂ ਬਾਬਾ ਬੋਲਿਆ ਕਿ ਇਕ ਵਾਦ ਚਰਚਾ ਹੈ ਇਕ ਹੇਤ ਚਰਚਾ ਹੈ ਇਕ ਜਲਪ ਚਰਚਾ ਹੈ ਇਕ ਵਿਤੰਡੈ ਚਰਚਾ ਹੈ ਤਾ ਕਾਲੂ ਕਹਿਆ ਉਨਾਂ ਦਾ ਸਰੂਪ ਕਿਆ ਹੈ ਬਾਬੇ ਜੀ ਕਹਿਆ ਵਾਦ ਚਰਚਾ ਏਹ ਹੈ ਜੋ ਪ੍ਰਜੋਜਨ ਅਰਥ ਦੇ ਸਮਝਣ ਦਾ ਹੈ ਅਰ ਸਬਸ ਦੇ ਰਿਦੇ ਪ੍ਰਸੰਨ ਕਰਨ ਨਾਲ ਪਰਜੋਜਨ ਹੈ ਅਤੇ ਹਾਰ ਜੀਤ ਦਾ ਪਰਜੋਜਨ ਨਹੀਂ ਅਰ ਸਭਨਾ ਦਾ ਕਹਿਆ ਸੁਣ ਕੇ ਆਪ ਵਿਚ ਵਿਚਾਰਨਾ ਜੋ ਵਿਸੇਖ ਮਤ ਹੋਵੈ ਸੋ ਸਭਨਾਂ ਮੰਨਣੀ ਅਤੇ ਜੇ ਕੋਈ ਸੰਸਾ ਹੋਵੈ ਤਾਂ ਫੇਰ ਸਤਿਗੁਰਾਂ ਥੀ ਪ੍ਰਸੰਨ ਕਰਕੈ ਪੂਛ ਲੈਣਾ ਅਰ ਫੇਰ ਰਿਦੇ ਵਿਚ ਦ੍ਰਿੜ ਕਰਨਾ ਸੋ ਏਹ ਵਾਦ ਚਰਚਾ ਹੈ ਅਰ ਦੂਜੀ ਹੇਤ ਚਰਚਾ ਹੈ ਜੋ ਆਪਣੇ ਹੇਤ ਹੈ ਕਿ ਕਿਸੇ ਪ੍ਰਕਾਰ ਸਬਦ ਦਾ ਵਿਚਾਰ ਸਮਝਕੇ ਰਿਦਾ ਨਿਰ ਸੰਸੇ ਹੋਵੈ ਗੁਰ ਨਿਕਟ ਨਹੀਂ ਇਸ ਵਾਸਤੇ ਆਪਸ ਵਿਚ ਜੋ ਸਿਖ ਬੈਠਦੇ ਹੈਨ ਤਾਂ ਜਿਉਂ ਜਿਉਂ ਕਿਸੇ ਦੇ ਰਿਦੇ ਵਿਚ ਆਂਵਦਾ ਹੈ ਤੇ ਵਚਨ ਸੁਣਿਆ ਹੋਇਆ

ਹੋਂਦਾ ਹੈ ਸੋ ਆਪਣਾ ਭੀ ਕਹੇ ਤੇ ਅਗਲੇ ਦਾ ਭੀ ਸੁਣੇ ਜੈਸੇ ਇਕ ਦੀਵਾ ਬਲਦਾ ਹੈ ਸੋ ਘਰ ਨੂੰ ਉਜਿਆਰਾ ਕਰਦਾ ਹੈ ਪਰ ਉਸਦੇ ਪਿਠ ਪਿਛੇ ਅੰਧੇਰਾ ਹੁੰਦਾ ਹੈ ॥ ਅਰ ਜੌ ਦੀਵੇ ਆਮੋ ਸਾਮਣੇ ਬਲਦੇ ਹੈਨ ਤਾਂ ਉਜਾਲਾ ਭੀ ਵਿਸੇਖ ਹੁੰਦਾ ਹੈ ਅਰ ਅੰਧਕਾਰ ਭੀ ਦੁਹਾਂ ਦੇ ਪਿਛੋਂ ਦੂਰ ਹੋ ਜਾਂਦਾ ਹੈ ਤੈਸੇ ਜੋ ਏਕ ਹੀ ਚਰਚਾ ਕਰਦਾ ਹੈ ਅਰ ਦੂਸਰੇ ਦੀ ਨਹੀਂ ਸੁਣਦਾ ਸੋ ਹੋਰਨਾਂ ਨੂੰ ਸਮਝਾਂਵਦਾ ਹੈ ਪਰ ਆਪਣੇ ਵਿਚ ਹੰਕਾਰ ਰਹਿੰਦਾ ਹੈ ਜੋ ਆਪਣੀ ਕਹਿੰਦਾ ਹੈ ਅਰ ਅਗਲੇ ਦੀ ਸੁਣਦਾ ਹੈ ਸੋ ਜੋ ਆਪਣਾ ਵਚਨ ਵਸੇਖ ਹੋਂਦਾ ਹੈ ਤਾਂ ਉਸਨੂੰ ਮਨਾਂਵਦਾ ਹੈ ਅਰ ਜੇ ਉਸਕਾ ਵਸੇਖ ਹੋਂਦਾ ਹੈ ਤਾਂ ਆਪ ਮੰਨਦਾ ਹੈ ਤਾਂ ਦੋਨੋਂ ਦਾ ਹੰਕਾਰ ਦੂਰ ਹੋ ਜਾਂਦਾ ਹੈ ਅਰ ਵਚਨਾਂ ਦਾ ਭੀ ਨਿਰਨੋ ਹੋਇ ਜਾਂਦਾ ਹੈ ਸੋ ਏਹ ਹੇਤ ਚਰਚਾ ਹੈ ॥

ਏਹ ਦੋਇ ਚਰਚਾ ਗੁਰਮੁਖ ਕਰਦੇ ਹਨ ਤਾਂ ਲਹਣੇ ਕਹਿਆ ਹੇ ਗਰੀਬ ਨਿਵਾਜ ਦੋ ਚਰਚਾ ਤਿਆਗਦੇ ਕੇਹੜੀਆਂ ਹਨ ਤਾਂ ਬਾਬੇ ਕਹਿਆ ਤੀਜੀ ਚਰਚਾ ਜਲਪ ਹੈ ਕਿ ਆਪ ਜੋ ਵਚਨ ਕਹਿਆ ਹੈ ਸੋ ਭਾਵੇਂ ਸਤ ਹੈ ਅਤੇ ਭਾਵੇਂ ਅਸਤ ਹੈ ਆਪਣੇ ਵਚਨਾਂ ਦੀ ਹੀ ਪਾਲਨਾ ਕਰਨੀ ਅਤੇ ਅਗੇ ਭਾਵੇਂ ਕਿਸੇ ਨੇ ਵਚਨ ਸਤ ਹੀ ਕਹੇ ਹੈਂ ਪਰ ਉਸਦਾ ਵਚਨ ਨਹੀਂ ਮੰਨਣਾ ॥ ਕਯੋਂਕਿ ਜੇ ਇਸਦਾ ਵਚਨ ਮੰਨਨਾ ਹਾਂ ਤਾਂ ਮੇਰੀ ਵਿਦਿਆ ਹੰਕਾਰ ਖੀਣ ਹੋ ਜਾਂਦਾ ਹੈ ਤਾਂ ਫਿਰ ਨਾਨਾਂ ਪ੍ਰਕਾਰ ਦੇ ਵਚਨ ਤੇ ਦ੍ਰਿਸਟਾਂਤ ਪ੍ਰਮਾਨ ਸਾਖਾਂ ਸਾਸਤ੍ਰਾਂ ਦੀਆਂ ਦੇਕੇ ਆਪਣੇ ਬਚਨਾਂ ਦੀ ਪਾਲਨਾ ਕਰਨੀ ਸੋ ਇਸ ਚਰਚਾ ਨੂੰ ਪੰਡਤ ਕਰਦੇ ਹਨ ਅਤੇ ਗੁਰਮੁਖਿ ਤਿਆਗਦੇ ਹਨ ਕਯੋਂ ਕਿ ਪੰਡਤਾਂ ਨੇ ਆਪਣਾ ਮਾਣ ਵਧਾਵਣਾ ਹੈ ਅਤੇ ਗੁਰਮੁਖਾਂ ਮਾਣ ਤਿਆਗਣਾ ਹੈ ਅਰ ਮਾਨ ਵਧਾਇਆਂ ਜਗਤ ਪ੍ਰਸੰਨ ਹੁੰਦਾ ਹੈ ਅਤੇ ਮਾਨ ਘਟਾਇਆਂ ਪਰਮੇਸਰ ਪ੍ਰਸੰਨ ਹੋਂਦਾ ਹੈ ਸੋ ਏਹ ਜਲਪ ਚਰਚਾ ਹੈ ॥ ਚਉਥੀ ਵਿਤੰਡੇ ਚਰਚਾ ਹੈ ਜੋ ਆਪਣੇ ਸਮਝ ਵਿਚ ਇਸਟ ਕੋਈ ਨਾ ਹੋਵੇ ਹੋਰ ਸਦਾ ਕਹਿਆ ਭੀ ਨਹੀਂ ਮੰਨਣਾ ਅਤੇ ਜੇ ਹੋਰ ਸਾਧ ਸੰਤ ਆਖੇ ਤਾਂ ਉਸਦਾ ਕਹਿਆ ਭੀ ਨਹੀਂ ਮੰਨਣਾ ਅਰ ਜੇ ਉਹ ਪੁਛਣ ਤੁਸੀ ਕੁਛ ਹੋਰ ਕਹੋ ਤਾਂ ਕਹੇ ਮੈਂ ਕੁਛ ਨਹੀਂ ਜਾਣਦਾ ਤੁਸਾਂ ਕਿਸੇ ਕੋਲੋਂ ਪੁਛਿਆ ਹੋਵੇਗਾ ਤਾਂ ਕਹੇ ਮੈਂ ਅਗਲਿਆਂ ਦਾ ਭੀ ਨਹੀਂ ਮੰਨਦਾ ਅਰ ਆਪਣੀ ਵਡਿਆਈ ਵਲ ਹੀ ਧਿਆਨ ਰਖਣਾ ਸੋ ਏਹ ਚਰਚਾ ਭੀ ਗੁਰਮੁਖ ਤਿਆਗਦੇ ਹਨ ਅਤੇ ਗੁਰਮੁਖਿ ਸੋਈ ਚਰਚਾ ਕਰਦੇ ਹਨ ਜਿਸ ਵਿਚ ਮਨ ਨੀਵਾਂ ਹੋਵੇ ॥

ਬਾਬਾ ਜੀ ਕਰਤਾਰ ਪੁਰ ਰਹੇ

ਸੋ ਐਸੇ ਹੀ ਕਰਤਾਰ ਪੁਰ ਵਿਚ ਅੰਮ੍ਰਿਤ ਵੇਲੇ ਸਵਾ ਪਹਿਰ ਦਿਨ ਚੜਦਿਆਂ ਤੀਕਰ ਬਾਣੀ ਦੀ ਚਰਚਾ ਹੋਵੈ ਅਰ ਉਪਰੰਤ ਕੀਰਤਨ ਹੋਵੈ ਅਰ ਫੇਰ ਆਰਤੀ ਪੜੀਏ ਅਰ ਤੀਸਰੇ ਪਹਿਰ ਫੇਰ ਕੀਰਤਨ ਕਰੀਏ ਅਰ ਸੰਧਿਆ ਹੈ ਰਹੁਰਾਸ ਪੜੀਏ ਅਰ ਫੇਰ ਕੀਰਤਨ ਗਾਵੀਏ ਅਤੇ ਪਹਰ ਰਾਤ ਗਈ ਸੋਹਲਾ ਪੜੀਏ ਅਰ ਫੇਰ ਪਿਛਲੀ ਰਾਤ ਜਪ ਪੜੀਏ ਅਰ ਆਸਾ ਦੀ ਵਾਰ ਪੜੀਏ ਸੋ ਇਸੇ ਪ੍ਰਕਾਰ ਕੋਈ ਸਮਾਂ ਬੀਤਿਆ ਤਾਂ ਬਹੁਤ ਸਿਖ ਇਕਠੇ ਹੋਏ ਅਰ ਮਰਦਾਨੇ ਇਕਸ ਦਿਨ ਕਹਿਆ ਜੋ ਮੈਨੂੰ ਦੋਇ ਪੁਰਖ ਮਹਾਂ ਸੁੰਦਰ ਮਿਲੇ ਹੈਨ ਅਰ ਇਕ ਫੁਲਾਂ ਦੀ ਮਾਲਾ ਮੈਨੂੰ ਦਿਤੀ ਹੈ ਅਰ ਓਹ ਅਸਚਰਜ ਫੁਲ ਹੈਨ ਅਰ ਕੁਮਲਾਂਵਦੇ ਨਹੀਂ ਤਾਂ ਮਰਦਾਨੇ ਨੂੰ ਬਾਬਾ ਜੀ ਕਹਿਆ ਮਰਦਾਨਿਆਂ ਓਹ ਹਾਹਾ ਤੇ ਹੂ ਹੂ ਦੋਨੋਂ ਗੰਧਰਬ ਹੈਨ ਅਰ ਤੇਰੇ ਲੈਣ ਵਾਸਤੇ ਆਏ ਹਨ ਸੋ ਇਸ ਵਾਸਤੇ ਤੈਨੂੰ ਸੁਵਰਗ ਦੇ ਫੁਲ ਆਣ ਦਿਖਾਏ ਹੈਨ ਅਤੇ ਅਸੀਂ ਜਦ ਮਾਤਲੋਕ ਵਿਚ ਆਏ ਸਾਂ ਤਾਂ ਤੈਨੂੰ ਗੰਧਰਬ ਲੋਕ ਤੇ ਲੈ ਆਏ ਸਾਂ ਸੋ ਹੁਣ ਅਸੀਂ ਪ੍ਰਿਥਵੀ ਦਾ ਕਾਰਜ ਕਰ ਰਹੇ ਹਾਂ ਅਤੇ ਤੂੰ ਅਗੇ ਗੰਧਰਬ ਲੋਕ ਵਿਚ ਚਲ ਜਦ ਅਸੀਂ ਬੈਕੁੰਠ ਧਾਮ ਜਾਵਾਂਗੇ ਤਾਂ ਤੈਨੂੰ ਨਾਲ ਲੈ ਜਾਵਾਂਗੇ ਤਾਂ ਮਰਦਾਨੇ ਆਖਿਆ ਜਿਵੇਂ ਤੁਸਾਡੀ ਆਗਿਆ ਹੋਵੇ ਅਤੇ ਫੇਰ ਬਚਨ ਹੋਇਆ ਮਰਦਾਨਿਆ ਤੈਨੂੰ ਮੋਇਆਂ ਅਸੀਂ ਕੇਹੜਾ ਦਾਗ ਦਵੀਏ ਕਯੋਂਕਿ ਬ੍ਰਹਮਣ ਦਾ ਦਾਗ ਜਲ ਵਿਚ ਡਾਲ ਦੇਂਦੇ ਹੈ ਅਰ ਖਤ੍ਰੀ ਅਗਨ ਵਿਚ ਜਲਾਵਦੇ ਹਨ ਅਰ ਵਈਸ ਪਉਣ ਵਿਚ ਸੁਟ ਘਤਦੇ ਹਨ ਅਰ ਸੂਦਰ ਧਰਤੀ ਵਿਚ ਦਬਦੇ ਹੈਨ ਸੋ ਤੂੰ ਜੇਹੜਾ ਕਹੇ ਸੋਈ ਦਾਗ ਤੈਨੂੰ ਦਈਏ ਤਾਂ ਮਰਦਾਨੇ ਕਹਿਆ ਤੇਰੇ ਸਬਦ ਕਰਕੇ ਮੇਰੇ ਵਿਚੋਂ ਦੇਹ ਅਭਮਾਨ ਦੂਰ ਹੋਇ ਗਇਆ ਹੈ ਅਰ ਚਾਰੇ ਵਰਨ ਦੇਹ ਅਭਮਾਨ ਉਤੇ ਹਨ ਅਰ ਮੈਂ ਆਪ ਨੂੰ ਦੇਹ ਦਾ ਸਾਖੀ ਜਾਤਾ ਹੈ ਸੋ ਜਿਵੇਂ ਤੁਸਾਡੀ ਇਛਿਆ ਹੋਵੈ ਦਾਗ ਦੇਵੋ ਤਾਂ ਬਚਨ ਹੋਇਆ ਤੇਰੀ ਮੜੀ ਬਣਾ ਕੇ ਜਗਤ ਤੋਂ ਪੁਜਾਈਏ ਤਾਂ ਮਰਦਾਨੇ ਕਹਿਆ ਸਰੀਰ ਦੀ ਮੜੀ ਵਿਚੋਂ ਕਢਕੇ ਅਤੇ ਫੇਰ ਪਥਰਾਂ ਦੀ ਮੜੀ ਵਿਚ ਕੀ ਪਾਂਵਦੇ ਹੋ ਤਾਂ ਬਾਬੇ ਕਹਿਆ ਤੁਧ ਬ੍ਰਹਮ ਨੂੰ ਪਛਾਤਾ ਹੈ ਤੂੰ ਬ੍ਰਹਮਣ ਹੋਇਆ ਹੈਂ ਸੋ ਤੈਨੂੰ ਜਲ ਦਾ ਦਾਗ ਦੇਵਾਂਗੇ ਅਰ ਰਾਵੀ ਨਦੀ ਵਿਚ ਤੈਨੂੰ ਪਰਵਾਹ ਦੇਵਾਂਗੇ ॥ ਸੋ ਤੂੰ ਰਾਵੀ ਨਦੀ ਦੇ ਕੰਠੇ ਆਸਣ ਮਾਰਕੇ ਅਰ ਤ੍ਰਿਕੁਟੀ ਦਾ ਧਿਆਨ ਕਰਕੇ ਸੁਆਸ ਸੁਆਸ ਵਾਹਗੁਰੂ ਜਪ ਤਾਂ ਬ੍ਰਹਮ ਰੰਧ੍ਰ ਨੂੰ

ਫੋੜਕੇ ਤੇਰੇ ਪ੍ਰਾਨ ਗੰਧਰਬ ਲੋਕ ਨੂੰ ਜਾਇ ਪ੍ਰਾਪਤ ਹੋਣਗੇ ਤਾਂ ਐਸੇ ਹੀ ਰਾਵੀ ਤੇ ਮਰਦਾਨੇ ਆਸਣ ਜਾਇ ਮਾਰਿਆ ॥

ਮਰਦਾਨੇ ਸਰੀਰ ਤਿਆਗਿਆ

ਸੋ ਉਸਦੇ ਬ੍ਰਹਮਰੰਧ੍ਰ ਨੂੰ ਫੋੜਕੇ ਪਹਰ ਰਾਤ ਰਹਿੰਦੀ ਪ੍ਰਾਣ ਨਿਕਲ ਗਏ ਤਾਂ ਅੰਮ੍ਰਿਤ ਵੇਲੇ ਬਾਬਾ ਜੀ ਕੜਾਹ ਕਰਾਕੇ ਅਰ ਸਿਖਾਂ ਨਾਲ ਜਾਕੇ ਮਰਦਾਨੇ ਦਾ ਪ੍ਰਵਾਹ ਕੀਤਾ ਅਰ ਕੜਾਹ ਵਰਤਾ ਦਿਤਾ ਅਰ ਉਸਦੇ ਪੁਤ੍ਰਾਦਿਕ ਸਜਦੇ ਨੂੰ ਕਹਿਆ ਕਿ ਜੋ ਆਪਣੇ ਘਰ ਜਾਂਦੇ ਹਨ ਤਿਨਾਂ ਦਾ ਸੋਕ ਨਹੀਂ ਕਰੀਦਾ ਸੋ ਤੁਸਾਂ ਮਰਦਾਨੇ ਦਾ ਸੋਕ ਨਹੀਂ ਕਰਨਾ ਅਰ ਬਾਬਾ ਜੀ ਆਪਣੇ ਘਰ ਆਏ ਤਾਂ ਸਿਖਾਂ ਭਾਈ ਮਨੀ ਸਿੰਘ ਥੀ ਪੁਛਿਆ ਜੀ ਖੁਰਮੇ ਦੇਸ ਵਿਚ ਮਰਦਾਨੇ ਦੀ ਕਬਰ ਜਨਮ ਗੋਸਟ ਵਿਚ ਲਿਖੀ ਹੈ ਅਰ ਸਿਖ ਦੇਖ ਆਏ ਹੈਨ ਤਾਂ ਭਾਈ ਮਨੀ ਸਿੰਘ ਜੀ ਕਹਿਆ ਜੋ ਸਾਹਿਬਾਂ ਬਚਨ ਕੀਤਾ ਸੀ ਕਿ ਤੇਰੀ ਮੜੀ ਪੁਜਾਈਐ ਸੋ ਉਨਾਂ ਦੇ ਵਚਨਾਂ ਕਰ ਇਉਂ ਭੀ ਹੋਇਆ ਹੋਵੈਗਾ ਕਯੋਂਕਿ ਗੁਰਾਂ ਦੇ ਬਚਨ ਅਸਥਿਰ ਹੈਨ ਸੋ ਜਬ ਬਾਬਾ ਜੀ ਘਰ ਬੈਠੇ ਤਾਂ ਬਚਨ ਕੀਤਾ ਅੰਗਦਾ ਕਾਮਨਾ ਵਾਲੇ ਹਜਾਰਾਂ ਲੋਕਾਂ ਦੇ ਇਕਠੇ ਆਣ ਹੋਏ ਹਨ ਅਤੇ ਜਿਉਂ ਮਠਿਆਈ ਨੂੰ ਕੀੜੀਆਂ ਚਮੜਦੀਆਂ ਹੈਨ ਅਰ ਉਸਦਾ ਰਸ ਵਿਰਸ ਕਰ ਦੇਂਦੀਆਂ ਹਨ ਤੈਸੇ ਇਹ ਸਹਕਾਮੀ ਜੀਵ ਇਕਠੇ ਆਣ ਹੋਏ ਹਨ ਸੋ ਏਹ ਭਜਨ ਵਿਖੇ ਵਿਖੇਪ ਪਾਂਵਦੇ ਹਨ ਤਾਂਤੇ ਅਬ ਇਨਾਂ ਦੇ ਵਿਚੋਂ ਪਰੀਖੀਏ ਜੋ ਪ੍ਰੀਤਵਾਨ ਕਉਣ ਹੈ ਅਤੇ ਕਾਮਨਾ ਵਾਲਾ ਕਉਣ ਹੈ ਤਾਂ ਬਾਬਾ ਜੀ ਘਰ ਥੀਂ ਬਾਹਰ ਟੁਰੇ ਅਰ ਬਚਨ ਕੀਤਾ ਕਿ ਜਿਸਕਾ ਅਸਾਡੇ ਨਾਲ ਪਰੋਜਨ ਹੈ ਸੋ ਅਸਾਡੇ ਨਾਲ ਚਲੋ ਤਾਂ ਸਭ ਸਿਖ ਨਾਲ ਹੋਏ ਅਰ ਬਾਹਰ ਜਾ ਕੇ ਬਾਬਾ ਜੀ ਨੇ ਆਪਣੇ ਬਸਤਰ ਉਤਾਰੇ ਅਤੇ ਸਿਕਾਰੀ ਦਾ ਭੇਸ ਧਾਰ ਲੀਤਾ ਅਰ ਨਾਲ ਕੁਤੀਆਂ ਕੁਤੇ ਲੀਤੇ ਅਰ ਹਥ ਛੁਰਾ ਸਿਕਾਰ ਦੇ ਮਾਰਨ ਵਾਸਤੇ ਅਰ ਬਚਨ ਕੀਤਾ ਕਿ ਜਿਸ ਸਿਖ ਦਾ ਅਸਾਡੇ ਨਾਲ ਪਰੋਜਨ ਹੈ ਸੋ ਅਸਾਡੇ ਨਾਲ ਹੋਵੇ ਤਾਂ ਸਭ ਸਿਖ ਉਠ ਤੁਰੇ ਸੋ ਬਾਬਾ ਜੀ ਸਿਕਾਰ ਮਾਰਨ ਅਤੇ ਸਿਖ ਖਾਣ ਨਹੀਂ ਅਰ ਕੰਦ ਮੂਲ ਤੇ ਗੁਜਰਾਨ ਕਰਨ ॥

ਬਾਬਾ ਜੀ ਧਾਣਕ ਰੂਪ ਧਾਰਿਆ



ਅਤੇ ਫਿਰ ਇਜੇਹੀ ਪਰਬਤ ਦੀ ਕੰਦਰਾ ਵਿਚ ਜਾ ਪਏ ਜੋ ਜਿਥੇ ਵਸਤੀ ਕੋਈ ਨਦਰ ਆਵੇ ਨਹੀਂ ਸੋ ਕਈ ਸਿਖ ਭੁਖੇ ਮਰਦੇ ਉਠ ਆਏ ਅਰ ਥੋੜੇ ਰਹਿ ਗਏ ਤਾਂ ਬਾਬੇ ਕਹਿਆ ਵਸਤੀ ਵਿਚ ਜਾਇ ਕਰ ਕਣਕ ਇਕੇ ਜੋ ਲੈ ਆਵੋ ਜੋ ਬੀਜ ਬੀਜੀਏ ਤਾਂ ਸਿਖ ਕਣਕ ਜੌਂ ਲੈ ਆਏ ਅਰ ਹਲ ਵਾਹਣ ਤੇ ਬੀਜ ਬੀਜਣ ਸੋ ਸਾਰਾ ਦਿਨ ਹਲ ਵਾਹਣ ਅਰ ਜੋ ਕੁਛ ਕੰਦ ਮੂਲ ਹਥ ਲਗੇ ਸੋ ਖਾਵਣ ਤਾਂ ਕਈ ਸਿਖ ਹੋਰ ਉਠ ਗਏ ਅਰ ਜਬ ਅੰਨ ਪਕਾ ਅਤੇ ਖਰਵਾਰੇ ਕੀਤੇ ਤਾਂ ਬਚਨ ਹੋਇਆ ਅਗਨ ਲਾ ਦੇਵੋ ਤਾਂ ਫਿਰ ਥੋੜੇ ਜਿਹੇ ਰਹਿ ਗਏ ਅਰ ਬਾਬਾ ਜੀ ਖਰਵਾਰੇ ਸਾੜਕੇ ਫਿਰ ਅਗੇ ਟੁਰੇ ਸੋ ਜਿਤਨੇ ਸਿਖ ਪਿਛੇ ਆਂਵਦੇ ਸੀ ਅਗੇ ਇਕ ਮੁੜਦਾ ਪਇਆ ਹੋਇਆ ਸੀ ਤਾਂ ਬਚਨ ਹੋਇਆ ਭਾਈ ਇਸ ਮੁੜਦੇ ਨੂੰ ਖਾਵੋ ਤਾਂ ਸਭੇ ਹਟ ਖਲੋਤੇ ਅਰ ਲਹਣੇ ਆਪਣੀ ਚਾਦਰ ਮੁੜਦੇ ਦੇ ਉਪਰ ਪਾਇ ਦਿਤੀ ਅਤੇ ਲਹਿਣੇ ਕਹਿਆ ਜੀ ਕਹੋ ਤਾਂ ਸਿਰ ਵਲੋਂ ਖਾਵਾਂ ਅਤੇ ਕਹੋ ਤਾਂ ਪੈਰਾਂ ਵਲੋਂ ਖਾਵਾਂ ਤਾਂ ਬਚਨ ਹੋਇਆ ਅਧ ਵਿਚੋਂ ਖਾਵੋ ਤਾਂ ਲਹਣੇ ਹਥ ਜੋੜ ਕੇ ਅਰਦਾਸ ਕੀਤੀ ਅਰ ਅਰਦਾਸ ਕਰਕੇ ਫਿਰ ਮਥਾ ਟੇਕਿਆ ਸੋ ਜਾਂ ਚਾਦਰ ਉਠਾ ਕਰ ਵੇਖੇ ਤਾਂ ਕੜਾਹ ਦਾ ਥਾਲ ਭਰਿਆ ਹੋਇਆ ਹੈ ਸੋ ਜੇਹੜੇ ਸਿਖ ਹਟ ਖਲੋਤੇ ਸੇ ਸਭਨਾਂ ਨੂੰ ਸਦਿਆ ਅਰ ਬਾਲਾ ਪਲਾਸ ਦੇ ਪੁਤ੍ਰ ਲਿਆਇਆ ਤਾਂ ਪਹਿਲਾਂ ਪਤ੍ਰ ਵਿਚ ਪਾਇ ਕਰ ਬਾਬੇ ਦੇ ਅਗੇ ਰਖਿਆ ਫੇਰ ਸਭਨਾਂ ਨੂੰ ਪਤ੍ਰ ਤੇ ਪਾਕਰ ਵਰਤਾਇਆ ਤਾਂ ਬਚਨ ਹੋਇਆ ਪੁਰਖਾ ਜੋ

ਮਾਇਆ ਆਪਣੀ ਜਾਣਕੇ ਘੁਟ ਰਖੀਦੀ ਹੈ ਸੋ ਮੁੜਦੇ ਕੇ ਸਮਾਨ ਹੈ ਅਰ ਜੋ ਵਾਹਗੁਰੂ ਦੀ ਜਾਣਕੇ ਵੰਡ ਖਾਂਦੇ ਹੈਨ ਸੋ ਕੜਾਹ ਦੇ ਸਮਾਨ ਹੈ ਤਾਂ ਲਹਣੇ ਨੂੰ ਬਾਬੇ ਅੰਗ ਨਾਲ ਲਾਇਆ ਅਰ ਸਿਰ ਤੇ ਹਥ ਫੇਰਿਆ ਜੋ ਤੂੰ ਮੇਰਯਾ ਅੰਗਾਂ ਥੀ ਉਤਪਤਿ ਹੋਇਆ ਹੈਂ ਤਾਂਤੇ ਤੇਰਾ ਨਾਉਂ ਅੰਗਦ ਕਰਯਾ ਹੈ ਤਾਂ ਸ੍ਰੀ ਰਾਗ ਵਿਚ ਸਬਦ ਹੋਇਆ॥

ਸ੍ਰੀ ਰਾਗੁ ਮਹਲਾ ੧ ॥ ਏਕੁ ਸੁਆਨੁ ਦੁਇ ਸੁਆਨੀ ਨਾਲਿ ॥ ਭਲਕੇ ਭਉਕਹਿ ਸਦਾ ਬਇਆਲਿ ॥ ਕੂੜੁ ਛੁਰਾ ਮੁਠਾ ਮੁਰਦਾਰੁ ॥ ਧਾਣਕ ਰੂਪਿ ਰਹਾ ਕਰਤਾਰ ॥ ੧ ॥ ਮੈ ਪਤਿ ਕੀ ਪੰਦਿ ਨ ਕਰਣੀ ਕੀ ਕਾਰ ॥ ਹਉ ਬਿਗੜੈ ਰੂਪਿ ਰਹਾ ਬਿਕਰਾਲ ॥ ਤੇਰਾ ਏਕ ਨਾਮੁ ਤਾਰੇ ਸੰਸਾਰੁ ॥ ਮੈ ਏਹਾ ਆਸ ਏਹੋ ਆਧਾਰੁ ॥ ੧ ॥ ਰਹਾਉ ॥ ਮੁਖਿ ਨਿੰਦਾ ਆਖਾ ਦਿਨੁ ਰਾਤਿ ॥ ਪਰ ਘਰੁ ਜੋਹੀ ਨੀਚ ਸਨਾਤਿ ॥ ਕਾਮੁ ਕ੍ਰੋਧੁ ਤਨਿ ਵਸਹਿ ਚੰਡਾਲ ॥ ਧਾਣਕ ਰੂਪਿ ਰਹਾ ਕਰਤਾਰ ॥ ੨ ॥ ਫਾਹੀ ਸੁਰਤਿ ਮਲੂਕੀ ਵੇਸੁ ॥ ਹਉ ਠਗਵਾੜਾ ਠਗੀ ਦੇਸੁ ॥ ਖਰਾ ਸਿਆਣਾ ਬਹੁਤਾ ਭਾਰੁ ॥ ਧਾਣਕ ਰੂਪਿ ਰਹਾ ਕਰਤਾਰ ॥ ੩ ॥ ਮੈ ਕੀਤਾ ਨ ਜਾਤਾ ਹਰਾਮਖੋਰ ॥ ਹਉ ਕਿਆ ਮੁਹੁ ਦੇਸਾ ਦੁਸਟੁ ਚੋਰ ॥ ਨਾਨਕੁ ਨੀਚੁ ਕਹੈ ਬੀਚਾਰੁ ॥ ਧਾਣਕ ਰੂਪਿ ਰਹਾ ਕਰਤਾਰ ॥ ੪ ॥ ੧ ॥

ਤਿਸਕਾ ਬੀਚਾਰ:--ਬਾਬਾ ਬੋਲਿਆ ਮਨ ਮੇਰਾ ਕੂਕਰ ਦੀ ਨਿਆਈ ਹੈ ਅਰ ਆਸਾ ਤੇ ਮਨਸਾ ਦੋ ਨਾਲ ਕੁਤੀਆਂ ਹਨ ਸੋ ਸਰੀਰ ਵਿਚ ਹੈਨ ਅਤੇ ਜਿਸ ਤਰਾਂ ਅੰਧਾ ਕੁਤਾ ਵਾਇ ਨੂੰ ਭਉਂਕਦਾ ਤੈਸੇ ਇਹ ਝਲਾਂਘੇ ਉਠ ਕੇ ਤ੍ਰਿਸਨਾ ਅਤੇ ਖੁਧਿਆ ਨੂੰ ਭਉਂਕਦੇ ਹਨ ਅਰ ਕੂੜ ਮੇਰੇ ਹਥ ਛੁਰਾ ਹੈ ਅਰ ਪਾਪ ਕਰਕੇ ਲੈ ਖਾਣਾ ਏਹ ਮੁਰਦਾਰ ਹੈ ਅਰ ਮੈਂ ਸਿਕਾਰੀ ਦੇ ਰੂਪ ਰਹਿੰਨਾ ਹਾਂ ਜੈਸੇ ਸਿਕਾਰੀਆਂ ਦੇ ਘਰ ਹਡ ਚੰਮ ਮਾਸ ਹੋਂਦਾ ਹੈ ਸੋਈ ਮੇਰੇ ਸਰੀਰ ਵਿਚ ਹੈ ਅਰ ਮੈਂ ਗੁਰਾਂ ਦੇ ਉਪਦੇਸ ਦੀ ਪਤਿ ਭੀ ਨਹੀਂ ਲੀਤੀ ਅਰ ਜੇਹੜੀਆਂ ਕਰਨੀਆਂ ਸਤਿਗੁਰਾਂ ਕਹੀਆਂ ਹੈ ਸੋ ਭੀ ਮੈ ਨਹੀਂ ਕੀਤੀਆਂ ਅਰ ਤਿਨਾਂ ਕਰਣੀਆਂ ਦੀ ਮੈਨੂੰ ਸੋਝੀ ਭੀ ਨਹੀਂ ਅਰ ਮੈਂ ਅਪਵਿਤ੍ਰ ਬਿਕਰਾਲ ਰੂਪ ਰਹਿੰਨਾਂ ਹਾਂ ਅਰ ਜੈਸੇ ਜਹਾਜ ਸਮੁੰਦਰ ਸੇ ਤਾਰਦਾ ਹੈ ਤੈਸੇ ਤੇਰਾ ਨਾਮ ਸੰਸਾਰ ਭਉਜਲ ਤੇ ਤਾਰਦਾ ਹੈ ਸੋ ਤੇਰੇ ਨਾਮ ਹੀ ਦਾ ਮੈਨੂੰ ਆਸਰਾ ਹੈ ਅਰ ਤੇਰੇ ਨਾਮ ਹੀ ਦਾ ਭਰੋਸਾ ਹੈ ਅਰ ਮੁਖ ਕਰਕੇ ਦਿਨ ਰਾਤ ਲੋਕਾਂ ਦੀ ਨਿੰਦਿਆ ਕਰਦਾ ਹਾਂ ਅਰ ਪਰਾਏ ਘਰ ਤੇ ਇਸਤ੍ਰੀਆਂ ਨੂੰ ਮੇਰਾ ਮਨ ਜੋ ਨੀਚ ਹੈ ਸੋ ਲੋਚਦਾ ਹੈ ਅਰ ਕਾਮ

ਕ੍ਰੋਧਾਦਿਕ ਮੇਰੇ ਸਰੀਰ ਵਿਚ ਵਸਦੇ ਹਨ ਅਰ ਮੈਂ ਸਿਕਾਰੀ ਦੇ ਰੂਪ ਰਹਿੰਨਾਂ ਹਾਂ ਅਰ ਸੁਰਤ ਮੇਰੀ ਲੋਕਾਂ ਦੇ ਫਹਾਵਣ ਵਾਸਤੇ ਜੋ ਸਾਧਾਂ ਦਾ ਭੇਖ ਧਾਰਿਆ ਹੈ ਅਰ ਮੈਂ ਠਗ ਹਾਂ ਠਗੀ ਮੇਰਾ ਦੇਸ ਹੈ ਅਰ ਜਿਤਨੀਆਂ ਸਿਆਣਪਾਂ ਪੜ ਸੁਣ ਕੇ ਕਰਦਾ ਹਾਂ ਤਿਤਨਾ ਮੇਰੇ ਸਿਰ ਭਾਰ ਹੈ ਅਰ ਤੇਰੇ ਕੇਹੜੇ ਕੇਹੜੇ ਗੁਣ ਜਾਣਾ ਤੂੰ ਵਡੇ ਵਡੇ ਗੁਣ ਕੀਤੇ ਹਨ ਮੈਂ ਹਰਾਮਖੋਰ ਹਾਂ ਮਹਾਂ ਦੁਸਟ ਹਾਂ ਤੇ ਚੋਰ ਹਾਂ ਵਾਹਗੁਰੂ ਦੇ ਗੁਣ ਛਪਾਏ ਫਿਰਨਾਂ ਗੁਰੂ ਨਾਨਕ ਜੀ ਕਹਿੰਦੇ ਹੈਨ ਕਿ ਮੈਂ ਸਭਨਾਂ ਥੀ ਨੀਚ ਹਾਂ ਅਰ ਸਿਕਾਰੀਆਂ ਦੇ ਰੂਪ ਵਿਚ ਜਗਤ ਵਿਚ ਰਹਿੰਦਾ ਹਾਂ ਏਹ ਮੇਰੇ ਮਨ ਦਾ ਵਿਚਾਰ ਹੈ ਸੋ ਜਾਂ ਏਹ ਬਚਨ ਬਾਬੇ ਕਹਿਆ ਤਾਂ ਸਭਨਾਂ ਸਿਖਾਂ ਮਥਾ ਟੇਕਿਆ ਤੇ ਕਹਿਆ ਜੀ ਇਹ ਲਛਣ ਅਸਾਡੇ ਵਿਚ ਪਾਏ ਜਾਂਦੇ ਹਨ ਸੋ ਤੁਸਾਂ ਕਿਰਪਾ ਕਰਕੇ ਅਸਾਨੂੰ ਆਪਣਾ ਰੂਪ ਹੀ ਕਰ ਦਿਖਾਇਆ ਹੈ ਕਯੋਂਕਿ ਅਸੀਂ ਆਪ ਨੂੰ ਦੇਹ ਅਭਮਾਨੀ ਜੀਵ ਚੰਡਾਲ ਦੀ ਨਿਆਂਈ ਜਾਣਦੇ ਹਾਂ ਜੋ ਆਪਣੀ ਦੇਹ ਦੇ ਪਾਲਨਾ ਵਿਚ ਪਰਚੇ ਹੋਏ ਹਾਂ ਸੋ ਦੇਹ ਵਿਚ ਹਡ ਚਮ ਮਾਸ ਵਿਸਟਾ ਹੈ ਪਰ ਜੇ ਤੁਸਾਡੀ ਕਿਰਪਾ ਹੋਵੈ ਤਾਂ ਅਸਾਨੂੰ ਆਪਣੇ ਸਰੂਪ ਦੀ ਸੋਝੀ ਪਵੈ ॥ ਜੋ ਜਿਸਦੀ ਸਤਿਆ ਕਰ ਏਹ ਸਰੀਰ ਪਵਿਤਰ ਹੋਇਆ ਹੈ ਤਾਂ ਬਾਬੇ ਕਹਿਆ ਜੋ ਈਸਰ ਦਾ ਨਾਮ ਜਪੈ ਤਾਂ ਇਸਦੇ ਮਨ ਦੀ ਹਉਮੈਂ ਦੀ ਮੈਲ ਨਿਵਰਤ ਹੋਵੈ ॥

ਬਾਬਾ ਜੀ ਅੰਗਦ ਕੋ ਉਪਦੇਸ ਕੀਤਾ

ਅਤੇ ਚਤਰ ਸਲੋਕੀ ਉਚਰੀ

ਪਰ ਨਾਮ ਦੇ ਜਪਣ ਦੇ ਦੁਇ ਪ੍ਰਕਾਰ ਦੇ ਅਧਕਾਰੀ ਹੈਨ ਜੋ ਇਕ ਭਗਤਿ ਜੋਗ ਕਰ ਜਪਦੇ ਹਨ ਅਤੇ ਇਕ ਹਠ ਜੋਗ ਕਰ ਜਪਦੇ ਹਨ ਸੋ ਜੋ ਉਤਮ ਅਧਕਾਰੀ ਹੈਂ ਅਤੇ ਜਿਨਾਂ ਦਾ ਮਨ ਕੋਮਲ ਹੈ ਸੋ ਪਰਮੇਸਰ ਦੇ ਭਜਨ ਵਲ ਮਨ ਤਿਨਾਂ ਦਾ ਇਕਾਗਰ ਹੋ ਜਾਂਦਾ ਹੈ ॥ ਅਤੇ ਜਿਨਾਂ ਦੇ ਮਨ ਦੇ ਸੰਕਲਪ ਠਹਰਦੇ ਨਹੀਂ ਉਨਾਂ ਨੂੰ ਹਠ ਜੋਗ ਭੀ ਕੀਤਾ ਚਾਹੀਦਾ ਹੈ ਜੈਸੇ ਘੋੜਾ ਛੁਟ ਜਾਂਦਾ ਹੈ ਤਾਂ ਛੋਬਰਾ ਜਾਂ ਹਰੇ ਪੱਠੇ ਦਿਖਾਇ ਕਰ ਵਸ ਹੋਂਦਾ ਹੈ ਤੇ ਉਸਨੂੰ ਪਕੜ ਕੇ ਅਸਵਾਰ ਹੋਂਦਾ ਹੈ ਅਰ ਜੇ ਵਸ ਨਹੀਂ ਹੋਂਦਾ ਤਾਂ ਰਸਤੇ ਚੌਫੇਰੇ ਘੇਰਕੇ ਭੀ ਉਸਨੂੰ ਪਕੜੀਦਾ ਹੈ ਤੈਸੇ ਮਨ ਜੇ ਭਗਤ ਜੋਗ ਕਰ ਵਸ ਆਵੇ ਤੌ ਭਲਾ ਹੈ ਨਹੀਂ ਤਾਂ ਜੋਗ ਕਰ ਭੀ ਪਕੜਿਆ ਲੋੜੀਦਾ ਹੈ ਤਾਂ ਅੰਗਦ ਕਹਿਆ ਕਿ ਭਗਤ ਜੋਗ ਤੇ ਹਠ ਜੋਗ ਦੋਨੋਂ ਕਹੋ ਅਤੇ ਅਸੀਂ ਜਿਸ ਅਧਕਾਰ ਦੇ ਹਾਂ ਸੋ ਭੀ ਕਿਰਪਾ ਕਰ ਕਹੀਏ ਤਾਂ ਬਾਬੇ ਕਹਿਆ ਤੁਸੀਂ ਭਗਤਿ ਜੋਗ

ਦੇ ਅਧਕਾਰੀ ਹੋ ਅਰ ਅਠ ਅੰਗ ਹਠ ਜੋਗ ਦੇ ਹਨ ਜੋ ਯਮ, ਨੇਮ, ਆਸਨ, ਇਕਾਂਤ ਦੇਸ, ਪ੍ਰਾਣਾਯਾਮ, ਧਾਰਨਾ, ਧਿਆਨ, ਸਮਾਧ ਏਹ ਅਠ ਅੰਗ ਜੋਗ ਦੇ ਹਨ ਅਰ ਜੋ ਜੋਗ ਕਰਕੈ ਆਪਣਿਆਂ ਪ੍ਰਾਣਾ ਦੀ ਸੁਚੇਤਗੀ ਰਖਦੇ ਹਨ ਅਤੇ ਪ੍ਰਾਣਾ ਦੇ ਆਂਵਦਿਆਂ ਜਾਂਦਿਆਂ ਸੋਹੰਦਾ ਜਾਪ ਜਪਦੇ ਹਨ ਉਨਾਂ ਦਾ ਮਨ ਨੀਵਾਂ ਹੁੰਦਾ ਹੈ ਤੇ ਨਿਰਮਲ ਹੋਂਦਾ ਹੈ ਸੋ ਜਿਸ ਸਮੇਂ ਤ੍ਰਿਕੁਟੀ ਦਾ ਧਿਆਨ ਹੋਵੈ ਤਿਸ ਸਮੇਂ ਅੰਤਰ ਜਾਪ ਕਰਨਾ ਜਿਸ ਸਮੇਂ ਸਮਾਧ ਖੁਲੇ ਬਾਹਰ ਜਾਪ ਜਪਣਾ ਏਹ ਸਹਜ ਜੋਗ ਹੈ ॥ ਤੇ ਭਗਤਿ ਜੋਗ ਭੀ ਏਹੋ ਹੈ ਜੋ ਮਨ ਆਪਣਾ ਸਬਦ ਨਾਲ ਕਥਾ ਨਾਲ ਪਰਚਾਵਣਾ ਅਰ ਜਿਸ ਸਮੇ ਨਿਆਰਾ ਹੋਵਣਾ ਤਾਂ ਸਾਸਾਂ ਦੀ ਸੋਝੀ ਕਰਨੀ ਅਰ ਸਾਸ ਸਾਸ ਵਾਹਗੁਰੂ ਦਾ ਭਜਨ ਕਰਨਾ ਸੋ ਮਨ ਦੇ ਸੁਧ ਕਰਨ ਦਾ ਏਹੋ ਉਪਾਉ ਹੈ ਜੋ ਸਾਧ ਸੰਗਤ ਕਰਨੀ ਤੇ ਸਭਸ ਵਿਚ ਕਰਤਾਰ ਸਮਾਇਆ ਜਾਨਣਾ ਤੇ ਰਾਗ ਦ੍ਵੈਖ ਤਿਆਗਣਾ ਇਸੇ ਕਰ ਮਨ ਠਹਰਦਾ ਹੈ ਏਹ ਪ੍ਰਾਣਾਂ ਦਾ ਅੰਸ ਪਦ ਜੋ ਹੈ ਇਸਦੀ ਸੋਝੀ ਰਖਿਆਂ ਪਰਮੇਸਰ ਦੀ ਪ੍ਰਾਪਤਿ ਹੋਂਦੀ ਹੈ ਤੇ ਨਾਮ ਤੇ ਨਾਮੀ ਵਿਚ ਭੇਦ ਨਾ ਜਾਣਨਾ ਤੇ ਦੇਹ ਨੂੰ ਨਾਸਵੰਤ ਜਾਣਨਾ ਅਰ ਨਾਮ ਦਾ ਵਿਸਾਹ ਨ ਕਰਨਾ ਸੋ ਜੇ ਸਾਸ ਨਾਮ ਨਾਲ ਰਲੇ ਹੋਏ ਬਾਹਰ ਨਿਕਲਨਗੇ ਤਾਂ ਨਾਮ ਜੀਵ ਨੂੰ ਪਰਮੇਸਰ ਨੂੰ ਜਾ ਪਹੁੰਚਾਏਗਾ ਤਾਂ ਲਹਿਣੇ ਕਹਿਆ ਤੁਸੀਂ ਈਸਰ ਰੂਪ ਧਾਰ ਕੈ ਚਤੁਰ ਸਲੋਕੀ ਸ੍ਰੀ ਭਾਗਵਤ ਦਾ ਬ੍ਰਹਮੇ ਨੂੰ ਉਪਦੇਸ ਕੀਤਾ ਹੈ ਜਿਸ ਕਰ ਓਹ ਜਗਤ ਨੂੰ ਘੜਦਾ ਭੀ ਹੈ ਤੇ ਗਿਆਨ ਭੀ ਉਸਦਾ ਸਦਾ ਦ੍ਰਿੜ ਰਹਦਾ ਹੈ ਅਰ ਮੋਹ ਨਹੀਂ ਪ੍ਰਾਪਤ ਹੋਂਦਾ ਤੇ ਹੁਣ ਭੀ ਤੁਸਾਂ ਗੁਰੂ ਰੂਪ ਧਾਰਿਆ ਹੈ ਸੋ ਸਾਨੂੰ ਭੀ ਚਤਰ ਸਲੋਕੀ ਸਬਦ ਵਿਚ ਉਪਦੇਸ ਕਰੋ ਜਿਸਦੇ ਅਭਿਆਸ ਕਰਨ ਤੇ ਅਸਾਨੂੰ ਦ੍ਰਿੜ ਗਿਆਨ ਹੋਵੈ ਅਤੇ ਮੋਹ ਨਾ ਪ੍ਰਾਪਤ ਹੋਵੈ ॥ ਤਾਂ ਬਾਬੇ ਚਤੁਰ ਸਲੋਕੀ ਕਹਾ :--

ਸਲੋਕ ਸਹਸਕ੍ਰਿਤੀ ਮਹਲਾ ੧ ॥

ਪੜ੍ਹਿ ਪੁਸ੍ਤਕ ਸੰਧਿਆ ਬਾਦੰ ॥ ਸਿਲ ਪੂਜਸਿ ਬਗੁਲ ਸਮਾਧੰ ॥ ਮੁਖਿ ਝੂਠੁ ਬਿਭੂਖਨ ਸਾਰੰ ॥ ਤ੍ਰੈਪਾਲ ਤਿਹਾਲ ਬਿਚਾਰੰ ॥ ਗਲਿ ਮਾਲਾ ਤਿਲਕ ਲਿਲਾਟੰ ॥ ਦੁਇ ਧੋਤੀ ਬਸਤ੍ਰ ਕਪਾਟੰ ॥ ਜੋ ਜਾਨਸਿ ਬ੍ਰਹਮੰ ਕਰਮੰ ॥ ਸਭ ਫੋਕਟ ਨਿਸਚੈ ਕਰਮੰ ॥ ਕਹੁ ਨਾਨਕ ਨਿਸਚੌ ਧਿ੍ਾਵੈ ॥ ਬਿਨੁ ਸਤਿਗੁਰ ਬਾਟ ਨ ਪਾਵੈ ॥ ੧ ॥ ਨਿਹਫਲੰ ਤਸ੍ਯ ਜਨਮਸ੍ਯ ਜਾਵਦ ਬ੍ਰਹਮ ਨ ਬਿੰਦਤੇ ॥ ਸਾਗਰੰ ਸੰਸਾਰਸ੍ਯ ਗੁਰ ਪਰਸਾਦੀ ਤਰਹਿ ਕੇ॥ ਕਰਣ ਕਾਰਣ ਸਮਰਥੁ ਹੈ ਕਹੁ ਨਾਨਕ ਬੀਚਾਰਿ ॥ ਕਾਰਣੁ ਕਰਤੇ ਵਸਿ ਹੈ ਜਿਨਿ ਕਲ ਰਖੀ ਧਾਰਿ ॥ ੨ ॥ ਜੋਗ

ਸਬਦੰ ਗਿਆਨ ਸਬਦੰ ਬੇਦ ਸਬਦੰ ਤ ਬ੍ਰਾਹਮਣਹ ॥ ਖ੍ਹਤ੍ਰੀ ਸਬਦੰ ਸੂਰ
ਸਬਦੰ ਸੂਦ੍ਰ ਸਬਦੰ ਪਰਾ ਕ੍ਰਿਤਹ ॥ ਸਰਬ ਸਬਦੰ ਤ ਏਕ ਸਬਦੰ ਜੇ ਕੋ
ਜਾਨਸਿ ਭੇਉ ॥ ਨਾਨਕ ਤਾ ਕੋ ਦਾਸੁ ਹੈ ਸੋਈ ਨਿਰੰਜਨ ਦੇਉ ॥ ੩ ॥
ਏਕ ਕ੍ਰਿਸ੍ਨੰ ਤ ਸਰਬ ਦੇਵਾ ਦੇਵ ਦੇਵਾ ਤ ਆਤਮਹ ॥ ਆਤਮੰ ਸ੍ਰੀ ਬਾਸ੍ਵਦੇਵਸ੍ਯ
ਜੇ ਕੋਈ ਜਾਨਸਿ ਭੇਵ ॥ ਨਾਨਕ ਤਾ ਕੋ ਦਾਸੁ ਹੈ ਸੋਈ ਨਿਰੰਜਨ ਦੇਵ ॥੪॥

ਤਿਸਦਾ ਬੀਚਾਰ :--ਗੁਰੂ ਨਾਨਕ ਜੀ ਕਹਿੰਦੇ ਹਨ ਜਉਲਗ ਬ੍ਰਹਮ ਨੂੰ ਨਾ ਪਛਾਣੇ ਹੋਰ ਜਿਤਨੇ ਕਰਮ ਹੈਂ ਸਾਸਤ੍ਰੀ ਜੇ ਉਨਾਂ ਦੇ ਵਿਚ ਅਭਮਾਨ ਹੋਂਦਾ ਹੈ ਤਾਂ ਸਭੇ ਅਸਾਸਤ੍ਰੀ ਹੋ ਜਾਂਦੇ ਹਨ ਇਕ ਕਰਮ ਹੈ ਇਕ ਵਿਕਰਮ ਹੈ ਇਕ ਅਕਰਮ ਹੈ ਕਰਮ ਕਉਣ ਜੋ ਸਾਸਤ੍ਰੀ ਕਰਮ ਕਰਨੇ ਅਰ ਮੰਨ ਵਿਚ ਹੰਕਾਰ ਕਰਨਾ ਅਰ ਵਿਕਰਮ ਕਉਣ ਹੈਂ ਕਿ ਜੋ ਸਾਸਤ੍ਰ ਵਿਚ ਕਰਮ ਵਰਜੇ ਹਨ ਸੋ ਕਰਨੇ ਅਰ ਜੇ ਐਸੀ ਸਾਸਤ੍ਰੀ ਕਰਮ ਕਰਨੇ ਤਾਂ ਭੀ ਮਨ ਵਿਚ ਹੰਕਾਰ ਕਰਨਾ ਅਰ ਅਕਰਮ ਓਹ ਹੈਂ ਕਿ ਜੋ ਮੋਨ ਧਾਰ ਕੇ ਬੈਠ ਰਹਿਣਾ ਅਰ ਇੰਦ੍ਰੀਆਂ ਨਾਲ ਕਰਮ ਕੋਈ ਨਾ ਕਰਨਾ ਅਤੇ ਮਨ ਵਿਚ ਨਾਨਾ ਪ੍ਰਕਾਰਾਂ ਦੇ ਸੰਕਲਪ ਫੁਰਨੇ ਪਰ ਜਬ ਬ੍ਰਹਮ ਨੂੰ ਜਾਣੀਦਾ ਹੈ ਤਾਂ ਹੰਕਾਰ ਨਿਵਰਤ ਹੋਂਦਾ ਹੈ ਅਰ ਜੇ ਪੁਸਤਕ ਵੀ ਪੜ੍ਹੇ ਅਰ ਤ੍ਰੈ ਕਾਲ ਸੰਧਿਆ ਭੀ ਕਰੇ ਤੇ ਲੋਕਾਂ ਨਾਲ ਵਾਦ ਕਰਨਾ ਤੇ ਦੁਆਦਸ ਸਿਲਾ ਪੂਜਣੀਆਂ ਅਰ ਬਗਲੇ ਦੀ ਨਿਆਨੀਂ ਸਮਾਧ ਲਗਾਵਣੀ ਅਰ ਮਨ ਵਿਚ ਮਾਇਆ ਦੀ ਆਸ ਹੋਵੇ ਅਰ ਸੁਖ ਵਿਚ ਝੂਠ ਤੇ ਨਿੰਦਿਆ ਭੇਖ ਪੰਡਤਾਂ ਦਾ ਤੇ ਸਾਧਾਂ ਦਾ ਕਰਨਾ ਤੇ ਤੀਨ ਪਦੀ ਜੋ ਗਾਇਤ੍ਰੀ ਹੈ ਸੋ ਤੀਨੋ ਸੰਧਿਆ ਮੈ ਵਿਚਾਰਨੀ ਅਰ ਗਲ ਵਿਚ ਮਾਲਾ ਪਾਵਣੀਆਂ ਅਰ ਤਿਲਕ ਲਾਵਣੇ ਅਰ ਦੂਹਰੀਆਂ ਧੋਤੀਆਂ ਰਖੀਆਂ ਅਰ ਸਿਰ ਦੇ ਉਪਰ ਪਰ ਨਾ ਰਖਣਾ ਪਰ ਜਿਸ ਬ੍ਰਹਮ ਨੂੰ ਅਕਰਮ ਜਾਤਾ ਹੈ ਅਰ ਜੋ ਤੀਨੋ ਕਰਮੋ ਤੇ ਨਿਆਰਾ ਹੈ ਸੋ ਕਰਮ ਕਰਦੇ ਭੀ ਕਰਮਾਂ ਦਾ ਅਭਮਾਨ ਨਹੀਂ ਕਰਦੇ ਅਰ ਕਰਮ ਸਰੀਰ ਦਾ ਧਰਮ ਸੋ ਫੋਕਟ ਜਾਣਦੇ ਹਨ ਅਰ ਸਾਸਤ੍ਰੀ ਕਰਮ ਕਰ ਆਪਣਾ ਰਿਦਾ ਸੁਧ ਕਰਦੇ ਹਨ ਗੁਰੂ ਨਾਨਕ ਜੀ ਕਹਿੰਦੇ ਹਨ ਕਿ ਜੋ ਪਰਮੇਸਰ ਦਾ ਨਾਮ ਜਪਦੇ ਹਨ ਸੋ ਨਾਮ ਹੀ ਨਿਸਚਾ ਕੀਤਾ ਹੋਇਆ ਜਹਾਜ ਦੀ ਨਿਆਈ ਕਲਜੁਗ ਵਿਚ ਭਉ ਜਲ ਤਾਰਦਾ ਹੈ ਤਾਂ ਗੁਰੂ ਅੰਗਦ ਜੀ ਪ੍ਰਸਨ ਕੀਤਾ ਕਿ ਗਿਆਨ ਰੂਪ ਕਿਆ ਹੈ ਜੋ ਜਿਸਦੇ ਜਾਤਿਆਂ ਸਭ ਕਰਮ ਫੋਕਟ ਹੋਂਦੇ ਹੈਨ ਤਾਂ ਬਾਬੇ ਕਹਾ ਗਿਆਨ ਜੋ ਹੈ ਸੋ ਅਧਿਕਾਰੀ ਥੀ ਬਿਨਾਂ ਮਹਾਂ ਪੁਰਖਾਂ ਨੇ ਗੁਹਜ ਰਖਿਆ ਹੈ ਅਤੇ ਅਧਕਾਰੀ ਦੇ ਅਗੇ ਪ੍ਰਗਟ ਕਰੀਦਾ ਹੈ ਅਰ ਉਸਦੇ ਜਾਤਿਆਂ ਜੋ ਕਰਮ ਸਾਸਤ੍ਰੀ ਹੈਂ ਸੋ ਰਹਸ


ਹੋਂਦੇ ਹਨ ਤੇ ਨਾਮ ਜੋਗ ਤਿਸਦੇ ਅੰਗ ਹੈਨ ਸੋ ਗਿਆਨ ਤੂੰ ਸਮਝੇਂਗਾ ਤਾਂ ਮੋਹ ਨੂੰ ਨਾ ਪ੍ਰਾਪਤ ਹੋਵੇਂਗਾ ਅਰ ਮੈਂ ਹੀ ਜਗਤ ਦੇ ਆਦ ਹਾਂ ਅਰ ਮੈਂ ਹੀ ਜਗਤ ਦੇ ਮਧ ਹਾਂ ਅਰ ਮੈਂ ਹੀ ਜਗਤ ਦੇ ਅੰਤ ਹਾਂ ਜੈਸੇ ਮਹਾਂ ਭੂਤ ਸਭਨਾਂ ਕਾਰਜਾਂ ਦੇ ਵਿਚ ਪ੍ਰਤਖ ਹੈਨ ਤੇ ਕਾਰਜ ਦੇ ਉਪਜਣੇ ਕਰ ਉਪਜਦੇ ਨਹੀਂ ਤੇ ਕਾਰਜ ਦੇ ਬਿਨਸਨ ਕਰ ਬਿਨਸਦੇ ਨਹੀਂ ਅਰ ਜੈਸੇ ਅਕਾਸ ਘਟ ਮਟ ਦੇ ਉਪਜਣ ਬਿਨਸਣ ਤੇ ਨਿਆਰਾ ਹੈ ਤੇ ਜਲ ਤਰੰਗਾਂ ਤੇ ਬੁਦ ਬੁਦਿਆਂ ਦੇ ਉਪਜਣ ਤੇ ਬਿਨਸਣ ਤੇ ਨਿਆਰਾ ਹੈ ਤੇ ਪਉਣ ਵਿਰੋਲਿਆਂ ਦੇ ਉਪਜਣ ਬਿਨਸਣ ਤੇ ਬਿਨਸ ਦੀ ਨਹੀਂ ਤੇ ਪ੍ਰਿਥਵੀ ਘਟਾਂ ਇਟਾਂ ਦੇ ਉਪਜਣ ਬਿਨਸਣ ਤੇ ਬਿਨਸਦੀ ਨਹੀਂ ਅਰ ਜੈਸੇ ਅਗਨਿ ਦੀਪਕਾਂ ਤੇ ਮਸਾਲਾਂ ਦੇ ਉਪਜਣ ਬਿਨਸਣ ਤੇ ਬਿਨਸ ਦੀ ਨਹੀਂ ਤੈਸੇ ਮੈਂ ਜਗਤ ਦੇ ਉਪਜਣ ਥੀ ਤੇ ਬਿਨਸਣ ਥੀ ਨਿਆਰਾ ਹੋਂ ਸੋ ਜੇ ਤੂੰ ਏਹ ਗਿਆਨ ਸਮਝੇਂਗਾ ਤਾਂ ਸਭੇ ਕਰਮ ਕਰਦਿਆਂ ਭੀ ਤੂੰ ਮੋਹ ਨੂੰ ਨ ਪ੍ਰਾਪਤਿ ਹੋਵੇਂਗਾ ॥ ੧ ॥ ਨਿਹਫਲ ਤਿਨਾਂ ਦਾ ਜਨਮ ਹੈ ਜੋ ਮਨੁਖਾ ਜਨਮ ਪਾਇ ਕਰ ਬ੍ਰਹਮ ਨੂੰ ਨਹੀਂ ਪਛਾਣਦੇ ਅਰ ਏਹ ਅਗਿਆਨ ਦਾ ਭਉਜਲ ਸੰਸਾਰ ਹੈ ਅਤੇ ਇਸਦਾ ਜਹਾਜ ਤਾਰਨ ਵਾਲੇ ਗੁਰੂ ਹੈਨ ਅਰ ਗੁਰਾਂ ਦੇ ਵਚਨ ਚਪੇ ਹੈਨ ਅਤੇ ਨਾਮ ਜਹਾਜ ਵਿਚ ਧੁਜਾ ਹੈ ਤੇ ਈਸਰ ਦੀ ਕਿਰਪਾ ਅਨਕੂਲ ਪਵਨ ਹੈ ਤੇ ਅਗਿਆਨ ਦਾ ਜਲ ਹੈ ਤੇ ਗਿਆਨ ਇਸਦੇ ਵਿਚ ਮੁਹਾਣਾ ਹੈ ਸੋ ਜਿਨਾਂ ਦੇ ਉਪਰ ਗੁਰਾਂ ਦੀ ਕਿਰਪਾ ਹੋਂਦੀ ਹੈ ਸੋ ਇਸ ਭਉਜਲ ਵਿਚੋਂ ਤਰਦੇ ਹਨ ਅਰ ਹੋਰ ਇਸੇ ਸਮੁੰਦ੍ਰ ਵਿਚ ਡੁਬੇ ਹੋਏ ਹਨ ਅਤੇ ਜੋ ਮਨੁਖਾ ਜਨਮ ਪਾਇ ਕਰ ਆਪਣਾ ਉਧਾਰ ਨਹੀਂ ਕਰਦੇ ਸੋਈ ਆਤਮ ਹਤਿਆਰੇ ਹੈਨ ਏਹ ਮੇਰੀ ਜੋ ਮਾਇਆ ਹੈ ਸਰਬ ਮੈਂ ਹੀ ਹੋ ਪਰ ਮੈਨੂੰ ਮਾਇਆ ਦੇ ਮੋਹੇ ਨਹੀਂ ਜਾਣਦੇ ਤੇ ਜਗਤ ਦੇ ਪਦਾਰਥਾਂ ਨੂੰ ਸਤ ਜਾਣਦੇ ਹਨ ਤਾਂਤੇ ਸੋਈ ਮਾਇਆ ਹੈ ਜੈਸੇ ਸਿਪੀ ਦਾ ਨ ਜਾਣਨਾ ਤੇ ਭਰਮ ਕਰਕੇ ਰੁਪਾ ਕਲਪਣਾ ਤੈਸੇ ਹੀ ਭਰਮ ਅਗਿਆਨੀ ਨੂੰ ਵਿਆਪਿਆ ਹੋਇਆ ਹੈ ਤੇ ਦਿਖਾਵਨ ਵਾਲਾ ਜੋ ਸਿਪੀ ਤ੍ਰਿਕੁੰਟ ਤੇ ਸਿਆਮ ਪਿਸਟ ਕਰ ਲਖਾਂਵਦਾ ਹੈ ਤਉ ਭਰਮ ਦ੍ਰਿਸਟ ਦੂਰ ਹੋਂਦੀ ਹੈ ਤੈਸੇ ਜੇ ਸਤਿਗੁਰ ਗਿਆਨ ਕਰਕੈ ਸਤ ਚਿਤ ਅਨੰਦ ਰੂਪ ਨੂੰ ਜਣਾਵਦਾ ਹੈ ਅਰ ਜਗਤ ਭ੍ਰਮ ਰੂਪ ਜਣਾਵਦਾ ਹੈ ਤਾਂ ਜਗਤ ਭਰਮ ਉਨਾਂ ਦਾ ਦੂਰ ਹੋ ਜਾਂਦਾ ਹੈ ॥ ਜੋਗੀ ਆਪਣੇ ਜੋਗ ਧਰਮ ਦੇ ਵਿਚ ਗਿਆਨ ਨੂੰ ਪ੍ਰਾਪਤ ਹੋਂਦੇ ਹਨ ਅਤੇ ਬ੍ਰਹਮਣ ਵੇਦਾਂ ਦੇ ਪਰਚੇ ਕਰ ਭੀ ਗਿਆਨ ਨੂੰ ਪ੍ਰਾਪਤ ਹੋਂਦੇ ਹੈਨ ॥ ਤਾਂ ਕਲਿਆਣ ਹੋਂਦਾ ਹੈ ਅਰ ਖਤ੍ਰੀ ਦਾ ਸੂਰਮਤ ਧਰਮ ਹੈ ਜੋ ਜੁਧ ਕਰਨਾ ਅਰ ਦਾਨ ਦੇਵਣਾ ਨਿਹਕਾਮ ਹੋ ਕੇ ਅੰਤਹਕਰਨ ਦੇ ਸੁਧ ਵਾਸਤੇ

ਅਤੇ ਸੂਦ੍ਰ ਸਰਬ ਦੀ ਟਹਿਲ ਨਿਹਕਾਮ ਹੋ ਕੇ ਕਰਦੇ ਹਨ ਏਹ ਸਾਸਤ੍ਰੀ ਕਰਮ ਅਭਮਾਨ ਥੀ ਰਹਤ ਕੀਏ ਗਿਆਨ ਦਾ ਰਹਸ ਹੋਂਦਾ ਹੈ ਪਰ ਗੁਰਾਂ ਦਾ ਸਬਦ ਸ੍ਰਵਨ ਮਨਨ ਕਰਨਾ ਤੇ ਨਾਮ ਜਪਣਾ ਏਹ ਸਭਨਾਂ ਦਾ ਧਰਮ ਹੈ ਸੋ ਜਿਸਨੇ ਨਾਮ ਦਾ ਭੇਉ ਜਾਤਾ ਹੈ ਤੇ ਵੇਦਾਂਤ ਦੇ ਸਬਦ ਦਾ ਮਰਮ ਪਛਾਤਾ ਹੈ ਗੁਰੂ ਨਾਨਕ ਜੀ ਕਹਿੰਦੇ ਹਨ ਮੈਂ ਤਿਸਕਾ ਦਾਸ ਹੋਂ ਅਰ ਸੋਈ ਨਿਰੰਜਨ ਦੇਉ ਹੈ ॥ ਨਿਰੰਜਨ ਕਹੀਐ ਸਰੀਰ ਆਦਿਕ ਜੋ ਮਾਇਆ ਦੀ ਉਪਾਧ ਹੈ ਜੋ ਮਾਇਆ ਕਰਕੇ ਅਣਹੋਂਦੀ ਦੇਹ ਭਾਸਤੀ ਹੈ ਤੇ ਜੋ ਚੇਤੰਨ ਹੈ ਜਿਸ ਕਰ ਸਰੀਰ ਨੂੰ ਚੇਤਨਤਾ ਹੈ ਸੋ ਨਹੀਂ ਭਾਸਤਾ ਪਰ ਜੋ ਗੁਰਾਂ ਦਾ ਸਬਦ ਸੁਣਦਾ ਹੈ ਤਾਂ ਆਪ ਨੂੰ ਸਰੀਰ ਦਾ ਸਾਖੀ ਜਾਣਦਾ ਹੈ ਤਾਂਤੇ ਸੋਈ ਨਿਰੰਜਨ ਦੇਉ ਹੈ ॥ ੩ ॥ ਏਕ ਜੋ ਕ੍ਰਿਸਨ ਹੈ ਸੋ ਸਰਬ ਦੇਵਾਂ ਵਿਚ ਹੈ ਅਥਵਾ ਸਭ ਪ੍ਰਕਾਸਾਂ ਵਿਚ ਉਸਦਾ ਪ੍ਰਕਾਸ ਹੈ ਅਰ ਕ੍ਰਿਸਨ ਕਹੀਏ ਜੋ ਪ੍ਰਿਥਵੀ ਦਾ ਨਾਥ ਹੋਵੇ ॥ ਅਥਵਾ ਅਨਾਥਾਂ ਦਾ ਨਾਥ ਹੋਵੇ ਅਥਵਾ ਪਾਪਾਂ ਦੇ ਨਾਸ ਕਰਨ ਵਾਲਾ ਹੋਵੇ ਅਥਵਾ ਸਿਆਮ ਰੂਪ ਹੋਵੇ ਸੋ ਕ੍ਰਿਸਨ ਕਹੀਏ ਤੇ ਪ੍ਰਕਾਸਾਂ ਦਾ ਭੀ ਪ੍ਰਕਾਸ ਹੈ ਸੋਈ ਆਤਮਾਂ ਹੈ ਅਰ ਸੋਈ ਬਾਸ ਦੇਵ ਹੈ ਬਾਸਦੇਵ ਕਹੀਏ ਜੋ ਬਾਸਦੇਵ ਦਾ ਪੁਤ੍ਰ ਹੋਵੇ ਅਥਵਾ ਸਭ ਦੇਵਤਿਆਂ ਵਿਚ ਜਿਸਦਾ ਵਾਸ ਹੋਵੇ ਅਥਵਾ ਸਭ ਦੇਵਤਿਆਂ ਦਾ ਜਿਸ ਵਿਚ ਵਾਸਾ ਹੈ ਅਥਵਾ ਸਭ ਪ੍ਰਕਾਸਾਂ ਵਿਚ ਜਿਸਦਾ ਪ੍ਰਕਾਸ ਹੋਵੇ ਅਥਵਾ ਸਭ ਪ੍ਰਕਾਸ ਜਿਸਦੇ ਪ੍ਰਕਾਸ ਕਰ ਪ੍ਰਕਾਸ ਦੇ ਹੈਨ ਸੋ ਬਾਸਦੇਵ ਕਹੀਐ ਸੋ ਜੋ ਕੋਈ ਇਸ ਗਿਆਨ ਦਾ ਮਰਮ ਨਹੀਂ ਜਾਣਦੇ ਸੋਈ ਜਨਮ ਮਰਨ ਵਿਚ ਆਂਵਦੇ ਹਨ ਅਰ ਜੋ ਇਸਦਾ ਭੇਉ ਜਾਣਦਾ ਹੈ ਸੋਈ ਮੋਹ ਥੀ ਨਿਆਰਾ ਹੋਂਦਾ ਹੈ ॥

ਕਿਕਰ ਤੋਂ ਮਠਿਆਈ ਝਾੜੀ

ਗੁਰੂ ਨਾਨਕ ਜੀ ਕਹਿੰਦੇ ਹੈਨ ਕਿ ਮੈਂ ਤਿਨਾਂ ਦਾ ਦਾਸ ਹਾਂ ਅਰ ਸੋਈ ਨਿਰੰਜਨ ਦੇਉ ਹੈ ਇਹ ਚਤਰ ਸਲੋਕੀ ਗੁਰੂ ਨਾਨਕ ਜੀ ਗੁਰੂ ਅੰਗਦ ਜੀ ਨੂੰ ਉਪਦੇਸ ਕੀਤੀ ਤਾਂ ਗੁਰੂ ਅੰਗਦ ਜੀ ਕਹਿਆ ਜੈਸੇ ਚਤਰ ਸਲੋਕੀ ਨਰਾਇਣ ਨੇ ਉਪਦੇਸ ਬ੍ਰਹਮੇ ਨੂੰ ਕੀਤੀ ਅਰ ਉਸਨੇ ਨਾਰਦ ਨੂੰ ਉਪਦੇਸ ਕੀਤੀ ਹੈ ਤੇ ਨਾਰਦ ਨੇ ਵਿਆਸ ਨੂੰ ਉਪਦੇਸ ਕੀਤਾ ਹੈ ਤਾਂ ਵਿਆਸ ਨੇ ਉਸਦਾ ਵਿਸਥਾਰ ਸ੍ਰੀ ਭਾਗਵਤ ਕੀਤੀ ਹੈ ਸੋ ਜੇ ਮੈਨੂੰ ਆਗਿਆ ਹੋਵੇ ਤਾਂ ਮੈਂ ਭੀ ਇਨਾਂ ਸਲੋਕਾਂ ਦਾ ਵਿਸਥਾਰ ਕਰਾਂ ਤਾਂ ਬਾਬੇ ਕਹਿਆ ਜੇ ਇਨਾਂ ਸਲੋਕਾਂ ਦਾ ਵਿਸਥਾਰ ਕਰੇਂਗਾ ਤਾਂ ਹੋਰ ਬਾਣੀ ਬੰਦ ਹੋ ਜਾਵੇਗੀ ਤਾਂਤੇ ਬਹੁਤੀ ਬਾਣੀ ਉਚਾਰਨੀ ਹੈ ਸੋ ਹੁਣੇ ਤੁਸੀਂ ਵਿਸਥਾਰ ਨਾ

ਕਰੋ ਤਾਂ ਸਦਾ ਕਥਾ ਕੀਰਤਨ ਕਰਤਾਰ ਪੁਰ ਹੋਵੇ ਤਾਂ ਫਿਰ ਇਕ ਦਿਨ ਕਾਲੂ ਕਹਿਆ ਕਿ ਤੁਸੀਂ ਜੇਹੀ ਪ੍ਰੀਤ ਲਹਣੇ ਨਾਲ ਕਰਦੇ ਹੋ ਤੇਹੀ ਆਪਣਿਆਂ ਪੁਤ੍ਰਾਂ ਨਾਲ ਨਹੀਂ ਕਰਦੇ ਤਾਂ ਬਾਬੇ ਕਹਿਆ ਪਿਤਾ ਜੀ ਇਕ ਨਾਦੀਂ ਪੁਤ੍ਰ ਹੈਨ ਅਰ ਇਕ ਬਿੰਦੀ ਪੁਤ੍ਰ ਹੈਨ ਪਰ ਜੋ ਹੁਕਮ ਮੰਨਦਾ ਹੈ ਸੋਈ ਪਿਆਰਾ ਲਗਦਾ ਹੈ ਤਾਂ ਕਾਲੂ ਕਹਿਆ ਤੇਰੇ ਪੁਤ੍ਰ ਭੀ ਸਭ ਹੁਕਮ ਮੰਨਦੇ ਹਨ ਤਾਂ ਇਕ ਦਿਨ ਬਾਬਾ ਬਾਹਰ ਗਇਆ ਤਾਂ ਅਤੀਤਾਂ ਦਾ ਝੁੰਡ ਆਇਆ ਅਰ ਓਹ ਭੁਖ ਕਰਕੇ ਆਤਰ ਸਨ ਤਾਂ ਬਾਬੇ ਕਹਿਆ ਸ੍ਰੀ ਚੰਦ ਇਸ ਕਿਕਰ ਤੇ ਚੜਕੇ ਮਿਠਿਆਈ ਉਤਾਰ ਜੋ ਸਭਨਾਂ ਅਤੀਤਾਂ ਨੂੰ ਤ੍ਰਿਪਤ ਕੀਜੈ ਤਾਂ ਸ੍ਰੀ ਚੰਦ ਹਸਿਆ ਅਰ ਫੇਰ ਲਖਮੀ ਦਾਸ ਨੂੰ



ਕਹਿਆ ਤਾਂ ਉਸ ਕਹਿਆ ਕਿਕਰ ਨਾਲ ਕੰਡੇ ਹੋਂਦੇ ਹਨ ਮਠਿਆਈ ਤਾਂ ਨਹੀਂ ਹੋਂਦੀ ਫੇਰ ਲਹਿਣੇ ਨੂੰ ਕਹਿਆ ਤਾਂ ਲਹਣਾ ਕਿਕਰ ਤੇ ਚੜਿਆ ਤੇ ਛੂਣਿਆਂ ਤਾਂ ਮਠਿਆਈ ਅਰ ਪਤਾਸਿਆਂ ਦਾ ਮੀਂਹ ਵੂਠਾ ਅਰ ਸਭ ਖਾਇ ਕਰ ਤ੍ਰਿਪਤ ਭਏ ਤਾਂ ਲਹਿਣੇ ਕਹਿਆ ਕਿ ਜੋ ਗੁਰਾਂ ਦਾ ਹੁਕਮ ਮੰਨਦੇ ਹਨ ਸੋਈ ਸੁਖੀ ਹਨ ॥

ਪਿਤਾ ਕਾਲੂ ਜੀ ਪਰਲੋਕ ਗਮਨੇ

ਤਾਂ ਫਿਰ ਬਾਬਾ ਜੀ ਘਰ ਆਏ ਤਾਂ ਇਕ ਦਿਨ ਕਾਲੂ ਕਹਿਆ ਅਜ ਅਸਾਨੂੰ ਪਿਤਰ ਸੁਪਨੇ ਵਿਚ ਆਏ ਹਨ ਜੋ ਤੁਸੀਂ ਵੈਕੁੰਠ ਧਾਮ ਨੂੰ ਚਲੋ ਤਾਂ ਬਾਬਾ ਜੀ ਨੇ ਕਹਿਆ ਜੇ ਤੁਸਾਡੀ ਇਛਾ ਹੋਵੇ ਤਾਂ ਜਾਹੋ ਅਤੇ ਜੇ ਇਛਾ ਇਥੇ ਰਹਣ

ਦੀ ਹੋਵੈ ਤਾਂ ਜੁਗ ਪ੍ਰਜੰਤ ਤੁਸਾਡੀ ਆਰਜਾ ਕਰੀਏ ਤਾਂ ਕਾਲੂ ਕਹਿਆ ਤੁਸਾਡੀ ਕਿਰਪਾ ਕਰਕੇ ਅਸਾਂ ਆਪ ਨੂੰ ਸਰੀਰ ਤੇ ਨਿਆਰਾ ਜਾਤਾ ਹੈ ਅਰ ਜਨਮਣਾਂ ਮਰਨਾ ਸਰੀਰ ਦਾ ਧਰਮ ਹੈ ਅਤੇ ਅਸੀਂ ਤਾਂ ਸਰੀਰ ਦੇ ਸਾਖੀ ਹੈਂ ਅਰ ਤੁਸਾਡੇ ਦਰਸਨ ਦੀ ਅਸਾਨੂੰ ਅਭਲਾਖਾ ਹੈ ਤਾਂ ਬਾਬੇ ਆਖਿਆ ਤੁਸੀਂ ਵੈਕੁੰਠ ਨੂੰ ਚਲੋ ਅਸੀਂ ਭੀ ਤੁਸਾਨੂੰ ਆਇ ਦਰਸਨ ਦੇਵੈਂਗੇ ਤਾਂ ਕਾਲੂ ਜੀ ਰਾਵੀ ਦੇ ਕੰਠੇ ਤੇ ਜਾਇ ਬੈਠੇ ਅਰ ਜਿਤਨੀ ਘਰ ਦੀ ਸਮਿਗ੍ਰੀ ਸੀ ਅਧੀ ਲਖਮੀ ਦਾਸ ਤੇ ਸ੍ਰੀ ਚੰਦ ਨੂੰ ਦਿਤੀ ਅਰ ਅਧੀ ਦਾਨ ਕਰ ਦਿਤੀ ਅਰ ਇਸਨਾਨ ਕਰਕੇ ਪਦਮ ਆਸਨ ਮਾਰਕੇ ਤ੍ਰਿਕੁਟੀ ਦਾ ਧਿਆਨ ਲਾਇਕੇ ਸ੍ਵਾਸ ਸ੍ਵਾਸ ਵਾਹਗੁਰੂ ਜਪਣ ਲਗਾ ਸੋ ਜਾਂ ਚਾਰ ਘੜੀਆਂ ਰਾਤ ਰਹੀ ਤਾਂ ਪ੍ਰਾਣ ਬ੍ਰਹਮਰੰਧ੍ਰ ਨੂੰ ਫੋੜਕੇ ਬੈਕੁੰਠ ਧਾਮ ਨੂੰ ਪ੍ਰਾਪਤ ਭਏ ਅਰ ਪਿਛੇ ਮਾਤਾ ਤ੍ਰਿਪਤਾ ਤੇ ਗੁਰੂ ਨਾਨਕ ਜੀ ਸ੍ਰੀ ਲਖਮੀ ਦਾਸ ਅਰ ਹੋਰ ਜਿਤਨੇ ਸਿਖ ਸੇ ਚੰਦਨ ਦੀ ਚਿਖਾ ਬਣਾ ਕੇ ਕਾਲੂ ਦਾ ਸਿਸਕਾਰ ਕੀਤਾ ਅਰ ਕੜਾਹ ਵਰਤਾਇਆ ਅਰ ਜੈਸੀ ਸਾਸਤ੍ਰਾਂ ਦੀ ਰੀਤ ਸੋ ਕੀਤੀ ਸੋ ਜਾਂ ਚਉਧਾਂ ਦਿਨ ਬੀਤੇ ਤਾਂ ਖੋੜਸ ਪਿੰਡ ਕਾਲੂ ਜੀ ਦਾ ਕੀਤਾ ਅਰ ਭੁਖਣ ਤੇ ਭਾਂਡੇ ਤੇ ਬਸਤ੍ਰ ਅਚਾਰਜੀਆਂ ਨੂੰ ਦਿਤੇ ਅਰ ਫਿਰ ਕੜਾਹ ਵਰਤਾਇਆ ॥


ਮਾਤਾ ਭੀ ਪਰਲੋਕ ਗਮਨੇ

ਤਾਂ ਫਿਰ ਮਾਤਾ ਤ੍ਰਿਪਤਾ ਕਹਿਆ ਬਚਾ ਤੁਸਾਡੇ ਪਿਤਾ ਮੈਨੂੰ ਸੁਪਨੇ ਵਿਚ ਬੁਲਾਇਆ ਹੈ ਤਾਂ ਬਾਬੇ ਕਹਿਆ ਮਾਤਾ ਜੀ ਤੁਸਾਡੀ ਜਾਵਣ ਦੀ ਇਛਾ ਹੈ ਤਾਂ ਤੁਸੀਂ ਰਾਵੀ ਦੇ ਕੰਠੇ ਪਦਮ ਆਸਨ ਧਾਰਕੇ ਤ੍ਰਿਕੁਟੀ ਦਾ ਧਿਆਨ ਲਾਇ ਬੈਠੋ ਤੇ ਵਾਹਗੁਰੂ ਦਾ ਜਾਪ ਜਪੋ ਤਾਂ ਮਾਤਾ ਨੇ ਭੀ ਬਹੁਤ ਗਊਆਂ ਬਸਤ੍ਰ ਭੂਖਣ ਹੋਰ ਭੀ ਬਹੁਤ ਦਾਨ ਕਰਾਇਆ ਸੋ ਜਾਂ ਚਾਰ ਘੜੀਆਂ ਰਾਤ ਰਹੀ ਤਾਂ ਮਾਤਾ ਦੇ ਭੀ ਪ੍ਰਾਣ ਬ੍ਰਹਮਰੰਧ੍ਰ ਨੂੰ ਫੋੜ ਕਰ ਬੈਕੁੰਠ ਧਾਮ ਗਏ ਸੋ ਉਨਾਂ ਦੇ ਪਿਛੇ ਭੀ ਜੋ ਸਾਸਤ੍ਰਾਂ ਦੀ ਮ੍ਰਿਜਾਦਾ ਹੈ ਸੋ ਕੀਤੀ ਅਰ ਪਿਛੇ ਬਾਬਾ ਜੀ ਗੁਰੂ ਅੰਗਦ ਨੂੰ ਆਪਣੇ ਸਨਮੁਖ ਬੈਠਾਲਣ ਹੋਰ ਸਿਖ ਸਭ ਪੰਗਤ ਕਰਕੇ ਪਿਛੈ ਬੈਠਣ ਅਰ ਸਬਦ ਦੀ ਚਰਚਾ ਗਿਆਨ ਗੋਸਟ ਹੋਵੈ ਅਰ ਅਠ ਪਹਰ ਕੀਰਤਨ ਹੋਵੈ ਸੋ ਜਾਂ ਕਿਤਨਾਕ ਕਾਲ ਬੀਤਿਆ ਤਾਂ ਇਕ ਦਿਨ ਬਾਬੇ ਦਾ ਟਹਿਲੀਆ ਕਮਲਾ ਬਾਹਰ ਮਹੀ ਚਰਾਵਣ ਗਿਆ ਸੀ ਤਾਂ ਉਸਨੂੰ ਦੋ ਪੁਰਖ ਮਿਲੇ ਅਰ ਇਕ ਮਿਟੀ ਦਾ ਢੇਮ ਕਮਲੇ ਦੇ ਹਥ ਪਕੜਾਇਆ ਅਰ ਕਹਾ ਤੂੰ ਬਾਬੇ ਦੇ ਅਗੇ ਏਹ ਢੇਮ ਜਾ ਸਟੇਂ ਅਰ ਅਸਾਡਾ ਹਥ ਜੋੜ ਕੇ ਮਥਾ ਟੇਕੇਂ ਤਾਂ ਕਮਲਾ ਘਰ ਆਇਆ ਤੇ ਆ

ਕਰ ਢੇਮ ਬਾਬੇ ਦੇ ਅਗੇ ਸੁਟ ਘਤਿਆ ਅਰ ਦੋਵੇਂ ਹਥ ਜੋੜ ਕਰ ਮਥਾ ਟੇਕਿਆ ਤੇ ਕਹਾ ਕਿ ਦੋਇ ਪੁਰਖ ਮੈਨੂੰ ਬਨ ਵਿਚ ਮਿਲੇ ਸੇ ਸੋ ਉਨਾਂ ਮਿਟੀ ਦਾ ਢੇਮ ਭੀ ਦਿਤਾ ਹੈ ਤੇ ਮਥਾ ਭੀ ਟੇਕਿਆ ਨੇ ॥

ਅੰਗਦ ਜੀ ਨੂੰ ਗੁਰਿਆਈ ਦਿਤੀ

ਤਾਂ ਬਾਬੇ ਕਹਿਆ ਅੰਗਦਾ ਅਸਾਨੂੰ ਦਰਗਾਹ ਦਾ ਸਦਾ ਆਇਆ ਹੈ ਸੋ ਅਸੀਂ ਦਰਗਾਹ ਜਾਂਦੇ ਹਾਂ ਅਰ ਏਹ ਸਰੀਰ ਮਿਟੀ ਦੇ ਢੇਰਵਤ ਹੈ ਸੋ ਅਸੀਂ ਸੁਟਨੇ ਹਾਂ ਅਤੇ ਤੂੰ ਪਿਛੇ ਗਿਆਨ ਗੋਸਟ ਕਰਕੇ ਸਿਖਾਂ ਨੂੰ ਪਰਚਾਈ ਰਖੇਂ ਤਾਂ ਫਿਰ ਪੰਜ ਪੈਸੇ ਤੇ ਮਿਸਰੀ ਨਾਰੀਅਲ ਗੁਰੂ ਅੰਗਦ ਦੇ ਅਗੇ ਰਖਕੇ ਮਥਾ ਟੇਕਿਆ ਬਾਬਾ ਜੀ ਨੇ ਤਾਂ ਫਿਰ ਗੁਰੂ ਅੰਗਦ ਜੀ ਮਥਾ ਬਾਬੇ ਦੇ ਅਗੇ ਟੇਕਿਆ ਅਰ ਕਹਾ ਗਰੀਬ ਨਿਵਾਜ ਤੁਸੀਂ ਕਰਨ ਕਾਰਨ ਹੋਕੇ ਮੇਰੇ ਚਰਨਾਂ ਉਤੇ ਮਥਾ ਟੇਕਿਆ ਹੈ ਸੋ ਮੇਰੇ ਚਰਨਾਂ ਨੂੰ ਕੁਸਟ ਪੈ ਜਾਵੇਗਾ ਕਯੋਂਕਿ ਮੈਂ ਅਜਿਤ ਨਿਮਾਣਾ ਹੋਂ ਤਾਂ ਬਚਨ ਹੋਇਆ ਅੰਗਦਾ ਤੂੰ ਆਪਣੇ ਸਰੂਪ ਨੂੰ ਪਛਾਣ ਜੋ ਸਰੀਰ ਤੇਰਾ ਮੇਰਾ ਪੰਜਾਂ ਤਤਾਂ ਦਾ ਹੈ ਤੇ ਚੇਤਨ ਕਲਾ



ਤੇਰੇ ਮੇਰੇ ਵਿਚ ਏਕ ਹੀ ਹੈ ਸੋ ਜੈਸੇ ਸੂਰਜ ਦਾ ਪ੍ਰਤਬਿੰਬ ਸਭਨਾ ਘਰਾਂ ਮੇਂ ਉਜਾਲਾ ਕਰਦਾ ਹੈ ਪਰ ਸੂਰਜ ਥੀ ਭਿੰਨ ਨਹੀਂ ਤੈਸੇ ਆਤਮਾਂ ਦੀ ਸਤਿਆ ਸਭ ਸਰੀਰਾਂ ਨੂੰ ਚੇਤੰਨ ਕਰਦੀ ਹੈ ਪਰ ਆਤਮਾ ਤੇ ਭਿੰਨ ਨਹੀਂ ਸੋ ਤੂੰ ਸਭ ਗਿਆਨ ਦਾ ਜਾਤਵਾ ਹੈਂ ਅਰ ਇਹ ਅਚਾਰਜਾਂ ਦੀ ਰੀਤ ਹੈ ਜੋ ਗੁਰਸਿਖੀ ਦਾ ਭਾਵ ਰਖਦੇ ਆਏ ਹੈਂ

ਸੋ ਤੁਹਾਡਾ ਵਚਨ ਕਦੀ ਅੰਨਥਾ ਨਹੀਂ ਹੋਣਾ ਤਾਂ ਤੇ ਕੁਛਕ ਤੁਸਾਡੇ ਚਰਨਾਂ ਮੋਂ ਰੋਗ ਰਹੇਗਾ ਅਤੇ ਓਹ ਰੋਗ ਪਰਮੇਸਰ ਨੂੰ ਯਾਦ ਕਰਾਵੇਗਾ ਕਯੋਂਕਿ ਜੇਹੜੀ ਸਮਝ ਅਰ ਗਿਆਨ ਤੁਸਾਨੂੰ ਪ੍ਰਾਪਤ ਹੋਇਆ ਹੈ ਉਸ ਅਗੇ ਅਸਾਂ ਮਥਾ ਟੇਕਿਆ ਤਾਂ ਫਿਰ ਉਠ ਕਰ ਬਾਬੇ ਜੀ ਗੁਰੂ ਅੰਗਦ ਨੂੰ ਕੰਠ ਨਾਲ ਲਾਇਆ ਹੈ ਅਰ ਆਪਨੇ ਸਿੰਘਾਸਨ ਦੇ ਬਰਾਬਰ ਬੈਠਾਇਆ ਅਰ ਸ੍ਰੀ ਚੰਦ ਤੇ ਲਖਮੀ ਦਾਸ ਨੂੰ ਬੁਲਾ ਭੇਜਿਆ ਹੈ ਤਾਂ ਉਨਾਂ ਸੁਣਿਆ ਜੋ ਅੰਗਦ ਨੂੰ ਪਾਸ ਬਹਾਲ ਕੇ ਅਸਾਨੂੰ ਬੁਲਾਇਆ ਨੇ ਸੋ ਉਨਾਂ ਆਵਣ ਵਿਚ ਢਿਲ ਕੀਤੀ ਤਾਂ ਹੋਰ ਜਿਤਨੇ ਸਿਖ ਬੈਠੇ ਸਨ ਸੋ ਸਭਨਾਂ ਨੂੰ ਗੁਰੂ ਅੰਗਦ ਜੀ ਦੇ ਅਗੇ ਮਥਾ ਟਿਕਾਇਆ ਅਰ ਬਾਬੇ ਨੇ ਪਦਮ ਆਸਨ ਕਰ ਤ੍ਰਿਕੁਟੀ ਦਾ ਧਿਆਨ ਕੀਤਾ ਅਰ ਸੋਹੰਦਾ ਜਾਪ ਜਪਕੇ ਪਹਰ ਰਾਤ ਰਹਿੰਦੀ ਬ੍ਰਹਮਰੰਧ੍ਰ ਨੂੰ ਫੋੜਕੇ ਉਨਾਂ ਦੇ ਪ੍ਰਾਣ ਬ੍ਰਹਮਲੋਕ ਨੂੰ ਗਏ ਅਰ ਪਿਛੇ ਸ੍ਰੀ ਚੰਦ ਲਖਮੀ ਦਾਸ ਨੂੰ ਖਬਰ ਹੋਈ ਤਾਂ ਦੋਨੋਂ ਨੇ ਹਥ ਜੋੜੇ ਜੋ ਚਾਰ ਘੜੀਆਂ ਤਾਂ ਅਸਾਡੇ ਨਾਲ ਭੀ ਵਾਰਤਾ ਕਰਦੇ ਤਾਂ ਸਾਹਿਬ ਨੇਤ੍ਰ ਖੋਲ ਕੇ ਬੋਲੇ ਕਿ ਜੋ ਤੁਸਾਡੀ ਇਛਿਆ ਹੈ ਸੋ ਕਹੋ ਤਾਂ ਉਨਾਂ ਅਰਦਾਸ ਕੀਤੀ ਜੀ ਪੁਤ੍ਰਾਂ ਦੇ ਜੀਂਵਦਿਆਂ ਸੇਵਕਾਂ ਨੂੰ ਰਾਜ ਦੇਣ ਜੋਗ ਨਹੀਂ ਤਾਂ ਬਾਬੇ ਕਹਿਆ ਮਹਾਂ ਪੁਰਖ ਜੋ ਹੁੰਦੇ ਹਨ ਸੋ ਉਨਾਂ ਦੀ ਸਮਗ੍ਰੀ ਵੰਡੀ ਹੋਈ ਹੋਂਦੀ ਹੈ ॥ ਜੋ ਪਾਪ ਉਨਾਂ ਦੇ ਨਿੰਦਕਾਂ ਦੇ ਹੁੰਦੇ ਹਨ ॥ ਅਰ ਪੁੰਨ ਉਨਾਂ ਦੇ ਸੇਵਕਾਂ ਦੇ ਹੁੰਦੇ ਹਨ ਅਰ ਧਨ ਮਾਲ ਪਦਾਰਥ ਕੁਟੰਬੀਆਂ ਦੇ ਹੁੰਦੇ ਹਨ ਅਰ ਉਨਾਂ ਦੇ ਰਿਦੇ ਦਾ ਗਿਆਨ ਜਗਿਆਸੀਆਂ ਦਾ ਹੁੰਦਾ ਹੈ ਤੇ ਆਪ ਜਗਤ ਦੇ ਹਰਖ ਸੋਗ ਤੇ ਨਿਆਰੇ ਰਹਿੰਦੇ ਹੈਨ ਸੋ ਤੁਸਾਨੂੰ ਕਿਸੇ ਗਲ ਦੀ ਕਮੀ ਨ ਹੋਵੈਗੀ ਪਰ ਮੇਰੇ ਰਿਦੇ ਦਾ ਗਿਆਨ ਗੁਰੂ ਅੰਗਦ ਲੀਤਾ ਹੈ ਤਾਂਤੇ ਤੁਸੀਂ ਇਸਦੇ ਅਗੇ ਮਥਾ ਟੇਕੋ ਸੋ ਉਨਾਂ ਢਿਲ ਕੀਤੀ ਤਾਂ ਬਾਬੇ ਹੁਰਾਂ ਆਪਣਾ ਚੋਲਾ ਰਖ ਦਿਤਾ ਅਤੇ ਕਹਿਆ ਕਿ ਜੋ ਸਕਤਵਾਨ ਹੈ ਸੋ ਇਸ ਚੋਲੇ ਨੂੰ ਪਾਇ ਲਵੇ ਤਾਂ ਸ੍ਰੀ ਚੰਦ ਤੇ ਲਖਮੀਦਾਸ ਥੀਂ ਚੋਲਾ ਉਠਾਇਆ ਨ ਗਿਆ ਅਰ ਗੁਰੂ ਅੰਗਦ ਜੀ ਮਥਾ ਟੇਕ ਕੇ ਪਾਇ ਲੀਤਾ ਤਾਂ ਫਿਰ ਬਚਨ ਹੋਇਆ ਪੁਰਖਾ ਤੂੰ ਅਗੇ ਕਿਥੇ ਰਹਿੰਦਾ ਸੇ ਉਸ ਆਖਿਆ ਖਡੂਰ ਖਹਰਿਆਂ ਦੇ ਰਹਿੰਦਾ ਸਾਂ ਤਾਂ ਬਚਨ ਹੋਇਆ ਫੇਰ ਤੂੰ ਉਥੇ ਹੀ ਜਾਇ ਰਹੋ ਸੋ ਏਹ ਬਚਨ ਕਹਿ ਕਰ ਬਾਬਾ ਜੀ ਬਕੁੰਠ ਗਏ ॥

ਗੁਰੂ ਜੀ ਸਨਦੇਹ ਗਏ

ਤਾਂ ਕੜਾਹ ਹੋਇਆ ਵਰਤਿਆ ਤੌਲਗ ਮੁਸਲਮਾਨ ਇਕਠੇ ਹੋ ਆਏ ਜੋ ਏਹ ਖੁਦਾ ਦਾ ਵਲੀ ਸੀ ਅਸੀਂ ਇਸਨੂੰ ਦਬਾਂਗੇ ਤੇ ਹਿੰਦੂ ਕਹਿਨ ਸਾੜਾਂਗੇ ਸੋ ਬਡਾ



ਰੌਲਾ ਪਿਆ ਤਾਂ ਬਾਬਾ ਜੀ ਬਾਹਰ ਦੋਹਾਂ ਕੋਹਾਂ ਤੇ ਮਿਲੇ ਕਿਸੇ ਨੂੰ ਕਹਿਆ ਕਿ ਤੂੰ ਮੁਸਲਮਾਨ ਤੇ ਹਿੰਦੂ ਦੀਆਂ ਪੰਕਤਾਂ ਵਖੋ ਵਖ ਬਠਾ ਕਰ ਮੇਰਾ ਸਨੇਹਾ ਦੇਵਣਾ ਕਿ ਤੁਸੀਂ ਜੋ ਮੇਰਾ ਪੰਜਾਂ ਭੂਤਾਂ ਦਾ ਸਰੀਰ ਦੇਖਦੇ ਸੇ ਸੋ ਤੁਸਾਡੀ ਭਾਵਨੀ ਕਰ ਦ੍ਰਿਸਟ ਆਂਵਦਾ ਸੀ ਪਰ ਮੈਂ ਸਰੀਰ ਨਹੀਂ ਸੀ ਧਾਰਿਆ ਸੋ ਮੇਰੇ ਆਸਣ ਤੇ ਦੋਂਹ ਪਟਾਂ ਦੀ ਚਾਦਰ ਪਈ ਹੈ ਸੋ ਇਕ ਪਟ ਹਿੰਦੂ ਸਿਸਕਾਰ ਕਰਨ ਅਰ ਇਕ ਪਟ ਮੁਸਲਮਾਨ ਦਬ ਕੇ ਕਬਰ ਕਰਨ ਤਾਂ ਉਸ ਆਣ ਕੇ ਆਖਿਆ ਅਰ ਉਨਾਂ ਉਸੇ ਤਰਾਂ ਕੀਤਾ ਤੇ ਗੁਰੂ ਅੰਗਦ ਜੀ ਖਡੂਰ ਜਾ ਰਹੇ ਸੰਮਤ ੧੫੯੬ ਅਸੂ ਸੁਦੀ ਦਸਮੀ ਗੁਰੂ ਨਾਨਕ ਜੀ ਜੋਤੀ ਜੋਤ ਸਮਾਣੇ ਅਰ ਫੇਰ ਪੰਦ੍ਰਾਂ ਦਿਨ ਪਿਛੇ ਸ੍ਰੀ ਚੰਦ ਤੇ ਲਖਮੀ ਦਾਸ ਦੀ ਮਾਤਾ ਅਸੂ ਵਦੀ ਇਕਾਦਸੀ ਥਿਤ ਨੂੰ ਸਮਾਣੀ ਸੋ ਸ੍ਰੀ ਚੰਦ ਤੇ ਲਖਮੀ ਦਾਸ ਦੀ ਮਾਤਾ ਭੀ ਬੈਕੁੰਠ ਧਾਮ ਨੂੰ ਗਈ ਸੋ ਉਸਦਾ ਭੀ ਸਿਸਕਾਰ ਕੀਤਾ ਤੇ ਕਿਰਿਆ ਕਰਮ ਕੀਤਾ ॥

ਪੌੜੀ ਛਿਤਾਲਵੀਂ ਚਲੀ

ਸੋ ਟਿੱਕਾ ਸੋ ਛਤ੍ਰ ਸਿਰ ਸੋਈ ਸੱਚਾ ਤਖਤ ਟਿਕਾਈ ॥
ਗੁਰ ਨਾਨਕ ਹੰਦੀ ਮੋਹਰ ਹਥ ਗੁਰ ਅੰਗਦ ਦੀ ਦੋਹੀ ਫਿਰਾਹੀ ॥

ਦਿੱਤਾ ਛੱਡ ਕਰਤਾਰ ਪੁਰ ਬੈਠ ਖਡੂਰੇ ਜੋਤਿ ਜਗਾਈ ॥
ਜੰਮੇ ਪੂਰਬ ਬੀਜਿਆ ਵਿਚ ਵਿਚ ਹੋਰ ਕੂੜੀ ਚਤੁਰਾਈ ॥
ਲਹਿਣੇ ਪਾਈ ਨਾਨਕੋ ਦੇਣੀ ਅਮਰਦਾਸ ਘਰ ਆਈ ॥
ਗੁਰ ਬੈਠਾ ਅਮਰ ਸਰੂਪ ਹੋ ਗੁਰਮੁਖ ਪਾਈ ਦਾਤਿ ਇਲਾਹੀ ॥
ਫੇਰ ਵਸਾਯਾ ਗੋਂਦਵਾਲ ਅਚਰਜ ਖੇਲ ਨ ਲਖਿਆ ਜਾਈ ॥
ਦਾਤਿ ਜੋਤ ਖਸਮੈ ਵਡਿਆਈ ॥ ੪੬ ॥

ਤਾਂ ਸਿਖਾਂ ਭਾਈ ਮਨੀ ਸਿੰਘ ਥੀ ਪ੍ਰਸਨ ਕੀਤਾ ਕਿ ਅਸੂ ਵਿਚ ਤਾਂ ਸੂਰਜ ਦਖਣੇ ਹੋਂਦਾ ਹੈ ਤਾਂ ਭਾਈ ਜੀ ਕਹਿਆ ਦਖਣ ਤੇ ਪੂਰਬ ਕਰਕਾਂਡੀਆਂ ਨੂੰ ਹੈ ਜੋ ਪਿਤਰਲੋਕ ਤੇ ਸੁਰਗ ਜਾਂਦੇ ਹਨ ॥

ਗੱਦੀ ਅਮਰਦਾਸ ਨੂੰ ਦਿਤੀ

ਪਰ ਗਿਆਨੀਆਂ ਦਾ ਗਿਆਨ ਭੁਲਾਵਣਾ ਦਖਣਾਇਣ ਹੈ ਤੇ ਗਿਆਨ ਚਿਤ ਰਖਣਾ ਏਹੀ ਉਤਰਾਇਣ ਹੈ ॥ ਅਰ ਗੁਰੂ ਨਾਨਕ ਜੀ ਦਾ ਮੁਖ ਉਜਲਾ ਰਖਣਾ ਟਿਕਾ ਹੈ ਸੀ ਸੋਈ ਗੁਰੂ ਅੰਗਦ ਜੀ ਦਾ ਟਿਕਾ ਮੁਖ ਉਜਲਾ ਹੋਇਆ ਤੇ ਜੋ ਨਾਮ ਦਾ ਛਤ੍ਰ ਗੁਰੂ ਨਾਨਕ ਜੀ ਦਾ ਹੈ ਸੀ ਤੇ ਤਖਤ ਵੀਚਾਰ ਦਾ ਹੈ ਸੀ ਸੋਈ ਗੁਰ ਅੰਗਦ ਜੀ ਦਾ ਤਖਤ ਤੇ ਛਤ੍ਰ ਹੋਇਆ ਤੇ ਸਬਦ ਦੀ ਮੁਹਰ ਗੁਰੂ ਅੰਗਦ ਜੀ ਚਲਾਈ ਅਰ ਕਰਤਾਰ ਪੁਰ ਨੂੰ ਛੋਡਕੇ ਖਡੂਰ ਵਿਚ ਗੁਰੂ ਅੰਗਦ ਜੀ ਸਬਦ ਦੀ ਜੋਤਿ ਜਗਾਈ ਅਰ ਜੋ ਉਨਾਂ ਦਾ ਦਰਸਨ ਕਰੈ ਸੋ ਗਿਆਨ ਦੀ ਜੋਤਿ ਕਰ ਤਿਸਦੇ ਮਨ ਵਿਚ ਉਜਾਲਾ ਹੋਵੇ ਅਤੇ ਪੂਰਬਲਾ ਜਪ ਤਪ ਕੀਤਾ ਸੋਈ ਫਲਦਾ ਹੈ ਅਰ ਹੋਰ ਚਤੁਰਾਈਆਂ ਕੂੜੀਆਂ ਹੈਨ ਪਰ ਲਹਣੇ ਜੀ ਦੀ ਸਰਨ ਗੁਰੂ ਅਮਰਦਾਸ ਜੀ ਸੇਵਾ ਟਹਿਲ ਕਰਨ ਤੇ ਗਿਆਨ ਗੋਸਟ ਕਰਨ ਤਾਂ ਗੁਰੂ ਅੰਗਦ ਜੀ ਸਮਝਿਆ ਜੋ ਏਹ ਗਿਆਨ ਅਮਰਦਾਸ ਜੀ ਨੂੰ ਪਰਪੱਕ ਗਿਆਨ ਹੋਇਆ ਹੈ ਤਾਂ ਉਨਾਂ ਦੇ ਅਗੇ ਪੰਜ ਪੈਸੇ ਨਲੀਏਰ ਮਿਸਰੀ ਦੀ ਰੋੜੀ ਰਖਕੇ ਮਥਾ ਟੇਕਿਆ ਤਾਂ ਦਾਸੂ ਤੇ ਦਾਤੂ ਜੋ ਗੁਰੂ ਅੰਗਦ ਜੀ ਦੇ ਪੁਤਰ ਸਨ ਸੋ ਕਹਣੇ ਲਗੇ ਕਿ ਗੁਰਿਆਈ ਅਸਾਨੂੰ ਬਖਸਣੀ ਸੀ ਤਾਂ ਗੁਰੂ ਅੰਗਦ ਜੀ ਕਹਿਆ ਕਿ ਅਧਕਾਰੀ ਦੀ ਵਸਤ ਗਿਆਨ ਹੈ ਤਾਂਤੇ ਤੁਸੀਂ ਅਮਰਦਾਸ ਜੀ ਦੇ ਅਗੇ ਮਥਾ ਟੇਕੋ ਤਾਂ ਤੁਸੀਂ ਭੀ ਅਧਿਕਾਰੀ ਹੋਵੋਗੇ ਸੋ ਉਨਾਂ ਮਥਾ ਨ ਟੇਕਿਆ ਤਾਂ ਗੁਰੂ ਅੰਗਦ ਜੀ ਕਹਿਆ ਏ ਪੁਰਖਾ ਤੂੰ ਗੋਵਿੰਦਵਾਲ ਜਾ ਰਹੁ ਤਾਂ ਗੁਰੂ ਅੰਗਦ ਜੀ ਆਪਣੇ ਸਰੀਰ ਦਾ ਤਿਆਗ ਕੀਤਾ ਸੰਮਤ ੧੬੦੯ ਚੇਤ ਸੁਦੀ ੪

ਸਤਿਗੁਰਾਂ ਦਾ ਅਸਚਰਜ ਖੇਲ ਹੈ ਲਖਿਆ ਨਹੀਂ ਜਾਂਦਾ ਅਰ ਦਾਤ ਤੇ ਜੋਤ ਖਸਮ ਦੀ ਵਡਿਆਈ ਕਰਕੈ ਪ੍ਰਾਪਤ ਹੋਂਦੀ ਹੈ॥

ਗੁਰੂ ਰਾਮਦਾਸ ਜੀ ਗੱਦੀ ਪਰ ਬੈਠੇ

ਪਉੜੀ ਸੈਤਾਲਵੀਂ ਚਲੀ

ਦਿੱਚੇ ਪੂਰਬ ਦੇਵਣਾ ਜਿਸਦੀ ਵਸਤ ਤਿਸੇ ਘਰ ਆਵੈ॥
ਬੈਠਾ ਸੋਢੀ ਪਾਤਿਸ਼ਾਹ ਰਾਮਦਾਸ ਸਤਿਗੁਰੂ ਕਹਾਵੈ॥
ਪੂਰਨ ਤਾਲ ਖਟਾਇਆ ਅੰਮ੍ਰਿਤਸਰ ਵਿਚ ਜੋਤਿ ਜਗਾਵੈ॥
ਉਲਟਾ ਖੇਲ ਖਸੰਮ ਦਾ ਉਲਟੀ ਗੰਗ ਸਮੁੰਦ ਸਮਾਵੈ॥
ਦਿੱਤਾ ਲਈ ਆਪਨਾ ਅਣਦਿੱਤਾ ਕਿਛੁ ਹਥ ਨ ਆਵੈ॥
ਫਿਰ ਆਈ ਘਰ ਅਰਜਨੈ ਪੁਤ ਸੰਸਾਰੀ ਗੁਰੂ ਕਹਾਵੈ॥
ਜਾਣ ਨ ਦੇਸਾਂ ਸੋਢੀਓਂ ਹੋਰਸ ਅਜਰ ਨ ਜਰਿਆ ਜਾਵੈ॥
ਘਰ ਕੀ ਵੱਥ ਘਰੇ ਰਹਾਵੈ॥ ੪੭॥

ਤਿਸਦਾ ਬੀਚਾਰ:--ਪੂਰਬਲਾ ਜੋ ਲੇਖ ਹੋਂਦਾ ਹੈ ਅਰ ਜਿਸਦੀ ਵਸਤ ਹੋਂਦੀ ਹੈ ਤਿਸੇ ਦੇ ਘਰ ਆਂਵਦੀ ਹੈ ਤਾਂ ਪਿਛਲੇ ਜਨਮ ਜੋ ਸੋਢੀ ਵੇਦ ਪਾਠ ਦੇ ਭੇਦ ਅਰ ਰਾਗ ਸਿੰਘਾਸਨ ਦਿਤਾ ਸੀ ਤਾਂ ਬਾਬੇ ਕਹਿਆ ਸੀ ਜੋ ਕਲਜੁਗ ਅਸੀਂ ਚੌਥੇ ਜਨਮ ਗਿਆਨ ਤੁਸਾਨੂੰ ਦੇਵਾਂਗੇ ਸੋਈ ਏਹੀ ਰਾਮਦਾਸ ਜੀ ਹੋਏ ਹਨ ਅਤੇ ਉਨਾਂ ਨੂੰ ਨਾਲੇ ਬੀਬੀ ਜੀ ਦਿਤੀ ਤੇ ਨਾਲੇ ਗਿਆਨ ਦਿਤਾ ਤੇ ਬੀਬੀ ਕਹਿਆ ਕਿ ਗੁਰਿਆਈ ਸੋਢੀਆਂ ਦੇ ਘਰ ਹੀ ਰਹੇ ਤਾਂ ਸਤਿਗੁਰਾਂ ਕਹਿਆ ਗਿਆਨ ਤਾਂ ਅਧਕਾਰੀ ਦੀ ਵਸਤ ਹੈ ਤਾਂ ਬੀਬੀ ਕਹਿਆ ਤੁਸੀਂ ਸਮਰਥ ਹੋ ਅਧਕਾਰੀ ਮੇਰੀ ਹੀ ਕੁਖ ਵਿਚ ਆਵੈ॥ ਤਾਂ ਬਚਨ ਹੋਇਆ ਇਵ ਹੀ ਹੋਵੈਗਾ ਤਾਂ ਫਿਰ ਗੁਰੂ ਅਮਰਦਾਸ ਜੀ ਜੋਤੀ ਜੋਤ ਸਮਾਣੇ ਸੰਮਤ ੧੬੩੧ ਭਾਦਰੋਂ ਸੁਦੀ ੧੫ ਪੂਰਨਮਾਸੀ ਕੋ ਅਰ ਗੁਰਿਆਈ ਗੁਰੂ ਰਾਮਦਾਸ ਜੀ ਨੂੰ ਦਿਤੀ ਤਾਂ ਬੇਟਿਆਂ ਨੂੰ ਕਹਿਆ ਕਿ ਤੁਸੀਂ ਮਥਾ ਟੇਕੋ ਅਰ ਫਿਰ ਮੂਹਰੀ ਨੂੰ ਬਚਨ ਹੋਇਆ ਤੂੰ ਮੂਹਰੀ ਹੋ ਤਾਂ ਮੂਹਰੀ ਆਣ ਮਥਾ ਟੇਕਿਆ ਤੇ ਮੋਹਨ ਘਰ ਨਹੀਂ ਸੀ ਉਸ ਮਥਾ ਨਾ ਟੇਕਿਆ ਅਤੇ ਗੁਰੂ ਰਾਮਦਾਸ ਜੀ ਨੇ ਜਗਤ ਦੇ ਉਧਾਰ ਵਾਸਤੇ ਅੰਮ੍ਰਿਤਸਰ ਦਾ ਤੀਰਥ ਕੀਤਾ ਅਰ ਵਿਚ ਉਸਦੇ ਸਬਦ ਦੀ ਜੋਤਿ ਜਗਾਈ॥

ਗੁਰਿਆਈ ਗੁਰੂ ਅਰਜਨ ਜੀ ਨੂੰ ਮਿਲੀ

ਅਥਵਾ ਸਰੀਰ ਦਾ ਹੋਮ ਭੀ ਅੰਮ੍ਰਿਤਸਰ ਦੇ ਅਧ ਵਿਚ ਹਰਿ ਮੰਦਰ ਦੇ ਹੇਠ ਜੋਤ ਜਗਾਈ ਅਰ ਉਲਟਾ ਖੇਲ ਖਸਮ ਦਾ ਹੈ ਕਿ ਜੈਸੇ ਗੰਗਾ ਸਮੁੰਦਰ ਵਿਚ ਸਮਾਂਵਦੀ ਹੈ ਤੈਸੇ ਅੰਮ੍ਰਿਤਸਰ ਸਾਰੇ ਜਗਤ ਨੂੰ ਉਧਾਰ ਕਰਦਾ ਹੈ ਅਰ ਆਪਣਾ ਦਾਨ ਦਿਤਾ ਲਈਦਾ ਹੈ ਅਰ ਅਣਦਿਤਾ ਕਛ ਹਥ ਨਹੀਂ ਆਂਵਦਾ ਸੋ ਗੁਰੂ ਅਰਜਨ ਜੀ ਨੂੰ ਫੇਰ ਗੁਰਿਆਈ ਬਖਸੀ ਅਰ ਪ੍ਰਿਥੀਆ ਤੇ ਮਹਾ ਦੇਉ ਈਰਖਾ ਲਗੇ ਕਰਨ ਤੇ ਓਹ ਮਥਾ ਨਾ ਟੇਕਣ ਅਰ ਸਰੀਕੀ ਕਰਨ ਤਾਂ ਸਾਹਿਬ ਕਹਿਆ ਵਸਤ ਅਧਕਾਰੀ ਦੀ ਹੈ ਸੋ ਫਿਰ ਗੁਰੂ ਰਾਮ ਦਾਸ ਜੀ ਜੋਤੀ ਜੋਤਿ ਸਮਾਣੇ ਸੰਮਤ ੧੬੩੮ ਜੇਠ ਸੁਦੀ ੪ ਤਾਂ ਗੁਰੂ ਅਰਜਨ ਜੀ ਗੁਰਿਆਈ ਪਾਈ ਅਰ ਅੰਮ੍ਰਿਤਸਰ ਜੀ ਦਾ ਤਾਲ ਪਕਾ ਕੀਤਾ ਸੋ ਵਿਚ ਜਹਾਜ ਹਰਿਮੰਦਰ ਜੀ ਬਣਾਇਆ ਤੇ ਗੁਰਮੁਖੀ ਅਖਰ ਕੀਤੇ ਤੇ ਗ੍ਰਿੰਥ ਜੀ ਬਾਣੀਆਂ ਪੋਥੀਆਂ ਇਕਠਾ ਕਰਕੇ ਰਚਿਆ ਤੇ ਸੋਢੀ ਜੋ ਬਾਣੀਆਂ ਕਰਨ ਲਗੇ ਤਾਂ ਬਾਣੀਆਂ ਬੰਦ ਕੀਤੀਆਂ ਜੋ ਗ੍ਰੰਥ ਜੀ ਦੀ ਬਾਣੀ ਬਿਨਾ ਕੋਈ ਨਾ ਪੜੇ ਤਾਂ ਭਾਈ ਗੁਰਦਾਸ ਨੂੰ ਕਹਿਆ ਕਿ ਮਤ ਏਹ ਜਨਮ ਸਾਖੀ ਵਿਚ ਕੁਝ ਅਜੁਗਤਾਂ ਪਾਂਵਦੇ ਹੋਵਨ ਤਾਂ ਤੂੰ ਗਿਆਨ ਰਤਨਾਵਲੀ ਦੀ ਵਾਰ ਕਰ ਕਜੋਂਕਿ ਇਸ ਸਾਖੀ ਨੂੰ ਜੋ ਸਿਖ ਹੋਵਨਗੇ ਸੋ ਪੜਨਗੇ ਤੇ ਹੋਰ ਫਕੀਰ ਤੇ ਛੋਟੇ ਮੇਲਾਂ ਵਾਲੇ ਉਹ ਜਨਮ ਸਾਖੀ ਪੜਨਗੇ ਤਾਂ ਗੁਰੂ ਅਰਜਨ ਜੀ ਕਹਿਆ ਕਿ ਮੈਂ ਸੋਢੀਆਂ ਦੇ ਘਰੋਂ ਗੁਰਿਆਈ ਨਾ ਜਾਵਣ ਦੇਵਾਂਗਾ ਕਜੋਂਕਿ ਕਲਜੁਗ ਵਿਚ ਏਹ ਗੁਰਿਆਈ ਕਿਸੇ ਹੋਰਸ ਵਿਚ ਨਹੀਂ ਸਮਾਵਣੀ ॥

ਪਉੜੀ ਅਠਤਾਲੀਵੀਂ ਚਲੀ

ਪੰਜ ਪਿਆਲੇ ਪੰਜ ਪੀਰ ਛਟਮ ਪੀਰ ਬੈਠਾ ਗੁਰ ਭਾਰੀ ॥
ਅਰਜਨ ਕਾਇਆ ਪਲਟ ਕੈ ਮੂਰਤਿ ਹਰਿਗੋਬਿੰਦ ਸਵਾਰੀ ॥
ਚੱਲੀ ਪੀੜ੍ਹੀ ਸੋਢੀਆਂ ਰੂਪ ਦਿਖਾਵਣ ਵਾਰੋ ਵਾਰੀ ॥
ਦਲ ਭੰਜਨ ਗੁਰ ਸੂਰਮਾਂ ਵਡ ਜੋਧਾ ਬਹੁ ਪਰਉਪਕਾਰੀ ॥
ਪੁੱਛਣ ਸਿੱਧ ਅਰਦਾਸ ਕਰ ਛੇ ਮਹਿਲਾਂ ਤਕ ਦਰਸ ਨਿਹਾਰੀ ॥
ਅਗਮ ਅਗੋਚਰ ਸਤਿਗੁਰੂ ਬੋਲੇ ਮੁਖ ਤੇ ਸੁਣਹੁ ਸੰਸਾਰੀ ॥
ਕਲਿਜੁਗ ਪੀੜ੍ਹੀ ਸੋਢੀਆਂ ਨਿਹਚਲ ਨੀਵ ਉਸਾਰ ਖਲ੍ਹਾਰੀ ॥
ਜੁਗ ਜੁਗ ਸਤਿਗੁਰ ਧਰੇ ਅਵਤਾਰੀ ॥ ੪੮ ॥

ਤਿਸਦਾ ਬੀਚਾਰ--ਪੰਜ ਪੀਰ ਜੇ ਪੰਜ ਸਤਿਗੁਰੂ ਹਨ ਸੋ ਜੋਤੀ ਜੋਤ ਸਮਾਣੇ ਤੇ ਜਬ ਗੁਰੂ ਹਰਿ ਗੋਬਿੰਦ ਜੀ ਦਾ ਜਨਮ ਹੋਇਆ ਤਾਂ ਗੁਰੂ ਅਰਜਨ ਬਚਨ ਕੀਤਾ ਕਿ ਏਹ ਵਡਾ ਗੁਰੂ ਹੋਵੇਗਾ ਅਰ ਦੇਗ ਤੇਗ ਦਾ ਧਨੀ ਹੋਵੇਗਾ ਤੇ ਦਲਾਂ ਨੂੰ ਭੰਜਨ ਵਾਲਾ ਸੂਰਮਾ ਹੋਵੇਗਾ ਅਤੇ ਨਾਲੇ ਬਾਹਰ ਦੇ ਵੈਰੀ ਮਲੇਛਾਂ ਨੂੰ ਵਸ ਕਰੇਗਾ ਅਰ ਨਾਲੇ ਮਨ ਦੇ ਵੈਰੀ ਕ੍ਰੋਧਾਦਿਕਾਂ ਨੂੰ ਵਸ ਕਰੇਗਾ ਅਰ ਗੁਰੂ ਜੀ ਕਹਿਆ ਕਿ ਮੈਂ ਆਪਣੀ ਜੋਤ ਇਸਦੇ ਵਿਚ ਧਾਰੀ ਹੈ ਤੇ ਗਿਆਨ ਦੀ ਸਕਤਿ ਭੀ ਏਸ ਨੂੰ ਦਿਤੀ ਹੈ ਸੋ ਫਿਰ ਸੋਢੀਆਂ ਦੀ ਪੀੜੀ ਚਲੀ ਅਰ ਵਾਰੋ ਵਾਰੀ ਆਪਣਾ ਰੂਪ ਦਿਖਾਵਣ ਲਗੇ ਅਰ ਦਲਾਂ ਦੇ ਭੰਜਨ ਵਾਲੇ ਗੁਰੂ ਹਰਿ ਗੋਬਿੰਦ ਜੀ ਹੋਵੈਂਗੇ ਅਰ ਜੋਧਾ ਭੀ ਹੋਵੈਂਗੇ ਤੇ ਪਰਉਪਕਾਰੀ ਭੀ ਹੋਵੈਂਗੇ ਤਾਂ ਸੰਮਤ ੧੭੦੬ ਚੇਤ ਸੁਦੀ ੫ ਪੰਜਵੀਂ ਪਾਤਸਾਹੀ ਜੋਤੀ ਜੋਤ ਸਮਾਣੇ ਤਾਂ ਫਿਰ ਛੇਵੇਂ ਪਾਤਸ਼ਾਹ ਥੀਂ ਸਿਖਾਂ ਪੁਛਿਆ ਕਿ ਸਤਿਗੁਰ ਜੋ ਅਵਤਾਰ ਧਾਰਨਗੇ ਸੋ ਕਿਸਦੇ ਘਰ ਧਾਰਨਗੇ ਤਾਂ ਅਗਮ ਅਗੋਚਰ ਜੋ ਸਤਿਗੁਰੂ ਹੈ ਸੋ ਬੋਲਿਆ ਕਿ ਕਲਜੁਗ ਵਿਚ ਸੋਢੀਆਂ ਦੇ ਘਰ ਵਿਚ ਸਤਿਗੁਰਾਂ ਦਾ ਅਵਤਾਰ ਹੋਵੇਗਾ ਅਰ ਜੁਗ ਜੁਗ ਵਿਚ ਸਤਿਗੁਰਾਂ ਅਵਤਾਰ ਧਾਰਨੇ ਹਨ ਸੋ ਕਈ ਪਰਗਟ ਅਵਤਾਰ ਹੋਵਨਗੇ ਅਰ ਕਈ ਗੁਪਤ ਹੋਵਨਗੇ ॥

ਸਤਿਜੁਗ ਸਤਿਗੁਰ ਵਾਸਦੇਵ ਵਾਵਾ ਵਿਸ਼ਨਾ ਨਾਮ ਜਪਾਵੈ ॥
ਦੁਆਪਰ ਸਤਿਗੁਰ ਹਰੀਕ੍ਰਿਸ਼ਨ ਹਾਹਾ ਹਰਿ ਹਰਿ ਨਾਮ ਜਪਾਵੈ ॥
ਤ੍ਰੇਤੇ ਸਤਿਗੁਰ ਰਾਮ ਜੀ ਰਾਰਾ ਰਾਮ ਜਪੇ ਸੁਖ ਪਾਵੈ ॥
ਕਲਿਜੁਗ ਨਾਨਕ ਗੁਰ ਗੋਬਿੰਦ ਗੱਗਾ ਗੋਬਿੰਦ ਨਾਮ ਜਪਾਵੈ ॥
ਚਾਰੇ ਜਾਗੇ ਚਹੁ ਜੁਗੀ ਪੰਚਾਇਣ ਵਿਚ ਜਾਇ ਸਮਾਵੈ ॥
ਚਾਰੋਂ ਅੱਛਰ ਇਕ ਕਰ ਵਾਹਿਗੁਰੂ ਜਪ ਮੰਤ੍ਰ ਜਪਾਵੈ ॥
ਜਹਾਂ ਤੇ ਉਪਜਿਆ ਫਿਰ ਤਹਾਂ ਸਮਾਵੈ ॥ ੪੯ ॥ ੧ ॥

ਤਿਸਦਾ ਬੀਚਾਰ :--ਸਤਜੁਗ ਮੋਂ ਸਤਗੁਰਾ ਵਾਸਦੇਵ ਦਾ ਰੂਪ ਧਾਰਿਆ ਤਾਂ ਵਵਾ ਵਿਸਨ ਦੇ ਨਾਮ ਥੀ ਲਇਆ ਅਰ ਦੁਆਪਰ ਵਿਖੇ ਸਤਿਗੁਰਾਂ ਹਰਿ ਕ੍ਰਿਸਨ ਦਾ ਰੂਪ ਧਾਰਿਆ ਤਾਂ ਹਾਹਾ ਜੋ ਲਇਆ ਹਰਿ ਦੇ ਨਾਮ ਥੀ ਲਇਆ ਅਰ ਤ੍ਰੇਤੇ ਸਤਿਗੁਰਾਂ ਰਾਮ ਜੀ ਦਾ ਰੂਪ ਧਾਰਿਆ ਤਾਂ ਰਾਰਾ ਅਖਰ ਰਾਮ ਥੋਂ ਲੀਤਾ ਅਰ ਕਲਜੁਗ ਗੁਰ ਗੋਬਿੰਦ ਦਾ ਰੂਪ ਧਾਰਿਆ ਤਾਂ ਗਗਾ ਗੋਬਿੰਦ ਦੇ ਨਾਮ ਥੀ ਲਿਆ ਅਰ ਕਲਜੁਗ ਵਿਚ ਚਾਰੇ ਅਖਰ ਇਕੱਠੇ ਕਰਕੇ ਵਾਹਗੁਰੂ ਦਾ ਜਾਪ ਜਪਾਇਆ ਸੋ ਜੋ ਇਕ ਮਨ ਹੋਕੇ ਵਾਹਗੁਰੂ ਦਾ ਜਾਪ ਜਪੈਂਗੇ ਸੋ ਜਹਾਂ ਸੇ ਉਪਜੇ ਹੈਂ ਤਹਾਂ ਹੀ

ਜਾ ਸਮਾਵੇਗੇ ਗੁਰੂ ਨਾਨਕ ਜੀ ਦੀ ਜੋ ਗੋਸਟ ਸੋ ਅਪਾਰ ਹੈ ਜੈਸੇ ਚੀਟੀ ਸੇ ਸਮੁੰਦਰ ਤਰਿਆ ਨਹੀਂ ਜਾਂਦਾ ਜੈਸੇ ਪਿੰਗਲ ਸੇ ਪਰਬਤ ਪਾਰ ਪਰਿਆ ਨਹੀਂ ਜਾਂਦਾ ਤੈਸੇ ਮੇਰੇ ਸੇ ਗੁਰੂ ਨਾਨਕ ਜੀ ਕੀ ਉਪਮਾ ਕਹੀ ਨਹੀਂ ਜਾਂਦੀ ਪ੍ਰਿਥਮੇ ਭਾਈ ਗੁਰਦਾਸ ਜੀ ਕਥਾ ਦੀ ਸੂਚਨਾ ਕਰਕੇ ਵਾਰ ਕਹੀ ਹੈ ਤੇ ਮੈਨੇ ਅਤਸੇਕਰ ਉਨਸੇ ਭੀ ਸੂਚਨਾ ਕੀਤੀ ਹੈ ਤਾਂਤੇ ਮੇਰੀ ਭੁਲ ਚੁਕ ਸਤਿਗੁਰ ਖਿਮਾਂ ਕਰਹਿਗੇ ਸੋ ਏਹ ਵਾਰ ਦੀ ਟੀਕਾ ਲਿਖ ਕੇ ਮਨੀ ਸਿੰਘ ਜੀ ਦਸਵੇਂ ਪਾਤਸਾਹ ਦੇ ਹਜੂਰ ਲੈ ਗਏ ਤਾਂ ਬਚਨ ਹੋਇਆ ਗੋਸਟ ਸਿਖਾਂ ਦੇ ਪੜਨ ਦੀ ਹੋਈ ਹੈ ਤਾਂ ਮਨੀ ਸਿੰਘ ਅਰਦਾਸ ਕੀਤੀ ਗਰੀਬ ਨਿਵਾਜ ਇਸਦੇ ਉਪਰ ਦਸਖਤ ਪਵਣ ਤਾਂ ਸਾਹਿਬ ਕਰਨ ਕਾਰਨ ਸਹੀ ਪਾ ਦਿਤੀ ਤੇ ਕਹਾ ਜੋ ਸੁਣੇ ਪੜੇਗਾ ਸੋ ਸਿਖੀ ਨੂੰ ਪ੍ਰਾਪਤਿ ਹੋਵੇਗਾ ਬੋਲੋ ਭਾਈ ਜੀ ਵਾਹਗੁਰੂ ਬਾਬੇ ਦੀ ਜਨਮ ਸਾਖੀ ਦੀ ਗੋਸਟ ਪੂਰੀ ਹੋਈ ਭੁਲਿਆਂ ਚੁਕਿਆਂ ਬਖਸ ਲੈਣਾ ਗੁਰੂ ਬਖਸਿੰਦ ਹੈ ਵਾਹਗੁਰੂ ਜੀ ਕਾ ਖਾਲਸਾ ਸ੍ਰੀ ਵਾਹਗੁਰੂ ਜੀ ਕੀ ਫਤੇ ਹੈ ਸਾਹਬ ਛੇਵੇ ਪਾਤਸਾਹ ਜੋਤੀ ਜੋਤ ਸਮਾਣੇ ਸੰਮਤ ੧੬੯੫ ਕਤਕ ਵਦੀ ੬ ਆਇਤਵਾਰ ਘੜੀਆਂ ਛੇ ਦਿਨ ਰਹੇ ਬੋਲਹੁ ਭਾਈ ਵਾਹਗੁਰੂ ਵਾਹਗੁਰੂ ਵਾਹਗੁਰੂ ਵਾਹਗੁਰੂ ਵਾਹਗੁਰੂ ਵਾਹਗੁਰੂ ਜੈਸੇ ਸਤਿਗੁਰੂ ਅਪਾਰ ਹੈ ਤੈਸੇ ਗੁਰੂ ਜੀ ਕੀ ਜਨਮ ਸਾਖੀ ਭੀ ਅਪਾਰ ਹੈ ਜੈਸੇ ਅਕਾਸ ਦਾ ਅੰਤ ਪੰਖੀ ਨਹੀਂ ਲਹਿਦੇ ਤੇ ਉਡਕੇ ਆਪਣੀ ਚੋਗਦਾ ਬਿਉਹਾਰ ਕਰਦੇ ਹਨ ਤੇ ਸੁਖੀ ਰਹਿੰਦੇ ਹਨ ਤੈਸੇ ਸਤਿਗੁਰਾਂ ਦੀ ਮਹਿਮਾਂ ਕਿਸੇ ਥੀ ਕਹੀ ਨਹੀਂ ਜਾਂਦੀ ਪਰ ਜੋ ਸਿਖ ਸੁਣਨਗੇ ਲਿਖਣਗੇ ਸੁਨਾਵਣਗੇ ਲਿਖਾਵਣਗੇ ਸੋ ਸਭੇ ਸਿਖੀ ਨੂੰ ਪ੍ਰਾਪਤਿ ਹੋਵਨਗੇ ਵਾਹਗੁਰੂ ਵਾਹਗੁਰੂ ਜੋ ਵੇਦਾਂ ਸਾਸਤ੍ਰਾਂ ਵਿਚੋਂ ਵਿਰੋਲ ਕਰ ਤਤ ਸਤਿਗੁਰਾਂ ਕਢਿਆ ਹੈ ॥

ਸਲੋਕ ॥ ਸਾਸ ਸਾਸ ਹਰਿ ਸਿਮਰੀਐ ਬਿਰਥਾ ਸ੍ਵਾਸ ਨਖੋਇ ॥
ਕਿਆ ਜਾਣਾ ਜੋ ਅੰਤਕਾ ਏਹੀ ਸ੍ਵਾਸ ਮਤ ਹੋਇ ॥ ੧ ॥

॥ ਸਮਾਪਤੰ ॥

ਚੌ: ਉੱਨੀ ਸੈ ਚੌਤਾਲੀ ਸ ਚੇਤ ਸੁਕਲ ਤ੍ਰਿਤੀਆ ਤਿਥ ਮਾਨੋ ॥
ਬਾਬਾ ਅਟਲ ਕੋ ਦਾਸਨ ਦਾ ਉਤਮ ਸਿੰਘ ਲਿਖਯੋ ਕਰ ਆਸ ॥ ੧ ॥

ਸ੍ਰੀ ਗੁਰੂ ਨਾਨਕ ਜੀ ਸਚਖੰਡ ਮੈਂ ਪਧਾਰੇ ॥
ਭੂਲ ਚੁਕ ਸੋ ਪੜਨਾ ਜੀ ਸਰਬਤ ਸਾਧਸੰਗਤ ਜੀ ॥


ਸੀਗੁਰੂ ਨਨਕ ਜੀ ਸਚਖੰਡ ਮੇਂ ਪਧਾਰੇ
ਭੁਲਚੁਕ ਸੋਧ ਪੜ੍ਹਨਾ ਜੀ
ਸਰਬਤ ਸਾਧ ਸੰਗਤ ਜੀ
ਸਚਖੰਡ ਵਸੈ ਨਿਰੰਕਾਰ

ਗੁਰਬਾਣੀ ਪ੍ਰਬੋਧ ਸਾਗਰ

ਭਗਤ ਰਾਮ ਦਿੱਤਾ ਜੀ

ਗੁਰਬਾਣੀ ਇਕ ਵਿਸ਼ਾਲ ਸਾਗਰ ਹੈ, ਇਸ ਵਿਚ ਅਨੇਕਾਂ ਪ੍ਰਮਾਣ, ਨਾਂ, ਸੰਬੋਧਨ ਆਏ ਹਨ ਜਿਹੜੇ ਕਿਸੇ ਨ ਕਿਸੇ ਸਾਖੀ ਨਾਲ ਸੰਬੰਧਤ ਹਨ। ਇਨ੍ਹਾਂ ਪ੍ਰਮਾਣਾਂ ਨੂੰ ਹਰ ਕੋਈ ਵਿਅਕਤੀ ਖੋਜ ਕੇ ਬਿਆਨ ਨਹੀਂ ਕਰ ਸਕਦਾ। ਗੁਰਬਾਣੀ ਦੀ ਇਸ ਪੁਸਤਕ ਵਿਚੋਂ ਜਿੰਨੇ ਵੀ ਪ੍ਰਮਾਣ ਲਏ ਗਏ ਹਨ ਉਨ੍ਹਾਂ ਨੂੰ ਬਹੁਤ ਰੋਚਕ ਸਾਖੀਆਂ ਰਾਹੀਂ ਦੱਸਿਆ ਗਿਆ ਹੈ। 140-00

ਕਥਾ ਉਪਦੇਸ਼ ਸਾਗਰ

ਗਿ: ਭਗਤ ਸਿੰਘ ਜੀ

ਇਸ ਪੁਸਤਕ ਵਿਚ ਸੰਸਾਰ ਦੇ ਧਰਮਾਂ ਦੀ ਵਾਕਫੀਅਤ ਹੈ। ਪ੍ਰਮੇਸ਼ਰ, ਗੁਰੂ, ਸੰਗਤ, ਖਿਮਾਂ, ਸ਼ਾਂਤੀ, ਸ਼ਰਮ, ਕਾਮ, ਕਰੋਧ, ਲੋਭ, ਮੋਹ, ਹੰਕਾਰ ਆਦਿ ਕੀ ਹਨ ? ਇਸ ਪੁਸਤਕ ਵਿਚ ਬੜੇ ਵਿਸਥਾਰ ਨਾਲ ਗੁਰਬਾਣੀ ਦੀਆਂ ਤੁੱਕਾਂ ਦੇ ਕੇ ਪ੍ਰਮਾਣਾਂ ਸਹਿਤ ਦੱਸਿਆ ਗਿਆ ਹੈ। ਇਸ ਵਿਚ ਅਲੱਗ-ਅਲੱਗ ਵਿਸ਼ਿਆਂ ਦੀਆਂ 183 ਸਾਖੀਆਂ ਦਰਜ ਹਨ। 200-00

ਗੁਰ ਸ਼ਬਦ ਵੀਚਾਰ

ਗੁਰਦਰਸ਼ਨ ਸਿੰਘ ਸੋਢੀ

ਇਸ ਪੁਸਤਕ ਵਿਚ ਅਰਦਾਸ, ਮਨਿ ਜੀਤੈ ਜਗੁ ਜੀਤੁ, ਪ੍ਰਭੂ ਕਿਰਪਾ, ਅਣਮੜਿਆ ਮੰਦੁਲ ਬਾਜੈ ਆਦਿ ਹੋਰ ਵਿਸ਼ਿਆਂ ਨੂੰ ਗੁਰਬਾਣੀ ਵਿਚੋਂ ਪ੍ਰਮਾਣ ਲੈ ਕੇ ਸਪੱਸ਼ਟ ਕੀਤਾ ਹੈ। 50-00

ਪ੍ਰਚਾਰਕ ਕਿਵੇਂ ਬਣੀਏਂ ?

ਨਿਰਮਲ ਸਿੰਘ ਨੂਰ

ਪ੍ਰਚਾਰਕ ਬਣਨ ਵਾਸਤੇ ਬਹੁਪੱਖੀ ਗਿਆਨ ਦੀ ਲੋੜ ਹੁੰਦੀ ਹੈ। ਇਸ ਪੁਸਤਕ ਵਿਚ ਗੁਰਪੁਰਬਾਂ ਸਬੰਧੀ ਬੋਲਣ ਲਈ ਲੇਖ, ਚੰਗੇ ਪ੍ਰਚਾਰਕ ਬਣਨ ਲਈ ਗੁਣ ਤੇ ਇਤਿਹਾਸਿਕ ਤੱਥਾਂ ਬਾਰੇ ਵਿਸ਼ੇਸ਼ ਜਾਣਕਾਰੀ ਦਿੱਤੀ ਹੈ।

60-00

ਕੀਰਤਨ ਪ੍ਰਮਾਣ

ਭਾ: ਮੇਹਰ ਸਿੰਘ ਰਾਗੀ

ਇਸ ਖੋਜ ਸੰਗ੍ਰਹਿ ਨੂੰ ਰਾਗੀ ਸਿੰਘਾਂ, ਪ੍ਰਚਾਰਕਾਂ, ਸੋਸਾਇਟੀਆਂ ਦੀ ਵਿਸ਼ੇਸ਼ ਸਹਾਇਤਾ ਲਈ ਤਿਆਰ ਕਰਵਾਇਆ ਗਿਆ ਹੈ ਇਸ ਵਿਚ ਗੁਰਪੁਰਬਾਂ, ਤਿਉਹਾਰਾਂ ਅਤੇ ਹਰ ਪ੍ਰਕਾਰ ਦੇ ਸਮਾਗਮਾਂ ਸਮੇਂ ਪੜ੍ਹੇ ਜਾਣ ਵਾਲੇ ਗੁਰਬਾਣੀ ਦੇ ਸ਼ਬਦਾਂ ਦਾ ਸੰਗ੍ਰਹਿ ਪ੍ਰਮਾਣਾਂ ਸਹਿਤ ਦਿੱਤਾ ਗਿਆ ਹੈ। 200-00

ਸਚੁ ਪੁਰਾਣਾ ਨ ਥੀਏ

ਪ੍ਰੋ: ਕਿਸ਼ਨ ਸਿੰਘ

ਲੇਖਕ ਪੰਜਾਬੀ ਦੇ ਇਕ ਪ੍ਰਸਿੱਧ ਵਿਦਵਾਨ ਹਨ। ਜਿਵੇਂ ਵਾਹਿਗੁਰੂ ਆਦਿ ਜੁਗਾਦਿ ਤੋਂ ਚਲਿਆ ਆ ਰਿਹਾ ਹੈ ਅਤੇ ਸਦਾ ਹੀ ਨਵਾਂ ਰਹਿੰਦਾ ਹੈ, ਉਸ ਤਰ੍ਹਾਂ ਹੀ ਸਚੁ ਪੁਰਾਣਾ ਨਹੀਂ ਹੁੰਦਾ। ਇਸ ਪੁਸਤਕ ਵਿਚ ਲੇਖਕ ਨੇ ਵੱਖ ਵੱਖ ਵਿਸ਼ੇ ਲੈ ਕੇ ਆਪਣੇ ਬੌਧਿਕ ਵਿਚਾਰ ਪੇਸ਼ ਕੀਤੇ ਹਨ। ਹਰ ਲੇਖ ਸੱਚੇ ਜੀਵਨ ਮਾਰਗ ਦੇ ਆਦਰਸ਼ ਨੂੰ ਪੇਸ਼ ਕਰਦਾ ਹੈ। 80-00

ਮੇਰੇ ਚੋਣਵੇਂ ਲੈਕਚਰ

ਗਿ: ਸੰਤ ਸਿੰਘ 'ਮਸਕੀਨ'

ਇਨ੍ਹਾਂ ਪੁਸਤਕਾਂ ਵਿਚ ਪ੍ਰਸਿੱਧ ਕਥਾ ਵਾਚਕ ਮਸਕੀਨ ਜੀ ਦੇ ਪ੍ਰਸਿੱਧ ਅਤੇ ਸਿਖਿਆਦਾਇਕ ਚੋਣਵੇਂ ਭਾਸ਼ਣਾਂ ਦਾ ਸੰਗ੍ਰਹਿ ਦਿੱਤਾ ਗਿਆ ਹੈ।

ਤਿੰਨ ਭਾਗ 90-00

(ਪਹਿਲਾ ਭਾਗ 35-00, ਦੂਜਾ ਭਾਗ 35-00, ਪ੍ਰਭੂ ਸਿਮਰਨ ਤੀਜਾ ਭਾਗ 20-00)

ਭਾਰਤ ਮੱਤ ਦਰਸ਼ਨ

ਮਹੰਤ ਗਣੇਸ਼ਾ ਸਿੰਘ

ਭਾਰਤ ਵਿਚ ਅਨੇਕਾਂ ਮੱਤ ਹਨ, ਪਰ ਸਾਰੇ ਮੱਤਾਂ ਵਿਚ ਕੁਝ ਮੱਤਭੇਦ ਹੋਣ ਦੇ ਬਾਵਜੂਦ ਵੀ ਡੂੰਘੀ ਸਾਂਝ ਹੈ। ਲੇਖਕ ਨੇ ਸਾਰੇ ਮੱਤਾਂ ਦਾ ਅਧਿਐਨ ਕਰਕੇ ਇਨ੍ਹਾਂ ਦੇ ਸਭਿਆਚਾਰਿਕ ਅਤੇ ਅਧਿਆਤਮਿਕ ਦਰਸ਼ਨ ਕਰਵਾਏ ਹਨ। 100-00

ਸ੍ਰੀ ਨਾਰਾਯਨ ਹਰੀ ਉਪਦੇਸ਼

ਪੰਡਿਤ ਹਰਿਦੇਵ ਸਿੰਘ ਜੀ ਕਨਖਲ

ਹਰ ਜੀਵ ਲੋਚਦਾ ਹੈ ਕਿ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਤੋਂ ਛੁਟਕਾਰਾ ਪਾ ਕੇ ਮੁਕਤੀ ਪ੍ਰਾਪਤ ਹੋ ਸਕੇ। ਪੰਡਿਤ ਜੀ ਨੇ ਰੋਚਕ ਕਥਾਵਾਂ ਰਾਹੀਂ ਮੁਕਤੀ ਦਾ ਮਾਰਗ ਦਰਸਾਇਆ ਹੈ। 300-00

ਸੌ ਸਾਖੀ ਸਟੀਕ

ਸ: ਪਰਤਾਪ ਸਿੰਘ ਮਹਿਤਾ

ਲੇਖਕ ਨੇ ਬੜੀ ਮਿਹਨਤ ਨਾਲ ਅਸਲੀ ਸੌ ਸਾਖੀ ਨੂੰ ਲੱਭ ਕੇ ਉਸ ਦਾ ਬੜਾ ਆਸਾਨ ਤਰਜਮਾ ਕੀਤਾ ਹੈ। ਕਈ ਸਾਖੀਆਂ ਭਵਿੱਖ ਬਾਣੀ ਕਰਦੀਆਂ ਹਨ ਅਤੇ ਹੁਣ ਤਕ ਸੱਚ ਸਾਬਤ ਹੋਈਆਂ ਹਨ। ਪੁਰਾਤਨ ਪੋਥੀਆਂ ਦੀ ਫੋਟੋ ਕਾਪੀ ਹੈ।

ਦੋ ਭਾਗ : 270-00

ਸੌ ਸਾਖੀ ਵੱਡੀ

ਇਹ ਸੌ ਸਾਖੀ ਇਕ ਪੁਰਾਣੇ ਦੁਰਲੱਭ ਖਰੜੇ ਤੋਂ ਛਾਪੀ ਗਈ ਹੈ ਜਿਸ ਵਿਚ ਬਹੁਤ ਅਜਿਹੀਆਂ ਸਾਖੀਆਂ ਵੀ ਸ਼ਾਮਲ ਹਨ ਜਿਹੜੀਆਂ ਕਿਸੇ ਹੋਰ ਛਪੀ ਸੌ ਸਾਖੀ ਵਿਚ ਸ਼ਾਮਲ ਨਹੀਂ ਹਨ।

ਜਿਲਦ ਸਾਦਾ 120-00, ਕੱਪੜਾ 150-00

ਸੰਕਟ ਮੋਚਨ ਸ਼ਬਦ

ਗਿ: ਨਰੈਣ ਸਿੰਘ

ਇਸ ਵਿਚ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 108 ਚੋਣਵੇਂ ਸ਼ਬਦ ਹਨ। ਜੋ ਮਨ ਦੀ ਅਭਿਲਾਸ਼ਾ ਹੋਵੇ, ਉਹ ਸ਼ਬਦ ਵਿਧੀ ਅਨੁਸਾਰ ਪੜ੍ਹਨ ਨਾਲ ਮੁਰਾਦ ਪੂਰੀ ਹੋ ਜਾਂਦੀ ਹੈ ਅਤੇ ਡਰ, ਦੁੱਖ, ਭਰਮ ਦੂਰ ਹੋ ਜਾਂਦੇ ਹਨ।

ਪੰਜਾਬੀ 20-00 ਹਿੰਦੀ 20-00

ਗੁਰ ਤੀਰਥ ਸੰਗ੍ਰਹਿ

(ਗਿ: ਭੁਪਿੰਦਰ ਸਿੰਘ)

ਗੁਰੂ ਗ੍ਰੰਥ ਸਾਹਿਬ ਜੀ ਵਿਚ ਕਈ ਅਜਿਹੇ ਸ਼ਬਦ ਹਨ ਜਿਹੜੇ ਖ਼ਾਸ ਖ਼ਾਸ ਮੌਕਿਆਂ 'ਤੇ ਪੜ੍ਹਨੇ ਬੜੇ ਉਚਿਤ ਹਨ। ਇਹ ਗੁਟਕਾ ਅਜਿਹੇ ਸ਼ਬਦਾਂ ਦਾ ਸੰਗ੍ਰਹਿ ਹੈ। 30-00

ਮਿਲਣ ਦਾ ਪਤਾ:

ਭਾ: ਚਤਰ ਸਿੰਘ ਜੀਵਨ ਸਿੰਘ

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ। ਫੋਨ : 542346, 547974, 557973